3

# ਕਹਾਣੀ ਧਾਰਾ

ਅਕਤੂਬਰ-ਦਸੰਬਰ, 2006



ਮੁੱਲ : 20/-



3 ਅਕਤੂਬਰ-ਦਸੰਬਰ, 2006

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN 03559/19/1/2006-TC



e-mail: kahani_dhara@yahoo.co.in

ਸੰਪਾਦਕ:

ਭਗਵੰਤ ਰਸੂਲਪੁਰੀ (94170-64350)

ਸੰਪਾਦਕ(ਜਨ ਬੋਧ):

ਦੇਸ ਰਾਜ ਕਾਲੀ (93562-67116)

ਸੰਪਾਦਕੀ ਬੋਰਡ :

ਮੱਖਣ ਮਾਨ (94172-07627)

ਪਰਮਿੰਦਰ ਵਿਰਦੀ (98880-71598)

ਸੁਰਜੀਤ ਸੁਮਨ (98144-30874)

ਟਾਇਟਲ ਫੋਟੋ: ਓਮ ਮਿਸ਼ਰਾ, ਸਕੈਚ ਕਦੰਬਰੀ 'ਚੋਂ ਧੰਨਵਾਦ ਸਹਿਤ

ਰਚਨਾਵਾਂ ਭੇਜਣ ਲਈ ਪਤਾ : ਸੰਪਾਦਕ 'ਕਹਾਣੀ ਧਾਰਾ'
ਪਿੰਡ ਧਰਮਪੁਰ, ਡਾਕ. ਖਾਂਬਰਾ, ਜ਼ਿਲਾ ਜਲੰਧਰ-144026, ਪੰਜਾਬ।
(ਫੋਨ : 0181-2685313)

ਸਾਲਾਨਾ ਚੰਦੇ : 200 ਰੁਪਏ 10 ਅੰਕ, ਡਾਲਰ 25, ਪੌਂਡ 20
ਪਰਚੇ ਲਈ ਚੰਦੇ ਚੈੱਕ / ਬੈਂਕ ਡਰਾਫਟ / ਮਨੀਆਰਡਰ ਰਾਹੀਂ ਕੇਵਲ
'ਕਹਾਣੀ ਧਾਰਾ' ਦੇ ਨਾਂ ਭੇਜੇ ਜਾਣ।

ਇਸ ਅੰਕ ਦੇ ਲੇਖਕ :

(ਕਹਾਣੀ ਧਾਰਾ) *ਸੰਪਾਦਕੀ* :1, *ਹੁੰਗਾਰਾ* :3, *ਵਿਚਾਰ ਚਰਚਾ* : ਸਮਕਾਲੀ ਪੰਜਾਬੀ ਕਹਾਣੀ ਬਦਲਦੇ ਸਰੋਕਾਰ/9, ਸਵੈ ਜੀਵਨੀ ਅੰਸ਼ : *ਡਾ. ਐਸ. ਤਰਸੇਮ* / 9 ,
*ਕਹਾਣੀਆਂ* : ਬੂਰਾ ਸਿੰਘ ਕਲੇਰ/53, *ਕਰਨੈਲ ਸਿੰਘ ਨਿੱਝਰ*/59, *ਨਿਰੰਜਣ ਬੋਹਾ*/65,
*ਕਰਮਜੀਤ ਸਿੰਘ ਨਡਾਲਾ*/71, *ਪ੍ਰਿਯਵਦ (ਹਿੰਦੀ)*/83 ਨਾਵਲ ਕਾਂਡ : *ਗੁਰਮੀਤ ਕੜਿਆਲਵੀ*/77,
ਸਥਾਈ ਕਾਲਮ ਆਲੋਚਨਾ : *ਡਾ. ਜਸਵਿੰਦਰ ਕੌਰ ਬਿੰਦਰਾ* / 94, ਜਸਲੀਨ ਕੌਰ/98,
*ਪੁਸਤਕ ਪੜਚੋਲ*/103 (ਜਨ ਬੋਧ) *ਗਿਆਨ ਸਿੰਘ ਬੱਲ*/109

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ ਬਰਾਈਟ ਪ੍ਰਿੰਟਰਜ਼ ਜਲੰਧਰ ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ ਭਗਵੰਤ ਰਸੂਲਪੁਰੀ, (ਪ੍ਰਕਾਸ਼ਨ ਮਿਤੀ 1 ਸਤੰਬਰ, 2006)

ਸੰਪਾਦਕੀ

# ਪੰਜਾਬੀ ਕਹਾਣੀ : ਇੱਕ ਨਿਰੰਤਰ ਤਲਾਸ਼

ਸ਼ੁਰੂ ਤੋਂ ਲੈ ਕੇ ਅੱਜ ਤੱਕ ਪੰਜਾਬੀ ਕਹਾਣੀ ਇੱਕ ਨਿਰੰਤਰ ਤਲਾਸ਼ ਵਿੱਚ ਗੁਜ਼ਰ ਰਹੀ ਹੈ। ਭਾਵੇਂ ਉਸ ਕਿਸੇ ਵਾਦ ਨਾਲ ਜੁੜ ਕੇ ਲਿਖੀ ਜਾ ਰਹੀ ਸੀ ਜਾਂ ਉਸ ਤੋਂ ਵੱਖਰੀ। ਆਪਣੀ ਸੰਪਾਦਕੀ 'ਚ ਅਸੀਂ ਕਹਾਣੀ ਕਾਲ ਦੀ ਇਕ ਸੀਮਾ ਮਿੱਥ ਲਈ ਹੈ। ਇਹ ਕਾਲ ਉਹ ਹੈ, ਜਦੋਂ ਪ੍ਰੇਮ ਪ੍ਰਕਾਸ਼ ਦੀ 'ਮੁਕਤੀ' ਕਹਾਣੀ-ਸੰਗ੍ਰਹਿ ਦੀ ਆਮਦ ਹੁੰਦੀ ਹੈ। ਉਦੋਂ ਤੋਂ ਲੈ ਕੇ ਅੱਜ ਤੱਕ ਦੀ ਪੰਜਾਬੀ ਕਹਾਣੀ ਇਸ ਦੀ ਸੀਮਾ ਹੈ। ਇਸੇ ਕਾਲ ਦੌਰਾਨ ਹੀ ਪੰਜਾਬੀ ਕਹਾਣੀ ਵਿਚਲੀ ਤਲਾਸ਼ ਵਿੱਚ ਕੁੱਝ ਨਵੀਆਂ ਪਰਵਿਰਤੀਆਂ ਵੀ ਸ਼ਾਮਿਲ ਹੁੰਦੀਆਂ ਹਨ। ਕਲਾ ਅਤੇ ਤਲਾਸ਼ ਦਾ ਸਦੀਵੀਂ ਰਿਸ਼ਤਾ ਹੈ। ਇਸੇ ਰਿਸ਼ਤੇ ਨੂੰ ਸਮਝਣ ਵਿੱਚ ਵਿਗਿਆਨਕ ਨਜ਼ਰੀਏ ਨੇ ਬਹੁਤ ਮਦਦ ਕੀਤੀ ਹੈ। ਪੰਜਾਬੀ ਕਹਾਣੀ ਅੰਬਿਡਕਰ, ਮਾਰਕਸ ਤੇ ਫਰਾਇਡ ਦੇ ਵਿਗਿਆਨਕ ਨਜ਼ਰੀਏ ਰਾਹੀਂ ਇਸੇ ਤਲਾਸ਼ ਵਿੱਚ ਵਿਚਰਦੀ ਹੈ। ਹੁਣ ਤੱਕ ਅਸੀਂ ਸਭ ਤੋਂ ਵੱਧ ਮਾਰਕਸੀ ਨਜ਼ਰੀਏ ਤੋਂ ਪੰਜਾਬੀ ਕਹਾਣੀ ਨੂੰ ਸਮਝਿਆ, ਫਰਾਇਡ ਰਾਹੀਂ ਵੀ ਸਮਝਣ ਦੇ ਯਤਨ ਹੋਏ ਪਰ ਅੰਬਿਡਕਰੀ ਨਜ਼ਰੀਏ ਤੋਂ ਅਜੇ ਤੱਕ ਅਸੀਂ ਪੰਜਾਬੀ ਕਹਾਣੀ ਖਾਸ ਕਰਕੇ ਦਲਿਤ ਕਹਾਣੀ ਨੂੰ ਨਹੀਂ ਸਮਝਿਆ। ਦਲਿਤ ਕਹਾਣੀ ਨੂੰ ਸਮਝਣ ਲੱਗੇ ਸਾਡੇ ਸਮੀਖਿਆਕਾਰ ਵੱਡੇ ਸੰਕਟ ਵਿਚ ਫਸ ਜਾਂਦੇ ਹਨ। ਅਜਿਹਾ ਦਲਿਤ ਦ੍ਰਿਸ਼ਟੀ ਪ੍ਰਤੀ ਪਾਏ ਜਾ ਰਹੇ ਧੁੰਦਲਕੇ ਕਰਕੇ ਹੀ ਹੋ ਰਿਹਾ ਹੈ। 'ਦਲਿਤ ਦ੍ਰਿਸ਼ਟੀ' ਅੰਬਿਡਕਰੀ ਨਜ਼ਰੀਏ ਨਾਲ ਹੀ ਬਣਨੀ ਹੈ।

ਮਨ ਦੀਆਂ ਤਿੰਨ ਅਵਸਥਾਵਾਂ ਸੁਚੇਤ, ਅਚੇਤ ਤੇ ਅਰਧਚੇਤ ਨੂੰ ਸਮਝਣ ਲਈ ਫਰਾਇਡ ਨੇ ਇੱਕ ਮਹੱਤਵਪੂਰਨ ਮਨੋ-ਵਿਸ਼ਲੇਸ਼ਣ ਵਿਧੀ ਪੇਸ਼ ਕੀਤੀ, ਜਿਸ ਦਾ ਸਭ ਤੋਂ ਜ਼ਿਆਦਾ ਪ੍ਰਭਾਵ ਕਲਾ-ਸ਼ਾਸ਼ਤਰ ਉਪਰ ਪਿਆ ਹੈ। ਫਰਾਇਡ ਅਨੁਸਾਰ ਕਲਾ ਇਕ ਮਨੋਰੋਗੀ ਵਾਂਗ ਹੈ। ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਨੋ-ਵਿਸ਼ਲੇਸ਼ਣ ਭਵਨ ਉੱਤੇ ਸ਼ਿਲਪ ਕਲਾ ਸੰਬੰਧੀ ਦਰਖਤ ਫਰਾਇਡ ਦੇ ਹੀ ਹਨ ਅਤੇ ਆਪਣੀ ਨਿਕਟ ਵਰਤੋਂ ਅਤੇ ਚੌੜੇ ਪ੍ਰਭਾਵ-ਘੇਰੇ ਕਾਰਨ ਮਨੋ-ਵਿਸ਼ਲੇਸ਼ਣ, ਮਨੋਵਿਗਿਆਨ ਅਤੇ ਮਨੋ-ਚਿਕਿਤਸਾ (Psychiatry) ਲਈ ਇੱਕ ਪ੍ਰਭਾਵਸ਼ਾਲੀ ਵੰਗਾਰ ਬਣ ਗਿਆ ਹੈ।

ਫਰਾਇਡ ਨੇ ਹਮੇਸ਼ਾ ਹੀ 'Know the hidden self' ਉੱਤੇ ਬੱਲ ਦਿੱਤਾ। ਆਪਣੇ ਗੁਪਤ ਆਪੇ ਨੂੰ ਜਾਣੋ। ਉਸ ਨੂੰ ਪਹਿਚਾਣੋ। ਪੰਜਾਬੀ ਨਿੱਕੀ ਕਹਾਣੀ ਹਮੇਸ਼ਾਂ ਹੀ ਗੁਪਤ ਆਪੇ ਦੀ ਤਲਾਸ਼ ਵਿੱਚ ਰਹੀ ਹੈ। ਨਵੀਂ ਪੰਜਾਬੀ ਕਹਾਣੀ ਨੇ ਇਸ ਪਾਸੇ ਰਤਾ ਕੁ ਤੇਜ਼ੀ ਨਾਲ ਅਤੇ ਸਪੱਸ਼ਟ ਰੂਪ ਵਿੱਚ ਕਦਮ ਚੁੱਕਿਆ ਹੈ, ਅਚੇਤ-ਸੁਚੇਤ ਅਤੇ ਅਰਧਚੇਤ ਨੂੰ ਸਮਝਣ ਦਾ। ਇਸੇ ਤਲਾਸ਼ ਨੇ ਪੰਜਾਬੀ ਕਹਾਣੀ ਵਿੱਚ ਵਿਅਕਤੀ-ਵਿਚਿਤ੍ਰਤਾ ਨੂੰ ਚਿਤਰਣ ਦੇ ਯੋਗ ਬਣਾਇਆ ਹੈ ਅਤੇ ਨਾਲ ਹੀ ਮਾਨਵੀ ਅਜਨਬੀਅਤ ਦੇ ਨਵੇਂ ਆਯਾਮ ਕਾਇਮ ਕੀਤੇ ਹਨ।

ਨਵੇਂ ਝੁਕਾਵਾਂ ਵਾਲੀ ਪੰਜਾਬੀ ਕਹਾਣੀ ਦਾ ਆਰੰਭ ਮੈਨੂੰ ਜਾਪਦਾ ਹੈ, ਜਸਵੰਤ ਸਿੰਘ ਵਿਰਦੀ ਤੇ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਤੋਂ ਹੁੰਦਾ ਹੈ। ਕਈ ਵਾਰੀ ਸਾਨੂੰ ਲੱਗਦਾ ਹੈ ਜਿਹੋ ਜਿਹਾ ਜੀਵਨ ਅਸੀਂ ਜੀ ਰਹੇ ਹਾਂ ਜਿਹੋ ਜਿਹੇ ਬੇਤੁਕੇ ਮਾਹੌਲ ਵਿੱਚ ਅਸੀਂ ਸਾਰੇ ਸਾਹ ਲੈ ਰਹੇ ਹਾਂ, ਮਨੁੱਖ ਐਨਾ ਇਕੱਲਾ ਹੋ ਰਿਹਾ ਹੈ। ਮਾਨਵੀ ਸੰਕਟ ਦਿਨੋ-ਦਿਨ ਗਹਿਰਾ ਹੁੰਦਾ ਜਾ ਰਿਹਾ ਹੈ। ਮਨੋਰੋਗੀਆਂ ਦੇ ਹਸਪਤਾਲ ਦੇ ਇਕ ਸਰਵੇ ਮੁਤਾਬਕ ਪੰਜਾਬ ਵਿਚ ਪਿਛਲੇ ਪੰਜਾ ਸਾਲਾ ਤੋਂ ਮਨੋਰੋਗੀਆਂ ਵਿਚ ਦਸ ਗੁਣਾਂ ਵਾਧਾ ਹੋਇਆ ਹੈ। ਇਹਦੇ ਕਾਰਨ ਉਨ੍ਹਾਂ ਸਾਡੇ ਸਮਾਜਿਕ, ਆਰਥਿਕ, ਜਾਤੀ ਦੱਸੇ ਹਨ। ਸਾਇਦ ਏਹੀ ਕਾਰਨ ਹੈ ਕਿ ਮਾਨਵੀ ਸੰਕਟ 'ਤੇ ਕੇਂਦਰਤ ਸਾਡੀ ਕਹਾਣੀ ਵੱਧ ਹੁੰਦੀ ਜਾ ਰਹੀ ਹੈ। ਨਵੇਂ ਪੋਚ ਦੇ ਬਹੁਤੇ ਕਹਾਣੀਕਾਰ ਮਾਨਵੀ ਸੰਕਟ ਨੂੰ ਬਹੁਲਤਾ ਨਾਲ ਚਿਤਰਨ ਲੱਗ ਪਏ ਹਨ। ਫਰਾਇਡ ਅਤੇ ਵਤਸਿਆਨ ਦੇ ਸਿਧਾਤਾਂ ਨੂੰ ਵੱਧ ਅਹਿਮੀਅਤ ਇਸੇ ਕਰਕੇ ਹੀ ਮਿਲਣ ਲੱਗ ਪਈ ਹੈ। ਇਸ ਦੇ ਨਾਲ ਪੰਜਾਬੀ ਕਹਾਣੀ ਵਿੱਚ ਇੱਕ ਸੰਕਲਪ ਏਲੀਏਨੇਸ਼ਨ ਦਾ ਜੁੜਦਾ ਹੈ। ਗੁਰਬਚਨ ਭੁੱਲਰ, ਜੋਗਿੰਦਰ ਕੈਰੋਂ, ਜਸਬੀਰ ਭੁੱਲਰ, ਪ੍ਰੇਮ ਗੋਰਖੀ, ਅਤਰਜੀਤ, ਕਿਰਪਾਲ ਕਜ਼ਾਕ, ਗੁੱਲ ਚੌਹਾਨ, ਮੋਹਨ ਭੰਡਾਰੀ, ਗੁਰਚਰਨ ਚਾਹਲ ਭੀਖੀ, ਜੋਗਿੰਦਰ ਸਿੰਘ ਨਿਰਾਲਾ, ਜਸਵਿੰਦਰ ਸਿੰਘ , ਬਲਦੇਵ ਸਿੰਘ ਧਾਲੀਵਾਲ, ਜਤਿੰਦਰ ਹਾਂਸ, ਜਸਵੀਰ ਰਾਣਾ, ਸੁਖਜੀਤ, ਬਲੀਜੀਤ, ਜਿੰਦਰ ਤੇ ਹੋਰ ਬਹੁਤ ਸਾਰੇ ਕਹਾਣੀਕਾਰਾਂ ਨੇ 'ਏਲੀਏਨੇਸ਼ਨ' ਦੀ ਕਲਪਨਾ ਨੂੰ ਮਾਰਕਸ ਦੇ ਸਮਾਜਿਕ ਤੇ ਆਰਥਿਕ ਵਿਚਾਰਾਂ ਦੀ ਪਿੱਠ-ਭੂਮੀ ਤੋਂ ਵਾਚਿਆ। ਸਮੇਂ ਦੇ ਬਦਲਾਓ ਨੂੰ, ਬੇ ਚੇਹਰਾ ਹੋ ਰਹੇ ਵਿਅਕਤੀ ਨੂੰ ਆਰਥਿਕ ਤੇ ਦਾਰਸ਼ਨਿਕ ਕੋਣ ਤੋਂ ਵੇਖਿਆ। ਨਾਲ ਹੀ ਫਰਾਇਡ ਦੇ ਸਿਧਾਂਤ ਵਿਚਲੀ 'ਹਊ' ਦੀ ਬਿਰਤੀ ਨੂੰ ਸਮਝਦਿਆਂ ਵਿਅਕਤੀ ਮਨ ਦੇ ਸੁਚੇਤ-ਅਚੇਤ ਅਤੇ ਅਰਧਚੇਤਨ ਦੀਆਂ ਗਹਿਰਾਈਆਂ ਤੀਕ ਉਤਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਗਹਿਰਾਈ ਵਿੱਚ ਡੂੰਘਾ ਲਹਿਣ ਵਿੱਚ ਸਭ ਤੋਂ ਵੱਧ ਸਫ਼ਲ ਪ੍ਰੇਮ ਪ੍ਰਕਾਸ਼ ਹੋਇਆ ਹੈ। ਉਹ ਵਿਅਕਤੀ ਦੇ ਖਾਸ ਕਰਕੇ ਭਾਰਤੀ ਸਨਾਤਨੀ ਚਿੰਤਨ ਦੇ ਅਚੇਤ ਪ੍ਰਭਾਵ ਕਬੂਲੀ ਖੜੇ ਵਿਅਕਤੀ ਦੇ ਮਨ ਦੀਆਂ ਤਹਿਆਂ ਨੂੰ ਤਲਾਸ਼ਦਾ ਹੈ। ਨੈਚੀਕੇਤਾ ਵਾਂਗ ਉਸ ਦਾ ਚਿੰਤਨ ਮੌਤ ਤੋਂ ਜ਼ਿੰਦਗੀ ਵੱਲ ਖੁੱਲ੍ਹਦਾ ਹੈ।

ਇਸ ਤਰ੍ਹਾਂ ਦੀਆਂ ਦੋਵੇਂ ਪ੍ਰਵਿਰਤੀਆਂ ਤੋਂ ਇਲਾਵਾ ਇਸ ਤਲਾਸ਼ ਨੂੰ ਮਾਰਕਸ ਤੇ ਫਰਾਇਡ ਦੋਵੇਂ ਸਿਧਾਂਤਾਂ 'ਤੇ ਅਧਾਰਿਤ ਵੀ ਜਾਰੀ ਰੱਖਣ ਦੀ ਕੋਸ਼ਿਸ਼ ਕੁਝ ਨਵੇਂ ਕਹਾਣੀਕਾਰਾਂ ਵਲੋਂ ਕੀਤੀ ਗਈ ਹੈ। ਇਥੇ ਅਸੀਂ ਬਿੰਦਰ ਬਸਰਾ ਦੀ ਕਹਾਣੀ 'ਤਣਾਓ ਮੁਕਤ' ਦਾ ਜ਼ਿਕਰ ਕਰਨ ਦਾ ਜੇਰਾ ਕਰਾਂਗੇ। ਸਮਾਜਿਕ ਰਾਜਨੀਤਿਕ ਤੇ ਆਰਥਿਕ ਬਦਲਾਓ ਕਾਰਨ ਨਿਮਨ ਕਿਸਾਨੀ ਦੇ ਹੋਏ ਮਾੜੇ ਹਸ਼ਰ ਨੇ ਕਿਸਾਨ ਨੂੰ ਮਜ਼ਦੂਰੀ ਤੱਕ ਘੜੀਸ ਕੇ ਲੈ ਆਂਦਾ ਹੈ। ਜਿਸ ਕਾਰਨ ਉਸ ਦੀ 'ਹਊ' ਜੋ ਜੱਟ ਮਾਨਸਿਕਤਾ ਦੀ ਦੇਣ ਹੈ ਨੂੰ ਸੱਟ ਲੱਗਦੀ ਹੈ। ਦੂਸਰੇ ਪਾਸੇ ਗਰੀਬੀ ਦੀ ਰੇਖਾ ਉਸਦੀ ਕਾਮ-ਤ੍ਰਿਪਤੀ ਨਾ ਹੋਣ ਦੀ ਹਾਲਤ ਵਿੱਚ ਵੀ ਤਣਾਓ ਸਿਰਜਿਆ ਜਾਂਦਾ ਹੈ। ਇਸ ਲਈ ਇਥੇ ਦੋ ਕਿਸਮ ਦਾ ਤਣਾਓ ਸਿਰਜਿਆ ਜਾਂਦਾ ਹੈ। ਇਸ ਤਰ੍ਹਾਂ ਦੇ ਦੋਹਰੇ ਤਣਾਓ ਨੂੰ ਹੋਰਨਾ ਕਹਾਣੀਕਾਰਾਂ ਨੇ ਵੀ ਚਿਤਰਿਆ ਹੈ।

ਪੰਜਾਬੀ ਦੀ ਦਲਿਤ ਕਹਾਣੀ ਅੰਬਿਡਕਰੀ ਚਿੰਤਨ ਲੈ ਕੇ ਆ ਰਹੀ ਹੈ। ਸਾਡੇ ਸਾਹਮਣੇ ਹੁਣ ਬਹੁਤ ਸਾਰੀਆਂ ਦਲਿਤ ਕਹਾਣੀਆਂ ਮਜੂਦ ਹਨ ਜਿਨ੍ਹਾਂ ਨੇ ਅੰਬਿਡਕਰੀ ਚਿੰਤਨ ਨੂੰ ਬੜੀ ਕੁਸ਼ਲਤਾ ਨਾਲ ਚਿਤਰਿਆ। ਪਹਿਲਾਂ ਪਹਿਲ ਸਾਡੇ ਖੱਬੇ ਪੱਖੀ ਪਰਚੇ ਦੇ ਸੰਪਾਦਕਾ ਨੇ ਸਮਾਜਿਕ ਸੱਚ ਜਾਤੀ ਟਕਰਾਓ ਵਾਲੀ ਕਹਾਣੀ ਨੂੰ ਪ੍ਰਕਾਸ਼ਤ ਕਰਨ ਤੋਂ ਰੋਕੀ ਰੱਖਿਆ ਕਿਓਕਿ ਉਨ੍ਹਾਂ ਦਾ 'ਵਰਗ ਸੰਘਰਸ਼' ਇਸ ਵਿਚ ਗਾਇਬ ਰਹਿੰਦਾ ਸੀ। ਫਿਰ ਖੱਬੇ ਪੱਖੀ ਆਪਣੇ ਪਰਚਿਆ ਰਾਹੀ ਦਲਿਤ ਚਿੰਤਨ ਨੂੰ ਮਾਰਕਸਵਾਦ 'ਚੋਂ ਕੱਢਣ ਦਾ ਸੁਚੇਤ ਉਪਰਾਲਾ ਕਰਨ ਲੱਗੇ। ਜਿਸ ਕਰਨ 'ਦਲਿਤ ਦਰਸ਼ਨ' ਪ੍ਰਤੀ ਕਾਫੀ ਧੁੰਦਲਕਾ ਜਿਹਾ ਪੈਦਾ ਹੋ ਗਿਆ। ਮੋਹਨ ਲਾਲ ਫਿਲੌਰੀਆ, ਗੁਰਮੀਤ ਕੜਿਆਲਵੀ, ਸਰੂਪ ਸਿਆਲਵੀ, ਭੂਰਾ ਸਿੰਘ ਕਲੇਰ ਆਦਿ ਦੀਆਂ ਕਹਾਣੀਆਂ ਅੰਬਿਡਕਰੀ ਨਜ਼ਰੀਏ ਨਾਲ ਹੀ ਸਮਝੀਆਂ ਜਾ ਸਕਦੀਆਂ ਹਨ। ਅੰਬਿਡਕਰੀ ਚਿੰਤਨ ਨੂੰ ਪੰਜਾਬੀ ਕਹਾਣੀ ਰਾਹੀ ਲਿਆਉਣ ਦਾ ਇਨ੍ਹਾਂ ਦਾ ਉਪਰਾਲਾ ਸਲਾਹੁਣਯੋਗ ਹੈ। ਪਰ ਅਤਰਜੀਤ ਅਤੇ ਪ੍ਰੇਮ ਗੋਰਖੀ ਦਲਿਤ ਚਿੰਤਨ ਨੂੰ ਆਪਣੀ ਕਹਾਣੀਆਂ ਵਿਚ ਐਨੀ ਵਿਆਪਕ ਪੱਧਰ 'ਤੇ ਲਿਆ ਨਾ ਸਕੇ। ਐਤਕੀਂ 'ਜਨ ਬੋਧ' ਵਾਲੇ ਸੈਕਸ਼ਨ ਵਿਚ 'ਦਲਿਤ ਚਿੰਤਨ' ਅੰਬਿਡਕਰੀ ਨਜ਼ਰੀਏ ਤੋਂ ਪੇਸ਼ ਕਰਨ ਦਾ ਵਿਗਿਆਨਕ ਯਤਨ ਕੀਤਾ ਹੈ। ਇਹ ਲੇਖ 'ਦਲਿਤ ਚਿੰਤਨ' ਦੇ ਪਏ ਹੋਏ ਧੁੰਦਲਕੇ ਨੂੰ ਕਾਫੀ ਹੱਦ ਤੱਕ ਸਾਫ ਕਰਨ ਦਾ ਯਤਨ ਕਰੇਗਾ।

*- ਭਗਵੰਤ ਰਸੂਲਪੁਰੀ*
*- ਦੇਸ ਰਾਜ ਕਾਲੀ*

## ਹੁੰਗਾਰਾ

ਯਾਦ ਰੱਖਣਾ ਕਿ ਤੁਹਾਡਾ ਮੁਕਾਬਲਾ ਇਸ ਵਿਧਾ ਦੇ ਘਾਗ ਸੰਪਾਦਕਾਂ ਨਾਲ ਹੋਣ

'ਕਹਾਣੀ ਧਾਰਾ' ਦਾ ਪਹਿਲਾ ਅੰਕ ਮੈਨੂੰ ਨਹੀਂ ਮਿਲਿਆ। ਪਰ ਦੂਜਾ ਪੜ੍ਹ ਕੇ ਪਤਾ ਲੱਗਿਆ ਪਈ ਪਹਿਲਾ ਵੀ ਪੜ੍ਹਨਾ ਚਾਹੀਦਾ ਹੈ। ਤੁਸੀਂ ਵਧੀਆ ਚੱਲ੍ਹ ਰਹੇ ਹੋ। ਹੁਣ ਤੁਸੀਂ ਠੀਕ ਥਾਂ 'ਤੇ ਆ ਗਏ ਹੋ ਸੰਪਾਦਕ ਖੇਤਰ ਵਿਚ। ਪਰ ਲੱਗਦਾ ਹੈ ਜੇ 'ਸੁਰ ਸਾਂਝ' ਨਾ ਹੁੰਦੀ ਤਾਂ 'ਕਹਾਣੀ ਧਾਰਾ' ਵੀ ਨਹੀਂ ਸੀ ਹੋਣੀ। ਪਰ ਇਹ ਯਾਦ ਰੱਖਣਾ ਕਿ ਤੁਹਾਡਾ ਮੁਕਾਬਲਾ ਇਸ ਵਿਧਾ ਦੇ ਘਾਗ ਸੰਪਾਦਕਾਂ ਨਾਲ ਹੋਣਾ ਹੈ। - ਡਾ. ਜੋਗਿੰਦਰ ਸਿੰਘ ਨਿਰਾਲਾ, ਬਰਨਾਲਾ

ਈਰਖਾਵਾਦ ਦੀਆਂ ਅਲਾਮਤਾਂ ਤੋਂ ਨਿਰਪੱਖ ਰਹੇ

'ਕਹਾਣੀ ਧਾਰਾ' ਆਪਣੇ ਪਹਿਲੇ ਦੋਹਾਂ ਅੰਕਾਂ ਨਾਲ ਹੀ ਪੰਜਾਬੀ ਸਾਹਿਤ ਜਗਤ ਵਿਚ ਆਪਣੀ ਹੋਂਦ ਦਾ ਅਹਿਸਾਸ ਕਰਵਾ ਗਿਆ ਹੈ। ਮੈਂ ਦੁਆ ਕਰਦਾ ਹਾਂ ਕਿ ਇਹ ਪਰਚਾ ਲੰਮੀ ਰੇਸ ਦਾ ਘੋੜਾ ਬਣੇ। ਇਹ ਵੀ ਇੱਛਾ ਹੈ, ਇਹ ਮਿੱਤਰਵਾਦ, ਇਲਾਕਾਵਾਦ, ਪੀੜ੍ਹੀਵਾਦ ਅਤੇ ਈਰਖਾਵਾਦ ਦੀਆਂ ਅਲਾਮਤਾਂ ਤੋਂ ਨਿਰਪੱਖ ਰਹੇ।

-ਬਲਦੇਵ ਸਿੰਘ, 19-374, ਕਰਿਸ਼ਨਾ ਨਗਰ, ਮੋਗਾ

ਮੇਰੇ 'ਤੇ ਲਿਖਿਆ ਮਜ਼ਮੂਨ ਕਲਪਨਾਤਮਿਕ ਵਾਰਤਕ ਦਾ ਬੇਹਤਰੀਨ ਨਮੂਨਾ

'ਕਹਾਣੀ ਧਾਰਾ' ਕੱਢਣ ਲਈ ਮੁਬਾਰਕਾਂ! ਪ੍ਰੇਮ ਪ੍ਰਕਾਸ਼ ਦਾ ਮੇਰੇ 'ਤੇ ਲਿਖਿਆ ਮਜ਼ਮੂਨ ਪੜ੍ਹਿਆ। ਕਲਪਨਾਤਮਿਕ ਵਾਰਤਕ ਦਾ ਬੇਹਤਰੀਨ ਨਮੂਨਾ ਹੈ, "ਖ਼ੁਦਾ ਕਰੇ ਜ਼ੋਰ-ਇ-ਕਲਮ ਔਰ ਜ਼ਿਆਦਾ" ਜੋ ਕੁਝ ਪ੍ਰੇਮ ਪ੍ਰਕਾਸ਼ ਜਾਂ ਮੇਰੀ ਕਲਪਨਾ ਵਿਚ ਵਾਪਰਦਾ ਹੈ ਉਸ ਬਾਰੇ ਤਾਂ ਕਿਹਾ ਜਾ ਸਕਦਾ ਹੈ! ਕਾਸ਼ ਇੰਝ ਹੋ ਸਕਦਾ। ਮੈਂ ਵੀ ਆਖਦਾ ਹਾਂ "ਕਾਸ਼ ਮੈਂ ਐਨਾ ਜਵਾਂ ਮਰਦ ਹੁੰਦਾ ਕਿ ਰਾਤ ਆਪਣਾ ਮੰਜਾ ਛੱਡ ਕੇ ਦੂਜੀਆਂ ਦੇ ਮੰਜੇ ਤੇ ਜਾ ਪੈਂਦਾ।" ਛਿੱਤਰ ਖਾਣ ਜਿੰਨਾ ਵੀ ਆਪਣਾ ਸਿਰ ਮਜ਼ਬੂਤ ਨਹੀਂ। ਇਹ ਗੱਲ ਗ਼ਲਤ ਏ ਕਿ ਮੈਂ ਪ੍ਰੇਮ ਪ੍ਰਕਾਸ਼ ਨੂੰ ਸਿਰਫ਼ ਰਸਮੀ ਤੌਰ 'ਤੇ ਮਿਲਣ ਜਾਂਦਾ ਹਾਂ ਤੇ ਮੇਰਾ ਅਸਲ ਕੰਮ ਮੁੰਡੇ ਨੂੰ ਮਿਲਣਾ ਹੁੰਦਾ ਹੈ। ਸਗੋਂ ਕਈ ਵਾਰ ਤਾਂ ਮੈਨੂੰ ਛੁਟ ਪ੍ਰੇਮ ਪ੍ਰਕਾਸ਼ ਨੂੰ ਮਿਲਣੋ ਹੋਰ ਕੋਈ ਕੰਮ ਈ ਨਹੀਂ ਹੁੰਦਾ। ਰਹੀ ਗੱਲ ਬੇਟੀ ਕੋਲ ਜਾਣ ਵਾਲੀ। ਮੈਂ ਤਾਂ ਉਸ ਕੋਲ ਇਹ ਸੋਚ ਕੇ ਗਿਆ ਸਾਂ ਕਿ ਨਾਸ਼ਤੇ ਤੋਂ ਪਿੱਛੋਂ ਲੰਚ ਵੀ ਕਰਦੇ ਆਵਾਂਗਾ ਕਿਉਂਕਿ ਮੇਰੀ ਬੇਟੀ ਨੇ ਹੋਮ ਸਾਇੰਸ ਪੜ੍ਹੀ ਹੋਣ ਕਰਕੇ ਉਹ ਭੋਜਨ ਬਹੁਤ ਸ਼ਾਨਦਾਰ ਬਣਾਉਂਦੀ ਹੈ, ਪਰ ਉਸਨੇ ਨਾਸ਼ਤਾ ਤਿਆਰ ਕਰਦਿਆਂ ਕਰਦਿਆਂ ਆਖਿਆ ਸੀ, 'ਤੁਹਾਨੂੰ ਜਲਦੀ ਹੋਣੀ ਏਂ। ਹੁਣ ਮੈਂ ਜਦ ਕਿਸੇ ਮਿੱਤਰ ਨੂੰ ਮਿਲਣ ਜਾਂਦਾ ਹਾਂ ਉਸਦੇ ਦਰਵਾਜ਼ੇ ਲਾਗੇ ਖੜੀ ਰੇੜੀ ਤੋਂ ਪੰਜ ਰੁਪਏ ਦੇ ਕੁਲਚੇ ਛੋਲੇ ਖਾ ਕੇ ਜਾਂਦਾ ਹਾਂ। ਬਹੁਤ ਵਾਰ ਮੈਂ ਆਪਣੇ ਲੜਕੇ ਨੂੰ ਮਿਲ ਵੀ ਨਹੀਂ ਸਕਦਾ! ਕਿਉਂਕਿ ਉਸਦੀ 'ਅਜੀਤ' ਵਿਚ ਪੱਕੀ ਡਿਊਟੀ ਰਾਤ 10.30 ਤੋਂ ਸਵੇਰੇ 6.30 ਤੱਕ ਹੈ। 'ਅਜੀਤ' ਲਾਗੇ ਅਜਿਹੇ ਸੱਜਣ ਹਨ ਜੋ ਮੇਰੇ ਕੋਲ ਦਾਰੂ ਪੀ ਕੇ ਆਪਣੇ ਘਰੀਂ ਜਾਣ ਜੋਗੇ ਨਹੀਂ ਸਨ ਰਹਿੰਦੇ ਤੇ ਮੈਂ ਮੰਜੇ ਬਿਸਤਰੇ ਦਿਆ ਕਰਦਾ ਸਾਂ। ਉਸਤਾਦ ਹਰੀ ਚੰਦ 'ਅਖ਼ਤਰ' ਦਾ ਸ਼ੇਅਰ ਯਾਦ ਆਉਂਦਾ ਏ,

ਹਮੇ ਭੀ ਆ ਪੜ੍ਹਾ ਹੈ ਦੋਸਤੋਂ ਸੇ ਕਾਮ ਕੁਛ ਯਹਿਨੀ,<br>
ਹਮਾਰੇ ਦੋਸਤੋਂ ਕੇ ਨੇ ਵਫ਼ਾ ਹੋਨੇ ਕਾ ਵਕਤ ਆਇਆ।

ਰਹੀ ਗੱਲ ਪੁੱਤਰ ਨੂੰ ਪੈਸੇ ਦੇਣ ਦੀ। ਮੈਨੂੰ ਤਾਂ ਮੁੱਦਤਾਂ ਹੋ ਗਈਆਂ ਨੇ ਉਸਨੂੰ ਵੇਖਿਆ। ਪਹਿਲਾਂ ਰਾਤ ਫੋਨ ਕਰੀਦਾ ਸੀ ਕਿ ਆ ਕੇ ਮਿਲ ਜਾ ਕਰਾਏ ਆਦਿ ਦਾ ਪ੍ਰਬੰਧ ਕਰ ਦਿਆਂਗਾ। ਬਾਕੀ ਮੇਰੇ ਗ਼ਰੀਬ ਕੋਲ ਹੈ ਈ ਕੀ? ਮੈਂ ਤਾਂ ਸੋਚਦਾ ਹਾਂ ਕਿ ਮੈਂ ਬੇਟੇ ਨੂੰ ਉਹ ਕੁਝ ਨਹੀਂ ਦੇ ਸਕਦਾ ਜੋ ਇਕ ਬਾਪ ਵਲੋਂ ਬੇਟੇ ਨੂੰ ਦੇਣਾ ਚਾਹੀਦਾ ਹੈ। ਹੁਣ ਰਾਤ ਉਸ ਨਾਲ ਫੋਨ ਤੇ ਸੰਪਰਕ ਕਰਨਾ ਵੀ ਸੰਭਵ ਨਹੀਂ।"

ਸਮੁੱਚੇ ਤੌਰ ਤੇ ਪ੍ਰੇਮ ਪ੍ਰਕਾਸ਼ ਦੀ ਕਲਪਨਾਤਮਿਕ ਵਾਰਤਕ ਖ਼ੂਬ ਹੈ। ਦੂਜੇ ਪਾਸੇ ਪ੍ਰਗਟ ਸਿੰਘ



ਸਿੱਧੂ ਦਾ ਜਸਬੀਰ ਭੁੱਲਰ ਬਾਰੇ ਲਿਖਿਆ ਲੇਖ ਵੀ ਪੜ੍ਹਿਆ। ਮੈਂ ਜਸਬੀਰ ਨੂੰ ਪੜ੍ਹਿਆ ਹੈ। ਉਹ ਵਧੀਆ ਲੇਖਕ ਹੈ। ਪਰ ਇਸ ਲੇਖ ਵਿਚ ਨਾਂ ਜਸਬੀਰ ਭੁੱਲਰ ਲੇਖਕ ਨਾਲ ਇਨਸਾਫ਼ ਹੈ ਨਾ ਉਸਦੀ ਸ਼ਖ਼ਸੀਅਤ ਨਾਲ। ਮੇਰੀਆਂ ਜਸਬੀਰ ਭੁੱਲਰ ਨਾਲ ਸਿਰਫ਼ ਦੋ ਚਾਰ ਰਸਮੀ ਮੁਲਾਕਾਤਾਂ ਹੀ ਹੋਈਆਂ ਹਨ। ਪਰ ਇਨ੍ਹਾਂ ਰਸਮੀ ਮੁਲਾਕਾਤਾਂ ਵਿਚ ਹੀ ਉਸਨੇ ਮੈਨੂੰ ਮੋਹ ਲਿਆ ਹੈ। ਲੇਖਕ ਨੇ ਉਰਦੂ ਦੇ ਸ਼ਬਦਾਂ ਦੀ ਗ਼ਲਤ ਵਰਤੋਂ ਕੀਤੀ ਹੈ। ਹਾਲਾਂਕਿ ਉਹ ਕਹਿੰਦਾ ਹੈ ਕਿ ਮੈਂ ਸਾਬਕਾ ਫੌਜੀ ਹਾਂ ਪਰ ਕੀ ਉਹ ਜੰਗ-ਏ-ਮੈਦਾਨ ਵਿਚ ਲੜਦਾ ਰਿਹਾ ਏ ਜਾਂ ਮੈਦਾਨ-ਏ-ਜੰਗ ਵਿਚ? ਬਾਕੀ ਰਚਨਾਵਾਂ ਬਾਰੇ ਲਿਖਣ ਲਈ ਥਾਂ ਨਹੀਂ ਬੱਚੀ। ਤੁਹਾਡਾ ਉਦਮ ਸ਼ਲਾਘਾ ਯੋਗ ਹੈ। (ਫੋਨ ਤੇ ਨੋਟ ਕਰਵਾਈ ਟਿੱਪਣੀ) 'ਮੈਂ ਇਹ ਵੀ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਮੇਰੇ ਰਿਸ਼ਤੇਦਾਰਾਂ ਕੋਲ ਮੇਰਾ ਕੋਈ ਰੁਪਏ-ਪੈਸੇ ਜ਼ਮਾ ਨਹੀਂ ਹੈ। ਮੇਰੇ ਰਿਸ਼ਤੇਦਾਰ ਬੜੇ ਅਮੀਰ ਹਨ, ਕਾਰਾ ਕੋਠੀਆਂ ਵਾਲੇ ਹਨ। ਮੈਂ ਕਿਸੇ ਨੂੰ ਹੁਣ ਮਿਲਣਾ ਨਹੀਂ ਚਾਹੁੰਦਾ। ਮੇਰਾ ਸੁਭਾ ਹੀ ਇਸ ਤਰ੍ਹਾਂ ਦਾ ਬਣ ਗਿਆ ਹੈ। ਬਿਰਧ ਘਰ 'ਚ ਜੋ ਵੀ ਆਉਂਦਾ ਹੈ ਉਹ ਸਾਰੇ ਸੰਸਾਰਕ ਰਿਸ਼ਤੇਦਾਰੀ ਤਿਆਗ ਕੇ ਆਉਂਦਾ ਹੈ। ਮੇਰਾ ਇਹ ਸਪੱਸ਼ਟੀਕਰਨ ਪਾਠਕ ਨੋਟ ਕਰਨ'।

- ਪ੍ਰੀਤਮ, ਬਿਰਧ ਘਰ , ਤਰਨਤਾਰਨ

ਕਜ਼ਾਕ ਪਾਠਕਾਂ ਨੂੰ ਲੁੱਟ ਲਿਜਾਣ ਵਾਲਾ ਕਹਾਣੀਕਾਰ ਹੈ

'ਕਹਾਣੀ ਧਾਰਾ' ਵਿਚ 'ਕਬੂਤਰ' ਬੇਸ਼ਕ ਦੂਜੀ ਵਾਰ ਪੜ੍ਹੀ ਤੇ ਆਨੰਦ ਪਹਿਲਾਂ ਨਾਲੋਂ ਜ਼ਿਆਦਾ ਹਾਸਿਲ ਹੋਇਆ। 'ਕਬੂਤਰ' ਪੂਰੇ ਦੇ ਪੂਰੇ ਡੇਰਾ-ਜਗਤ ਦੇ ਦਰਸ਼ਨ ਹੀ ਨਹੀਂ ਕਰਾਉਂਦੀ ਸਗੋਂ ਪਾਠਕ ਨੂੰ ਧੁਰ ਅੰਦਰ ਤੱਕ ਲੈ ਜਾਂਦੀ ਹੈ ਤੇ ਪਾਠਕ ਦੀਆਂ ਅੱਖੀਆਂ ਖੁੱਲ੍ਹੀਆਂ ਰਹਿ ਜਾਂਦੀਆਂ ਨੇ। ਮੋਹਨ ਭੰਡਾਰੀ ਪਾਸ ਭੰਡਾਰ ਹੈ, ਕਹਾਣੀਆਂ ਦਾ ਤੇ ਸ਼ਬਦਾਂ ਦਾ ਵੀ।

ਹਾਂ ਇਤਨਾ ਕਹਿਣ ਦੀ ਇਜਾਜ਼ਤ ਮੰਗਦਾਂ ਕਿ 'ਕਬੂਤਰ' ਕਹਾਣੀ ਦੀ ਕਹਾਣੀ ਲਿਖੇ ਜਾਣ ਦੀ ਲੋੜ ਨਹੀਂ ਸੀ। ਕਹਾਣੀ ਆਪਣੇ ਆਪ 'ਚ ਸਾਫ਼ ਸਪਸ਼ਟ ਹੈ ਤੇ ਕੋਈ ਪੇਚੀਦਗੀ ਨਹੀਂ।

ਕਦੇ ਕਦੇ ਕਿਸੇ ਰਚਨਾ ਬਾਰੇ ਜੇ ਵਜ਼ਾਹਤ ਨਾ ਮਿਲੇ ਤਾਂ ਪਾਠਕ ਵਖ਼ਤੇ ਜਿਹੇ ਦੇ ਲੜ ਲਗਿਆ ਟੱਕਰਾਂ ਮਾਰਦਾ ਫਿਰਦੈ, ਏਧਰ ਉਧਰ। ਜਿਵੇਂ +2 ਦੀ ਸਟੇਜ ਦੇ ਪਾੜ੍ਹਿਆਂ ਨੂੰ ਕਾਵਿ-ਪੁਸਤਕ (ਸੰਪਾਦਿਤ ) 'ਕਾਵਿ-ਕੀਰਤੀ' ਦਿੱਲੀ 'ਚ ਹਾਲਾਂ ਵੀ ਪੜ੍ਹਾਈ ਜਾਂਦੀ ਹੈ ਤੇ ਸ਼ੁਰੂ ਸ਼ੁਰੂ 'ਚ ਸ਼ਾਇਦ 80 ਵਿਆਂ ਦੇ ਨੇੜੇ-ਤੇੜੇ ਤਾਂ ਹਰਿਭਜਨ ਸਿੰਘ ਦੀ ਕਵਿਤਾ 'ਸੁਲਘਦਾ-ਹੱਥ' ਪੜ੍ਹਾਉਣ ਲੱਗਿਆਂ ਸਾਨੂੰ ਸਬਨਾਂ ਨੂੰ ਬਹੁਤ ਵੱਡੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਹੋਰਨਾਂ ਬਾਰੇ ਤਾਂ ਮੈਂ ਉਨਾ ਨਹੀਂ ਜਾਣਦਾ, ਪਰ ਮੈਂ ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸ਼ਰ ਸਾਹਿਬਾਨ ਨੂੰ ਮਿਲ ਮਿਲ ਪੁੱਛਦਾ ਗਿਛਦਾ ਰਿਹਾ। ਖ਼ੈਰ ਮੇਰੀ ਤਸੱਲੀ ਨਹੀਂ ਸੀ ਹੋ ਰਹੀ। ਉਸ ਤਰ੍ਹਾਂ ਲਾਈਨ ਬਲਾਈਨ ਕਵਿਤਾ 'ਚ ਔਖ ਪੇਸ਼ ਨਹੀਂ ਸੀ ਆ ਰਹੀ ਪਰ ਬਿੰਬ-ਵਿਧਾਨ ਸਮਝੋਂ ਬਾਹਰਾ ਸੀ। ਡਾ. ਹਰਿਭਜਨ ਸਿੰਘ ਹੋਰਾਂ ਨਾਲ ਗੱਲ ਕੀਤੀ ਤਾਂ ਫ਼ਰਮਾਉਣ ਲੱਗੇ, "ਕਵਿਤਾ ਲਿਖੇ ਜਾਣ ਮਗਰੋਂ ਸ਼ਾਇਰ ਨਾਲੋਂ ਨਾਤਾ ਤੋੜ ਲੈਂਦੀ ਹੈ।" ਤੇ ਮੈਨੂੰ ਇਹ ਗੱਲ ਵੀ ਨਹੀਂ ਸੀ ਜਚੀ।

ਇਕ ਦਿਨ ਸਕੂਲ ਅਧਿਆਪਕਾਂ ਦੇ ਸੈਮੀਨਾਰ 'ਚ ਡਾਕਟਰ ਸਾਹਬ ਬੋਲਣ ਲੱਗੇ, ਬਹੁਤ ਵਧੀਆਂ ਬੋਲੇ। ਜਦੋਂ ਬੋਲ ਹਟੇ ਤਾਂ ਮੈਨੂੰ ਕਹਿਣਾ ਪਿਆ, "ਡਾਕਟਰ ਸਾਹਬ, ਤੁਸੀਂ ਕੁਝ ਨਜ਼ਮਾਂ ਦਾ ਪਿਛੋਕੜ ਦਸਿਐ ਤੇ ਉਹ ਨਜ਼ਮਾਂ ਹੋਰ ਵੀ ਸਪਸ਼ਟ ਹੋ ਗਈਆਂ ਨੇ ਪਰ 'ਸੁਲਘਦਾ ਹੱਥ' ਬਾਰੇ ਵੀ ਚਾਨਣ ਪਾਉਣ ਦੀ ਕਿਰਪਾ ਕਰੋ ਜਿਸ ਦੇ ਜਵਾਬ 'ਚ ਉਹਨਾਂ ਦਸਿਆ ਕਿ ਇਕ ਵਾਰ ਉਹ ਡਾ. ਜਸਵੰਤ ਸਿੰਘ ਨੇਕੀ ਹੋਰਾਂ ਨੂੰ ਏਮਜ਼ ਵਿਚ ਮਿਲਣ ਚਲੇ ਗਏ। ਤੇ ਉਹਨਾਂ ਦੇ ਬੈਠਿਆ ਇਕ ਮਰੀਜ਼ ਨੇ ਆ ਕੇ ਡਾ. ਨੇਕੀ ਸਾਹਿਬ ਨੂੰ ਕਿਹਾ , "ਮੇਰੇ ਪੋਟਿਆ 'ਚ ਦਰਦ ਹੈ।" ਮਰੀਜ਼ ਦੇ ਚਲੇ ਜਾਣ ਤੋਂ ਮਗਰੋਂ ਮੇਰੀ ਪੁੱਛ ਦਾ ਜਵਾਬ ਦਿੰਦਿਆ ਤੇ ਡਾ. ਨੇਕੀ ਸਾਹਬ ਨੇ ਇੱਕ ਕਿਤਾਬ, 'PHANTOM LIMBS' ਮੇਰੇ ਹੱਥ ਫੜਾਉਂਦਿਆਂ ਕਿਹਾ-ਗੁਨਾਹ ਕਰਨ ਵਾਲੇ ਅੰਗ ਨੂੰ ਬੇਸ਼ਕ ਵੱਢ ਦਿੱਤਾ ਜਾਵੇ, ਪਰ ਗੁਨਾਹਗਾਰ ਨੂੰ ਜੇ ਗੁਨਾਹ ਦਾ ਇਹਸਾਸ ਹੋ ਜਾਵੇ ਤਾਂ ਗੁਨਾਹਗਾਰ ਨੂੰ ਪੀੜ ਉਸੇ ਹਿੱਸੇ 'ਚ ਹੁੰਦੀ ਮਹਿਸੂਸ ਹੋਵੇਗੀ, ਭਾਵੇਂ ਉਹਦੀ ਹੋਂਦ ਖ਼ਤਮ ਹੋ ਚੁੱਕੀ ਹੋਵੇ। ਸੋ ਸਾਨੂੰ ਉਸ ਨਜ਼ਮ ਵਿਚ ਪੁਸ਼ਪ ਪੰਜ ਪਤੀਆ.... ਬਿਲਕੁਲ ਸਾਫ਼ ਸਪਸ਼ਟ ਹੋ ਗਿਆ ਹੋਰਨਾਂ ਬਿੰਬਾਂ ਵਾਂਗ।

ਇਸੇ ਤਰ੍ਹਾਂ ਜਿਥੋਂ ਸੂਰਜ ਉਗਦਾ ਹੈ' ਬਿਰਤਰੀਨ ਕਹਾਣੀ ਹੈ। ਦਰੜਿਆਂ, ਕੁਚਲਿਆ ਦੀ ਗੱਲ ਕਰਨ ਵਾਲੇ ਕਜ਼ਾਕ ਨੇ ਯਥਾਰਥ ਪੇਸ਼ ਹੀ ਨਹੀਂ ਕੀਤਾ ਸਗੋਂ ਪਿੰਡ ਦੀਆਂ ਪੱਕੀਆਂ ਗਲੀਆਂ 'ਚ ਫੌਜ਼ੀ ਦੀ ਇਕੱਲੀ ਵਸਾਖੀ ਡੰਮਰੂ ਵਾਂਗ ਖ਼ੜਕਦੀ, ਦੂਰ ਸੁਣਦੀ ਸੀ, "ਸੀ ਨਹੀਂ ਸਗੋਂ ਹੈ।

'ਕਜ਼ਾਕ' ਦੇ ਸ਼ਬਦ ਕੋਸ਼ੀ ਅਰਥ ਹਨ, ਡਾਕੂ, ਲੁਟੇਰਾ। ਜਿਵੇਂ ਕਦੇ ਕਿਸੇ ਨਿਹੰਗ ਦਾ ਘਰ ਲੁਟਿਆ ਗਿਆ। ਸੁਬ੍ਹਾ ਸਵੇਰੇ, ਅਗਲੇ ਦਿਨ, ਆਂਢ ਗੁਆਂਢ ਨੇ ਹੈਰਾਨੀ ਨਾਲ ਪੁੱਛ ਲਿਆ, "ਸਿੰਘ ਸਾਹਬ, ਤੁਸੀਂ ਆਂਹਦੇ ਜੇ, ਉਹਦੇ ਹੱਥ 'ਚ ਕੋਈ ਮਾਰੂ ਹਥਿਆਰ ਨਹੀਂ ਸੀ, ਪਰ ਫੇਰ ਵੀ ਉਹ ਘਰ ਲੁੱਟ ਕੇ ਲੈ ਗਿਆ।"

"ਹਾਂ ਜੀ ਕੀ ਦਸਾਂ... ਸਹੁਰਾ ਸੀ ਉਹ ਬੇ ਉਸਤਾਦਾ,ਬੇ ਪੀਰਾ, ਬੇ ਗੁਰਾ, ਨਾ ਪੈਂਤੜਾ ਨਾ ਸਲਾਮੀ ਅਤੇ ਆਉਂਦੇ ਨੇ ਠਾਹ ਸੋਟਾ ਆਪਣੇ ਸਿਰ 'ਚ ਮਾਰਿਆ, ਪਰ ਆਪਾਂ ਮੂਰਛਤ ਹੋ ਕੇ ਲੁੱਟੇ ਹੀ ਜਾਣਾ ਸੀ...।' ਸੋ ਕਜ਼ਾਕ ਪਾਠਕਾਂ ਨੂੰ ਲੁੱਟ ਲਿਜਾਣ ਵਾਲਾ ਕਹਾਣੀਕਾਰ ਹੈ। ਡਾ. ਜਸਵਿੰਦਰ ਕੌਰ ਬਿੰਦਰਾ ਸਾਡੀ ਹੋਣ ਹਾਰ ਆਲੋਚਕ ਹੈ, ਸ਼ਾਲਾ ਪੁਖ਼ਤਗੀ ਨਾਲ ਤੁਰਦੀ ਰਹੇ, ਕਾਮਨਾ ਕਰਦਾਂ ਹਾਂ।

-ਇਕਬਾਲਦੀਪ, ਸ਼ਿਵ ਨਗਰ, ਨਵੀਂ ਦਿੱਲੀ-8

'ਮਰਜੀਵੜਾ ਪ੍ਰੀਤਮ ਪਿਆਰਾ' ਇਕ ਬਹੁਤ ਹੀ ਉਲਝੇ ਮਨੁੱਖ ਦੀ ਵਾਰਤਾ

'ਕਹਾਣੀ ਧਾਰਾ' ਦੇ ਦੋਨੋਂ ਅੰਕ ਇਕੱਠੇ ਕਰਕੇ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਸੰਪਾਦਕੀ ਤਾਂ ਖ਼ੈਰ ਕਿਸੇ ਵਿਸ਼ੇਸ਼ ਮੁੱਦੇ 'ਤੇ ਫ਼ਿਕਰਮੰਦੀ ਜ਼ਾਹਰ ਕਰਨ ਦਾ ਕਾਲਮ ਹੈ। ਉਹ ਤਾਂ ਸੰਪਾਦਕਾਂ ਲਈ ਰਾਖਵਾਂ ਹੀ ਹੁੰਦਾ ਹੈ। ਪਰ ਪਾਠਕਾਂ ਲਈ ਰਾਖਵੀਂ ਪਰਚੇ ਦੀ ਨੀਤੀ ਹੋਣੀ ਚਾਹੀਦੀ ਹੈ। ਇਉਂ ਨਹੀਂ ਕਿ ਪਹਿਲਾਂ ਅੰਕ ਕਹਾਣੀਆਂ ਨਾਲ ਲੈਸ ਕਰ ਕੇ ਪਾਠਕਾਂ ਦੇ ਹਵਾਲੇ ਕਰੋ ਤੇ ਦੂਜੇ ਅੰਕ ਦੀ ਸ਼ੁਰੂਆਤ ਵਿਚ ਹੀ ਪ੍ਰੇਮ ਪ੍ਰਕਾਸ਼ ਦੀ ਛਾਂ ਹੇਠ ਤੁਰੋ। 'ਮਰਜੀਵੜਾ ਪ੍ਰੀਤਮ ਪਿਆਰਾ' ਇਕ ਬਹੁਤ ਹੀ ਉਲਝੇ ਮਨੁੱਖ ਦੀ ਵਾਰਤਾ ਹੈ ਇਹ ਪਰਚੇ ਦੇ ਅੰਤਲੇ ਭਾਗ ਵਿਚ ਚਾਹੀਦਾ ਸੀ। ਜਸਬੀਰ ਭੁੱਲਰ ਨਾਲ ਵੀ ਇਹੋ ਰਿਆਇਤ ਕੀਤੀ ਗਈ। ਇਸ ਨਾਲ ਪਰਚੇ ਦੀ ਪਾਲਿਸੀ ਫਰੇਮ ਕਰਨ 'ਚ ਅੜਚਨ ਆ ਸਕਦੀ ਹੈ। ਕਿਸੇ ਇਕ ਮਿਸਾਲੀ ਕਹਾਣੀ ਦੀ ਪੇਸ਼ਕਾਰੀ ਤੇ ਉਸ ਬਾਰੇ ਲੇਖਕ ਦੀ ਨਿੱਜੀ ਪ੍ਰਤੀਕ੍ਰਿਆਤਮਿਕ ਰਾਏ ਦੇਣਾ ਚੰਗੀ ਗੱਲ ਹੈ। ਪਰ ਇਉਂ ਵੀ ਪਹਿਲੋਂ ਹੋ ਚੁੱਕਾ। ਕਈਆਂ ਪੱਤਰਕਾਵਾਂ ਨੇ ਇਸ ਵਿਧੀ ਰਾਹੀਂ ਪਾਠਕਾਂ 'ਤੇ ਪਿਆ ਲੇਖਕ ਦਾ ਚੰਗੇ ਪ੍ਰਭਾਵ ਵੀ ਮਾੜੇ ਵਿਚ ਬਦਲ ਦਿੱਤਾ। ਇਹ ਵੀ ਕੋਈ ਨਵਾਂ ਕਾਲਮ ਨਾ ਹੋਇਆ। ਹਾਂ ਦੇਸ ਰਾਜ ਕਾਲੀ ਦਾ ਕਾਲਮ ਪੰਜਾਬੀ ਪੱਤਰਕਾ 'ਚ ਗ਼ਹਿਰ ਗੰਭੀਰ ਵਿਸ਼ਿਆ ਤੇ ਚਰਚਾ ਕਰਦਾ ਇਕ ਉਦਾਰ੍ਹਣ ਦੇਣ ਯੋਗ ਕਾਲਮ ਹੈ। ਸਾਹਿਤ ਮਸਲਿਆਂ ਤੋਂ ਬਾਹਰੀ ਗੱਲ ਜੋ ਸਾਹਿਤਕਾਰੀ ਲਈ ਵਧੀਆਂ ਅਧਾਰ ਪ੍ਰਦਾਨ ਕਰਦੀ ਹੈ। ਪਰਚੇ ਦੀ ਦਿੱਖ ਆਕਰਸ਼ਤ ਕਰਦੀ ਹੈ। ਯਤਨ ਸ਼ਲਾਘਾਯੋਗ ਹਨ।

– ਲਾਲ ਸਿੰਘ, ਦਸੂਹਾ

ਸੇਵਾ ਸਿੰਘ ਨੇ ਭਗਤੀ ਪ੍ਰੰਪਰਾ ਬਾਰੇ ਸਾਡੇ ਪਾਲੇ ਹੋਏ ਭਰਮਾ ਤੋਂ ਪਰਦਾ ਹਟਾਇਆ ਹੈ

'ਕਹਾਣੀ ਧਾਰਾ' ਦਾ ਪਹਿਲਾ ਤੇ ਦੂਜਾ ਅੰਕ ਜਿੰਨਾ ਮੈਨੂੰ ਚੰਗਾ ਲੱਗਾ... ਉਨਾ ਵਰਣਨ ਨਹੀਂ ਕਰ ਸਕਾਂਗਾ। ... ਪਰ ਲਿਖੇ ਬਿਨਾ ਰਹਿ ਵੀ ਨਹੀਂ ਹੁੰਦਾ... ਹਾਜ਼ਰ ਹਨ... ਦੋਵੇਂ ਅੰਕਾਂ ਦਾ ਮੈਟਰ ... ਸੰਪਾਦਕੀ ਦੀ ਗਵਾਹੀ ਭਰਦਾ ਹੈ। ਪ੍ਰੇਮ ਪ੍ਰਕਾਸ਼ ਹੋਰਾਂ ਦਾ ਲਿਖਿਆ ਪ੍ਰੀਤਮ ਦਾ ਸ਼ਬਦ ਚਿੱਤਰ 'ਮਰਜੀਵੜਾ' ਪੜ੍ਹਦਿਆਂ ਕਿਤੇ-ਕਿਤੇ... ਪਰ ਸੂਰਜ ਪਾਲ ਚੌਹਾਨ ਦੀ ਸਵੈ-ਜੀਵਨੀ 'ਸੰਤਪਤ' 'ਝੁਲਸਿਆ ਹੋਇਆ ਦਾ ਅੱਖਰ ਅੱਖਰ ਪੜ੍ਹਦਿਆਂ ਦਿਮਾਗ਼ ਸੁੰਨ ਹੋਈ ਜਾਂਦਾ ਹੈ। ਸੂਰਜ ਪਾਲ ਦਾ ਅੰਸ਼ ਪੜ੍ਹਦਿਆਂ ਲਾਲ ਸਿੰਘ ਦਿਲ ਦੀ ਕਵਿਤਾ ਯਾਦ ਆਉਂਦੀ ਹੈ, ਇਹ ਗੱਲ ਦੱਸੀ ਜਾਵੇ ਜੇ ਦੂਜੇ ਸਿਤਾਰੇ ਦੇ ਲੋਕਾਂ ਨੂੰ , ਪੱਥਰ ਹੋ ਜਾਵਣ... ਕਵਿਤਾ ਵਿਚਲੀ ਗੱਲਸੱਚ ਹੈ। 1930 ਵਿਚ ਲੰਡਨ ਵਿਚ ਹੋਈ ਗੋਲਮੇਜ ਕਾਨਫਰੰਸ ਵਿਚ ਡਾ. ਅੰਬੇਡਕਰ ਦੀ ਆਖੀ ਗੱਲ, ਦੂਜੇ 'ਹਿੰਦੁਸਤਾਨ ਦੇ ਸਾਢੇ ਛੇ ਕਰੋੜ ਲੋਕਾਂ ਨੂੰ... ਦੂਜੇ ਲੋਕਾਂ ਨੂੰ ਚੂਹਣ ਤੇ ਵੀ ਸਜ਼ਾਵਾ ਦਿੱਤੀਆਂ ਜਾਂਦੀਆਂ ਹਨ।'

ਕਹਾਣੀਆਂ ਸਾਰੀਆਂ ਹੀ... ਵੰਨ-ਸੁਵੰਨੀਆਂ... ਪ੍ਰਭਾਵਿਤ ਕਰਦੀਆਂ ਹਨ। 'ਜਿਥੋਂ ਸੂਰਜ ਉਗਦਾ ਹੈ' ਕਹਾਣੀ ਦੇ ਲੇਖਕ ਕਿਰਪਾਲ ਕਜ਼ਾਕ ਦਾ ਲਿਖਿਆ 'ਕਹਾਣੀ ਸੰਦਰਭ' ਪੜ੍ਹਕੇ ਕਹਾਣੀ ਦੇ ਪਛੋਕੜ ਦੇ ਨਾਲ ਨਾਲ ਕਹਾਣੀਕਾਰ ਰਾਹੀਂ ਜੀਵਨ ਵਿਚ ਕੀਤੇ ਸਮਾਜਿਕ ਸੰਘਰਸ਼ ਬਾਰੇ ਵੀ ਪਤਾ ਲਗਦਾ ਹੈ। ਕਹਾਣੀਕਾਰ ਬਲਦੇਵ ਪੋਹਲੋਪੁਰੀ ਦੇ ਘਰ ਕੋਲ ਜ਼ਰੂਰ ਕੋਈ ਟੋਭਾ ਹੈ। ਕਹਾਣੀ ਨਾਇਕ 'ਛੱਪੜ ਦੀ ਕੂੰਜ' ਨੂੰ ਬੱਸ ਚੜ੍ਹਾ ਕੇ ਆਉਂਦਾ ਹੋਇਆ, 'ਟੋਭੜੀ' (ਉਹਦੀ ਲਕੀਰ ਅੰਕ 98 ਵਿਚ ਛਪੀ ਕਹਾਣੀ) ਵਿਚ ਡਿੱਗ ਪਿਆ। ਖੁੱਲ੍ਹੇ ਅੰਤ ਵਾਲੀ ਕਮਾਲ ਦੀ ਕਹਾਣੀ ਹੈ। ਨਾਇਕ ਮੇਲਾ ਰਾਮ ਨੂੰ ਹੁਣ ਪਤਨੀ ਤੋਂ ਡਰਨ ਦੇ ਨਾਲ ਨਾਲ ਬੰਗਾਲਣਾ ਦੀ ਵੀ ਉਡੀਕ ਰਹੂ।



ਆਲੋਚਨਾਤਮਕ ਲੇਖ ਲੇਖਕਾਂ ਪਾਠਕਾਂ ਦੀ ਸੋਚ ਸਮਝ ਵਿਚ ਵਾਧਾ ਕਰਨ ਵਾਲੇ ਹਨ।

'ਜਨਬੋਧ' ਕਹਾਣੀ ਧਾਰਾ ਦਾ ਮਹੱਤਵਪੂਰਣ ਭਾਗ ਹੈ। ਡਾ. ਸੇਵਾ ਸਿੰਘ ਨੇ ਭਗਤੀ ਪ੍ਰੰਪਰਾ ਬਾਰੇ ... ਸਾਡੇ ਪਾਲੇ ਹੋਏ ਭਰਮਾ ਤੋਂ ਪਰਦਾ ਹਟਾਇਆ ਹੈ! 'ਨਾਥ ਪ੍ਰੰਪਰਾ' ... 'ਤੰਤਰ ਦੀ ਸਾਰੀ ਸਾਧਨਾ ਔਰਤ ਦੇ ਜਣਨ ਅੰਗਾਂ ਦੀ ਪੂਜਾ 'ਤੇ ਕੇਂਦਰਿਕਤ ਹੈ।' ਬਾਰੇ ਦੱਸਕੇ ਅਚੰਭਿੰਤ ਰਹੇ।

ਦੋਵੇਂ ਪ੍ਰਤਿਭਾਵਾਨ ਕਹਾਣੀਕਾਰਾਂ ਨੂੰ ... ਨਵੇਂ ਸਮੇਂ ਵਿਚ... ਨਵੀਂ ਸੋਚ ਤੇ ਨਵੇਂ ਚਿੰਤਨ ... ਵਾਲੇ ਨਵੇਂ ਸਾਹਿਤ ਨੂੰ... 'ਕਹਾਣੀ ਧਾਰਾ' ਵਿਚ ਛਾਪਣ ਲਈ ਵਧਾਈ!

– ਸਰੂਪ ਸਿਆਲਵੀ, ਪਿੰਡ ਮਾਜਰੀ, ਡਾ.ਸਿਆਲਵਾ, ਜ਼ਿਲ੍ਹਾ ਮੋਹਾਲੀ

ਜਿੰਦਰ ਦੀ ਕਹਾਣੀ 'ਰਫ਼ਤਾਰ' ਪ੍ਰਾਪਤੀ ਹੈ

'ਕਹਾਣੀ ਧਾਰਾ' ਦੇ ਨਵੇਂ ਅੰਕ ਦੋਵੇਂ ਹੀ ਪੜ੍ਹ ਪਏ ਹਨ। ਇਸ ਦਾ ਨਵਾਂ ਰੂਪ ਪਸੰਦ ਆਇਆ ਹੈ। ਪ੍ਰੇਮ ਪ੍ਰਕਾਸ਼ ਦਾ ਪ੍ਰਤੀਮ ਬਾਰੇ ਪੜ੍ਹ ਕੇ ਮੈਂ ਕਾਫੀ ਦੇਰ ਪਰਿਸ਼ਾਨ ਰਿਹਾ। ਪ੍ਰੀਤਮ ਨੂੰ ਮਿਲਣ ਨੂੰ ਮਨ ਕਰਦਾ ਹੈ। 'ਕਹਾਣੀ ਧਾਰਾ' ਦੇ ਦੋਵੇਂ ਅੰਕਾਂ ਵਿਚਲੇ ਮੈਟਰ ਨੂੰ ਵੇਖ ਕੇ ਮੈਂ ਕਹਿ ਸਕਦਾ ਹਾਂ ਕਿ ਤੁਹਾਡਾ ਪਰਚਾ ਕਈ ਪੁਰਾਣੇ ਪਰਚਿਆਂ ਨੂੰ ਪਿੱਛੇ ਛੱਡ ਕੇ ਚਰਚਿਤ ਪਰਚਿਆਂ ਦੀ ਲਿਸਟ 'ਚ ਆ ਗਿਆ ਹੈ। ਇਹ ਤੁਹਾਡੀ ਦੋਵਾਂ ਦੀ ਮਿਹਨਤ ਦਾ ਹੀ ਸਿੱਟਾ ਹੈ। ਡਾ. ਬਿੰਦਰਾ ਦਾ ਕਾਲਮ ਪਰਚੇ ਦੀ ਰੂਹ ਹੈ। ਜਿੰਦਰ ਦੀ ਕਹਾਣੀ 'ਰਫ਼ਤਾਰ' ਪ੍ਰਾਪਤੀ ਹੈ। 'ਬਨੱਸ਼ਫਾ ਦਾ ਫੁੱਲ' ਭੁੱਲਰ ਹੁਰਾਂ ਬਾਰੇ ਬਹੁਤ ਪਿਆਰਾ ਰੇਖਾ ਚਿੱਤਰ ਹੈ। ਸਿੱਧੂ ਹੋਰਾਂ ਨੂੰ ਵਧਾਈ। ਡਾ. ਸੇਵਾ ਸਿੰਘ ਦੇ ਲੇਖ ਪੜ੍ਹ ਕੇ ਮਨ ਬਹੁਤ ਡੂੰਘਾਈ 'ਚ ਉੱਤਰ ਜਾਂਦਾ ਹੈ। ਰੀਹਲ ਹੁਰਾਂ ਦੀ ਕਹਾਣੀ ਵੀ ਵਧੀਆ ਹੈ।

– ਅਨੇਮਨ ਸਿੰਘ, ਮਾਨਸਾ

ਪ੍ਰੀਤਮ ਪਿਆਰਾ ਨੂੰ ਪ੍ਰੇਮ ਪ੍ਰਕਾਸ਼ ਜੀ ਨੇ ਕਾਫੀ ਚੰਗੀ ਤਰ੍ਹਾਂ ਪੇਸ਼ ਕੀਤਾ ਏ

'ਕਹਾਣੀ ਧਾਰਾ' ਦੇ ਅੰਕ-2 ਵਿਚ ਪ੍ਰੀਤਮ ਪਿਆਰਾ ਨੂੰ ਪ੍ਰੇਮ ਪ੍ਰਕਾਸ਼ ਜੀ ਨੇ ਕਾਫੀ ਚੰਗੀ ਤਰ੍ਹਾਂ ਪੇਸ਼ ਕੀਤਾ ਏ, ਇੰਝ ਲਗਦਾ ਏ, ਜਿਵੇਂ ਕਹਾਣੀ ਪੜ੍ਹਦੇ ਹੋਈਏ। 'ਬਨੱਸ਼ਫਾ ਦਾ ਫੁੱਲ' ਵੀ ਵਧੀਆ ਏ। ਕਹਾਣੀ ਐਂਤਕੀ ਜਿੰਦਰ ਦੀ 'ਰਫ਼ਤਾਰ' ਚੰਗੀ ਰਚਨਾ ਹੈ। ਤਿੰਨ ਪੀੜ੍ਹੀਆਂ ਦੀ ਗੱਲ ਕਰਦੀ ਇਹ ਕਹਾਣੀ ਜਿਉਂਦੇ ਜਾਗਦੇ ਪਾਤਰਾਂ ਨੂੰ ਹੂ-ਬ-ਹੂ ਪਾਠਕਾਂ ਦੇ ਸਾਹਮਣੇ ਖੜ੍ਹਾ ਕਰਦੀ ਹੈ। ਇਕੋ ਵੇਲੇ ਤਿੰਨ ਵੇਲਿਆਂ ਦਾ ਹਵਾਲਾ ਦੇਣਾ ਕਹਾਣੀ ਦਾ ਸਿਖ਼ਰ ਹੈ, ਨਵਾਂਪਨ ਹੈ। ਜਿੰਦਗੀ ਦੀਆਂ ਪੀਡੀਆ ਗੰਢਾ ਖੋਲਣ ਵਾਲੀ ਇਹੋ ਜਿਹੀ ਕਹਾਣੀਆਂ ਦੀ ਲੋੜ ਹੈ। 'ਉਹ ਕੌਣ ਸੀ' ਧਰਮਪਾਲ ਸਾਹਿਲ ਦੀ ਕਹਾਣੀ ਦੀ ਅੰਦਰਲੀ ਗੱਲ ਤਾਂ ਮਨੁੱਖ ਦੇ ਅੰਤ ਦੀ ਹੈ, ਅੰਤ ਤਾਂ ਦੁਖਾਂਤ ਹੀ ਹੈ, ਦਿਲ ਨੂੰ ਵਲੂੰਧਰਨ ਵਾਲਾ ਦੁਖਾਂਤ। ਪਰ ਹੱਸਦੀ ਖੇਡਦੀ ਜਿੰਦਗੀ ਦੀ ਗੱਲ ਨਾਲ ਇਸ ਨੂੰ ਰੌਚਿਕ ਬਣਾ ਦਿੱਤਾ। ਕਿੰਨੀ ਪਿਆਰੀ ਗੱਲ ਹੈ।

'ਜਿਥੋਂ ਸੂਰਜ ਉੱਗਦਾ ਹੈ' ਕਿਰਪਾਲ ਕਜ਼ਾਕ ਦੀ ਕਹਾਣੀ ਨੂੰ ਜਿਸ ਤਰ੍ਹਾਂ ਤੁਸੀਂ ਪ੍ਰਕਾਸ਼ਿਤ ਕੀਤਾ ਹੈ, ਇਹ ਹੋਰ ਵੱਡ-ਮੁੱਲੀ ਬਣ ਗਈ ਹੈ। ਕਹਾਣੀ ਦੇ ਸੰਦਰਭ ਨੂੰ ਲੈ ਕੇ ਡਾ. ਬਿੰਦਰਾ ਜੀ ਦੇ ਦ੍ਰਿਸ਼ਟੀਕੋਣ ਨਾਲ ਇਸ ਕਹਾਣੀ ਦੀਆਂ ਹੋਰ ਤਹਿਆਂ ਵੀ ਖੁੱਲੀਆਂ ਹਨ।

ਹਰਵਿੰਦਰ ਭੰਡਾਲ ਦਾ 'ਗ਼ੈਰ ਹਾਜ਼ਰ' ਨਾਵਲ ਦਾ ਇਕ ਕਾਂਡ ਹੀ ਪੂਰੇ ਨਾਵਲ ਦਾ ਵੇਰਵਾ ਦਿੰਦਾ ਹੈ। ਸੂਰਜ ਪਾਲ ਚੋਹਾਨ ਦੀ ਸਵੈ-ਜੀਵਨੀ 'ਸੰਤਪਤ' ਹੋ ਸਕਦਾ ਏ ਹੋਰਾਂ ਤੋਂ ਨਵੇਕਲੀ ਹੋਵੇ। ਪਰ ਇਹ ਕਿਸ਼ਤ ਆਮ ਦਲਿੱਤ ਜੀਵਨੀਆਂ ਵਰਗੀ ਹੀ ਲਗਦੀ ਹੈ। ਉਂਝ ਪਟਰੋਲ ਪੰਪ ਉੱਤੇ ਹੋਈ ਮੁੰਡੇ ਨਾਲ ਗੱਲ ਬਾਤ ਤੋਂ ਕੁੱਝ ਨਵਾਂ ਨਵਾਂ ਵੀ ਲੱਗਦਾ ਹੈ। ਬਲਬੀਰ ਰੀਹਲ ਦੀ ਕਹਾਣੀ 'ਹੂਕ' ਚੰਗੀ ਏ, ਪਰ ਇਹ ਕਹਾਣੀ ਅੰਦਰਲੀ ਗਾਥਾ ਨਾਲ ਇਹਦਾ ਸਿਰਲੇਖ ਨਹੀਂ ਰਲਦਾ। ਪੁਰਾਤਨ ਪ੍ਰੰਪਰਾ ਅਨੁਸਾਰ ਬੱਚਾ ਡੇਰੇ ਵਿਚ ਨਿੱਕੀ ਉਮਰੇ ਹੀ ਚੜ੍ਹਾ ਦਿੱਤਾ ਜਾਂਦਾ ਹੈ ਤਾਂ ਜੋ ਉਸਦਾ ਮੋਹ ਦੁਨੀਆਂ ਨਾਲੋਂ ਟੁੱਟ ਜਾਵੇ। ਦੂਜਾ ਜੋ ਡਾਰਾਵਾਦ ਹੈ, ਸਾਧਾਂ ਦੇ ਪਾਜ ਉਧੇੜਨ ਵਾਲੀ ਗੱਲ ਨਹੀਂ ਹੁੰਦੀ, ਇਹ ਹੋਰ ਹੀ ਤਰ੍ਹਾਂ ਹੋ ਨਿੱਬੜੀ। 'ਜਨ ਬੋਧ' ਦਾ ਇਕੋ ਇਕ ਲੈਕਚਰ ਬਹੁਤ ਹੀ ਨਿੱਗਰ ਹੈ। ਇਨਾਂ ਵਧੀਆਂ ਹਵਾਲਾ ਹੋਰ ਕਿਧਰੇ ਨਹੀਂ ਪੜ੍ਹਿਆ। ਡਾ. ਸੇਵਾ ਸਿੰਘ ਦੀ ਇਹ ਖੋਜ ਮਿਆਰੀ ਹੈ। ਆਲੋਚਨਾ ਵਿਚ ਅਕਵਿੰਦਰ ਕੌਰ ਬਹਾਲ, ਰਜਨੀਸ਼ ਬਹਾਦਰ, ਜਸਲੀਨ ਕੌਰ ਨੇ ਭਰਵਾਂ ਯੋਗਦਾਨ ਪਾਇਆ ਹੈ।

ਬਲਦੇਵ ਪੋਹਲੋਪੁਰੀ, ਪੋਹਲੋਮਾਜਰਾ, ਸੰਘੋਲ,ਫ਼ਤਿਹਗੜ੍ਹ ਸਾਹਿਬ

ਹਰਵਿੰਦਰ ਭੰਡਾਲ ਦਾ ਕਾਂਡ ਦਿਲਚਸਪ ਹੈ..ਥੋੜਾ ਥੋੜਾ ਕਾਵਿ ਮਈ ਲਹਿਜਾ ਹੈ

ਪ੍ਰੇਮ ਪ੍ਰਕਾਸ਼ ਦੇ 'ਮਰਜੀਵੜੇ' ਬਾਰੇ ਪੜ੍ਹਿਆ ਤਾਂ ਹੈਰਾਨ ਰਹਿ ਗਿਆ। ਪ੍ਰੀਤਮ ਪਿਆਰਾ ਕਿਸ

ਤਰ੍ਹਾਂ ਦਾ ਇਨਸਾਨ ਏ। ਜੋ ਅਜੀਬ ਕਿਸਮ ਦਾ ਬੇਢੱਬਾ ਜੀਵਨ ਜਿਉਂਦੈ। ਕਚਿਐਨ ਆਉਂਦੀ ਏ, ਏਹੋ ਜਿਹੇ ਕਿਰਦਾਰਾਂ ਬਾਰੇ ਪੜ੍ਹਕੇ। ਪ੍ਰੇਮ ਪ੍ਰਕਾਸ਼ ਨੇ ਆਪਣੇ ਪ੍ਰੀਤਮ ਪਿਆਰੇ ਬਾਰੇ ਏਡਾ ਖ਼ੂਬਸੂਰਤ ਲਿਖਿਐ ਜਿਵੇਂ ਪੀ. ਐਚਡੀ. ਦਾ ਕਿਸੇ ਨੇ ਥੀਸਿਜ਼ ਲਿਖ ਮਾਰਿਆ ਹੋਵੇ। ਪਰਗਟ ਸਿੱਧੂ ਨੇ ਜੇ ਜਸਬੀਰ ਭੁੱਲਰ ਨੂੰ 'ਬਨਸ਼ਫ਼ਾ ਦਾ ਫੁੱਲ' ਕਿਹੈ ਤਾਂ ਐਵੇਂ ਨਹੀਂ ਕਿਹਾ 'ਨੰਗੇ ਪਹਾੜ ਦੀ ਮੌਤ ' ਤੇ 'ਵਾਵਰੋਲਾ' ਮੈਂ ਉਸ ਦੇ ਕਿੰਨੇ ਸਾਲ ਪਹਿਲਾਂ ਦੇ ਪੜ੍ਹੇ ਨੇ ਤੇ ਬੜੇ ਲੋਕਾਂ ਨੂੰ ਇਹ ਨਾਵਲ ਪੜ੍ਹਾ ਚੁੱਕਾਂ। ਜਿੰਦਰ ਦੀ ਕਹਾਣੀ 'ਰਫ਼ਤਾਰ' ਅੱਜ ਦੇ ਕੰਪਿਊਟਰ ਯੁੱਗ ਦੇ ਪੜ੍ਹਨ ਵਾਲੇ ਬੱਚੇ ਉਹਨਾਂ ਦੇ ਅੱਜ ਦੇ ਤੇਜ ਜੀਵਨ ਦੀ ਰਫ਼ਤਾਰ ਨੂੰ ਪੇਸ਼ ਕਰਦੀ ਐ। ਪੀੜ੍ਹੀਆਂ ਦੇ ਫ਼ਰਕ ਦੱਸਦੀ ਕਹਾਣੀ ਬੇਸ਼ੱਕ ਚੰਗੀ ਹੈ। ਪਰ ਅੰਗਰੇਜ਼ੀ ਦੇ ਸ਼ਬਦਾਂ ਦੀ ਵਾਕਾਂ 'ਚ ਲੋੜੋਂ ਵੱਧ ਭਰਤੀ ਰੜਕਦੀ ਹੈ। ਬਹੁਤ ਬੁਰੀ ਤਰ੍ਹਾਂ। ਕਹਾਣੀ ਵਿਚ 60 ਦੇ ਕਰੀਬ ਸ਼ਬਦ ਅੰਗਰੇਜ਼ੀ ਦੇ ਭਰੇ ਨੇ ਤੇ 30 ਕੁ ਜ਼ਰੂਰੀ ਹੋ ਸਕਦੇ ਨੇ। ਜੇ ਉਨ੍ਹਾਂ ਨੂੰ ਪੰਜਾਬੀ ਰਹਿਣ ਦਿੱਤਾ ਜਾਂਦਾ ਤਾਂ ਵੀ ਕਹਾਣੀ ਨੂੰ ਕੋਈ ਫ਼ਰਕ ਨਹੀਂ ਸੀ ਪੈਣਾ। 'ਉਹ ਕੌਣ ਸੀ' ਧਰਮਪਾਲ ਸਾਹਿਲ ਦੀ ਬੇਹਤਰੀਨ ਕਹਾਣੀ ਹੈ। ਏਡੀ ਸੋਹਣੀ ਬੁਣਤੀ ਮਜ਼ਾਲ ਐ ਕੋਈ ਕਹਾਣੀ ਅੱਧ 'ਚ ਛੱਡ ਦੇਵੇ। ਤੇ ਕਹਾਣੀ ਦਾ ਅੰਤ ਕਮਾਲ ਦਾ ਹੋ ਸਕਦੈ। ਬਲਬੀਰ ਕੌਰ ਰੀਹਲ ਦੀ ਕਹਾਣੀ 'ਹੂਕ' ਪੜਦਿਆਂ ਕਿਤੇ ਵੀ ਅਟਕਾਅ ਨਹੀਂ ਹੁੰਦਾ। ਸਾਦੇ ਸ਼ਬਦਾਂ 'ਚ ਪਰੋਈ ਹੋਈ ਚੰਗੀ ਕਹਾਣੀ ਹੈ। ਪਰ ਅੰਤ 'ਚ ਸਮਝ ਨਹੀਂ ਆਈ। ਸਰਵੰਸ਼ ਇੱਕ ਕਮਲੇ-ਰਮਲੇ ਨਾਂਗੇ ਸਾਧੂ ਦੇ ਆਖੇ ਲੱਗਕੇ ਏਡਾ ਵੱਡਾ ਮਾਇਆ ਵਾਲਾ ਡੇਰਾ ਛੱਡਕੇ, ਇਕ ਕੁੜੀ ਨੂੰ ਭਜਾ ਕੇ ਲੈ ਜਾਣਾਂ ਦੱਸੋ ਇੱਕ ਭੁੱਖਾ ਨੰਗਾ ਏਨਾ ਸਿਆਣਾ ਕਿਸ ਵੇਲੇ ਹੋ ਗਿਆ ਕਿ ਉਸ ਦੀ ਸਰਵੰਸ਼ ਏਨੀ ਮੰਨਣ ਲਗ ਪਿਆ। ਨਾਲੇ ਉਹ ਮੋਟਰਸਾਈਕਲ ਕਿੱਥੋਂ ਆਇਆ, ਜਿਸ ਦੀਆਂ ਚਾਬੀਆਂ ਸ਼ਰਵੰਸ਼ ਵਰਗੇ ਬਾਬੇ ਨੂੰ ਦੇ ਰਿਹੈ, ਉਸਨੂੰ ਕੁੜੀ ਭਜਾਉਣ ਲਈ। ਕਹਾਣੀ ਦੇ ਅਖੀਰ 'ਚ ਮਸਤ ਬਾਬਾ ਬਾਹਵਾਂ ਫੈਲਾਅ ਕੇ ਹੱਸ ਰਿਹਾ ਦਿਖਾਇਐਂ। ਜਿਵੇਂ ਉਹਨੇ ਸਾਰੀ ਦੁਨੀਆਂ ਜਿੱਤ ਲਈ ਹੋਵੇ। ਮੈਨੂੰ ਨਹੀਂ ਸਮਝ ਲੱਗੀ। ਬਲਦੇਵ ਪੋਹਲੋਪੁਰੀ ਦੀ ਕਹਾਣੀ ਦਰਿਆ ਦੇ ਤੇਜ਼ ਵਹਿਣ ਵਾਂਗ ਵਹਿੰਦੀ ਫਿਰ ਅਚਨਚੇਤ ਝਟਕਾ ਖਾ ਕੇ ਸਮੁੰਦਰ 'ਚ ਜਾ ਡਿੱਗਦੀ ਏ। ਬਹੁਤ ਵਧੀਆਂ ਅੰਤ। ਨਾਵਲ ਕਾਂਡ 'ਗ਼ੈਰ ਹਾਜਰ' ਹਰਵਿੰਦਰ ਭੰਡਾਲ ਨੇ ਬੜਾ ਵੱਡਾ ਹੰਭਲਾ ਮਾਰਿਆ ਹੈ। ਕਾਂਡ ਦਿਲਚਸਪ ਹੈ। ਥੋੜ੍ਹਾ ਥੋੜ੍ਹਾ ਕਾਵਿ ਮਈ ਲਹਿਜਾ ਹੈ। ਕਿਰਪਾਲ ਕਜ਼ਾਕ ਦੀ ਕਹਾਣੀ 'ਜਿੱਥੋਂ ਸੂਰਜ ਉੱਗਦਾ ਹੈ' ਕਹਾਣੀ ਤਾਂ ਵਧੀਆ ਹੈ ਹੀ ਸੀ। ਪਰ ਵਧੀਆਂ ਉਸ ਦਾ ਕਹਾਣੀ ਸੰਦਰਭ ਲੱਗਾ। 'ਮਾਂ ਅਤੇ ਮੈਂ' ਸੂਰਜ ਪਾਲ ਚੋਹਾਨ ਦੀ ਸਵੈ-ਜੀਵਨੀ ਰੌਂਗਟੇ ਖੜੇ ਕਰ ਗਈ। ਏਨਾ ਸੱਚ ਲਿਖਣਾ ਬੜੀ ਹਿੰਮਤ ਦੇ ਜ਼ੁਰਤ ਦੀ ਗੱਲ ਹੈ। ਤੁਸੀਂ ਇਹ ਛਾਪਕੇ ਪੰਜਾਬੀ ਪਾਠਕਾਂ ਲਈ ਪਰਉਪਕਾਰ ਕੀਤਾ ਹੈ। ਰਜਨੀਸ ਬਹਾਦਰ ਸਿੰਘ, ਜਸਲੀਨ ਕੌਰ, ਅਕਵਿੰਦਰ ਕੌਰ ਬਹਾਲ ਹੁਰਾਂ ਦੇ ਲੇਖ ਵਿਦਵਤਾ ਭਰਪੂਰ ਹਨ। ਅੰਤ ਵਿਚ ਡਾ. ਸੇਵਾ ਸਿੰਘ ਦਾ ਲੈਕਚਰ'ਬੱਲੇ ਬੱਲੇ ਏਨੀ ਡੂੰਘੀ ਖੋਜ, ਦਿਮਾਗ਼ 'ਚ ਪਏ ਪੁਰਾਣੇ ਭੁਲੇਖੇ ਦੂਰ ਕਰਕੇ ਵਗਾਹ ਮਾਰਦੈ।

-ਕਰਮਜੀਤ ਸਿੰਘ ਨਡਾਲਾ, ਵਾਲੀਆ ਹਸਪਤਾਲ ਅੱਡਾ ਨਡਾਲਾ, ਕਪੂਰਥਲਾ

ਜਸਬੀਰ ਭੁੱਲਰ ਦੇ ਸ਼ਬਦ ਚਿੱਤਰ ਵਿੱਚ ਕਿਤੇ ਕਿਤੇ ਦੋਸਤੀ ਦਾ ਲਿਹਾਜ ਵੀ ਝਲਕਦਾ ਹੈ

'ਕਹਾਣੀ ਧਾਰਾ' ਅੰਕ-2 ਪੜ੍ਹ ਲਿਆ ਹੈ। ਜਸਬੀਰ ਭੁੱਲਰ ਦੇ ਸ਼ਬਦ ਚਿੱਤਰ ਰਾਹੀਂ ਭੁੱਲਰ ਸਾਹਿਬ ਦੇ ਜੀਵਨ ਦੇ ਹਨੇਰਿਆਂ ਕੋਨਿਆ ਤੇ ਝਾਤ ਪਾਈ ਹੈ ਪਰ ਇਸ ਸ਼ਬਦ ਚਿੱਤਰ ਵਿੱਚ ਕਿਤੇ ਕਿਤੇ ਦੋਸਤੀ ਦਾ ਲਿਹਾਜ ਵੀ ਝਲਕਦਾ ਹੈ। ਪਰਚੇ ਵਿਚ ਸ਼ਾਮਿਲ ਜਿੰਦਰ, ਸਾਹਿਲ, ਰੀਹਲ, ਪੋਹੋਲਪੁਰੀ ਤੇ ਕਿਰਪਾਲ ਕਜ਼ਾਕ ਦੀਆਂ ਕਹਾਣੀਆਂ ਨਵੀਂ ਪੰਜਾਬੀ ਕਹਾਣੀ ਦੀਆਂ ਵੱਖ ਵੱਖ ਪ੍ਰਵਿਰਤੀਆਂ ਨੂੰ ਰੂਪਮਾਨ ਕਰਨ ਵਿਚ ਸਫਲ ਰਹੀਆਂ ਹਨ।

-ਨਿਰੰਜਣ ਬੋਹਾ, ਬੋਹਾ, ਮਾਨਸਾ

ਪ੍ਰੀਤਮ ਪਿਆਰੇ ਦੀ ਜ਼ਿੰਦਗੀ ਦੀਆਂ ਤਲਖ਼ ਝਾਕੀਆਂ ਨੂੰ ਬੜੀ ਸੂਖ਼ਮਤਾ ਨਾਲ ਚਿਤਰਿਆ

'ਕਹਾਣੀ ਧਾਰਾ' ਦੇ ਦੂਜੇ ਅੰਕ ਦੀ ਟਾਇਟਲ ਫੋਟੋ ਬੜੀ ਕਲਾਸਿਕ ਕਿਰਤ ਹੈ। ਪੰਜਾਬੀ ਜਨ ਜੀਵਨ ਦੀ ਗਹਿ ਗੱਚ ਝਾਕੀ ਪੇਸ਼ ਕਰਦੀ ਇਸ ਤਸਵੀਰ ਦਾ ਕੋਈ ਜੋੜ ਨਹੀਂ। ਸੰਪਾਦਕੀ ਵਿਚ ਤੁਸੀਂ ਅਨੁਵਾਦ ਸੰਬੰਧੀ ਚੰਗੀ ਗੱਲ ਛੋਹੀ ਹੈ। ਪ੍ਰੇਮ ਪ੍ਰਕਾਸ਼ ਨੇ ਪ੍ਰੀਤਮ ਪਿਆਰੇ ਦੀ ਜ਼ਿੰਦਗੀ ਦੀਆਂ ਤਲਖ਼ ਝਾਕੀਆਂ ਨੂੰ ਬੜੀ ਬੇਬਾਕੀ ਤੇ ਸੂਖ਼ਮਤਾ ਨਾਲ ਚਿਤਰਿਆ ਹੈ। ਪ੍ਰੀਤਮ ਵਾਕਿਆ ਹੀ ਘੈਂਟ



ਬੰਦਾ ਹੈ। ਜਿੰਦਰ ਦੀ ਕਹਾਣੀ 'ਰਫ਼ਤਾਰ' , ਸਾਹਿਲ ਦੀ 'ਉਹ ਕੌਣ ਸੀ?', ਬਲਬੀਰ ਰੀਹਲ ਦੀ 'ਹੂਕ', ਤੇ ਬਲਦੇਵ ਪੋਹਲੋਪੁਰੀ ਦੀ 'ਛੱਪੜ ਦੀ ਕੂੰਜ' ਚੰਗੀਆਂ ਕਹਾਣੀਆਂ ਹਨ। ਮੈਂ ਹੁਣ ਤੱਕ ਹਰਵਿੰਦਰ ਭੰਡਾਲ ਨੂੰ ਕਵੀ ਤੇ ਆਲੋਚਕ ਹੀ ਸਮਝਦਾ ਸੀ। ਐਪਰ 'ਗ਼ੈਰ ਹਾਜ਼ਰ' ਨਾਵਲ ਕਾਂਡ ਪੜ੍ਹਕੇ ਹੈਰਾਨੀਜਨਕ ਖ਼ੁਸ਼ੀ ਹੋਈ ਕਿ ਭੰਡਾਲ ਵਿਚ ਨਾਵਲੀ ਸਮਰੱਥਾ ਵੀ ਕਮਾਲ ਹੀ ਹੈ। ਇਸ ਵਾਰੀ ਕਿਰਪਾਲ ਕਜ਼ਾਕ ਦੀ ਕਹਾਣੀ 'ਜਿੱਥੋਂ ਸੂਰਜ ਉੱਗਦਾ ਹੈ ਅਤੇ ਉਹਦੀ ਸਿਰਜਣ ਪ੍ਰਕਿਰਿਆ ਦਾ ਸੰਦਰਭ ਪੜ੍ਹਕੇ ਇਕ ਵਾਰੀ ਫਿਰ ਕਜ਼ਾਕ ਉੱਪਰ ਫ਼ਖਰ ਹੋਇਆ। ਡਾ. ਜਸਵਿੰਦਰ ਕੌਰ ਬਿੰਦਰਾ ਨੇ ਇਸ ਕਹਾਣੀ ਦਾ ਵਿਸ਼ਲੇਸ਼ਣ ਕਰ ਆਪਣੀ ਸੂਖ਼ਮ ਆਲੋਚਨਾ ਦ੍ਰਿਸ਼ਟੀ ਦਾ ਪ੍ਰਮਾਣ ਦਿੱਤਾ ਹੈ। ਕਹਾਣੀ ਬਾਰੇ ਜਸਲੀਨ ਕੌਰ ਦਾ ਲੇਖ ਵਿਸ਼ੇਸ਼ ਤੌਰ ਤੇ ਚੰਗਾ ਲੱਗਾ। ਉਹਦੀ ਦ੍ਰਿਸ਼ਟੀ ਔਰ ਲਿਖਣ ਸ਼ੈਲੀ ਵਿਚ ਬੜੀ ਜਾਨ ਹੈ। ਪਰਚੇ ਦੇ ਅਖੀਰ ਵਿਚ ਜਨ ਬੋਧ ਵਾਲੇ ਭਾਗ ਵਿਚ ਡਾ. ਸੇਵਾ ਸਿੰਘ ਦਾ ਨਾਰੀ ਮੁਕਤੀ ਬਾਰੇ ਲਿਖਿਆ ਆਰਟੀਕਲ ਸੱਚ ਮੁੱਚ ਹੀ ਬੜਾ ਡੂੰਘਾ ਉਤਰਕੇ ਨਾਰੀ ਮੁਕਤੀ ਨਾਲ ਜੁੜੇ ਇਤਿਹਾਸਕ ਮਿਥਿਹਾਸਕ ਪ੍ਰਸੰਗਾਂ ਦੀਆਂ ਤੈਹਾਂ ਖੋਲ ਕੇ ਇਕ ਵੱਖਰੀ ਤਰ੍ਹਾਂ ਦਾ ਤਰਕ ਪ੍ਰਸਤੁਤ ਕਰਦਾ ਹੈ।

-ਜਸਵੀਰ ਸਿੰਘ ਰਾਣਾ, ਅਮਰਗੜ੍ਹ, ਸੰਗਰੂਰ

ਦਲਿਤਵਾਦ ਦਾ ਡੇਰਾ ਪੰਜਾਬ ਵਿਚ ਨਹੀਂ ਚੱਲਣਾ

ਕਹਾਣੀ ਧਾਰਾ ਦਾ ਅੰਕ ਦੋ ਨੰਬਰ ਪੜ੍ਹਿਆ ਹੈ। ਕ੍ਰਿਪਾ ਕਰਕੇ ਉਹ ਕਹਾਣੀਆਂ ਹੀ ਛਾਪਿਆ ਕਰੋ ਜੋ ਆਮ ਪਾਠਕ ਦੀ ਸਮਝ ਵਿਚ ਆਉਣ ਤੁਸੀਂ ਦੋਵੇ ਸੰਪਾਦਕ ਪ੍ਰੇਮ ਪ੍ਰਕਾਸ਼ ਦੇ ਚੇਲੇ ਹੋ। ਤੇ ਉਸ ਦਾ ਊਟ ਪਟਾਗ ਸ਼ਬਦ ਚਿੱਤਰ ਛਾਪ ਦਿੱਤਾ ਹੈ। ਸੈਕਸ ਬਾਰੇ ਲਿਖਣਾ ਮਾੜਾ ਨਹੀਂ ਪਰ ਲਿਖਣਾ ਹੈ ਤਾਂ ਵੀਨਾ ਵਰਮਾ, ਬਲਬੀਰ ਪਰਵਾਨਾ, ਖ਼ੁਸ਼ਵੰਤ ਸਿੰਘ ਵਾਂਗ ਆਮ ਪਾਠਕ ਦੀ ਸਮਝ ਵਿਚ ਆਉਣ ਵਾਲਾ ਲਿਖੋ, 6 ਸਾਲ ਪਹਿਲਾ ਹਿੰਦੀ ਦੇ 'ਕਥਾ ਦੇਸ਼' ਵਿਚ ਰਸੂਲਪੁਰੀ ਦੀ 'ਤੀਜਾ ਨੇਤਰ' ਕਹਾਣੀ ਪੜ੍ਹੀ ਸੀ ਬਕਵਾਸ ਕੋਈ ਸਿਰ ਪੈਰ ਨਹੀਂ, ਜੋ 0% ਪਰਸੈਂਟ ਪਾਠਕ ਪੰਜਾਬੀ ਵਿਚ ਹੈ ਉਸ ਨੂੰ ਤਾਂ ਇਹੋ ਜਿਹੀਆਂ ਕਹਾਣੀਆਂ ਨਾ ਛਾਪ ਕੇ ਪਠਕਾਂ ਤੋਂ ਦੂਰ ਕਰੋ।

ਤਾਜਾ ਅੰਕ ਵਿਚ ਹੂਕ (ਬਲਬੀਰ ਕੌਰ ਰੀਹਲ), ਜਿਥੋਂ ਸੂਰਜ ਉੱਗਦਾ ਹੈ' ਸੰਤਪਤ ਸੂਰਜਪਾਲ ਚੌਹਾਨ ਦੀਆਂ ਚੰਗੀਆਂ ਕਹਾਣੀਆਂ ਹਨ। ਇਹੋ ਜਿਹੀ ਆਮ ਪਾਠਕਾਂ ਦੀ ਸਮਝ ਵਿਚ ਆਉਣ ਵਾਲੀਆਂ ਕਹਾਣੀਆਂ ਛਾਪੋ। ਨਾਲੇ ਪਰਚੇ ਬੁੱਕ ਸਟਾਲ 'ਤੇ ਭੇਜਣ ਦੀ ਕੀ ਲੋੜ ਹੈ ਆਪਸ ਵਿਚ ਲੇਖਕ ਹੀ ਵੰਡ ਲਿਆ ਕਰੋ 50-100 ਕਾਪੀਆਂ ਛਾਪ ਕੇ ਕਿਉਂਕਿ ਜਿਆਦਾਤਰ ਤੁਹਾਡੇ ਪਰਚੇ ਵਿਚ ਲੇਖਕਾਂ ਨੇ ਹੀ ਇਕ ਦੂਜੇ ਦੀ ਪ੍ਰਸ਼ੰਸ਼ਾ ਕੀਤੀ ਹੈ। ਸੋ ਕ੍ਰਿਪਾ ਕਰਕੇ ਜੋ ਜਨੂੰਨੀ ਪਾਠਕ ਮੇਰੇ ਵਰਗੇ ਹਨ ਜਿਹੜੇ 8-10 ਸਾਲ ਦੀ ਉਮਰ ਤੋਂ ਲੈ ਕੇ 42 ਸਾਲ ਦੀ ਉਮਰ ਤੱਕ ਸਾਹਿਤ ਪੜ੍ਹਦੇ ਆ ਰਹੇ ਹਨ ਉਨ੍ਹਾਂ ਵਾਸਤੇ ਆਮ ਪਾਠਕ ਦੀ ਸਮਝ ਵਿਚ ਆਉਣ ਵਾਲੀਆਂ ਵੀਨਾ ਵਰਮਾ, ਰਾਮ ਸਰੂਪ ਅਣਖੀ, ਐੱਸ ਸਾਕੀ, ਦੀਆਂ ਕਹਾਣੀਆਂ ਹੀ ਛਾਪੋ। ਵਰਨਾ ਅਗੇ ਤੋਂ ਪਰਚਾ ਪੜਨਾ ਬੰਦ। ਇਹ ਜੋ ਤੁਸੀਂ ਦਲਿਤ ਵਾਦ ਦਾ ਝੰਡਾ ਚੁੱਕੀ ਫਿਰਦੇ ਹੋ ਇਹਨੂੰ ਕ੍ਰਿਪਾ ਕਰਕੇ ਯੂ ਪੀ ਬਿਹਾਰ, ਮਹਾਂਰਾਸ਼ਟਰ ਵੱਲ ਲੈ ਜਾਓ। ਦਲਿਤਵਾਦ ਦਾ ਡੇਰਾ ਪੰਜਾਬ ਵਿਚ ਨਹੀਂ ਚੱਲਣਾ। ਭਲਾ ਪਰਗਟ ਸਿੰਘ ਸਿੱਧੂ ਨੇ ਜਸਬੀਰ ਭੁੱਲਰ ਦੀਆਂ ਕੀ ਘੋੜੀਆਂ ਲਿੱਖੀਆਂ ਹਨ। ਪਰਗਟ ਨੂੰ ਉਹਦੇ ਤੱਕ ਕੋਈ ਕੰਮ ਹੋਵੇਗਾ ਜਾਂ ਉਹਨੇ ਸਿੱਧੂ ਨੂੰ ਪੈਸੇ ਦਿੱਤੇ ਹਨ ਬਈ ਤੂੰ ਮੇਰੀ ਤਰੀਫ਼ ਦੇ ਪੁੱਲ ਬੰਨ ਦੇਵੀਂ। ਤੁਸੀਂ ਐਵੇਂ ਦਲਿਤ ਕਹਾਣੀ ਦਲਿਤ ਕਹਾਣੀ ਦਾ ਰਾਗ ਅਲਾਪੀ ਜਾ ਰਹੇ ਹੋ। ਪੰਜਾਬੀ ਵਿਚ ਪ੍ਰਤੀਨਿੱਧ ਕਹਾਣੀ ਕਿਸਾਨੀ ਕਹਾਣੀ ਹੈ। ਬਾਕੀ ਸਾਰਾ ਕੂੜਾ ਕਰਕਟ ਹੈ।

- ਇਕ ਨਾਖ਼ੁਸ਼ ਪਾਠਕ

(ਇਸ ਦੁੱਖੀ ਪਾਠਕ ਨੇ ਆਪਣਾ ਨਾਂ ਨਹੀਂ ਲਿਖਿਆ ਅਤੇ ਨਾਂ ਹੀ ਸਿਰਨਾਵਾਂ ਦਿੱਤਾ। ਇਸ ਦਾ ਲਿਖਿਆ ਹੋਇਆ ਇਕ ਖ਼ਤ 'ਲਕੀਰ' ਦੇ ਦਫਤਰ ਵੀ ਆਇਆ ਹੈ। ਇਸ ਪਾਠਕ ਨੂੰ ਸਾਡੀ ਬੇਨਤੀ ਹੈ ਕਿ ਉਹ ਸਾਨੂੰ ਆਪਣਾ ਪਤਾ ਤੇ ਫੋਨ ਨੰਬਰ ਲਿੱਖ ਭੇਜੇ ਅਸੀਂ ਉਹਦੇ ਦਿਮਾਗ਼ੀ ਇਲਾਜ਼ ਲਈ ਆਪਣੀ ਸਾਹਿਤਕ, ਦਰਸ਼ਨਿਕ ਸੇਵਾਵਾ ਦੇਵਾਗੇ- ਸੰਪਾਦਕ)

# ਸਮਕਾਲੀ ਪੰਜਾਬੀ ਕਹਾਣੀ ਬਦਲਦੇ ਸਰੋਕਾਰ

ਅਸੀਂ ਪੰਜਾਬੀ ਦੇ ਕਹਾਣੀਕਾਰਾਂ ਨੂੰ ਸਮਕਾਲੀ ਪੰਜਾਬੀ ਕਹਾਣੀ ਬਾਰੇ ਵਿਚਾਰ ਚਰਚਾ ਤੋਰਨ ਲਈ ਕੁਝ ਸਵਾਲ ਭੇਜੇ ਸਨ। ਸਾਨੂੰ ਪੰਜਾਬੀ ਦੇ ਕਹਾਣੀਕਾਰਾਂ ਨੇ ਉਨ੍ਹਾਂ ਸਵਾਲਾ ਦੇ ਉੱਤਰ ਲਿਖ ਕੇ ਭੇਜੇ ਹਨ। ਜਿਨ੍ਹਾਂ ਵਿਚੋਂ ਅਸੀਂ ਇਸ ਅੰਕ ਵਿਚ ਥਾਂ ਦੀ ਘਾਟ ਕਰਕੇ 10 ਕਹਾਣੀਕਾਰਾਂ ਦੇ ਉਤਰ ਪ੍ਰਕਾਸ਼ਤ ਕਰ ਰਹੇ ਹਾਂ ਬਾਕੀਆਂ ਦੇ ਉਤਰ ਅਸੀਂ ਅਗਲੇ ਅੰਕ ਵਿਚ ਪ੍ਰਕਾਸ਼ਤ ਕਰਾਗੇ। - ਸੰਪਾਦਕ

1. ਸਮਕਾਲੀ ਲਿਖੀ ਜਾ ਰਹੀ ਪੰਜਾਬੀ ਕਹਾਣੀ ਤੋਂ ਪਹਿਲੀ ਕਹਾਣੀ ਕਿਵੇਂ ਅਤੇ ਕਿੰਨੀ ਕੁ ਭਿੰਨ ਹੈ?
2. ਅੱਜ ਕੀ ਕਹਾਣੀ 'ਚ ਕੋਈ ਨਵੀਂ ਗੱਲ ਵੀ ਤੁਹਾਨੂੰ ਲੱਭਦੀ ਹੈ ਜਾਂ ਕਿ ਨਵੇਂ ਕਹਾਣੀਕਾਰ ਪੁਰਾਣੀ ਗੱਲ ਨੂੰ ਹੀ ਵਾਰ-ਵਾਰ ਲਿਖੀ ਜਾ ਰਹੇ ਹਨ?
3. 9ਵੇਂ-10ਵੇਂ ਦਹਾਕੇ ਦੀ ਕਹਾਣੀ (1980-2000ਤੱਕ) ਯਥਾਰਥ, ਕਥਾ ਸ਼ਿਲਪ, ਭਾਸ਼ਾ, ਵਿਸ਼ੇ ਦੀ ਪੱਧਰ 'ਤੇ ਪਹਿਲੀ ਕਹਾਣੀ ਤੋਂ ਕਿਵੇਂ ਭਿੰਨ ਹੈ?
4. 80 ਵਿਆਂ ਤੋਂ ਪਹਿਲੀ ਲਿਖੀ ਹੋਈ ਬਹੁਤੀ ਕਹਾਣੀ ਕਿਸੇ ਕਾਰਨ ਲਹਿਰਾਂ, ਦ੍ਰਿਸ਼ਟੀਆਂ ਜਾਂ ਦ੍ਰਿਸ਼ਟੀਕੋਣ ਤੋਂ ਲਿਖੀ ਕਹਾਣੀ ਹੋਣ ਕਾਰਨ ਬਹੁਤ ਨਿੱਗਰ ਕਹਾਣੀ ਹੈ, 80 ਵਿਆਂ ਤੋਂ ਬਾਅਦ ਦੀ ਕਹਾਣੀ ਵਿਚ ਉਹੋ ਜਿਹੀ ਨਿੱਗਰਤਾ ਕਿਉਂ ਨਹੀਂ?
5. ਤੁਸੀਂ ਇਹਦਾ ਕੀ ਕਾਰਨ ਲੱਭਦੇ ਹੋ ਕਿ ਦੇਸ਼ ਵੰਡ ਤੇ ਪੰਜਾਬ ਸੰਕਟ ਵਰਗੇ ਰਾਜਸੀ ਮੁੱਦਿਆਂ ਤੇ ਅਨੇਕਾਂ ਕਹਾਣੀਆਂ ਲਿਖੀਆਂ ਗਈਆਂ, ਪ੍ਰੰਤੂ ਚੇਤੇ 2-4 ਹੀ ਹਨ। ਇਹਦੇ ਕੀ ਕਾਰਨ ਹਨ?
6. ਸਮਕਾਲੀ ਕਹਾਣੀ ਵਿਚ ਇਕੋ ਸਮੇਂ ਤਿੰਨ ਪੀੜ੍ਹੀਆਂ ਕਹਾਣੀਆਂ ਲਿਖ ਰਹੀਆਂ ਹਨ ਇਹ ਤਿੰਨ ਪੀੜ੍ਹੀਆਂ ਆਪਣੀ ਸੋਚ ਤੇ ਵਿਚਾਰਧਾਰਾ ਦੇ ਅਧਾਰ 'ਤੇ ਸਮਕਾਲੀ ਯਥਾਰਥ ਨੂੰ ਪੇਸ਼ ਕਰ ਰਹੀਆਂ ਹਨ? ਇਨ੍ਹਾਂ ਤਿੰਨੋਂ ਪੀੜ੍ਹੀਆਂ ਵਿਚ ਪੇਸ਼ਕਾਰੀ ਪੱਖੋਂ ਤੁਸੀਂ ਕਿੰਨਾ ਕੁ ਅਤੇ ਕਿਹੜਾ ਅੰਤਰ ਮਹਿਸੂਸ ਕਰਦੇ ਹੋ?
7. ਤੁਹਾਡਾ ਕਹਾਣੀ ਲਿਖਣ ਦਾ ਮੂਲ ਮਕਸਦ ਕਿਹੜਾ ਹੈ?
8. ਤੁਸੀਂ ਪੰਜਾਬੀ ਕਹਾਣੀ 'ਚ ਕਿਹੜੀ ਨਵੀਂ ਤੇ ਵੱਖਰੀ ਗੱਲ ਲੈ ਕੇ ਆਏ ਹੋ?
9. ਔਰਤ-ਮਰਦ ਦੇ ਸੰਬੰਧਾਂ ਨੂੰ ਲੈ ਕੇ ਕਹਾਣੀ ਲਿਖਣ ਦਾ ਫੈਸ਼ਨ ਹੈ ਜਾਂ ਸਮੇਂ ਦੀ ਲੋੜ ਹੈ?
10. ਪਿੰਡ ਦੀ ਕਹਾਣੀ ਹਮੇਸ਼ਾਂ ਕਿਉਂ ਚਰਚਾ 'ਚ ਰਹਿੰਦੀ ਹੈ, ਸ਼ਹਿਰੀ ਕਹਾਣੀ ਦੇ ਮੁਕਾਬਲੇ?
11. ਤੁਸੀਂ ਮਹਿਸੂਸ ਕਰਦੇ ਹੋ ਕਿ ਪੰਜਾਬੀ ਕਹਾਣੀ ਵਿਚ ਖੜੋਤ ਆ ਗਈ ਹੈ?
12. ਤੁਹਾਡੇ ਸਮਕਾਲੀਆਂ ਨੇ ਵਿਸ਼ੇ, ਤਕਨੀਕ, ਪੇਸ਼ਕਾਰੀ ਵਿਚ ਪੰਜਾਬੀ ਕਹਾਣੀ 'ਚ ਨਵੀਂ ਗੱਲ ਕੀਤੀ ਹੈ ਤਾਂ ਲਿਖੋ?
13. 'ਕਹਾਣੀ ਆਲੋਚਨਾ ਵਿਚ ਖੜੋਤ ਆ ਗਈ ਲੱਗਦੀ ਹੈ, ਕਹਾਣੀ ਆਲੋਚਨਾ 'ਚ ਗਹਿਰ ਗੰਭੀਰ ਗੱਲ ਨਹੀਂ ਹੋ ਰਹੀ ਬਸ ਪੇਤਲੀਆਂ ਪੇਤਲੀਆਂ ਗੱਲਾਂ ਹੀ ਹੋ ਰਹੀਆਂ ਹਨ।' ਤੁਸੀਂ ਇਹਦੇ ਬਾਰੇ ਕੀ ਸੋਚਦੇ ਹੋ?
14. ਅਜਿਹਾ ਕਿਓ ਹੁੰਦਾ ਹੈ ਕਿ ਜਦੋਂ ਕੋਈ ਨਵਾਂ ਕਹਾਣੀਕਾਰ ਸਰੀਰਕ ਸੰਬੰਧਾਂ ਦੀ ਗੱਲ ਕਰਦਾ ਹੈ ਤਾਂ ਇਹ ਗੱਲ ਕਹਿ ਕੇ ਕਿ ਇਹ ਤਾਂ ਪ੍ਰੇਮ ਪ੍ਰਕਾਸ਼ੀ ਸਟਾਇਲ ਹੈ , ਰੱਦ ਕਰ ਦਿੱਤਾ ਜਾਂਦਾ ਹੈ।
15. ਤੁਸੀਂ ਕੋਈ ਪੰਜ ਕਹਾਣੀਆਂ-ਕਹਾਣੀਕਾਰਾਂ ਦਾ ਜਿਕਰ ਕਰੋ ਜੋ ਤੁਹਾਨੂੰ ਚੰਗੀਆਂ ਲੱਗੀਆ।
16. ਹਮੇਸ਼ਾਂ ਕਿਸਾਨੀ ਕਹਾਣੀ ਹੀ ਕਿਉ ਮੁੱਖ ਧਾਰਾ ਵਿਚ ਰਹੀ ਹੈ। ਕਿਸਾਨੀ ਕਹਾਣੀ ਲਿਖਣ ਵਾਲੇ ਨੂੰ ਹੀ ਕਿਓ ਵੱਧ ਮਾਨਤਾ ਮਿਲਦੀ ਹੈ।
17. ਤੁਸੀਂ ਪੰਜਾਬੀ ਕਹਾਣੀ ਆਲੋਚਨਾ ਤੋਂ ਕਿੰਨਾਂ ਕੁ ਸੰਤੁਸ਼ਤ ਹੋ? ਪੰਜਾਬੀ ਆਲੋਚਕਾ ਤੇ ਟਿੱਪਣੀ ਕਰਦਿਆਂ ਆਲੋਚਨਾ ਦੀ ਸਥਿਤੀ ਬਿਆਨ ਕਰੋ।
18. ਤੁਹਾਨੂੰ ਪੰਜਾਬੀ ਆਲੋਚਨਾ ਨੇ ਕਿੰਨਾ ਕੁ ਨਜ਼ਰ ਅੰਦਾਜ ਕੀਤਾ ਹੈ।
19. ਪ੍ਰਕਾਸ਼ਕਾਂ ਦੇ ਆਪਣੇ ਵੱਲ ਖਿੱਚਣ ਦੇ ਮੁਕਾਬਲੇ 'ਚ ਤੁਹਾਨੂੰ ਕਿੰਨਾ ਕੁ ਲਾਭ ਹੋਇਆ ਹੈ।



20. ਦੂਜੀਆਂ ਭਾਸ਼ਾਵਾਂ ਵਿਚ ਪੰਜਾਬੀ ਕਹਾਣੀ ਨੂੰ ਕਿੰਨੀ ਕੁ ਮਾਨਤਾ ਮਿਲੀ ਹੈ।

## ਲਾਲ ਸਿੰਘ

ਕਹਾਣੀ ਸੰਬੰਧੀ ਆਪਾਂ ਸਿਆਣੇ ਬੰਦਿਆਂ ਦੀ ਕਹਾਣੀ ਬਾਰੇ ਦਿੱਤੀ ਗਈ ਰਾਏ 'ਤੇ ਫੁੱਲ ਚੜ੍ਹਾਈਏ। ਇਹ ਮੰਨ ਲੈਣ 'ਚ ਹੀ ਭਲਾ ਹੈ ਕਿ ਕਹਾਣੀ ਨੇ ਆਦਰਸ਼ਵਾਦ ਸੁਧਾਰਵਾਦ, ਰੁਮਾਂਸਵਾਦ, ਪ੍ਰਗਤੀਵਾਦ, ਫਰਾਇਡਵਾਦ, ਪ੍ਰਕ੍ਰਿਤੀਵਾਦ, ਅਸਤਿਤਵਾਦ, ਪੜਯਥਾਰਥਵਾਦ ਵਰਗੇ ਕਈ ਸਾਰੇ ਵਾਦਾਂ ਵਿਚੋਂ ਕੁਝ ਇਕ ਨੂੰ ਉਲੰਘ ਕੇ, ਕੁਝ ਇਕ ਦਾ ਸਫ਼ਰ ਤੈਅ ਕਰਦਿਆ ਅਜੋਕੇ ਵਿਸ਼ਲੇਸ਼ਣੀ, ਯਥਾਰਥੀ, ਅੰਤਰਧਾਰਾਈ, ਮੋਨੋਲੈਗਿਕ, ਡਾਇਲੈਗਿਕ ਆਦਿ ਵਿਸ਼ਲੇਸ਼ਣਾਂ ਨੂੰ ਪ੍ਰਵਾਨ ਕਰ ਲਿਆ ਹੈ। ਵਿਧੀ ਵਿਧਾਨ ਪੱਖੋਂ ਵੀ ਤੇ ਵਿਸ਼ੇ-ਵਿਚਾਰ ਪੱਖੋਂ ਵੀ। ਅੱਜ ਦੀ ਕਹਾਣੀ ਦੀ ਪਛਾਣ 'ਸਹਿਜ-ਬੋਲ, ਸਹਿਜ ਚਾਲ ਤੇ ਸਹਿਜ ਅੰਦਾਜ਼' ਵਜੋਂ ਹੋ ਰਹੀ ਹੈ। ਪਰ ਇਸ ਸਹਿਜਤਾ ਵਿਚ ਜੀਵਨ ਦੀ ਜਟਿਲਤਾ ਦੀ ਪਛਾਣ ਵੀ ਲੁਪਤ ਹੈ।

ਪਰ ਜੇ ਜ਼ਰਾ ਮੋਟੀ ਚਾਲ ਦਾ ਕੁਤਰਾ ਕਰਨਾ ਹੋਵੇ ਤਾਂ ਇਉਂ ਵੀ ਕਿਹਾ ਜਾ ਸਕਦਾ ਕਿ ਅਲੈਗਜ਼ੈਂਡਰ ਐਲਨ ਪੋ ਦੀ ਲਿਖੀ ਕਹਾਣੀ ਵਿਚ ਵੀ ਕਹਾਣੀ ਹੁੰਦੀ ਸੀ, ਪਲਾਟ ਹੁੰਦਾ ਸੀ, ਮਾਡਲ ਹੁੰਦੇ ਸਨ, ਆਦਿ-ਮੱਧ-ਅੰਤ-ਸਿਖ਼ਰ ਹੁੰਦਾ ਸੀ ਤੇ ਹੁਣ ਹੁਣ ਕਿਹੜੀ ਐਸੀ ਕਹਾਣੀ ਐ ਜਿਸ ਵਿਚ ਇਹ ਸਾਰੇ ਤੱਤ ਮੌਜੂਦ ਨਹੀਂ। ਫ਼ਿਰ ਖ਼ਾਸ-ਉਲ-ਖ਼ਾਸ ਕਿਹੜਾ ਤੱਤ ਹੈ ਜਿਹਦੇ ਕਾਰਨ ਵਿਚਾਰੀ ਕਹਾਣੀ ਦਾ ਐਵੇਂ ਹੀ ਚੀਰ ਹਰਨ ਕਰੀ ਜਾਈਏ!

ਨਵੀਂ ਗੱਲ! ਕੇੜ੍ਹੀ ਨਵੀਂ ਗੱਲ ਜੀ? ਗੱਲ ਆਈ ਗਈ ਤਾਂ ਹੁੰਦੀ ਸੁਣੀ ਐ, ਨਵੀਂ ਪੁਰਾਣੀ ਹੋ ਗਈ ਬਾਰੇ ਕਦੀ ਧਿਆਨ ਨਹੀਂ ਦਿੱਤਾ। ਚਲੋਂ ਇਹ ਗੱਲ ਤਾਂ ਮੰਨੀ ਜਾ ਸਕਦੀ ਐ ਕਿ ਜੇ ਕਿਸੇ ਗੱਲ ਦੇ ਕਹਿਣ-ਸੁਨਣ ਦਾ ਸਮਾਂ ਪੁਰਾਣਾ ਹੋਵੇ ਤਾਂ ਉਹ ਗੱਲ ਹੋਈ ਪੁਰਾਣੀ, ਜੇ ਸਮਾਂ ਹੋਵੇ ਹੁਣ ਦਾ, ਗੱਲ ਹੋ ਗਈ ਨਵੀਂ! ਮਿਸਾਲ ਵਜੋਂ ਇਕ ਕਹਾਣੀ ਵਿਚ ਜੇ ਐਉਂ ਲਿਖਿਆ ਹੋਵੇ ਕਿ 'ਬਹੁਤੇ ਪੁਰਾਣੇ ਸਮੇਂ ਦੀ ਗੱਲ ਐ, ਇਕ ਜੂ ਸੀ ਤਾਂ ਰਾਜਾ ਸੀ। ਉਹਦੀਆਂ ਸੱਤ ਰਾਣੀਆਂ... ਤੇ ਸਾਥ੍ਹ ਜੀ ਰਾਜੇ ਤਾਂ ਹੁਣ ਵੀ ਹੈਗੇ ਆ, ਰਾਣੀਆਂ ਦੀ ਗਿਣਤੀ ਸੱਤ, ਸਤਾਰਾਂ ਸੱਤਰ ਜਾਂ ਇਕ ਸੋ ਸਤਾਰਾਂ ਵੀ ਹੋ ਸਕਦੀ ਐ, ਚਲੋ ਜੇ ਰਾਜੇ ਰਾਣੀਆਂ ਦੀ ਬਾਤ ਪਾਉਦੀ ਕਹਾਣੀ ਨੂੰ ਨਵੀਂ ਪੁਰਾਣੀ ਦੇ ਖਾਨੇ 'ਚ ਫਿੱਟ ਕਰਨਾ ਹੋਵੇ ਤਾਂ ਪੁਰਾਣੀ ਕਹਾਣੀ ਇਕ ਰਾਜੇ ਦੀ ਬਾਤ ਪਾਉਂਦੀ ਸੀ, ਅੱਜ ਦੀ ਕਹਾਣੀ ਪੰਜਾਬੀ ਕਹਾਣੀ ਇਕ ਸੋ ਸਤਾਰਾਂ ਤੋਂ ਲੈ ਕੇ ਪੰਜ ਸੌ ਚਾਲੀ ਰਾਜਿਆਂ ਮਹਾਂਰਾਜਿਆਂ ਦੀ ਬਾਤ ਪਾਉਂਦੀ ਐ, ਉਹਨਾਂ ਦੇ ਕਿਰਦਾਰਾਂ ਦੇ ਸਾਰੇ ਸਾਰੇ ਪੱਖਾਂ ਨੂੰ ਚਿੱਟ ਚਾਨਣ ਵਾਂਗ ਨੰਗਾ ਕਰਦੀ ਐ, ਜਿਹੜੀ ਕਹਾਣੀ ਨਵਾਂ ਹੋਣ ਦਾ ਦੰਮ ਭਰਦੀ ਪੁਰਾਣੀ ਗੱਲਾਂ ਨੂੰ ਨਵੇਂ ਜਾਵੀਏ ਤੋਂ ਨਹੀਂ ਨਾ ਦੇਖਦੀ, ਉਹ ਵੀ ਠਾਂਹ ਡਿਗਦੀ ਐ ਚਿੱਤੜਾ ਭਾਰ।

ਸੱਜਣ ਜੀ, ਪੜ੍ਹਦੇ ਸੁਣਦੇ ਆਏ ਆ ਕਿ ਯਥਾਰਥ ਦੇ ਦੋ ਪਰਸਪਰ ਵਿਰੋਧੀ ਰੂਪ ਹੁੰਦੇ ਨੇ, ਆਦਰਸ਼ਵਾਦੀ ਯਥਾਰਥ ਤੇ ਪਦਾਰਥਵਾਦੀ ਯਥਾਰਥ। ਸਹੁਜ-ਸ਼ਾਸਤਰ ਵਿਚ ਪਦਾਰਥਵਾਦੀ ਯਥਾਰਥਵਾਦ ਦੀ ਦ੍ਰਿਸ਼ਟੀ ਤੋਂ ਰਚੇ ਸਾਹਿਤ ਨੂੰ ਯਥਾਰਥਵਾਦੀ ਸਾਹਿਤ ਵਜੋਂ ਪ੍ਰਵਾਨਗੀ ਮਿਲੀ ਹੈ ਯਥਾਰਥਵਾਦੀ ਸਾਹਿਤ ਦੀਆਂ ਅੱਗੋਂ ਦੋ ਪ੍ਰਮੁੱਖ ਧਾਰਨਾਵਾਂ ਸਾਹਮਣੇ ਆਈਆਂ ਹਨ। ਆਲੋਚਨਾਤਮਕ ਯਥਾਰਥਵਾਦੀ ਸਾਹਿਤ ਤੇ ਸਮਾਜਵਾਦੀ ਯਥਾਰਥਵਾਦੀ ਸਾਹਿਤ। 9ਵੇਂ, 10 ਵੇਂ ਦਹਾਕੇ ਵਿਚ ਲਿਖੀ ਗਈ ਕਹਾਣੀ ਵਿਚ ਆਲੋਚਨਾਤਕ ਯਥਾਰਥਵਾਦ ਹੀ ਉਭਰਵੇਂ ਰੂਪ ਵਿਚ ਵਿਦਮਾਨ ਹੈ। ਕਿਉਂ ਜੋ ਇਸ ਨੇ ਸ਼ੋਸ਼ਿਤ ਵਰਗਾ ਨੂੰ ਉਹਨਾਂ ਦੀਆਂ ਕ੍ਰਾਂਤੀਕਾਰੀ ਸ਼ਕਤੀਆਂ ਦੀ ਪਛਾਣ ਵੀ ਨਹੀਂ ਕਰਾਈ ਅਤੇ ਪੂੰਜੀਵਾਦੀ ਸੰਸਕ੍ਰਿਤੀ ਦੇ ਮੋਹ-ਮਾਇਆ ਦੇ ਅਤੀਤਵਾਦੀ ਸਦਾਚਾਰ ਦੇ ਅਸਲ ਖ਼ਾਸੇ ਤੋਂ ਵੀ ਜਨ-ਸਾਧਾਰਨ ਨੂੰ ਜਾਣੂ ਨਹੀਂ ਕਰਾਇਆ। ਇਸ ਨੇ ਕੇਵਲ ਤੇ ਕੇਵਲ ਅਧਿਕਾਰਸ਼ੀਲ ਵਰਗਾਂ ਪਾਸੋਂ ਸ਼ੋਸ਼ਿਤ ਵਰਗਾ ਲਈ ਹਮਦਰਦੀ ਦੀ ਆਸ ਹੀ ਪ੍ਰਗਟਾਈ ਹੈ, ਲੱਛੇਦਾਰ ਲਿਪੇਟਵੀ, ਭਾਸ਼ਾ ਸ਼ੈਲੀ ਅਤੇ ਗੁੰਦਵੀਂ ਗੁੱਟਵੀ ਕਥਾ ਸ਼ਿਲਪ ਰਾਹੀਂ।

ਤੁਸੀਂ ਵਜ਼ਾ ਫ਼ਰਮਾਇਆ। 80 ਵਿਆਂ ਤੋਂ ਪਹਿਲਾਂ ਦੀ ਕਹਾਣੀ ਲਹਿਰਾਂ ਦ੍ਰਿਸ਼ਟੀਆਂ ਜਾਂ ਦ੍ਰਿਸ਼ਟੀਕੋਣ ਤੋਂ ਲਿਖੀ ਹੋਣ ਕਾਰਨ ਨਿੱਗਰ ਹੈ। 80 ਵਿਆਂ ਤੋਂ ਪਹਿਲਾਂ ਲਿਖੀ ਕਹਾਣੀ ਸਾਹਮਣੇ ਕਈ ਮੁੱਦੇ ਸਨ। 47 ਦੇ ਘੱਲੂਘਾਰੇ ਦਾ ਦਰਦ ਸੀ, ਰਾਜ-ਤਾਜ ਦੇ ਬਦਲ ਜਾਣ ਨਾਲ ਜਨ-ਸਾਧਾਰਨ ਦੀ ਦਸ਼ਾ ਬਦਲ ਜਾਣ ਦੀ ਆਸ ਨੂੰ ਫ਼ਲ ਨਹੀਂ ਸੀ ਪਿਆ। ਗਰੀਬ-ਆਮੀਰ ਦਾ ਪਾੜਾ ਘਟਣ ਦੀ ਬਜਾਏ ਵਧ ਰਿਹਾ ਸੀ, ਆਜ਼ਾਦੀ ਲਈ ਡੋਲ੍ਹੇ ਖ਼ੂਨ ਦੀ ਬੇ-ਅਦਬੀ ਵਿਰੁਧ ਗਿਲਾ -ਸ਼ਿਕਵਾ, ਹੋਰ ਆਕਰੋਸ਼ ਸੀ। ਇਸ ਆਕਰੋਸ਼ ਦੀ ਧਾਰ ਲਗਾਤਾਰ ਤਿੱਖ਼ੀ ਰੱਖਣ ਲਈ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਸੀ

ਲੇਖਕ ਦਾ। ਇਸ ਦ੍ਰਿਸ਼ਟੀਕੋਣ ਨੂੰ ਹੋਰ ਪ੍ਰਚੰਡ ਰੱਖਣ ਲਈ ਪ੍ਰਗਤੀਵਾਦੀ ਲੇਖਕ ਸੰਘ ਦਾ ਥਾਪੜਾ ਸੀ ਲੇਖਕ ਦੀ ਕਲਮ ਨੂੰ। ਗੱਲ ਕੀ ਲੇਖਕ ਜਵਾਬ ਦੇਹ ਸਮਝਦਾ ਸੀ ਆਪਣੇ ਆਪ ਨੂੰ ਲੋਕਾ ਅੱਗੇ ਵੀ ਆਪਣੀ ਲੇਖਣੀ ਅੱਗੇ ਵੀ। ਜਿਹੜੇ ਲੇਖਕ ਪ੍ਰਗਤੀਵਾਦੀ ਦ੍ਰਿਸ਼ਟੀ ਦੇ ਅਨੁਸਾਰ ਨਹੀਂ ਸਨ, ਉਹਨਾਂ ਸਾਹਮਣੇ ਪ੍ਰਗਤੀਵਾਦੀ ਲਿਖਤਾਂ ਇਕ ਚੈਲਿੰਜ ਸਨ। ਉਹਨਾਂ ਲੇਖਕਾਂ ਨੇ ਕਹਾਣੀ ਸ਼ਿਲਪ ਦੇ ਸੌਂਦਰਯ ਦੀ ਰੱਸੀ ਘੁੱਟ ਕੇ ਫੜੀ ਰੱਖੀ। ਇਸ ਕਰਕੇ 80 ਵਿਆਂ ਤੱਕ ਲਿਖੀ ਗਈ ਕਹਾਣੀ ਦਾ ਮੁੱਲ 80 ਵਿਆਂ ਤੋਂ ਪਿਛੋਂ ਲਿਖੀ ਕਹਾਣੀ ਦਾ ਮੁੱਲ ਵੱਧ ਪੈਣਾ ਸੁਭਾਵਕ ਹੀ ਸੀ, ਪਰ ਇਸ ਦਾ ਇਹ ਅਰਥ ਬਿਲਕੁਲ ਨਹੀਂ ਕਿ 80 ਵਿਆ ਤੋਂ ਪਿਛੋਂ ਕਿਸੇ ਲਹਿਰ, ਕਿਸੇ ਦ੍ਰਿਸ਼ਟੀ, ਕਿਸੇ ਦ੍ਰਿਸ਼ਟੀਕੋਣ ਦੀ ਸਰਾ-ਸਰ ਹੀ ਅਣਹੋਂਦ ਹੈ। ਇਵੇਂ ਹੋ ਹੀ ਨਹੀਂ ਸਕਦਾ ਹੈ, ਸਮਾਜਿਕ ਵਿਗਿਆਨ ਇਸ ਗੱਲ ਦੀ ਆਗਿਆ ਹੀ ਨਹੀਂ ਦਿੰਦਾ। ਹਾਂ ਜੇ ਨੰਗੇਜਵਾਦ, ਉਪ-ਭੋਗਤਾਵਾਦ, ਨਿੱਜਵਾਦ ਨੇ ਕਹਾਣੀ, ਨਿੱਜੀਕਰਨ, ਸੰਸਾਰੀਕਰਨ ਦੇ ਸੰਕਲਪਾਂ ਨੇ, ਪਹਿਲਾਂ ਤੋਂ ਹੀ ਵਸੀਲਾ ਰਹਿਤ ਸਮਾਜ ਦੇ ਇਕ ਵੱਡੇ ਹਿੱਸੇ ਨੂੰ ਹੋਰ ਵੀ ਹਾਸ਼ੀਏ ਵਲ਼ ਧੱਕ ਦਿੱਤਾ ਹੈ। ਪੰਜਾਬੀ ਕਹਾਣੀ ਨੇ ਉਹਨਾਂ ਲਾਚਾਰ ਤੇ ਨਿਰਾਸ ਜਨ-ਸਮੂਹਾਂ ਦੀ ਬਾਂਹ ਫੜੀ ਹੈ, ਜਿਹਨਾਂ ਨੇ 'ਦਲਿਤ' ਹੋਣਾ ਸਵੀਕਾਰ ਕਰ ਲਿਆ ਹੈ ਕਹਾਣੀ ਲਿਖਤ ਅੰਦਰ ਇਸ ਝੁਕਾਅ ਨੂੰ ਇਕ ਲਹਿਰ ਵਜੋਂ ਕਬੂਲ ਲਿਆ ਗਿਆ ਹੈ। ਤੇ ਲਹਿਰਾਂ ਦੇ ਥਾਪੜੇ ਵਾਲੀ ਕਹਾਣੀ ਭਾਵੇਂ ਸਾਰੀ ਦੀ ਸਾਰੀ ਸੌਂਦਰਯ ਕਸਵੱਟੀ 'ਤੇ ਪੂਰੀ ਨਾ ਵੀ ਉੱਤਰੇ ਬਹੁਤੀ ਗਿਣਤੀ ਵਿਚ ਜ਼ਰੂਰ ਉੱਤਰੇਗੀ।

ਇਸ ਦੇ ਦੋ-ਤਿੰਨ ਕਾਰਨ ਹੋ ਸਕਦੇ ਹਨ, ਮੇਰੀ ਮੋਟੀ-ਠੁਲੀ ਸਮਝ ਮੁਤਾਬਿਕ ਪਹਿਲਾ ਇਹ ਕਿ ਪੰਜਾਬੀਆਂ ਨੇ ਸਦੀਆਂ ਤੋਂ ਐਸੀ ਹੋਣੀ ਹੰਢਾਈ ਐ, ਜਿਸ ਵਿਚ ਧਾੜਵੀਆਂ ਦੇ ਹਮਲੇ, ਲੁੱਟ-ਮਾਰ, ਕਤਲੇਆਮ, ਧੱਕਾਸ਼ਾਹੀ ਇਹਨਾਂ ਲਈ ਆਮ ਜਿਹਾ ਵਰਤਾਰਾ ਬਣ ਗਿਆ ਸੀ। ਇਹ ਸਹਿੰਦੜ ਹੋ ਗਏ ਸਨ, ਐਹੋ ਜਿਹੇ ਉਜਾੜਿਆ ਮੁੜ ਵਿਸੇਵਿਆਂ ਦੀ ਹੋਣੀ ਨੂੰ ਸਵੀਕਾਰਨ ਲਈ, ਇਸ ਲਈ ਇਸ ਦੇ ਸੰਵੇਦਨਸ਼ੀਲ ਵਰਗ ਨੇ ਇਹਨਾਂ 47 ਜਾਂ 84 ਦੇ ਉਜਾੜਿਆਂ ਨੂੰ ਇਤਿਹਾਸਕ ਪ੍ਰੀਕ੍ਰਿਆ ਦੀ ਇਕ ਹੋਰ ਆਮ ਕੜੀ ਵਜੋਂ ਹੀ ਕਬੂਲਿਆ, ਜਿਸ ਕਾਰਨ ਅਪਣੀਆਂ ਲਿਖਤਾਂ ਕਹਾਣੀਆਂ ਵਿਚ ਲੇਖਕ ਕਿਸੇ ਡੂੰਘੀ ਸੰਵੇਦਨਾ ਦਾ ਇਜ਼ਹਾਰ ਨਹੀਂ ਕਰ ਸਕੇ। ਦੂਜਾ ਕਾਰਨ ਹੋ ਸਕਦਾ ਹੈ ਕਹਾਣੀ ਲੇਖਕ ਦੀ 47 ਜਾਂ 84 ਦੇ ਫ਼ਸਾਦਾ ਦੇ 'ਕਾਰਨਾਮਿਆਂ' ਪਿੱਛੇ ਕਾਰਜਸ਼ੀਲ ਕਾਰਨਾਂ ਨੂੰ ਨਾ ਸਮਝ ਸਕਣ ਦਾ ਵਿਵੇਕ। ਇਹ ਤੱਥ ਚਿੱਟੇ ਦਿਨ ਵਰਗਾ ਸੱਚ ਹੈ ਕਿ ਜਿੱਥੇ ਗਲਪ ਨੇ ਯਥਾਰਥਵਾਦ ਨੂੰ ਪ੍ਰਚਲਤਤਾ ਬਖ਼ਸ਼ੀ ਹੈ ਉਥੇ ਯਥਾਰਥਵਾਦ ਨੇ ਵੀ ਗਲਪ ਨੂੰ ਸ਼ਕਤੀ ਪ੍ਰਦਾਨ ਕੀਤੀ ਹੈ। ਦੇਸ਼ ਵੰਡ ਸਮੇਂ ਹੋਏ ਫਿਰਕੂ ਫ਼ਸਾਦਾਂ ਨੇ ਪੰਜਾਬੀ ਕਹਾਣੀ ਨੂੰ ਰੁਮਾਂਸਵਾਦ 'ਚੋਂ ਕੱਢ ਕੇ ਯਥਾਰਥਵਾਦ ਵਲ਼ ਪ੍ਰੇਰਿਆ ਹੈ। ਸੋ ਭਾਈ ਜੀ, ਸੰਤਾਲੀ ਜਾਂ 84 ਦੀ ਪੀੜਾ ਦੇ ਯਥਾਰਥ ਨੂੰ ਸਮਝਣ ਪਰਖ਼ਣ ਲਈ ਕਿਸੇ ਇਕ ਵਿਸ਼ੇਸ਼ ਦਰਸ਼ਨ ਦਾ ਅਨੁਸਾਰੀ ਹੋਣਾ ਜ਼ਰੂਰੀ ਸੀ। ਸੋਖੇ ਸ਼ਬਦਾਂ ਵਿਚ ਮਾਰਕਸਵਾਦੀ ਦ੍ਰਿਸ਼ਟੀ ਤੋਂ ਪ੍ਰੇਰਨਾ ਲੈ ਕੇ ਮਾਨਵਵਾਦੀ ਦ੍ਰਿਸ਼ਟੀ ਕੋਣ ਨੂੰ ਅਪਨਾਉਣ ਨਾਲ ਬੇਹਤਰ ਕਹਾਣੀਆਂ ਲਿਖੀਆਂ ਜਾ ਸਕਦੀਆਂ ਸਨ। ਜਿਹੜੀਆਂ 2-4 ਲਿਖਤਾਂ ਦੀ ਸੂਚੀ ਤੁਹਾਡੇ ਜਿਹਨ 'ਚ ਹਨ, ਜ਼ਰਾ ਧਿਆਨ ਮਾਰ ਕੇ ਵੇਖੋ ਖਾਂ, ਉਹ ਲੇਖਕ ਜ਼ਰੂਰ ਇਸ ਵਿਗਿਆਨ ਦੇ ਵਿਦਿਆਰਥੀ ਹੋਣਗੇ।

ਤੀਜਾ ਕਾਰਨ ਇਹਨਾਂ ਸੰਤਾਪਾਂ ਦੀ ਪੀੜ ਨੂੰ ਪਿੰਡਿਆਂ 'ਤੇ ਹੰਢਾਉਣ ਦਾ ਵੀ ਹੋ ਸਕਦਾ ਹੈ, ਮਹਿੰਦਰ ਸਿੰਘ ਸਰਨਾ ਮਾਰਕਸੀ ਨਾ ਹੁੰਦਾ ਹੋਇਆ ਵੀ ਇਸ ਪੀੜਾ ਨੂੰ ਬਹੁਤ ਵਧੀਆ ਜੁਬਾਨ ਦੇ ਸਕਿਆ ਹੈ। ਹੋਰ ਵੀ ਹਨ। ਜਿਹਨਾਂ ਲੇਖਕਾਂ ਨੇ 47 ਜਾਂ 84 ਦੇ ਸੰਤਾਪ ਨੂੰ ਦੂਰ-ਦੁਰਾਡੇ ਤੋਂ ਐਵੇਂ ਕਲਪਣਾ ਦੀ ਦੂਰ ਬੀਨ ਲਾ ਕੇ ਹੀ ਦੇਖਿਆ, ਉਹਨਾਂ ਦੀ ਲਿਖਤਾਂ ਮਿਸਾਲੀ ਨਹੀਂ ਬਣ ਸਕੀਆਂ।

ਇਹ ਠੀਕ ਹੈ ਕਿ ਇਸ ਸਮੇਂ ਕਹਾਣੀ ਲਿਖਣ ਖੇਤਰ ਵਿਚ ਤਿੰਨ ਪੀੜੀਆਂ ਆਪਣਾ ਆਪਣਾ ਯੋਗਦਾਨ ਪਾ ਰਹੀਆਂ ਹਨ, ਭਾਵੇਂ ਦੂਜੀ ਪੀੜ੍ਹੀ ਦੇ ਲੇਖਕਾਂ ਦੀ ਗਿਣਤੀ ਬਹੁਤ ਘੱਟ ਹੈ। ਉਹਨਾਂ ਲੇਖਕਾਂ ਦਾ ਮਾਈਂਡ ਸੈੱਟ ਵੀ ਕੋਈ ਬਹੁਤਾ ਨਹੀਂ ਬਦਲਿਆ। ਇਸ ਲਈ ਉਹਨਾਂ ਦੀਆਂ ਲਿਖਤਾਂ ਨੂੰ ਸਮਕਾਲੀ ਆਲੋਚਨਾ ਕੋਈ ਬਹੁਤਾ ਮਹੱਤਵ ਨਹੀਂ ਦੇ ਰਹੀ। ਤੀਜੀ ਪੀੜੀ ਦੇ ਵੀ ਗਿਣਵੇਂ-ਚੁਣਵੇਂ ਲੇਖਕ ਹੀ ਮੈਦਾਨ ਵਿਚ ਹਨ। ਇਸ ਪੀੜੀ ਦੇ ਬਹੁ-ਗਿਣਤੀ ਲੇਖਕ ਵੀ ਪ੍ਰਗਤੀਵਾਦ ਵਲ੍ਹ ਕੰਢ ਕਰਕੇ ਆਪਣੀ ਆਪਣੀ ਆਧੁਨਿਕਤਾ ਦੇ ਲੜ ਲੱਗੇ ਹੋਏ ਹਨ। ਕਿਸੇ ਨੇ ਸੈਕਸ ਸੰਬੰਧਾਂ ਨੂੰ ਲੇਖਣੀ ਦਾ ਧੁਰਾ ਬਣਾ ਲਿਆ ਹੋਇਆ ਕਿਸੇ ਨੇ ਬੇਗਾਨਗੀ ਨੂੰ, ਮਨੁੱਖ ਅੰਦਰਲੀ ਟੁੱਟ-ਭੱਜ ਨੂੰ। ਕਿਸੇ ਨੇ ਸਥਾਪਤੀ ਨਾਲ ਮੂਹ-ਮਲ੍ਹਾਜਾ ਪਾਲਦਿਆ ਆਪਣੀ ਲੇਖਣੀ ਨੂੰ ਵਿਚ-ਵਿਚਾਲੇ ਦੇ ਮਾਰਗ ਤੇ ਤੁਰਦੀ ਕਰ ਲਿਆ ਹੈ, ਕਿਸੇ ਨੇ ਨਾਰੀਵਾਦ ਦੇ ਪ੍ਰਭਾਵ ਅਧੀਨ ਔਰਤ ਦੀ ਤ੍ਰਾਸਦੀ ਨੂੰ ਕਹਾਣੀ ਅੰਦਰ ਅੰਕਿਤ ਕਰ ਚਾਲੂ ਕਰ ਲਿਆ ਹੋਇਆ। ਇਸ ਤੀਜੀ ਪੀੜੀ ਦੇ ਗਿਣਵੇ-ਚੁਣਵੇਂ ਲੇਖਕਾਂ ਦੀ



ਲਿਖਤ ਦਾ ਪੈਟਰਨ ਵੀ ਲੱਗ-ਭੱਗ ਉਹੀ ਚੱਲਿਆ ਆਉਂਦਾ ਹੈ, ਉਨ੍ਹਾਂ ਦੀ ਪਹਿਲੀ ਪਛਾਣ ਵਾਲਾ। ਹਾਂ ਜਿਹੜੇ ਲੇਖਕਾਂ ਨੂੰ ਚੌਥੀ ਪੀੜੀ ਦੇ ਲੇਖਕਾਂ ਵਜੋਂ ਮਾਨਤਾ ਮਿਲੀ ਹੈ, ਉਹਨਾਂ ਦੀ ਕਹਾਣੀ ਲਿਖਤ ਅੰਦਰ ਸੱਚ-ਮੁੱਚ ਹੀ ਨਵੇਂ ਪ੍ਰਯੋਗ ਹੋਏ ਮਿਲਦੇ ਹਨ। ਯਥਾਰਥ ਦੀ ਪੇਸ਼ਕਾਰੀ ਪੱਖੋਂ ਵੀ, ਕਥਾ-ਸ਼ਿਲਪ ਪੱਖੋਂ ਵੀ ਤੇ ਵਿਸ਼ਿਆ ਦੀ ਵੰਨ-ਸੁਵੰਨਤਾ ਪੱਖੋਂ ਵੀ, ਐਸੀ ਵੀ ਗੱਲ ਨਹੀਂ ਕਿ ਪ੍ਰਯੋਗ ਇਹਨਾਂ ਲੇਖਕਾਂ ਨੇ ਆਕਾਸ਼ੀ ਖ਼ਲਾ 'ਚੋਂ ਉੜਦੇ-ਉੜਦੇ ਹਥਿਆ ਕੇ ਕੋਈ ਹਵਾਈ ਕਿਸਮ ਦੀ ਕਹਾਣੀ ਲਿਖੀ ਹੈ। ਸਗੋ ਇਹਨਾਂ ਨੇ ਆਪਣੇ ਵਿਰਸੇ 'ਚ ਪਈਆਂ ਸਾਮੰਤੀ ਕਦਰਾਂ-ਕੀਮਤਾਂ, ਪੂੰਜੀ ਚੜ੍ਹਤ ਨਾਲ ਕਾਣ ਹੋਈ ਸਮਾਜੀ ਪੀੜ੍ਹੀ , ਧਰਮਾਂ ਮਜ਼ਹਬਾਂ ਨੇ ਵਰਗੀਕ੍ਰਿਤ ਕੀਤੀ ਮਾਨੁੱਖ ਦੀ ਹੋਣੀ, ਜਾਤਾਂ-ਜਮਾਤਾਂ ਦੀਆਂ ਤ੍ਰੇੜਾਂ ਕਾਰਨ ਹਾਸ਼ੀਆ ਗ੍ਰਸਤ ਹੋਈ ਭਾਰਤੀ ਜਨਸੰਖਿਆ ਆਦਿ ਆਦਿ। ਕਈ ਸਾਰੇ ਤੱਤ ਹਨ ਜਿਹਨਾਂ ਦਾ ਮਿਸ਼ਰਤ ਪ੍ਰਭਾਵ ਚੋਥੀ ਪੀੜੀ ਦੇ ਲੇਖਕਾਂ ਦੀਆਂ ਲਿਖਤਾਂ 'ਚੋਂ ਸੌਖਿਆ ਹੀ ਲੱਭਿਆ ਜਾ ਸਕਦਾ ਹੈ। ਇਉਂ ਚੋਥੀ ਪੀੜੀ ਦੂਜੀ ਅਤੇ ਤੀਜੀ ਤੋਂ ਕਾਫ਼ੀ ਵੱਡੇ ਅੰਤਰ ਤੇ ਖੜੋਤੀ ਜਾਪਦੀ ਹੈ। ਪਰੰਤੂ ਸੰਸਾ ਇਸ ਗੱਲ ਦਾ ਹੈ ਕਿ ਚੌਥੀ ਪੀੜੀ ਦੇ ਲੇਖਕਾਂ ਦੀਆਂ ਕਹਾਣੀਆਂ 'ਚ ਸਮਾਜੀ ਤਬਦੀਲੀ ਲਈ ਕਾਰਜਸ਼ੀਲ ਇਕ ਸਾਝਾਂ ਸੂਤਰ ਜ਼ਰੂਰ ਗ਼ਾਇਬ ਹੋਇਆ ਜਾਪਦਾ ਹੈ, ਜਿਹੜਾ ਦੂਜੀ-ਤੀਜੀ ਦੀਆਂ ਲਿਖੀਆਂ ਕਹਾਣੀਆਂ ਅੰਦਰ ਸੋਖਿਆ ਹੀ ਲੱਭਦਾ ਰਿਹਾ ਹੈ।

ਮੇਰਾ ਕਹਾਣੀ ਲਿਖਣ ਦਾ ਮੂਲ ਮਕਸਦ ਬੱਸ ਕਹਾਣੀ ਲਿਖਣਾ ਹੈ, ਹੋਰ ਕੁਝ ਵੀ ਨਹੀਂ। ਮੈਂ ਕਦੇ ਇਹ ਸੋਚਿਆ ਹੀ ਨਹੀਂ ਕਿ ਮੇਰੀ ਕਹਾਣੀ ਨੇ ਤਰਥੱਲੀ ਮਚਾ ਦੇਣੀ ਆ, ਹੇਠਲੀ ਉੱਪਰ ਕਰ ਦੇਣੀ ਆ। ਏਦਾਂ ਸੋਚਣ ਵਾਲੇ ਹੋਰ ਬੜੇ ਹੈਗੇ ਆ ਜਾਂ ਹੋਣਗੇ।

ਪੰਜਾਬੀ ਕਹਾਣੀ 'ਚ ਮੈਨੂੰ ਨਹੀਂ ਲੱਗਦਾ ਮੈਂ ਕੋਈ ਨਵੀਂ ਗੱਲ ਲੈ ਕੇ, ਕੋਈ ਵੱਖਰੀ ਗੱਲ ਕੀਤੀ ਹੋਵੇ, ਇਉਂ ਨਹੀਂ ਹੋਇਆ। ਮੇਰਾ ਯਤਨ ਤਾਂ ਸ਼ਾਇਦ ਕਹਾਣੀ ਲੇਖਣੀ ਦੀ ਪ੍ਰਗਤੀਵਾਦੀ ਧਾਰਾ ਲਈ ਬਣਦਾ ਸਰਦਾ ਯੋਗਦਾਨ ਪਾਉਣ ਵਲ੍ਹ ਹੀ ਸੇਧਿਤ ਰਿਹਾ, ਜਿਸ ਨੂੰ ਤੀਜੀ ਪੀੜੀ ਦੇ ਬਹੁਗਿਣਤੀ ਲੇਖਕ ਅਤੇ ਚੋਥੀ ਪੀੜੀ ਦੇ ਲੱਗ-ਭੱਗ ਸਾਰੇ ਹੀ ਲੇਖਕ ਅਲਵਿਦਾ ਆਖ ਚੁੱਕੇ ਹਨ।

ਔਰਤ-ਮਰਦ ਦੇ ਸੰਬੰਧਾਂ ਨੂੰ ਲੈ ਕੇ ਲਿਖੀ ਜਾ ਰਹੀ ਅੱਜ ਦੀ ਕਹਾਣੀ ਨਿਰਾ-ਪੁਰਾ ਫੈਸ਼ਨ ਐ ਫੈਸ਼ਨ। ਐਸੀ ਗੱਲ ਨਹੀਂ ਕਿ ਪੰਜਾਬੀ ਕਹਾਣੀ 'ਚ ਇਹਨਾਂ ਸੰਬੰਧਾਂ ਦਾ ਜ਼ਿਕਰ ਹੋਣਾ ਨਹੀਂ ਚਾਹੀਦਾ ਜਾਂ ਪਹਿਲੋਂ ਕਦੀ ਨਹੀਂ ਹੋਇਆ। ਪੰਜਾਬੀ ਕਹਾਣੀ ਲਿਖਤ ਦੇ ਪਹਿਲੇ ਪੜਾਅ 'ਤੇ ਕਾਮ-ਸੰਬੰਧਤ ਕਹਾਣੀ ਨੇ ਜਨਮ ਲੈ ਲਿਆ ਸੀ। ਉਸ ਸਮੇਂ ਇਵੇਂ ਦੀ ਕਹਾਣੀ ਲਿਖਣਾ ਇਕ ਝੁਕਾਅ ਮਾਤਰ ਹੀ ਸੀ ਜੋ ਫ਼ਰਾਇਡ ਦੀਆਂ ਮਨੋਵਿਗਿਆਨ ਦੇ ਖੇਤਰ ਵਿਚ ਕੀਤੀਆਂ ਖੋਜਾਂ ਤੋਂ ਪ੍ਰਭਾਵਿਤ ਸੀ। ਪਰ ਅਜੋਕੇ ਸਮੇਂ ਇਹ ਲਿਖਤ ਇਕ ਪ੍ਰਵਿਰਤੀ ਬਣ ਗਈ ਹੈ। ਜਿਹਨੇ ਫ਼ਰਾਇਡ ਦਾ ਨਾਂ ਤੱਕ ਨਹੀਂ ਸੁਣਿਆ ਉਹ ਵੀ ਔਰਤ-ਮਰਦ ਸੰਬੰਧਾਂ ਦੀਆਂ ਕਹਾਣੀਆਂ ਲਿਖ ਲਿਖ ਕੇ ਚਸਕਾ ਲੈ ਰਿਹਾ, ਬਿਨਾ ਇਸ ਦੀ ਲੋੜ ਦੀ ਅਹਿਮੀਅਤ ਨੂੰ ਸਮਝਿਆ। ਇਸ ਦੀ ਅਹਿਮੀਅਤ ਜਿਣਸੀ ਸੰਬੰਧਾਂ ਦੀ ਪੇਸ਼ਕਾਰੀ ਰਾਹੀਂ ਸਤੁੰਲਤ ਮਨੁੱਖ ਦੀ ਸਿਰਜਨਾ ਕਰਨਾ ਹੈ। ਉਸ ਅੰਦਰਲੇ ਭਾਵਾਂ ਮਨੋਭਾਵਾਂ , ਵੇਗਾਂ-ਉਦਵੇਗਾਂ ਨੂੰ ਨਿਰੋਈ ਦਿਸ਼ਾ ਪ੍ਰਦਾਨ ਕਰਨਾ ਹੈ, ਨਾ ਕਿ ਮਨੁੱਖ ਅੰਦਰਲੀ ਪਸ਼ੂ-ਬਿਰਤੀ ਨੂੰ ਲਾਂਬੂ ਲਾਉਣ ਵਿਚ ਵਲਗਰ-ਕਲਚਰ ਦਾ ਪਿੱਛਲੱਗ ਬਨਣਾ।

ਇਹ ਤਾਂ ਬੜਾ ਸੋਖਾ ਸਵਾਲ ਐ। ਪੰਜਾਬ ਪਿੰਡਾਂ 'ਚ ਵਸਦਾ। ਆਰਥਿਕਤਾ ਖੇਤੀਬਾੜੀ ਤੇ ਆਧਾਰਤ ਐ। ਖੇਤ ਮਾਲਕ ਪਿੰਡ 'ਚ ਰਹਿੰਦਾ ਖੇਤ ਮਜ਼ਦੂਰ ਉਹਦਾ ਗੁਆਂਢੀ ਐ। ਪੰਜਾਬੀ ਕਹਾਣੀ ਵਿਚ ਬਹੁਤੀ ਕਰਕੇ ਖੇਤ ਮਾਲਕ ਕਿਸਾਨ ਅਤੇ ਖੇਤ-ਮਜ਼ਦੂਰ ਦੇ ਆਪਸੀ ਹਾਂ-ਨਾਂਹ ਪੱਖੀ ਰਿਸ਼ਤਿਆਂ ਅੰਦਰਲੀਆਂ ਵਿਰੋਧਤਾਈਆਂ ਹਨ। ਅਜਿਹੀਆਂ ਕਹਾਣੀ ਲਿਖਣ ਲਈ ਪਾਤਰ ਪਿੰਡਾਂ 'ਚੋਂ ਮਿਲਦੇ ਐ। ਲੇਖਕ ਆਪ ਵੀ ਪਿੰਡ 'ਚ ਰਹਿੰਦਾ ਤੇ ਪੇਂਡੂ ਵਰਤਾਰਾਂ ਨਾਲ ਇਕ ਮਿੱਕ ਹੈ। ਇਸ ਕਹਾਣੀ ਦਾ ਪਾਠਕ ਵੀ ਪਿੰਡ ਦਾ ਵਸਨੀਕ ਹੈ। ਉਹ ਕਹਾਣੀ ਜਿਸ ਵਿਚ ਲੇਖਕ ਦਾ ਨਿੱਜ ਵੀ ਸ਼ਾਮਿਲ ਹੋਵੇ ਤੇ ਪਾਠਕ ਦੀ ਸਮੂਲੀਅਤ ਵੀ ਹੋਵੇ, ਬੜੀ ਸਪਸ਼ਟ ਗੱਲ ਹੈ, ਉਹ ਕਹਾਣੀ ਉੱਤਮ ਹੋਵੇਗੀ ਹੀ ਤੇ ਉੱਤਮ ਕਹਾਣੀ ਚਰਚਾ 'ਚ ਨਾ ਰਹਿਣ ਦੇ ਕਾਰਨਾਂ ਵਿਚ ਲੇਖਕ ਦੀ ਸ਼ਹਿਰੀ ਵਸੋਂ ਦੀ ਸਾਈਕੀ ਨੂੰ ਪਕੜ ਸਕਣ ਵਿਚਲੀ ਕਮਜ਼ੋਰੀ ਵੀ ਹੋ ਸਕਦੀ ਹੈ ਤੇ ਸ਼ਹਿਰੀ ਵਸੋਂ ਦਾ ਕੋਈ ਬੱਝਵਾਂ ਡਾਇਲੈਕਟਿਸ ਨਾ ਬਣ ਸਕਣ ਦਾ ਤੱਤ ਵੀ ਲੇਖਕ ਲਈ ਇਸ ਬਾਰੇ ਕਹਾਣੀ ਲਿਖਣ ਵਿਚ ਅੜਚਨ ਪੈਦਾ ਕਰਨ ਦਾ ਕਾਰਨ ਬਣ ਸਕਦਾ ਹੈ। ਮੋਟੇ ਤੋਰ ਤੇ ਸ਼ਹਿਰ ਵਪਾਰ ਦੇ ਕੇਂਦਰ ਹਨ। ਸ਼ਹਿਰ, ਮੁਨਾਫ਼ਾ ਇਸ ਵਸੋਂ ਦਾ ਜੀਣ-ਲਕਸ਼ ਹੈ। ਸਿਆਣੇ ਕਹਿੰਦੇ ਨੇ ਮੁਨਾਫ਼ਾ ਆਧਾਰਤ ਸਮਾਜ ਅੰਦਰ ਜੀਵਨ ਮੁੱਲਾਂ, ਮਾਨਵੀ ਕਦਰਾਂ-ਕੀਮਤਾਂ ਦੀ ਬਹੁਤ ਹੇਠਲੀ ਪੱਧਰ ਤੱਕ ਹੇਠੀ ਹੁੰਦੀ ਹੈ। ਕੁਝ ਕੁ ਲੇਖਕਾਂ ਨੇ ਇਹਨਾਂ ਮੁੱਦਿਆਂ ਨੂੰ ਆਧਾਰ ਬਣਾ ਕੇ ਕਹਾਣੀਆਂ ਲਿਖੀਆਂ ਵੀ ਹਨ। ਉਹ ਕਹਾਣੀਆਂ ਅਹਿਮ ਵੀ ਹਨ ਪਰ ਘੱਟ

ਗਿਣਤੀ ’ਚ ਸਨ ਸ਼ਾਇਦ ਇਸ ਲਈ ਚਰਚਾ ਦੇ ਦਾਇਰੇ ਵਿਚ ਵੀ ਇਹ ਘਾਟ ਮਹਿਸੂਸ ਕੀਤੀ ਗਈ। ਪਰੰਤੂ ਥੋੜੇ ਕੁ ਚਿਰ ਤੋਂ ਸਥਿਤੀ ’ਚ ਇਕ ਬਦਲਾਵ ਜਿਹਾ ਵੀ ਦੇਖਣ ਨੂੰ ਮਿਲਦਾ ਹੈ ਪਿੰਡਾਂ ’ਚ ਰਹਿਣ ਵਾਲੇ ਕਹਾਣੀਕਾਰਾਂ ਦੇ ਸ਼ਹਿਰਾਂ ਵਲ੍ਹ ਨੂੰ ਧੜਾ-ਧੜ ਹੋਏ ਵਹਾ ਨੇ ਪਿੰਡ ਦੀ ਕਹਾਣੀ ਨੂੰ ਚਰਚਾ ਤੋਂ ਬਾਹਰ ਕੱਢ ਦਿੱਤਾ ਹੈ। ਇਹ ਕਹਾਣੀਕਾਰ ਪਿੰਡਾਂ ਥਾਵਾਂ ਤੋਂ ਉੱਠ ਕੇ ਦੂਰ ਸ਼ਹਿਰਾਂ ’ਚ ਬੈਠਕੇ ਪਿੰਡਾਂ ਦੇ ਜੀਆ ਦੀਆਂ ਤਲਖ਼ੀਆਂ ਦੀ ਕਿਆਸਆਰੀਆ ਰਾਹੀਂ ਪੇਸ਼ਕਾਰੀ ਕਰਦੇ ਜਾਪਦੇ ਹਨ। ਇਉਂ ਕਈ ਕੁਝ ਖ਼ਲਤ-ਮਲਤ ਹੋ ਰਿਹਾ। ਇਵੇਂ ਦੇ ਕਹਾਣੀਕਾਰ ਚਿੜੀਆਂ ਦੇ ਆਲਣਿਆਂ ’ਚ ਦਿੱਤੇ ਘੁੱਗੀਆਂ ਦੇ ਆਂਡਿਆਂ ’ਚੋਂ ਨਿਕਲੇ ਰਲ਼ਵੀਂ ਨਸਲ ਦੇ ਪੰਛੀ ਬਣ ਗਏ ਸਨ। ਇਹ ਨਾਂ ਚਿੜੀਆਂ ਰਹੇ ਹਨ, ਨਾ ਘੱਗੀਆ ਬਣ ਸਕੇ ਹਨ। ਇਹ ਚਿੜਰ-ਘੁੱਗ ਬਣ ਗਏ ਹਨ। ਅਜਿਹੇ ਪੰਛੀਆਂ ਵਲੋਂ ਲਿਖੀ ਜਾ ਰਹੀ ਕਹਾਣੀ ਨਾ ਪਿੰਡ ਦੀ ਕਹਾਣੀ ਐ ਨਾ ਸ਼ਹਿਰ ਦੀ।

ਅਜੋਕੀ ਲਿਖੀ ਜਾ ਰਹੀ ਕਹਾਣੀ ’ਚ ਜੋ ਅੱਜ ਮੈਂ... ਮੈਂ ... ਮੈਂ...’ ਹੋ ਰਹੀ ਐ ਨਾ, ਇਹ ਸਥੂਲ ਸਥਿਤੀਆਂ-ਪ੍ਰਸਥਿਤੀਆਂ ਤੋਂ ਟੁੱਟ ਕੇ ਵਿਚਰਨ ਕਾਰਨ ਹੀ ਹੈ। ਕਹਾਣੀਕਾਰ ਦਾ ਨਾ ਕਿਸੇ ‘ਥਰਡ-ਪਰਸਨ’ ਨਾਲ ਮੇਲ-ਮਿਲਾਪ ਐ, ਨਾ ਉਸਦੀਆਂ ਜ਼ਮੀਨ ਹਾਲਤਾਂ ਨੂੰ ਜਾਣਦਾ ਸਮਝਦਾ ਹੈ। ਬੱਸ ਆਪਣੇ ਹੀ ਅੰਦਰੋਂ ਉਸੇ ਵਸਤੂ ਦੀ ਉਲਟੀ ਕਰੀ ਜਾ ਰਿਹਾ, ਜਿਹੜੀ ਉਸਨੇ ਡਰਾਇੰਗ ਰੂਮ ’ਚ ਬੈਠ ਕੇ ਟੀ. ਵੀ. ਸਕਰੀਨ ਤੋਂ ਗ੍ਰਹਿਣ ਕੀਤੀ ਐ। ਇਵੇਂ ਦੀ ਲਿਖਤਾਂ ਸੱਚ-ਮੁੱਚ ਖੜੋਤ ਦੀਆਂ ਲਿਖਤਾਂ ਹਨ। ਪਰ ਜਿਹੜੇ ਕਹਾਣੀਕਾਰ ਸਮਕਾਲ ਦੇ ਰਾਜਨੀਤਕ, ਆਰਥਿਕ, ਸਮਾਜਿਕ, ਸੱਭਿਆਚਾਰਕ ਵਰਤਾਰੇ ਦੇ ਗੰਧਲੇਪਨ ਨੂੰ ਘੋਖਵੀਂ ਨਜ਼ਰ ਨਾਲ ਦੇਖਣ ਦੀ ਸਮਰੱਥਾ ਰੱਖਦੇ ਹਨ। ਉਹਨਾਂ ਦੀਆਂ ਲਿਖਤਾਂ ’ਚ ਕੋਈ ਖੜੋਤ ਨਹੀਂ। ਉਹਨਾਂ ਲੇਖਕਾ ਦਾ ਅਪਣਾ ਰੁੱਖ ਵੀ ਵਿਕਾਸ ਮੁੱਖੀ ਹੈ ਤੇ ਲਿਖਤ ਦਾ ਵੀ। ਸੰਤੋਖ਼ ਦੀ ਗੱਲ ਇਹ ਹੈ ਕਿ ਪੰਜਾਬੀ ਕਹਾਣੀ ਦੀ ਚੋਥੀ ਪੀੜੀ ਦੇ ਸਾਰੇ ਨਹੀਂ ਕੁਝ ਕੁ ਲੇਖਕਾਂ ਦੀ ਕਹਾਣੀ-ਧਾਰਾ ਨਾਲ ਖੜੋਤ ਸ਼ਬਦ ਨਹੀਂ ਜੋੜਿਆ ਜਾ ਸਕਦਾ।

ਵਿਸ਼ੇ, ਤਕਨੀਕ, ਪੇਸ਼ਕਾਰੀ ਵਿਚ ਮੇਰੇ ਸਮਕਾਲੀਆਂ ਨੇ ਕੋਈ ਗੱਲ ਨਵੀਂ ਜ਼ਰੂਰ ਕੀਤੀ ਹੋਣੀ ਆ, ਤਾਹੀਉਂ ਉਹਨਾਂ ਦੀ ਬੱਲੇ-ਬੱਲੇ ਐ। ਉਹਨਾਂ ਕਿਹੜੀ ਨਵੀਂ ਗੱਲ ਕੀਤੀ? ਇਹ ਉਹਨਾਂ ਤੋਂ ਪੁੱਛ ਕੇ ਦੱਸੂ। ਅਜੇ ਕੋਈ ਧਿਆਨ ’ਚ ਨਹੀਂ ਆ ਰਹੀ।

ਕਹਾਣੀ ਆਲੋਚਨਾ ਵਿਚ ਖੜੋਤ ਆ ਗਈ ਐ, ਕੋਈ ਗਹਿਰ-ਗੰਭੀਰ ਗੱਲ ਨਹੀਂ ਹੈ ਰਹੀ, ਬੱਸ ਪੇਤਲੀਆਂ ਪੇਤਲੀਆਂ ਗੱਲਾਂ ਹੋ ਰਹੀਆਂ ਹਨ, ਪੰਜਾਬੀ ਆਲੋਚਨਾ ਤੇ ਇਹ ਇਲਜ਼ਾਮ ਕੋਈ ਨਵੀਂ ਗੱਲ ਨਹੀਂ। ਇਹ ਤਾਂ ਹਰ ਰੋਜ ਲਗੱਦਾ। ਮੈਨੂੰ ਐਉਂ ਲੱਗਦਾ ਕਿ ਆਲੋਚਕਾਂ ਦੀ ਗਿਣਤੀ ਘੱਟ ਐ, ਲੇਖਕਾਂ ਦੀ ਭੀੜ ਧੜਾ-ਧੜ ਵਧੀ ਜਾ ਰਹੀ ਐ ਤੇ ਪਿਆਰਿਓ ਬਹੁ-ਗਿਣਤੀ, ਘੱਟ ਗਿਣਤੀ ਨੂੰ ਜਿੱਦਾਂ ਮਰਜ਼ੀ ਐ ਕਹੀ ਜਾਏ। ਜਦ ਉਹਨਾਂ ਦੀ ਜਨ-ਸੰਖਿਆ ਵੀ ਕਹਾਣੀ ਲੇਖਕਾ ਜਿੰਨੀ ਹੋ ਗਈ ਫੇਰ ਦੱਸਿਓਂ, ਉਹਨਾਂ ਨੂੰ ਬੁਰਾ-ਭਲਾ ਕਹਿ ਕੇ ਫਿੱਲਹਾਲ ਐਉਂ ਕਰਦੇ ਆ ਕਿ ਜੋ ਕੁਝ ਉਹ ਕਰਦੇ ਆ ਕਰੀ ਜਾਣ ਦਿਉ, ਜੇ ਹੁਣ ਉਹ ਡਾਲਰੀ ਆਲੋਚਨਾ ਕਰਦੇ ਐ, ਤਾਂ ਕਲ੍ਹ ਨੂੰ ਯੂਰੋ ਵਲ੍ਹ ਵੀ ਆਉਣਗੇ, ਹੋ ਸਕਦਾ ਕਿਧਰੇ ਭਾਰਤੀ ਕਰੰਸੀ ਵੀ ਚੰਗੀ ਲੱਗੇ। ਆਪਾਂ ਨੂੰ ਆਸ ਦਾ ਪੱਲਾ ਨਹੀਂ ਛੱਡਣਾ ਚਾਹੀਦਾ, ਕਿਉਂਕਿ ਸਾਡੇ ਸਾਹਿਤ ਦੀ ਆਲੋਚਨਾ ਦਾ ਇਤਿਹਾਸ ਬੜਾ ਗੋਰਵਮਈ ਹੈ, ਸੇਖੋਂ, ਅਤਰ ਸਿੰਘ, ਕਿਸ਼ਨ ਸਿੰਘ, ਹਰਿਭਜਨ ਸਿੰਘ, ਰਘਬੀਰ ਸਿੰਘ, ਰਵੀ ਵੀ ਤਾਂ ਸਾਡੇ ਸਾਹਿਤ ਦੇ ਹੀ ਆਲੋਚਕ ਹਨ। ਨਿਰਸ਼ੁਆਰਥ ਤੇ ਕਰੀਏਟਵ ਆਲੋਚਕ। ਸਾਡਾ ਪ੍ਰੇਮ ਪ੍ਰਕਾਸ਼ ਜੀਨੀਅਸ ਕਥਾਕਾਰ ਐ। ਉਸ ਨੇ ਸਰੀਰਕ ਸੰਬੰਧਾਂ ਦੀਆਂ ਕਹਾਣੀਆਂ ਲਿਖਣ ਪਿੱਛੇ ਪਹਿਲੋ-ਪਹਿਲ ਦਲੀਲ ਇਹ ਦਿੱਤੀ ਕਿ ਪ੍ਰਗਤੀਵਾਦ ਨੇ ਸਾਡੀ ਕਹਾਣੀ ਨੂੰ ਫਾਰਮੂਲਾ ਕਹਾਣੀ ਬਣਾ ਦਿੱਤਾ ਹੈ ਇਸ ਲਈ ਮੈਨੂੰ ਇਕ ਵੱਖਰੇ ਪਿੜ ਦੀ ਤਲਾਸ਼ ਸੀ। ਮੈਨੂੰ ਇਹ ਪਿੜ ਲੱਭ ਗਿਆ। ਉਸਨੇ ਵੱਖਰਾਂ ਪਿੜ ਸਰੀਰਕ ਸੰਬੰਧਾਂ ਦਾ ਹੀ ਕਿਉਂ ਚੁਣਿਆ? ਹੋਰ ਕੋਈ ਕਿਉਂ ਨਹੀਂ? ਇਹ ਉਸਦੀ ਆਪਣੀ ਮਜ਼ਬੂਰੀ ਕਹੀ ਜਾ ਸਕਦੀ ਹੈ। ਉਸ ਅੰਦਰ ਜ਼ਰੂਰ ਕੁਝ ਅਜਿਹਾ ਰਿਝਦਾ ਪੱਕਦਾ ਰਿਹਾ ਹੋਵੇਗਾ ਕਈ ਵਰ੍ਹੇ, ਜਿਸ ਨੂੰ ਜ਼ੁਬਾਨ ਦੇਣ ਲਈ ਉਸਨੇ ਇਸਤਰੀ ਮਰਦ ਦੇ ਜ਼ਾਇਜ਼-ਨਾਜਾਇਜ਼ ਸਰੀਰਕ ਸੰਬੰਧਾਂ ਦਾ ਆਸਰਾ ਲਿਆ। ਇਸ ਵਿਚ ਕਈ ਸ਼ੱਕ ਨਹੀਂ ਕਿ ਉਸਦੀਆਂ ਕਹਾਣੀਆਂ ਵਿਚ ਇਡੀਪਸ-ਕੰਪਲੈਕਸ ਕਾਰਨ ਮਨੁੱਖ ਅੰਦਰ ਬੱਝੀਆ, ਬੱਝ ਕੇ ਫੋੜਿਆ ਦੀ ਹੱਦ ਤੱਕ ਰਸਣ-ਦੁੱਖਣ ਲੱਗ ਪਈਆਂ ਗੰਢਾਂ ਦਾ ਵਰਨਣ ਹੀ ਨਹੀਂ ਹੋਇਆ, ਸਗੋਂ ਇਸ ਰੋਗ ਕਾਰਨ ਮਨੁੱਖ ਨੂੰ ਤੜਪਾਉਂਦੀ ਰਹਿੰਦੀ ਪੀੜਾ ਦਾ ਕਥਾਰਸਿੱਸ ਵੀ ਹੋਇਆ ਹੈ। ਹੁਣ...ਭੋਲਿਓ ਤੁਸੀਂ ਆਪ ਹੀ ਦੱਸੋ ਕਿ ਸਾਡੇ ਇਸ ਬੁੱਢੇ ਸ਼ੇਰ ਦੀ ਪੱਧਰ ਦੀ ਕਹਾਣੀ ਉਸਦੇ ਕਿਸੇ ਪਿੱਛਲੱਗ ਨੇ ਲਿਖੀ ਐ? ਜੇ ਕਈ ਗਿਣਵੀਂ ਚੁਣਵੀ ਨਜ਼ਰ ਆਈ ਐ ਤਾਂ ਉਸਨੂੰ ਬਕਾਇਦਾ



ਪ੍ਰਵਨਗੀ ਵੀ ਮਿਲੀ। ਉਂਞ ਬਾਪੂ ਸਾਡੇ ਨੇ ਤਾਂ ਆਪਣੇ ਵਰਗਾ ਬਨਣ ਲਈ ਬੜੇ ਲੇਖਕਾਂ ਨੂੰ ਥਾਪੜਾ ਦਿੱਤਾ, ਪਰ ਨਿੱਤਰਿਆਂ ਕੋਈ ਨਈਂ ਉਹਦੇ ਰੁਮਾਲੀ ਘੋਲ੍ਹ ਸਾਹਮਣੇ। ਉਸਦੇ ਚੇਲੇ-ਚਾਟਕੇ ਤਾਂ ਬੱਸ ਚਸਕੇ ਲੈਣ ਤੱਕ ਹੀ ਸੀਮਤ ਰਹੇ। ਅਤੇ ਅਜਿਹੀਆਂ ਲਿਖਤਾਂ ਲਈ ਪਾਠਕਾਂ ਪਾਸ ਰੱਦੀ ਦੀ ਟੋਕਰੀ ਵੀ ਜ਼ਰੂਰ ਹੁੰਦੀ ਐ।

ਪੰਜ ਨਹੀਂ ਮੈਨੂੰ ਘੱਟੋਂ ਘੱਟ ਪੰਜਾਹ ਤੋਂ ਵੀ ਵੱਧ ਕਹਾਣੀਆਂ ਚੰਗੀਆਂ ਲੱਗਦੀਆਂ ਨੇ। ਏਨੇ। ਕੁ ਨਾ ਸਹੀ, ਏਦੂੰ ਅੱਧੀ ਗਿਣਤੀ ’ਚ ਕਹਾਣੀਕਾਰ ਵੀ ਬੜੇ ਸੁੰਦਰ ਨੇ। ਨਾਮਾ ਦੀ ਸੂਚੀ ਬਣਾ ਕੇ ਦੋਸ਼ੀ ਨਾ ਬਨਣ ’ਚ ਹੀ ਭਲਾ ਐ। ਕਾਰਨ ਏਹ ਕਿ ਸੂਚੀ ’ਚ ਜੇ ਕਿਸੇ ਦਾ ਨਾਮ ਥੋੜਾ ਕੁ ਪਿਛਾਂਹ -ਹੇਠਾਂ ਵਲ੍ਹ ਨੂੰ ਸਰਕ ਗਿਆ, ਉਹਨੇ ਵੱਖ ਨਰਾਜ਼ ਹੋਣਾ। ਸਾਡੇ ਕਹਾਣੀਕਾਰ ਨਾਵਾਂ ਦੀ ਤਰਤੀਬ ਦਾ ਬੜਾ ਧਿਆਨ ਰੱਖਦੇ ਨੇ। ਇਉਂ ਨਾ ਕਰਵਾਉ ਪਿਆਰਿਓ!

ਪਿੰਡ ਦੀ ਕਹਾਣੀ ਨੂੰ ਮਾਨਤਾ ਮਿਲਣ ਦੀ ਗੱਲ ਪੁੱਛੀ ਸੀ, ਹੁਣ ਕਿਸਾਨੀ ਕਹਾਣੀ ਦੇ ਮੁੱਖ ਧਾਰਾ ’ਚ ਬਣੇ ਰਹਿਣ ਬਾਰੇ ਪੁੱਛ ਰਹੇ ਹੈ। ਦੋਨੋ ਪ੍ਰਸ਼ਨ ਜੁੜਦੇ ਹਨ। ਆਰੀਆ ਕਬੀਲਿਆ ਨੇ ਪੰਜਾਬ ਲੰਘ ਕੇ ਗੰਗਾ-ਜ਼ਮਨਾ ਦੇ ਮੈਦਾਨ ਵਿਚ ਮਨੂਵਾਦ-ਬ੍ਰਾਹਮਣਵਾਦ ਤੇ ਜਾਤ-ਪਾਤ ਦਾ ਐਸਾ ਜਾਲ ਵਿਛਾਇਆ, ਕਿ ਜਿਸ ਵਿਚ ਬ੍ਰਾਹਮਣ ਦੀ ਪਦਵੀ ਨੂੰ ਇਕ ਨੰਬਰ ਤੇ ਸਥਾਪਿਤ ਕੀਤਾ ਗਿਆ। ਪਰ ਪੰਜਾਬ ਵਿਚ ਇਉਂ ਨਹੀਂ ਹੋਇਆ। ਇਸ ਦੇ ਕਾਰਨ ਇਤਿਹਾਸਕ ਤੇ ਭੁਗੋਲਿਕ ਹਨ। ਪੰਜਾਬ ਵਿਚ ਜ਼ਿੰਮੀਦਾਰ ਜੋ ਮੁੱਖ ਤੌਰ ਤੇ ਵੈਸ਼-ਜੱਟ ਸੀ ਇਕ ਨੰਬਰ ’ਤੇ ਰਿਹਾ। ਉਸਦੇ ਕਬਾਇਲੀ ਸੁਭਾ ਨੇ ਬ੍ਰਾਹਮਣ ਜਮਾਤ ਨੂੰ ਮੰਗਖਾਣੀ ਜਾਤ ਕਹਿ ਕੇ ਆਪਣੇ ਤੋਂ ਛੋਟਾ ਸਮਝੀ ਰੱਖਿਆ। ਅਰੋੜੇ ਖੱਤਰੀਆਂ ਨੂੰ ਕੁੱਤੇ ਕਰਾੜ ਕਹਿ ਕੇ ਉਹਨਾਂ ਦੀ ਹੇਠੀ ਕੀਤੀ। ਤਰਖਾਣਾ ਲੁਹਾਰਾਂ ਨੂੰ ਵੱਢੀ ਟੁੱਕੀ ਜਾਤ ਤੇ ਚਮਾਰਾ ਨੂੰ ਚੰਮੜੀ ਲਾਹੁਣ ਵਾਲੇ, ਚੰਮ ਦੀ ਬੋਅ। ਇਹ ਹਓਂ ਖੇਤ ਮਾਲਕੀ ਕਾਰਨ ਹੀ ਸੀ। ... ਹੁਣ ਦੇਖੋਂ ਭਾਈ ਜੀ, ਕਹਾਣੀ ਸਾਹਿਤ ਨੇ ਸਮਾਜ ਦੀਆਂ ਉਪਰਦੀਆਂ ਹੇਠਲੀਆਂ ਪਰਤਾਂ ਵਿਚਲੇ ਅੰਤਰ ਵਿਰੋਧਾਂ ਨੂੰ ਹੀ ਆਪਣੇ ਤਾਣੇ-ਬਾਣੇ ’ਚ ਲਿਪੇਟਣਾ-ਬੁਨਣਾ ਹੁੰਦਾ ਹੈ। ਸੋ, ਪ੍ਰੇਮ ਚੰਦ ਦੀ ਕਹਾਣੀ ‘ਸਵਾ ਸੇਰ ਅਨਾਜ਼’ ਦੀ ਉਦਾਰ੍ਹਣ ਦੀ ਸਹਾਇਤਾ ਲੈਂਦਿਆਂ ਕਿਹਾ ਜਾ ਸਕਦਾ ਹੈ ਕਿ ਭਾਰਤ ਦੀਆਂ ਹੋਰਨਾਂ ਬੋਲੀਆਂ ਵਿਚ ਪੰਡਿਤ ਪ੍ਰੋਹਤ ਜਮਾਤ ਨਾਲ ਸੰਬੰਧਤ ਕਹਾਣੀ ਵਿਚ ਹੇਠਲੀਆਂ ਜਮਾਤਾਂ ਦਾ ਵਿਰੋਧ ਹੀ ਮੁੱਖ ਧਾਰਾ ਵਿਚ ਰਿਹਾ ਤੇ ਪੰਜਾਬ ਵਿਚ ਕਿਸਾਨੀ ਨਾਲ ਸੰਬੰਧਤ ਕਹਾਣੀ ਲਿਖਣ ਵਾਲੇ ਨੂੰ ਵੱਧ ਮਾਨਤਾ ਮਿਲਦੀ ਰਹੀ ਹੈ। ਦੂਜਾ ਕਾਰਨ ਕਿਸਾਨੀ ਪੰਜਾਬ ਦੀ ਆਰਥਿਕਤਾ ਦੀ ਮੁੱਖ ਚੂਲ ਰਹੀ ਹੈ। ਕਿਸੇ ਵੀ ਖਿੱਤੇ ਦਾ ਸਾਹਿਤ ਉਸਦੇ ਖਿੱਤੇ ਸਮਾਜਿਕ ਵਰਤਾਰੇ ਦੀ ਘੋਖ ਪੜਤਾਲ ਤੇ ਨਿਰਭਰ ਹੋਵੇਗਾ ਤੇ ਇਹ ਘੋਖ-ਪੜਤਾਲ ਉਸਦੇ ਆਰਥਿਕ ਆਧਾਰ ਨੂੰ ਹਰਗਿਜ਼ ਅੱਖੋਂ-ਪਰੋਖੇ ਨਹੀਂ ਕਰ ਸਕਦੀ।

ਇਹ ਪ੍ਰਸ਼ਨ ਕਹਾਣੀ ਦੇ ਆਲੋਚਕਾਂ ਤੋਂ ਪੁੱਛਦੇ ਤਾਂ ਖ਼ਰੀ ਗੱਲ ਸੀ। ਕਿ ਕੀ ਉਹਨਾਂ ਦਾ ਕਹਾਣੀ ਆਲੋਚਨਾਂ ਦੇ ਸਿਰ ’ਤੇ ਤੋਰੀ ਫੁਲਕਾ ਚੱਲੀ ਜਾਂਦਾ? ਕੀ ਉਹ ਪੰਜਾਬੀ ਲੇਖਣੀ ਤੋਂ ਸਤੁੰਸ਼ਟ ਨੇ ?? ਜੇ ਉਹਨਾਂ ਨੂੰ ਸਤੁੰਸ਼ਟੀ ਹੈ ਤਾਂ ਕਹਾਣੀ ਲੇਖਕ ਵੀ ਸਮਝੇਰਾ ਕਿ ਠੀਕ-ਠਾਕ ਹੀ ਹੈ। ਉਂਞ ਲੇਖਕਾਂ ਦੀ ਪ੍ਰਤੀਨਿੱਧਤਾ ਵਜੋਂ ਮੈਂ ਦਲੀਪ ਕੌਰ ਟਿਵਾਣਾ ਦੀ ਰਾਏ ਸਾਂਝੀ ਕਰਨ ਦੀ ਗੁਸਤਾਖ਼ੀ ਕਰ ਰਿਹਾ। ਉਸਨੇ ਆਰਤੀ ਨਈਅਰ ਨਾਲ ਇੰਟਰਵਿਊ ਕਰਦਿਆਂ ਕਿਹਾ ਸੀ ਕਿ ‘ਇਕ ਤਾਂ ਪੰਜਾਬੀ ਵਿਚ ਵਿਚਾਰਧਾਰਕ ਲੇਖਣੀ ਦੀ ਘਾਟ ਮੈਨੂੰ ਸਤਾਉਂਦੀ ਹੈ, ਦੂਜੇ ਸੰਜੀਦਾ ਤੇ ਮੁਲਵਾਨ ਆਲੋਚਨਾ ਦੀ।”

ਮੈਨੂੰ ਪੰਜਾਬੀ ਆਲੋਚਨਾ ਨੇ ਤਾਂ ਭਾਵੇਂ ਨਜ਼ਰ ਅੰਦਾਜ਼ ਨਹੀਂ ਕੀਤਾ, ਪਰ ਇਕ ‘ਖਾਸ-ਮਾਰਕੇ’ ਦੇ ਆਲੋਚਕਾਂ ਨੇ ਜ਼ਰੂਰ ਅਣਗੋਲਿਆ ਕਰੀ ਰੱਖਿਆ ਹੈ। ਖ਼ਾਸ-ਮਾਰਕੇ ਦੇ ਆਲੋਚਕਾਂ ਤੋਂ ਮੇਰਾ ਭਾਵ ਉਹ ਆਲੋਚਕ ਹਨ ਜਿਹਨਾਂ ਨੂੰ ਆਪਣੇ ਚਹੇਤਿਆਂ ਦੀਆਂ ਕਹਾਣੀਆਂ ਵਿਚ ਸਮਾਜਿਕ ਵਰਤਾਰੇ ਦੀਆਂ ਸਾਰੀਆਂ ਪਰਤਾਂ ਨਜ਼ਰ ਆਉਂਦੀਆਂ ਹਨ। ਕਿਸਾਨੀ ਦੀ ਤ੍ਰਾਸਦੀ ਦੀ ਗੱਲ ਤੁਰੇ ਤਾਂ ਇਹ ਆਲੋਚਕ ਗਿਣੇ ਚੁਣੇ ਕਹਾਣੀਕਾਰਾਂ ਦੀਆਂ ਗਿਣਵੀਆਂ ਚੁਣਵੀਆਂ ਕਹਾਣੀਆਂ ਨੂੰ ਆਧਾਰ ਹੀ ਬਣਾਉਣਗੇ। ਜੇ ਦਲਿਤ ਚੇਤਨਾ ਦੀ ਗੱਲ ਕਰਨੀ ਹੋਵੇ ਤਾਂ ਉਹਨਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਨੂੰ ਹੀ ਮੁੱਖ ਅਧਾਰ ਬਣਾਇਆ ਜਾਂਦਾ ਹੈ। ਜੇ ਗਲੋਬਲ ਚੇਤਨਾ ਜਾਂ ਬੇਗਾਨਗੀ ਵਰਗੇ ਪਚੀਦਾ ਮਸਲੇ ਦੀ ਨਿਸ਼ਾਨਦੇਹੀ ਕਰਨੀ ਹੋਵੇ ਤਾਂ ਫਿਰ ਵੀ ਉਹ ਹੀ ਕਹਾਣੀਕਾਰ ਉਹਨਾਂ ਪੰਜਾਬੀ ਦੇ ‘ਮਹਾਨ-ਆਲੋਚਕਾਂ’ ਲਈ ਉਦਾਰਣ ਬਣਦੇ ਹਨ। ਇਹ ਆਲੋਚਕਾਂ ਦੀ ਸੰਕੀਰਣ ਪਹੁੰਚ ਦਾ ਸਿੱਟਾ ਹੈ ਜਾਂ ਜਾਣ ਬੁਝ ਕੇ ਜਾਂ ਜਾਤ-ਆਧਾਰਤ ਕੀਤੀ ਗਈ ਗੁਸਤਾਖੀ ਹੈ। ਇਹ ਤਾਂ ਉਹੀ ਜਾਨਣ, ਉਂਞ ਇਹਨਾਂ ਦੀ ਇਸ ਪਹੁੰਚ ਦਾ ਨੁਕਸਾਨ ਭਾਵੇਂ ਨਾ ਹੀ ਹੋਇਆ ਹੋਵੇ, ਲਾਭ ਜ਼ਰੂਰ ਹੋਇਆ ਕਈਆਂ ਕਹਾਣੀਕਾਰਾਂ ਨੂੰ। ਉਹਨਾਂ ਕਹਾਣੀ ਲੇਖਕਾਂ ਨੇ ਇਹਨਾਂ ਦੇ ਇਸ ਰਵਈਏ ਕਾਰਨ ਇਹਨਾਂ ਦੇ ਸਿਰ ਚੜ੍ਹ

ਕੇ ਬੋਲਣ ਵਾਲਿਆਂ ਦੀ ਰਚਨਾ ਕੀਤੀ ਹੈ।

ਦੂਜੀਆਂ ਭਾਸ਼ਾਵਾਂ 'ਚ ਪੰਜਾਬੀ ਕਹਾਣੀ ਨੂੰ ਬੜੀ ਮਾਨਤਾ ਐ ਜੀ, ਬਹਿ ਜਾ ਬਹਿ ਜਾ ਹੋਈ ਪਈ ਆ। ਸਾਡੇ ਕਹਾਣੀਕਾਰ ਵੀ 'ਉੱਦਮੀ ਐ' ਬਉਤ। ਆਪੂੰ ਲੱਭ ਲੈਂਦੇ ਆ ਬੰਗਾਲੀ, ਗੁਜਰਾਤੀ, ਹਿੰਦੀ, ਅੰਗਰੇਜ਼ੀ ਭਾਸ਼ਾ ਦੇ ਉਲਥਾਕਾਰ। ਹਿੰਦੀ ਵਾਲੇ ਤਾਂ ਪੰਜਾਬੀ ਕਹਾਣੀ ਆਸਰੇ ਵੱਡੇ ਵੱਡੇ ਅੰਕ ਪ੍ਰਕਾਸ਼ਤ ਕਰਦੇ ਰਹਿੰਦੇ ਨੇ ਆਪਣੇ ਖੇਤਰੀ ਰਸਾਲਿਆ ਦੇ ਵੀ ਤੇ ਨੈਸ਼ਨਲ ਪੱਧਰ ਦੇ ਮੈਗਜ਼ੀਨਾਂ ਦੇ ਵੀ। ਭਾਵੇਂ 'ਕਥਾ' ਵਰਗੇ ਪ੍ਰਤਿਸ਼ਠ ਅੰਕ ਲਈ ਕਈ ਕਈ ਵਰ੍ਹੇ ਪੰਜਾਬੀ ਕਹਾਣੀ 'ਚੋਂ ਕੋਈ ਵੀ ਉਸਦੇ ਪੱਧਰ ਦੇ ਹਾਣ ਦੀ ਨਹੀਂ ਬਣਦੀ। ਜੇ ਬਣਦੀ ਹੀ ਬਣਦੀ ਐ ਤਾਂ ਅੰਗਰੇਜ਼ੀ ਭਾਸ਼ੀ ਉਲਥਾਕਾਰਾਂ ਤੋਂ ਪੰਜਾਬੀ ਦੀ ਸਥਾਨਿਕ ਡਾਇਲੈਕਟ ਉਲਥਾ ਨਹੀਂ ਹੁੰਦੀ। ... ਉਂਝ ਬੜੀ ਚੜਤ ਸੁਣੀਦੀ ਐ ਪੰਜਾਬੀ ਕਹਾਣੀ ਦੀ ਸਿਆਣਿਆਂ ਮੂੰਹੋਂ। ਉਹ ਤਾਂ ਇਸਨੂੰ ਵਿਸ਼ਵ ਪੱਧਰ ਦੀ ਕਹਾਣੀ ਵੀ ਆਖ ਦਿੰਦੇ ਆ ਸੁਣਿਆ, ਇਕ ਵਾਰ ਇਹਨੇ ਦੁਨੀਆਂ ਦੀਆਂ 70 ਭਾਸ਼ਾਵਾਂ ਦੀਆਂ 1200 ਕਹਾਣੀਆਂ 'ਚ ਪਹਿਲਾ ਸਥਾਨ ਵੀ ਹੱਥਿਆ ਲਿਆ ਸੀ। ਫੇਰ ਤਾਂ ਕਹਿਣਾ ਪੈਣਾ ਕਿ ਨਈਂ ਰੀਸਾਂ ਸਾਡੀ ਪੰਜਾਬੀ ਦੀ ਕਹਾਣੀ ਦੀਆਂ!?

## ਮੁਖ਼ਤਿਆਰ ਸਿੰਘ

ਪਹਿਲਾਂ ਲਿਖੀ ਜਾ ਰਹੀ ਕਹਾਣੀ ਸਮੇਂ ਅਨੁਸਾਰ ਲੋਕਾਂ ਦੇ ਸਧਾਰਣ ਜੀਵਨ ਵਾਂਗ ਹੀ ਸਧਾਰਣ ਲਿਖੀ ਗਈ। ਜਿਸ ਤਰ੍ਹਾਂ ਦਾ ਜੀਵਨ ਬਤੀਤ ਹੋ ਰਿਹਾ ਸੀ ਉਸੇ ਨੂੰ ਹੀ ਪੇਸ਼ ਕੀਤਾ ਜਾਂਦਾ ਸੀ। ਉਦੋਂ ਮਨੁੱਖ ਹੁਣ ਵਾਂਗ ਉਲਝਿਆ ਨਹੀਂ ਸੀ ਹੁੰਦਾ। ਜਿਨੀ ਕੁ ਮਨੁੱਖ ਨੇ ਤਰੱਕੀ ਕੀਤੀ ਸੀ, ਉਸ ਵਿਚ ਹੀ ਦੋ ਡੰਗ ਦੀ ਰੋਟੀ ਖਾ ਕੇ ਤਸੱਲੀ ਨਾਲ ਸੌਂ ਜਾਂਦਾ। ਹੁਣ ਵਾਂਗ ਬਹੁਤ ਫਿਕਰ ਨਹੀਂ ਸੀ ਹੁੰਦਾ। ਏਸੇ ਲਈ ਮਨੁੱਖ ਆਪਣੇ ਅੰਦਰ ਬਹੁਤਾ ਨਹੀਂ ਸੀ ਝਾਕਦਾ। ਤੇ ਕਹਾਣੀ ਵੀ ਅੰਦਰਲੀਆਂ ਮਾਨਸਿਕ ਉਲਝਣਾਂ ਵਿਚੋਂ ਨਹੀਂ ਸੀ ਗੁਜਰਦੀ। ਹੁਣ ਵਾਂਗ ਮਨੁੱਖ ਨੂੰ ਬਹੁਤੀ ਭੱਜ ਨੱਠ ਆਪਾ ਧਾਪੀ, ਸਹੂਲਤਾਂ ਨਾ ਹੋਣ ਕਰਕੇ ਕਾਮ ਵੱਲ ਨਹੀਂ ਸੀ ਉਲਾਰ ਹੁੰਦੇ। ਏਹੀ ਕੁਝ ਕਹਾਣੀ 'ਚ ਆਉਂਦਾ ਸੀ ਹੁਣ ਵਾਂਗ ਇਨ੍ਹਾਂ ਤੋਂ ਮੁਕਤ ਸੀ। ਕਾਫੀ ਵੱਖਰੀ ਕਹਿ ਸਕਦੇ ਹਾਂ। ਆਉਣ ਵਾਲੇ ਸਮੇਂ ਵਰਗੀ ਕਹਾਣੀ ਹੁਣ ਲਿਖੀ ਜਾ ਰਹੀ ਕਹਾਣੀ ਤੋਂ ਵੱਖਰੀ ਹੋਏਗੀ ਕਿਉਂਕਿ ਸਮਾਂ ਕਾਫੀ ਬਦਲ ਚੁੱਕਿਆ ਹੋਵੇਗਾ। ਹਰ ਚੀਜ ਪ੍ਰਵਿਰਤਨਸ਼ੀਲ। ਏਸ ਤਰ੍ਹਾਂ ਕਹਾਣੀ ਵੀ।

ਅੱਜ ਦੀ ਕਹਾਣੀ 'ਚ ਤੇਜ਼ੀ ਨਾਲ ਬਦਲੇ ਹੋਏ ਸਮੇਂ ਦੀ ਗੱਲ ਨਵੀਂ ਹੋਣਾ ਸੁਭਾਵਕ ਹੀ ਹੈ। ਸੰਚਾਰ ਸਾਧਨਾ ਤੇ ਆਉਣ ਜਾਣ ਦੇ ਆਮ ਸੌਖ ਵਾਲੇ ਤਰੀਕੇ ਤੇ ਸਾਧਨ ਤੁਹਾਨੂੰ ਕਿਤੇ ਦੇ ਕਿਤੇ ਪਹੁੰਚਾ ਦਿੰਦੇ ਹਨ। ਬਹੁਤੇ ਲੋਕ ਪੜ੍ਹੇ ਲਿਖੇ ਤੇ ਪੈਸੇ ਵਲੋਂ ਸੌਖੇ ਹੋ ਗਏ ਹਨ। ਉਹ ਜੋ ਕੰਮ, ਏਸ ਆੜ 'ਚ ਕਰਦੇ ਹਨ ਉਹ ਹੀ ਅੱਜ ਦੀ ਕਹਾਣੀ 'ਚ ਆ ਰਿਹਾ ਹੈ ਜਿਹੜਾ ਸਾਨੂੰ ਨਵਾਂ ਲੱਗਦਾ ਹੈ ਤੇ ਉਹ ਪੁਰਾਣੀਆਂ ਕਹਾਣੀਆਂ 'ਚ ਹੈ ਨਹੀਂ। ਜਿਹੜੇ ਲੋਕ ਹੁਣ ਵੀ ਥੁੜੇ ਟੁੱਟੇ ਘਟ ਪੜ੍ਹੇ ਹਨ ਉਹ ਤਾਂ ਅੱਜ ਦੀ ਕਹਾਣੀ ਵਿਚ ਕਿਤੇ ਕਿਤੇ ਆਟੇ 'ਚ ਲੂਣ ਵਾਂਗ ਹੀ ਦਿਸਦੇ ਹਨ।

ਜਿਵੇਂ ਜਿਵੇਂ ਵਿਗਿਆਕਨ ਤੌਰ 'ਤੇ ਪੜ੍ਹਾਈ 'ਚ ਸੰਚਾਰ, ਸਹੂਲਤਾਂ ਪ੍ਰਾਪਤ ਕਰਨ, ਦੁਨੀਆਂ ਨਾਲ ਜੁੜਨ 'ਚ ਤਰੱਕੀ ਹੋਈ ਹੈ, ਉਸੇ ਤਰ੍ਹਾਂ ਯਥਾਰਥ, ਕਥਾ ਸਿਲਪ ਭਾਸ਼ਾ ਤੇ ਵਿਸ਼ੇ 'ਚ ਤਰੱਕੀ ਹੋਈ ਹੈ। ਕਹਾਣੀ 'ਚ ਸਾਫ਼ ਝਲਕ ਦੀ ਹੈ। ਜਿਆਦਾ ਪੜ੍ਹਿਆ ਹੋਇਆ ਇਹ ਗੱਲਾਂ ਜਿਆਦਾ ਜਾਣਦਾ ਹੈ ਤੇ ਪਹਿਲਾਂ ਨਾਲੋਂ ਵੱਖਰੇ ਨੁਕਤੇ ਤੋਂ ਸੋਚਕੇ ਲਿਖਦਾ ਹੈ। ਮਾਨਸਿਕ ਕਸਰਤ ਜਿਆਦਾ ਹੈ ਉਹੋ ਹੀ ਕਹਾਣੀ 'ਚ ਆ ਰਿਹਾ ਹੈ। ਆਉਣ ਵਾਲੇ ਦੋ ਦਹਾਕੇ ਦੀ ਕਹਾਣੀ ਹੁਣ ਨਾਲੋਂ ਵੱਖਰੀ ਹੋਵੇਗੀ ਹਰੇਕ ਪੱਖ ਤੋਂ ਪਹਿਲਾਂ ਵੀ ਮਨੁੱਖੀ ਰਿਸ਼ਤਿਆਂ ਦੀ ਕਹਾਣੀਆਂ ਸਨ ਹੁਣ ਸਮੇਂ ਅਨੁਸਾਰ ਆਪਣੇ ਢੰਗ ਨਾਲ ਹਨ।

ਕਿਉਂਕਿ ਉਹ ਪਹਿਲਾਂ ਵਾਲੀ ਸਧਾਰਣਤਾ, ਸਾਹਮਣੇ ਵਾਪਰ ਰਹੀ ਘਟਨਾ ਹੁਣ ਵਾਲੀ ਕਹਾਣੀ 'ਚ ਨਹੀਂ ਦਿਸਦੀ। ਮਨੁੱਖ ਦਾ ਅੰਦਰਲਾ ਘੋਲ ਉਸ ਵੇਲੇ ਨਹੀਂ ਸੀ ਹੁੰਦਾ। ਹੁਣ ਆਮ ਪਾਠਕ ਕਹਾਣੀ ਸਮਝ ਹੀ ਨਹੀਂ ਸਕਦਾ ਕਿ ਮਨੁੱਖੀ ਮਨ ਨੇ ਕਿਸ ਪਾਸੇ ਨੂੰ ਤਿਲਕ ਜਾਣਾ ਹੈ। ਜਿਵੇਂ ਸਾਹਮਣੇ ਦਿਸ ਰਿਹਾ ਨਾਟਕ ਦੇਖਣ ਵਾਲਿਆਂ ਨੂੰ ਸਿਧਾ ਹਿਟ ਕਰਦਾ ਹੈ ਏਸੇ ਲਈ ਉਹ ਨਿੱਗਰ ਲੱਗਦਾ ਹੈ।

ਰਹੀ ਗੱਲ ਦੇਸ਼ ਵੰਡ ਅਤੇ ਪੰਜਾਬ ਸੰਕਟ ਦੀ ਅਸੀਂ ਇਹੋ ਜਿਹੇ ਜਨੂੰਨੀਆਂ ਬਾਰੇ ਬਹੁਤ ਕੁਝ ਲਿਖ ਹੀ ਨਹੀਂ ਸਕਦੇ। ਕਿਸ ਧਿਰ ਦਾ ਪੱਖ ਲਉਗੇ? ਦੂਜਾ ਨਰਾਜ ਤੇ ਉਸ ਪਾਸੇ ਉਲਾਰ ਦਿੱਸਣ ਲੱਗ ਪੈਂਦੇ ਹਨ। ਸੋ ਇਹੋ ਜਿਹੇ ਜਨੂੰਨ ਬਾਰੇ ਤਾਂ ਥੋੜਾ ਹੀ ਲਿਖਿਆ ਜਾ ਸਕਦਾ ਹੈ ਕਿਉਂਕਿ ਬਹੁਤਿਆਂ ਦਾ ਲਿਖਿਆ ਆਪਾਂ ਨੂੰ ਹਜ਼ਮ ਨਹੀਂ ਹੁੰਦਾ।



ਤੁਸੀਂ ਆਪਣੇ ਆਪਣੇ ਘਰ 'ਚ ਹੀ ਦੇਖੋ ਤਿੰਨ ਪੀੜ੍ਹੀਆਂ ਕਦੇ ਵੀ ਇਕ ਸੁਰ 'ਚ ਨਹੀਂ ਆਉਂਣਗੀਆਂ। ਅੱਜ ਦਾ ਬੰਦਾ ਸਮੇਂ ਅਨੁਸਾਰ ਉਪਰਲੀਆਂ ਦੋਹਾਂ ਪੀੜ੍ਹੀਆਂ ਨੂੰ ਕਹੇਗਾ, "ਮੈਨੂੰ ਤੁਹਾਡੇ ਨਾਲੋਂ ਵੱਧ ਅਕਲ ਹੈ।" ਪਰ ਉਪਰਲੀਆਂ ਦੋਵੇਂ ਪੀੜ੍ਹੀਆਂ ਕਹਿਣਗੀਆਂ ਕਾਕਾ ਜਿਹੜੀ ਗੱਲ ਤੁਹਾਡੇ ਦਿਲ 'ਚ ਹੈ ਉਹ ਸਾਡੇ ਨੌਂਹਾਂ 'ਚ ਹੈ।" ਇਹੋ ਆਪਣੀ ਆਪਣੀ ਸੋਚ ਦਾ ਅੰਤਰ ਹੈ।

ਸਮਾਜ 'ਚ ਜੋ ਕੁਝ ਅਸੀਂ ਦੇਖ ਦੇ ਮਹਿਸੂਸ ਕਰਦੇ ਹਾਂ। ਜੋ ਸਾਨੂੰ ਮਾੜਾ ਚੰਗਾ ਲੱਗਦਾ ਹੈ ਉਸ ਦੇ ਮਨ ਅੰਦਰ ਉਥਲ-ਪੁਥਲ ਹੁੰਦੀ ਹੈ। ਤੇ ਚਾਹੁੰਦੇ ਹਾਂ ਇਹੋ ਕੁਝ ਲਿਖਿਆ ਜਾਵੇ ਜੋ ਆਉਣ ਵਾਲੇ ਸਮੇਂ 'ਚ ਸਮਾਜਕ ਤੇ ਮਨੁੱਖ ਦੀ ਮਨੋਸਥਿਤੀ ਦੇਖੀ ਜਾ ਸਕੇ।

ਮੈਂ ਨਵੀਂ ਤੇ ਵੱਖਰੀ ਗੱਲ ਕਰਨ ਦਾ ਦਾਵਾ ਤਾਂ ਨਹੀਂ ਕਰਦਾ ਪਰ ਕੋਸ਼ਿਸ਼ ਜ਼ਰੂਰ ਕੀਤੀ ਹੈ ਕਿ ਨਿਮਨ ਵਰਗ ਦਾ ਹੁੰਦਾ ਸ਼ੋਸ਼ਣ ਚਾਹੇ ਕਿਸੇ ਜਮਾਤ ਤੋਂ ਹੁੰਦਾ ਹੋਵੇ ਮੇਨ ਧੁਰਾ ਰਿਹਾ ਹੈ। ਇਹ ਜਾਣ ਬੁਝ ਕੇ ਨਹੀਂ ਸੁਭਾਵਕ ਹੀ ਮੇਰੀ ਸੋਚ ਰਹੀ ਹੈ। ਪਹਿਲੀ ਕਹਾਣੀ ਹੀ 'ਚੀਸ' ਵਿਚਲਾ ਚਾਨਣ ਸਾਂਝੀ ਸੀਰੀ ਰਲਿਆ ਕਿਵੇਂ ਜ਼ਿਮੀਦਾਰ ਦੀਆਂ, ਮੀਂਹ ਪੈਂਦੇ 'ਚ ਖੰਦਕਾਂ ਪੁੱਟਦਾ ਹੈ ਤੇ ਜੱਟ ਉਸ ਦਾ ਕਿਵੇਂ ਸ਼ੋਸ਼ਣ ਕਰਦਾ ਹੈ ਦਾਰੂ ਪਿਲਾ ਕੇ। 'ਤੀਜਾ ਪਹਿਰ' ਵਿਚ ਜੱਟਾਂ ਦਾ ਕਿਵੇਂ ਸ਼ੋਸ਼ਣ ਹੁੰਦਾ ਹੈ ਕੁਦਰਤ ਵੀ ਸਾਥ ਨਹੀਂ ਦਿੰਦੀ ਕਣਕ ਦੀ ਸਾਰੀ ਧੜ ਹੀ ਉਡਾ ਕੇ ਲੈ ਜਾਂਦੀ ਹੈ। ਅਤੇ ਹੁਣ ਗੰਢ ਪਰਾਏ ਹੱਥ' ਵਿਚ ਕਿਵੇਂ ਸਾਂਝੀ ਸੀਰੀ ਦੀ ਥਾਂ ਭਈਆਂ ਨੇ ਲੈ ਲਈ ਹੈ। ਆਪਸੀ ਸਾਂਝ ਟੁਟ ਗਈ ਹੈ। ਭਈਏ ਨੂੰ ਸਾਂਝੀ ਵਾਂਗ ਸਿਰ ਜੋੜ ਕੇ ਪੰਡ ਬੰਨਣੀ ਹੀ ਨਹੀਂ ਆਉਂਦੀ। ਮੈਂ ਕੋਸ਼ਿਸ਼ ਇਹੋ ਕੀਤੀ ਹੈ ਕਿ ਨਿਮਨ ਵਰਗ ਦਾ ਹੋ ਰਿਹਾ ਦੁਰਵਿਵਹਾਰ ਦਿਖਾਇਆ ਜਾਵੇ। ਮੈਨੂੰ ਪਤਾ ਸੀ ਕਿ ਦੇਹ ਵਾਦ ਵਾਸਤੇ ਤਾਂ ਕਈ ਕਹਾਣੀਕਾਰ ਆਪਣੇ ਮਨ ਦਾ ਕਥਾਰਸਿਸ ਕਰ ਰਹੇ ਨੇ। ਤੇ ਮੈਂ ਏਸ ਤੋਂ ਕਾਫੀ ਦੂਰ ਰਿਹਾ ਤੇ ਰਹਿਣਾ ਚਾਹੁਦਾ ਸੀ। 'ਲੁੱਕ 'ਚ ਫਸੇ ਪੈਰ' ਕਹਾਣੀ 'ਚ ਹਰ ਵਰਗ ਦਾ ਬੰਦਾ ਉਸ ਕਤੂਰੇ ਵਾਂਗ ਲੁੱਕ 'ਚ ਫਸਿਆ ਪਿਆ ਹੈ ਆਰਥਿਕ ਤੌਰ 'ਤੇ ਅਤੇ ਮਾਨਸਿਕ ਤੌਰ ਤੇ। ਉਹਨਾਂ ਪਾਤਰਾਂ ਨੂੰ ਦੇਹ ਵਾਦ ਦਾ ਖਿਆਲ ਹੀ ਨਹੀਂ ਆਉਂਦਾ। ਏਸੇ ਕਰਕੇ ਮੇਰੀਆਂ ਕਹਾਣੀਆਂ ਅਕਾਊ ਹਨ ਤੇ ਚੁਰਚੁਰੀਆਂ ਨਹੀਂ ਹਨ। ਬਾਕੀ ਪਾਠਕਾਂ ਨੂੰ ਪਤਾ ਹੈ। ਮੈਂ ਆਪਣੇ ਮਿਸ਼ਨ 'ਚ ਕਿਥੋਂ ਤੱਕ ਸਫਲ ਹੋਇਆ ਹਾਂ।

ਕਈ ਤਾਂ ਆਪਣੇ ਆਪ ਨੂੰ ਵੱਖਰਾ ਕੁਝ ਕਰ ਦਿਖਾਉਣ ਲਈ ਇਹ ਰਾਹ ਤੁਰਦੇ ਹਨ। ਔਰਤ ਮਰਦ ਦੀ ਮਾਨਸਿਕ ਕਮਜ਼ੋਰੀ ਨੂੰ ਵਰਤਨ ਲਈ ਲਿਖਦੇ ਹਨ। ਸੈਕਸ ਇੱਕ ਅਜੇਹੀ ਸ਼ੈਅ ਹੈ, ਕਿਸੇ ਵੀ ਕਿਸਮ ਦੀ ਕੋਈ ਸੈਕਸ ਬਾਰੇ ਗੱਲ ਕਰੇ ਤਾਂ ਉਹ ਬਾਕੀ ਸਾਰੇ ਦੁਨੀਆਂ ਦੇ ਕੰਮ ਛੱਡ ਕੇ ਏਸ ਪਾਸੇ ਪਹਿਲਾਂ ਧਿਆਨ ਦਏਗਾ। ਬੱਸ ਇਹੋ ਕੁਝ ਲਿਖ ਕੇ ਉਹ ਪਾਠਕਾਂ ਦਾ ਧਿਆਨ ਮੰਗਦੇ ਨੇ ਤੇ ਰੱਜੇ ਪੁੱਜੇ ਹੋਰ ਕੋਈ ਜ਼ਿੰਦਗੀ ਦੀਆਂ ਲੋੜਾਂ ਉਹ ਪੂਰੀਆਂ ਕਲ ਲੈਂਦੇ ਹਨ ਤੇ ਔਰਤ-ਮਰਦ ਦੇ ਰਿਸ਼ਤਿਆਂ ਦੀਆਂ ਮਾਨਸਿਕ ਗੁੰਝਲਾਂ ਖੋਲਣ ਬਹਿ ਜਾਂਦੇ ਨੇ। ਮਹਿੰਗਾਈ ਜਿਥੇ ਮਰਜੀ ਜਾਵੇ। ਲੋਕ ਚਾਹੇ ਭੁੱਖੇ ਮਰਨ ਤੇ ਜੋ ਕੁਝ ਮਰਜੀ ਹੋਈ ਜਾਵੇ ਉਹਨਾਂ ਨੂੰ ਏਸ ਨਾਲ ਕੋਈ ਸਰੋਕਾਰ ਨਹੀਂ। ਸਮੇਂ ਦੀ ਇਹ ਕੋਈ ਲੋੜ ਨਹੀਂ ਹੈ। ਚਾਰ ਦਿਨ ਚਮਕਣ ਦਾ ਚਾਅ ਹੈ।

ਪਿੰਡ ਦੀ ਕਹਾਣੀ ਏਸ ਲਈ ਚਰਚਾ 'ਚ ਰਹਿੰਦੀ ਹੈ ਕਿਉਂਕਿ ਲਿਖਣ ਵਾਲਿਆਂ ਦਾ ਪਿਛੋਕੜ ਪਿੰਡ ਦਾ ਹੀ ਹੈ। ਸ਼ਹਿਰ ਵੀ ਪਿੰਡਾਂ 'ਚੋਂ ਉੱਠ ਕੇ ਆਏ ਲੋਕਾਂ ਨੇ ਵਸਾਏ ਹੋਏ ਨੇ। ਉਹ ਸ਼ਹਿਰ ਨਾਲ ਜੁੜ ਹੀ ਨਹੀਂ ਸਕੇ। ਉਹਨਾਂ ਦਾ ਬਚਪਨ ਪਿੰਡ 'ਚ ਹੀ ਬੀਤਿਆ ਹੈ ਉਥੋਂ ਦੀ ਹੀ ਯਾਦ ਸਤਾਉਂਦੀ ਰਹਿੰਦੀ ਹੈ। ਬਾਕੀ ਬਹੁਤੀ ਵਸੋਂ ਪਿੰਡਾਂ 'ਚ ਹੀ ਹੈ ਤੇ ਉਹਨਾਂ ਨੂੰ ਸਹੂਲਤਾਂ ਦੀ ਘਾਟ ਹੁੰਦੀ ਹੈ। ਉਹਨਾਂ ਦੀਆਂ ਮੁਸ਼ਕਲਾਂ ਬਾਰੇ ਲਿਖਣਾ ਚੰਗਾ ਲੱਗਦਾ ਹੈ ਤੇ ਹਮਦਰਦੀ ਪੈਦਾ ਹੁੰਦੀ ਹੈ। ਸ਼ਹਿਰੀ ਜ਼ਿੰਦਗੀ ਬਾਰੇ ਜਿਨਾ ਮਰਜੀ ਜ਼ੋਰ ਲਾ ਲਓ ਲਿਖਣ ਦਾ ਪਰ ਕਿਸੇ ਨਾ ਕਿਸੇ ਕਾਰਨ ਪਾਤਰਾਂ ਦੀ ਤੰਦ ਪਿੰਡ ਨਾਲ ਜਾ ਜੁੜਦੀ ਹੈ।

ਨਹੀਂ ਕਹਾਣੀ ਦਿਨ ਪਰ ਦਿਨ ਨਿਖ਼ਰ ਰਹੀ ਹੈ। ਸਾਰਿਆ ਨਾਲੋਂ ਵੱਧ ਕਹਾਣੀ ਹੀ ਪੜ੍ਹੀ ਜਾਂਦੀ ਹੈ। ਫਿਰ ਖੜੋਤ ਕਿਥੇ ਹੈ?

ਮਨਮੋਹਨ ਬਾਵਾ ਨੇ ਇਤਿਹਾਸ ਵਿਚੋਂ ਪਾਤਰ ਲੈ ਕੇ ਵਿਸ਼ੇ ਤਕਨੀਕ ਅਤੇ ਪੇਸ਼ਕਾਰੀ ਦੀ ਪੰਜਾਬੀ ਕਹਾਣੀ 'ਚ ਨਵੀਂ ਪਿਰਤ ਪਾਈ ਹੈ ਜੋ ਉਸ ਕੋਲ ਉਸ ਦੀ ਮੁਹਾਰਤ ਹੈ। ਪ੍ਰੇਮ ਪ੍ਰਕਾਸ਼ ਨੇ ਵੱਖਰੇ ਦ੍ਰਿਸ਼ਟੀਕੋਣ ਤੋਂ ਔਰਤ ਤੇ ਮਰਦ ਰਿਸ਼ਤਿਆਂ ਨੂੰ ਦੇਖਿਆ ਹੈ। ਏਸੇ ਤਰ੍ਹਾਂ ਕਿਰਪਾਲ ਕਜ਼ਾਕ, ਦਲਬੀਰ ਚੇਤਨ, ਪ੍ਰੇਮ ਗੋਰਖੀ, ਗੁਰਬਚਨ ਸਿੰਘ ਭੁੱਲਰ, ਗੁਰਪਾਲ ਲਿੱਟ, ਸਾਰੇ ਕਹਾਣੀਕਾਰ ਹਨ।

ਆਲੋਚਨਾ ਵਿੱਚ ਖੜੋਤ ਤਾਂ ਨਹੀਂ ਕਹਿ ਸਕਦੇ ਸਾਰੇ ਨਵੇਂ ਪੁਰਾਣੇ ਆਪਣੀ ਆਪਣੀ ਸਮਰੱਥਾ ਅਨੁਸਾਰ ਆਪਣੀ ਡੁਗਡੁਗੀ ਬਜਾ ਹੀ ਰਹੇ ਨੇ। ਅਸਲ 'ਚ ਉਹਨਾਂ ਦੀ ਮਜ਼ਬੂਰੀ ਹੈ ਕਈ

ਪਾਸੇ ਉਹ ਭੱਜੇ ਫਿਰਦੇ ਨੇ। ਬਾਹਰਲੇ ਮੁਲਕਾਂ ਦੇ ਗੇੜੇ ਵੀ ਵੱਜਣ ਤੇ ਫੇਰਾ ਤੋਰਾ ਵੀ ਹੋਵੇ। ਗੰਭੀਰ ਘੱਟ ਤੋਂ ਘੱਟ ਹੋਇਆ ਸਰ ਜਾਵੇ। ਉਹ ਵੀ ਆਪਣਾ ਟੀਚਾ ਮਿਥ ਲੈਂਦੇ ਹਨ ਕਿ ਫਲਾਂ ਫਲਾਂ ਲੇਖਕਾਂ ਤੱਕ ਹੀ ਸੀਮਤ ਰਹਿਣਾ ਹੈ। ਜਿਹੜੇ ਆਪਣੇ ਆਪ ਨੂੰ ਫਨੇਖ਼ਾਨ ਆਲੋਚਕ ਕਹਾਉਂਦੇ ਨੇ ਉਹ ਥੋੜ੍ਹੇ ਜਿਹੇ ਪੈਰ ਖਿਚਾਉਂਦੇ ਨੇ।

ਮੇਰੇ ਖਿਆਲ ਰੱਦ ਤਾਂ ਕੋਈ ਨਹੀਂ ਸਕਦਾ। ਇਸ ਦਾ ਤੁਹਾਨੂੰ ਜਿਆਦਾ ਪਤਾ ਹੋਵੇਗਾ। ਗੁਟਬੰਦੀ ਦਾ ਸ਼ਿਕਾਰ ਭਾਵੇਂ ਕੋਈ ਹੁੰਦਾ ਹੋਵੇ ਇਹ ਮੈਂ ਕਹਿ ਨਹੀਂ ਸਕਦਾ। ਪਰ ਜਿਥੋਂ ਤੱਕ ਮੇਰਾ ਖਿਆਲ ਹੈ। ਪ੍ਰੇਮ ਪ੍ਰਕਾਸ਼ ਤੱਕ ਕੋਈ ਪਹੁੰਚ ਹੀ ਨਹੀਂ ਸਕਿਆ। ਉਹ ਪਹਿਲਾਂ ਹੀ ਉਲਾਰ ਹੋ ਜਾਂਦੇ ਹਨ। ਜਾਂ ਪ੍ਰੇਮ ਪ੍ਰਕਾਸ ਤੋਂ ਵੀ ਅਗੇ ਨਿਕਲ ਜਾਂਦੇ ਹਨ। ਇਹ ਤਾਂ ਅੱਜ ਤੋਂ ਦਸ ਸਾਲ ਬਾਅਦ ਆਪੇ ਪਤਾ ਲੱਗ ਜਾਵੇਗਾ।

ਕਿਉਂਕਿ ਸਭ ਤੋਂ ਵੱਧ ਹੱਢ ਭੰਨਵੀਂ ਮਿਹਨਤ ਕਿਸਾਨ ਨੂੰ ਹੀ ਕਰਨੀ ਪੈਂਦੀ ਹੈ। ਉਹ ਹੀ ਸਾਰੇ ਜਗਤ ਨੂੰ ਅੰਨ ਪੈਦਾ ਕਰ ਕੇ ਦਿੰਦਾ ਹੈ। ਸਾਰੇ ਕਿਸਮ ਦੇ ਲੋਕ ਕਿਸਾਨ ਨਾਲ ਜੁੜੇ ਹੋਏ ਹਨ। ਉਹਨਾਂ ਨਾਲ ਅੱਟੁਟ ਸਾਂਝ ਹੈ ਅਤੇ ਬਹੁ-ਗਿਣਤੀ ਕਿਸਾਨ ਦੀ ਹੈ। ਇਸ ਲਈ ਉਹਨਾਂ ਦੀਆਂ ਮੁਸਕਲਾਂ ਵੀ ਵੱਧ ਹਨ।

ਆਲੋਚਨਾ ਆਪਣੇ ਆਪਣੇ ਢੰਗ ਨਾਲ ਹੋ ਰਹੀ ਹੈ। ਇਸ ਬਾਰੇ ਮੈਂ ਬਹੁਤਾ ਸੋਚਿਆ ਨਹੀਂ ਉਹਨਾਂ ਦਾ ਆਪਦਾ ਕੰਮ ਹੈ ਮੈਂ ਆਪਣਾ ਕੰਮ ਕਰ ਰਿਹਾ ਹਾਂ। ਜਿਵੇਂ ਬਹੁਤਿਆਂ ਨੂੰ ਭੁਲੇਖਾ ਹੈ ਕਿ ਯੂਨੀਵਰਸਿਟੀਆਂ ਵਿੱਚ ਜੋ ਲੇਖਕ ਬੈਠਾ ਹੈ ਉਹ ਆਲੋਚਕਾਂ ਦੇ ਨੇੜੇ ਹੋਵੇਗਾ। ਪਰ ਮੈਨੂੰ ਪਤਾ ਹੈ ਉਥੇ ਕੀ ਕੜੀ ਘੋਲੀ ਜਾਂਦੀ ਹੈ। ਸ਼ੁਰੂ ਵਿੱਚ ਹੀ ਮੈਂ ਦੇਖ ਲਿਆ ਸੀ ਏਸ ਲਈ ਮੈਂ ਕੋਈ ਬਗੈਰ ਦਫ਼ਤਰੀ ਕੰਮ ਤੋਂ ਕਦੇ ਪੰਜਾਬੀ ਵਿਭਾਗ ਜਾਂ ਉਹਨਾਂ ਆਲੋਚਕਾਂ ਕੋਲ ਨਹੀਂ ਸੀ ਗਿਆ। ਉਹ ਚਾਹੁੰਦੇ ਸੀ ਕੋਈ ਆਵੇ ਤੇ ਖ਼ੁਸਾਮਦ ਕਰੇ। ਮੈਂ ਸਿਰਫ ਇਕ ਦੋ ਮਿੱਤਰਾਂ ਕੋਲ ਹੀ ਜਾਂਦਾ ਸੀ ਜੋ ਮੈਨੂੰ ਸਹੀ ਲੱਗਦੇ ਸਨ। ਉਥੇ ਸੈਮੀਨਾਰਾਂ ਵਿੱਚ ਜੋ ਕੁਝ ਹੁੰਦਾ ਸੀ ਉਹ ਵੀ ਦੇਖਿਆ ਹੈ। ਉਹਨਾਂ ਦੇ ਦਿਮਾਗ 'ਚ ਟੀਚਿੰਗ ਤੇ ਨਾਨ ਟੀਚਿੰਗ ਦਾ ਪੇੜਾ ਆ ਜਾਂਦਾ ਸੀ। ਜਿਸ ਦੀ ਮੈਂ ਪਰਵਾਹ ਨਹੀਂ ਕੀਤੀ। ਇਹੋ ਹਾਲ ਸਾਰੇ ਆਲੋਚਕਾਂ ਦਾ ਹੈ। ਪਰ ਪਹਿਲਾਂ ਲੇਖਕ ਵੱਡਾ ਹੈ ਫਿਰ ਆਲੋਚਕ। ਆਪਾਂ ਨੂੰ ਕੀ ਕਿਸੇ ਦੀ ਪਰਵਾਹ।

ਮੈਂ ਉਹਨਾਂ ਵੱਲ ਧਿਆਨ ਹੀ ਨਹੀਂ ਦਿੱਤਾ। ਆਲੋਚਕ ਹੀ ਆਪ ਦੱਸਣ ਉਹਨਾਂ ਨੇ ਮੇਰੇ ਬਾਰੇ ਕੀ ਸੋਚਿਆ ਹੈ।

ਮੈਨੂੰ ਤਾਂ ਕੋਈ ਲਾਭ ਨਹੀਂ ਦਿਸਦਾ। ਪਰ ਗੁਰਸ਼ਨਨ ਭਾਅ ਨੇ ਜਦੋਂ ਮੇਰੀ ਪਹਿਲੀ ਕਿਤਾਬ 'ਲੁੱਕ 'ਚ ਫਸੇ ਪੈਰ' ਛਾਪੀ ਸੀ ਤਾਂ ਹਰ ਲੇਖਕ ਮੈਨੂੰ ਜਾਨਣ ਲੱਗ ਗਿਆ ਸੀ ਤੇ ਇਜੱਤ ਨਾਲ ਬੁਲਾਉਂਦਾ ਸੀ। ਹੁਣ ਤੱਕ ਹਰ ਵਰਗ ਦੇ ਲੇਖਕਾਂ ਆਲੋਚਕਾਂ ਵਲੋਂ ਮੈਨੂੰ ਪਿਆਰ ਮਿਲਦਾ ਆਇਆ ਹੈ।

ਹਿੰਦੀ ਵਾਲਿਆਂ ਨੇ ਪੰਜਾਬੀ ਕਹਾਣੀ ਦੇ ਅੰਕ ਤੇ ਕਿਤਾਬਾਂ ਨੂੰ ਹਿੰਦੀ ਵਿੱਚ ਛਾਪਿਆ ਹੈ। ਬਾਕੀ ਭਾਸ਼ਾਵਾਂ ਵਾਲੇ ਹੀ ਦੱਸ ਸਕਦੇ ਹਨ ਕਿ ਕਿੰਨੀ ਕੁ ਮਾਨਤਾ ਮਿਲੀ ਹੈ। ਵੈਸੇ ਚਰਚਾ ਤਾਂ ਕਾਫੀ ਚਲਦੀ ਰਹਿੰਦੀ ਹੈ

## ਜੋਗਿੰਦਰ ਸਿੰਘ ਨਿਰਾਲਾ

ਪਹਿਲੀ ਗੱਲ ਤਾਂ ਇਹ ਕਿ ਸਮਕਾਲੀ ਪੰਜਾਬੀ ਕਹਾਣੀ ਵਿਸ਼ਲੇਸ਼ਣ/ ਵਿਸ਼ੇਸ਼ਣ ਹੀ ਭਰਮ ਉਪਜਾਊ ਹੈ। ਕਹਾਣੀ ਹਮੇਸ਼ਾ ਸਮਕਾਲੀਨ ਨਾਲ ਹੀ ਜੂਝਦੀ ਰਹੀ ਹੈ। ਹਾਂ ਇਹ ਜ਼ਰੂਰ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ ਕਿ ਕਹਾਣੀ ਹਮੇਸ਼ਾ ਬਦਲਦੀ ਰਹੀ ਹੈ ਆਪਣੇ ਪੁਰਾਣੇ ਕੱਪੜੇ ਉਤਾਰ ਕੇ ਨਵੇਂ ਪਾਉਂਦੀ ਰਹੀ ਹੈ।

ਅੱਜ ਦੀ ਕਹਾਣੀ ਤੋਂ ਕੀ ਭਾਵ ਹੈ, ਇਸਦੀ ਥਾਂ 'ਤੇ ਅਜੋਕੀ ਜਾਂ ਅੱਜ ਕੱਲ੍ਹ ਦੀ ਵਰਤਿਆ ਜਾ ਸਕਦਾ ਸੀ, ਖ਼ੈਰ ਤੁਹਾਡਾ ਭਾਵ ਲਿਖੀ ਜਾ ਰਹੀ ਕਹਾਣੀ ਤੋਂ ਹੈ, ਨਵੇਂ ਕਹਾਣੀਕਾਰ ਸਾਰੇ ਨਹੀਂ, ਲੇਕਿਨ ਕਹਾਣੀਕਾਰਾਂ ਦੀ ਇੱਕ ਪੀੜ੍ਹੀ (ਵਰਗ) ਜ਼ਰੂਰ ਗੱਲਾਂ ਦੀਆਂ ਅੰਤਰੀਵ ਤਹਿਆਂ ਤੱਕ ਪੁੱਜਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਉਸ ਬਾਰੇ ਵੀ ਅਜੇ ਕੋਈ ਪੱਕੀ ਰਾਇ ਨਹੀਂ ਬਣਾਈ ਜਾ ਸਕਦੀ ਕਿ ਉਂਜ਼ ਇਨ੍ਹਾਂ ਨੇ ਜੋ ਕੁੱਝ ਚੰਗਾ ਲਿਖਿਆ ਤਾਂ ਹਲਕਾ ਵੀ ਲਿਖਿਐ।

ਲਹਿਰਾਂ ਦ੍ਰਿਸ਼ਟੀਆਂ ਜਾਂ ਦ੍ਰਿਸ਼ਟੀਕੋਣਾਂ ਤੋਂ ਪ੍ਰਭਾਵਿਤ ਹੋ ਕੇ ਜਿਹੜੀਆਂ ਕਹਾਣੀਆਂ ਲਿਖੀਆਂ ਗਈਆਂ ਉਹ ਸਮੇਂ ਦੀ ਧੂੜ ਵਿੱਚ ਗੁਆਚ ਗਈਆਂ। ਤੀਜੀ ਪੀੜ੍ਹੀ ਦੇ ਬਹੁਤ ਸਾਰੇ



ਕਹਾਣੀਕਾਰ ਏਦਾਂ ਕਰਦੇ ਰਹੇ, ਜੇ ਪ੍ਰਗਤੀਵਾਦ ਦਾ ਦੌਰ ਹੈ ਤਾਂ ਪ੍ਰਗਤੀਵਾਦੀ ਲਿਖੀਆਂ, ਜੇ ਬੰਗਲਾ ਦੇਸ਼ ਦੀ ਲਹਿਰ ਹੈ ਤਾਂ ਬੰਗਲਾ-ਦੇਸ਼ ਬਾਰੇ ਹੀ ਕਹਾਣੀ ਸੰਗ੍ਰਹਿ ਛਾਪੇ, ਜੇ ਫੇਰ 1984 ਦੀ ਸਿੱਖ ਲਹਿਰ ਚੱਲੀ ਤਾਂ ਉਸੇ ਰੰਗ ਦੀਆਂ ਕਹਾਣੀਆਂ ਲਿਖੀਆਂ ਇਸੇ ਤਰ੍ਹਾਂ ਹੀ ਨਵੇਂ ਉੱਠ ਰਹੇ ਕਹਾਣੀ ਲੇਖਕਾਂ ਦਾ ਹਾਲ ਹੈ, ਹੁਣ ਜੇ ਸੈਕਸ ਬਾਰੇ ਦਲਿਤ ਬਾਰੇ, ਔਰਤ ਦੀ ਆਜ਼ਾਦੀ ਬਾਰੇ ਭਰੂਣ ਹੱਤਿਆ ਬਾਰੇ, ਲੁੰਪਨ ਪਾਤਰਾਂ ਬਾਰੇ, ਮਨੋਰੋਗੀਆਂ ਜਾਂ ਪੀੜ੍ਹੀ-ਪਾੜੇ ਬਾਰੇ। ਇਸ ਕਥਨ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ ਕਿ ਨਿੱਗਰਤਾ ਨਹੀਂ ਹੈ। ਹਰ ਦੌਰ ਵਿੱਚ ਪੰਜਾਬੀ ਵਿੱਚ ਚੰਗੀਆਂ ਮਾੜੀਆਂ ਕਹਾਣੀਆਂ ਸਾਹਮਣੇ ਆਉਂਦੀਆਂ ਹਨ।

ਕੋਈ ਵੀ ਲੇਖਕ ਆਪਣੇ ਆਪ ਨੂੰ ਪਿਛਾਂਹ ਖਿੱਚੂ, ਮਾਨਵ ਵਿਰੋਧੀ ਨਹੀਂ ਕਹਾਉਂਦਾ, ਸਾਰੇ ਆਪਣੇ ਲਿਖਣ-ਉਦੇਸ਼ ਬਾਰੇ ਜਾਗਰੂਕ ਹੁੰਦੇ ਹਨ ਫੇਰ ਵੀ ਚੇਤੰਨ ਹੋ ਕੇ ਜਦੋਂ ਕੋਈ ਲਿਖਦਾ ਹੈ ਤਾਂ ਵਿਚਾਰ ਆਰੋਪਤ ਹੋ ਜਾਂਦਾ ਹੈ। ਮੈਂ ਹਮੇਸ਼ਾ ਇਹੋ ਕੋਸ਼ਿਸ਼ ਕਰਦਾ ਹਾਂ ਕਿ ਕਹਾਣੀ ਲੋਕਾਂ ਲਈ ਹੋਵੇ, ਪਰ ਇਹ ਮੈਨੂੰ ਵੀ ਚੰਗੀ ਲੱਗੇ। ਹਰੇਕ ਲੇਖਕ ਇਕੋ ਸਮੇਂ ਪਾਠਕ ਵੀ ਅਤੇ ਆਲੋਚਕ ਵੀ ਹੁੰਦਾ ਹੈ।

ਔਰਤ-ਮਰਦ ਦੇ ਸੰਬੰਧ ਹਮੇਸ਼ਾ। ਚਿਰਕਾਲ ਤੋਂ ਹੀ ਸਾਹਿਤ ਦਾ ਵਿਸ਼ਾ ਰਿਹਾ ਹੈ, ਇਸ ਦੇ ਸੰਬੰਧ ਇੰਨੇ ਜਟਿਲ ਗੁੰਝਲਦਾਰ ਅਤੇ ਦਵੰਦਮਈ ਹੁੰਦੇ ਹਨ ਕਿ ਇਹਨਾਂ ਦੀਆਂ ਜਿੰਨੀਆਂ ਵੀ ਪਰਤਾਂ ਫਰੋਲੀਆਂ ਜਾਣ ਘੱਟ ਹਨ। ਫੇਰ ਵੀ ਇਨ੍ਹਾਂ ਨੂੰ ਮਹਿਜ਼ ਵਰਜਿਤ ਰਿਸ਼ਤਿਆਂ ਤੱਕ ਹੀ ਸੀਮਤ ਨਹੀਂ ਕੀਤਾ ਜਾ ਸਕਦਾ। ਅਜੋਕੀ ਪੰਜਾਬੀ ਕਹਾਣੀ ਵਿਚ ਇਹ ਸੰਬੰਧ ਫ਼ੈਸ਼ਨ ਵਜੋਂ ਵੀ ਅਤੇ ਸਮੇਂ ਦੀ ਲੋੜ ਵਜੋਂ ਵੀ ਪੇਸ਼ ਹੋ ਰਹੇ ਹਨ। ਅਤੇ ਹੋਣੇ ਚਾਹੀਦੇ ਵੀ ਹਨ।

ਪਿੰਡ ਦੀ ਕਹਾਣੀ ਦੀ ਚਰਚਾ ਦਾ ਕਾਰਨ ਇਹ ਹੈ ਕਿ ਬਹੁ-ਗਿਣਤੀ ਲੋਕ ਪਿੰਡਾਂ ਨਾਲ ਜੁੜੇ ਹੋਏ ਹਨ। ਸਾਡੀ ਮਾਨਸਿਕਤਾ ਅਜੇ ਵੀ ਪੇਂਡੂ ਹੀ ਹੈ, ਪਰ ਹੌਲੀ ਹੌਲੀ ਇਹ ਰੁਚੀ ਘਟਦੀ ਜਾ ਰਹੀ ਹੈ। ਹੁਣ ਦੀ ਕਹਾਣੀ ਵਿੱਚ ਜੇ ਪਿੰਡ ਆਉਂਦਾ ਹੈ ਤਾਂ ਸਿਰਫ਼ ਫਲੈਸ਼ ਬੈਕ ਰਾਹੀਂ ਹੀ ਆਉਂਦਾ ਹੈ। ਉਂਝ ਪਿੰਡ ਦੀ ਜਾਂ ਸ਼ਹਿਰ ਦੀ ਕਹਾਣੀ ਦੀ ਵੰਡ ਨਹੀਂ ਕੀਤੀ ਜਾ ਸਕਦੀ। ਅੱਜ ਕੱਲ ਪਿੰਡਾਂ ਬਾਰੇ ਲਿਖੀ ਗਈ ਉਹੀ ਕਹਾਣੀ ਮਕਬੂਲ ਹੋ ਰਹੀ ਹੈ ਜਿਸ ਵਿੱਚ ਪਿੰਡ ਅਤੇ ਸ਼ਹਿਰ ਆਪਣੇ ਬਦਲੇ ਹੋਏ ਪਰਿਪੇਖ ਰਾਹੀਂ ਸਾਹਮਣੇ ਆਉਂਦੇ ਹਨ।

ਆਲੋਚਨਾ ਹਮੇਸ਼ਾਂ ਦੂਜੈਲਾ ਕਾਰਜ ਰਹੀ ਹੈ, ਰਚਨਾ ਹਮੇਸ਼ਾ ਅਗਰਵੀ ਰਹੇਗੀ । ਜੇ ਰਚਨਾ ਹੀ ਨਹੀਂ ਹੋਵੇਗੀ ਤਾਂ ਆਲੋਚਨਾ ਕਾਹਦੀ। ਪਰ ਆਲੋਚਨਾ ਦਾ ਮਹੱਤਵ ਘਟਾ ਕੇ ਨਹੀਂ ਵੇਖਿਆ ਜਾ ਸਕਦਾ। ਇਹ ਠੀਕ ਹੈ ਕਿ ਤੁਸੀਂ ਆਲੋਚਨਾ ਦੀਆਂ ਕਿਤਾਬਾਂ ਪੜ੍ਹ ਕੇ ਆਲੋਚਨਾ? ਕਰਨੀ ਤਾਂ ਸਿੱਖ ਸਕਦੇ ਹੋ ਪਰ ਲੇਖਕ ਨਹੀਂ ਬਣ ਸਕਦੇ। ਵੇਖਣ ਵਿੱਚ ਆਇਆ ਹੈ ਕਿ ਜਿਹੜੇ ਕਹਾਣੀਕਾਰ ਆਲੋਚਨਾ ਕਰਨ ਲੱਗੇ ਉਹ ਕਹਾਣੀ ਲੇਖਕ ਨਾ ਰਹੇ ਅਤੇ ਜਿਹੜੇ ਕਹਾਣੀਆਂ ਲਿਖਦੇ ਹਨ ਉਹ ਆਲੋਚਕ ਨਾ ਬਣ ਸਕੇ। ਹੁਣ ਕਿਥੋਂ ਲਿਆਈਏ ਲੱਭ ਕੇ ਇੱਕ ਸੰਤ ਸਿੰਘ ਸੇਖੋਂ ਹੋਰਾ ਨੂੰ। ਕਹਾਣੀਕਾਰਾਂ ਨੂੰ ਇਹ ਹਮੇਸ਼ਾ ਹੀ ਗਿਲਾ ਰਿਹਾ ਹੈ ਉਹਨਾਂ ਦੀ ਕਹਾਣੀ ਦੀ ਉਹ ਚਰਚਾ ਨਹੀਂ ਹੋ ਰਹੀ ਜੋ ਹੋਣੀ ਚਾਹੀਦੀ ਹੈ, ਇਹ ਗੱਲ ਕੁੱਝ ਹੱਦ ਤੀਕ ਠੀਕ ਵੀ ਹੈ। ਸਾਡੀ ਆਲੋਚਨਾ ਅਜੇ ਤੱਕ ਕਲਾਸ ਰੂਮ ਦੇ ਨੋਟਿਸਾਂ ਤੋਂ ਬਾਹਰ ਨਹੀਂ ਆਈ ਭਾਵੇਂ ਉਹ ਅਤਰ ਸਿੰਘ ਜਾਂ ਹਰਿਭਜਨ ਸਿੰਘ ਹੀ ਕਿਉਂ ਨਾ ਹੋਵੇ।

ਮੈਨੂੰ ਪਹਿਲਿਆਂ 'ਚੋਂ ਸੰਤ ਸਿੰਘ ਸੇਖੋਂ ਚੰਗਾ ਲਗਦਾ ਹੈ ਪਰ ਨਵਿਆਂ 'ਚੋਂ ਬਹੁਤ ਸਾਰੇ ਹਨ ਪਰ ਤੁਸੀਂ ਪੰਜ ਹੀ ਪੁੱਛੇ ਨੇ ਜਸਵੀਰ ਰਾਣਾ, ਜਤਿੰਦਰ ਹਾਂਸ, ਸੁਖਜੀਤ, ਭਗਵੰਤ ਰਸੂਲਪੁਰੀ ਮੇਰੇ ਮਨ ਪਸੰਦ ਹਨ। ਕਦੇ ਜਿੰਦਰ ਤੇ ਕਾਲੀ ਵੀ ਸਨ ਪਰ ਹੁਣ ਜਿੰਦਰ ਨੂੰ ਫੋਬੀਆ ਹੋ ਗਿਆ ਤੇ ਕਾਲੀ ਨੂੰ ਦਲਿਤ ਚੇਤਨਾ ਦਾ ਭੂਤ ਦਿਸਣ ਲੱਗ ਪਿਐ।

ਮੈਂ ਨਹੀਂ ਸਮਝਦਾ ਕਿ ਮੈਨੂੰ ਨਜ਼ਰ-ਅੰਦਾਜ਼ ਕੀਤੀ ਗਿਐ ਹਾਂ ਕਹਾਣੀ ਖੇਤਰ ਵਿਚ ਚੱਲ ਰਹੀਆਂ ਸਾਜ਼ਿਸ਼ਾਂ ਨਾਲ ਕਈ ਵਾਰ ਦੋ ਚਾਰ ਜ਼ਰੂਰ ਹੋਇਆ ਹਾਂ। ਜਿਥੇਂ ਤੱਕ ਆਲੋਚਕਾਂ ਦਾ ਸੁਆਲ ਹੈ ਲਗਪਗ ਸਾਰੇ ਹੀ ਵੇਖਦੇ ਰਹੇ ਹਨ ਪਰ ਕੀ ਕੀਤਾ ਜਾਵੇ। ਆਲੋਚਕਾਂ ਨੂੰ ਪਾਲਣ ਵਾਲੇ ਲੇਖਕਾਂ ਵਿਚੋਂ ਮੈਂ ਨਹੀਂ ਹਾਂ।

ਦੂਜੀਆਂ ਭਾਸ਼ਾਵਾਂ 'ਚੋਂ ਮੇਰੇ ਖਿਆਲ ਵਿੱਚ ਹਿੰਦੀ ਵਿਚ ਪੰਜਾਬੀ ਕਹਾਣੀ ਨੂੰ ਪੂਰੀ ਮਾਨਤਾ ਹੈ ਪਰ ਦੁੱਖ ਉਦੋਂ ਹੁੰਦਾ ਹੈ ਜਦੋਂ ਦੂਸਰੀਆਂ ਭਾਸ਼ਾਵਾਂ ਵਿੱਚ ਕਮਜ਼ੋਰ ਕਹਾਣੀਆਂ ਜਾਂਦੀਆਂ ਹਨ, ਇਸ ਤਰ੍ਹਾਂ ਨਾਲ ਪੰਜਾਬੀ ਕਹਾਣੀ ਦਾ ਉਹ ਅਕਸ ਸਾਹਮਣੇ ਨਹੀਂ ਆ ਰਿਹਾ ਜਿਹੜਾ ਹੋਣਾ ਚਾਹੀਦਾ ਹੈ, ਭਾਰਤੀ ਭਾਸ਼ਾਵਾਂ ਵਿੱਚ ਪੰਜਾਬੀ ਕਹਾਣੀ ਦਾ ਜ਼ਿਕਰ ਹਮੇਸ਼ਾ ਚਲਦਾ ਰਹਿੰਦਾ ਹੈ। ਪਰ ਅੰਗਰੇਜ਼ੀ, ਫਰੈਂਚ, ਜਰਮਨ ਆਦਿ ਭਾਸ਼ਾਵਾਂ ਰਾਹੀਂ ਪੰਜਾਬੀ ਕਹਾਣੀ ਦਾ ਰੰਗ ਅਜੇ ਹੋਰ ਨਿਖਰਨਾ ਹੈ।

ਪ੍ਰੇਮ ਪ੍ਰਕਾਸ਼ ਸ਼ੈਲੀਕਾਰ ਬਣ ਚੁੱਕਿਆ ਹੈ, ਉਸਨੇ ਲਗਾਤਾਰ ਸਵੈ-ਜੀਵਨੀ ਪਰਕ ਕਹਾਣੀਆਂ ਲਿਖ ਕੇ ਆਪਣੇ ਆਪ ਨੂੰ ਸਥਾਪਿਤ ਕੀਤਾ, ਜਿਸਮਾਨੀ ਸੰਬੰਧਾਂ ਬਾਰੇ ਜਿੰਨੀਆਂ ਵਧੀਆਂ ਕਹਾਣੀਆਂ ਉਸਨੇ ਲਿਖੀਆਂ ਸ਼ਾਇਦ ਕਿਸੇ ਨੇ ਨਹੀਂ ਅਤੇ ਉਹ ਲਗਾਤਾਰ ਲਿਖ ਰਿਹਾ ਹੈ, ਕਈ ਕਹਾਣੀਆਂ ਪੇਤਲੀਆਂ ਵੀ ਲਿਖ ਗਿਆ ਲੇਕਿਨ ਮੇਰੇ ਖਿਆਲ ਵਿੱਚ ਉਹ ਇੱਕਲਾ ਹੀ ਹੈ ਜਿਸਨੇ ਪੰਜਾਬੀ ਕਹਾਣੀ ਨੂੰ ਸਥਾਪਤ ਕੀਤਾ ਅਤੇ ਆਪ ਵੀ ਹੋਇਆ। ਹੁਣ ਨਵੇਂ ਲੇਖਕਾਂ ਦਾ ਮੁਕਾਬਲਾ ਉਸੇ ਨਾਲ ਹੁੰਦਾ ਹੈ, ਇਹ ਨਵੇਂ ਕਹਾਣੀਕਾਰਾਂ ਸਾਹਮਣੇ ਚੁਣੌਤੀ ਵੀ ਹੈ ਕਿ ਜਾਂ ਤਾਂ ਉਹ ਪ੍ਰੇਮ ਪ੍ਰਕਾਸ਼ ਤੋਂ ਵਧੀਆਂ ਸਰੀਰਕ ਸੰਬੰਧਾਂ ਬਾਰੇ ਲਿਖਣ ਨਹੀਂ ਤਾਂ ਇਹ ਪ੍ਰੇਮ ਪ੍ਰਕਾਸ਼ ਦੀ ਭੌਂਡੀ ਜਿਹੀ ਨਕਲ ਬਣ ਕੇ ਹੀ ਰਹਿ ਜਾਵੇਗੀ।

## ਭੂਰਾ ਸਿੰਘ ਕਲੇਰ

ਟੁੱਟ ਭੱਜ ਜ਼ਿੰਦਗੀ ਦੀ ਹਰੇਕ ਥਾਂ ਤੇ ਆਦਿ ਤੋਂ ਲੈ ਕੇ ਹੁੰਦੀ ਆਈ ਹੈ। ਪਹਿਲਾਂ ਲਿਖੀਆਂ ਕਹਾਣੀਆਂ ਕਿਸੇ ਵਿਚਾਰਧਾਰਾ ਅਧੀਨ ਆਉਂਦੀਆਂ ਸਨ। ਸਮਾਜ ਦੇ ਖਰ੍ਹਵੇ ਪਾਤਰਾਂ ਤੇ ਸੁੰਦਰ ਪਾਤਰਾਂ ਦਾ ਟਕਰਾਉ ਹੁੰਦਾ ਸੀ। ਸਮਾਜ ਦੀ ਕੋਈ ਭੈੜੀ ਹੋ ਚੁੱਕੀ ਰੂੜੀ ਬਾਰੇ ਚੇਤਨਾ ਪੈਦਾ ਕਰਦੀ ਸੀ ਕਹਾਣੀ। ਸਮਾਜਿਕ ਕੁਰੀਤੀਆਂ ਤੋਂ ਸਤਾਏ ਪਾਤਰਾਂ ਦੀ ਮਾਨਸਿਕ ਤੇ ਸਰੀਰਕ ਪੀੜਾ ਦਰਸਾਉਂਦੀ ਸੀ। ਪਹਿਲਾਂ ਲਿਖੀ ਜਾ ਚੁੱਕੀ ਕਹਾਣੀ ਦੱਸਦੀ ਸੀ ਕਿ ਲੋਕਾਈ ਕਿਉਂ ਦੁਖੀ ਹੈ, ਕਿਉਂ ਭੁੱਖੀ ਹੈ, ਲੋਕਾਈ ਦੀਆਂ ਭੀੜਾ ਕਿਉਂ ਭਟਕਦੀਆਂ ਹਨ। ਕਿਧਰੇ ਕਿਧਰੇ ਇਨ੍ਹਾਂ ਸਾਰੇ ਦੁੱਖਾਂ ਦੀ ਦਾਰੂ ਵਲ ਵੀ ਅਛੋਪਲੇ ਜਿਹੇ ਇਸ਼ਾਰਾ ਕਰ ਦਿੰਦੀ ਸੀ। ਉਹ ਦਾਰੂ ਵੀ ਮਿਲਦੀ ਮਿਲਦੀ ਦੁਨੀਆਂ ਤੋਂ ਦੂਰ ਹੋ ਗਈ। ਲੇਖਕ ਸੁੰਨ ਹੋ ਕੇ ਹੈਰਾਨਗੀ ਦੀ ਭਟਕਣ ਲੈ ਬੈਠੇ।

ਹੁਣ ਲਿਖੀ ਜਾ ਰਹੀ ਕਹਾਣੀ ਪਹਿਲਾਂ ਲਿਖੀ ਜਾ ਚੁੱਕੀ ਕਹਾਣੀ ਨਾਲੋਂ ਕਾਫੀ ਵੱਖਰੀ ਹੈ। ਹੁਣ ਲਿਖੀ ਜਾ ਰਹੀ ਕਹਾਣੀ ਪੰਜਾਬੀ ਸਮਾਜ ਤੇ ਸਭਿਆਚਾਰਕ ਗੁੰਝਲਾ ਬਾਰੇ ਹੈ। ਰਿਸ਼ਤਿਆਂ ਦੀ ਟੁੱਟ ਭੱਜ ਬਾਰੇ ਹੈ। ਹੁਣ ਦੀ ਕਹਾਣੀ ਤੇਜ ਤਰਾਰ ਹੈ। ਮਾਨਸਿਕ ਗੁੰਝਲਾ ਨੂੰ ਬੜੇ ਵਿਅੰਗਮਈ ਅੰਦਾਜ਼ ਤੇ ਚਲਾਕ ਭਾਸ਼ਾ ਨਾਲ ਵਰਨਣ ਕਰਦੀ ਹੈ। ਨਵੇਂ ਕਹਾਣੀਕਾਰਾਂ ਨੂੰ ਭਾਸ਼ਾ ਦੀ ਜਾਦੂਗਰੀ ਵੀ ਬਹੁਤ ਆਉਣ ਲੱਗ ਪਈ ਹੈ। ਨਵੇਂ ਕਹਾਣੀਕਾਰ ਸਮਾਜਿਕ, ਸਭਿਆਚਾਰਕ, ਮਾਨਸਿਕ ਤੇ ਸਰੀਰਕ ਸਬੰਧਾਂ ਦੀ ਕਹਾਣੀ ਨੂੰ ਬੜੇ ਸਪੱਸ਼ਟ ਤੇ ਨਿੱਡਰ ਹੋ ਕੇ ਸੱਚ ਦੇ ਸ਼ੀਸ਼ੇ ਅੱਗੇ ਲੈ ਜਾਂਦੇ ਹਨ ਬਿਨਾ ਸੰਕੋਚ ਤੋਂ। ਇਹ ਗੱਲ ਪੁਰਾਣੇ ਕਹਾਣੀਕਾਰ ਨਹੀਂ ਕਰਦੇ ਸਨ। ਜੇ ਕਦੇ ਕਦੇ ਸਰੀਰਕ ਸੰਬੰਧਾਂ ਦੇ ਵਿਸ਼ੇ ਬਾਰੇ ਲਿਖਦੇ ਵੀ ਸੀ ਉਨ੍ਹਾਂ 'ਤੇ ਆਲੋਚਕ ਤੇ ਪਾਠਕ ਅਸ਼ਲੀਲਤਾ ਦਾ ਲੇਬਲ ਲਗਾ ਦਿੰਦੇ ਸੀ। ਹੁਣ ਕਹਾਣੀਕਾਰਾਂ 'ਤੇ ਇਹ ਲੇਬਲ ਲਗਾਣੋ ਬਚਾਅ ਕਰ ਦਿੱਤਾ ਹੈ ਵਿਗਿਆਨ ਦੇ ਪੱਖ ਤੋਂ ਟੀ. ਵੀ. ਚੈਨਲਾਂ ਆਦਿ ਨੇ। ਸੋ ਨਵੀਂ ਕਹਾਣੀ ਪੁਰਾਣੀ ਕਹਾਣੀ ਨਾਲੋਂ ਕਾਫੀ ਦਿਸਹੱਦੇ ਪਾਰ ਕਰ ਗਈ ਹੈ ਜੁ ਸਲਾਹੁਣਯੋਗ ਹੈ। ਪਹਿਲਾਂ ਸਾਰੇ ਕਹਾਣੀਕਾਰਾਂ ਨੇ (ਕੁਝ ਇਕ ਨੂੰ ਛੱਡ ਕੇ) ਪਤਾ ਨਹੀਂ ਕਿਉਂ ਨਾਰੀਂ ਪੀੜਾ ਦੀ ਜਿਆਦਾ ਪੀੜ ਮਹਿਸੂਸ ਕੀਤੀ ਸੀ। ਇਸਤਰੀ ਕਹਾਣੀਕਾਰਾਂ ਨੇ ਤਾਂ ਇਸਤਰੀਤਵ ਵਿਚ ਭੁਗਤਣਾ ਹੀ ਸੀ। ਪਰ ਹੁਣ ਨਹੀਂ। ਹੁਣ ਨਵੇਂ ਕਹਾਣੀਕਾਰ ਇਸਤਰੀ-ਦੁੱਖਾਂ ਲਈ ਅੰਨ੍ਹੀ ਸ਼ਰਧਾ ਨਹੀਂ ਰੱਖਦੇ। ਸ਼ਪਸ਼ਟ ਯਥਾਰਥ ਲਿਖਦੇ ਹਨ। ਖੁਸ਼ੀ ਦੀ ਗੱਲ ਹੈ ਕਿ ਹੁਣ ਇਸਤਰੀ ਕਹਾਣੀਕਾਰਾਂ ਵੀ ਇਹ ਰਾਗ ਨਹੀਂ ਅਲਾਪਦੀਆਂ। ਕਹਾਣੀਆਂ ਲਿਖਣ ਵੇਲੇ ਇਸਤਰੀ ਮਰਦ ਨੂੰ ਬਰਾਬਰ ਰੱਖਦੀਆਂ ਹਨ। ਇਨ੍ਹਾਂ ਵਿਚ ਵੀਨਾ ਵਰਮਾ, ਪ੍ਰਵੇਜ ਸੰਧੂ, ਨਿਰਮਲ ਜਸਵਾਲ ਆਦਿ ਹਨ।

ਅੱਜ ਦੀ ਕਹਾਣੀ ਬਿਲਕੁਲ ਨਵੇਂ ਵਿਸ਼ਿਆਂ ਵਾਲੀ ਹੈ। ਪੁਰਾਣੀਆਂ ਗੱਲਾਂ ਨਵੇਂ ਹੋਣਹਾਰ ਕਹਾਣੀਕਾਰ ਨਹੀਂ ਕਰਦੇ। ਜੁ ਨੌਜਵਾਨ ਅੱਜ ਕੱਲ੍ਹ ਕਹਾਣੀਕਾਰ ਮਕਬੂਲ ਹੋਏ ਹਨ ਉਹ ਹਰ ਵਾਰ ਆਪਣੀ ਕਹਾਣੀ ਵਿਚ ਨਵਾਂ ਵਿਸ਼ਾ, ਨਵੀਂ ਗੁੰਝਲ, ਨਵੀਂ ਭਾਸ਼ਾ ਤੇ ਨਵੀਂ ਜੁਗਤ ਹੀ ਲੈਂਦੇ ਹਨ। ਨਵੇਂ ਕਹਾਣੀਕਾਰ ਇਸਤਰੀ ਮਰਦ ਦਾ ਬਰਾਬਰ ਦਾ ਚਿਤਰਣ ਕਰਦੇ ਹਨ। ਕਿਸੇ ਵਲ ਉਲਾਰ ਨਹੀਂ ਹੁੰਦੇ। ਸਗੋਂ ਨਵੇਂ ਕਹਾਣੀਕਾਰ ਤਾਂ ਇਹ ਵੀ ਦਰਸਾ ਰਹੇ ਹਨ ਆਪਣੀਆਂ ਕਹਾਣੀਆਂ ਵਿਚ ਕਿ ਕਈ ਵਾਰ ਇਸਤਰੀ ਵੀ ਮਰਦ ਉੱਤੇ ਬਹੁਤ ਜੁਲਮ ਕਰਦੀ ਹੈ।

ਨੌਂਵੇਂ ਤੇ ਦਸਵੇਂ ਦਹਾਕੇ ਦੀ ਕਹਾਣੀ ਦਾ ਵੀ ਉਸ ਤੋਂ ਪਹਿਲਾਂ ਦੀ ਕਹਾਣੀ ਨਾਲੋਂ ਬਹੁਤ ਫਰਕ ਪਿਆ ਸੀ। ਮੈਂ ਤਾਂ ਕਹਾਂਗਾ ਕਿ ਬਹੁਤ ਜਿਆਦਾ ਵਖਰੇਵਾਂ ਹੈ।

ਅੱਸੀਵਿਆਂ ਤੋਂ ਪਹਿਲਾਂ ਲਿਖੀ ਕਹਾਣੀ ਲਹਿਰਾਂ, ਦ੍ਰਿਸ਼ਟੀਆਂ ਜਾਂ ਦ੍ਰਿਸ਼ਟੀਕੋਣ ਤੋਂ ਜ਼ੂਰਰ ਸ਼ਪਸ਼ਟ ਸੀ। ਉਸ ਕਹਾਣੀ ਨੂੰ ਚਲੋ ਨਿੱਗਰ ਵੀ ਆਖ ਲੈਂਦੇ ਹਾਂ। ਪਰ ਇਹ ਨਿੱਗਰਤਾ ਸੋਵੀਅਤ



ਯੂਨੀਅਨ ਦੇ ਸਮਾਜਵਾਦ ਦੇ ਟੁੱਟਣ ਨਾਲ ਨਿਰਾਸ਼ਾ ਦੇ ਆਲਮਾ ਵਿਚ ਰਲ੍ਹ ਗਈ। ਚੀਨ ਦਾ ਵੀ ਕੁਝ ਪਤਾ ਨਹੀਂ ਲੱਗਦਾ। ਦੂਜਾ ਭਾਵੇਂ ਕਿੰਨਾ ਹੀ ਸੌਖਾ ਕਿਉਂ ਨਾ ਹੋਵੇ ਪਰ ਬੇਗਾਨੇ ਤਾਂ ਬੇਗਾਨੇ ਹੀ ਹੁੰਦੇ ਹਨ। 'ਕੱਟੇ ਨੂੰ ਮਣ ਦੁੱਧ ਦਾ ਕੀ ਭਾਅ'। ਇਸ ਸੰਦਰਭ ਵਿਚ ਮੈਂ 1962 ਦੇ ਇਰਦ ਗਿਰਦ ਮਸ਼ਹੂਰ ਰਿਸਾਲੇ 'ਕਵਿਤਾ' ਵਿਚ ਛਪੀ ਕਿਸੇ ਕਹਾਣੀਕਾਰ ਦੀ ਇਕ ਕਹਾਣੀ 'ਮੁੱਠੀ ਭਰ ਚਿੱਕੜ' ਦਾ ਜ਼ਿਕਰ ਕਰਾਂਗਾ ਜੁ ਇਕ ਬੁੱਢੇ ਵਿਅਕਤੀ 'ਤੇ ਅਧਾਰਤ ਹੈ। ਉਹ ਬੁੱਢਾ ਸਮਾਜਵਾਦ ਦਾ ਅਨੁਆਈ ਹੁੰਦਾ ਹੋਇਆ ਵੀ ਆਪਣੇ ਦੇਸ਼ ਨਾਲ ਕਿਸੇ ਹੋਰ ਦੇਸ਼ ਦੀ ਲੜਾਈ ਵਿਚ ਗ਼ਦਾਰ ਨਹੀਂ ਬਣਦਾ, ਦੇਸ਼ ਭਗਤੀ ਦਾ ਸਬੂਤ ਦਿੰਦਾ ਹੈ। ਉਸ ਕਹਾਣੀ ਨੂੰ ਮੈਂ ਨਿੱਗਰ ਆਖਦਾ ਹਾਂ। ਇਸ ਲਈ ਅੱਸੀਵਿਆਂ ਤੋਂ ਬਾਅਦ ਵੀ ਨਿੱਗਰ ਕਹਾਣੀ ਲਿਖੀ ਗਈ ਹੈ। ਮੈਂ ਇਸ ਕਥਨ ਨਾਲ ਸੌ ਫੀਸਦੀ ਸਹਿਮਤ ਹਾਂ ਕਿ 'ਕੋਈ ਸੱਚ ਅੰਤਿਮ ਸੱਚ ਨਹੀਂ ਹੁੰਦਾ' ਸਾਡੇ ਦੇਸ਼ ਭਾਰਤ ਦੀ ਤਾਣੀ ਕਾਫੀ ਉਲਝੀ ਹੋਈ ਹੈ। ਇੱਥੇ ਧਰਮ, ਜਾਤਪਾਤ, ਬੋਲੀਆਂ ਆਦਿ ਦੀਆਂ ਬੜੀਆਂ ਸਮੱਸਿਆਵਾਂ ਹਨ। ਇਨ੍ਹਾਂ ਦੇ ਹੱਲ ਤੇ ਚਰਚੇ ਕਹਾਣੀਕਾਰਾਂ ਨੂੰ ਆਪਣੀਆਂ ਕਹਾਣੀਆਂ ਵਿਚ ਲਿਆਉਣੇ ਹੀ ਪੈਣਗੇ ਤੇ ਕਈ ਲਿਆ ਵੀ ਰਹੇ ਹਨ।

ਪੰਜਾਬ ਵੰਡ ਹੋਰ ਗੱਲ ਸੀ ਤੇ ਪੰਜਾਬ ਸੰਕਟ ਹੋਰ। ਪੰਜਾਬ ਵੰਡ ਭਾਵ 1947 ਦਾ ਦੁਖਾਂਤ। ਉਸ ਘੱਲੂਘਾਰੇ ਬਾਰੇ ਬਹੁਤ ਹੀ ਕਹਾਣੀਆਂ ਲਿਖੀਆਂ ਗਈਆਂ ਜੁ ਵਧੀਆਂ ਵੀ ਹਨ ਤੇ ਚਿਰਜੀਵੀ ਵੀ। ਦੋ ਚਾਰ ਨਹੀਂ ਉਹ ਅਨੇਕਾਂ ਹੀ ਕਹਾਣੀਆਂ ਹਨ ਜੁ ਅੱਜ ਵੀ ਚੇਤੇ ਹਨ। ਜਿਵੇਂ "ਸੁਨਹਿਰੀ ਜਿਲਦ" , "ਢੋਇਆ ਹੋਇਆ ਬੂਹਾ", "ਮੁਰਦੇ ਦੀ ਤਾਕਤ", "ਛਵੀਆਂ ਦੀ ਰੁੱਤ ਹੋਰ ਵੀ ਬਹੁਤ।

ਪਰ ਪੰਜਾਬ ਸੰਕਟ ਜਾਂ ਪੰਜਾਬ ਮਸਲਾ ਹੋਰ ਸੀ। ਇਸ ਸਬੰਧ ਵਿਚ ਤੁਹਾਡੀ ਗੱਲ ਠੀਕ ਹੈ ਇੱਕ ਦੋ ਕਹਾਣੀਆਂ ਹੀ ਸਨ। ਅਸਲ ਵਿਚ ਇਸ ਮਸਲੇ ਬਾਰੇ ਪੰਜਾਬੀ ਕਹਾਣੀਕਾਰ ਸ਼ਪਸਟ ਹੀ ਨਹੀਂ ਸਨ, ਲਿਖਦੇ ਕੀ। ਤੁਸੀਂ ਦੇਖੋ ਤਕਰੀਬਨ ਪੰਜਾਬੀ ਦੇ ਡੇਢ ਸੌ ਕਹਾਣੀਕਾਰ ਕਹਾਣੀ ਲਿਖ ਰਹੇ ਹਨ। ਉਨ੍ਹਾਂ ਵਿਚੋਂ ਦੋ ਚਾਰ ਨੇ ਹੀ ਇਸ ਮਸਲੇ ਬਾਰੇ ਕਹਾਣੀਆਂ ਲਿਖੀਆਂ ਹਨ। ਉਹ ਵੀ ਮਾਨਵਵਾਦ ਨੂੰ ਲੈ ਕੇ।

ਸਮਕਾਲੀ ਕਹਾਣੀ ਤਿੰਨ ਪੀੜ੍ਹੀਆਂ ਲਿਖ ਰਹੀਆਂ ਹਨ। ਆਪਣੀ ਆਪਣੀ ਸਮਝ ਮੁਤਾਬਿਕ ਤਿੰਨੇ ਹੀ ਠੀਕ ਹਨ। ਪਹਿਲੀ ਪੀੜ੍ਹੀ ਦੀਆਂ ਕਹਾਣੀਆਂ ਵਿਚੋਂ ਸਮਾਜਵਾਦ ਤੇ ਦਾਰਸ਼ਨਿਕ ਕਲਪਨਾ ਦੀ ਸਪਸ਼ਟ ਝਲਕ ਪੈਂਦੀ ਹੈ। ਉਸਤੋਂ ਅਗਲੀ ਪੀੜ੍ਹੀ ਨੇ ਪੂਰੀ ਕਲਾਮਈ ਧਾਰਨਾ ਨਾਲ ਕਹਾਣੀ ਲਿਖਣੀ ਸ਼ੁਰੂ ਕੀਤੀ ਹੈ। ਇਸ ਕਹਾਣੀ ਵਿਚ ਵੀ ਮਾਨਵਵਾਦ ਝਲਕਦਾ ਹੈ, ਯਥਾਰਥ ਦਿੱਸਦਾ ਹੈ। ਅਗਲੀ ਨਵੀਂ ਪੀੜ੍ਹੀ ਪੂਰੀ ਖੁੱਲ੍ਹ ਡੁੱਲ੍ਹ ਨਾਲ ਕਹਾਣੀ ਲਿਖ ਰਹੀ ਹੈ। ਨਵੇਂ ਕਹਾਣੀਕਾਰ ਕਿਸੇ ਆਲੋਚਨਾ ਤੋਂ ਨਹੀਂ ਡਰਦੇ ਜਿਵੇਂ ਅਸੀਂ ਡਰਦੇ ਸੀ। ਨਵੇਂ ਕਹਾਣੀਕਾਰ ਵਿਸ਼ਾ ਭਾਵੇਂ ਕੋਈ ਹੋਵੇ ਨਿੱਡਰ ਹੋ ਕੇ ਲਿਖਦੇ ਹਨ। ਇਹ ਜਿਹੜਾ ਵੀ ਵਿਸ਼ਾ ਲੈ ਲੈਂਦੇ ਹਨ, ਉਸ ਵਿਚ ਖੁੱਭ ਕੇ ਲਿਖਦੇ ਹਨ। ਕਲਾ ਦਾ ਪੱਲੂ ਕਦੇ ਵੀ ਨਹੀਂ ਛੱਡਦੇ। ਜਿਵੇਂ ਅਜਮੇਰ ਸਿੱਧੂ ਦੀ ਕਹਾਣੀ 'ਇਕਬਾਲ ਹੁਸੈਨ ਮੋਇਆ ਨਹੀਂ', ਤੇ ਜਤਿੰਦਰ ਹਾਂਸ ਦੀ ਕਹਾਣੀ 'ਸਾਖੀ ਅਗਲੀ ਚੱਲੀ' ਹਨ। ਹੋਰ ਕਈ ਕਹਾਣੀਕਾਰ ਵੀ ਇਸ ਤਰ੍ਹਾਂ ਦੇ ਹਨ।

ਮੇਰਾ ਕਹਾਣੀ ਲਿਖਣ ਦਾ ਮੂਲ ਮਕਸਦ ਹੈ ਕਿ ਇਨਸਾਨ (ਬੰਦਾ ਭਾਵੇਂ ਤੀਵੀਂ) ਨੂੰ ਦੁੱਖ ਕਿਉਂ ਹਨ। ਦੁੱਖਾਂ ਦਾ ਨਾਸ਼ ਕਰਕੇ ਸੁੰਦਰ ਜਿੰਦਗੀ ਜਿਉਣ ਦਾ ਚਾਹਵਾਨ ਹਾਂ ਮੈਂ। ਕਹਾਣੀਆਂ ਵਿਚ ਵੀ ਮੇਰਾ ਏਹੋ ਆਸ਼ਾ ਹੈ। ਸਖ਼ਤ ਅਧਿਐਨ ਕਰਨ ਨਾਲ ਕਲਾ ਵੀ ਹੱਥ ਲੱਗ ਜਾਂਦੀ ਹੈ। ਕਹਾਣੀਕਾਰ ਪਾਠਕ ਨੂੰ ਸਮਾਜ ਦੀ ਦੁਖਦੀ ਰਗ ਵਿਖਾ ਜਾਵੇ, ਉਸਨੂੰ ਪ੍ਰਭਾਵਿਤ ਕਰ ਜਾਵੇ, ਇਲਾਜ਼ ਉਹ ਆਪ ਸੋਚ ਲਵੇਗਾ। ਕਹਾਣੀਕਾਰ ਹੈ, ਭਾਵੇਂ ਕੋਈ ਹੋਰ ਵਿਧਾ ਲਿਖਣ ਵਾਲਾ, ਲੇਖਣੀ ਘਸਾਉਂਦੇ ਉਸ ਦੀਆਂ ਆਪਣੀਆਂ ਗਰਜ਼ਾਂ ਵੀ ਲੁਕੀਆਂ ਹੁੰਦੀਆਂ ਹਨ।

ਮੈਂ ਜਦ ਕਹਾਣੀ ਲਿਖਣ ਲੱਗਿਆ ਸੀ ਤਾਂ ਜਾਤੀ-ਪ੍ਰਥਾ ਨੂੰ ਬੇਬਾਕ ਕਹਾਣੀਆਂ ਵਿਚ ਲੈ ਕੇ ਆਇਆ ਸੀ ਜੁ ਮੇਰੇ ਸਮਕਾਲੀ ਇਹ ਗੱਲ ਨਹੀਂ ਕਰਦੇ ਸਨ। ਮੈਂ 1961-62 ਵਿਚ ਕਹਾਣੀਆਂ ਲਿਖਣ ਲੱਗ ਪਿਆ ਸੀ। ਇਸ ਸਮੇਂ ਕਾਫੀ ਰਿਸਾਲੇ ਛਪਣ ਲੱਗ ਪਏ ਸਨ ਜੁ ਕਹਾਣੀਆਂ ਛਾਪਦੇ ਸਨ। ਮੈਂ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿੰਦੇ ਦਲਿਤ ਪ੍ਰਵਾਰ ਵਿਚ ਪੈਦਾ ਹੋਇਆ ਹਾਂ। ਉਸ ਸਮੇਂ ਦਲਿਤ ਵਰਗ ਵਿੱਚ ਮੇਰੇ ਸਮਕਾਲੀ ਹੋਰ ਵੀ ਦੋ ਤਿੰਨ ਕਹਾਣੀਕਾਰ ਪ੍ਰਸਿੱਧ ਸਨ। ਮੈਂ ਸ਼ਪਸ਼ਟ ਹੋ ਕੇ ਜਾਤਪਾਤ ਦਾ ਵਰਨਣ ਕਰਦਾ ਸੀ ਜਦ ਕਿ ਦੂਜੇ ਇਸ ਗੱਲ ਨੂੰ ਛੁਪਾਉਂਦੇ ਸਨ। ਮੈਂ ਸੋਚਦਾ ਸੀ ਹਾਂ ਕਿ ਦੁਨੀਆਂ ਦੇ ਐਡੇ ਵੱਡੇ ਪਵਿੱਤਰ ਗਰੰਥ (ਸ੍ਰੀ ਗੁਰੂ ਗਰੰਥ ਸਾਹਿਬ) ਵਿਚ ਬੈਠੇ ਸਤਿਗੁਰੂ ਰਵਿਦਾਸ ਜੀ ਆਪਣੇ ਆਪ ਨੂੰ ਬਾਰ ਬਾਰ ਕਹੀ ਜਾਂਦੇ ਹਨ, "ਕਹੈ ਰਵਿਦਾਸ ਚਮਾਰਾ-ਕਹੈ ਰਵਿਦਾਸ ਚਮਾਰਾ" ਤੇ ਮੈਨੂੰ ਕੀ ਝਿਜਕ ਹੈ। ਵੈਸੇ ਮੈਂ ਤਾਂ ਉਨ੍ਹਾਂ ਦੇ ਪੈਰ ਵਰਗਾ ਵੀ ਨਹੀਂ। ਹੁਣ ਹਰ ਪਾਸੇ ਦਲਿਤ-ਚੇਤਨਾ

ਦੀ ਗੱਲ ਚਲ ਪਈ ਹੈ। ਪਰ ਮੈਂ ਨਿਮਰਤਾ ਨਾਲ ਆਖਦਾ ਹਾਂ ਕਿ ਕਹਾਣੀ ਵਿਚ ਪਹਿਲਾਂ ਮੈਂ ਇਸ ਦਲਿਤ-ਚੇਤਨਾ ਜਾਂ ਕਹਿ ਲਵੋ ਦਲਿਤ ਵਰਨਣ ਦਾ ਵਰਨਣ ਕੀਤਾ ਹੈ।

ਔਰਤ-ਮਰਦ ਦੇ ਸਬੰਧਾਂ ਨੂੰ ਲੈ ਕੇ ਜੁ ਕਹਾਣੀਕਾਰ ਕਹਾਣੀਆਂ ਲਿਖ ਰਹੇ ਹਨ, ਇਹ ਉਨ੍ਹਾਂ ਦੀ ਆਪਣੀ ਸੋਚ ਹੈ। ਵੈਸੇ ਏਹੋ ਜਿਹੀਆਂ ਕਹਾਣੀਆਂ ਪਹਿਲਾਂ ਵੀ ਲਿਖੀਆਂ ਗਈਆਂ ਹਨ। ਕਰਤਾਰ ਸਿੰਘ ਦੁੱਗਲ ਲਿਖਦੇ ਸਨ। ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਰਸਭਰੀਆਂ' ਹੈ ਹੋਰ ਵੀ ਹਨ। ਇਸ ਬਾਰੇ ਬਹੁਤੀਆਂ ਕਹਾਣੀਆਂ ਸੁਆਦਤ ਹਸਨ ਮੰਟੋ ਦੀਆਂ ਉਰਦੂ ਵਿਚੋਂ ਅਨੁਵਾਦ ਹੋ ਕੇ ਪੰਜਾਬੀ ਵਿਚ ਆਈਆਂ ਸਨ। ਇਹ ਕਹਾਣੀਆਂ ਔਰਤ-ਮਰਦ ਦੇ ਜਿਨਸੀ ਸੰਬੰਧਾਂ ਦੀ ਗੱਲ ਕਰਦੀਆਂ ਕਿਸੇ ਮਾਨਵਘਾਤ ਸਮੱਸਿਆ ਵੱਲ ਝਾਤ ਪੁਆਂਦੀਆਂ ਸਨ। ਉਨ੍ਹਾਂ ਕਹਾਣੀਆਂ ਵਿਚੋਂ ਉਤੇਜਨਾ ਨਹੀਂ ਭੜਕਦੀ ਸੀ। ਅੱਜ ਕੱਲ੍ਹ ਕੁਝ ਹੋਰ ਹੈ। ਜ਼ਿੰਦਗੀ ਦਾ ਇੱਕ ਪੱਖ ਇਹ ਵੀ ਹੈ ਪਰ ਦੁਨੀਆਂ ਦੇ ਦੁੱਖ ਹੋਰ ਵੀ ਹਨ।

ਪਿੰਡ ਦੀ ਕਹਾਣੀ ਇਸ ਕਰਕੇ ਚਰਚਾ ਵਿਚ ਰਹਿੰਦੀ ਹੈ ਕਿ ਹਰ ਲੇਖਕ ਸ਼ਹਿਰ ਦੇ ਭੀੜ-ਭੜੱਕੇ ਨੂੰ ਪਸੰਦ ਨਹੀਂ ਕਰਦਾ। ਲੇਖਕ ਖੁੱਲ੍ਹੇ-ਡੁੱਲ੍ਹੇ ਮਹੌਲ ਨੂੰ ਪਸੰਦ ਕਰਦੇ ਆਏ ਸਨ। ਸਾਡਾ ਵਿਰਸਾ ਅਜੇ ਕੁਝ ਪਿੰਡਾਂ ਵਿਚ ਕਾਇਮ ਹੈ। ਸਾਡੇ ਤਿੱਥ ਤਿਉਹਾਰ, ਰਸਮੋਂ ਰਿਵਾਜ ਆਦਿ ਪਿੰਡਾਂ ਵਿਚ ਹੀ ਜਿਆਦਾ ਜੀਵਤ ਹਨ। ਪਿੰਡਾਂ ਦੇ ਪਾਤਰ ਨਿਰਛਲ ਹੁੰਦੇ ਹਨ, ਕੁਦਰਤੀ ਸੁੰਦਰਤਾ ਹੁੰਦੀ ਹੈ, ਖੁੱਲ੍ਹੇ ਪੇਂਡੂ ਵਾਤਾਵਰਣ ਦੀਆਂ ਕਹਾਣੀਆਂ ਜਿਆਦਾ ਲਿਖੀਆਂ ਜਾਂਦੀਆਂ ਹਨ। ਇਸ ਲਈ ਪਿੰਡਾਂ ਦੀਆਂ ਕਹਾਣੀਆਂ ਜਿਆਦਾ ਚਰਚਿਤ ਰਹਿੰਦੀਆਂ ਹਨ। ਸ. ਸ. ਆਮੋਲ ਦਾ ਨਾਵਲ 'ਗੁਲਾਬ' ਪੇਂਡੂ ਸੁੰਦਰਤਾ ਦੇ ਚਿਤਰਣ ਕਰਕੇ ਹੀ ਪ੍ਰਸਿੱਧ ਹੋਇਆ ਸੀ।

ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬੀ ਕਹਾਣੀ ਵਿਚ ਖੜੋਤ ਨਹੀਂ ਆਈ। ਸਗੋਂ ਪੰਜਾਬੀ ਕਹਾਣੀ ਤਾਂ ਬਹੁਤ ਅੱਗੇ ਵਧੀ ਹੈ। ਪੰਜਾਬੀ ਕਹਾਣੀ ਦੀ ਚਰਚਾ ਤਾਂ ਦੁਨੀਆਂ ਦੀ ਹਰੇਕ ਭਾਸ਼ਾ ਵਿਚ ਹੋਣ ਲੱਗ ਪਈ ਹੈ।

ਸਾਡੇ ਕਾਫੀ ਆਲੋਚਕ ਸਮਾਜਵਾਦ, ਮਾਰਕਸਵਾਦ, ਲੈਨਿਨਵਾਦ, ਆਦਿ ਨਾਲ ਜੁੜੇ ਹੋਏ ਸਨ। ਇਹ ਆਲੋਚਕ ਇਸੇ ਦ੍ਰਿਸ਼ਟੀ ਤੋਂ ਹਰ ਕਹਾਣੀ ਨੂੰ ਵਾਚਦੇ ਸਨ। ਹੁਣ ਸੋਵੀਅਤ ਯੂਨੀਅਨ ਦੇ ਟੁੱਟਣ ਅਤੇ ਸਾਡੇ ਦੇਸ਼ ਵਿਚ ਤਿੰਨ ਸਮਾਜਵਾਦੀ ਪਾਰਟੀਆਂ ਤੋਂ ਸਤਾਰਾਂ ਬਣ ਜਾਣ ਨਾਲ (ਜਿਨ੍ਹਾਂ ਦਾ ਕੋਈ ਜਨ ਅਧਾਰ ਨਹੀਂ) ਨਾਲ ਸਾਡੇ ਆਲੋਚਕ ਵੀ ਸੋਚਾਂ ਵਿਚ ਪੈ ਗਏ। ਕਹਾਣੀਕਾਰ ਵੀ ਉਹੋ ਜਿਹੀਆਂ ਕਹਾਣੀਆਂ ਲਿਖਣੋ ਚੁੱਪ ਹੋ ਗਏ। ਇਸ ਲਈ ਕਹਾਣੀ ਆਲੋਚਨਾ ਵਿਚ ਵੀ ਪੇਤਲੀਆਂ ਗੱਲਾਂ ਲਗਦੀਆਂ ਹਨ।

ਜਦੋਂ ਕੋਈ ਨਵਾਂ ਕਹਾਣੀਕਾਰ ਆਪਣੀ ਕਹਾਣੀ ਵਿਚ ਸਰੀਰਕ ਸੰਬੰਧਾਂ ਦੀ ਗੱਲ ਕਰਦਾ ਹੈ, ਤਾਂ ਇਹ ਵੀ ਮਨੁੱਖੀ ਜ਼ਿੰਦਗੀ ਦੇ ਇੱਕ ਪੱਖ ਦੀ ਗੱਲ ਕਰ ਰਿਹਾ ਹੁੰਦਾ ਹੈ। ਇਹ ਗੱਲ ਰੱਦ ਤਾਂ ਨਹੀਂ ਕੀਤੀ ਜਾਣੀ ਚਾਹੀਦੀ। ਉਸ ਨੂੰ ਉਸੇ ਸੰਦਰਭ 'ਚ ਪਰਖਣਾ ਚਾਹੀਦਾ ਹੈ। ਪ੍ਰੇਮ ਪ੍ਰਕਾਸ਼ ਜੀ ਸਾਡੇ ਸਿਰਮੌਰ ਕਹਾਣੀਕਾਰਾਂ ਵਿਚੋਂ ਇੱਕ ਹਨ। ਮੈਨੂੰ ਤਾਂ ਕਹਾਣੀਕਾਰਾਂ ਬਾਰੇ ਭੂਸ਼ਨ ਧਿਆਨਪੁਰੀ ਜੀ ਦੀ ਟਿੱਪਣੀ ਵੀ ਠੀਕ ਲੱਗਦੀ ਹੈ। ਪ੍ਰੇਮ ਪ੍ਰਕਾਸ਼ ਜੀ ਦੀ ਕਹਾਣੀ 'ਸੁਣਦੈਂ ਖ਼ਲੀਫ਼ਾ'' ਮੈਨੂੰ ਤਾਂ ਬਹੁਤ ਵਧੀਆਂ ਲੱਗੀ। ਮੈਂ ਇਸ ਨੂੰ ਜਗਤ ਪ੍ਰਸਿੱਧ ਕਹਾਣੀਆਂ ਵਿਚ ਰੱਖਦਾ ਹਾਂ ਇਹ ਕਹਾਣੀ ਮੈਂ ਸਾਂਭ ਕੇ ਰੱਖੀ ਹੋਈ ਹੈ। ਗੁਰਚਰਨ ਚਾਹਲ ਭੀਖੀ ਮੈਨੂੰ ਇੱਕ ਵਾਰ ਕਹਿੰਦਾ ਕਿ ਕਲੇਰ ਤੂੰ ਸਰਦਲ ਮਾਰਕਾ ਕਹਾਣੀਕਾਰ ਹੈ। ਜਦ ਮੈਂ ਉਸਨੂੰ ਇਸ ਦਾ ਸ਼ਪਟੀਕਰਨ ਮੰਗਿਆ ਤਾਂ ਉਹ ਹੱਸ ਕੇ ਆਖਣ ਲੱਗਾ ਕਿ ਯਾਰ ਮੈਂ ਤਾਂ ਤੈਨੂੰ ਇਸ ਲਈ ਆਖ ਦਿੱਤਾ ਕਿ ਇਕ ਨਾਵਲਕਾਰ ਸਾਨੂੰ ਤਿੰਨਾਂ ਚਾਰਾਂ ਕਹਾਣੀਕਾਰਾਂ ਨੂੰ 'ਨਾਗਮਣੀ' ਮਾਰਕਾ ਦੱਸਦਾ ਹੈ। ਇਸ ਲਈ ਇਹ ਫਲਾਣਾ ਸਟਾਈਲ, ਢਿਮਕਾ ਮਾਰਕਾ ਨਹੀਂ ਆਖਣਾ ਚਾਹੀਦਾ। ਸਭ ਨੂੰ ਲਿਖਣ ਦੀ ਆਜਾਦੀ ਹੈ, ਬੋਲਣ ਦੀ ਅਜ਼ਾਦੀ ਹੈ ਪਰ ਹੱਦ ਅੰਦਰ ਰਹਿ ਕੇ।

ਪ੍ਰੇਮ ਪ੍ਰਕਾਸ਼ ਦੀ 'ਸੁਣਦੈਂ ਖ਼ਲੀਫ਼ਾ' ਅਤਰਜੀਤ ਦੀ 'ਸਬੂਤੇ ਕਦਮ', ਪ੍ਰੀਤਮ ਬਰਾੜ ਲੰਡੇ ਦੀ 'ਕੱਚੀਆਂ ਕੰਧਾਂ ਦਾ ਗੀਤ', ਜਗਜੀਤ ਸਿੰਘ ਅਹੂਜਾ ਦੀ 'ਹਰਾਮਜ਼ਾਦਾ' ਨਵੇਂ ਕਹਾਣੀਕਾਰ ਗੁਰਮੀਤ ਕੜਿਆਲਵੀ, ਅਜਮੇਰ ਸਿੱਧੂ, ਜਤਿੰਦਰ ਹਾਂਸ, ਅਨੇਮਨ ਸਿੰਘ, ਬਲਬੀਰ ਪਰਵਾਨਾ ਆਦਿ ਵੀ ਵਧੀਆ ਕਹਾਣੀਕਾਰ ਹਨ।

ਕਿਸਾਨੀ ਕਹਾਣੀ ਵੀ ਦਲਿਤ ਕਹਾਣੀ ਵੀ ਦੋਵੇਂ ਆਪਣੀ ਆਪਣੀ ਜਗ੍ਹਾ ਠੀਕ ਹਨ। ਦੋਵਾਂ ਨੂੰ ਹੀ ਮਾਨਤਾ ਮਿਲਣੀ ਚਾਹੀਦੀ ਹੈ। ਵੈਸੇ ਤਾਂ ਇਹ ਅੱਡ ਅੱਡ ਵੀ ਨਹੀਂ ਗਿਣਨੀਆਂ ਚਾਹੀਦੀਆਂ। ਸਾਹਿਤ ਤਾਂ ਸਾਹਿਤ ਹੀ ਹੁੰਦਾ ਹੈ ਜੁ ਸਾਰੀ ਮਨੁੱਖਤਾ ਦਾ ਸੁੱਖ ਭਲਦਾ ਹੈ।



ਮੈਂ ਪੰਜਾਬੀ ਕਹਾਣੀ ਦੀ ਆਲੋਚਨਾ ਤੋਂ ਬਹੁਤ ਸੰਤੁਸ਼ਟ ਸੀ। ਮੇਰੀਆਂ ਕਹਾਣੀਆਂ ਦੀ ਉਸਾਰੂ ਆਲੋਚਨਾ ਡਾ. ਟੀ. ਆਰ ਵਿਨੋਦ, ਸੁਰਜੀਤ ਗਿੱਲ, ਗੁਰਬਚਨ ਭੁੱਲਰ, ਡਾ. ਤੇਜਵੰਤ ਮਾਨ, ਜਸਪਾਲ ਮਾਨ ਤੇ ਹੋਰ ਮਿੱਤਰ ਵੀ ਕਰਦੇ ਰਹੇ। ਮੈਂ ਖੁਸ਼ ਸੀ। ਪਰ ਹੁਣ ਅਖੌਤੀ ਆਲੋਚਕ ਦੇਖ ਦੇਖ ਟਿੱਕੇ ਕੱਢਦੇ ਹਨ। ਕਹਾਣੀਕਾਰ ਸ਼ਾਇਦ ਜਿਆਦਾ ਹੋ ਗਏ। ਹੁਣ ਕਹਾਣੀ ਆਲੋਚਨਾ ਵਿਚ ਰਿਸ਼ਤੇਦਾਰੀਆਂ, ਦੋਸਤੀਆਂ, ਗਰੁੱਪਬਾਜੀ ਆਦਿ ਵੀ ਆ ਗਈ ਹੈ। ਮਾਇਆ ਦੀ ਖੇਡ ਵੀ ਚੱਲ ਪਈ ਹੈ। ਵਿਦੇਸ਼ੀ ਲੇਖਕ ਭਰਾਵਾਂ ਨੇ ਪ੍ਰਕਾਸ਼ਕਾਂ ਤੇ ਆਲੋਚਕਾਂ ਨੂੰ ਹਰਾ ਚਾਰਨ ਦੀ ਆਦਤ ਵੀ ਪਾ ਦਿੱਤੀ ਹੈ।

ਮੈਨੂੰ ਪੰਜਾਬੀ ਆਲੋਚਨਾ ਨੇ ਪਹਿਲਾਂ ਨਹੀਂ ਨਜ਼ਰਅੰਦਾਜ ਕੀਤਾ ਪਰ ਹੁਣ ਆਲੋਚਕ ਨਜ਼ਰ ਅੰਦਾਜ਼ ਕਰ ਰਹੇ ਹਨ। ਪਿੱਛੇ ਜਿਹੇ ਮੇਰੀ ਕਹਾਣੀ 'ਤਿਹਾਇਆ ਰੁੱਖ' ਜੁ ਮੈਂ ਬੜਾ ਜੋਰ ਲਾ ਕੇ ਲਿਖੀ ਸੀ, 'ਕਹਾਣੀ ਪੰਜਾਬ' ਦੇ ਦਲਿਤ ਚੇਤਨਾ ਅੰਕ ਵਿਚ ਛਪੀ ਸੀ। ਉਸ ਕਹਾਣੀ ਬਾਰੇ ਨਾ ਤਾਂ ਮੈਨੂੰ ਕਿਸੇ ਵਲੋਂ ਕੋਈ ਚਿੱਠੀ ਆਈ ਨਾ ਫੋਨ ਆਇਆ ਤੇ ਨਾ ਹੀ ਜਿਸੇ ਨੇ ਕੋਈ ਜ਼ਿਕਰ ਕੀਤਾ। ਆਹ ਹੁਣੇ 22-23 ਜੁਲਾਈ 2006 ਨੂੰ ਅੰਮ੍ਰਿਤਸਰ ਵਿਚ ਕੇ. ਪੰ. ਲੇਖਕ ਸਭਾ ਨੇ ਕਹਾਣੀ ਉਤਸਵ ਮਨਾਇਆ ਹੈ। ਉੱਥੇ ਪੰਜਾਬੀ ਕਹਾਣੀ ਬਾਰੇ ਚਾਰ ਪਰਚੇ ਪੜ੍ਹੇ ਗਏ। ਪਰਚੇ ਲਿਖਣ ਵਾਲਿਆਂ ਨੇ ਬਠਿੰਡਾ ਤੇ ਮਾਨਸਾ ਦੇ ਕਹਾਣੀਕਾਰਾਂ ਦਾ ਜ਼ਿਕਰ ਤੱਕ ਨਹੀਂ ਕੀਤਾ। ਅਤਰਜੀਤ ਦੀ ਵੀ ਚਲਵੀਂ ਜੇਹੀ ਗੱਲ ਕੀਤੀ। ਮੇਰੇ ਦੋ ਕਹਾਣੀ ਸੰਗ੍ਰਹਿ 'ਪੰਛੀਆਂ ਦੇ ਆਲ੍ਹਣੇ' ਤੇ 'ਟੁੱਟੇ ਪੱਤੇ' ਛਪੇ ਹਨ। ਪ੍ਰਸਿੱਧ ਵੀ ਹੋਵੇ ਹਨ. ਮੈਂ ਪਹਿਲਾਂ ਹੀ ਦੱਸ ਚੁੱਕਿਆ ਹਾਂ ਕਿ ਦਲਿਤ-ਚੇਤਨਾ ਦੀ ਗੱਲ ਕਹਾਣੀ ਵਿਚ ਸਭ ਤੋਂ ਪਹਿਲਾਂ ਮੈਂ ਕੀਤੀ ਸੀ ਪਰ ਪਰਚੇ ਲਿਖਣ ਵਾਲਿਆਂ ਨੇ ਪਰਚੇ ਵਿਚ ਜਿੱਥੇ ਦਲਿਤ-ਚੇਤਨਾ ਦੀ ਗੱਲ ਕੀਤੀ ਉੱਥੇ ਮੇਰਾ ਨਾਮ ਤੱਕ ਨਹੀਂ ਲਿਖਿਆ। ਪਤਾ ਨਹੀਂ ਕਿਉਂ।

ਪ੍ਰਕਾਸ਼ਕ ਦੇ ਖਿੱਚਣ ਦੀ ਗੱਲ ਕਰਦੇ ਹੋ? ਪ੍ਰਕਾਸ਼ਕ ਤਾਂ ਦਸ ਸਾਲਾਂ ਤੋਂ ਉੱਪਰ ਹੋ ਗਏ ਮੇਰੀ ਕਿਤਾਬ ਛਪਣ ਦਾ ਮੇਰੇ ਕੋਲੋਂ ਦਸ ਬਾਰਾਂ ਹਜਾਰ ਰੁਪਿਆ ਮੰਗ ਰਹੇ ਹਨ, ਜੁ ਮੇਰੇ ਪਾਸ ਹੈ ਨਹੀਂ। ਜਦੋਂ ਕਿ ਮੇਰੇ ਕੋਲ ਚਾਰ-ਪੰਜ ਕਿਤਾਬਾਂ ਦੇ ਖਰੜੇ ਤਿਆਰ ਹਨ।

ਦੂਜੀਆਂ ਭਾਸ਼ਾਵਾਂ ਵਿਚ ਪੰਜਾਬੀ ਕਹਾਣੀ ਨੂੰ ਬਹੁਤ ਮਾਨਤਾ ਮਿਲੀ ਹੈ। ਪੰਜਾਬੀ ਕਹਾਣੀ ਸੰਸਾਰ ਭਰ ਦੀਆਂ ਕਹਾਣੀਆਂ ਦੇ ਬਰਾਬਰ ਖੜ੍ਹ ਗਈ ਹੈ। ਮੇਰੀ ਕਹਾਣੀ 'ਟੁੱਟੇ ਪੱਤੇ' ਸੁਹਿਰਦ ਬੁੱਧੀਜੀਵੀਆਂ ਨੇ ਪਹਿਲਾਂ ਅੰਗਰੇਜ਼ੀ ਵਿਚ ਅਨੁਵਾਦ ਕਰਕੇ ਦਿੱਲੀ ਦੇ ਪਰਚੇ 'ਇੰਡੀਅਨ ਲਿਟਰੇਚਰ' ਵਿਚ ਛਾਪੀ, ਫੇਰ ਹੈਦਰਾਬਾਦ ਦੇ ਮੈਗਜ਼ੀਨ 'ਵਿਪੁਲਾ' ਵਿਚ ਤੈਲਗੂ ਵਿਚ ਛਪੀ। ਜਿਨ੍ਹਾਂ ਦਾ ਮੈਂ ਬੜਾ ਸ਼ੁਕਰਗੁਜ਼ਾਰ ਹਾਂ।

## ਗੁਰਮੇਲ ਮਡਾਹੜ

ਸਮਕਾਲੀ ਪੰਜਾਬੀ ਕਹਾਣੀ ਤੋਂ ਪਹਿਲਾਂ ਲਿਖੀ ਜਾ ਰਹੀ ਕਹਾਣੀ ਕਈ ਤਰ੍ਹਾਂ ਨਾਲ ਕਾਫੀ ਭਿੰਨ ਸੀ। ਪਹਿਲੀ ਕਹਾਣੀ ਬਾਰੇ ਵਿਦਵਾਨਾ ਨੇ ਕੁੱਝ ਮਿਆਰ ਬਣਾ ਕੇ ਰੱਖੇ ਹੋਏ ਸੀ, ਕੁਝ ਬੰਦਸ਼ਾਂ ਨਿਸ਼ਚਿਤ ਕੀਤੀਆਂ ਹੋਈਆਂ ਸਨ, ਜਿਵੇਂ ਕਈ ਵਿਦਵਾਨਾਂ ਦਾ ਵਿਚਾਰ ਸੀ ਕਿ ਇਕ ਚੰਗੀ ਕਹਾਣੀ ਰੇਲ ਗੱਡੀ ਦੇ ਇੱਕ ਸਟੇਸ਼ਨ ਤੋਂ ਚੱਲ ਕੇ ਦੂਜੇ ਸਟੇਸ਼ਨ ਤਕ ਕੇ ਸਫ਼ਰ ਸਮਾਨ ਹੈ। ਜਿਸ ਵਿਚ ਸਮੇਂ, ਸਥਾਨ ਤੇ ਘਟਨਾਵਾਂ ਦੀ ਏਕਤਾ ਤੇ ਤਰਤੀਬ ਦਾ ਹੋਣਾ ਵੀ ਜ਼ਰੂਰੀ ਸਮਝਿਆ ਜਾਂਦਾ ਸੀ। ਇਹਨਾਂ ਮਿਆਰਾਂ ਉਤੇ ਉਸ ਸਮੇਂ ਦੇ ਲੇਖਕਾਂ ਦੀਆਂ ਕਹਾਣੀਆਂ ਕਾਫੀ ਹੱਦ ਤੱਕ ਪੂਰੀਆਂ ਵੀ ਉਤਰ ਦੀਆਂ ਸਨ। ਪੁਰਾਣੇ ਲੇਖਕਾਂ ਕੋਲ ਲੋਕ ਪੱਖੀ ਠੋਸ ਵਿਚਾਰ, ਵਿਚਾਰਧਾਰਾ ਤੇ ਮੰਤਵ ਹੁੰਦਾ ਸੀ ਜਿਸ ਦੇ ਪ੍ਰਚਾਰ ਤੇ ਪੂਰਤੀ ਲਈ ਉਹ ਕਹਾਣੀ ਦੀ ਸਿਰਜਨਾ ਕਰਦੇ ਸੀ, ਜਿਵੇਂ ਗੁਰਮੁੱਖ ਸਿੰਘ ਮੁਸਾਫ਼ਰ ਅੱਗੇ ਦੇਸ਼ ਦੀ ਆਜ਼ਾਦੀ ਲਈ ਜੂਝਦੇ ਪਾਤਰ ਸਨ, ਸੰਤ ਸਿੰਘ ਸੇਖੋਂ ਅੱਗੇ ਮਾਰਕਸਵਾਦੀ ਵਿਚਾਰਧਾਰਾ ਅਧੀਨ ਸਮਾਜ ਵਿਚ ਆਰਥਕ ਨਾ ਬਰਾਬਰੀ ਦੀ ਮਾਰ ਹੇਠ ਆਈ ਕਿਸਾਨੀ ਤੇ ਮੱਧਵਰਗੀ ਲੋਕ ਸਨ, ਪ੍ਰਿੰ. ਸੁਜਾਨ ਸਿੰਘ ਸਾਹਮਣੇ ਦੱਬੇ ਕੁਚਲੇ ਨਿਮਨ ਵਰਗ ਦੇ ਲੋਕਾਂ ਦੀ ਜ਼ਿੰਦਗੀ ਸੀ, ਜਿਨ੍ਹਾਂ ਦੇ ਸੰਘਰਸ਼ਮਈ ਜੀਵਨ ਨੂੰ ਮਾਰਕਸਵਾਦੀ ਦ੍ਰਿਸ਼ਟੀਕੋਨ ਨੂੰ ਮੁੱਖ ਰੱਖਕੇ ਸਿਰਜਨਾ ਕੀਤੀ। ਹਰੀ ਸਿੰਘ ਦਿਲਬਰ ਕੋਲ ਪੇਂਡੂ ਜਨ-ਜੀਵਨ ਦਾ ਤੰਗੀਆਂ ਤੁਰਸ਼ੀਆਂ ਭਰਿਆ ਜੀਵਨ, ਉਹਨਾਂ ਦਾ ਪਛੜਿਆਪਣ ਸੀ, ਨੌਰੰਗ ਸਿੰਘ, ਅਮਰ ਸਿੰਘ ਹੋਰਾਂ ਅਗੇ ਸ਼ਹਿਰੀ ਮੱਧ ਵਰਗ ਸੀ, ਜਿਨ੍ਹਾਂ ਦਾ ਜੀਵਨ ਉਹਨਾਂ ਨੇ ਬੜੀ ਖ਼ੂਬਸੂਰਤੀ ਨਾਲ ਚਿਤਰਿਆ। ਕਰਤਾਰ ਸਿੰਘ ਦੁੱਗਲ ਰੱਜੇ ਪੁੱਜੇ ਪਰਿਵਾਰ ਤੇ ਵਪਾਰੀ ਤਬਕੇ ਨਾਲ ਸੰਬੰਧਤ ਹੋਣ ਕਰਕੇ ਉਸ ਨੇ ਅਜਿਹੇ ਲੋਕਾਂ ਦੀ ਧਿਰ ਬਣਨ ਦੀ ਜਗ੍ਹਾ ਮਾਰਕਸਵਾਦ ਦੇ ਉਲਟ ਫਰਾਇਡਵਾਦੀ ਸੋਚ ਨੂੰ ਅਪਣਾ ਕੇ ਕੁਝ ਲੋਕਾਂ ਦਾ ਧਿਆਨ ਮਾਰਕਸਵਾਦ ਤੋਂ ਹਟਾਉਣ ਲਈ

ਕਹਾਣੀਆਂ ਸਿਰਜੀਆਂ।

ਦੇਸ਼ ਦੀ ਵੰਡ ਦੇ ਦੁਖਾਂਤ ਤੇ ਨਕਸਲਵਾਦੀ ਲਹਿਰ ਅਧੀਨ ਵੀ ਬਹੁਤ ਸਾਰੀਆਂ ਖ਼ੂਬਸੂਰਤ ਕਹਾਣੀਆਂ ਰਚੀਆਂ ਗਈਆਂ ਸਨ। ਭਾਵ ਪਹਿਲੀ ਕਹਾਣੀ ਵਿਚ ਵਿਚਾਰ, ਵਾਦ ਤੇ ਕਲਾ ਅਤੇ ਲੋਕ ਪੱਖੀ ਰੁਝਾਨ ਭਾਰੂ ਸੀ, ਜਿਸ ਕਰਕੇ ਉਹ ਨਵੀਂ ਲਿਖੀ ਜਾ ਰਹੀ ਕਹਾਣੀ ਤੋਂ ਕਾਫੀ ਭਿੰਨ ਸੀ।

ਸਾਹਿਤ ਸਮਾਜ ਵਿਚ ਹੋ ਰਹੀਆਂ ਗਤੀਵਿਧੀਆਂ ਦਾ ਹੀ ਪ੍ਰਤੀਕਰਮ ਹੁੰਦਾ ਹੈ। ਜਿਹੋ ਜਿਹਾ ਸਮਾਜਕ ਵਰਤਾਰਾ ਹੋ ਰਿਹਾ ਹੋਵੇਗਾ, ਉਹੋ ਜਿਹਾ ਹੀ ਸਾਹਿਤ ਪੈਦਾ ਹੋਵੇਗਾ। ਹੁਣ ਸੜਕਾਂ ਦੇ ਜਾਲ ਵਿਛ ਜਾਣ ਤੇ ਆਵਾਜਾਈ ਦੇ ਸਾਧਨਾਂ, ਇਲੈਕਟ੍ਰਿਕ ਮੀਡੀਏ ਵਿਚ ਆਈ ਕ੍ਰਾਂਤੀ ਨੇ ਪਿੰਡਾਂ ਨੂੰ ਕਸਬਿਆਂ ਕਸਬਿਆਂ ਨੂੰ ਸ਼ਹਿਰਾਂ, ਸ਼ਹਿਰਾਂ ਨੂੰ ਮਹਾਂਨਗਰਾਂ ਨਾਲ ਇਸ ਤਰ੍ਹਾਂ ਜੋੜ ਦਿੱਤਾ ਹੈ ਕਿ ਸਭ ਕੁਝ ਇਕ ਥਾਂ ਤੇ ਇਕੱਠਾ ਹੋ ਰਿਹਾ ਜਾਪਦਾ ਹੈ, ਜਿਸ ਕਰਕੇ ਲੋਕਾਂ ਨੂੰ ਨਵੀਆਂ ਤੋਂ ਨਵੀਆਂ ਗੱਲਾਂ ਦਾ ਗਿਆਨ ਹੋ ਰਿਹਾ ਹੈ, ਇਸ ਗਿਆਨ ਅਪਨਾਉਣ ਤੇ ਇਸ ਚੋਂ ਕਈ ਨਵੀਆਂ ਉਲਝਣਾ ਪੈਦਾ ਹੋ ਰਹੀਆਂ ਹਨ, ਸਮੱਸਿਆਵਾਂ ਵਿਚ ਵਾਧੇ ਹੋ ਰਹੇ ਹਨ। ਜਿਸ ਕਰਕੇ ਲੇਖਕਾਂ ਨੂੰ ਨਵੀਆਂ ਤੋਂ ਨਵੀਆਂ ਚਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੁਝ ਲੇਖਕ ਇਹਨਾਂ ਚਣੌਤੀਆਂ ਦਾ ਸਾਹਮਣਾ ਕਰਦੇ ਹੋਏ ਕਹਾਣੀਆਂ ਸਿਰਜ ਰਹੇ ਹਨ। ਉਦਾਹਰਣ ਲਈ ਜੇ ਭਾਰਤ ਪਾਕਿਸਤਾਨ ਵਿਚ ਲੋਕਾਂ ਦੇ ਆਉਣ ਜਾਣ ਦੀ ਖੁੱਲ੍ਹ ਮਿਲਦੀ ਹੈ ਤਾਂ ਕੇਸਰਾ ਰਾਮ ਦੀ ਕਹਾਣੀ "ਹਿੱਕ ਆਹੀ ਜਮਨਾ ਉਰਫ ਜੁੰਮਨ ਖਾਨ" ਦੀ ਸਿਰਜਨਾ ਹੁੰਦੀ ਹੈ। ਫੇਰ ਹੋਰ ਉਦਾਹਰਣ ਲਈ ਤ੍ਰੈ ਮਾਸਿਕ 'ਕਹਾਣੀ ਧਾਰਾ' ਵਿਚ ਛਪੀ ਜਿੰਦਰ ਦੀ ਕਹਾਣੀ "ਰਫ਼ਤਾਰ" ਅਤੇ ਤ੍ਰੈਮਾਸਿਕ ਪੱਤਰ ਪ੍ਰਵਚਨ' ਵਿਚ ਹਰਜੀਤ ਅਟਵਾਲ ਦੀ ਛਪੀ ਕਹਾਣੀ 'ਕਮਾਈ' ਨੂੰ ਲਿਆ ਜਾ ਸਕਦਾ ਹੈ। ਅਮਰੀਕਾ ਵਿਚ ਇਕ ਸਮੇਂ ਪ੍ਰਚਲਤ ਹੋਏ ਬਲੈਕ ਲਿਟਰੇਚਰ ਵਾਂਗ ਪੰਜਾਬ ਵਿਚ ਵੀ ਦਲਿਤ ਵਰਗ ਵਿਚ ਆਏ ਉਭਾਰ ਵਿਚੋਂ ਪੈਦਾ ਹੋਈਆਂ ਮੇਰੀਆਂ ਕਹਾਣੀਆਂ 'ਤੁਸੀਂ ਨਹੀਂ ਸਮਝੋਗੇ' , 'ਗੁੰਬਦ ਦੀ ਆਵਾਜ਼', 'ਚੁੱਲ੍ਹਾ' ਤੇ 'ਖੱਟੀਆਂ ਮਿੱਠੀਆਂ ਗੋਲੀਆਂ', ਅਤਰਜੀਤ ਦੀਆਂ ਕਈ ਵਧੀਆਂ ਕਹਾਣੀਆਂ 'ਚੋਂ 'ਨੂੰਹਾਂ' ਤੇ ਮੋਹਨ ਲਾਲ ਫਿਲੌਰੀਆਂ ਦੀ ਕਹਾਣੀਆਂ ਨੂੰ ਵੀ ਵਿਚਾਰਿਆ ਜਾ ਸਕਦਾ ਹੈ। ਕੁਝ ਵਿਸ਼ੇ ਤੇ ਸਮੱਸਿਆਵਾਂ ਅਜਿਹੀਆਂ ਹੁੰਦੀਆਂ ਹਨ, ਜਿਹੜੀਆਂ ਸਦਾ ਉਵੇਂ ਦੀਆਂ ਉਵੇਂ ਖੜ੍ਹੀਆਂ ਰਹਿੰਦੀਆਂ ਹਨ, ਇਸ ਲਈ ਜਦ ਕੋਈ ਕਹਾਣੀਕਾਰ ਉਹਨਾਂ ਬਾਰੇ ਕਹਾਣੀ ਦੀ ਸਿਰਜਨਾ ਕਰਦਾ ਹੈ ਤਾਂ ਉਸ ਵਿਚ ਦੁਹਰਾ ਵੀ ਆਉਣਾ ਸੁਭਾਵਕ ਹੈ ਪਰ ਜਿਹੜਾ ਲੇਖਕ ਸਾਹਿਤ ਪੜ੍ਹਦਾ ਹੈ, ਜ਼ਿਹਨੀ ਵਿਕਾਸ ਕਰਦਾ ਹੈ, ਸਮਾਜਿਕ ਵਰਤਾਰੇ ਦੇ ਹਮਕਦਮ ਹੋ ਕੇ ਚਲਦਾ ਹੈ ਉਹ ਅਜਿਹੀ ਗਲੀ ਨਹੀਂ ਕਰਦਾ।

ਮੇਰਾ ਵਿਚਾਰ ਹੈ ਕਿ ਜਦੋਂ ਕੋਈ ਲਹਿਰ ਕਿਸੇ ਖਾਸ ਵਿਚਾਰਧਾਰਾ ਨੂੰ ਲੈ ਕੇ ਪੈਦਾ ਹੁੰਦੀ ਹੈ ਉਹਦੇ ਹੱਕ ਤੇ ਵਿਰੋਧ ਵਿਚੋਂ ਸਾਹਿਤ ਸਿਰਜਨਾ ਹੁੰਦੀ ਹੈ। ਇਕ ਦੂਜੇ ਤੋਂ ਮੀਰੀ ਸਾਬਤ ਕਰਨ ਲਈ ਲੇਖਕ ਆਪਣੇ ਪੱਖ ਦੇ ਸਾਹਿਤ ਵਿਚ ਵਿਚਾਰ, ਦਲੀਲ ਤੇ ਸ਼ਿਲਪਕਾਰੀ ਉਤੇ ਵਧੇਰੇ ਜੋਰ ਦਿੰਦੇ ਹਨ, ਜਿਸ ਕਰਕੇ ਵਧੀਆ ਸਾਹਿਤ ਸਾਡੇ ਸਾਹਮਣੇ ਆਉਂਦਾ ਹੈ ਪਰ ਨੱਬੇਵਿਆਂ ਤੱਕ ਨਕਸਲਵਾੜੀ ਲਹਿਰ ਤਕਰੀਬਨ ਖਤਮ ਹੋ ਰਹੀ ਸੀ, ਰਸ਼ੀਆ ਟੁੱਟ ਚੁੱਕਿਆ ਸੀ, ਮਾਰਕਸਵਾਦ ਦੇ ਵਿਰੋਧੀਆਂ ਨੂੰ ਇਸਦੇ ਫੇਲ ਹੋਣ ਦਾ ਪ੍ਰਚਾਰ ਕਰਨ ਦਾ ਮੌਕਾ ਮਿਲ ਗਿਆ ਜਦ ਕਿ ਫੇਲ ਮਾਰਕਸਵਾਦ ਨਹੀਂ ਇਸਦੇ ਲਾਗੂ ਕਰਨ ਵਾਲੇ ਹੋਏ ਸੀ, ਜਿਸ ਕਰਕੇ ਮਾਰਕਸਵਾਦੀ ਲੇਖਕ ਕੁਝ ਚੁੱਪ ਹੋ ਗਏ। ਖਾੜਕੂਵਾਦ ਦੇ ਦੌਰ ਵਿਚ ਲੇਖਕ ਦੋ ਪਾਸਿਆਂ ਦੇ ਭੈ ਕਰਕੇ ਕਾਫੀ ਹੱਦ ਤੱਕ ਖੁਲ੍ਹ ਨਾ ਸਕੇ, ਸੱਚ ਨੂੰ ਸੱਚ ਕਹਿਣ ਤੋਂ ਡਰਦੇ ਰਹੇ, ਜਿਸ ਕਰਕੇ ਲੇਖਕਾਂ ਦੀਆਂ ਕਲਮਾਂ ਨੇ ਬਾਹਰ ਮੁੱਖਤਾ ਵਲੋਂ ਮੂੰਹ ਮੋੜਕੇ ਅੰਤਰਮੁੱਖਤਾ ਵੱਲ ਚਲਣਾ ਸ਼ੁਰੂ ਕਰ ਦਿੱਤਾ ਜਾਂ ਫੇਰ ਬੀਤੇ ਦੀਆਂ ਕਹਾਣੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਨ੍ਹਾਂ ਦਾ ਸਮਕਾਲੀ ਸਮਾਜਕ ਸਰੋਕਾਰਾਂ ਨਾਲ ਕੋਈ ਨੇੜੇ ਤੇੜੇ ਦਾ ਵੀ ਸਬੰਧ ਨਹੀਂ ਸੀ। 'ਇਉਂ ਹੁੰਦਾ ਸੀ', 'ਇਉਂ ਕਰਦੇ ਸੀ', ਆਦਿ ਅਜਿਹੇ ਸਾਹਿਤ ਦੀ ਸਿਰਜਨਾ ਕਰਨਾ ਸਮਕਾਲੀ ਸਮੱਸਿਆਵਾਂ ਨਾਲ ਦੋ ਚਾਰ ਹੋਣ ਦੀ ਥਾਂ ਇਸ ਤੋਂ ਮੂੰਹ ਮੋੜਨਾ ਹੁੰਦਾ ਹੈ ਪਰ ਕਈ ਲੇਖਕਾਂ ਨੇ ਇਸ ਦੌਰ ਵਿਚ ਵੀ ਖੁਲ ਕੇ ਗੱਲ ਕੀਤੀ, ਜਿਨ੍ਹਾਂ 'ਚੋਂ ਮੇਰੀ ਬਹਿਸ ਛੇੜਦੀ ਪੁਸਤਕ "ਧਰਤੀ ਲਹੂ ਲੁਹਾਣ' ਤੇ ਖਾੜਕੂਵਾਦ ਦੀ ਮਾਰ ਹੇਠ ਆਈ ਇਕ ਧਿਰ ਦੇ ਪੱਖ ਵਿਚ ਖੜ੍ਹਕੇ ਲਿਖੀਆਂ ਡਾ. ਬਲਵਿੰਦਰ ਕੌਰ ਬਰਾੜ ਦੀਆਂ ਕਹਾਣੀਆਂ ਨੂੰ ਪਤਾ ਨਹੀਂ ਕਿਉਂ ਪੰਜਾਬੀ ਆਲੋਚਕਾਂ ਨੇ ਅਣਗੌਲਿਆ ਕਰ ਦਿੱਤਾ ਜਦ ਕਿ ਮੇਰੀ ਕਹਾਣੀ 'ਧਰਤੀ ਲਹੂ ਲੁਹਾਣ' ਪਹਿਲਾਂ ਹਿੰਦੀ ਵਿਚ ਅਨੁਵਾਦ ਹੋ ਕੇ ਭਾਰਤੀਯ ਸਾਹਿਤ ਅਕਾਡਮੀ ਦਿੱਲੀ ਦੇ ਪਰਚੇ 'ਸਮਕਾਲੀ ਭਾਰਤੀ ਸਾਹਿਤ' ਵਿਚ 'ਗੁਰੂ ਕਾ ਸਿੱਖ' ਨਾਮ ਹੇਠ ਛਪੀ ਫੇਰ ਇਹ ਕਹਾਣੀ ਡਾ. ਪੁਟਪ੍ਰਤਿ ਨਾਗ ਪਦਮਿਨੀ ਵਲੋਂ ਤੇਲਗੂ ਵਿਚ ਅਨੁਵਾਦ ਕੀਤੀ ਗਈ।

ਅੱਸੀਵਿਆਂ ਤੋਂ ਪਹਿਲੀ ਲਿਖੀ ਗਈ ਕਹਾਣੀ ਬਾਰੇ ਮੈਂ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ



ਉਸ ਵੇਲੇ ਦੇ ਕਹਾਣੀਕਾਰਾਂ ਕੋਲ ਆਪੋ ਆਪਣਾ ਮਿਸ਼ਨ ਸੀ, ਵਿਚਾਰਧਾਰਾ ਸੀ, ਕਿਉਂਕਿ ਓਦੋਂ ਸਮੇਂ ਦੀ ਮੰਗ ਸੀ। ਅੱਸੀਵਿਆਂ ਵਿਚ ਸਮਾਂ ਹੀ ਅਜਿਹਾ ਆ ਗਿਆ ਸੀ ਕਿ ਸਾਡੇ ਬਹੁਤੇ ਕਹਾਣੀਕਾਰ ਬਾਹਰਮੁਖਤਾ ਨਾਲੋਂ ਟੁੱਟ ਕੇ ਅੰਤਰਮੁਖਤਾ ਵੱਲ ਵਧਣ ਲੱਗ ਪਏ ਸੀ, ਇਸ ਲਈ ਇਸ ਸਮੇਂ ਦੀ ਕਾਫੀ ਕਹਾਣੀ ਕਿਸੇ ਸ਼੍ਰੇਣੀ ਕਿਸੇ ਵਰਗ ਜਾਂ ਆਮ ਲੋਕਾਂ ਦੀ ਪ੍ਰਤੀਨਿੱਧਤਾ ਕਰਨ ਦੀ ਜਗਾ ਸਵੈ ਦੇ ਰੋਣੇ ਰੋਣ ਵਲ ਤੁਰ ਪਈ ਸੀ।

ਦੇਸ਼ ਦੀ ਵੰਡ ਦੇ ਦੁਖਾਂਤ ਬਾਰੇ ਜੋ ਕਹਾਣੀਆਂ ਖੁਭ ਕੇ ਲਿਖੀਆਂ ਗਈਆਂ ਉਹ ਹੁਣ ਵੀ ਜਿਉਂਦੀਆਂ ਹਨ ਪਰ ਜਿਹੜੇ ਲੇਖਕਾਂ ਨੇ ਰਿਵਾਜਨ ਸੁਣ ਸੁਣ ਕੇ ਕਹਾਣੀਆਂ ਲਿਖੀਆਂ ਉਹ ਜ਼ਰੂਰ ਪੇਤਲੀਆਂ ਰਹਿ ਗਈਆਂ। ਇਹ ਰਿਵਾਜਨ ਕਹਾਣੀ ਲਿਖਣ ਵਾਲਿਆਂ ਚੋਂ ਬਹੁਤ ਤਾਂ ਓਦੋਂ ਜੰਮੇ ਵੀ ਨਹੀਂ ਸੀ, ਜਿਨ੍ਹਾਂ ਨੇ ਨਾ ਪਾਕਿਸਤਾਨ ਬਣਦਾ ਦੇਖਿਆ, ਨਾ ਉਸ ਬਾਰੇ ਉਨ੍ਹਾਂ ਨੂੰ ਕੋਈ ਨਿੱਜੀ ਅਨੁਭਵ ਸੀ, ਇਸ ਲਈ ਅਨੁਭਵ ਹੀਣਤਾ ਤੇ ਸਿਰਫ ਕਲਪਨਾ ਕਰਕੇ ਹੀ ਤਾਂ ਕੋਈ ਵਧੀਆਂ ਕਹਾਣੀ ਨਹੀਂ ਰਚੀ ਜਾ ਸਕਦੀ। ਜਿਨ੍ਹਾਂ ਨੇ ਇਹ ਦੁਖਾਂਤ ਵਾਪਰਦਾ ਦੇਖਿਆ, ਝੱਲਿਆ ਤੇ ਫੇਰ ਕਹਾਣੀਆਂ ਰਚੀਆਂ ਉਹਨਾਂ ਦੀਆਂ ਕਹਾਣੀਆਂ ਅਮਰ ਹਨ, ਜਿਵੇਂ ਕੁਲਵੰਤ ਸਿੰਘ ਵਿਰਕ ਦੀ 'ਖੱਬਲ', ਸੰਤੋਖ ਸਿੰਘ ਧੀਰ ਦੀ 'ਮੇਰਾ ਉਜੜਿਆ ਗੁਆਂਢੀ', ਗੁਰਦੇਵ ਸਿੰਘ ਰੁਪਾਣਾ ਦੀਆਂ ਕਹਾਣੀਆਂ 'ਹਵਾ ਤੇ ਸ਼ੀਸ਼ਾ' ਆਦਿ ਬਹੁਤ ਹੀ ਵਧੀਆਂ ਜਾਨਦਾਰ ਕਹਾਣੀਆਂ ਹਨ।

ਪੰਜਾਬ ਸੰਕਟ ਬਾਰੇ ਸਾਹਿਤ ਦੀ ਸਿਰਜਨਾ ਤੋਂ ਪਹਿਲਾਂ ਇਸਦੇ ਕਾਰਨਾਂ ਨੂੰ ਸਮਝ ਲੈਣਾਂ ਚਾਹੀਦਾ ਸੀ ਪਰ ਘਟਨਾਵਾਂ ਹੀ ਕੁਝ ਅਜਿਹੀਆਂ ਤੇ ਤੇਜੀ ਨਾਲ ਵਾਪਰੀਆਂ ਕਿ ਲੇਖਕਾਂ ਨੇ ਇਨ੍ਹਾਂ ਦੇ ਕਾਰਨਾ, ਇਸ ਦੇ ਚੰਗੇ ਮਾੜੇ ਪੱਖਾਂ ਦਾ ਅਧਿਐਨ ਕਰਕੇ ਲਿਖਣ ਦੀ ਜਗ੍ਹਾ ਘਟਨਾਵਾਂ ਪ੍ਰਤੀ ਰੋਸ ਤੇ ਗਿਲਾ ਪ੍ਰਗਟ ਕਰਨਾ ਸ਼ੁਰੂ ਕਰ ਦਿੱਤਾ। ਰੋਸ ਤੇ ਗਿਲਾ ਕੋਈ ਸਾਹਿਤ ਨਹੀਂ ਹੁੰਦਾ। ਜਿਨ੍ਹਾਂ ਨੇ ਇਸ ਦੇ ਕਾਰਨਾਂ ਨੂੰ ਸਮਝਕੇ ਲਿਖਿਆ ਹੈ, ਉਨ੍ਹਾਂ ਬਾਰੇ ਆਲੋਚਕ ਚੁੱਪ ਰਹੇ। ਉਹਨਾਂ ਦੀ ਚਰਚਾ ਹੀ ਨਹੀਂ ਹੋਈ। ਜਿਨ੍ਹਾਂ ਦੀਆਂ ਕਮਜ਼ੋਰ ਕਹਾਣੀਆਂ ਦੀ ਦੋਸਤੀਆਂ, ਗਰੁੱਪਾਂ ਦੀ ਮਾਰ ਹੇਠ ਆ ਕੇ ਚਰਚਾ ਕੀਤੀ ਗਈ ਉਹਨਾਂ ਦਾ ਹਸ਼ਰ ਓਹੀ ਹੋਣਾ ਸੀ ਜੋ ਤੁਹਾਡੇ ਸਵਾਲ ਵਿਚ ਹੈ। ਜੇ ਡਾ. ਤੇਜਵੰਤ ਮਾਨ ਨੇ ਅਜਿਹੀਆਂ ਕਹਾਣੀਆਂ ਬਾਰੇ ਓਦੋਂ ਸਿਧਾਂਤਕ ਬਹਿਸ ਛੇੜੀ ਤਾਂ ਉਸ ਦੀ ਬਹਿਸ ਦਾ ਜਵਾਬ ਦੇਣ ਦੀ ਥਾਂ ਉਸ ਨੂੰ ਪੱਖਪਾਤ ਕਹਿ ਕੇ ਭੰਡਿਆ ਗਿਆ।

ਮੇਰਾ ਇਹ ਵੀ ਵਿਚਾਰ ਹੈ ਕਿ ਸਾਹਿਤ ਪੀੜ੍ਹੀਆਂ ਵਿਚ ਨਹੀਂ ਵੰਡਿਆ ਜਾ ਸਕਦਾ ਕਿਉਂਕਿ ਇਸ ਵੇਲੇ ਸੰਤੋਖ ਸਿੰਘ ਧੀਰ ਵੀ ਕਹਾਣੀ ਲਿਖ ਰਿਹਾ ਹੈ, ਤੁਸੀਂ ਸਾਰੇ ਵੀ ਲਿਖ ਰਹੇ ਹੋ। ਸਾਡੇ ਸਮੇਂ ਵਿਚ ਮੇਰੇ ਤੋਂ ਪਹਿਲੇ ਕਹਾਣੀਕਾਰਾਂ ਉਦਾਹਰਣ ਦੇ ਤੌਰ ਤੇ ਜਸਵੰਤ ਸਿੰਘ ਕੰਵਲ ਨੇ ਜਿਹੋ ਜਿਹੀ ਵਧੀਆਂ ਕਹਾਣੀ 'ਪੁਰਖਿਆ ਦੀ ਪੱਗ' ਲਿਖੀ ਹੈ, ਨਾ ਕਿਸੇ ਮੇਰੇ ਹਾਣ ਦੇ ਨੇ, ਨਾ ਮੇਰੀ ਉਮਰ ਤੋਂ ਛੋਟੇ ਕਿਸੇ ਕਹਾਣੀਕਾਰ ਨੇ ਉਨ੍ਹੀ ਵਧੀਆ ਖ਼ੂਬਸੂਰਤ ਤੇ ਕਲਾਤਮਕ ਕਹਾਣੀ ਪੰਜਾਬ, ਪੰਜਾਬੀ, ਪੰਜਾਬੀਅਤ ਤੇ ਪੰਜਾਬੀ ਵਿਰਸੇ ਨਾਲ ਸੰਬੰਧਤ ਹੋ ਕੇ ਲਿਖੀ ਹੈ। ਜਸਵੰਤ ਸਿੰਘ ਵਿਰਦੀ ਤੇ ਪ੍ਰੇਮ ਪ੍ਰਕਾਸ਼ ਦਾ ਆਪਣਾ ਇਕ ਸਟਾਈਲ ਹੈ ਜਿਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਨਕਾਰਿਆ ਨਹੀਂ ਜਾ ਸਕਦਾ ਹੈ। ਹਾਂ ਪੁਰਾਣੇ ਲੇਖਕਾਂ ਨੂੰ ਤਜਰਬੇ ਦੇ ਤੌਰ ਤੇ ਪ੍ਰੌੜ ਲੇਖਕ ਜ਼ਰੂਰ ਕਿਹਾ ਜਾ ਸਕਦਾ ਹੈ। ਕਿਸੇ ਲੇਖਕ ਦਾ ਮੁੱਲ ਪੀੜ੍ਹੀ ਕਰਕੇ ਨਹੀਂ ਉਸ ਦੀ ਰਚਨਾਤਮਕ ਸ਼ਕਤੀ , ਉਸ ਵਿਚਲੀ ਖ਼ੂਬਸੂਰਤੀ ਤੇ ਕਲਾਤਮਿਕਤਾ ਕਰਕੇ ਹੀ ਪੈਂਦਾ ਹੈ।

ਮੈਂ ਕਹਾਣੀ ਕੋਈ ਸ਼ੌਕ ਜਾਂ ਦਿਲ ਪ੍ਰਚਾਵੇ ਲਈ ਨਹੀਂ ਲਿਖਦਾਂ। ਸਗੋਂ ਕੋਈ ਅਜਿਹੀ ਘਟਨਾ ਜਾਂ ਵਿਸ਼ਾ ਕਹਾਣੀ ਜਾਂ ਨਾਵਲ ਲਿਖਣ ਲਈ ਮੈਨੂੰ ਮਜ਼ਬੂਰ ਕਰ ਦਿੰਦਾ ਹੈ, ਜੋ ਮੇਰੇ ਸਾਹਮਣੇ ਵਾਪਰਿਆ ਹੁੰਦਾ ਹੈ। ਕਹਾਣੀ ਲਿਖਣ ਦਾ ਮੇਰੇ ਸਾਹਮਣੇ ਇਕ ਖਾਸ ਮਕਸਦ ਹੁੰਦਾ ਹੈ। ਘਟਨਾ ਹੁੰਦੀ ਹੈ, ਵਿਚਾਰ ਹੁੰਦਾ ਹੈ। , ਵਿਸ਼ਾ ਹੁੰਦਾ ਹੈ ਤੇ ਇਨ੍ਹਾਂ ਸਬੰਧੀ ਕੁਝ ਸਵਾਲ ਹੁੰਦੇ ਹਨ, ਜਿਨ੍ਹਾਂ ਦੇ ਉਤਰ ਦੇਣ ਲਈ ਮੈਂ ਕਹਾਣੀ ਸਿਰਜਦਾ ਹਾਂ। ਬਣੀ ਬਣਾਈ ਕਹਾਣੀ ਨੂੰ ਮੈਂ ਆਪਣੇ ਸ਼ਬਦਾਂ ਦਾ ਜਾਮਾ ਪਵਾ ਕੇ ਕਹਾਣੀ ਦੇ ਤੌਰ ਤੇ ਪੇਸ਼ ਨਹੀਂ ਕਰ ਸਕਦਾ। ਮੇਰਾ ਇਹ ਮਕਸਦ ਹੀ ਮੇਰਾ ਇੱਛਤ ਯਥਾਰਥ ਹੁੰਦਾ ਹੈ। ਮੇਰਾ ਬਚਪਨ ਪਿੰਡ ਵਿਚ ਬੀਤਿਆ। ਸਾਡੇ ਘਰ ਤੋਂ ਇਕ ਵੀਹੀ ਛੱਡ ਕੇ ਵਾਲਮੀਕੀਆਂ ਦਾ ਵਿਹੜਾ ਸੀ, ਉਸ ਤੋਂ ਅੱਗੇ ਰਾਮਦਾਸੀਆਂ ਦਾ। ਜਿਨ੍ਹਾਂ ਦੇ ਨਿਆਣਿਆ ਨਾਲ ਮੇਰਾ ਉਠਣ ਬੈਠਣ, ਖੇਡਣ ਕੁਦਣ ਸੀ। ਜਿਸ ਕਰਕੇ ਮੈਂ ਇਹਨਾਂ ਨੂੰ ਆਪਣੇ ਆਲੇ ਦੁਆਲੇ ਰਹਿੰਦੇ ਦੱਬੇ ਕੁਚਲੇ ਲੋਕਾਂ ਦੀ ਜ਼ਿੰਦਗੀ ਨੂੰ ਬੜਾ ਨੇੜੇ ਹੋ ਕੇ ਦੇਖਿਆ ਹੈ। ਜੱਟ ਤੇ ਸੀਰੀ ਦਾ, ਹਾਲੀ ਤੇ ਪਾਲੀ ਦਾ ਰਿਸ਼ਤਾ ਲਹੂ ਮਾਸ ਦਾ ਰਿਹਾ ਹੈ, ਇਨ੍ਹਾਂ ਦੀ ਆਪਸੀ ਭਾਈਚਾਰਕ ਸਾਂਝ ਵੀ ਦੇਖੀ ਹੈ। ਮੈਂ ਖੇਤ ਮਜ਼ਦੂਰਾਂ ਨਾਲ ਰਹਿ ਕੇ ਖੇਤੀ

ਦਾ ਕੰਮ ਵੀ ਕਰਵਾਇਆ ਹੈ ਤੇ ਬਚਪਨ ਵਿਚ ਡੰਗਰ ਵੀ ਚਾਰੇ ਹਨ। ਸ਼ਹਿਰ ਵਿਚ ਆ ਕੇ ਬਿਜਲੀ ਬੋਰਡ ਵਿਚ ਵਰਕ ਚਾਰਜ ਦੀ ਨੌਕਰੀ ਕੀਤੀ, ਇਥੇ ਵੀ ਮੇਰਾ ਵਾਹ ਮਜ਼ਦੂਰਾਂ ਨਾਲ ਹੀ ਪਿਆ। ਇਸ ਕਰਕੇ ਇਨ੍ਹਾਂ ਲੋਕਾਂ ਦੀ ਥੁੜਾ ਮਾਰੀ, ਦੁੱਖਾਂ ਤਕਲੀਫ਼ਾਂ ਭਰੀ ਜ਼ਿੰਦਗੀ ਨੂੰ ਨਾਲ ਰਹਿ ਕੇ ਦੇਖਿਆ ਵੀ ਹੈ ਤੇ ਸਮਝਿਆ ਵੀ ਹੈ। ਇਸ ਲਈ ਜਦ ਮੈਂ ਕਿਸੇ ਆਮ ਆਦਮੀ ਜਾਂ ਕਿਤੇ ਮਜ਼ਦੂਰਾਂ ਵਿਚੋਂ, ਕਿਸੇ ਨਾਲ ਅਨਿਆਇ ਹੁੰਦਾ ਦੇਖਦਾ ਹਾਂ ਤਾਂ ਮੈਨੂੰ ਲਗਦੈ ਇਹ ਅਨਿਆਇ ਉਸ ਨਾਲ ਨਹੀਂ, ਮੇਰੇ ਨਾਲ ਹੋ ਰਿਹਾ ਹੈ ਤੇ ਮੈਂ ਝੱਟ ਉਸਦੇ ਹੱਕ ਵਿਚ ਖੜ੍ਹ ਜਾਂਦਾ ਹੈ। ਇਸੇ ਕਰਕੇ ਨਿਮਨ ਵਰਗ ਬਾਰੇ ਮੈਂ ਬਹੁਤ ਲਿਖਿਆ ਹੈ। ਮਾਰਕਸਵਾਦੀ ਸੋਚ ਦਾ ਧਾਰਨੀ ਹੋਣ ਕਰਕੇ ਮੈਂ ਸ੍ਰੈਣੀ ਵੰਡ ਨੂੰ ਸਮਝਦਾ ਹਾਂ ਤੇ ਨਿਮਨ ਵਰਗ ਬਾਰੇ ਲਿਖਣਾ ਆਪਣਾ ਫਰਜ਼। ਮਾਰਕਸਵਾਦੀ ਬਾਰੇ ਮੁਢਲੀ ਜਾਣਕਾਰੀ ਮੈਨੂੰ ਤੇਜਵੰਤ ਮਾਨ ਦੀ ਸੰਗਤ ਵਿਚ ਰਹਿਕੇ ਉਸਦੇ ਮਾਮਾ ਕਾਮਰੇਡ ਹਰਨਾਮ ਸਿੰਘ ਚਮਕ ਤੋਂ ਪ੍ਰਾਪਤ ਹੋਈ। ਫੇਰ ਵਿਤ ਅਨੁਸਾਰ ਪੜ੍ਹਿਆ। ਉਸ ਤੋਂ ਬਾਅਦ ਮੇਰੀ ਸੋਚ ਵਿਚ ਹੋਰ ਨਿਖਾਰ ਆਇਆ। ਮੇਰੀ ਸਾਹਿਤ ਸਹਿਜਣਾ ਦਾ ਮਕਸਦ ਮੇਰੀਆਂ ਕਹਾਣੀਆਂ ਦੀਆਂ ਕਿਤਾਬਾਂ ਦੇ ਨਾਂ ਵੀ ਸਵੈ ਸਪਸ਼ਟ ਕਰਦੇ ਹਨ, ਜਿਵੇਂ 'ਅਣਗੌਲੇ ਆਦਮੀ', 'ਜਾਗਦੇ ਲੋਕ', 'ਕੱਚੇ ਕੋਠਿਆਂ ਦੇ ਵਾਸੀ', 'ਜੰਗ ਜਾਰੀ ਹੈ', 'ਧਰਤੀ ਲਹੂ ਲੁਹਾਣ', 'ਅਸੀਂ ਹਾਰੇ ਨਹੀਂ', 'ਕੀੜੀਆਂ', 'ਸਾਜਸ਼ੀ ਹਵਾਂ', 'ਮਹਾਂਬਲੀ', 'ਇਖਲਾਕ ਗੁੰਮ ਹੈ', 'ਹੱਕ ਫਰਜ਼ ਅਤੇ ਜੰਗ'। ਪਹਿਲਾਂ ਮੈਂ ਆਪਣੀਆਂ ਕਹਾਣੀਆਂ ਵਿਚ ਇਨ੍ਹਾਂ ਅਣਗੌਲੇ ਆਦਮੀਆਂ ਦੀਆਂ ਤੰਗੀਆਂ ਤੁਰਸ਼ੀਆਂ, ਅੜਾਂ, ਥੁੜਾਂ, ਤੇ ਜਿਲਤ ਭਰੀ ਜਿੰਦਗੀ ਨੂੰ ਜੋ ਅੱਖੀ ਦੇਖਿਆ ਸੀ ਉਸਦਾ ਬੜਾ ਯਥਾਰਥ ਮਈ ਚਿਤਰਣ ਕੀਤਾ। ਜਿਵੇਂ ਕਿ ਹੁਣ ਵੀ ਕਈ ਲੇਖਕ ਚਿਤਰ ਰਹੇ ਹਨ ਫੇਰ ਮੈਂ ਸੋਚਿਆ ਕਿ ਕਿਸੇ ਗਰੀਬ ਦੀ ਗਰੀਬੀ ਨੂੰ ਚਿਤਰ ਦੇਣਾ ਹੀ ਕਾਫੀ ਨਹੀਂ ਇਹ ਤਾਂ ਸਭ ਨੂੰ ਪਤਾ ਹੈ, ਇਸ ਲਈ ਮੈਂ ਇਸਦੇ ਕਾਰਨਾਂ ਤੇ ਉਨ੍ਹਾਂ ਸ਼ਕਤੀਆਂ ਨੂੰ ਨੰਗਾ ਕਰਨਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਨੇ ਇਹਨਾਂ ਨੂੰ ਗਰੀਬੀ ਦੀ ਦਲਦਲ ਵਿਚ ਧਕੇਲਿਆ ਹੋਇਆ ਹੈ। ਇਸ ਤਰ੍ਹਾਂ ਜਿਉਂ ਮੇਰੀ ਸੋਚ ਦਾ ਵਿਕਾਸ ਹੁੰਦਾ ਗਿਆ ਤਿਉਂ ਤਿਉਂ ਮੈਂ ਆਪਣੀ ਕਲਮ ਨੂੰ ਇਹਨਾਂ ਦੀ ਧਿਰ ਬਣਕੇ ਵਾਹੁੰਦਾ ਆ ਰਿਹਾ ਹਾਂ ਤੇ ਵਾਹੁੰਦਾ ਰਹਾਂਗਾ।

ਇਕ ਗੱਲ ਹੋਰ ਇਹ ਹੈ ਕਿ ਬਹੁਤ ਚਿਰ ਦੀ ਮੇਰੇ ਦਿਮਾਗ ਵਿਚ ਇਕ ਦਲਿਤ ਲੜਕੀ ਘੁੰਮ ਰਹੀ ਸੀ ਜਿਸ ਬਾਰੇ ਮੈਂ ਕਹਾਣੀ ਲਿਖਣੀ ਚਾਹੁੰਦਾ ਸੀ ਪਰ ਉਹ ਕਹਾਣੀ ਦੇ ਘੇਰੇ ਵਿਚ ਨਹੀਂ ਆ ਰਹੀ ਸੀ। ਹੁਣ ਜਦ ਮੈਂ ਨੌਕਰੀ ਤੋਂ ਰਿਟਾਇਰ ਹੋਇਆ ਤਾਂ ਪਹਿਲਾਂ ਕੰਮ ਉਸ ਦਲਿਤ ਲੜਕੀ ਬਾਰੇ ਨਾਵਲ ਲਿਖਕੇ ਪੂਰਾ ਕੀਤਾ। ਮੇਰੇ ਇਸ ਨਾਵਲ 'ਦੁੱਲਾ' ਦੀ ਇਹ ਮੁੱਖ ਪਾਤਰ ਬਹੁ ਚਰਚਿਤ ਪੁਸਤਕ 'ਆਛੂਤ ਕੰਨਿਆ' ਤੋਂ ਕਿਤੇ ਬਲਵਾਨ ਤੇ ਅਜੋਕੇ ਸਮੇਂ ਵਿਚ ਸੰਘਰਸ਼ਸ਼ੀਲ ਤੇ ਪਥਪਰਦਰਸ਼ਕ ਸਾਬਤ ਹੋਵੇਗੀ ਤੇ ਜਿਹੜੇ ਲੋਕ, ਲੋਕ ਪੱਖੀ ਸਾਹਿਤ ਨੂੰ ਤੇ ਦਬੇ ਕੁਚਲੇ ਲੋਕਾਂ ਨੂੰ ਖੁਸ਼ਹਾਲ ਹੋਇਆ ਦੇਖਣਾ ਪਸੰਦ ਕਰਦੇ ਹਨ ਉਹ ਮੇਰੇ ਇਸ ਨਾਵਲ ਨੂੰ ਜ਼ਰੂਰ ਸਲਾਹੁਣਗੇ ਤੇ ਮੇਰੇ ਲਿਖਣ ਦੇ ਮੂਲ ਮਕਸਦ ਨੂੰ ਵੀ ਚੰਗੀ ਤਰ੍ਹਾਂ ਸਮਝ ਲੈਣਗੇ।

ਇਕ ਤਾਂ ਮੈਂ ਵਿਸ਼ਾ ਚੋਣ ਵਲ ਬਹੁਤ ਧਿਆਨ ਦਿੰਦਾ ਹਾਂ, ਮੈਂ ਜਿਸ ਤਰ੍ਹਾਂ ਦਾ ਵਿਸ਼ਾ ਚੁਣਦਾ ਹਾਂ, ਉਸ ਤਰ੍ਹਾਂ ਦੇ ਵਿਸ਼ੇ ਪੰਜਾਬੀ ਦਾ ਕੋਈ ਟਾਵਾਂ ਟਾਵਾਂ ਲੇਖਕ ਹੀ ਚੁਣਦਾ ਹੈ। ਦੂਜੀ ਗੱਲ ਇਹ ਹੈ ਕਿ ਮੈਂ ਵਿਸ਼ੇ ਅਨੁਸਾਰ ਹੀ ਆਪਣੀ ਕਹਾਣੀ ਦੀ ਸਿਰਜਨਾ ਕਰਦਾ ਹਾਂ। ਲੋੜ ਪੈਣ ਤੇ ਪੇਸ਼ਕਾਰੀ ਵਿਚ ਤਜਰਬਾ ਵੀ ਕਰ ਲੈਂਦਾ ਹਾਂ।

ਮੈਂ ਦੋ ਪੰਜਾਬੀ ਫਿਲਮਾਂ ਵਿਚ ਕੰਮ ਕੀਤਾ ਹੈ, ਜਿਸ ਕਰਕੇ ਮੈਨੂੰ ਖਿਆਲ ਆਇਆ ਕਿ ਫਿਲਮ ਦੀ ਸ਼ੂਟਿੰਗ ਦੇ ਅਧਾਰ ਤੇ ਵੀ ਕਹਾਣੀ ਸਿਰਜੀ ਜਾ ਸਕਦੀ ਹੈ। ਪੰਜਾਬ ਦੇ ਕਾਲੇ ਦੌਰ ਵੇਲੇ ਮੈਂ ਇਸ ਤਕਨੀਕ ਦੇ ਅਧਾਰ ਤੇ ਕਹਾਣੀ 'ਫਿਲਮ' ਲਿਖੀ। ਇਸੇ ਤਰ੍ਹਾਂ ਜਦ ਮੈਂ ਕਹਾਣੀ ਖੇਤਰ ਵਿਚ ਆਇਆ ਸੀ ਉਸ ਵਕਤ ਪੰਜਾਬ ਵਿਚ ਨਕਸਲਬਾੜੀ ਲਹਿਰ ਪੂਰੇ ਜੋਰਾਂ ਉਤੇ ਚਲ ਰਹੀ ਸੀ। ਗਰਮ ਖਿਆਲੀ ਪਰਚਿਆਂ ਦੇ ਸੰਪਾਦਕਾਂ ਨੂੰ ਪੁਲੀਸ ਤਸ਼ੱਦਦ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਲੋਕ ਪੱਖੀ ਕਹਾਣੀ ਦੀ ਸਿਰਜਨਾ ਕਰਨ ਤੇ ਮਾਰਕਸਵਾਦੀ ਵਿਚਾਰਧਾਰਾ ਦਾ ਧਾਰਨੀ ਹੋਣ ਕਰਕੇ ਕਈ ਆਲੋਚਕ ਮੇਰਾ ਨਾਮ ਇਸ ਲਹਿਰ ਨਾਲ ਜੋੜ ਰਹੇ ਸੀ। ਇਸੇ ਦੌਰਾਨ ਦੇਸ਼ ਵਿਚ ਐਮਰਜੈਸੀ ਲੱਗ ਗਈ। ਕ੍ਰਾਂਤੀਕਾਰੀਆਂ ਨੂੰ ਫੜ ਫੜ ਕੇ ਜੇਲ੍ਹੀਂ ਡੱਕਿਆ ਜਾਣ ਲੱਗ ਪਿਆ ਜਾਂ ਫੇਰ ਪੁਲਿਸ ਮੁਕਾਬਲੇ ਦਿਖਾ ਕੇ ਸਦਾ ਦੀ ਨੀਂਦ ਸੁਆ ਦਿੱਤਾ ਜਾਂਦਾ। ਅਜਿਹੇ ਮਹੌਲ ਵਿਚ ਇਕ ਚੇਤੰਨ ਮਨੁੱਖ, ਚੇਤੰਨ ਲੇਖਕ, ਕੁਝ ਕਹੇ ਬਿਨਾਂ ਕਿਵੇਂ ਰਹਿ ਸਕਦਾ ਹੈ? ਜੇ ਮੈਂ ਚੁੱਪ ਰਹਿੰਦਾ ਤਾਂ ਮੇਰੀ ਅੰਤਰ ਆਤਮਾ ਮੈਨੂੰ ਲਾਹਨਤਾਂ ਪਾਉਂਦੀ। ਜੇ ਕੁਝ ਕਹਿੰਦਾ ਲਿਖਦਾ ਤਾਂ ਪੁਲਿਸ ਦਾ ਭੈ, ਸਰਕਾਰੀ ਕਰਮਚਾਰੀ ਹੋਣ ਕਰਕੇ



ਕੁਝ ਸਰਕਾਰੀ ਬੰਦਸ਼ਾਂ ਹੋਣ ਕਰਕੇ ਤੇ ਪਿੱਛੇ ਪਰਿਵਾਰ ਦੇ ਰੁਲ ਜਾਣ ਦਾ ਤੌਖਲਾ ਮੇਰੇ ਸਾਹਮਣੇ ਵਿਕਰਾਲ ਰੂਪ ਧਾਰਨ ਕਰਕੇ ਆ ਖਲੌਂਦਾ, ਜਿਸ ਕਰਕੇ ਮੈਂ ਕੁਝ ਝਿਜਕ ਰਿਹਾ ਸਾਂ। ਇਸ ਔਖੀ ਘੜੀ ਵਿਚ ਮੈਨੂੰ ਉਰਦੂ ਦੇ ਮਹਾਨ ਲੇਖਕ ਕ੍ਰਿਸ਼ਨ ਚੰਦਰ ਦਾ ਨਾਵਲ 'ਇਕ ਗੱਧੇ ਦੀ ਆਤਮ ਕਥਾ' ਪੜ੍ਹਨ ਨੂੰ ਮਿਲ ਗਿਆ। ਨਾਵਲ ਪੜ੍ਹਕੇ ਮੇਰੇ ਦਿਮਾਗ ਦੇ ਫਾਟਕ ਖੁਲ ਗਏ। ਇਸ ਤੋਂ ਬਾਅਦ ਮੈਂ ਫੈਂਟਾਸੀ ਕਹਾਣੀ ਲਿਖਣੀ ਸ਼ੁਰੂ ਕਰ ਦਿੱਤੀ। ਫੇਰ ਮੈਂ ਜਦ ਪੁਸਤਕ 'ਪੰਚ ਤੰਤਰ ਦੀਆਂ ਕਹਾਣੀਆਂ' ਪੜ੍ਹੀ ਤਾਂ ਮੇਰੇ ਅੱਗੇ ਮੇਰਾ ਜਾਨਵਰਾਂ ਬਾਰੇ ਅਥਾਹ ਗਿਆਨ ਆ ਖੜ੍ਹਿਆ। ਇਸ ਤੋਂ ਬਾਅਦ ਮੈਂ ਫੈਂਟਾਸੀ+ਚਿੰਨ੍ਹਾਤਮਕ ਕਹਾਣੀਆਂ ਦੀ ਸਿਰਜਨਾ ਕਰਨੀ ਸ਼ੁਰੂ ਕਰ ਦਿੱਤੀ, ਜਿਹੜੀ ਕਿ ਪਾਠਕਾਂ ਵਲੋਂ ਬੇਹੱਦ ਸਲਾਹੀ ਗਈ। ਮੇਰੀ ਇਸ ਸ਼ੈਲੀ ਵਿਚ ਲਿਖੀ ਗਈ ਕਹਾਣੀ 'ਸਰਕਸ' ਬਾਰੇ ਅੰਮ੍ਰਿਤਾ ਜੀ ਨੇ ਖ਼ਤ ਲਿਖਿਆ ਸੀ, 'ਗੁਰਮੇਲ ਜੀ ਕਹਾਣੀ ਬਹੁਤ ਚੰਗੀ ਹੈ, ਏਨੀ ਕਿ ਮੈਂ ਛਪ ਰਹੇ ਪਰਚੇ ਵਿਚ ਪਾ ਦਿੱਤੀ ਹੈ। ਜਦੋਂ ਕਦੀ ਮੈਂ ਪੰਜਾਬੀ ਕਹਾਣੀਆਂ ਦੀ ਹਿੰਦੀ ਵਿਚ ਚੋਣ ਕੀਤੀ ਤਾਂ ਇਹ ਜ਼ਰੂਰ ਸ਼ਾਮਲ ਕਰਾਂਗੀ " ਤੇ ਫੇਰ ਉਨ੍ਹਾਂ ਨੇ ਗਗਨ ਗਿੱਲ ਨੂੰ ਕਹਿਕੇ ਇਹ ਕਹਾਣੀ ਹਿੰਦੀ ਵਿਚ ਅਨੁਵਾਦ ਕਰਵਾ ਕੇ ਭਾਰਤੀਯ ਸਾਹਿਤ ਅਕਾਡਮੀ ਦਿਲੀ ਦੇ ਪਰਚੇ 'ਸਮਕਾਲੀ ਭਾਰਤੀਯ ਸਾਹਿਤ ਵਿਚ ਛਪਵਾਈ ਵੀ। ਇਸ ਤਕਨੀਕ ਵਿਚ ਲਿਖੀਆਂ ਮੇਰੀਆਂ ਕਹਾਣੀਆਂ ਆਪਣੇ ਸਮੇਂ ਵਿਚ ਪਾਠਕਾਂ ਤੇ ਆਲੋਚਕਾਂ ਨੇ ਬਹੁਤ ਹੀ ਪਸੰਦ ਕੀਤੀਆਂ ਸਨ। ਅੰਮ੍ਰਿਤਾ ਜੀ ਤਾਂ ਮੇਰੀ ਇਸ ਤਕਨੀਕ ਵਿਚ ਲਿਖੀ ਕਹਾਣੀ ਹੀ ਨਾਗਮਣੀ ਵਿਚ ਵਧੇਰੇ । ਛਾਪ ਕੇ ਰਾਜੀ ਸਨ। ਵਿਗਿਆਨਕ ਦ੍ਰਿਸ਼ਟੀਕੋਣ ਤੋਂ ਮੈਂ ਸਭ ਤੋਂ ਵਧ ਰਾਜਨੀਤਕ ਕਹਾਣੀਆਂ ਲਿਖੀਆਂ ਹਨ। ਪੰਜਾਬੀ ਵਿਚ ਖੇਡਾਂ ਬਾਰੇ, ਖਿਡਾਰੀਆਂ ਬਾਰੇ ਤਾਂ ਲੇਖਾਂ ਦੀਆਂ ਪੁਸਤਕਾਂ ਮਿਲਦੀਆਂ ਸਨ ਪਰ ਖੇਡ ਕਹਾਣੀਆਂ ਬਿਲਕੁਲ ਨਹੀਂ ਸਨ। ਮੈਂ ਇਕੋ -ਇਕ ਅਜਿਹਾ ਲੇਖਕ ਹਾਂ ਜਿਸ ਨੇ ਖੇਡ ਕਹਾਣੀਆਂ ਲਿਖੀਆਂ ਵੀ ਹਨ ਤੇ ਬਾਹਰਲੇ ਲੇਖਕਾਂ ਦੀਆਂ ਖੇਡ ਕਹਾਣੀਆਂ ਦਾ ਅਨੁਵਾਦ ਕਰਕੇ 'ਸੰਸਾਰ ਪ੍ਰਸਿੱਧ ਖੇਡ ਕਹਾਣੀਆਂ' ਦੀ ਪੁਸਤਕ ਵੀ ਛਪਵਾਈ ਹੈ। ਹੁਣ ਵੀ ਜਦ ਮੈਨੂੰ ਕੋਈ ਨਵੀਂ ਗੱਲ ਔੜਦੀ ਹੈ ਜਾਂ ਮੈਨੂੰ ਕੋਈ ਘਟਨਾ ਵਾਰ ਵਾਰ ਕਹਾਣੀ ਲਿਖਣ ਲਈ ਮਜ਼ਬੂਰ ਕਰਦੀ ਹੈ, ਮੈਂ ਓਦੋਂ ਹੀ ਕਹਾਣੀ ਲਿਖਦਾ ਹਾਂ ਸਿਰਫ ਛਪਣ ਲਈ ਨਹੀਂ...।

ਔਰਤ ਮਰਦ ਦੇ ਸਬੰਧਾਂ ਨੂੰ ਲੈ ਕੇ ਜਿਹੜੇ ਕਹਾਣੀਕਾਰ ਫੈਸ਼ਨ ਵਜੋਂ ਹੀ ਕਹਾਣੀਆਂ ਲਿਖ ਰਹੇ ਹਨ, ਉਹ ਸੋਚਦੇ ਹਨ ਕਿ ਸ਼ਾਇਦ ਇਨ੍ਹਾਂ ਸੰਬੰਧਾਂ ਬਾਰੇ 'ਬੋਲਡ' ਕਹਾਣੀ ਲਿਖਕੇ ਖੁਦ ਸੁਆਦ ਲੈਂਦੇ ਹੋਏ ਪਾਠਕਾਂ ਨੂੰ ਵੀ ਲੱਜਤ ਦੇ ਕੇ ਰਾਤੋ ਰਾਤ ਸਥਾਪਤ ਹੋ ਜਾਵਾਂਗੇ, ਉਹ ਕੋਈ ਵਧੀਆ ਗੱਲ ਨਹੀਂ ਕਰ ਰਹੇ ਹਨ ਪਰ ਜਿਹੜੇ ਔਰਤ ਮਰਦ ਦੇ ਸਬੰਧਾਂ ਨੂੰ ਲੈ ਕੇ ਸਮਾਜ ਵਿਚ ਕੋਈ ਉਸਾਰੂ ਰੋਲ ਪੈਦਾ ਕਰਨ ਲਈ ਪ੍ਰੇਰਨਾਦਾਇਕ ਕਹਾਣੀਆਂ ਸਿਰਜਦੇ ਉਹ ਠੀਕ ਹਨ, ਅਜਿਹੀਆਂ ਕਹਾਣੀਆਂ ਦੀ ਲੋੜ ਵੀ ਹੈ, ਕਿਉਂ ਕਿ ਔਰਤ ਮਰਦ ਦੇ ਸੰਬੰਧਾਂ ਦੀ ਗੱਲ ਆਦਿ ਕਾਲ ਤੋਂ ਹੀ ਚਲੀ ਆ ਰਹੀ ਹੈ, ਇਸਦੇ ਦੁੱਖਾਂ ਸੁੱਖਾਂ ਦੀ ਭਾਈਵਾਲ ਹੈ। ਇਨ੍ਹਾਂ ਨੂੰ ਇਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਇਹ ਮਨੁੱਖੀ ਜ਼ਿੰਦਗੀ ਦੀ ਇਕ ਸ਼ਕਤੀਸ਼ਾਲੀ ਧਿਰ ਹੈ ਫੇਰ ਇਸ ਨੂੰ ਕਿਵੇਂ ਸਾਹਿਤ ਚੋਂ ਖ਼ਾਰਜ ਕੀਤਾ ਜਾ ਸਕਦਾ ਹੈ?

ਪਹਿਲੀ ਗੱਲ ਤਾਂ ਇਹ ਸਾਨੂੰ ਜਾਣ ਲੈਣਾ ਚਾਹੀਦਾ ਹੈ ਕਿ ਪਿੰਡ ਵਿਚ ਸਿਰਜਨਾ ਹੈ, ਸ਼ਹਿਰ ਵਿਚ ਵਪਾਰ ਹੈ, ਲੈਣ ਦੇਣ ਹੈ, ਪਿੰਡਾ ਵਿਚ ਕੁਦਰਤ ਹੈ, ਸ਼ਹਿਰ ਵਿਚ ਬਨਾਵਟ ਹੈ। ਜਿਥੇ ਸਿਰਜਨਾ ਹੋਵੇਗੀ, ਜਿਥੇ ਮਨੁੱਖ ਕੁਦਰਤ ਨੂੰ ਗ਼ੈਰ ਕੁਦਰਤੀ ਕਰਕੇ ਆਪਣੇ ਹਿੱਤ ਲਈ ਢਾਲ ਰਿਹਾ ਹੋਵੇਗਾ ਉਥੇ ਹੀ ਅਨੇਕਾਂ ਔਕੜਾਂ ਆਉਣਗੀਆਂ। ਜੇ ਔਕੜਾਂ ਆਉਣਗੀਆਂ, ਉਥੇ ਇਨ੍ਹਾਂ ਦੋਹਾਂ ਦਾ ਬਿਆਨ ਵੀ ਹੋਵੇਗਾ। ਜੇ ਬਿਆਨ ਹੋਵੇਗਾ ਤਾਂ ਫੇਰ ਕਹਾਣੀ ਦੀ ਸਿਰਜਨਾ ਤਾਂ ਹੋਵੇਗੀ ਹੀ। ਰਸੂਲਪੁਰੀ ਸਾਹਿਬ ਤੁਸੀਂ ਪਿੰਡ ਦੇ ਰਹਿਣ ਵਾਲੇ ਹੋ ਤੁਸੀਂ ਦੇਖਿਆ ਹੋਵੇਗਾ ਕਿ ਗਰਮੀ ਦੇ ਮੌਸਮ ਵਿਚ ਕੋਠਿਆਂ ਉਤੇ ਚੰਨ ਦੀ ਚਾਨਣੀ ਵਿਚ ਮੰਜਿਆ ਤੇ ਲੰਮੀਆਂ ਪਈਆਂ ਨਾਨੀਆ ਦਾਦੀਆਂ ਜਿਹੜੀਆਂ ਬਾਤਾਂ ਆਪਣੇ ਨਿੱਕੇ ਨਿਆਣਿਆਂ ਨੂੰ ਸੁਣਾਉਂਦੀਆਂ ਸਨ ਉਹ ਸ਼ਹਿਰਾਂ ਵਿਚ ਕਿਥੇ? ਇਥੋਂ ਹੀ ਤਾਂ ਕਹਾਣੀ ਦਾ ਬੀਜ਼ ਫੁੱਟਦਾ ਹੈ। ਜਿਸ ਨੂੰ ਉਨ੍ਹਾਂ ਦੀ ਦੁੱਖਾਂ ਤਕਲੀਫ਼ਾਂ ਕਰਜਿਆਂ ਤੇ ਜਿਲਤਾਂ ਭਰੀ ਜ਼ਿੰਦਗੀ ਪ੍ਰਫੁੱਲਤ ਕਰਦੀ ਹੈ। ਫੇਰ ਪੰਜਾਬੀ ਦੇ ਬਹੁਤੇ ਕਹਾਣੀਕਾਰ ਪਿੰਡਾਂ ਨਾਲ ਹੀ ਸੰਬੰਧਤ ਸਨ ਜਿਨ੍ਹਾਂ ਨੇ ਪੇਂਡੂ ਜੀਵਨ ਅਨੁਭਵ ਨੂੰ ਆਪਣੀਆਂ ਕਹਾਣੀਆਂ ਵਿਚ ਢਾਲਿਆ ਹੈ। ਸ਼ਹਿਰੀ ਕਹਾਣੀਕਾਰ ਘੱਟ ਸਨ ਇਸ ਲਈ ਕਹਾਣੀ ਵੀ ਘੱਟ ਹੀ ਲਿਖੀ ਗਈ, ਜਿਹੜੀ ਲਿਖੀ ਗਈ ਉਹ ਬਹੁ ਗਿਣਤੀ ਦੀ ਪ੍ਰਤੀਨਿਧ ਕਹਾਣੀ ਨਾ ਹੋਣ ਕਰਕੇ ਬਹੁਗਿਣਤੀ ਦੇ ਪਾਠਕਾਂ ਨੂੰ ਘੱਟ ਹੀ ਪਸੰਦ ਆਈ।

ਹਾਂ ਕਿਤੇ ਕਿਤੇ ਮੈਨੂੰ ਵੀ ਇਹ ਲਗਦੈ। ਇਸ ਦਾ ਕਾਰਨ ਮੈਂ ਇਹ ਸਮਝ ਰਿਹਾ ਹਾਂ ਕਿ ਇਕ ਤਾਂ ਖੱਬੇ ਪੱਖੀ ਸੋਚ ਵਾਲੇ ਲੇਖਕਾਂ ਕੋਲ ਹੁਣ ਕੋਈ ਮਾਡਲ ਨਹੀਂ ਰਿਹਾ, ਅਮਰੀਕਾ ਦੇ ਸ਼ਕਤੀਸ਼ਾਲੀ ਹੋ ਜਾਣ ਨਾਲ ਪੂਰੇ ਸੰਸਾਰ ਵਿਚ ਰਾਜਸੀ ਸੰਕਟ ਪੈਦਾ ਹੋ ਚੁੱਕਿਆ ਹੈ। ਨਿੱਤ ਨਵੀਆਂ ਘਟਨਾਵਾਂ ਵਾਪਰ ਰਹੀਆਂ ਹਨ... ਵਿਸ਼ਵੀਕਰਨ, ਗਲੋਬਲਾਈਜੇਸ਼ਨ, ਇਲੈਕਟ੍ਰਿਕ ਮੀਡੀਆ ਦੇ ਫੈਲਾਅ, ਬਹੁਰਾਸ਼ਟਰੀ ਕੰਪਨੀਆਂ ਦੇ ਆਉਣ ਨਾਲ ਸੰਸਾਰ ਵਿਚ ਅਜਿਹੀ ਉਥਲ ਪੁਥਲ ਮੱਚੀ ਹੋਈ ਹੈ ਕਿ ਲੇਖਕ ਅੱਗੇ ਬਹੁਤ ਸਾਰੇ ਨਵੇਂ ਤੋਂ ਨਵੇਂ ਮਸਲੇ, ਨਵੀਆਂ ਤੋਂ ਨਵੀਆਂ ਚੁਣੌਤੀਆਂ ਆ ਰਹੀਆਂ ਹਨ ਜਿਨ੍ਹਾਂ ਬਾਰੇ ਅਜੇ ਲੇਖਕ ਵਿਚਾਰ ਹੀ ਕਰ ਰਿਹਾ ਹੁੰਦਾ ਹੈ ਕਿ ਉਹ ਹੋਰ ਨਵਾਂ ਰੂਪ ਧਾਰ ਲੈਂਦੀਆਂ ਹਨ। ਇਸ ਕਰਕੇ ਕਹਾਣੀ ਲੇਖਕਾਂ ਨੂੰ ਹੁਣ ਬਹੁਤ ਮਿਹਨਤ ਤੇ ਸਿਆਣਪ ਨਾਲ ਕੰਮ ਕਰਨ ਦੀ ਲੋੜ ਪੈ ਰਹੀ ਹੈ ਪਰ ਜਿਉਂ ਜਿਉਂ ਸਾਧਨ ਵਧਦੇ ਜਾ ਰਹੇ ਹਨ ਸਾਡੇ ਚੋਂ ਸਾਧਨਾਂ ਖਤਮ ਹੁੰਦੀ ਜਾ ਰਹੀ ਹੈ। ਫੇਰ ਜਿਹੋ ਜਿਹਾ ਗੁੜ ਪਾਵਾਂਗੇ ਓਹੋ ਜਿਹਾ ਹੀ ਮਿੱਠਾ ਹੋਵੇਗਾ।

ਤੁਹਾਡਾ ਇਹ ਸਵਾਲ ਮੇਰੇ ਲਈ ਕਾਫੀ ਉਲਝਣ ਭਰਿਆ ਹੈ ਕਿਉਂ ਕਿ ਮੇਰੇ ਸਮਕਾਲੀਆਂ ਦੀ ਤਾਂ ਪ੍ਰਿੰਸੀਪਲ ਸੰਤ ਸਿੰਘ ਸੇਖੋਂ, ਸੁਜ਼ਾਨ ਸਿੰਘ, ਜਸਵੰਤ ਸਿੰਘ ਕੰਵਲ, ਸੰਤੋਖ ਸਿੰਘ ਧੀਰ, ਕੁਲਵੰਤ ਸਿੰਘ ਵਿਰਕ, ਜਸਵੰਤ ਸਿੰਘ ਵਿਰਦੀ, ਤੇਜਵੰਤ ਮਾਨ ਤੋਂ ਲੈ ਕੇ ਭਗਵੰਤ ਰਸੂਲਪੁਰੀ ਤੇ ਕੇਸਰਾ ਰਾਮ ਤੱਕ ਦੀ ਲਿਸਟ ਬਣ ਜਾਂਦੀ ਹੈ, ਇਹਨਾਂ ਨੇ ਪੰਜਾਬੀ ਕਹਾਣੀ ਦੇ ਖੇਤਰ ਵਿਚ ਜੋ ਯੋਗਦਾਨ ਪਾਇਆ ਹੈ ਉਹ ਤੁਹਾਡੇ ਸਾਹਮਣੇ ਹੈ।

ਕਹਾਣੀ ਆਲੋਚਨਾ ਵਿਚ ਖੜੋਤ ਨਹੀਂ ਪੱਖਪਾਤ ਤਾਂ ਕਾਫੀ ਹੱਦ ਤੱਕ ਆ ਗਿਆ ਹੈ। ਜਿਸ ਤਰ੍ਹਾਂ ਦੀ ਕਹਾਣੀ ਲਿਖੀ ਜਾ ਰਹੀ ਹੈ ਉਸਦੀ ਉਸੇ ਤਰ੍ਹਾਂ ਦੀ ਆਲੋਚਨਾ ਵੀ ਹੋ ਰਹੀ ਹੈ। ਬਲਕਿ ਮੈਂ ਤਾਂ ਇਹ ਕਹੂੰਗਾ ਕਿ ਹੁਣ ਤਾਂ ਆਲੋਚਕ ਬਹੁਤੀ ਗੱਲ ਹੀ ਪੰਜਾਬੀ ਕਹਾਣੀ ਦੀ ਕਰ ਰਹੇ ਹਨ। ਇਸ ਤੋਂ ਬਾਅਦ ਕਵਿਤਾ ਦੀ, ਫੇਰ ਨਾਵਲ ਦੀ, ਨਾਟਕ ਦੀ ਗੱਲ ਬਹੁਤ ਹੀ ਘੱਟ ਹੋ ਰਹੀ ਹੈ। ਪੱਖਪਾਤੀ ਆਲੋਚਨਾ ਹੋਣ ਕਰਕੇ ਕਈ ਵਾਰ ਤਾਂ ਬਹੁਤੀਆਂ ਮਾੜੀਆਂ ਕਹਾਣੀਆਂ ਦੀ ਬੇਹੱਦ ਪ੍ਰਸੰਸਾ ਕੀਤੀ ਜਾਂਦੀ ਹੈ ਤੇ ਵਧੀਆਂ ਕਹਾਣੀਆਂ ਨੂੰ ਜਾਣ ਬੁਝ ਕੇ ਅੱਖੋ ਪ੍ਰੋਖੇ ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕਈ ਕਹਾਣੀਕਾਰਾਂ ਨੂੰ ਖਾਮਖਾਹ ਉਭਾਰਿਆ ਜਾ ਰਿਹਾ ਹੈ ਜਿਸ ਦੇ ਉਹ ਕਾਬਲ ਨਹੀਂ ਤੇ ਕਈਆਂ ਬਾਰੇ ਬਿਲਕੁਲ ਹੀ ਚੁੱਪ ਧਾਰੀ ਹੋਈ ਹੈ। ਕਿਸੇ ਬਾਰੇ ਚੰਗਾ ਜਾਂ ਮਾੜਾ ਨਾ ਕਹਿਣਾ ਸਿਰਫ ਚੁੱਪ ਹੀ ਧਾਰ ਲੈਣੀ ਇਹ ਆਲੋਚਕ ਦੀ ਬੇਈਮਾਨੀ ਤਾਂ ਹੋ ਸਕਦੀ ਹੈ ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਕਹਾਣੀ ਦੀ ਆਲੋਚਨਾ ਨਹੀਂ ਹੋ ਰਹੀ ਹੈ। ਇਸ ਪੱਖੋ ਮੈਂ ਡਾ. ਤੇਜਵੰਤ ਮਾਨ ਦਾ ਕਾਇਲ ਹਾਂ। ਮੈਂ ਉਸ ਦੇ ਹਮਕਦਮ ਚਲ ਕੇ ਦੇਖਿਆ ਹੈ ਉਹ ਆਲੋਚਨਾ ਕਰਨ ਲੱਗਿਆ ਕਦੇ ਕਿਸੇ ਪ੍ਰਤੀ ਚੁੱਪ ਨਹੀਂ ਧਾਰਦਾ। ਆਪਣੀ ਗੱਲ ਖੁੱਲ੍ਹਕੇ ਕਰਦਾ ਹੈ। ਬਹੁਤੀ ਵਾਰ ਉਹ ਏਨਾ ਬੇਲਿਹਾਜ ਤੇ ਰੁੱਖਾ ਹੋ ਜਾਂਦਾ ਹੈ ਕਿ ਉਦੋਂ ਦੇ ਅੱਗੇ ਆਪਣੇ ਬੇਗਾਨੇ, ਵੱਡੇ ਛੋਟੇ ਦਾ ਕੋਈ ਫਰਕ ਨਹੀਂ ਰਹਿ ਜਾਂਦਾ। ਉਸ ਬਾਰੇ ਚਾਹੇ ਕੋਈ ਜੋ ਮਰਜੀ ਕਹੀਂ ਜਾਵੇ ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਕਹਾਣੀ ਦਾ ਵਿਸ਼ਲੇਸ਼ਣ ਕਰਨ ਲੱਗਿਆ ਕਿਸੇ ਦਾ ਜਿਹੋ ਜਿਹਾ ਉਸਦੀ ਨਜ਼ਰ ਵਿਚ ਜ਼ਿਕਰ ਕਰਨਾ ਬਣਦਾ ਹੈ ਨਹੀਂ ਕਰਦਾ। ਜਾਂ ਜਾਣ ਬੁਝਕੇ ਛੱਡ ਜਾਂਦਾ ਹੈ। ਬਲਦੇਵ ਸਿੰਘ ਧਾਲੀਵਾਲ, ਰਜਨੀਸ਼ ਬਹਾਦਰ ਸਿੰਘ, ਜਸਵਿੰਦਰ ਕੌਰ ਬਿੰਦਰਾ ਤਾਂ ਅੱਜ ਕੱਲ ਬਹੁਤ ਹੀ ਜ਼ਿਆਦਾ ਕਹਾਣੀ ਉਤੇ ਕੰਮ ਕਰ ਰਹੇ ਹਨ।

ਦੇਖੋ ਇਸ ਵਿਚ ਕੋਈ ਸ਼ਕ ਨਹੀਂ ਕਿ ਪ੍ਰੇਮ ਪ੍ਰਕਾਸ਼ ਦਾ ਕਹਾਣੀ ਕਹਿਣ ਦਾ ਇਕ ਆਪਣਾ ਅੰਦਾਜ਼ ਹੈ, ਸਟਾਈਲ ਹੈ ਜੇ ਕਰ ਕੋਈ ਕਹਾਣੀਕਾਰ ਉਸਦੇ ਨਕਸ਼ੇ ਕਦਮ ਤੇ ਚਲਕੇ ਕਹਾਣੀ ਲਿਖਦਾ ਹੈ ਤਾਂ ਉਸਤੇ ਇਹ ਇਲਜ਼ਾਮ ਤਾਂ ਲਗੇਗਾ ਹੀ। ਫੇਰ ਜਦੋਂ ਕੋਈ ਕਿਸੇ ਦੀ ਪੈੜ ਵਿਚ ਪੈਰ ਧਰਕੇ ਚਲਦਾ ਹੈ ਤਾਂ ਉਸ ਦੀ ਪੈੜ ਤਾਂ ਰੁਲੇਗੀ ਹੀ। ਔਰਤ ਮਰਦ ਦੇ ਸਬੰਧਾਂ ਦੀ ਗੱਲ ਵੀ ਆਪਣੇ ਵਖਰੇ ਅੰਦਾਜ਼ ਵਿਚ ਕੀਤੀ ਜਾ ਸਕਦੀ ਹੈ। ਉਦਾਹਰਣ ਦੇ ਤੌਰ ਤੇ ਗੁਰਪਾਲ ਸਿੰਘ ਲਿੱਟ ਨੇ ਔਰਤ ਮਰਦ ਦੇ ਸਬੰਧਾਂ ਬਾਰੇ ਕਈ ਖੂਬਸੂਰਤ ਕਹਾਣੀਆਂ ਲਿਖੀਆਂ ਹਨ ਪਰ ਉਸ ਦਾ ਆਪਣਾ ਅੰਦਾਜ ਹੈ, ਉਸ ਨੂੰ ਤਾਂ ਕਿਸੇ ਨੇ ਪ੍ਰੇਮ ਪ੍ਰਕਾਸ਼ ਦੇ ਸਟਾਈਲ ਦਾ ਲੈਵਲ ਲਾ ਕੇ ਨਹੀਂ ਨਕਾਰਿਆ। ਸਗੋਂ ਮੈਂ ਉਸ ਦੀਆਂ ਕਈ ਕਹਾਣੀਆਂ ਹਿੰਦੀ ਵਿਚ ਅਨੁਵਾਦ ਹੋ ਕੇ ਛਪੀਆਂ ਵੀ ਪੜ੍ਹੀਆਂ ਹਨ।

ਅਸਲ ਵਿਚ ਮੈਂ ਕਹਾਣੀ ਪੜ੍ਹਦਾ ਬਹੁਤ ਹਾਂ ਜਿਸ ਕਰਕੇ ਮੈਂ ਇਸ ਸਿੱਟੇ ਉੱਤੇ ਪੁੱਜਿਆ ਹਾਂ ਕਿ ਇਕ ਇਕ ਦੋ ਦੋ ਤਾਂ ਹਰ ਕਹਾਣੀਕਾਰ ਦੀਆਂ ਕਹਾਣੀਆਂ ਉਚ ਪਾਏ ਦੀਆਂ ਲਿਖੀਆਂ ਹੋਈਆਂ ਮਿਲ ਜਾਂਦੀਆਂ ਹਨ। ਇਸ ਲਈ ਸੰਤ ਸਿੰਘ ਸੇਖੋਂ ਤੋਂ ਲੈ ਕੇ ਭਗਵੰਤ ਰਸੂਲਪੁਰੀ, ਕੇਸਰਾ ਰਾਮ, ਦੇਸ ਰਾਜ ਕਾਲੀ, ਜਸਬੀਰ ਰਾਣਾ, ਜਤਿੰਦਰ ਹਾਂਸ ਤੇ ਹੋਰ ਕਈ ਕਹਾਣੀਕਾਰਾਂ ਦੀਆਂ ਕਹਾਣੀਆਂ ਦੇ ਨਾਂ ਲਏ ਜਾ ਸਕਦੇ ਹਨ।



ਇਸ ਬਾਰੇ ਪਹਿਲਾਂ ਵੀ ਮੈਂ ਸਪਸ਼ਟ ਕਰ ਚੁੱਕਿਆ ਹਾਂ, ਇਥੇ ਵੀ ਮੈਂ ਇਹ ਕਹਾਂਗਾ ਕਿ ਪੰਜਾਬੀ ਖੇਤੀ ਪ੍ਰਧਾਨ ਸੂਬਾ ਹੈ। ਇਸ ਦੇ ਬਸ਼ਿੰਦੇ ਕਿਵੇਂ ਨਾ ਕਿਵੇਂ ਵਿੰਗੇ ਟੇਡੇ ਢੰਗ ਨਾਲ ਕ੍ਰਿਸਾਨੀ ਨਾਲ ਜੁੜੇ ਹੋਏ ਹਨ। ਪਿੰਡਾਂ ਦੇ ਜੱਟ ਜ਼ਿੰਮੀਦਾਰ ਸੀਰੀ ਪਾਲੀ, ਲੁਹਾਰ, ਤਖਾਣ, ਝਿਊਰ, ਛੀਂਬੇ, ਨਾਈ, ਦਿਹਾੜੀਦਾਰ ਆਦਿ ਸਾਰੇ ਕਿਸਾਨੀ ਨਾਲ ਹੀ ਜੁੜੇ ਹੋਏ ਹਨ ਤੇ ਕਾਫੀ ਹੱਦ ਤੱਕ ਹੁਣ ਵੀ ਜੁੜੇ ਹੋਏ ਹਨ। ਪੰਜਾਬੀ ਦੇ ਬਹੁਤੇ ਕਹਾਣੀਕਾਰ ਵੀ ਪਿੰਡਾਂ ਨਾਲ ਹੀ ਸਬੰਧਤ ਹੋਣ ਕਰਕੇ ਉਹ ਆਪਣੇ ਅਨੁਭਵ 'ਚੋਂ ਕਹਾਣੀਆਂ ਸਿਰਜਣਾ ਕਰਦੇ ਹਨ। ਅਨੁਭਵ ਚੋਂ ਸਿਰਜੀ ਕਹਾਣੀ ਦਾ ਪ੍ਰਭਾਵਸ਼ਾਲੀ ਹੋਣਾ ਕੁਦਰਤੀ ਹੈ, ਫੇਰ ਜਿਸ ਕਹਾਣੀ ਵਿਚ ਆਮ ਲੋਕਾਂ ਦੀ ਗੱਲ ਕੀਤੀ ਗਈ ਹੋਵੇਗੀ, ਉਸ ਕਹਾਣੀ ਨੂੰ ਤਾਂ ਉਹ ਲੋਕ ਪਸੰਦ ਕਰਨਗੇ ਹੀ ਜਿਨ੍ਹਾਂ ਦੀ ਗੱਲ ਉਸ ਕਹਾਣੀ ਵਿਚ ਤੁਰੀ ਹੁੰਦੀ ਹੈ।

ਮੈਂ ਪੰਜਾਬੀ ਕਹਾਣੀ ਆਲੋਚਨਾ ਤੋਂ ਨਹੀਂ ਆਲੋਚਕਾ ਦੇ ਪੱਖਪਾਤੀ ਧੜੇਬਾਜੀ, ਗਰੁੱਪ ਇਜ਼ਮ ਵਾਲੇ ਰੁਝਾਨ ਤੋਂ ਸੰਤੁਸ਼ਟ ਨਹੀਂ ਹਾਂ।

ਪਹਿਲਾਂ ਜਦੋਂ ਪੰਜਾਬੀ ਵਿਚ ਧੜੇਬਾਜੀ ਨਹੀਂ ਸੀ, ਸਭਾਵਾਂ ਦਾ ਪੱਖਪਾਤ ਨਹੀਂ ਸੀ, ਓਦੋਂ ਮੇਰੀਆਂ ਕਹਾਣੀਆਂ ਦੀ ਬਥੇਰੀ ਚਰਚਾ ਹੋਈ ਸੀ। ਉਸ ਵਕਤ ਹੁਣ ਵਾਂਗ ਲੇਖਕਾਂ ਵਿਚ ਵੀ ਆਪਣੀ ਚਰਚਾ ਕਰਵਾਉਣ ਦੀ ਦੌੜ ਨਹੀਂ ਲੱਗੀ ਹੋਈ ਸੀ। ਸਾਡੇ ਵੇਲੇ ਤਾਂ ਮਿਹਨਤ ਕਰਨੀ ਤੇ ਲਿਖਣਾ ਹੀ ਆਪਣਾ ਪਹਿਲਾ ਧਰਮ ਮੰਨਿਆ ਜਾਂਦਾ ਸੀ। ਹੁਣ ਵਾਂਗ ਨਹੀਂ ਕਿ ਲੇਖਕਾਂ ਦੀਆਂ ਦੋ ਕਿਤਾਬਾਂ ਛਪੀਆਂ ਨਹੀਂ ਕਿ ਝੱਟ ਦਮ ਚੜ੍ਹ ਜਾਂਦਾ ਹੈ। ਲਿਖਦੇ ਪਿਛੋਂ ਨੇ ਚਰਚਾ ਦੀਆਂ ਸਕੀਮਾਂ ਪਹਿਲਾਂ ਘੜੀਆਂ ਜਾਂਦੀਆਂ ਹਨ। ਇਹ ਪ੍ਰਵਿਰਤੀਆਂ ਜਦ ਮੇਰੇ ਸੁਭਾਅ ਵਿਚ ਹੈ ਹੀ ਨਹੀਂ ਫੇਰ ਮੈਂ ਆਲੋਚਕਾਂ ਨੂੰ ਕਾਸਤੋਂ ਦੋਸ਼ ਦੇਵਾਂ?

ਮੈਂ ਅੱਜ ਦੀ ਗੱਲ ਨਹੀਂ ਕਰਦਾ ਉਦੋਂ ਦੀ ਕਰਦਾ ਹਾਂ ਜਦੋਂ ਪਾਸ਼ ਦਾ ਕਾਵਿ ਸੰਗ੍ਰਹਿ 'ਉਡਦਿਆਂ ਬਾਜਾਂ ਮਗਰ' ਛਪਿਆ ਸੀ। ਉਦੋਂ ਮੈਂ ਪਰਚਿਆਂ ਵਿਚ ਛਪਦਾ ਸੀ, ਮੇਰੇ ਵਿਚ ਕਿਤਾਬ ਛਪਵਾਉਣ ਦੀ ਓਦੋਂ ਸਮਰਥਾ ਵੀ ਨਹੀਂ ਸੀ ਪਰ ਸ. ਗੁਰਸ਼ਰਨ ਸਿੰਘ ਜਿਸ ਦਾ ਮੈਂ ਹਮੇਸ਼ਾ ਰਿਣੀ ਰਹਾਂਗਾ ਉਸ ਨੇ ਮੇਰੀ ਪਹਿਲੀ ਕਿਤਾਬ 'ਅਣਗੌਲੇ ਆਦਮੀ' ਛਾਪੀ ਤੇ ਫੇਰ ਦੋ ਸਾਲ ਬਾਅਦ 'ਜਾਗਦੇ ਲੋਕ' ਉਸ ਤੋਂ ਬਾਅਦ ਮੈਨੂੰ ਛਪਣ ਦੀ ਕਦੇ ਸਮੱਸਿਆ ਨਹੀਂ ਆਈ। ਮੇਰੀਆਂ ਕਿਤਾਬਾਂ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਲਹੌਰ ਬੁੱਕ ਸ਼ਾਪ ਲੁਧਿਆਣਾ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, ਦੀਪਕ ਪਬਲੀਸ਼ਰ ਜਲੰਧਰ, ਉਡਾਣ ਪ੍ਰਕਾਸ਼ਨ ਮਾਨਸਾ, ਲਿਟਰੇਚਰ ਹਾਊਸ ਅੰਮ੍ਰਿਤਸਰ ਆਦਿ ਬਹੁਤ ਸਾਰੇ ਪਬਲੀਸ਼ਰਾਂ ਨੇ ਛਾਪੀਆਂ ਹਨ। ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ ਨੇ ਮੇਰੀਆਂ ਪਹਿਲੀਆਂ ਪੰਜ ਕਹਾਣੀਆਂ ਦੀਆਂ ਪੁਸਤਕਾਂ ਦਾ ਇਕ ਪੇਪਰ ਪੈਕ ਸੈਟ ਵੀ ਛਾਪਿਆ ਹੈ।

ਪੰਜਾਬੀ ਕਹਾਣੀ ਜਿੰਨੀ ਕੁ ਅਨੁਵਾਦਕਾਂ ਨੇ ਹਿੰਦੀ ਵਿਚ ਅਨੁਵਾਦ ਕੀਤੀ ਹੈ ਉਸਦੇ ਅਨੁਸਾਰ ਪੰਜਾਬੀ ਕਹਾਣੀ ਨੂੰ ਕਾਫੀ ਮਾਨਤਾ ਮਿਲੀ ਹੈ। ਮੇਰੇ ਤਿੰਨ ਕਹਾਣੀ ਸੰਗ੍ਰਹਿ 'ਗੁਰਮੇਲ ਮਡਾਹੜ ਕੀ ਸ੍ਰੇਸ਼ਠ ਕਹਾਨੀਆਂ' ਅਨੁਵਾਦਕ ਤੇ ਸੰਪਾਦਕ ਪ੍ਰੀਤਮ ਸਿੰਘ ਰਾਹੀ, 'ਕਾਮਰੇਡ ਉਦਾਸ ਹੈ' ਅਨੁਵਾਦਕ ਕੇਸਰਾ ਰਾਮ, 'ਸਭ ਠੀਕ ਠਾਕ ਹੈ', ਅਨੁਵਾਦਕ ਜਤਿੰਦਰ ਕੁਮਾਰ ਜੈਤੋ ਛਪ ਚੁੱਕੀਆਂ ਹਨ। ਇਨ੍ਹਾਂ ਕਹਾਣੀਆਂ ਵਿਚੋਂ ਅਗੇ ਉਰਦੂ, ਬੰਗਲਾ, ਗੁਜਰਾਤੀ, ਕੰਨੜ, ਤੇਲਗੂ , ਡੋਗਰੀ, ਪਹਾੜੀ, ਰਾਜਸਥਾਨੀ, ਆਦਿ ਭਾਸ਼ਾਵਾਂ ਵਿਚ ਛੱਪ ਚੁੱਕੀਆਂ ਹਨ। ਮੇਰਾ ਇਕ ਕਹਾਣੀ ਸੰਗ੍ਰਹਿ 'ਸਦਾਚਾਰ ਖੋਇਓ ਛੋ' ਗੁਜਰਾਤੀ ਵਿਚ ਵੀ ਛੱਪ ਚੁੱਕਿਆ ਹੈ ਪਰ ਦੁਖ ਦੀ ਗੱਲ ਇਹ ਹੈ ਕਿ ਅਨੁਵਾਦਕ ਵੀ ਇਸ ਖੇਤਰ ਵਿਚ ਮੁਲਾਹਜੇਦਾਰੀ ਨੂੰ ਹੀ ਸਾਹਮਣੇ ਰੱਖਦੇ ਹਨ ਰਚਨਾ ਨੂੰ ਘੱਟ। ਮੈਂ ਕੇਸਰਾ ਰਾਮ ਨੂੰ ਕਹਿ ਕੇ ਕਈ ਅਜਿਹੇ ਕਹਾਣੀਕਾਰਾਂ ਦੀਆਂ ਵਧੀਆਂ ਕਹਾਣੀਆਂ ਅਨੁਵਾਦ ਕਰਵਾਈਆਂ ਸਨ ਜਿਨ੍ਹਾਂ ਨੂੰ ਨਾ ਕੇਸਰਾ ਰਾਮ ਜਾਣਦਾ ਸੀ ਤੇ ਨਾ ਹੀ ਮੈਂ ਉਹਨਾਂ ਨੂੰ ਕਦੇ ਮਿਲਿਆ ਸੀ। ਪੰਜਾਬੀ ਦੀਆਂ ਬਹੁਤ ਸਾਰੀਆਂ ਵਧੀਆਂ ਕਹਾਣੀਆਂ ਅਜਿਹੀਆਂ ਹਨ ਜਿਨ੍ਹਾਂ ਨੂੰ ਜੇ ਕੋਈ ਅਨੁਵਾਦਕ ਇਮਾਨਦਾਰੀ ਨਾਲ ਅਨੁਵਾਦ ਕਰਕੇ ਦੂਜੀਆਂ ਭਾਸ਼ਾਵਾਂ ਵਿਚ ਛਪਵਾਵੇ ਤਾਂ ਪੰਜਾਬੀ ਭਾਸ਼ਾ ਦਾ ਮਾਣ ਹੋਰ ਵੀ ਵਧ ਸਕਦਾ ਹੈ। ਮੈਂ ਉਰਦੂ ਹਿੰਦੀ ਤੋਂ ਤਾਂ ਪੰਜਾਬੀ ਵਿਚ ਅਨੁਵਾਦ ਕਰ ਸਕਦਾ ਹਾਂ ਪਰ ਪੰਜਾਬੀ ਤੋਂ ਉਰਦੂ ਜਾਂ ਹਿੰਦੀ ਵਿਚ ਨਹੀਂ।

## ਕਰਨੈਲ ਸਿੰਘ ਨਿੱਝਰ

ਅੱਜ ਦੀ ਜ਼ਿੰਦਗੀ ਨੂੰ ਲਈਏ ਤਾਂ ਸਾਰਾ ਕੁਝ ਟੇਢਾ ਮੇਢਾ ਚੱਲਣ ਲੱਗ ਪਿਆ ਹੈ। ਦਿਨ ਪ੍ਰਤੀ ਦਿਨ ਮਨੁੱਖ ਸਮੱਸਿਆਵਾਂ ਵਿਚ ਘਿਰਦਾ ਜਾ ਰਿਹਾ ਹੈ। ਸਮਕਾਲੀ ਕਹਾਣੀ ਲੇਖਕ ਉਤੇ ਜੋ ਵਰਤਮਾਨ ਸਮੇਂ ਦਾ ਪ੍ਰਭਾਵ ਪਿਆ ਹੈ ਜਾਂ ਪੈ ਰਿਹਾ ਹੈ ਉਹ ਇਸ ਵਿਚੋਂ ਹੀ ਵਿਸ਼ੇ ਤਲਾਸ਼ ਕੇ ਕਹਾਣੀ

ਲਿਖਣ ਲਈ ਯਤਨਸ਼ੀਲ ਹੈ। ਪਰ ਜੋ ਇਸ ਤੋਂ ਜਾਂ ਅੱਜ ਤੋਂ ਪਹਿਲਾਂ ਕਹਾਣੀ ਲਿਖੀ ਗਈ ਹੈ। ਉਸ ਸਮੇਂ 'ਚ ਜ਼ਿੰਦਗੀ ਖੁਲ੍ਹੀ ਡੁੱਲ੍ਹੀ ਸੀ। ਮਨੁੱਖ ਦੀਆਂ ਲੋੜਾਂ ਬੜੀਆਂ ਘੱਟ ਸਨ। ਕੁਦਰਤੀ ਗੱਲ ਹੈ ਕਿ ਜਿਹੜੇ ਲੇਖਕ ਨੇ ਇਸ ਤਰ੍ਹਾਂ ਦਾ ਅਨੁਭਵ ਹੰਢਾਇਆ ਹੈ, ਉਹ ਉਸ ਅਨੁਸਾਰ ਵਿਸ਼ੇ ਨਾਲ ਦੀ ਕਹਾਣੀ ਲਿਖੇਗਾ। ਸਮੇਂ ਦੇ ਪਏ ਗੈਬ ਸਾਫ਼ ਹੈ ਕਿ ਵਰਤਮਾਨ ਤੇ ਭੂਤ ਕਾਲ ਦਾ ਫਰਕ ਕਹਾਣੀ 'ਚ ਵੀ ਆਵੇਗਾ।

ਲੇਖਕ ਨੇ ਜੇ ਕਹਾਣੀ ਖੇਤੀ ਅਧਾਰਤ ਲਿਖਣੀ ਹੈ ਤਾਂ ਅੱਜ ਖੇਤੀ ਮਸ਼ੀਨਰੀ ਨਾਲ ਹੋ ਰਹੀ ਹੈ। ਹਰ ਫ਼ਸਲ ਨੂੰ ਬੀਜਣ ਵੱਢਣ, ਕੱਟਣ ਤੇ ਕੱਢਣ ਤੱਕ ਮਸ਼ੀਨਰੀ ਦੀ ਵਰਤੋਂ ਕੀਤੀ ਜਾਂਦੀ ਹੈ। ਪਰ ਕੁਝ ਸਾਲ ਪਹਿਲਾਂ ਬੱਲਦਾਂ ਨਾਲ ਹਲ੍ਹ ਵਾਹ ਕੇ ਕੇਰੇ ਜਾਂ ਛੱਟੇ ਨਾਲ ਫ਼ਸਲ ਬੀਜੀ ਜਾਂਦੀ ਸੀ। ਫ਼ਸਲ ਆਪਣੇ ਹੱਥੀ ਵੱਢੀ ਦੀ ਸੀ। ਗਾਹ ਕੇ ਦਾਣੇ ਕੱਢੀਦੇ ਸੀ। ਖੂਹਾਂ ਨਾਲ ਫ਼ਸਲ ਸਿੰਜੀ ਦੀ ਸੀ। ਅੱਜ ਟਿਊਵੈੱਲ ਹਨ। ਪਹਿਲਾਂ ਲਿਖੀ ਕਹਾਣੀ 'ਚ ਬੱਲਦਾਂ, ਖੂਹ ਕੇਰੇ ਛੱਟੇ ਆਦਿ ਦਾ ਜ਼ਿਕਰ ਹੋਵੇਗਾ। ਅੱਜ ਲੇਖਕ ਕਹਾਣੀ ਲਿਖੇਗਾ ਉਹ ਮਸ਼ੀਨਰੀ ਤੇ ਟੀਊਵੈਲਾਂ ਆਦਿ ਦਾ ਜ਼ਿਕਰ ਕਰੇਗਾ। ਉਹ ਜੋ ਪੁਰਾਣੀ ਗੱਲ ਨੂੰ ਵੀ ਲੈ ਕੇ ਲਿਖੇਗਾ ਤਾਂ ਉਹ ਜ਼ਿਕਰ ਤਾਂ ਵਰਤਮਾਨ ਦਾ ਹੀ ਕਰੇਗਾ। ਵਿਸ਼ਾ ਪੁਰਾਣਾ ਹੋ ਕੇ ਗੱਲ ਤਾਂ ਨਵੀਂ ਹੋਵੇਗੀ। ਜ਼ਿੰਦਗੀ ਅੱਗੇ ਤੁਰਦੀ ਹੈ ਤਾਂ ਵਿਸ਼ੇ ਵੀ ਨਵੇਂ ਮਿਲਣਗੇ। ਇਸ ਲਈ ਨਵਾਂ ਹੀ ਲਿਖਿਆ ਜਾਵੇਗਾ।

1980 ਤੋਂ ਲੈ ਕੇ 2000 ਤੱਕ ਜਾਂ ਇਸ ਤੋਂ ਪਹਿਲਾਂ ਵੀ ਇੱਕ ਦਹਾਕਾ ਲੈ ਲਈਏ ਤਾਂ ਜ਼ਿੰਦਗੀ ਦੇ ਰੌਂਅ ਵਿਚ ਬੜਾ ਫਰਕ ਆਇਆ ਹੈ। ਥਾਂ ਥਾਂ ਤੇ ਬਿਜਲੀ ਦਾ ਪਸਾਰ ਹੋਇਆ ਹੈ। ਸੜਕਾਂ ਬਣਨ ਨਾਲ ਆਉਣ ਜਾਣ ਦੇ ਸਾਧਨ ਵੀ ਤਬਦੀਲ ਹੋਏ ਤੇ ਆਮ ਹੋ ਗਏ । ਸ਼ਹਿਰ ਪਿੰਡਾਂ ਨਾਲ ਤੇ ਪਿੰਡ ਸ਼ਹਿਰਾਂ ਨਾਲ ਜੁੜ ਗਏ ਤੇ ਨੇੜੇ ਹੋ ਗਏ ਸਕੂਲ ਤੇ ਕਾਲਜ ਪੱਧਰ ਦੀ ਵਿਦਿਆ ਦਾ ਪਾਸਾਰ ਹੋਇਆ ਹੈ। ਪੜ੍ਹਾਈ ਨੇ ਨਾਲ ਨਾਲ ਨਵੇਂ ਲੌਅ ਵਿਚ ਜਾਗ੍ਰਤੀ ਵੀ ਆਈ ਹੈ। ਵਿਚਾਰਧਾਰਿਕ ਤੌਰ ਤੇ ਵੀ ਲੋਕ ਸੰਗਠਤ ਹੋਏ। ਪੰਜਾਬ ਵਿਚ ਇੱਕ ਪਾਰਟੀ ਦੀ ਚੱਲਦੀ ਸਰਕਾਰ ਵੀ ਪਲਟ ਗਈ। ਐਮਰਜੈਂਸੀ ਦਾ ਦੌਰ ਤੇ 1977 'ਚ ਕਾਂਗਰਸ ਸਰਕਾਰ ਵੀ ਚੋਣਾ 'ਚ ਲੋਕਾਂ ਨੇ ਚੱਲਦੀ ਕਰ ਦਿੱਤੀ। ਰਾਜਨੀਤਕ ਤੌਰ ਤੇ ਵੀ ਲੋਕ ਨਵੇਂ ਤਜੱਰਬਿਆਂ ਵਿਚ ਦੀ ਲੰਘੇ। ਫਿਰ ਜੋ ਕੁਝ ਵੀ ਹੋਇਆ ਹੈ ਤੇ ਹੁਣ ਵੀ ਹੋ ਰਿਹਾ ਹੈ। ਜੋ ਇਹ ਸਾਰਾ ਕੁਝ ਵਾਪਰਨ ਵਾਲਾ ਭਿੰਨ ਹੈ ਤੇ ਇਸ ਦੌਰ 'ਚ ਜਾਂ ਅੱਜ ਲਿਖੀ ਜਾ ਰਹੀ ਕਹਾਣੀ ਵੀ ਭਿੰਨ ਹੋਵੇਗੀ ਅਤੇ ਹੈ। ਸਮੇਂ ਅਨੁਸਾਰ ਸਾਰਾ ਕੁਝ ਜਦੋਂ ਬਦਲਦਾ ਹੈ ਤਾਂ ਸਹਿਰ ਵਿਚ ਵੀ ਭਾਸ਼ਾ ਤੇ ਵਿਸ਼ੇ ਪੱਖੋਂ ਭਿੰਨਤਾ ਹੋਵੇਗੀ।

ਤੁਸੀਂ ਰੂਸ ਦਾ ਸਾਹਿਤ ਪੜ੍ਹਿਆ ਹੋਵੇਗਾ। ਸਾਰਾ ਕੁਝ ਜਦੋਂ ਅਸੀਂ ਪੜ੍ਹਦੇ ਤੇ ਵਿਚਾਰ ਦੇ ਹਾਂ ਮਨ ਇੱਕ ਤਬਦੀਲੀ ਲਈ ਹਾਮੀ ਭਰਦਾ ਹੈ। ਇਹ ਸਾਰਾ ਸਾਹਿਤ ਸਾਨੂੰ ਉਥੇ ਹੋ ਰਹੀ ਇਨਕਲਾਬ ਲਈ ਲੜਾਈ ਬਾਰੇ ਚੱਲ ਰਹੀ ਲਹਿਰ ਦੇ ਪੱਖਾਂ ਨੂੰ ਉਜਾਗਰ ਕਰਦਾ ਹੈ। 1942 ਦੀ ਸੰਸਾਰਕ ਜੰਗ ਬਾਰੇ ਜਾਣੂ ਕਰਵਾਉਂਦਾ ਹੈ। ਜੰਗ ਨੂੰ ਅਸੀਂ ਨਫ਼ਰਤ ਕਰਦੇ ਹਾਂ ਤਾਂ ਸਾਡੀ ਹਮਦਰਦੀ ਜੰਗ 'ਚ ਮਰਨ ਵਾਲੇ ਲੋਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਜਾ ਜੁੜਦੀ ਹੈ। ਸੰਸਾਰ ਪੱਧਰ ਤੇ ਲੋਕਾਂ ਦੇ ਹਿੱਤ ਵਿਚ ਚੱਲੀਆਂ ਲਹਿਰਾਂ ਬਾਰੇ ਰਚੇ ਗਏ ਸਾਹਿਤ ਦੀ ਵੱਡੀ ਮਹੱਤਤਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਰਹੇਗੀ। ਇਸੇ ਤਰ੍ਹਾਂ ਸਾਡੇ ਵੀ 1959 ਵਿਚ ਕਿਸਾਨ ਸਭਾ ਵਲੋਂ ਲੜੀ ਗਈ ਖੁਸ਼ਹੈਸੀਅਤ ਟੈਕਸ ਦੇ ਵਿਰੋਧ ਵਿਚ ਲੜਾਈ ਬਾਰੇ ਜਸਵੰਤ ਸਿੰਘ ਕੰਵਲ ਦਾ ਨਾਵਲ 'ਭਵਾਨੀ' ਹੈ। ਮੇਰਾ ਨਾਵਲ 'ਦੁਮੇਲ' ਹੈ। ਨਕਸਲਾਈਟ ਲਹਿਰ ਦਾ ਸਾਹਿਤ ਸਾਡੇ ਕੋਲ ਹੈ, ਨਾਵਲ ਕਹਾਣੀਆਂ ਕਵਿਤਾਵਾਂ ਆਦਿ ਦੇ ਰੂਪ ਵਿਚ। ਅੱਤਵਾਦ ਦੇ ਸਮੇਂ ਦਾ ਸਾਹਿਤ ਵੀ ਸਾਡੇ ਕੋਲ ਹੈ। ਸਾਹਿਤ ਉਹ ਹੀ ਜਗਦਾ ਰਹੇਗਾ, ਜਿਹੜਾ ਨਿਤਾਣੇ ਲੋਕਾਂ ਦੀ ਗੱਲ ਕਰੇਗਾ। ਅੱਜ ਵੀ ਉਹ ਸਾਹਿਤ ਸਾਡਾ ਰਹਿਨੁਮਾ ਹੈ, ਜਿੰਨ੍ਹੇ ਬੇਵੱਸ ਹੋਏ ਪਏ ਲੋਕਾਂ ਦੇ ਹੱਕ ਵਿਚ ਹਾਅ ਦਾ ਨਾਹਰਾ ਮਾਰਿਆ ਹੈ। 1980 ਤੋਂ ਬਾਅਦ ਕੋਈ ਪੰਜਾਬ ਵਿਚ ਮੂਵਮੈਂਟ ਵੀ ਨਹੀਂ ਹੈ। ਅੱਤਵਾਦੀ ਦੌਰ ਚੱਲਿਆ ਹੈ, ਜਿਸ ਵਿਚ 25 ਹਜ਼ਾਰ ਲੋਕ ਤਾਂ ਮਾਰੇ ਗਏ ਹਨ। ਪਰ ਇਨ੍ਹਾਂ ਵਿਚ ਉਹ ਲੋਕ ਵੀ ਮਾਰ ਦਿੱਤੇ ਗਏ, ਜਿਨ੍ਹਾਂ ਨੇ ਗਰੀਬ ਗੁਰਬਿਆਂ ਨੂੰ ਗੁਰਬਤ 'ਚੋਂ ਕੱਢ ਕੇ ਮਾਣ ਮੱਤੀ ਜ਼ਿੰਦਗੀ ਜੀਊਣ ਵਾਸਤੇ ਆਪਣੀ ਜ਼ਿੰਦਗੀ ਲਾਉਣਾ ਦਾ ਅਹਿਦ ਕੀਤਾ ਹੋਇਆ ਸੀ। ਧਰਮ ਤੇ ਜਾਤ ਦੀ ਲੜਾਈ ਲੜਨ ਵਾਲੇ ਭੱਦਰ ਪੁਰਸ਼ਾਂ ਨੂੰ ਇਹ ਸਮਝਣਾ ਪਏਗਾ ਕਿ ਇਹ ਲੋਕ ਪੱਖੀ ਲੜਾਈ ਨਹੀਂ ਹੈ। ਲੋਕ ਲਹਿਰ ਜੋ ਲੋਕਾਂ ਦੇ ਜੀਵਨ ਨੂੰ ਗੌਰਵਸ਼ਾਲੀ ਬਣਾਉਣ ਲਈ ਉਸਰੇਗੀ, ਉਸ ਬਾਰੇ ਲਿਖਿਆ ਜਾਣ ਵਾਲਾ ਸਾਹਿਤ ਵੀ ਨਿੱਗਰ ਹੋਵੇਗਾ। ਉਹ ਭਾਵੇਂ ਨਾਵਲ ਹੋਵੇ ਜਾਂ ਕਹਾਣੀ ਲੋਕਾਂ ਦਾ ਰਾਹ ਦਸੇਰਾ ਹੀ ਹੋਵੇਗਾ।

ਪਿਛਲੇ ਦਿਨੀਂ ਅੰਮ੍ਰਿਤਸਰ ਵਿਖੇ ਵਿਸ਼ਵ ਕਹਾਣੀ ਸੈਮੀਨਾਰ ਕਰਵਾਇਆ ਗਿਆ ਹੈ। ਜਿਸ



ਵਿਚ ਇਸ ਵਿਸ਼ੇ ਬਾਰੇ ਪਰਚੇ ਵੀ ਪੜ੍ਹੇ ਗਏ ਤੇ ਬਹਿਸ ਵਿਚ ਵੀ ਆਇਆ ਸੀ ਕਿ ਭੀਸ਼ਮ ਸਾਹਨੀ ਦਾ ਨਾਵਲ 'ਤਮਸ', ਖੁਸ਼ਵੰਤ ਸਿੰਘ ਦਾ ਨਾਵਲ 'ਟਰੇਨ ਟੂ ਪਾਕਿਸਤਾਨ' ਤੇ ਕਈ ਦਰਜਣਾ ਕਹਾਣੀਆਂ ਦਾ ਜ਼ਿਕਰ ਵੀ ਹੋਇਆ ਸੀ। ਪਾਕਿਸਤਾਨ ਵਿਚ ਵੀ ਸਾਡੇ ਵਾਂਗ ਹੀ ਲਿਖਿਆ ਗਿਆ ਹੈ। ਅਫ਼ਜ਼ਲ ਅਹਿਸਾਨ ਰੰਧਾਵਾ ਦੇ ਦੋ ਨਾਵਲ 'ਦੀਵਾ ਤੇ ਦਰਿਆ' ਅਤੇ 'ਦੁਆਬਾ' ਜ਼ਿਕਰਯੋਗ ਹਨ। ਇਸੇ ਤਰ੍ਹਾਂ ਕਹਾਣੀਆਂ ਵੀ ਲਿਖੀਆਂ ਗਈਆਂ ਹਨ। ਜਿਥੋਂ ਤੱਕ ਚੇਤੇ 'ਚ 2-4 ਬਾਰੇ ਹੀ ਤੁਸੀਂ ਆਖ ਰਹੇ ਹੋ, ਜਦੋਂ ਅਸੀਂ ਪੜ੍ਹਾਂਗੇ ਨਹੀਂ, ਵਿਚਾਰਾਂਗੇ ਨਹੀਂ ਤਾਂ 2-4 ਵੀ ਚੇਤੇ 'ਚੋਂ ਮਨਫੀ ਹੋ ਜਾਣਗੀਆਂ। ਸ਼ਾਇਦ 2-4 ਵਾਲੀ ਗੱਲ ਵੀ ਤੁਹਾਡੀ ਹੀ ਹੈ। ਹੋਰ ਕਿਸੇ ਦੀ ਜ਼ਰੂਰੀ ਨਹੀਂ ਕਿ ਉਨ੍ਹਾਂ ਨੂੰ 2-4 ਹੀ ਯਾਦ ਹੋਣ। ਪੰਜਾਬ ਸੰਕਟ ਬਾਰੇ ਵੀ ਦਰਜਣਾ ਕਹਾਣੀਆਂ ਮਜੂਦ ਹਨ, ਜਿਨ੍ਹਾਂ ਦਾ ਜ਼ਿਕਰ ਹੁੰਦਾ ਰਿਹਾ ਹੈ ਤੇ ਹੁੰਦਾ ਰਹੇਗਾ। ਪਰ ਕੁਝ ਲੋਕ ਆਪਣੀ ਸੀਮਾਂ ਨੂੰ ਕੁਝ ਨਾਵਾਂ ਤੱਕ ਹੀ ਮਿਥੀ ਬੈਠੇ ਹਨ, ਉਨ੍ਹਾਂ ਨੂੰ ਆਪਣੀ ਸੀਮਾਂ ਦੀ ਹੱਦ ਮੋਕਲ਼ੀ ਕਰਨੀ ਹੋਵੇਗੀ। ਜਦੋਂ ਅਸੀਂ ਆਪਣੀ ਹੱਦ ਤੋਂ ਪਾਰ ਜਾਂਦੇ ਹਾਂ ਤਾਂ ਹੋਰ ਵੀ ਸਾਨੂੰ ਜਾਨਣ ਨੂੰ ਮਿਲਦਾ ਹੈ, ਜਿਸਨੂੰ ਅਸੀਂ ਪਹਿਲਾਂ ਨਹੀਂ ਜਾਣਦੇ ਹੁੰਦੇ।

ਪਿਛਲੇ ਸਮੇਂ 'ਚ ਮੈਂ ਕੁਲਦੀਪ ਸਿੰਘ ਬੇਦੀ, ਮੱਖਣ ਮਾਨ ਪਾਕਿਸਤਾਨ ਗਏ ਸੀ। ਮਕਸੂਦ ਅਹਿਮਦ ਚੌਧਰੀ ਦੇ ਘਰ ਲਾਹੌਰ ਵਿਖੇ 1947 ਦੀ ਵੰਡ ਤੇ ਪੰਜਾਬੀ ਸਾਹਿਤ ਬਾਰੇ ਗੱਲ ਹੋਈ ਸੀ। ਬਹੁਤ ਸਾਰੇ ਡਾ. ਆਸ਼ਕ ਰਹੀਲ, ਆਸੂਦ ਅਹਿਮਦ ਚੋਧਰੀ ਦੀ ਰਹਿਨੁਮਾਈ 'ਚ ਉਥੇ ਲੇਖਕ ਇਕੱਠੇ ਹੋਏ ਸਨ। ਉਨ੍ਹਾਂ ਨੇ ਅਨੇਕਾਂ ਨਾਵਲ ਤੇ ਕਹਾਣੀਆਂ ਦਾ ਜ਼ਿਕਰ ਕੀਤਾ ਸੀ, ਜੋ ਪਾਕਿਸਤਾਨ ਤੇ ਹਿੰਦੁਸਤਾਨ ਦੀ 1947 ਦੀ ਵੰਡ ਨੂੰ ਲੈ ਕੇ ਲਿਖੇ ਗਏ ਸਨ। 1947 ਦੀ ਵੰਡ ਦਾ ਵੱਡਾ ਦੁਖਾਂਤ ਹੈ, ਜਿਸਨੂੰ ਲੈ ਕੇ ਸਾਡੇ ਵੱਡੇ ਲੇਖਕਾਂ ਨੇ ਚੰਗੀਆਂ ਤੇ ਵਧੀਆਂ ਕਹਾਣੀਆਂ ਲਿਖੀਆਂ ਹਨ। ਅੱਜ ਵੀ ਲੇਖਕ ਲਿਖ ਰਹੇ ਹਨ। ਸਾਡਾ ਇੱਕ ਦੂਜੇ ਮੁਲਕ 'ਚ ਆਉਣਾ ਜਾਣਾ ਸ਼ੁਰੂ ਹੋਇਆ ਹੈ। ਚੰਗੀ ਸ਼ੁਰੂਆਤ 'ਚ ਸੱਠ ਸਾਲਾਂ ਦੇ ਵਿਛੜੇ ਭੈਣ ਭਰਾ ਤੇ ਹੋਰ ਰਿਸ਼ਤੇਦਾਰ ਇੱਕ ਦੂਜੇ ਨੂੰ ਮਿਲ ਰਹੇ ਹਨ। ਇਹ ਗੱਲ ਵੀ ਕਹਾਣੀ ਲਿਖਣ ਦੇ ਦ੍ਰਿਸ਼ਟੀਕੋਣ ਲਈ ਸਹਾਈ ਹੋਵੇਗੀ। ਸਾਹਿਤਕਾਰਾਂ ਦੇ ਆਉਣ ਜਾਣ ਤੇ ਸਾਹਿਤਕ ਬੈਠਕਾਂ ਨਾਲ ਗੱਲ ਹੋਰ ਨਿੱਖਰ ਆਵੇਗੀ ਅਤੇ ਸਾਡੇ ਚੇਤਿਆਂ 'ਚ ਵੀ ਵਸ ਜਾਵੇਗੀ।

ਇਹ ਚੰਗੀ ਗੱਲ ਹੈ ਕਿ ਪੰਜਾਬੀ ਕਹਾਣੀਕਾਰਾਂ ਦੀਆਂ ਤਿੰਨ ਪੀੜ੍ਹੀਆਂ ਇਕੋ ਸਮੇਂ ਆਪਣੀ ਵਿਚਾਰਧਾਰਾ ਦੇ ਅਧਾਰ ਤੇ ਵਰਤਮਾਨ ਸਮੇਂ ਦਾ ਯਥਾਰਥ ਪੇਸ਼ ਕਰ ਰਹੀਆਂ ਹਨ। ਇਨ੍ਹਾਂ ਤਿੰਨਾ ਪੀੜ੍ਹੀਆਂ ਵਿਚ ਵਿਚਾਰਧਾਰਾ ਦੀ ਪਰਪੱਕਤਾ, ਲਿਖਣ ਸ਼ੈਲੀ ਅਨੁਸਾਰ ਅਤੇ ਭਾਸ਼ਾ ਦਾ ਅੰਤਰ ਹੈ ਅਤੇ ਰਹੇਗਾ।

ਬੇਸਹਾਰਾ ਤੇ ਗਰੀਬੀ ਦੀ ਦਲ ਦਲ 'ਚ ਖੁਭੇ ਹੋਏ ਲੋਕਾਂ ਨੂੰ ਸਮਾਜ ਵਿਚ ਬਰਾਬਰਤਾ ਦਾ ਦਰਜਾ ਦੁਆਉਣ ਲਈ ਉਨ੍ਹਾਂ ਦੇ ਹੱਕਾਂ ਲਈ ਆਵਾਜ਼ ਬਣਨਾ ਤੇ ਬਣਾਉਣਾ ਮੇਰਾ ਕਹਾਣੀ ਲਿਖਣ ਦਾ ਮਕਸਦ ਰਿਹਾ ਹੈ।

ਜਿਵੇਂ ਪ੍ਰਗਤੀਸ਼ੀਲ ਕਹਾਣੀਕਾਰ ਆਪਣੀਆਂ ਕਹਾਣੀਆਂ ਰਾਹੀਂ ਲੋਕਾਂ ਦੇ ਪੱਖ ਦੀ ਗੱਲ ਕਰ ਤੇ ਕਹਿ ਰਹੇ ਹਨ, ਇਸੇ ਤਰ੍ਹਾਂ ਮੈਂ ਵੀ ਉਨ੍ਹਾਂ ਦੇ ਰਸਤੇ ਤੇ ਚੱਲਦੇ ਗਰੀਬ ਗੁਰਬਿਆਂ ਦੇ ਪੱਖ 'ਚ ਖੜ੍ਹੋਣ ਲਈ ਯਤਨ ਕਰ ਰਿਹਾ ਹਾਂ।

ਮੇਰੇ ਵਿਚਾਰ ਵਿਚ ਔਰਤ ਤੇ ਮਰਦ ਦੇ ਸੰਬੰਧਾਂ ਨੂੰ ਲੈ ਤੇ ਕਹਾਣੀ ਲਿਖਣਾ ਸਮੇਂ ਦੀ ਲੋੜ ਨਹੀਂ ਹੈ। ਲੋਕਾਂ ਅੱਗੇ ਬੇ-ਰੁਜ਼ਗਾਰੀ ਨੇ ਰੋਟੀ ਦਾ ਸੰਸਾ ਖੜਾ ਕੀਤਾ ਹੋਇਆ ਹੈ। ਰੋਟੀ ਮਨੁੱਖ ਦੀ ਮੁਢਲੀ ਤੇ ਮੁੱਖ ਲੋੜ ਹੈ। ਮਨੁੱਖ ਰੋਟੀ ਤੇ ਚੰਗੀ ਰੋਟੀ ਖਾਣ ਲਈ ਹੀ ਸਾਰੀ ਉਮਰ ਸੰਘਰਸ਼ਮਈ ਜੀਵਨ ਜੀਉਂਦਾ ਹੈ। ਰੋਟੀ ਤੇ ਭੁੱਖ ਦਾ ਬੜਾ ਨੇੜੇ ਦਾ ਰਿਸ਼ਤਾ ਹੈ। ਪੇਟ ਨਾ ਪਈਆਂ ਰੋਟੀਆਂ ਤੇ ਸੱਭੇ ਗੱਲਾਂ ਖੋਟੀਆਂ। ਔਰਤਾਂ ਤੇ ਮਰਦ ਦੇ ਸੰਬੰਧ ਇੱਕ ਪ੍ਰਵਿਰਤੀ ਹੈ। ਇਸ ਪ੍ਰਵਿਰਤੀ ਨੂੰ ਬਾਕੀ ਪ੍ਰਵਿਰਤੀਆਂ ਨਾਲ ਪਹਿਲ ਦੇ ਕੇ ਕਹਾਣੀ ਲਿਖਣਾ ਫ਼ੈਸ਼ਨ ਨਾਲੋਂ ਵੱਧ ਹੋਰ ਕੀ ਹੈ। ਜਿਥੇ ਲੋਕ ਆਰਥਿਕ ਪੱਖੋਂ ਖੁਸ਼ਹਾਲ ਹੋਣ, ਉਥੇ ਤਾਂ ਇਸ ਲਿਬਾਸ ਦੀ ਗੱਲ ਹੋ ਸਕਦੀ ਹੋਵੇਗੀ, ਪਰ ਜਿਥੇ ਲੋਕਾਂ ਨੂੰ ਦੋ ਡੰਗ ਦੀ ਰੋਟੀ ਵੀ ਨਾ ਜੁੜਦੀ ਹੋਵੇ, ਉਥੇ ਮਰਦ ਔਰਤ ਦੇ ਸੰਬੰਧਾਂ ਨੂੰ ਉਭਾਰਨਾ ਬੀਮਾਰ ਮਾਨਸਿਕਤਾ ਦੀ ਗੱਲ ਹੀ ਹੋ ਸਕਦੀ ਹੈ। ਸਮੇਂ ਦੀ ਲੋੜ ਹੈ ਕਿ ਹਰ ਇੱਕ ਨੂੰ ਰੋਟੀ ਕੱਪੜਾ ਤੇ ਮਕਾਨ ਦੀ ਮੁਢਲੀ ਲੋੜ ਮੁਹੱਈਆ ਕਰਵਾਈ ਜਾਵੇ, ਇਸ ਪ੍ਰਤੀ ਕਹਾਣੀ ਲੇਖਕ ਨੂੰ ਯਤਨ ਕਰਨੇ ਚਾਹੀਦੇ ਹਨ।

ਅੱਜ ਵੀ ਲੋਕ ਸੱਤਰ ਫੀਸਦੀ ਤੋਂ ਅੱਸੀ ਫੀਸਦੀ ਤੱਕ ਪਿੰਡਾਂ ਵਿਚ ਰਹਿੰਦੇ ਹਨ। ਜਿੰਨ੍ਹਾਂ ਲੇਖਕਾਂ ਨੇ ਕਹਾਣੀ ਲਿਖੀ ਹੈ, ਉਹ ਜਾਂ ਤਾਂ ਪਿੰਡਾਂ ਵਿਚ ਵਸਦੇ ਹਨ ਜਾਂ ਉਨ੍ਹਾਂ ਦਾ ਪਿਛੋਕੜ ਪੇਡੂ ਰਿਹਾ ਹੈ। ਜਿਸ ਲੇਖਕ ਕੋਲ ਜੋ ਵੀ ਤਜੱਰਬਾ ਹੋਵੇਗਾ, ਉਹ ਉਹੀ ਬਿਆਨ ਕਰੇਗਾ। ਵੈਸੇ ਵੀ

ਹਿੰਦੁਸਤਾਨ ਤੇ ਫਿਰ ਪੰਜਾਬ ਖੇਤੀ ਪ੍ਰਧਾਨ ਹਨ। ਵੱਡੀ ਵਸੋਂ ਕਿਸਾਨਾ ਤੇ ਖੇਤ ਮਜ਼ਦੂਰਾਂ ਦੀ ਹੈ। ਕਿਸਾਨੀ ਤੇ ਮਜ਼ਦੂਰ ਦਾ ਅਟੁੱਟ ਰਿਸ਼ਤਾ ਹੈ। ਬਹੁਤੀ ਕਹਾਣੀ ਇਨ੍ਹਾਂ ਬਾਰੇ ਤੇ ਇਨ੍ਹਾਂ ਦੇ ਆਲੇ ਦੁਆਲੇ ਹੀ ਲਿਖੀ ਗਈ ਹੈ। ਇਸ ਲਿਖੀ ਗਈ ਕਹਾਣੀ ਦੀ ਚਰਚਾ ਅੱਗੇ ਵੀ ਰਹੀ ਹੈ ਤੇ ਅੱਜ ਵੀ ਹੈ। ਸ਼ਹਿਰੀ ਜ਼ਿੰਦਗੀ ਬਾਰੇ ਵੈਸੇ ਵੀ ਘੱਟ ਲਿਖਿਆ ਗਿਆ ਹੈ। ਸ਼ਹਿਰ ਵਿਚ ਉਂਜ ਤਾਂ ਅਮੀਰ ਲੋਕ ਤੇ ਸਨਅਤੀ ਮਜ਼ਦੂਰ ਰਹਿੰਦੇ ਹਨ। ਪਰ ਇਨ੍ਹਾਂ ਦੇ ਕੰਮਾ ਧੰਦਿਆਂ ਤੇ ਰਹਿਣ ਸਹਿਣ ਦੇ ਪਾੜੇ ਬਾਰੇ ਲੇਖਕਾਂ ਨੇ ਘੱਟ ਲਿਖਿਆ ਹੈ। ਬਾਹਰਲੇ ਮੁਲਕਾਂ 'ਚ ਗਏ ਲੇਖਕ ਵੀ ਆਪਣੇ ਛੱਡ ਕੇ ਗਏ ਪਿੰਡਾਂ ਬਾਰੇ ਹੀ ਲਿਖੀ ਜਾ ਰਹੇ ਹਨ ਤੇ ਇਸੇ ਤਰ੍ਹਾਂ ਹੀ ਜੋ ਸਾਡੇ ਲੇਖਕ ਪਿੰਡਾਂ ਵਿਚੋਂ ਆ ਕੇ ਸ਼ਹਿਰਾਂ 'ਚ ਵਸ ਗਏ ਹਨ, ਉਹ ਵੀ ਪਿੰਡਾਂ ਬਾਰੇ ਲਿਖ ਰਹੇ ਹਨ। ਮੈਂ ਸਮਝਦਾ ਹਾਂ ਸ਼ਹਿਰੀ ਜ਼ਿੰਦਗੀ ਪ੍ਰਤੀ ਲੇਖਕ ਦੀ ਪਕੜ ਘੱਟ ਹੈ। ਇਸ ਕਰਕੇ ਲਿਖਿਆ ਵੀ ਘੱਟ ਗਿਆ ਹੈ। ਫਿਰ ਚਰਚਾ 'ਚ ਤਾਂ ਉਹੀ ਰਹੇਗਾ ਜੋ ਲਿਖਿਆ ਗਿਆ ਹੋਵੇਗਾ।

ਕਹਾਣੀ ਆਲੋਚਨਾ ਵਿਚ ਖੜੋਤ ਆ ਗਈ ਲਗਦੀ ਹੈ ਜਾਂ ਕਿ ਖੜੋਤ ਆ ਗਈ ਹੈ ? ਇਸ ਬਾਰੇ ਸਪੱਸ਼ਟ ਹੋਣ ਦੀ ਲੋੜ ਹੈ। ਗਹਿਰ ਗੰਭੀਰ ਗੱਲ ਨਹੀਂ ਹੋ ਰਹੀ। ਪੇਤਲੀਆਂ ਪੇਤਲੀਆਂ ਗੱਲਾਂ ਹੀ ਹੋ ਰਹੀਆਂ ਹਨ। ਸਾਰੀ ਗੱਲ ਹੀ ਚਿੰਤਾਵਾਨ ਹੈ। ਪੰਜਾਬੀ ਸਾਹਿਤ ਵਿਚ ਆਲੋਚਨਾ ਹੈ? ਜੋ ਹੈ ਤਾਂ ਆਲੋਚਨਾ ਜਾ, ਧਰਮ ਤੇ ਗੁਟਬੰਦੀ ਤੋਂ ਉਪਰ ਉਠ ਕੇ ਕੀਤੀ ਗਈ ਹੈ? ਅੰਮ੍ਰਿਤਸਰ ਕਹਾਣੀ ਸੈਮੀਨਾਰ 'ਚ ਮੈਂ ਇਹ ਗੱਲ ਕਹੀ ਸੀ ਕਿ ਡਾ. ਰਘਬੀਰ ਸਿੰਘ ਨੇ ਇਸ ਵਾਰ ਛੇ ਕਹਾਣੀਕਾਰਾਂ ਦੇ ਨਾਂ ਲਏ ਹਨ। ਅੱਗੇ ਦੋ ਜਾਂ ਤਿੰਨ ਕਹਾਣੀਕਾਰਾਂ ਦੇ ਹੀ ਨਾਂ ਲੈਂਦੇ ਹੁੰਦੇ ਸਨ। ਪਰਚੇ ਵੀ ਜੋ ਛਪੇ ਹਨ ਜਾਂ ਆਏ ਹਨ, ਉਨ੍ਹਾਂ 'ਚ ਉਨੀ ਇੱਕੀ ਦਾ ਹੀ ਫਰਕ ਹੈ ਜੋ ਇਥੋਂ ਹੀ 2001 ਦੇ ਸੈਮੀਨਾਰ 'ਚ ਪੜ੍ਹੇ ਗਏ ਸਨ। ਦੂਜੇ ਦਿਨ ਦਰਸ਼ਨ ਧੰਜਲ ਨੇ ਕਿਹਾ ਸੀ ਕਿ ਪਰਚਾ ਪੜ੍ਹਨ ਵਾਲਿਆਂ ਨੇ ਉਹ ਕਿਤਾਬਾਂ ਵੀ ਆਪਣੇ ਪਰਚਿਆਂ 'ਚ ਜ਼ਿਕਰ ਕਰਨ ਲਈ ਸ਼ਾਮਲ ਕਰ ਲਈ ਹੈ ਜੋ ਅਜੇ ਛਪਣੀ ਹੈ। ਇਹ ਕਿਉਂ ਤੇ ਕਿਵੇਂ ਹੈ? ਇਹ ਹੀ ਆਲੋਚਨਾ ਹੈ? ਜੇ ਭਵਿੱਖ ਵਿਚ ਵੀ ਇਸ ਤਰ੍ਹਾਂ ਹੀ ਹੋਣਾ ਹੈ ਤਾਂ ਗੱਲਾਂ ਗੰਭੀਰ ਹੋਣ ਦੀ ਥਾਂ ਪੇਤਲੀਆਂ ਹੀ ਹੋਣਗੀਆਂ।

ਦੂਜੀ ਗੱਲ ਹੈ ਕਿ ਅਸੀਂ ਕਹਾਣੀ ਤੇ ਕਹਾਣੀ ਲੇਖਕ ਨੂੰ ਪਹਿਲ ਦੇਣ ਦੀ ਥਾਂ ਉਸ ਦੀ ਜਾਤ, ਧਰਮ ਤੇ ਗੁੱਟ ਨੂੰ ਪਹਿਲ ਦੇਣ ਲੱਗ ਪਏ ਹਾਂ। ਅਗਲੀ ਗੱਲ ਇਹ ਹੈ ਕਿ ਅਸੀਂ ਵੀ ਆਪਣੇ ਦੁਆਲੇ ਹੀ ਸਾਰਾ ਕੁਝ ਘੁੰਮਾਉਣਾ ਚਾਹੁੰਦੇ ਹਾਂ, ਦੂਜੇ ਦੁਆਲੇ ਨਹੀਂ। ਇਹ ਗੱਲ ਅੱਗੇ ਵੀ ਆ ਚੁੱਕੀ ਹੈ ਕਿ ਜੇ ਕਿਸੇ ਨੇ ਪੰਜਾਬੀ ਕਹਾਣੀ ਬਾਰੇ ਗੱਲ ਕੀਤੀ ਹੈ ਤਾਂ ਲਿਹਾਜੂ ਨੀਤੀ ਅਪਣਾ ਕੇ ਹੀ ਕੀਤੀ ਹੈ। ਤੁਸੀਂ ਆਪਣਾ ਤੇ ਆਪਣੇ ਨਾਲਦਿਆਂ ਦਾ ਟੁੱਲ ਲਾਈ ਤੇ ਲੁਆਈ ਜਾਂਦੇ ਹੋ ਤੇ ਮੈਂ ਆਪਣਿਆਂ ਦਾ ਸ਼ਾਇਦ ਇਸ ਕਰਕੇ ਹੀ ਪੰਜਾਬੀ ਕਹਾਣੀ ਬਾਰੇ ਕੀਤੀ ਗਈ ਗੱਲ ਸਾਰਥਕ ਨਹੀਂ ਬਣੀ। ਮੈਂ ਇੱਕ ਵਾਰ ਇਹ ਗੱਲ ਕਹੀ ਸੀ ਕਿ ਸਾਡੇ ਆਲੋਚਕਾਂ ਨੇ ਅਜੇ ਤੱਕ ਸਮੁੱਚੇ ਕਹਾਣੀਕਾਰਾਂ ਦੀ ਸੂਚੀ ਵੀ ਨਹੀਂ ਛਾਪੀ। ਉਂਜ ਵੀ ਸਾਡੇ ਆਲੋਚਕਾਂ ਨੇ ਗਿਣਵੇਂ ਮਿਥਵੇਂ ਕਹਾਣੀਕਾਰਾਂ ਤੋਂ ਅੱਗੇ ਜਾ ਕੇ ਗੱਲ ਕਰਨ ਦੀ ਖੇਚਲ ਨਹੀਂ ਕੀਤੀ। ਸਮੁੱਚੀ ਕਹਾਣੀ ਬਾਰੇ ਨਿੱਠ ਕੇ ਕੰਮ ਕਰਨ ਦੀ ਲੋੜ ਹੈ ਜੋ ਕਿ ਅਜੇ ਹੋਣਾ ਬਾਕੀ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਨਵੇਂ ਕਹਾਣੀਕਾਰਾਂ ਨੂੰ ਸਰੀਰਕ ਸੰਬੰਧਾਂ ਦੀ ਗੱਲ ਕਰਨ ਦੀ ਥਾਂ ਹੋਰ ਕੋਈ ਗੱਲ ਨਹੀਂ ਆਉਂਦੀ? ਉਹਦੇ ਲਈ ਸਮਾਜ ਦੀ ਮੁਖ ਸਮੱਸਿਆ ਸਰੀਰਕ ਸੰਬੰਧ ਹੀ ਰਹਿ ਗਏ ਹਨ? ਸਮਾਜ ਤਾਂ ਮੁਸ਼ਕਲਾਂ ਨਾਲ ਭਰਿਆ ਪਿਆ ਹੈ ਤੇ ਹੋਰ ਭਰ ਰਿਹਾ ਹੈ। ਸਰੀਰਕ ਸੰਬੰਧਾਂ ਨੂੰ ਕਹਾਣੀਆਂ 'ਚ ਉਭਾਰ ਕੇ ਕਹਾਣੀਕਾਰ ਨੇ ਕਿਹੜੇ ਵਰਗ ਦੀ ਸੇਵਾ ਕਰਨੀ ਹੈ। ਸਰੀਰਕ ਸੰਬੰਧ ਬਣਾਉਣੇ ਤੇ ਇਸ ਬਾਰੇ ਗੱਲ ਕਰਨੀ ਅਮੀਰਾਂ ਦੇ ਚੋਚਲੇ ਹਨ। ਭੁੱਖੇ ਢਿੱਡਾਂ ਨੂੰ ਰੋਟੀ ਦੀ ਤਲਬ ਹੁੰਦੀ ਹੈ, ਸਰੀਰਕ ਅਚਵੀ ਨਹੀਂ। ਕਹਾਣੀਕਾਰ ਨੂੰ ਆਪਣਾ ਕਹਾਣੀ ਲਿਖਣ ਦਾ ਦ੍ਰਿਸ਼ਟੀਕੋਣ ਸਾਫ਼ ਕਰ ਲੈਣਾ ਚਾਹੀਦਾ ਹੈ ਕਿ ਉਹਨੇ ਕਿਹੜੇ ਲੋਕਾਂ ਦੇ ਹੱਕ ਵਿਚ ਤੇ ਕਿਹੜੇ ਲੋਕਾਂ ਦੇ ਵਿਰੋਧ ਵਿਚ ਲਿਖਣਾ ਹੈ।

ਦੂਜੀ ਗੱਲ ਰਹੀ ਪ੍ਰੇਮ ਪ੍ਰਕਾਸ਼ ਸਟਾਇਲ ਦੀ, ਮੈਂ ਇਹ ਗੱਲ ਨਾ ਤਾਂ ਕਿਤੇ ਪੜ੍ਹੀ ਹੈ ਤੇ ਨਾ ਹੀ ਸੁਣੀ ਹੈ ਕਿ ਕਹਾਣੀ ਵਿਚ ਕੋਈ ਪ੍ਰੇਮ ਪ੍ਰਕਾਸ਼ ਸਟਾਇਲ ਹੈ। ਇਹ ਗੱਲ ਸ਼ੋਸ਼ਾ ਮਾਰ ਹੀ ਹੈ।

ਮੈਂ ਸਾਡੇ ਹੀ ਕਹਾਣੀਕਾਰਾਂ ਦੀਆਂ ਕਹਾਣੀਆਂ ਨੂੰ ਪੜ੍ਹਿਆ ਹੋਇਆ ਹੈ। ਮੈਨੂੰ ਉਨ੍ਹਾਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਚੰਗੀਆਂ ਲੱਗੀਆਂ ਹਨ। ਮੇਰੇ ਲਈ ਸਾਰੇ ਹੀ ਕਹਾਣੀਕਾਰ ਸਤਿਕਾਰਯੋਗ ਹਨ। ਮੈਂ ਆਪਣੇ ਆਪ ਨੂੰ ਪੰਜਾਂ ਕਹਾਣੀਆਂ ਤੇ ਪੰਜਾਂ ਕਹਾਣੀਕਾਰਾਂ ਦਾ ਜ਼ਿਕਰ ਕਰਕੇ ਬਾਕੀਆਂ ਨੂੰ



ਛਟਿਆਉਣ ਦੀ ਗੁਸਤਾਖੀ ਨਹੀਂ ਕਰ ਸਕਦਾ ਅਤੇ ਗੁਨਾਹਗਾਰਾਂ 'ਚ ਸ਼ਾਮਲ ਨਹੀਂ ਹੋ ਸਕਦਾ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਲੋਕਾਂ ਦਾ ਮੁੱਖ ਕਿੱਤਾ ਖੇਤੀ ਬਾੜੀ ਕਰਨਾ ਹੈ। ਖੇਤ ਮਜ਼ਦੂਰ ਉਨ੍ਹਾਂ ਦੇ ਇਸ ਕਿੱਤੇ ਵਿਚ ਸਹਾਇਕ ਹਨ। ਜੋ ਵੀ ਅੱਜ ਤੱਕ ਸਾਹਿਤ ਰਚਿਆ ਗਿਆ ਹੈ, ਉਹ ਬਹੁਤਾਂ ਕਿਸਾਨੀ ਬਾਰੇ ਹੀ ਹੈ। ਕਹਾਣੀ ਵੀ ਜ਼ਿਆਦਾਤਰ ਕਿਸਾਨੀ ਬਾਰੇ ਹੀ ਹੈ। ਇਹ ਗੱਲ ਵੀ ਸਾਫ਼ ਹੈ ਕਿ ਬਹੁਤੇ ਕਹਾਣੀਕਾਰ ਵੀ ਕਿਸਾਨੀ ਪ੍ਰਵਾਰਾਂ ਨਾਲ ਸੰਬੰਧਤ ਹਨ। ਅਜਿਹਾ ਹੋਣ ਕਰਕੇ ਵੀ ਕਹਾਣੀਆਂ ਕਿਸਾਨੀ ਨਾਲ ਸੰਬੰਧਤ ਲਿਖੀਆਂ ਗਈਆਂ ਹੋਣ। ਇਹ ਗੱਲ ਸੁਭਾਵਿਕ ਵੀ ਹੈ।

ਰਹੀ ਗੱਲ ਕਿਸਾਨੀ ਬਾਰੇ ਕਹਾਣੀ ਲਿਖਣ ਨੂੰ ਮਾਨਤਾ ਮਿਲਣ ਦੀ, ਮੈਂ ਇਸ ਨਾਲ ਉਕਾ ਹੀ ਸਹਿਮਤ ਨਹੀਂ ਹਾਂ। ਮਾਨਤਾ ਹਮੇਸ਼ਾ ਚੰਗੇ ਤੇ ਮਿਆਰੀ ਸਾਹਿਤ ਨੂੰ ਮਿਲੀ ਹੈ। ਇਹ ਸਾਹਿਤ ਜ਼ਰੂਰੀ ਨਹੀਂ ਕਿ ਕਿਸਾਨੀ ਬਾਰੇ ਹੀ ਰਚਿਆ ਗਿਆ ਹੋਵੇ। ਮਿਆਰੀ ਸਾਹਿਤ ਤਾਂ ਹਰ ਵਰਗ ਬਾਰੇ ਲਿਖਿਆ ਮਿਲਦਾ ਹੈ।

ਮੈਨੂੰ ਪੰਜਾਬੀ ਆਲੋਚਕਾਂ ਨੇ ਨਜ਼ਰ ਅੰਦਾਜ਼ ਨਹੀਂ ਕੀਤਾ। ਮੈਂ ਜਿੰਨਾ ਕੁ ਲਿਖਿਆ ਹੈ, ਮੇਰੇ ਬਾਰੇ ਉਸ ਤੋਂ ਵੱਧ ਲਿਖਿਆ ਗਿਆ ਹੈ। ਇਸ ਗੱਲ ਲਈ ਮੈਂ ਸਾਰਿਆਂ ਦਾ ਰਿਣੀ ਹਾਂ।

ਰਹੀ ਗੱਲ ਪੁਸਤਕ ਪ੍ਰਕਾਸ਼ਨ ਦੀ ਇਹਦਾ ਲਾਭ ਹੀ ਲਾਭ ਹੈ। ਨੁਕਸਾਨ ਕੋਈ ਨਹੀਂ ਹੋਇਆ। ਜੇ ਕਿਸੇ ਪ੍ਰਕਾਸ਼ਕ ਨੇ ਮੇਰਾ ਨੁਕਸਾਨ ਕੀਤਾ ਹੈ ਜਾਂ ਵਾਇਦਾ ਖ਼ਿਲਾਫ਼ੀ ਕੀਤੀ ਹੈ ਤਾਂ ਮੇਰਾ ਇਸ ਵਿਚ ਕੁਝ ਨਹੀਂ ਗਿਆ। ਪ੍ਰਕਾਸ਼ਕ ਭਾਈ ਨੇ ਆਪਣਾ ਵਿਸ਼ਵਾਸ਼ ਤਾਂ ਗੁਆਇਆ ਹੀ ਹੈ। ਨਾਲ ਹੀ ਆਪਣਾ ਕਿੰਨਾ ਨੁਕਸਾਨ ਕਰ ਲਿਆ ਹੈ, ਇਸ ਬਾਰੇ ਸ਼ਾਇਦ ਉਸਨੂੰ ਖ਼ਬਰ ਨਾ ਹੋਵੇ।

ਪੰਜਾਬੀ ਕਹਾਣੀ ਦੂਜੀਆਂ ਭਾਸ਼ਾਵਾਂ ਦੇ ਮੁਕਾਬਲੇ ਵਿਚ ਖੜੀ ਹੈ। ਨਾਲ ਇਹ ਵੀ ਗੱਲ ਹੈ ਕਿ ਉਹ ਕਿਸੇ ਦੀ ਨੋਂਹ ਧੀ ਨਾਲੋਂ ਘੱਟ ਨਹੀਂ ਹੈ।

## ਬਲਦੇਵ ਸਿੰਘ

ਹਰ ਕਹਾਣੀਕਾਰ ਦਾ ਲਿਖਣ ਵੇਲੇ ਇਕ ਮਕਸਦ ਹੁੰਦਾ ਹੈ। ਮੈਂ ਹੁਣ ਤੱਕ ਲਗਭਗ 100 ਕਹਾਣੀਆਂ ਲਿਖ ਚੁੱਕਾ ਹਾਂ। ਤੁਸੀਂ ਸਮਝ ਗਏ ਹੋਵੋਗੇ... ਇਹ ਉੱਤਰ ਬਹੁਤਾ ਲੰਮਾ ਹੋ ਸਕਦਾ ਹੈ।

ਹਰ ਸਮੇਂ ਜਾਂ ਕਾਲ ਦਾ ਲੇਖਕ ਸੋਚਦਾ ਹੈ, ਮੈਂ ਬਿਲਕੁਲ ਨਵੀਂ ਗੱਲ ਕੀਤੀ ਹੈ, ਪਰ ਉਹ ਨਹੀਂ ਜਾਣਦਾ ਜਾਂ ਜਾਨਣਾ ਨਹੀਂ ਚਾਹੁੰਦਾ ਕਿ ਉਸ ਨੇ ਪੂਰਵ ਰਚਨਾਵਾਂ ਤੋਂ ਹੀ ਪ੍ਰੇਰਣਾ ਲਈ ਹੁੰਦੀ ਹੈ।

ਹਰ ਕਾਲ ਵਿਚ ਹੀ ਲੇਖਕ ਨਵੀਂ ਗੱਲ ਕਰਨ ਦੇ ਭਰਮ ਜਾਲ ਵਿਚ ਰਹਿੰਦਾ ਹੈ।

ਕਿਉਂਕਿ ਪ੍ਰੇਮ ਪ੍ਰਕਾਸ਼ ਵੀ ਹੁਣ ਬੁਢੇ ਵਾਰੇ ਚਸਕੇ ਲੈ ਕੇ ਲਿਖਣ ਲਗ ਪਿਆ ਹੈ।

ਇਹ ਸਵਾਲ ਕਈ ਪੰਗੇ ਖੜ੍ਹੇ ਕਰ ਸਕਦਾ ਹੈ। ਇਸ ਲਈ ਮੈਂ ਕੁਝ ਨਹੀਂ ਲਿਖਾਂਗਾ।

ਦੇਸ਼ ਜਾਂ ਪੰਜਾਬ ਦਾ ਇਕ ਵੱਡਾ ਵਰਗ ਕਿਸਾਨੀ ਨਾਲ ਜੁੜਿਆ ਹੋਇਆ ਹੈ। ਇਸ ਲਈ ਲੇਖਕ ਅਤੇ ਪਾਠਕ ਵੀ ਬਹੁਤੇ ਕਿਸਾਨੀ ਵਿਚੋਂ ਹਨ। ਵਪਾਰੀ ਜਾਂ ਅਫਸਰੀ ਵਰਗ ਵਿਚੋਂ ਬਹੁਤ ਥੋੜ੍ਹੇ ਲੇਖਕ ਹਨ ਇਵੇਂ ਹੀ ਪਾਠਕ ਹਨ।

ਮੈਨੂੰ ਆਲੋਚਕਾ ਨੇ ਨਜ਼ਰ ਅੰਦਾਜ਼ ਨਹੀਂ ਕੀਤਾ।

ਜਿੰਨੀ ਕੁ ਮਿਲਣੀ ਚਾਹੀਦੀ ਹੈ, ਭਾਵੇਂ ਨਹੀਂ ਮਿਲੀ ਪਰ ਜੋ ਮਿਲੀ ਜਾ ਰਹੀ ਹੈ। ਇਸ ਉਪਰ ਸਬਰ ਕਰ ਲੈਣਾ ਚਾਹੀਦਾ ਹੈ।

## ਜਸਵੀਰ ਸਿੰਘ ਰਾਣਾ

ਹਰ ਨਵੀਂ ਚੀਜ਼ ਕੋਈ ਨਾ ਕੋਈ ਨਵੀਂ ਗੱਲ ਲਾਜ਼ਮੀ ਤੌਰ 'ਤੇ ਲੈ ਕੇ ਆਉਂਦੀ ਹੈ, ਜਿਸ ਕਾਰਨ ਉਸਨੂੰ 'ਨਵੀਂ' ਦਾ ਲਕਬ ਪ੍ਰਦਾਨ ਕੀਤਾ ਜਾਂਦਾ ਹੈ। ਇਸ ਪ੍ਰਸੰਗ ਵਿਚ ਜਦੋਂ ਅਸੀਂ ਅੱਜ ਦੀ ਪੰਜਾਬੀ ਕਹਾਣੀ ਨੂੰ ਵੇਖਦੇ ਹਾਂ ਤਾਂ ਉਹ ਵੀ ਆਪਣੀ ਪੂਰਵਲੀ ਕਹਾਣੀ ਨਾਲੋਂ ਕਈ ਪੱਧਰਾਂ ਉੱਪਰ ਫਰਕ ਪਾ ਕੇ ਚਲਦੀ ਨਜ਼ਰ ਆਉਂਦੀ ਹੈ। ਐਸਾ ਨਹੀਂ ਕਿ ਪਹਿਲੀ ਕਹਾਣੀ ਵਿਚ ਕੁੱਝ ਨਵਾਂ ਨਹੀਂ। ਵਕਤ ਦਾ ਕੋਈ ਮੋੜ ਹੋਵੇਗਾ ਜਦੋਂ ਅੱਜ ਦੀ ਕਹਾਣੀ ਵੀ 'ਪਹਿਲੀ ਕਹਾਣੀ' ਬਣ ਜਾਣੀ ਹੈ। ਇਹ ਵਕਤ ਦੀ ਸਾਈਂਸ ਹੈ। ਇਸੇ ਸੰਦਰਭ ਵਿਚ ਜਦੋਂ ਅਜੋਕੀ ਪੰਜਾਬੀ ਕਹਾਣੀ ਦਾ ਪਾਠ ਕਰਦੇ ਹਾਂ ਤਾਂ ਨਵੇਂ ਕਹਾਣੀਕਾਰਾਂ ਦੀਆਂ ਕਈ ਗੱਲਾਂ ਨਵੀਆਂ ਲੱਭਦੀਆਂ ਹਨ। ਮਸਲਨ ਜ਼ਮਾਨੇ ਦੀ ਨਵੀਂ ਤਨਜ਼ ਵਿਚ ਜਿਊਂ ਰਿਹਾ ਬੰਦਾ ਸਮੁੰਦਰ ਦੇ ਬਾਹਰ 'ਤੇ ਤਿੰਨ ਹਿੱਸੇ ਅੰਦਰ ਨਜ਼ਰ ਆਉਂਦਾ, ਇਸੇ ਤਰ੍ਹਾਂ ਅੱਜ

ਦਾ ਬੰਦਾ ਇਕ ਹਿੱਸਾ ਬਾਹਰ ਤੇ ਤਿੰਨ ਹਿੱਸੇ ਅੰਦਰ ਜਿਊਂਦਾ ਹੈ। ਇਸ ਮਨੋ ਦਸ਼ਾ ਵਾਲੇ ਮਨੁੱਖ ਦੀ ਜ਼ਿੰਦਗੀ ਦੇ ਜਮਾਮ ਸਰੋਕਾਰਾਂ, ਸੰਕਟਾਂ ਤੇ ਪਰਤਾਂ ਨੂੰ ਫੜਨ ਲਈ ਨਵੇਂ ਕਹਾਣੀਕਾਰ ਜਿਸ ਤੇਜ਼ ਧਾਰ ਭਾਸ਼ਾ, ਅਣਗੌਲੇ ਤੇ ਵੱਖਰੀ ਭਾਂਤ ਦੇ ਪਾਤਰਾਂ ਲੀਹ ਪਾੜਵੇਂ ਵਿਸ਼ਿਆਂ ਤੇ ਜਟਿੱਲ ਕਿਸਮ ਤੇ ਕਥਾ-ਬਿਰਤਾਂਤ ਸਿਰਜਣ ਲਈ ਹਟਵੀਆਂ ਕਥਾਂ-ਜੁਗਤਾਂ ਵਰਤ ਰਹੇ ਹਨ,ਉਹ ਲਾਜ਼ਮੀ ਤੌਰ 'ਤੇ ਪਹਿਲੀ ਕਹਾਣੀ ਨਾਲੋਂ ਇਕ ਵਿੱਥ 'ਤੇ ਹਨ। ਇਹ ਗੱਲ ਵੱਖਰੀ ਹੈ ਕਿ ਸਮਕਾਲੀ ਪੰਜਾਬੀ ਕਹਾਣੀ ਦਾ ਰੂਪ ਨਿਖਾਰਨ ਦੇ ਪਿੱਛੇ ਪਹਿਲੀ ਕਹਾਣੀ ਇਕ ਅਮੀਰ ਪਰੰਪਰਾ ਬਣ ਕੇ ਖੜ੍ਹੀ ਹੈ।

ਬਿਨ੍ਹਾਂ ਸ਼ੱਕ ਨਵੇਂ ਕਹਾਣੀਕਾਰ ਕਹਾਣੀ ਵਿਚ ਨਵੇਂ ਨਵੇਂ ਵਿਸ਼ੇ ਤੇ ਕਥਾ-ਜੁਗਤਾਂ ਲਿਆ ਰਹੇ ਹਨ। ਅੱਜ ਜਦੋਂ 'ਸਥਾਪਤੀ' ਨਵੀਆਂ ਨਵੀਆਂ ਜੁਗਤਾਂ ਵਰਤ ਕੇ ਬੰਦੇ ਨੂੰ ਬੰਦਾ ਨਹੀਂ ਰਹਿਣ ਦੇਣਾ ਚਾਹੁੰਦੀ। ਉਹ ਬੰਦੇ ਦੀ ਜ਼ਿੰਦਗੀ, ਰਿਸ਼ਤੇ-ਨਾਤੇ, ਭਾਸ਼ਾ , ਸੱਭਿਆਚਾਰ, ਧਰਮ, ਆਰਥਿਕਤਾ, ਸਿੱਖਿਆ ਕਲਾ ਅਤੇ ਸਹਿਜ ਸ਼ਾਂਤ ਜ਼ਿੰਦਗੀ ਜਿਊਣ ਦਾ ਢੰਗ ਜੜੋਂ ਹੀ ਉਖਾੜ ਦੇਣਾ ਚਾਹੁੰਦੀ ਹੈ। 'ਵਿਸ਼ਵ ਸਥਾਪਤੀ' ਦੀ ਇਹ ਚਾਹਤ ਇਕ 'ਗਲੋਬਲ ਪਿੰਡ' ਬਨਾਉਣ ਲਈ ਹਰ 'ਪਿੰਡ' ਮਿਟਾਉਣ ਵਿਚ ਲੱਗੀ ਹੋਈ ਹੈ। ਇਸ ਨਾਲ ਨਵਾਂ ਉੱਸਰਿਆ ਬਜ਼ਾਰ ਉੱਪਰੋਂ ਥੱਲੇ ਨੂੰ ਚੱਲਦਾ ਹੋਇਆ ਪਿੰਡ ਤੇ ਫਿਰ ਘਰ ਵਿਚੋਂ ਦੀ ਲੰਘ ਕੇ ਅਗਾਂਹ ਬੰਦੇ ਦੇ ਧੁਰ ਅੰਦਰ ਵੜ ਗਿਆ ਹੈ। ਜਿਸ ਕਾਰਨ ਮਨੁੱਖੀ ਜ਼ਿੰਦਗੀ ਦੇ ਹਰ ਅੰਗ ਵਿਚ ਭਾਰੀ ਟੁੱਟ ਭੱਜ ਹੋਈ ਹੈ। ਟੁੱਟ ਭੱਜ ਦਾ ਸ਼ਿਕਾਰ ਹੋਇਆ ਆਦਮੀ ਖੰਡਿਤ ਮਾਨਸਿਕਤਾ ਭੋਗਦਾ ਹੋਇਆ ਮੰਡੀ ਦੀ ਵਸਤੂ ਬਣ ਕੇ ਰਹਿ ਗਿਆ ਹੈ। ਉਸ ਦੀ ਜ਼ਿੰਦਗੀ ਦਾ ਹਰ ਚੈਨਲ ਕਿਸੇ ਹੋਰ ਦੇ ਹੱਥ ਫੜੇ ਰਿਮੋਟ ਵਿਚ ਕੈਦ ਹੋ ਕੇ ਰਹਿ ਗਿਆ ਹੈ। ਇਸ ਕਿਸਮ ਦੀ ਜਟਿਲ ਹੋਣੀ ਨਾਲ ਮੱਥਾ ਡਾਹੀਂ ਖੜ੍ਹੇ ਮਨੁੱਖ ਨੂੰ ਵੱਖ ਵੱਖ ਐਂਗਲਾਂ ਤੋਂ ਭਾਵੇਂ ਕਿ ਨਵੇਂ ਕਹਾਣੀਕਾਰ ਬੜੀ ਕਲਾਤਮਿਕ ਸੋਝੀ ਨਾਲ ਪਕੜ ਰਹੇ ਨੇ, ਪਰ ਜਦੋਂ ਮੈਂ ਪ੍ਰਾਇਮਰੀ ਸਕੂਲ ਵਿਚ ਪੰਜਵੀਂ ਜਮਾਤ ਨੂੰ ਪੰਜਾਬੀ ਦੀ ਕਿਤਾਬ ਵਿਚ ਲੱਗੀ ਜੋਗਾ ਸਿੰਘ ਦੀ ਛੋਟੀ ਜਿਹੀ ਕਹਾਣੀ 'ਛਾਂ ਦਾ ਮੁੱਲ' ਪੜ੍ਹਾਉਂਦਾ ਹਾਂ ਤਾਂ ਮਨ ਵਿਚ ਕਈ ਪ੍ਰਸ਼ਨ ਵੀ ਉੱਠਦੇ ਨੇ। ਕਈ ਦਹਾਕੇ ਪਹਿਲਾਂ ਲਿਖੀ ਇਸ ਕਹਾਣੀ ਵਿਚ ਸੇਠ ਜੈ ਰਾਮ ਕੁਦਰਤ ਦੀ ਅਨਮੋਲ ਸ਼ੈਅ 'ਛਾਂ' ਨੂੰ ਵੀਹ ਰੁਪਏ ਵਿਚ ਵੇਚ ਦਿੰਦਾ ਹੈ। ਸਾਰੀ ਦਿਹਾੜੀ ਖੋਤੇ 'ਤੇ ਭਾਰ ਢੋਣ ਦਾ ਕੰਮ ਕਰਨ ਵਾਲਾ ਕਿਰਤੀ ਬੰਦਾ ਨਰਾਤਾ ਰਾਮ ਛਾਂ ਨੂੰ ਖਰੀਦਦਾ ਹੈ। ਇਸ ਕਹਾਣੀ ਵਿਚ ਸੇਠ ਜੈ ਰਾਮ ਜਦੋਂ ਸਭ ਹੱਦਾਂ ਟੱਪ ਕੁਦਰਤੀ ਸ਼ੈਅ ਛਾਂ ਨੂੰ ਵੀ ਵੇਚਣ ਤੱਕ ਚਲਾ ਜਾਂਦਾ, ਤਾਂ ਉਹ ਇਕੋ ਸਮੇਂ ਦੁੱਖ ਸੁੱਖ ਇਕ ਦੂਜੇ ਦੇ ਕੰਮ ਆਉਣ ਵਾਲੀ ਪੇਂਡੂ ਸਾਂਝ ਉੱਪਰ ਕਾਟੀ ਮਾਰ ਦਿੰਦਾ, ਪੰਜਾਬੀਆਂ ਦਾ ਹੱਥੀਂ ਛਾਵਾਂ ਕਰਨ ਵਾਲਾ ਬਿੰਬ ਤੋੜ ਦਿੰਦਾ, ਦੁੱਧ-ਪੁੱਤ ਨੂੰ ਵੇਚਣਾ ਮਾੜਾ ਸਮਝਣ ਵਾਲੇ ਲੋਕਾਂ ਅੱਗੇ ਛਾਂ ਵੇਚਣ ਵਾਲਾ ਨਵਾਂ ਮੁਹਾਵਰਾ ਰੱਖ ਦਿੰਦਾ, ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਹੋਣ ਦੇ ਸੰਕਲਪ ਉੱਪਰ ਚੱਲਦਾ ਤੇ ਪੰਜਾਬੀ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਭੰਗ ਕਰਕੇ ਕਈ ਫਰੰਟਾਂ ਉੱਪਰ ਮਾਨਵੀ ਜੀਵਨ ਦੀਆਂ ਜੜ੍ਹਾਂ ਹਿਲਾਉਂਦਾ ਚਲਿਆ ਜਾਂਦਾ ਹੈ। ਜਦੋਂ ਮੈਂ ਇਸ ਕਹਾਣੀ ਨੂੰ ਅੱਗੇ ਰੱਖ ਕੇ ਨਵੀਂ ਪੰਜਾਬੀ ਕਹਾਣੀ ਨੂੰ ਵੇਖਦਾ ਹਾਂ ਤਾਂ ਮਨ ਵਿਚ ਪ੍ਰਸ਼ਨ ਉੱਠਦਾ ਹੈ ਅਸੀਂ 'ਛਾਂ ਦਾ ਮੁੱਲ' ਵਰਗੀਆਂ ਕਹਾਣੀਆਂ ਤੋਂ ਕਿੰਨਾ ਕੁ ਅੱਗੇ ਤੁਰੇ ਹਾਂ ਤੇ ਸਾਨੂੰ ਕਿੰਨਾ ਕੁ ਅੱਗੇ ਤੁਰਨ ਦੀ ਲੋੜ ਹੈ?

80 ਵਿਆਂ ਤੋਂ ਬਾਅਦ ਵੀ ਲਹਿਰਾਂ, ਦ੍ਰਿਸ਼ਟੀਆਂ ਤੇ ਦ੍ਰਿਸ਼ਟੀਕੋਣਾ ਨੂੰ ਮੁੱਖ ਰੱਖ ਕੇ ਬੜੀ ਨਿੱਗਰ ਕਹਾਣੀ ਲਿਖੀ ਗਈ ਹੈ। ਸਿਰਫ ਪਹਿਲਾਂ ਹੀ ਲਿਖੀ ਗਈ ਹੈ ਐਸਾ ਕਹਿਣਾ ਪੂਰੀ ਤਰ੍ਹਾਂ ਠੀਕ ਨਹੀਂ। ਕਈ ਵਾਰ ਮੈਨੂੰ ਲੱਗਦਾ ਹੈ ਮੈਂ ਕਹਾਣੀ ਨਹੀਂ ਲਿਖਦਾ ਕਹਾਣੀ ਮੈਨੂੰ ਲਿਖਦੀ ਹੈ। ਪਰ ਲਿਖਦੀ ਉਸ ਵਕਤ ਹੈ ਜਦੋਂ ਮੈਂ, ਮੈਂ ਨਹੀਂ ਰਹਿੰਦਾ। ਮੇਰਾ ਆਪਾ ਜਦੋਂ ਆਲੇ-ਦੁਆਲੇ ਵਸਦੇ ਲੋਕਾਂ ਦੀ ਜ਼ਿੰਦਗੀ ਵਿਚਲੀਆਂ ਵਿਸੰਗਤੀਆਂ ਅਤੇ ਤਮਾਮ ਸੰਕਟਾਂ ਨਾਲ ਇਕ ਮਿਕ ਹੋ ਜਾਂਦਾ ਹੈ। ਤੇ ਜਦੋਂ ਤੱਕ ਟੱਕ ਕਿਸੇ ਦੇ ਵੱਜਦਾ ਹੈ ਪਰ ਖੂਨ ਮੇਰੀਆਂ ਰਗਾਂ ਵਿਚੋਂ ਟਪਕਦਾ ਹੈ। ਐਸੀ ਸਥਿਤੀ ਵਿਚ ਆਪਣੇ ਅੰਦਰ ਪੈਦਾ ਹੋਈ ਸੰਵੇਦਨਾ ਦੇ ਸਮੁੰਦਰ ਦਾ ਕਥਾਰਸਿਸ ਕਰਨ ਲਈ ਮੈਂ ਕਹਾਣੀ ਲਿਖਦਾ ਹਾਂ, ਪਰ ਇਸ ਪ੍ਰਕਿਰਿਆ ਦੌਰਾਨ ਕਹਾਣੀ ਮੈਨੂੰ ਵੀ ਲਿਖ ਜਾਂਦੀ ਹੈ। ਸੋ ਇਸ ਲਿਖਤਕਾਰੀ ਵਿਚ ਕਹਾਣੀ ਲਿਖਣ ਪਿੱਛੇ ਮੇਰਾ ਮੂਲ ਮਕਸਦ ਮਾਨਵੀ-ਜੀਵਨ ਦੇ ਕੁੱਲ ਸੰਕਟਾਂ ਨੂੰ ਕਲਾਤਮਿਕ ਢੰਗ ਰਾਹੀਂ ਪ੍ਰਸਤੁੱਤ ਕਰਨਾ ਹੁੰਦਾ ਹੈ।

ਮੈਂ ਆਪਣੇ ਆਪ ਨੂੰ ਪੰਜਾਬੀ ਕਹਾਣੀ ਦਾ ਵਿਦਿਆਰਥੀ ਮੰਨ ਕੇ ਤੁਰਦਾ ਹਾਂ। ਇਸ ਹਾਲਤ ਵਿਚ ਇਹ ਦੱਸਣਾ ਕਿ ਮੈਂ ਪੰਜਾਬੀ ਕਹਾਣੀ ਵਿਚ ਫਲਾਣੀ ਨਵੀਂ ਗੱਲ ਲੈ ਕੇ ਆਇਆਂ, ਬੜੀ ਓਪਰੀ ਜਿਹੀ ਗੱਲ ਲੱਗਦੀ ਹੈ। ਇਹ ਗੱਲ ਉਸ ਵਕਤ ਚੰਗੀ ਲੱਗਦੀ ਹੈ ਜਦੋਂ ਸਾਡੇ ਬਾਰੇ ਕੋਈ ਹੋਰ



ਦੱਸੇ।

ਔਰਤ-ਮਰਦ ਦੇ ਸਬੰਧਾਂ ਦਾ ਮਸਲਾ ਇਕ ਆਦਿ-ਕਾਲੀ ਮਸਲਾ ਹੈ। ਐਸਾ ਨਹੀਂ ਕਿ ਇਸ ਮਸਲੇ ਨੂੰ ਕੇਂਦਰ ਵਿਚ ਰੱਖ ਕੇ ਲਿਖਿਆ ਜਾਣ ਵਾਲਾ ਸਾਹਿਤ ਆਧੁਨਿਕ-ਕਾਲ ਵਿਚ ਹੀ ਪੈਦਾ ਹੋਇਆ ਹੈ। ਪੁਰਾਤਨ-ਕਾਲ ਤੋਂ ਹੀ ਔਰਤ ਮਰਦ ਦੇ ਸੰਬੰਧਾਂ ਨੂੰ ਵੱਖ ਵੱਖ ਐਂਗਲਾਂ ਤੋਂ ਕਲਾ ਦੇ ਵੱਖ ਵੱਖ ਰੂਪਾਂ ਰਾਹੀਂ ਪੇਸ਼ ਕੀਤਾ ਜਾਂਦਾ ਰਿਹਾ ਹੈ। ਐਪਰ ਅੱਜ ਜਿਸ ਦੌਰ ਵਿਚੋਂ ਦੀ ਅਸੀਂ ਗੁਜ਼ਰ ਰਹੇ ਹਾਂ ਇਸ ਦੌਰ ਵਿਚ ਔਰਤ-ਮਰਦ ਦੇ ਸੰਬੰਧਾਂ ਦੀਆਂ ਬੜੀਆਂ ਹੈਰਾਨਕੁਨ ਵਿਸਫੋਟਕ ਪਰਤਾਂ ਉੱਘੜ ਕੇ ਸਾਹਮਣੇ ਆ ਰਹੀਆਂ ਨੇ। ਸਾਡੀ ਨਜ਼ਰ ਇਸ ਰਿਸ਼ਤੇ ਦੀਆਂ ਅੰਤਰੀਵ-ਬਰੀਕੀਆਂ ਨੂੰ ਪਕੜਨ ਲੱਗ ਪਈ ਹੈ। ਇਸ ਸਥਿਤੀ ਵਿਚ ਔਰਤ-ਮਰਦ ਦੇ ਰਿਸ਼ਤੇ ਦੀ ਜਟਿੱਲਤਾ ਦੀਆਂ ਡੂੰਘਾਣਾ ਦੀ ਥਾਹ ਪਾਉਣ-ਪਵਾਉਣ ਦੇ ਨੁਕਤਾ ਨਿਗਾਹ ਤੋਂ ਲਿਖੀ ਜਾਂਦੀ ਕਹਾਣੀ ਤਾਂ ਸਮੇਂ ਦੀ ਲੋੜ ਹੈ, ਪਰ ਇਸ ਮਸਲੇ ਨੂੰ ਲੈ ਕੇ ਮਸ਼ਹੂਰੀ ਖੱਟਣ ਲਈ ਲਿਖੀ ਜਾਣ ਵਾਲੀ ਕਹਾਣੀ ਫੈਸ਼ਨ ਹੈ।

ਲੋਕਾਂ ਦੀ ਬਹੁਤੀ ਵਸੋਂ ਪਿੰਡਾਂ ਵਿਚ ਰਹਿੰਦੀ ਹੈ। ਪਿੰਡ ਲੋਕ-ਸਾਇਕੀ ਦੇ ਕੇਂਦਰ ਵਿਚ ਹੈ। ਪਿੰਡ ਉਹ ਧਰਾਤਲ ਹੈ ਜਿਸ ਨਾਲ ਬੰਦੇ ਦਾ ਖੂਨ ਦਾ ਰਿਸ਼ਤਾ। ਜਿੱਥੇ ਬੰਦੇ ਦਾ ਨਾੜੂਆ ਤੇ ਜ਼ੇਰ ਪਈ ਹੈ, ਪਿੰਡ ਉਹ ਇਕਾਈ ਹੈ। ਭਾਵੇਂ ਅੱਜ ਵਿਸ਼ਵੀਕਰਨ ਅਤੇ ਗਲੋਬਲ ਪਿੰਡ ਦੇ ਸੰਕਲਪ ਨੂੰ ਅੰਜ਼ਾਮ ਦੇਣ ਲਈ ਸ਼ਹਿਰ ਪਿੰਡ ਨੂੰ ਖਾਣ ਵੱਲ ਰੁਚਿਤ ਹੈ। ਐਪਰ ਨਵੀਂ ਜੀਵਨ-ਜਾਂਚ ਤੇ ਲੋੜ ਅਨੁਸਾਰ ਸ਼ਹਿਰੀ ਹੋਇਆ ਬੰਦਾ ਦਿਮਾਗੀ ਤੌਰ ਤੇ ਪਿੰਡ ਵਿਚ ਹੀ ਵਸਦਾ ਹੈ। ਉਹ ਪਿੰਡ ਨੂੰ ਜਾਣਦਾ ਹੁੰਦਾ। ਸ਼ਹਿਰ ਵਿਚ ਰਹਿ ਕੇ ਵੀ ਸ਼ਹਿਰ ਉਸਦੀ ਪਕੜ ਵਿਚ ਨਹੀਂ ਆਉਂਦਾ। ਜਦੋਂ ਅਸੀਂ ਇਸ ਕਿਸਮ ਦੀ ਸਥਿਤੀ ਨੂੰ ਧਿਆਨ ਵਿਚ ਰੱਖਕੇ ਲੇਖਕ, ਆਲੋਚਕ ਤੇ ਪਾਠਕ ਨੂੰ ਵੇਖਦੇ ਹਾਂ ਤਾਂ ਪਿੰਡ ਦੀ ਕਹਾਣੀ ਦੇ ਚਰਚਾ ਵਿਚ ਰਹਿਣ ਦੇ ਕੁਝ ਸੂਤਰ ਸਮਝ ਆਉਣ ਲੱਗਦੇ ਨੇ।

ਹੋਰਨਾ ਭਾਸ਼ਾਵਾਂ ਵਾਂਗ ਪੰਜਾਬੀ ਕਹਾਣੀ ਵੀ ਬਦਲਦੇ ਸਮੇਂ ਵਿਚ ਤੇਜ਼ੀ ਨਾਲ ਬਦਲ ਰਹੇ ਮਨੁੱਖੀ ਜੀਵਨ ਦੀ ਪੈੜ ਨੱਪਦੀ ਹੋਈ ਪੱਕੇ ਪੈਰੀਂ ਤੁਰ ਰਹੀ ਹੈ। ਮੈਨੂੰ ਨਹੀਂ ਲੱਗਦਾ ਕਿ ਪੰਜਾਬੀ ਕਹਾਣੀ ਖੜੋਤ ਦੀ ਅਵਸਥਾ ਵਿਚ ਹੈ। ਹਾਂ ਇਹ ਗੱਲ ਹੋ ਸਕਦੀ ਹੈ ਕਿ ਸਾਡੀ ਕਹਾਣੀ ਦੇ ਪੈਰਾਂ ਵਿਚ ਕਿੰਨੀ ਕੁ ਪਕਿਆਈ ਹੈ ਤੇ ਕਿੰਨੀ ਕੁ ਦੀ ਅਜੇ ਹੋਰ ਲੋੜ ਹੈ? ਇਸ ਦੇ ਤੁਰਨ ਦੀ ਸਪੀਡ ਕੀ ਹੈ ਤੇ ਕੀ ਹੋਣੀ ਚਾਹੀਦੀ ਹੈ।

ਕਿਸਾਨ ਨੂੰ ਦੇਸ਼ ਦਾ ਅੰਨ-ਦਾਤਾ ਹੋਣ ਦਾ ਮਾਣ ਪ੍ਰਾਪਤ ਰਿਹਾ ਹੈ। ਇਹ ਗੱਲ ਵੱਖਰੀ ਹੈ ਕਿ ਵਕਤ ਦੇ ਬਦਲਦੇ ਫੇਰ ਨਾਲ 'ਅੰਨ-ਦਾਤਾ ਹੋਣ ਦਾ ਮਾਣ' ਖੁਦਕੁਸ਼ੀਆਂ ਜਿਹੇ ਅਪਮਾਨ ਵਿਚ ਪਰਵਰਤਿਤ ਹੋ ਗਿਆ ਹੈ। ਕਿਸਾਨੀ ਦੀ ਦਸ਼ਾ ਤੇ ਦਿਸ਼ਾ ਬਦਲ ਗਈ ਹੈ। ਐਪਰ ਮੁੱਢ ਤੋਂ ਹੀ ਪੰਜਾਬ ਵਿਚ ਖੇਤੀ ਦਾ ਕਿੱਤਾ ਵੱਧ ਮਾਤਰਾਂ ਵਿਚ ਹੁੰਦਾ ਰਿਹਾ ਹੈ। ਹੋਰਨਾਂ ਜਾਤੀਆਂ ਤੇ ਕਿੱਤਿਆਂ ਦੀ ਉਪਜੀਵਕਾ ਦਾ ਵੀ ਸਿੱਧਾ-ਅਸਿੱਧਾ ਸਬੰਧ ਕਿਸਾਨੀ-ਕਿੱਤੇ ਨਾਲ ਰਿਹਾ ਹੈ। ਕਹਿੰਦੇ ਹੁੰਦੇ ਸੀ ਕਿ ਜੱਟ ਸੁਖੀ ਤਾਂ ਸਾਰਾ ਪਿੰਡ ਸੁਖੀ। ਬਿਨਾਂ ਕਿਸੇ ਜਾਤੀ, ਫਿਰਕੇ ਜਾਂ ਧਾਰਮਿਕ ਵਿਰੋਧ ਦੇ ਲੋਕਾਂ ਵਿਚ ਨਿੱਗਰ ਸਾਂਝ ਦਾ ਸਮਾਂ ਵੀ ਪੰਜਾਬੀਆਂ ਨੇ ਵੇਖਿਆ ਹੈ। ਵੱਖ ਵੱਖ ਲਹਿਰਾਂ ਤੇ ਲੜਾਈਆਂ ਵਿਚ ਵੀ ਹੋਰਨਾਂ ਵਾਂਗ ਕਿਸਾਨੀ ਦੀ ਭਰਵੀਂ ਹਾਜ਼ਰੀ ਰਹੀ ਹੈ। ਧਰਤੀ ਦੀ ਹਿੱਕ ਤੇ ਹਲ ਚਲਾਉਣ ਵਾਲੀ ਕਿਸਾਨੀ ਲੋਕਾਂ ਦੀ ਚੇਤਨਾ ਵਿਚ ਕਿਤੇ ਡੂੰਘੀ ਧੱਸੀ ਹੋਈ ਹੈ। ਸ਼ਾਇਦ ਇਸ ਧੁੱਸ ਵਿਚੋਂ ਹੀ ਪੰਜਾਬੀ ਲੇਖਕਾਂ ਦੀ ਉਹ ਮਾਨਸਿਕਤਾ ਰੂਪ ਅਖਤਿਆਰ ਕਰਦੀ ਹੈ, ਜਿਸ ਦੇ ਤਹਿਤ ਕਹਾਣੀਕਾਰ ਕਿਸਾਨੀ ਜੀਵਨ ਦੇ ਤਮਾਮ ਸੰਕਟਾਂ, ਪਰਤਾਂ, ਪ੍ਰਸਥਿਤੀਆਂ ਤੇ ਪ੍ਰਸੰਗਾ ਨੂੰ ਗਹਿ-ਗੱਚ ਔਰ ਨਿੱਗਰ ਰੂਪ ਵਿਚ ਸਮਝਣ ਤੇ ਚਿਤਰਨ ਵਿਚ ਸਫਲ ਹੋਏ ਹਨ। ਦੂਜਾ ਮੈਨੂੰ ਇਹ ਲੱਗਦਾ ਕਿ ਕਿਸਾਨੀ ਨੂੰ ਕੇਂਦਰ ਵਿਚ ਰੱਖ ਕੇ ਲਿਖੀ ਗਈ ਕਹਾਣੀ ਦੇ ਗਰਭ ਵਿਚੋਂ ਪੰਜਾਬੀ ਲੋਕ-ਜੀਵਨ ਸੱਭਿਆਚਾਰ ਤੇ ਪੰਜਾਬ ਦੀ ਸਮੁੱਚਤਾ ਕਿਸਾਨੀ ਮਸਲੇ ਦੇ ਪੈਰਲਲ ਹੀ ਉਭਰਦੀ ਹੈ। ਬਾਕੀ ਇਹ ਸਵਾਲ ਬੜਾ ਵੱਡਾ ਹੈ। ਮੇਰੇ ਵਰਗੇ ਵਿਦਿਆਰਥੀ ਦੀ ਪਕੜ ਵਿਚ ਆਉਂਦਾ ਨਹੀਂ ਦਿਸਦਾ। ਅਨੇਕਾਂ ਕਾਰਨ ਹੋ ਸਕਦੇ ਨੇ ਜਿਨ੍ਹਾਂ ਕਾਰਨ ਕਿਸਾਨੀ ਦੀ ਕਹਾਣੀ ਮੁੱਖ ਧਾਰਾ ਵਿਚ ਰਹਿ ਕੇ ਚਰਚਾ ਵਿਚ ਮੋਹਰੀ ਰਹੀ ਹੈ।

ਮੈਨੂੰ ਲੱਗਦਾ ਹੈ ਕਿ ਮੈਂ ਅਜੇ ਉਸ ਪੁਜ਼ੀਸ਼ਨ ਵਿਚ ਨਹੀਂ ਹਾਂ ਕਿ ਪੰਜਾਬੀ ਆਲੋਚਨਾ ਮੈਨੂੰ ਨਜ਼ਰ ਹੇਠ ਲਵੇ ਜਾਂ ਮੈਨੂੰ ਨਜ਼ਰ ਅੰਦਾਜ਼ ਕਰੇ। ਇਹ ਤਾਂ ਪੰਜਾਬੀ ਆਲੋਚਨਾ ਹੀ ਜਾਣਦੀ ਹੈ ਕਿ ਉਹਨੇ ਮੇਰੇ ਵਰਗੇ ਬੰਦੇ ਨੂੰ ਕਿੰਨਾ ਕੁ ਤੇ ਕਿਵੇਂ ਨਜ਼ਰ ਹੇਠ ਰੱਖਣਾ ਜਾਂ ਨਹੀਂ ਰੱਖਣਾ ਹੈ। ਹਾਂ ਇਹ ਗੱਲ ਮੈਂ ਵਿਸ਼ੇਸ਼ ਤੌਰ ਤੇ ਕਹਿਣੀ ਚਾਹੁੰਦਾ ਹਾਂ ਕਿ ਜ਼ਿੰਦਗੀ ਦੇ ਸਿਖਰ ਦੁਪਹਿਰੇ ਵਿਚ ਜੋ ਕੁਝ ਲਿਖਦੇ ਜਾ ਰਹੇ ਹਾਂ, ਉਸ ਨੂੰ ਥਾਪੀ ਦੇਣ ਲਈ ਕਦੇ ਕਦੇ ਪੰਜਾਬੀ ਆਲੋਚਨਾ ਵੱਲੋਂ ਵੀ ਠੰਡੀ ਹਵਾ ਦਾ ਬੁੱਲਾ ਆ

ਜਾਂਦਾ ਹੈ। ਬਾਕੀ ਇਹ ਆਲੋਚਨਾ ਵਾਲਾ ਚੱਕਰ ਕੀ ਹੈ, ਇਹ ਮੈਂ ਨਹੀਂ ਜਾਣਦਾ।

## ਬਲਦੇਵ ਪੋਹਲੋਪੁਰੀ

ਪਹਿਲਾਂ ਮਨੁੱਖੀ ਜ਼ਿੰਦਗੀ ਵਿਚ ਸਰਲਤਾ ਸੀ, ਸਾਵਾਂਪਨ ਸੀ। ਸੋ ਕਹਾਣੀ ਦੀ ਭਾਸ਼ਾ ਸਾਦਾ ਸੀ ਜੋ ਆਮ ਬੰਦੇ ਦੀ ਪਕੜ ਵਿਚ ਜਲਦੀ ਆ ਜਾਂਦੀ ਸੀ। ਇਕ ਪਰਤੀ ਸੀ। ਪਾਤਰ ਦੀ ਇਕ ਹੀ ਆਦਤ ਉੱਤੇ ਚਾਨਣ ਪਾਉਂਦੀ ਸੀ।

ਕਹਾਣੀ ਵਿਚ ਕਾਫੀ ਨਵੀਂ ਗੱਲ ਹੈ, ਪਰ ਪੁਰਾਣੀਆਂ ਗੱਲਾਂ ਵੀ ਬਰਾਬਰ ਚੱਲੀ ਜਾਂਦੀਆਂ ਹਨ, ਜਿਵੇਂ ਮਨਮੋਹਨ ਬਾਵਾ ਦੀ ਕਹਾਣੀ ਹੈ। ਨਵੀਆਂ ਕਲਮਾਂ ਵੀ ਹੱਲ-ਪੰਜਾਲੀਆਂ ਅਤੇ ਚਰਖੇ ਦੀ ਗੱਲ ਕਰਦੀਆਂ ਹਨ।

ਇਨ੍ਹਾਂ ਦਹਾਕਿਆ ਦੇ ਯਥਾਰਥ ਵਿਚ ਲੋਕਾਂ ਦਾ ਬਾਹਰਲੇ ਦੇਸ਼ਾਂ ਨੂੰ ਜਾਣ ਦਾ ਰੁਝਾਨ ਵਧਿਆ ਸੀ ਅਤੇ ਕੁੜੀਆਂ ਨੂੰ ਦੂਜੇ ਦੇਸ਼ ਵਿਆਹੁਣ ਦੀ ਲਾਲਸਾ ਨੇ ਕਈ ਵਿੰਗੇ ਟੇਡੇ ਤਰੀਕਿਆਂ ਨੂੰ ਜਨਮ ਦਿੱਤਾ। ਸੋ ਗਲਪ 'ਚ ਕਥਾ ਸ਼ਿਲਪ ਅਤੇ ਵਿਸ਼ਿਆ ਵਿਚ ਬਦਲਾਅ ਆਇਆ। ਨਸ਼ਿਆ ਦੇ ਹੜ੍ਹ ਅਤੇ ਭਰੂਣ ਹੱਤਿਆ ਲਈ ਵਰਤੀਆਂ ਸਕੈਨਿੰਗ ਮਸ਼ੀਨਾ ਨੇ ਨਵੀਂ ਭਾਸ਼ਾ ਨੂੰ ਜਨਮ ਦਿੱਤਾ।

80 ਵੇਂ ਤੋਂ ਪਹਿਲਾਂ ਦੀਆਂ ਲਹਿਰਾਂ, ਦ੍ਰਿਸ਼ਟੀਆਂ ਨੇ ਆਮ ਮਨੁੱਖਤਾ ਦਾ ਨੁਕਸਾਨ ਨਹੀਂ ਕੀਤਾ, ਉਹ ਠੋਸ ਸਨ, ਲੋਕ ਉਨ੍ਹਾਂ ਦੇ ਸਮਰਥਕ ਸਨ। ਲੋਕਾਂ ਦਾ ਦ੍ਰਿਸ਼ਟੀਕੋਣ ਵੀ ਉਨ੍ਹਾਂ ਦੇ ਹਿੱਤ ਵਿਚ ਸੀ। ਉਨ੍ਹਾਂ ਦੀ ਨਿੱਗਰ ਸੋਚ ਹੀ ਕਥਾ ਜਗਤ ਦਾ ਨਿੱਗਰਪਨ ਹੈ।

ਇਨ੍ਹਾਂ ਕਹਾਣੀਆਂ ਅੰਦਰ ਦੁਖਾਂਤ ਹੈ। ਦੁਖਾਂਤ ਨੂੰ ਰੌਚਿਕ ਨਹੀਂ ਬਣਾਇਆ ਜਾ ਸਕਦਾ। ਸੱਚ ਨੂੰ ਤੋੜ-ਮਰੋੜ ਕੇ ਪੇਸ਼ ਨਹੀਂ ਕੀਤਾ ਜਾ ਸਕਦਾ। ਪਰ ਪਾਠਕ ਵਰਗ ਨੂੰ ਸੁਖਾਵਾਂ ਅਤੇ ਜਿੱਤ ਵਾਲਾ ਅੰਤ ਪਸੰਦ ਹੈ। ਸੋ ਇਹਨਾਂ ਰਚਨਾਵਾਂ ਨੂੰ ਪੜ੍ਹਕੇ ਛੱਡ ਦਿੱਤਾ ਗਿਆ। ਕੋਈ ਚੇਤੇ ਰੱਖਣ ਦੀ ਕੋਸ਼ਿਸ਼ ਨਹੀਂ ਕੀਤੀ।

ਇਨ੍ਹਾਂ ਪੀੜ੍ਹੀਆਂ ਦੀ ਪੇਸ਼ਕਾਰੀ ਵੱਖਰੀ-ਵੱਖਰੀ ਹੈ, ਇਨ੍ਹਾਂ ਤਿੰਨੇ ਪੀੜ੍ਹੀਆਂ ਵਿਚ ਕੌਣ-ਕੌਣ ਆਉਂਦਾ ਹੈ, ਮੈਂ ਨਹੀਂ ਜਾਣਦਾ। ਪਰ ਪਹਿਲਾਂ ਨਾਲੋਂ ਤੋਂ ਪੇਸ਼ਕਾਰੀ ਹੁਣ ਨਿੱਖਰੀ ਹੈ। ਹੁਣ ਇਹ ਨਹੀਂ ਲੱਗਦਾ ਨਹੀਂ ਕਿ ਕਹਾਣੀ ਜੋੜ ਜੋੜ ਕੇ ਲਿਖੀ ਹੈ, ਸਗੋਂ ਆਪਣੇ ਆਪ ਹੀ ਗਲੋਟੀ ਵਾਂਗ ਉੱਧੜਦੀ ਜਾਂਦੀ ਹੈ।

ਮੂਲ ਮਕਸਦ ਤਾਂ ਮਨ ਦਾ ਸਕੂਨ ਹੀ ਹੁੰਦਾ ਹੈ, ਪਰ ਕੁੱਝ ਉਹ ਗੱਲਾਂ ਵੀ ਹਨ ਜਿਨ੍ਹਾਂ ਨੂੰ ਲੋਕ ਅਣਗੌਲਿਆ ਕਰ ਛੱਡਦੇ ਹਨ। ਭਵਿੱਖ ਵਿਚ ਜਿਨ੍ਹਾਂ ਗੱਲਾਂ ਦਾ ਖਤਰਾ ਹੋਵੇ, ਉਨ੍ਹਾਂ ਨੂੰ ਜਾਣੂ ਕਰਵਾਉਣਾ ਜ਼ਰੂਰੀ ਹੈ ਤਾਂ ਜੋ ਮਨੁੱਖ ਜੜ੍ਹਾਂ ਨਾਲ ਜੁੜਿਆ ਰਹੇ। ਅਤੀਤ ਘਟਨਾਵਾਂ ਦਾ ਭਵਿੱਖ ਵਿਚ ਸੁਧਾਰ ਹੋ ਸਕੇ।

ਮੈਂ ਕਹਾਣੀ ਵਿਚ ਬਿਰਤਾਂਤ ਨੂੰ ਵਧਾਇਆ ਹੈ, ਸਾਰੀ ਗੱਲ ਪਾਠਕ ਦੇ ਜਿੰਮੇ ਨਹੀਂ ਛੱਡੀ। ਕਈ ਕਹਾਣੀਆਂ ਰਾਹੀਂ ਜਿਵੇਂ 'ਰੁੱਤ ਰੁੱਤ ਮੇਵੇ' ਵਿਚ ਭਈਆਵਾਦ ਦਾ ਜ਼ਿਕਰ ਕੀਤਾ ਹੈ, ਜੋ ਪੂਰੇ ਪੰਜਾਬ ਲਈ ਖ਼ੋਰਾ ਹੈ।

ਔਰਤ-ਮਰਦ ਦੇ ਸਬੰਧਾਂ ਦੀ ਕਹਾਣੀ ਦੀ ਤਾਂ ਸਮੇਂ ਨੂੰ ਸਦਾ ਹੀ ਲੋੜ ਰਹੀ ਹੈ। ਪਰ ਕੁੱਝ ਕਲਮਾਂ ਨੇ ਇਸ ਨੂੰ ਫੈਸ਼ਨ ਵਜੋਂ ਵੀ ਲਿਆ ਹੈ, ਪਰ ਠੋਸ ਗੱਲ ਨਹੀਂ ਕਰਦੇ। ਕੋਈ ਮਕਸਦ ਨਹੀਂ ਕੋਈ ਆਰਥਿਕਤਾ ਨਹੀਂ, ਕੋਈ ਪਿਛੋਕੜ ਨਹੀਂ, ਬੱਸ ਚਰਚਾ ਵਿਚ ਆਉਣ ਦੀ ਭੁੱਖ ਹੈ।

ਪਿੰਡ ਦੀ ਕਹਾਣੀ ਦੀਆਂ ਜੜ੍ਹਾਂ ਧਰਤੀ ਵਿਚ ਹੁੰਦੀਆਂ ਹਨ ਪਰ ਸ਼ਹਿਰੀ ਕਹਾਣੀ ਦੀ ਸਥਿਤੀ ਸਦਾ ਹੀ ਕਿਰਾਏ ਦੇ ਕਮਰਿਆਂ ਵਰਗੀ ਰਹੀ ਹੈ। ਜਾਂ ਪੇਂਡੂ ਖਿੱਤੇ ਵਿਚ ਤਬਦੀਲੀ ਦੇਰ ਨਾਲ ਆਉਂਦੀ ਹੈ।

ਨਹੀਂ ਖੜੋਤ ਨਹੀਂ ਆਈ, ਸਗੋਂ ਨਵੇਂ ਤਜਰਬੇ ਹੋ ਰਹੇ ਹਨ। ਕੁੱਝ ਤਾਂ ਪਾਠਕ ਦੇ ਮੇਚਦਾ ਨਹੀਂ ਲਿਖਿਆ ਜਾ ਰਿਹਾ, ਦੂਜਾ ਇਲੈਕਟ੍ਰਿਕ ਮੀਡੀਆ ਦਾ ਪਾਸਾਰ ਵਧ ਗਿਆ, ਜਿਸ ਲਈ ਮਨ ਇਕਾਗਰ ਨਹੀਂ ਕਰਨਾ ਪੈਂਦਾ। ਪਰ ਕਹਾਣੀ ਲਈ ਇਕਾਗਰਤਾ ਦੀ ਲੋੜ ਹੈ, ਸੋ ਇਕਾਗਰ ਹੋਣ ਵਾਲੇ ਬਹੁਤ ਹਨ। ਕਿੰਨਾ ਕੁੱਝ ਛਪੀ ਜਾ ਰਿਹੈ... ਤੇ ਪੜ੍ਹਿਆ ਜਾ ਰਿਹੈ...?

ਇਸ ਪਾਸੇ ਗੰਭੀਰਤਾ ਨਹੀਂ, 'ਸੁਣਿਐ... ਕਈਆਂ ਕੋਲ ਵਕਤ ਦੀ ਘਾਟ ਹੈ। ਇਹ ਗੱਲ ਮੈਂ ਸਾਰਿਆਂ ਲਈ ਨਹੀਂ ਕਰਦਾ, ਹੋ ਸਕਦੈ ਕੁੱਝ ਸਿੱਕੇਬੰਦ ਹੋਣ... ਤੇ ਕੁੱਝ ਗਲਪ ਚੋਂ ਨਹੀਂ ਗਰੁਪਾਂ 'ਚੋਂ ਰੁੱਝੇ ਹੋਏ ਹਨ। ਤੇ ਪੇਤਲੀ ਅਤੇ ਨਿੱਗਰ ਗੱਲ ਰਚਨਾ ਉੱਤੇ ਵੀ ਨਿਰਭਰ ਹੈ।

ਸਰੀਰਕ ਸਬੰਧਾਂ ਵਾਲੀ ਕਹਾਣੀ ਹਰ ਉਮਰ ਦਾ ਪਾਠਕ ਪੜ੍ਹਦਾ ਹੈ, ਇਹ ਵਿਸ਼ਾ ਜਲਦੀ ਮਨ



ਨੂੰ ਟੁੰਬਦਾ ਹੈ, ਤੇ ਇਸ ਦੀ ਚਰਚਾ ਆਪ-ਮੁਹਾਰੇ ਛਿੜ ਪੈਂਦੀ ਹੈ । ਪਰ ਸਾਹਿਤਕ ਪਿੜ ਦੇ ਘੁਲਾਈਏ ਪੱਕੇ ਪੈਰੀਂ ਜੰਮ ਕੇ ਬੈਠੇ ਇਹ ਬਰਦਾਸ਼ਤ ਨਹੀਂ ਕਰਦੇ, ਇਨ੍ਹਾਂ ਪਹਿਲਵਾਨਾਂ ਨੂੰ ਆਪਣੀ ਝੰਡੀ ਖੁੱਸਦੀ ਲੱਗਦੀ ਹੈ। ਤਾਂ ਇਹ ਕੋਈ ਫ਼ਤਵਾ ਦੇ ਕੇ ਇਸ ਨੂੰ ਰੱਦ ਕਰ ਦਿੰਦੇ ਹਨ।

ਪੁਰਾਣਿਆ 'ਚ 'ਬਰਫ ਦਾ ਦਾਨਵ' (ਜਸਬੀਰ ਭੁੱਲਰ), 'ਪਾਣੀ ਦੀ ਕੰਧ' (ਕਿਰਪਾਲ ਕਜ਼ਾਕ), ਨਵਿਆਂ 'ਚੋਂ ਅਗਰਬੱਤੀ (ਰੁਪਿੰਦਰ), ਰੱਜਤਨਾਮੇ (ਸਰੂਪ ਸਿਆਲਵੀ), ਤ੍ਰਿਸ਼ਨਾ (ਨਰਿੰਦਰ ਕੌਰ ਭੱਚੂ)

ਕਿਸਾਨੀ ਕਹਾਣੀ ਪੇਂਡੂ ਖਿੱਤੇ ਨਾਲ ਜੁੜੀ ਹੈ, ਮਿੱਟੀ ਨਾਲ ਜੁੜੀ ਹੈ। ਇਸ ਵਿਚ ਪੂਰੇ ਬ੍ਰਹਿਮੰਡ ਦੀ ਗੱਲ ਹੁੰਦੀ ਏ, ਧਰਤੀ 'ਤੋਂ ਅਕਾਸ਼ ਤੱਕ... ਪੁਰਾਣੀ ਸਭਿਅਤਾ... ਵਿਰਸਾ... ਸਭਿਆਚਾਰ ਆਦਿ ਵਿਸ਼ੇ ਹਨ। ਜਿਨ੍ਹਾਂ ਦੀ ਮਾਨਤਾ ਬਰਕਰਾਰ ਰਹੇਗੀ।

ਪੁਰਾਣੇ ਲੇਖਕਾਂ ਬਾਰੇ ਤਾਂ ਪਤਾ ਨਹੀਂ। ਪਰ ਪ੍ਰਕਾਸ਼ਕ ਵਲੋਂ ਕਿਸੇ ਨੂੰ ਲਾਭ ਹੋਇਆ ਹੋਵੇ, ਮੈਂ ਤਾਂ ਕਦੇ ਸੁਣਿਆ ਨਹੀਂ। ਭਾਵੇਂ ਕੋਈ ਸਕੀਮ ਹੋਵੇ ਤੇ ਭਾਵੇਂ ਕਿਤਾਬ ਛਾਪਣ ਲਈ ਪੈਸੇ ਘੱਟ ਕੀਤੇ ਹੋਣ, ਕੀ ਫਰਕ ਪੈਂਦਾ ਏ, ਉਨ੍ਹਾਂ ਨੇ ਤਾਂ ਉਸ ਹਿਸਾਬ ਨਾਲ ਹੀ ਘੱਟ ਕਿਤਾਬ ਛਾਪ ਲੈਣੀ ਏ। ਲਾਹਾ ਟੋਟਾ ਇਕ ਬਰਾਬਰ ....?

ਮਾਨਤਾ ਤਾਂ ਬਥੇਰੀ ਮਿਲੀ ਏ, ਪਰ ਸਵੀਕਾਰ ਨਹੀਂ ਕੀਤੀ ਜਾਂਦੀ। ਜਿਵੇਂ ਪੰਜਾਬੀ ਵਾਲੇ ਸਅਦਤ ਹਸਨ ਮੰਟੋ ਨੂੰ ਉੱਚ ਕੋਟੀ ਦਾ ਕਹਾਣੀਕਾਰ ਮੰਨਦੇ ਹਨ ਪਰ ਆਪਣੇ ਆਪ ਨੂੰ ਉੱਚਾ ਰੱਖਣ ਲਈ ਉਸ ਨੂੰ ਉਰਦੂ ਦਾ ਅਫ਼ਸਾਨਾ ਨਿਗਾਰ ਕਹਿ ਕੇ ਇਕ ਸਾਇਡ ਉੱਤੇ ਖੜ੍ਹਾ ਕਰ ਲੈਂਦੇ ਹਨ।

## ਅਨੇਮਨ ਸਿੰਘ

ਸਮਕਾਲੀ ਲਿਖੀ ਜਾ ਰਹੀ ਪੰਜਾਬੀ ਕਹਾਣੀ ਦਾ ਪਹਿਲੀ ਕਹਾਣੀ ਨਾਲੋਂ ਭਿੰਨ ਹੋਣਾ ਸੁਭਾਵਿਕ ਹੀ ਹੈ। ਹੁਣ ਨਕਨੀਕਾਂ ਨਵੀਆਂ ਆ ਰਹੀਆਂ ਹਨ। ਸਮੱਸਿਆਵਾਂ 'ਚ ਵੀ ਵਾਧਾ ਹੋਇਆ ਹੈ। ਸਮਕਾਲੀ ਕਹਾਣੀਕਾਰ ਆਪਣੀਆਂ ਕਹਾਣੀਆਂ 'ਚ ਨਵੇਂ ਨਵੇਂ ਵਿਸ਼ੇ ਲੈ ਕੇ ਆ ਰਹੇ ਹਨ। ਨਵੀਆਂ ਨਵੀਆਂ ਜੁਗਤਾਂ ਵੀ ਵਰਤੀਆਂ ਜਾ ਰਹੀਆਂ ਹਨ। ਹੁਣ ਦੇ ਕਹਾਣੀਕਾਰਾਂ ਦੀ ਸ਼ੈਲੀ ਵਿਚ ਵੀ ਪਹਿਲਿਆਂ ਨਾਲੋਂ ਕਾਫ਼ੀ ਵੱਖਰਤਾ ਆਈ ਹੈ।

ਪੰਜਾਬੀ ਕਹਾਣੀ 'ਚ ਅਸਲ ਮੋੜ 9ਵੇਂ-10ਵੇਂ ਦਹਾਕਿਆਂ 'ਚ ਆਇਆ ਹੈ। ਪ੍ਰੇਮ ਪ੍ਰਕਾਸ਼ ਹੁਰੀਂ ਇਨ੍ਹਾਂ ਦਹਾਕਿਆਂ 'ਚ ਲਿਖਣ ਵਾਲੇ ਕਹਾਣੀਕਾਰਾਂ ਨੂੰ ਚੌਥੀ ਕੂਟ ਦੇ ਕਹਾਣੀਕਾਰ ਆਖਦੇ ਹਨ। ਯਥਾਰਥ, ਕਥਾ ਸ਼ਿਲਪ, ਭਾਸ਼ਾ ਅਤੇ ਵਿਸ਼ੇ ਦੇ ਪੱਧਰ 'ਤੇ ਜੋ ਨਵੀਨਤਾ ਇਨ੍ਹਾਂ ਦਹਾਕਿਆਂ ਦੇ ਕਹਾਣੀਕਾਰਾਂ ਦੀ ਕਹਾਣੀ 'ਚ ਵੇਖਣ ਨੂੰ ਮਿਲਦੀ ਹੈ, ਉਹ ਪਹਿਲਾਂ ਲਿਖੀ ਜਾ ਚੁੱਕੀ ਕਹਾਣੀ 'ਚੋਂ ਨਹੀਂ ਮਿਲਦੀ। ਪ੍ਰੇਮ ਗੋਰਖੀ, ਜਿੰਦਰ, ਸੁਖਜੀਤ, ਕਾਲੀ, ਰਸੂਲਪੁਰੀ, ਅਜਮੇਰ ਸਿੱਧੂ ਆਦਿ ਕਿੰਨੇ ਕਹਾਣੀਕਾਰ ਹਨ, ਜੋ ਇਨ੍ਹਾਂ ਦਹਾਕਿਆਂ 'ਚ ਹੀ ਉੱਭਰ ਕੇ ਸਾਹਮਣੇ ਆਏ।

ਜੋ ਲੋਕ ਕਹਾਣੀ ਨੂੰ ਲਹਿਰਾਂ-ਦ੍ਰਿਸ਼ਟੀਆਂ ਜਾਂ ਦ੍ਰਿਸ਼ਟੀਕੋਣਾਂ 'ਚ ਵੰਡ ਕੇ ਕਹਾਣੀ ਪੜ੍ਹਦੇ ਹਨ, ਉਨ੍ਹਾਂ ਲਈ ਤਾਂ 80 ਵੇਂ ਤੋਂ ਬਾਅਦ ਦੀ ਕਹਾਣੀ ਨਿੱਗਰ ਨਹੀਂ ਹੋਣੀ, ਪਰ ਮੈਂ ਤਾਂ ਮੰਨਦਾ ਹਾਂ ਕਿ 80 ਵਿਆਂ ਤੋਂ ਬਾਅਦ ਦੀ ਕਹਾਣੀ ਵੀ ਬਹੁਤ ਨਿੱਗਰ ਹੈ। ਇਹ ਕਿਸੇ ਵਿਸ਼ੇਸ਼ ਲਹਿਰ ਜਾਂ ਦ੍ਰਿਸ਼ਟੀਕੋਣ 'ਚ ਬੱਝੀ ਨਹੀਂ, ਸਗੋਂ ਇਸ ਵਿਚ ਬਹੁਤੇ ਪਸਾਰ ਸਾਹਮਣੇ ਆਏ ਹਨ।

ਇਸ ਦੇ ਦੋ ਕਾਰਨ ਹੋ ਸਕਦੇ ਹਨ। ਪਹਿਲਾ ਤਾਂ ਇਹ ਕਿ ਦੇਸ਼ ਵੰਡ ਅਤੇ ਪੰਜਾਬ ਸੰਕਟ ਦੌਰਾਨ ਪੰਜਾਬ ਦੇ ਲੋਕਾਂ ਨੇ ਬੜਾ ਦੁੱਖ ਝੱਲਿਆ ਹੈ। ਉਹ ਇਸ ਰੁਦਨ ਨੂੰ ਭੁਲਾਉਣਾ ਚਾਹੁੰਦੇ ਹਨ। ਦੂਜਾ ਇਹ ਕਿ ਇਹ ਦੋਵੇਂ ਵਿਸ਼ੇ ਬਹੁਤ ਪੇਚੀਦਾ ਸਨ। ਜਿਨ੍ਹਾਂ ਕਹਾਣੀਕਾਰਾਂ ਨੇ ਇਸ ਸੰਕਟ ਨੂੰ ਡੂੰਘਾ ਉਤਰ ਕੇ ਫੜ੍ਹਿਆ ਹੈ, ਉਨ੍ਹਾਂ ਹੀ ਕਹਾਣੀਕਾਰਾਂ ਦੀਆਂ ਕਹਾਣੀਆਂ ਨੂੰ ਵਧੇਰੇ ਮਾਨਤਾ ਮਿਲੀ ਹੈ। ਪ੍ਰੇਮ ਪ੍ਰਕਾਸ਼ ਦੀ 'ਇਹ ਉਹ ਜਸਬੀਰ ਨਹੀਂ' ਅਜਮੇਰ ਸਿੱਧੂ ਦੀ 'ਇਕਬਾਲ ਹੁਸੈਨ ਮੋਇਆ ਨਹੀਂ', ਦਲਬੀਰ ਚੇਤਨ ਦੀ 'ਪਾਲਕ ਦਾ ਬੂਟਾ' ਪੰਜਾਬ ਸੰਕਟ ਦੀਆਂ ਵਧੀਆਂ ਕਹਾਣੀਆਂ ਹਨ।

ਸਮਕਾਲੀ ਕਹਾਣੀ 'ਚ ਤਿੰਨੋਂ ਪੀੜ੍ਹੀਆਂ 'ਚ ਵਿਸ਼ੇ ਸ਼ੈਲੀ ਅਤੇ ਬਿਰਤਾਂਤਕ ਵਰਨਣ ਪੱਖੋਂ ਕਾਫ਼ੀ ਵੱਖਰਤਾ ਹੈ।

ਮੈਂ ਬਦਲ ਚਾਹੁੰਦਾ ਹਾਂ। ਉਹ ਕਿਸੇ ਵੀ ਚੀਜ਼ ਦਾ ਹੋ ਸਕਦਾ ਹੈ। ਮੈਂ ਜਿਹੜੀ ਕਹਾਣੀ ਲਿਖਦਾ ਹਾਂ, ਉਹਦੇ ਪਾਤਰ ਜੋ ਹਨ, ਉਹ ਯਥਾਰਥ ਜ਼ਿੰਦਗੀ 'ਚ ਕਿਵੇਂ ਦੇ ਵੀ ਹੋਣ ਪਰ ਕਹਾਣੀ ਵਿਚ ਮੇਰੀ ਸੋਚ ਕੰਮ ਕਰਦੀ ਹੈ।

ਹਰ ਕਹਾਣੀਕਾਰ ਲਿਖਣ ਲੱਗਿਆਂ ਇਹੋ ਸੋਚਦਾ ਹੈ ਕਿ ਉਹ ਆਪਣੀ ਕਹਾਣੀ ਰਾਹੀਂ ਕੋਈ

ਨਵੀਂ ਗੱਲ ਕਰੇ। ਮੈਂ ਵੀ ਇਹੋ ਕਰਨ ਦੀ ਸੋਚ ਕਹਾਣੀਆਂ ਲਿਖਦਾ ਹਾਂ ਪਰ ਇਸ ਦਾ ਅਸਲ ਫ਼ੈਸਲਾਂ ਤਾਂ ਪਾਠਕਾਂ ਨੇ ਹੀ ਕਰਨਾ ਹੁੰਦਾ ਹੈ।

ਔਰਤ-ਮਰਦ ਦੇ ਸਬੰਧਾਂ ਨੂੰ ਲੈ ਕੇ ਲਿਖਣਾ ਮੈਂ ਫ਼ੈਸ਼ਨ ਨਹੀਂ ਸਮਝਦਾ ਸਗੋਂ ਇਹ ਤਾਂ ਅੱਜ ਦੇ ਸਮੇਂ ਮੁਤਾਬਕ ਲੋੜ ਹੈ।

ਭਾਰਤਤ ਨੂੰ ਪਿੰਡਾਂ ਦਾ ਦੇਸ਼ ਕਿਹਾ ਜਾਂਦਾ ਹੈ ਅਤੇ ਪੰਜਾਬ ਤਾਂ ਹੈ ਹੀ ਇਕ ਪਿੰਡ। ਪੰਜਾਬ ਦਾ ਸਾਰਾ ਅਰਥਚਾਰਾ ਪਿੰਡਾਂ 'ਤੇ ਹੀ ਅਧਾਰਿਤ ਹੈ। ਸੋ ਕਹਾਣੀ ਦੇ ਪਾਤਰ ਪਿੰਡਾਂ 'ਚੋਂ ਆਉਣੇ ਸੁਭਾਵਿਕ ਹੀ ਹਨ। ਭਾਵੇਂ ਬਹੁਤੇ ਕਹਾਣੀਕਾਰ ਸ਼ਹਿਰਾਂ ਵਿਚ ਰਹਿੰਦੇ ਹਨ ਪਰ ਮਾਨਸਿਕਤਾ ਉਹ ਵੀ ਪਿੰਡਾਂ ਵਾਲੀ ਹੀ ਹੰਢਾਉਂਦੇ ਹਨ। ਸੋ ਪਿੰਡ ਦੀ ਕਹਾਣੀ ਦਾ ਚਰਚਾ ਵਿਚ ਰਹਿਣਾ ਸੁਭਾਵਿਕ ਹੀ ਹੈ। ਪੰਜਾਬੀ ਕਹਾਣੀ ਦੀ ਅੱਜ ਜਿੰਨੀ ਚਰਚਾ ਹੋ ਰਹੀ ਹੈ, ਇਸ ਤੋਂ ਇਹ ਅੰਦਾਜ਼ਾ ਵੀ ਨਹੀਂ ਲੱਗਦਾ।

ਨਵੇਂ ਕਹਾਣੀਕਾਰਾਂ ਦੀਆਂ ਕਹਾਣੀਆਂ 'ਚ ਤਕਨੀਕ, ਪੇਸ਼ਕਾਰੀ ਅਤੇ ਵਿਸ਼ੇ 'ਚ ਨਵੀਨਤਾ ਹੈ ਅਜਮੇਰ ਸਿੱਧੂ, ਜਸਵੀਰ ਰਾਣਾ, ਜਤਿੰਦਰ ਹਾਂਸ ਦੀਆਂ ਕਹਾਣੀਆਂ ਨੂੰ ਪੜ੍ਹ ਕੇ ਇਹ ਸਭ ਸੌਖਿਆਂ ਹੀ ਮਿਲ ਜਾਂਦਾ ਹੈ। ਸੁਖਵੰਤ ਕੌਰ ਮਾਨ ਅਤੇ ਪ੍ਰੇਮ ਗੋਰਖੀ ਹੁਰਾਂ ਦੀਆਂ ਨਵੀਆਂ ਕਹਾਣੀਆਂ 'ਚ ਪਹਿਲਾਂ ਨਾਲੋਂ ਕਾਫ਼ੀ ਤਬਦੀਲੀ ਵੇਖਣ 'ਚ ਮਿਲਦੀ ਹੈ। ਹੋਰ ਵੀ ਬਹੁਤ ਨੇ।

ਇਹ ਸਭ ਫ਼ਜ਼ੂਲ ਦੀਆਂ ਗੱਲਾਂ ਹਨ। ਕਹਾਣੀ ਦੀ ਆਲੋਚਨਾ 'ਚ ਬਹੁਤ ਵਧੀਆਂ ਗੱਲਾਂ ਹੋ ਰਹੀਆਂ ਹਨ। ਗਹਿਰ ਗੰਭੀਰ ਵੀ। ਪੇਤਲੀਆਂ ਗੱਲਾਂ ਕਹਿਣ ਵਾਲੇ ਉਹ ਲੋਕ ਹਨ, ਜਿਨ੍ਹਾਂ ਦੀਆਂ ਕ੍ਰਿਤਾਂ ਪੇਤਲੀਆਂ ਹੁੰਦੀਆਂ ਹਨ। ਜਾਂ ਜੋ ਆਪਣੀ ਲਿਖਤ ਨੂੰ ਹੀ ਸਿਖਰ ਸਮਝਦੇ ਹੋਣ।

ਔਰਤ-ਮਰਦ ਦੇ ਸੰਬੰਧਾਂ ਬਾਰੇ ਹਜ਼ਾਰਾਂ ਸਾਲ ਪਹਿਲਾਂ ਤੋਂ ਵੀ ਲਿਖਿਆ ਜਾ ਰਿਹਾ ਹੈ। ਮੈਨੂੰ ਤਾਂ ਇਹ ਸ਼ਰਾਰਤੀ ਬੰਦਿਆਂ ਦਾ ਛੱਡਿਆ ਸ਼ੋਸ਼ਾ ਹੀ ਲੱਗਦਾ ਹੈ। ਪ੍ਰੇਮ ਪ੍ਰਕਾਸ਼ ਹੁਰਾਂ ਜਦੋਂ ਲਿਖਣਾ ਸ਼ੁਰੂ ਕੀਤਾ, ਉਨ੍ਹਾਂ ਉਸ ਸਮੇਂ ਦੀ ਕਹਾਣੀ 'ਚ ਚੱਲ ਰਹੀਆਂ ਪਰੰਪਰਾ ਗਤ ਲੀਹਾਂ ਨੂੰ ਤੋੜਿਆ ਸੀ। ਜਿੰਦਰ ਹੁਰਾਂ ਸ਼ਬਦ 'ਚ ਇਕ ਵਾਰ ਲਿਖਿਆ ਸੀ ਕਿ ਔਰਤ ਮਰਦ ਦੇ ਸੰਬੰਧਾਂ ਦੀਆਂ ਅਨੇਕਾਂ ਪਰਤਾਂ ਹਨ, ਕੋਈ ਇਕ ਪਰਤ ਖੁੱਲ੍ਹਦੀ ਹੈ ਤਾਂ ਚਾਰ-ਪੰਜ ਹੋਰ ਨਵੀਆਂ ਆ ਜਾਂਦੀਆਂ ਹਨ। ਸੋ ਮੈਂ ਤਾਂ ਇਹੋ ਸਮਝਦਾਂ ਕਿ ਜੋ ਲੋਕ ਸਰੀਰਕ ਸੰਬੰਧਾਂ ਤੋਂ ਅਲੈਰਜ਼ੀ ਕਰਦੇ ਹਨ, ਐਸੀ ਕਹਾਣੀ ਤੋਂ ਆਪਣਾ ਮੂੰਹ ਮੋੜਦੇ ਹਨ, ਜਾਂ ਉਨ੍ਹਾਂ ਦੀ ਪਕੜ 'ਚ ਇਹ ਵਿਸ਼ਾ ਨਹੀਂ ਆਉਂਦਾ, ਉਹ ਲੋਕ ਹੀ ਅਜਿਹੀਆਂ ਗੱਲਾਂ ਕਰਦੇ ਹਨ।

ਪੰਜ ਕਹਾਣੀਆਂ ਅਤੇ ਪੰਜ ਕਹਾਣੀਕਾਰ ਦਾ ਜ਼ਿਕਰ ਕਰਨਾ ਬੜ੍ਹਾ ਔਖਾ ਕੰਮ ਹੈ। ਉਹ ਇਸ ਲਈ ਕਿ ਪੰਜਾਬੀ 'ਚ ਸੈਂਕੜੇ ਕਹਾਣੀਆਂ ਵਧੀਆਂ ਹਨ ਅਤੇ ਸੈਂਕੜੇ ਹੀ ਕਹਾਣੀਕਾਰ। ਪਰ ਫਿਰ ਵੀ ਜੇ ਮੈਂ ਪਹਿਲੇ ਨਾਂ ਲੈਣੇ ਹੋਣ ਤਾਂ ਇਸ ਵਿਚ ਅਜੀਤ ਕੌਰ, ਗੁਰਬਚਨ ਭੁੱਲਰ, ਪ੍ਰੇਮ ਪ੍ਰਕਾਸ਼.... ਅੱਗੇ ਸੂਚੀ ਬੜੀ ਲੰਮੀ ਹੈ।

ਜਿੰਨਾ ਕੁ ਮੈਨੂੰ ਪਤੈ ਚੰਗੀ ਕਹਾਣੀ ਨੂੰ ਹੋਰਨਾਂ ਭਾਸ਼ਾਵਾਂ ਵਿਚ ਵੀ ਮਾਨਤਾ ਮਿਲਦੀ ਹੈ। ਸ਼ਰਤ ਇਹ ਹੈ ਕਿ ਅਨੁਵਾਦਕ ਆਪਣੀ ਇਮਾਨਦਾਰੀ ਨਾਲ ਚੰਗੀ ਕਹਾਣੀ ਨੂੰ ਹੀ ਪ੍ਰਡਿਊਸ ਕਰਨ। ਉਂਜ ਮੈਂ ਵੇਖਿਆ ਸੁਣਿਆ ਹੈ ਕਿ ਆਮ ਆਦਮੀ ਦੀਆਂ ਸਮੱਸਿਆਵਾਂ ਨੂੰ ਦਰਸਾਉਂਦੀ ਕਹਾਣੀ ਹਿੰਦੀ ਵਿਚ, ਗੁਜਰਾਤੀ ਅਤੇ ਮਰਾਠੀ ਵਿਚ ਪੰਜਾਬੀ ਕਹਾਣੀ ਦੀ ਚੰਗੀ ਪੁੱਛ ਹੈ। ਸੰਸਾਰ ਪੱਧਰ ਦੀ ਕਹਾਣੀ ਦੇ ਤੌਰ ਤੇ ਵੀ ਜਦੋਂ ਭਾਰਤ 'ਚੋਂ ਗਿਣਤੀ ਦੀਆਂ ਦੋ ਚਾਰ ਕਹਾਣੀਆਂ ਨੂੰ ਲਿਆ ਗਿਆ ਤਾਂ ਪੰਜਾਬੀ ਕਹਾਣੀਕਾਰ ਗੁਰਪਾਲ ਲਿੱਟ ਦੀ ਵੀ ਇਕ ਕਹਾਣੀ ਉਸ ਵਿਚ ਦਰਜ਼ ਹੋਣੀ ਹੈ।


**ਪੰਜਾਬੀ ਕਹਾਣੀ ਵਿਚ ਬਰੀਕ ਤੇ ਡੂੰਘੀ ਗੱਲ ਕਰਨ ਵਾਲੇ**
**ਕਹਾਣੀਕਾਰ ਦੀ ਪਹਿਲੀ ਕਿਤਾਬ**
**ਸੋ ਗੱਲਾਂ (ਕਹਾਣੀਆਂ)**
**ਬਲੀਜੀਤ**
**ਪ੍ਰਕਾਸ਼ਕ**
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**
**ਮੁੱਲ 125 ਰੁਪਏ**




# ਇੱਕ ਧਰਿਤਰਾਸਟਰ ਹੋਰ /- ਡਾ.ਐੱਸ.ਤਰਸੇਮ

## ਧੱਕਾ-ਦਰ-ਧੱਕਾ

ਪਹਿਲਾਂ ਮੈਨੂੰਨੂੰ ਪਤਾ ਨਹੀਂ ਸੀ ਕਿ ਮੇਰਾ ਭਰਾ ਮੇਰੀ ਬਦਲੀ ਵਿੱਚ ਕਿਉਂ ਦਿਲਚਸਪੀ ਨਹੀਂ ਲੈਂਦਾ। ਜਦੋਂ ਮੈਂ ਸਰਕਾਰੀ ਹਾਈ ਸਕੂਲ, ਧੌਲੇ ਤੋਂ ਮਿਡਲ ਸਕੂਲ, ਮਹਿਤੇ ਦੀ ਬਦਲੀ ਕਰਵਾ ਲਈ ਤਾਂ ਮੇਰੇ ਭਰਾ ਨੂੰ ਇਸਦੀ ਕੋਈ ਖੁਸੀ ਨਹੀਂ ਸੀ ਹੋਈ। ਮੈਨੂੰ ਉਦੋਂ ਵੀ ਸਮਝ ਨਹੀਂ ਸੀ ਆਈ ਕਿ ਭਰਾ .ਖ਼ਸ਼ ਕਿਉਂ ਨਹੀਂ ਹੈ, ਪਰ ਹੌਲੀਂ ਹੌਲੀਂ ਸੱਚ ਉੱਘੜ ਆਇਆ ਸੀ। ਮਿਡਲ ਸਕੂਲ ਮਹਿਤੇ ਆਉਣ ਨਾਲ ਮੈਂ ਆਪਣੀ ਰਿਹਾਇਸ ਤਪੇ ਰੱਖਣੀ ਸੀ, ਸੋ ਰੱਖ ਲਈ। ਸਾਡੇ ਜੱਦੀ-ਪੁਸ਼ਤੀ ਹੱਟ-ਹਾਤੇ ਦੇ ਛੇ ਕਮਰੇ ਸਨ ਤੇ ਇੱਕ ਵਿਹੜਾ। ਬਾਜ਼ਜ਼ਾਰ ਵਾਲੇ ਪਾਸੇ ਦੋ ਕਮਰੇ ਦੁਕਾਨ ਵਜੋਂ ਵਰਤੇ ਜਾ ਰਹੇ ਸਨ ਤੇ ਉਸਤੋਂ ਪਿੱਛੋਂ ਦੇ ਤਿੰਨ ਕਮਰੇ ਰਿਹਾਇਸੀ ਸਨ, ਫੇਰ ਇੱਕ ਵਿਹੜਾ ਸੀ, ਜਿਸਦੇ ਇੱਕ ਪਾਸੇ ਖੁੱਲ੍ਹੀ ਰਸੋਈ ਤੇ ਵਿਹੜੇ ਪਿੱਛੋਂ ਡਿਉਢੀ। ਡਿਉਢੀ ਤੋਂ ਪੌੜੀਆਂ ਚੜ੍ਹਦੀਆਂ ਸਨ, ਇਹਨਾਂ ਪੌੜੀਆਂ ਹੇਠ ਵੀ ਗੁਸਲਖ਼ਾਨਾ ਸੀ, ਜਿਸ ਦਾ ਦਰਵਾਜ਼ਜ਼ਾ ਵਿਹੜੇ ਵਿੱਚ ਖੁੱਲ੍ਹਦਾ ਸੀ। ਵਿਹੜੇ ਵਿੱਚ ਬਿਲਕੁਲ ਗੁਸਲਖ਼ਾਨੇ ਦੇ ਨਾਲ ਜਿਹੇ ਨਲਕਾ ਵੀ ਸੀ। ਉੱਪਰ ਇੱਕ ਚੁਬਾਰਾ ਸੀ, ਜੋ ਆਏ-ਗਏ ਦੇ ਬੈਠਣ-ਉੱਠਣ ਦਾ ਕੰਮ ਵੀ ਦਿੰਦਾ ਸੀ ਅਤੇ ਸਾਡੇ ਸਭ ਲਈ ਪੜ੍ਹਨ-ਲਿਖਣ ਦਾ ਵੀ।

ਮਹਿਤੇ ਆਉਣ ਨਾਲ ਮੇਰਾ ਸਾਰਾ ਸਮਾਨ ਧੌਲੇ ਤੋਂ ਤਪੇ ਆ ਗਿਆ। ਸਮਾਨ ਕੀ ਸੀ?...ਦੋ ਚੌਕੜੇ ਦੇ ਬਾਂਸ ਦੀਆਂ ਬਾਹੀਆਂ ਵਾਲੇ ਮੰਜੇ ਸਨ। ਇੱਕ ਮੰਜਾ ਧੌਲੇ ਜਾ ਕੇ ਅਸੀਂ ਹੋਰ ਬਣਾ ਲਿਆ ਸੀ। ਚਾਰ-ਪੰਜ ਬਿਸਤਰੇ ਸਨ। ਦੋ ਟਰੰਕ, ਪੰਜ-ਛੇ ਪੀਪੇ, ਗੁਜ਼ਜ਼ਾਰੇ ਜੋਗੇ ਭਾਂਡੇ, ਤਿੰਨ-ਚਾਰ ਬੋਰੇ, ਪਾਥੀਆਂ, ਬਾਲਣ, ਊਠ ਰੇੜੀ ਵਿੱਚ ਲੱਦ ਕੇ ਮੈਂ ਬਰਾਸਤਾ ਮਹਿਤਾ ਤਪੇ ਪਹੁੰਚ ਗਿਆ ਸੀ। ਚੁਬਾਰੇ ਵਿੱਚ ਰਹਿਣ ਲਈ ਭਰਾ ਤੋਂ ਆਗਿਆ ਮਿਲ ਗਈ ਸੀ। ਪਾਥੀਆਂ ਦੇ ਬੋਰੇ ਤੇ ਲੱਕੜ-ਤਿੰਬੜ ਡਿਉਢੀ ਦੇ ਇੱਕ ਪਾਸੇ ਰੱਖ ਕੇ ਬਾਕੀ ਸਮਾਨ ਚੁਬਾਰੇ ਵਿੱਚ ਚੜ੍ਹਾ ਲਿਆ ਸੀ। ਊਠ ਰੇੜ੍ਹੀ ਵਾਲੇ ਭਾਈ ਨੇ ਵੀ ਕੁੱਝ ਮੱਦਦ ਕਰਵਾ ਦਿੱਤੀ ਸੀ। ਭਰਾ ਦੇ ਚਿਹਰੇ 'ਤੇ ਗੰਭੀਰਤਾ ਦੇ ਜੋ ਚਿੰਨ੍ਹ ਸਨ, ਉਹ ਮੈਨੂੰ ਅੱਜ ਤੱਕ ਯਾਦ ਹਨ।

ਪੰਜ-ਸੱਤ ਦਿਨ ਰੋਟੀ ਇਕੱਠੀ ਹੀ ਪੱਕਦੀ ਰਹੀ, ਪਰ ਭਾਬੀ ਦੀ ਤਲਖ਼ੀ ਨੇ ਇਹ ਸਾਂਝ ਪੁੱਗਣ ਨਾ ਦਿੱਤੀ। ਮਾਂ ਦੀ ਬੇਵੱਸੀ ਦਾ ਮੈਨੂੰ ਪਹਿਲਾਂ ਹੀ ਪਤਾ ਸੀ। ਪਤਨੀ ਜਦੋਂ ਵੀ ਰਾਤ ਵੇਲੇ ਚੁਬਾਰੇ ਚੜ੍ਹੀ, ਉਹ ਅਕਸਰ ਮਨ ਭਰ ਲੈਂਦੀ। ਮੈਂ ਸੋਚਦਾ...ਇਨ੍ਹਾਂ ਅੱਠ ਕਮਰਿਆਂ ਵਿੱਚੋਂ ਕੀ ਮੇਰੇ ਹਿੱਸੇ ਇੱਕ ਕਮਰਾ ਵੀ ਨਹੀਂ ਆਉਂਦਾ? ਬਦਸਲੂਕੀ ਦੀ ਵੀ ਕੋਈ ਹੱਦ ਹੁੰਦੀ ਸੀ, ਪਰ ਇੱਥੇ ਤਾਂ ਕਿਸੇ ਗੱਲ ਦੀ ਵੀ ਕੋਈ ਹੱਦ ਨਹੀਂ ਸੀ। ਬੱਚਿਆਂ ਤੋਂ ਲੈ ਕੇ ਭਾਬੀ ਤੱਕ ਸਭ ਲਈ ਅਸੀਂ ਓਪਰੇ ਹੋਈਏ, ਉਹਨਾਂ ਉੱਤੇ ਇੱਕ ਵਾਧੂ ਭਾਰ।

ਉਹਨਾਂ ਦਿਨਾਂ ਵਿੱਚ ਮੇਰੀ ਵੱਡੀ ਭਤੀਜੀ ਐਮ.ਬੀ.ਬੀ.ਐਸ. ਵਿੱਚ ਅੰਮ੍ਰਿਤਸਰ ਪੜ੍ਹਦੀ ਸੀ, ਉਹ ਉਦੋਂ ਵੀ ਬੜੀ ਸਿਆਣੀ ਸੀ ਤੇ ਹੁਣ ਵੀ ਬੜੀ ਸਿਆਣੀ ਹੈ। ਉਹ ਮੇਰੇ ਤੇ ਆਪਣੀ ਚਾਚੀ ਦੇ ਦੁੱਖ ਨੂੰ ਸਮਝਦੀ ਸੀ। ਸ਼ਾਇਦ ਉਹਦੇ ਕਹਿਣ, ਕਹਾਉਣ, ਮੇਰੇ ਤੇ ਭਰਾ ਦੇ ਸਲਾਹ ਮਸ਼ਵਰੇ ਅਤੇ ਮਾਂ ਦੀ ਬੇਵੱਸੀ ਵਿੱਚੋਂ ਇਹ ਫ਼ੈਸਲਾ ਹੋਇਆ ਕਿ ਚੁਬਾਰੇ ਵਿੱਚ ਰੋਟੀ ਅੱਡ ਪਕਾ ਲਿਆ ਕਰੀਏ।

ਉਂਝ ਸਾਡਾ ਕੁੱਝ ਵੀ ਵੰਡਿਆ ਨਹੀਂ ਸੀ, ਤਨਖਾਹ ਤੋਂ ਬਿਨ੍ਹਾਂ ਮੇਰੇ ਤੇ ਮੇਰੀ ਪਤਨੀ ਕੋਲ ਪੰਜ ਪੈਸੇ ਵੀ ਵਾਧੂ ਨਹੀਂ ਸਨ। ਮੈਂ ਆਪਣੇ ਭਰਾ ਤੋਂ ਚੋਰੀਓਂ ਕਦੇ ਕੁੱਝ ਵੀ ਨਹੀਂ ਸੀ ਜੋੜਿਆ। ਮੈਥੋਂ ਚੋਰੀਓਂ ਮੇਰੀ ਪਤਨੀ ਨੇ ਵੀ ਕਦੇ ਕੁੱਝ ਨਹੀਂ ਸੀ ਜੋੜਿਆ। ਇਹ ਸਮਝਦਾ ਸੀ ਕਿ ਜਿਵੇਂ ਸਾਡੇ ਪਿਓ ਦੀ ਕਬੀਲਦਾਰੀ ਸਾਡੇ ਭਰਾ ਨੇ ਕਿਊਂਟੀ ਹੈ, ਉਵੇਂ ਭਰਾ ਦੀ ਕਬੀਲਦਾਰੀ ਕਿਊਂਟਣ ਵਿੱਚ ਮੈਂ ਭਰਾ ਦਾ ਹੱਥ ਵਟਾਵਾਂਗਾ। ਇਸੇ ਲਈ ਮੈਂ ਧੌਲੇ ਰਹਿਣ ਸਮੇਂ ਊਸ਼ਾ ਦੀ ਪੜ੍ਹਾਈ ਲਈ ਪੰਜਾਹ ਰੁਪਏ ਮਹੀਨਾ ਭੇਜਣਾ ਸ਼ੁਰੂ ਕਰ ਦਿੱਤਾ ਸੀ। ਉਦੋਂ ਮੇਰੀ ਤਨਖਾਹ ਦੋ ਸੋ ਪੰਦਰਾਂ ਰੁਪਏ ਸੀ। ਮਸਾਂ ਪੰਜਾਹ ਰੁਪਏ ਹੀ ਬਚਦੇ ਸਨ,

ਸੋ ਊਸ਼ਾ ਦੀ ਪੜ੍ਹਾਈ ਲਈ ਭੇਜ ਦਿੰਦਾ।

ਵੱਡਾ ਦੁੱਖ ਇਹ ਸੀ ਕਿ ਕੋਈ ਕ੍ਰਾਂਤੀ ਨੂੰ ਵੀ ਨਹੀਂ ਸੀ ਬੁਲਾਉਂਦਾ, ਚੱਕਣਾ ਤਾਂ ਇੱਕ ਪਾਸੇ ਰਿਹਾ, ਉਦੋਂ ਕ੍ਰਾਂਤੀ ਸਵਾ ਸਾਲ ਦਾ ਸੀ। ਮੈਨੂੰ ਇਹ ਗੱਲ ਬੜੀ ਚੁੱਭਦੀ ਤੇ ਉਹ ਅਕਸਰ ਮੇਰੇ ਕੋਲ ਗਿਲਾ ਕਰਦੇ: ਲਓ ਇਸ ਫੁੱਲ ਭਰ ਦੇ ਨਿਆਣੇ ਦਾ ਕੀ ਕਸੂਰ ਐ? ਮਾਂ ਤੋਂ ਬਿਨ੍ਹਾਂ ਕੋਈ ਚੱਜ ਨਾਲ ਇਹਨੂੰ ਗੋਦੀ ਵੀ ਨਹੀਂ ਚੱਕਦਾ।"

"ਤੈਨੂੰ ਐਵੇਂ ਵਹਿਮ ਐ। ਭਾਬੀ ਦਾ ਸੁਭਾਅ ਤੂੰ ਜਾਣਦੀ ਹੀ ਐਂ। ਮਾਂ ਵੇਖ ਨਾ ਸਾਰਾ ਦਿਨ ਚੱਕੀ ਫਿਰਦੀ ਐ। ਇਹ ਰਿਹਾੜੀ ਵੀ ਐ ਨਾ ਕਿਸੇ ਕੋਲ ਜਾਂਦਾ ਹੀ ਨਹੀ੧।" ਮੈਂ ਸਭ ਕੁੱਝ ਜਾਣਦਾ ਹੋਇਆ ਵੀ ਦਰਸ਼ਨਾ ਦਾ ਮਨ ਟਕਾਉਣ ਲਈ ਝੂਠ ਬੋਲਦਾ।

ਬਾਊ ਜੀ ਨੂੰ ਤਾਂ ਕੁੱਝ ਸੋਚਣਾ ਚਾਹੀਦੈ, ਬਾਈ ਜੀ ਨੇ ਤਾਂ ਇਹਨਾਂ ਨੂੰ ਥੋਡਾ ਪਿਓ ਸਮਝਿਆ ਸੀ। ਨਾਲੇ ਆਪਾਂ ਕਿਹੜਾ ਕੁੱਝ ਲੁਕੋ ਕੇ ਰੱਖਿਐ ਇਨ੍ਹਾਂ ਤੋਂ", ਤੀਜੇ ਦਿਨ ਦੀ ਰਾਤ ਨੂੰ ਦਰਸ਼ਨਾ ਗੱਲ ਕਰਦੀ-ਕਰਦੀ ਫੁੱਟ-ਫੁੱਟ ਰੋ ਪਈ ਸੀ।

ਘਰ ਦੀ ਵਿਗੜੀ ਤਾਣੀ ਗਲੀ ਵਿੱਚ ਆ ਗਈ ਸੀ, ਆਂਢ-ਗੁਆਂਢ ਸੱਚਾਈ ਨੂੰ ਜਾਣਦਾ ਸੀ। ਇਸ ਲਈ ਚੁਗਲੀ-ਨਿੰਦਿਆ ਦਾ ਮੇਰੇ 'ਤੇ ਕੋਈ ਅਸਰ ਨਹੀਂ ਸੀ। ਸਾਡੇ ਦੋਵਾਂ ਭਰਾਵਾਂ ਦੇ ਸੰਬੰਧਾਂ ਬਾਰੇ ਗਲੀ ਮੁਹੱਲਾ ਹੁਣ ਵੀ ਵਡਿਆਈ ਕਰਦਾ। ਦੋਸ਼ ਸਿਰਫ਼ ਔਰਤਾਂ ਸਿਰ ਆਉਂਦਾ। ਮਾਂ ਦੀ ਬੇਵੱਸੀ ਨੂੰ ਵੀ ਸਾਰਾ ਗੁਆਂਢ ਜਾਣਦਾ ਸੀ। ਭਾਬੀ ਦੇ ਸੁਭਾਅ ਨੂੰ ਵੀ ਕੋਈ ਭੁੱਲਿਆ ਨਹੀਂ ਸੀ।

ਭਾਬੀ ਗੁਆਂਢ ਦੀਆਂ ਔਰਤਾਂ ਵਿੱਚ ਕਦੇ ਕਿਸੇ ਨੂੰ ਲਿਆਉਂਦੀ ਤੇ ਕਦੇ ਕਿਸੇ ਨੂੰ ਉਸ ਦਾ ਸਾਰਾ ਜ਼ਜ਼ੋਰ ਇਸ ਗੱਲ 'ਤੇ ਲੱਗਿਆ ਹੋਇਆ ਸੀ ਕਿ ਉਹ ਦਰਸ਼ਨਾ ਨੂੰ ਇੱਕ ਕੁੱਢਰ ਤੀਵੀਂ ਸਾਬਿਤ ਕਰ ਸਕੇ। ਡਿਉਢੀ ਵਿੱਚ ਪਈਆਂ ਪਾਥੀਆਂ ਤੇ ਬਾਲਣ ਤੋਂ ਲੈ ਕੇ ਚੁਬਾਰੇ ਵਿੱਚ ਪਾਣੀ ਦੇ ਘੜੇ, ਅੰਗੀਠੀ, ਮੰਜੇ-ਬਿਸਤਰੇ ਅਤੇ ਸਾਰਾ ਨਿੱਕ-ਸੁੱਕ ਉਹ ਕਈ ਔਰਤਾਂ ਨੂੰ ਲਿਆ ਕੇ ਦਿਖਾ ਚੁੱਕੀ ਸੀ ਤੇ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕਰ ਰਹੀ ਸੀ, ਬਈ ਤਰਸੇਮ ਦੀ ਬਹੂ ਨੂੰ ਤਾਂ ਥਾਂ ਸਿਰ ਸਮਾਨ ਟਿਕਾਉਣਾ ਹੀ ਨਹੀਂ ਆਉਂਦਾ, ਭਲਾਂ ਦੱਸੋ ਕਿ ਬਾਲਣ ਡਿਉਢੀ ਤੋਂ ਬਿਨ੍ਹਾਂ ਹੋਰ ਕਿੱਥੇ ਰੱਖਦੇ? ਉਹਨਾਂ ਦਾ ਆਪਣਾ ਬਾਲਣ ਵੀ ਤਾਂ ਡਿਉਢੀ ਵਿੱਚ ਹੀ ਪਿਆ ਸੀ। ਇੱਕ ਚੁਬਾਰੇ ਜਿਸ ਵਿੱਚ ਦੋ ਮੰਜਿਆਂ ਤੋਂ ਬਿਨ੍ਹਾਂ ਰੋਟੀ ਟੁੱਕ ਦਾ ਸਮਾਨ, ਪਾਣੀ ਦਾ ਘੜਾ ਤੇ ਅੰਗੀਠੀ ਹੀ ਟਿਕਦੀ ਸੀ, ਉਹ ਦਰਸ਼ਨਾ ਦੇਵੀ ਹੋਰ ਕਿੱਥੋਂ ਟਿਕਾਉਂਦੀ। ਇਹ ਇੱਕ ਚੁਬਾਰਾ ਹੀ ਸਾਡੇ ਦਿਨੇ ਬੈਠਣ-ਉੱ ਣ ਅਤੇ ਰਾਤ ਨੂੰ ਸੌਣ ਦਾ ਕਮਰਾ ਸੀ। ਇਹੋ ਸਾਡਾ ਸਟੋਰ ਸੀ ਤੇ ਇਹੋ ਰਸੋਈ....14×10 ਫੁੱਟ ਦੇ ਕਮਰੇ ਵਿੱਚ ਭਲਾਂ ਹੋਰ ਕੀ ਟਿਕ ਸਕਦਾ ਸੀ। ਭਾਬੀ ਨੇ ਚੰਗੀ ਭਲੀ ਸਚਿਆਰੀ ਔਰਤ ਨੂੰ ਸਿੱਧਰੀ ਤੇ ਮੋਟੀ ਮੱਤ ਵਾਲੀ ਸਿੱਧ ਕਰਨ ਵਿੱਚ ਕੋਈ ਕਸਰ ਨਾ ਛੱਡੀ। ਉਸ ਨੂੰ ਤਾਂ ਮੇਰੇ ਤੇ ਵੀ ਤਰਸ ਨਹੀਂ ਸੀ ਆਉਂਦਾ। ਉਦੋਂ ਮੇਰੀਆਂ ਅੱਖਾਂ ਦੀ ਰੌਸ਼ਨੀ ਸਿਰਫ਼ ਤੁਰਨ ਫ਼ਿਰਨ ਜੋਗੀ ਰਹਿ ਗਈ ਸੀ ਤੇ ਮੈਨੂੰ ਸਰਕਾਰੀ ਨੌਕਰੀ ਵਿੱਚ ਹੋਣ ਕਾਰਨ ਆਪਣਾ ਇਹ ਪਰਦਾ ਬਣਾਈ ਰੱਖਣਾ ਚਾਹੁੰਦਾ ਸੀ ਕਿ ਮੇਰੀ ਨਜ਼ਜ਼ਰ ਪੜ੍ਹਨ-ਲਿਖਣ ਜੋਗੀ ਠੀਕ-ਠਾਕ ਹੈ, ਕਿਉਂਕਿ ਉਹਨਾਂ ਦਿਨਾਂ ਵਿੱਚ ਨੇਤਰਹੀਣਾ ਦੇ ਰੁਜ਼ਜ਼ਗਾਰ ਦਾ ਪ੍ਰਬੰਧ ਤਾਂ ਕੀ ਹੋਣਾ ਸੀ, ਕਿਸੇ ਚੰਗੇ ਭਲੇ ਦੀ ਜੇ ਨਜ਼ਜ਼ਰ ਚਲੀ ਜਾਂਦੀ ਤਾਂ ਸਰਕਾਰ ਅਣ-ਫਿੱਟ ਕਰਕੇ ਉਸਨੂੰ ਘਰ ਬਹਾ ਦਿੰਦੀ। ਇਸ ਲਈ ਮੈਂ ਭਾਬੀ ਦਾ ਹਰ ਜ਼ਬਰ ਜਰ ਰਿਹਾ ਸੀ। ਘਰ ਦੀ ਗੱਲ ਨੂੰ ਬਾਹਰ ਕੱਢਣਾ ਨਹੀਂ ਸੀ ਚਾਹੁੰਦਾ, ਇਹ ਮੇਰੀ ਮਜ਼ਜ਼ਬੂਰੀ ਵੀ ਸੀ ਤੇ ਸਿਆਣਪ ਵੀ। ਜੇ ਇਹ ਕਹਿ ਦਿਆਂ ਕਿ ਮੈਂ ਭਾਬੀ ਨੂੰ ਵੱਡੀ ਸਮਝਕੇ ਉਸਦਾ ਸਤਿਕਾਰ ਕਰਦਾ ਸੀ ਅਤੇ ਉਸਦੇ ਅੱਗੇ ਕਦੇ ਨਹੀਂ ਸੀ ਬੋਲਦਾ ਤਾਂ ਇਹ ਬਿਲਕੁਲ ਝੂਠ ਹੈ। ਇਹ ਤਾਂ ਮਜ਼ਜ਼ਬੂਰੀ ਦਾ ਨਾਮ 'ਮਹਾਤਮਾ ਗਾਂਧੀ' ਸੀ। ਸਾਨੂੰ ਚੁਬਾਰੇ 'ਚ ਰਹਿੰਦਿਆਂ ਅਜੇ ਤਿੰਨ ਕੁ ਮਹੀਨੇ ਹੀ ਲੰਘੇ ਹੋਣਗੇ ਕਿ ਸਲ੍ਹੀਏ ਤੋਂ ਫਤਿਹ ਚੰਦ ਜੀਜਾ ਜੀ ਅਤੇ ਭੈਣਸ਼ੀਲਾ ਆ ਗਏ। ਮੈਨੂੰ ਉਹਨਾਂ ਦੇ ਆਉਣ ਦੀ ਕੋਈ ਖ਼ਬਰ ਨਹੀਂ ਸੀ। ਭਰਾ ਨੇ ਮੈਨੂੰ ਦੱਸੇ ਬਿਨ੍ਹਾਂ ਜੀਜਾ ਜੀ ਨੂੰ ਚਿੱਠੀ ਲਿਖ ਦਿੱਤੀ ਜਿਵੇਂ ਜੀਜਾ ਜੀ ਨੇ ਦੱਸਿਆ, ਦੋ ਹਰਫ਼ੀ ਚਿੱਠੀ ਵਿੱਚ ਸਿਰਫ਼ ਇਹ ਲਿਖਿਆ ਹੋਇਆ ਸੀ, "ਘਰ 'ਚ ਕਲੇਸ਼ ਰਹਿੰਦਾ ਹੈ। ਤੁਸੀਂ ਆ ਕੇ ਸਾਡਾ-ਵੰਡਾਰਾ ਕਰਾ ਜਾਓ।" ਪਤਾ ਨਹੀਂ ਭਰਾ ਨੇ ਕਿਵੇਂ ਭਰੇ ਮਨ ਨਾਲ ਇਹ ਚਿੱਠੀ ਲਿਖੀ ਹੋਵੇਗੀ, ਪਰ ਚਿੱਠੀ ਦਾ ਅਸਰ



ਐਮਰਜੈਂਸੀ ਲੱਗਣ ਵਾਂਗ ਹੋਇਆ। ਭੈਣ ਨੇ ਮੈਨੂੰ ਆਉਣ ਦਾ ਕਾਰਨ ਦੱਸਣ ਦੇ ਨਾਲ-ਨਾਲ ਵੰਡ-ਵੰਡਾਰਾ ਕਰਨ ਦੀ ਤਜ਼ਵੀਜ ਸਪੱਸ਼ਟ ਤੌਰ 'ਤੇ ਦੱਸ ਦਿੱਤੀ। ਮੇਰੇ ਸਿਰ 'ਤੇ ਜਿਵੇਂ ਸੌ ਘੜਾ ਪਾਣੀ ਦਾ ਮੂਧਾ ਗਿਆ ਹੋਵੇ। ਮੈਂ ਤਾਂ ਕਦੇ ਇਹ ਸੋਚਿਆ ਵੀ ਨਹੀਂ ਸੀ, ਜਿਸ ਕਾਰਨ ਅੱਡ ਹੋਣ ਲਈ ਮੈਨੂੰ ਤਿਆਰ ਨਹੀਂ ਸੀ। ਜੀਜਾ ਜੀ ਤੇ ਭੈਣ ਨੂੰ ਸਮਝਾਇਆ ਕਿ ਇਸ ਨਾਲ ਤਪਾ ਮੰਡੀ ਵਿੱਚ ਬਦਨਾਮੀ ਹੋਵੇਗੀ। ਊਸ਼ਾ ਤੇ ਸਰੋਜ ਦੇ ਵਿਆਹੁਣ ਪਿੱਛੋਂ ਅੱਡ ਹੋਣ ਦੀ ਮੇਰੀ ਤਜਵੀਜ਼ਜ਼ ਵੀ ਸਭ ਵੱਲੋਂ ਰੱਦ ਕਰ ਦਿੱਤੀ ਗਈ, ਸ਼ਾਇਦ ਭਰਾ ਆਉਣ ਵਾਲੀ ਮੇਰੀ ਬਿਪਤਾ ਤੋਂ ਸੁਚੇਤ ਸੀ ਜਾਂ ਘਰ ਵਿੱਚ ਰਲ ਰਹੇ ਕਾਟੋ-ਕਲੇਸ਼ ਤੋਂ ਦੁਖੀ ਸੀ। ਉਹਦਾ ਜੀਜਾ ਜੀ ਨੂੰ ਬੱਸ ਇਹ ਕਹਿਣਾ ਸੀ ਕਿ ਉਹ ਨਬੇੜ ਕੇ ਜਾਣ। ਨਬੇੜਨ ਤੋਂ ਉਸਦਾ ਭਾਵ ਸਪੱਸ਼ਟ ਜ਼ਜ਼ਮੀਨ-ਜਾਇਦਾਦ ਤੋਂ ਲੈ ਕੇ ਸੂਈ ਤੱਕ ਦੇ ਵੰਡਾਰੇ ਦਾ ਸੀ।

ਜੀਜਾ ਜੀ, ਮੇਰਾ ਭਰਾ, ਭੈਣ ਤੇ ਮੈਂ ਦੁਕਾਨ ਵਿੱਚ ਬਹਿ ਗਏ। ਇਸ ਬੈਠਕ ਨੇ ਮੇਰੀ ਤਕਦੀਰ ਦਾ ਫ਼ੈਸ਼ਲਾ ਕਰਨਾ ਸੀ, ਪਰ ਮੈਨੂੰ ਇਹ ਨਹੀਂ ਸੀ ਪਤਾ ਕਿ ਕੁਦਰਤ ਵੱਲੋਂ ਅੱਖਾਂ ਖੋਹ ਲੈਣ ਨਾਲ ਕੀਤੀ ਬੇਇਨਸਾਫ਼ੀ ਪਿੱਛੋਂ ਭਰਾ ਦਾ ਦਿਲ ਵੀ ਪੱਥਰ ਹੋ ਜਾਵੇਗਾ।

ਜੀਜਾ ਜੀ ਮੈਥੋਂ ਵਾਰ-ਵਾਰ ਮੇਰੀ ਇੱਛਾ ਪੁੱਛੀ ਜਾਣ। ਭੈਣ ਵੀ ਕਹੀ ਜਾਵੇ ਬਈ ਮੈਂ ਕੀ ਚਾਹੁੰਦਾ ਹਾਂ। ਮੇਰਾ ਜੀਅ ਕਰੇ ਬਈ ਕਹਿ ਦੇਵਾਂ "ਸਿਰ ਜਣਦਿਆਂ ਦਾ, ਮੈਂ ਕੀ ਚਾਹੁੰਦੈ। ਮੈਂ ਜਦ ਹੁਣ ਤੱਕ ਕਦੇ ਕੁੱਝ ਚਾਹਿਆ ਹੀ ਨਹੀਂ, ਹੁਣ ਮੈਂ ਕੀ ਚਾਹੁਣੈ, ਕਦੇ ਭਰਾ ਅੱਗੇ ਬੋਲਿਆ ਨਹੀਂ, ਸਾਹ ਨਹੀਂ ਕੱਢਿਆ। ਮੈਂ ਹੁਣ ਵੀ ਨਹੀਂ ਬੋਲਣਾ।" ਪਰ ਮੈਨੂੰ ਬੋਲਣ ਲਈ ਵਾਰ-ਵਾਰ ਕਹੀ ਗਏ ਤੇ ਮੈਂ ਅੱਕ ਕੇ ਕਹਿ ਹੀ ਦਿੱਤਾ:

"ਮੈਂ ਅੱਡ ਨਹੀਂ ਹੋਣਾ ਚਾਹੁੰਦਾ। ਕੁੜੀਆਂ ਵਿਆਹੀਆਂ ਜਾਣ, ਪਿੱਛੋਂ ਹੀ ਅੱਡ ਹੋਵਾਂਗਾ।"

"ਭਰਾ-ਭਰਾ ਅੱਡ ਤਾਂ ਹੁੰਦੇ ਹੀ ਆਏ। ਇਹ ਕੋਈ ਨਵੀਂ ਗੱਲ ਨਹੀਂ। ਅਜੇ ਕੁੜੀਆਂ ਪੜ੍ਹਦੀਏ, ਕਦੋ ਵੱਡੀਆਂ ਹੋਣੀਆਂ? ਕਦੋਂ ਵਿਆਹ ਕੀਤਾ?" ਇਹ ਜੀਜਾ ਜੀ ਦੇ ਬੋਲ ਸਨ।

"ਭਰਾ ਬਿਲਕੁਲ ਚੁੱਪ ਸੀ। ਉਸ ਦੇ ਹੱਥ ਵਿੱਚ ਕੁੱਝ ਕਾਗ਼ਜ਼ ਸਨ ਤੇ ਇੱਕ ਪੈਨ, ਭਾਬੀ ਦੋ ਵਾਰ ਗੇੜਾ ਮਾਰ ਗਈ ਸੀ। ਉਸਦਾ ਗੇੜਾ ਮੈਨੂੰ ਵਿਉਹ ਵਰਗਾ ਲੱਗਦਾ ਸੀ, ਕਿਉਂਕਿ ਮੈਨੂੰ ਪਤਾ ਸੀ ਕਿ ਮੈਨੂੰ ਘਰ ਵਿੱਚੋਂ ਕੱਢਣ ਲਈ ਸਾਰੀ ਸਾ:ੀਯ ਭਾਬੀ ਦੀ ਹੀ ਰਚੀ ਹੋਈ ਹੈ। ਜੋ ਇਹ ਚੱਕਰਵਿਊ ਬਣਾਇਆ ਹੈ, ਇਹ ਮੇਰੀ ਬਰਬਾਦੀ ਲਈ ਹੀ ਬਣਾਇਆ ਗਿਆ ਹੈ। ਜੀਜਾ ਜੀ ਤੇ ਭੈਣ ਦੀ ਝੇਪ ਸਪੱਸ਼ਟ ਨਜ਼ਜ਼ਰ ਆ ਰਹੀ ਸੀ। ਉਹ ਓਹੀ ਕੁੱਝ ਕਰਨਾ ਚਾਹੁੰਦੇ ਸਨ, ਜੋ ਭਰਾ ਤੇ ਭਾਬੀ ਚਾਹੁੰਦੇ ਸਨ। ਭਰਾ ਪ੍ਰਤੀ ਮੇਰੇ ਅੰਦਰ ਪਹਿਲੀ ਵਾਰ ਨਫ਼ਰਤ ਦਾ ਅਹਿਸਾਸ ਜਾਗਿਆ ਸੀ। ਮੈਂ ਤਾਂ ਉਸਨੂੰ ਆਪਣਾ ਪਿਓ ਸਮਝਦਾ ਸੀ, ਪਿਓ ਤੋਂ ਵੀ ਵੱਧ। ਮੈਂ ਤਾਂ ਉਸ ਦੇ ਵਿਚਾਰਾਂ ਤੇ ਭਾਵਾਂ ਨੂੰ ਵੀ ਕਦੇ ਸੱਟ ਮਾਰਨ ਦੀ ਕੋਸ਼ਿਸ਼ ਨਹੀਂ ਸੀ ਕੀਤੀ। ਭਾਵੇਂ ਮੇਰੇ ਵਿਚਾਰ ਮੇਰੇ ਭਰਾ ਨਾਲ ਬਿਲਕੁਲ ਨਹੀਂ ਸਨ ਮਿਲਦੇ, ਪਰ ਸਿਰਫ਼ ਉਸਦੇ ਵੱਡੇ ਹੋਣ ਤੇ ਮੇਰੇ ਪਾਲਕ ਹੋਣ ਦੇ ਅਹਿਸਾਨ ਨੇ ਮੈਨੂੰ ਉਸ ਅੱਗੇ ਦੱਬੂ ਬਣਾਈ ਰੱਖਿਆ ਸੀ। ਉਂਝ ਉਹ ਸੀ ਆਰ.ਐਸ.ਐਸ. ਦਾ ਜਨ-ਸੰਘੀ ਤੇ ਮੇਰੇ ਉੱਤੇ ਚੜ੍ਹਿਆ ਹੋਇਆ ਸੀ ਕਮਿਊਨਿਸ਼ਟ ਪਾਰਟੀ ਦਾ ਰੰਗ। ਉਂਝ ਉਹ ਕੱਟੜ ਜਨ-ਸੰਘੀ ਵੀ ਨਹੀਂ ਸੀ। ਮੈਨੂੰ ਉਹ ਮਾਨਵਵਾਦੀ ਜਾਪਦਾ ਸੀ। ਕਦੇ ਮੈਨੂੰ ਰੋਕਿਆ-ਟੋਕਿਆ ਨਹੀਂ ਸੀ। ਮੇਰੀਆਂ ਗਤੀਵਿਧੀਆਂ ਉਸ ਨੂੰ ਸਭ ਪਤਾ ਸਨ, ਪਰ ਫੇਰ ਵੀ ਉਸਦਾ ਚੁੱਪ ਰਹਿਣਾ ਮੈਨੂੰ ਇਉਂ ਲੱਗਦਾ ਸੀ ਕਿ ਇਹ ਮੇਰਾ ਭਰਾ ਬੜਾ ਚੰਗਾ ਇਨਸਾਨ ਹੈ, ਪਰ ਅੱਜ ਉਸਦੀ ਚੁੱਪ ਵਿੱਚੋਂ ਜਿਹੜਾ ਵਿਸਫੋਟ ਹੋਣਾ ਸੀ, ਉਸਦਾ ਮੈਨੂੰ ਅਗਾਊਂ ਅਹਿਸਾਸ ਹੋ ਰਿਹਾ ਸੀ।

ਆਖ਼ਿਰ ਭੈਣ ਨੇ ਚੁੱਪ ਤੋੜੀ। ਤਪੇ ਵਾਲੇ ਹੱਟ-ਹਾਤੇ ਅਤੇ ਪਿੰਡ ਵਾਲੀ ਜ਼ਜ਼ਮੀਨ ਦਾ ਮੁੱਲ ਪਾ ਲਿਆ ਗਿਆ। ਤਪੇ ਵਿੱਚ ਗਲੀ ਨੰਬਰ 8 ਦੇ ਪਲਾਟ ਬਾਰੇ ਭਰਾ ਦਾ ਇਹ ਕਹਿਣਾ ਸੀ ਕਿ ਇਹ ਪਲਾਟ ਉਸਨੇ ਆਪ ਖ਼ਰੀਦਿਆ ਹੈ ਤੇ ਉਸ ਵਿੱਚ ਮੇਰਾ ਕੁੱਝ ਨਹੀਂ। ਇਸ ਗੱਲ 'ਤੇ ਮੈਨੂੰ ਬੋਲਣਾ ਹੀ ਪੈ ਗਿਆ। ਮੈਂ ਸਾਫ਼ ਕਹਿ ਦਿੱਤਾ:

"ਪਿੰਡ ਵਾਲੀ ਹਵੇਲੀ ਵੇਚਣ ਪਿੱਛੋਂ ਇਹ ਪਲਾਟ ਲਿਆ ਸੀ। ਹਵੇਲੀ ਦੇ ਪੈਸੇ ਵੱਟ ਕੇ

ਗਹਿਣੇ ਪਈ ਇਹ ਦੁਕਾਨ ਛੁਡਵਾਈ ਸੀ। ਬਾਕੀ ਬਚੇ ਪੰਦਰਾਂ ਸੋ ਰੁਪਏ ਨਾਲ ਅਸੀਂ ਦੋਵਾਂ ਨੇ ਕੁੱਝ ਹੋਰ ਪੈਸੇ ਪਾ ਕੇ ਇਹ ਪਲਾਟ ਖ਼ਰੀਦਿਆ ਸੀ", ਪਰ ਭਰਾ ਇਸ ਉੱਤੇ ਕੁੱਝ ਨਹੀਂ ਸੀ ਬੋਲਿਆ। ਉਸਨੇ ਚੁੱਪ ਕਰਕੇ ਉਸਦਾ ਮੁੱਲ ਵੀ ਪਾ ਦਿੱਤਾ। ਹੈਰਾਨੀ ਦੀ ਗੱਲ ਇਹ ਸੀ ਕਿ ਤਪਾ ਮੰਡੀ ਵਾਲੇ ਹੱਟ-ਹਾਤੇ ਦਾ ਮੁੱਲ ਘੱਟ ਪਾਇਆ ਗਿਆ, ਕਿਉਂਕਿ ਉਹ ਭਰਾ ਨੇ ਆਪ ਰੱਖਣਾ ਸੀ। ਪਿੰਡ ਵਾਲੀ ਜ਼ਜ਼ਮੀਨ, ਜੋ ਅਜੇ ਵੀ ਸਾਡੇ ਚਾਚੇ-ਤਾਇਆਂ ਨਾਲ ਝਗੜੇ ਦੀ ਜੜ੍ਹ ਬਣੀ ਹੋਈ ਸੀ, ਉਸ ਦਾ ਮੁੱਲ ਸਿਰੇ ਦਾ ਪਾ ਦਿੱਤਾ ਗਿਆ। ਬੱਸ 8 ਨੰਬਰ ਵਾਲੇ ਪਲਾਟ ਦਾ ਮੁੱਲ ਹੀ ਠੀਕ ਪਿਆ ਸੀ।

ਮੈਨੂੰ ਸਭ ਸਮਝ ਆ ਗਈ ਸੀ ਕਿ ਹੁਣ ਕੀ ਵਾਪਰੇਗਾ? ਮੈਨੂੰ ਕੋਈ ਭੁਲੇਖਾ ਨਹੀਂ ਸੀ ਕਿ ਮੈਨੂੰ ਕੀ ਮਿਲਣਾ ਹੈ? ਪਰ ਮੈਂ ਮਨ ਹੀ ਮਨ ਵਿੱਚ ਪਾਏ ਮੁੱਲ ਦੇ ਬਾਵਜੂਦ ਆਪਣੇ ਹਿੱਸੇ ਸਬੰਧੀ ਅਜੇ ਸੋਚ ਹੀ ਰਿਹਾ ਸੀ ਕਿ ਭਾਬੀ ਨੇ ਆ ਕੇ ਮੇਰੇ ਪਿਉ ਦੀ ਮੌਤ ਪਿੱਛੋਂ ਕੀਤੇ ਵਿਆਹਾਂ ਦੇ ਖ਼ਰਚ ਦਾ ਸਵਾਲ ਖੜ੍ਹਾ ਕਰ ਦਿੱਤਾ। ਮੇਰੇ ਅੰਦਰਲਾ ਸਵੈ-ਮਾਨ ਜਾਗ ਪਿਆ। ਮੈਂ ਸਭ ਕੁੱਝ ਛੱਡਣ ਲਈ ਆਪਣੇ ਆਪ ਨੂੰ ਤਿਆਰ ਕਰ ਲਿਆ। ਮਾਂ ਤੋਂ ਵਾਰ-ਵਾਰ ਸੁਣੀ ਗੱਲ ਨੇ ਮੇਰੀ ਦ੍ਰਿੜ੍ਹਤਾ ਨੂੰ ਹੋਰ ਪੱਕਾ ਕੀਤਾ ਕਿ "ਕੋਈ ਹੱਥ ਦੀਆਂ ਖੋਹ ਲਊ, ਮੱਥੇ ਦੀਆਂ ਤਾਂ ਨਹੀਂ ਖੋਹ ਸਕਦਾ।" ਇਸ ਦਾ ਮਤਲਬ ਇਹ ਸੀ ਕਿ ਜੋ ਬੰਦੇ ਦੀ ਕਿਸਮਤ ਵਿੱਚ ਹੁੰਦਾ ਹੈ, ਉਹ ਉਸ ਨੂੰ ਹਰ ਹੀਲੇ ਮਿਲ ਜਾਂਦਾ ਹੈ। ਮਾਰਕਸਵਾਦੀ ਹੋਣ ਦੇ ਬਾਵਜੂਦ ਵੀ ਮਾਂ ਦੀ ਕਹੀ ਇਹ ਗੱਲ ਮੈਨੂੰ ਠੁੰਮਣਾਂ ਦੇ ਰਹੀ ਸੀ।

ਪਿਉ ਦੀ ਮੌਤ ਪਿੱਛੋਂ ਸੀਤਾ ਦਾ ਵਿਆਹ ਹੋਇਆ, ਫੇਰ 1952 ਵਿੱਚ ਭੈਣ ਚੰਦਰਕਾਂਤਾ ਦਾ, ਫੇਰ 1958 ਵਿੱਚ ਤਾਰਾ ਭੈਣ ਦਾ ਤੇ ਫੇਰ 1966 ਵਿੱਚ ਮੇਰਾ ਵਿਆਹ ਹੋਇਆ। ਸਭ ਉੱਤੇ ਕੀਤਾ ਖ਼ਰਚਾ ਲਿਖ ਲਿਆ ਗਿਆ। ਲਿਖਣ ਸਮੇਂ ਭਰਾ ਨੂੰ ਇੱਕ ਅਜੀਬ ਜਿਹੀ ਝੇਪ ਜ਼ਜ਼ਰੂਰ ਸੀ। ਮੈਂ ਉਸ ਵੇਲੇ ਬੜਾ ਭਾਵੁਕ ਸੀ। ਭਾਵੁਕਤਾ ਕਾਰਨ ਹੀ ਮੈਂ ਇਹ ਵੀ ਨਾ ਕਹਿ ਸਕਿਆ ਕਿ ਤਾਰਾ ਦਾ ਵਿਆਹ ਦੁਕਾਨ ਗਹਿਣੇ ਰੱਖ ਕੇ, ਸਾਰੀ ਚਾਂਦੀ ਤੱਕੜੀ ਨਾਲ ਤੋਲ ਕੇ ਤੇ ਮਾਂ ਕੋਲ ਪਿਆ ਬਚਿਆ ਖੁਚਿਆ ਸੋਨਾ ਵੇਚ ਕੇ ਕੀਤਾ ਸੀ ਅਤੇ ਚੜ੍ਹਿਆ ਕਰਜ਼ਾਜ਼ ਅਸੀਂ ਦੋਹਾਂ ਨੇ ਲਾਹਿਆ ਸੀ, ਕਿਉਂਕਿ ਤਾਰਾ ਦੀ ਸ਼ਾਦੀ ਦੇ ਚਾਰ ਮਹੀਨੇ ਪਿੱਛੋਂ ਹੀ ਮੈਂ ਮਾਸਟਰ ਲੱਗ ਗਿਆ ਸੀ, ਭਰਾ ਵੀ ਮਾਸਟਰ ਸੀ। ਮੈਨੂੰ 60 ਰੁਪਏ ਮਿਲਦੇ ਸਨ ਅਤੇ ਭਰਾ ਨੂੰ 100 ਰੁਪਏ। ਦੋਵੇਂ ਅਸੀਂ ਟਿਊਸ਼ਨ ਕਰਦੇ ਸੀ ਤਾਂ ਕਿਤੇ ਜਾ ਕੇ ਘਰ ਦਾ ਜੂਣ-ਗੁਜ਼ਜ਼ਾਰਾ ਹੁੰਦਾ ਸੀ। 'ਜੱਟ ਦੇ ਦੱਬ ਕੇ ਵਾਹ' ਵਾਂਗ ਅਸੀਂ ਦੱਬ ਕੇ ਟਿਊਸ਼ਨਾਂ ਕਰਦੇ ਸੀ, ਜਿਸ ਕਾਰਨ ਅਸੀਂ ਅਗਲੇ ਸਾਲ ਹੀ ਤਾਰਾ ਦੇ ਵਿਆਹ ਦਾ ਸਾਰਾ ਕਰਜ਼ਾਜ਼ਾ ਲਾਹ ਦਿੱਤਾ। ਬੱਸ ਸਿਰਫ਼ ਗਹਿਣੇ ਪਈ ਦੁਕਾਨ ਹੀ ਛੁਡਾਉਣੀ ਬਾਕੀ ਸੀ। ਮੈਂ ਇੰਨਾ ਭਾਵੁਕ ਹੋ ਗਿਆ ਸੀ ਕਿ ਮੇਰੀ ਭਾਵੁਕਤਾ ਹਲਕੇ ਗੁੱਸੇ ਵਿੱਚ ਬਦਲ ਗਈ ਸੀ। ਮੈਂ ਭੈਣ ਸੀਤਾ ਦੀ ਟੀ.ਬੀ. ਦੀ ਬਿਮਾਰੀ ਉੱਤੇ ਹੋਏ ਖ਼ਰਚ ਨੂੰ ਵੀ ਹਿਸਾਬ-ਕਿਤਾਬ ਵਿੱਚ ਲਿਖਣ ਲਈ ਕਹਿ ਦਿੱਤਾ। ਭਰਾ ਨੇ ਪਹਿਲਾਂ ਤਾਂ ਨਾਂਹ-ਨਾਂਹ ਕੀਤੀ, ਪਰ ਪਿੱਛੋਂ ਭੈਣ ਦੀ ਬਿਮਾਰੀ ਉੱਤੇ ਹੋਏ ਖ਼ਰਚ ਦੇ ਤਿੰਨ ਹਜ਼ਜ਼ਾਰ ਰੁਪਏ ਵੀ ਲਿਖ ਲਏ। ਮੈਂ ਇਹ ਲਿਖਵਾ ਕੇ ਜਿਵੇਂ ਸੁਰਖ਼ਰੂ ਹੋ ਗਿਆ ਹੋਵਾਂ। ਉਸ ਵੇਲੇ ਤਾਂ ਮੈਂ ਇਹ ਕਹਿਣ ਲਈ ਵੀ ਤਿਆਰ ਹੋ ਗਿਆ ਸੀ ਕਿ ਪਿਉ ਦੀ ਮੌਤ ਪਿੱਛੋਂ ਸਾਡੇ ਭੈਣ-ਭਰਾਵਾਂ ਦੇ ਪਾਲਣ ਪੋਸ਼ਣ ਉੱਤੇ ਵੀ ਜਿਹੜਾ ਖ਼ਰਚ ਹੋਇਆ ਹੈ, ਉਹ ਵੀ ਲਿਖ ਲਵੋ। ਪਰ ਪਤਾ ਨਹੀਂ ਕਿਸ ਝੇਪ ਨੇ ਮੈਨੂੰ ਇਹ ਗੱਲ ਕਹਿਣ ਤੋਂ ਰੋਕ ਦਿੱਤਾ। ਸੰਭਵ ਹੈ ਕਿ ਮੇਰੇ ਅੰਦਰ ਉਦੋਂ ਇਹ ਦਲੀਲ ਵੀ ਆਈ ਹੋਵੇ ਕਿ ਜੇ ਭਰਾ ਨੇ ਰੋਟੀ ਦਿੱਤੀ ਤਾਂ ਪਿੰਡ ਦੀ ਜ਼ਜ਼ਮੀਨ ਦਾ ਦਾਣਾ-ਫੱਕਾ ਵੀ ਆਇਆ ਹੈ ਤੇ ਦੁਕਾਨ ਦਾ ਕਿਰਾਇਆ ਵੀ, ਪਰ ਅਜਿਹਾ ਕਹਿਣਾ ਮੇਰੇ ਲਈ ਨਾ ਉੱਚਿਤ ਸੀ ਤੇ ਨਾ ਹੀ ਇਹ ਸੋਭਦਾ ਸੀ। ਭਰਾ ਨੇ ਕਾਲੇ ਬਲਦ ਵਾਂਗ ਕਮਾਈ ਕੀਤੀ ਸੀ। ਕਬੀਲਦਾਰੀ ਕਿਉਂਟੀ ਸੀ ਤੇ ਸਾਨੂੰ ਭੈਣ-ਭਰਾਵਾਂ ਨੂੰ ਰੱਜਵਾਂ ਮੋਹ ਦਿੱਤਾ ਸੀ। ਉਸ ਦੇ ਹੁੰਦਿਆਂ ਜਿਵੇਂ ਸਾਨੂੰ ਪਿਉ ਯਾਦ ਹੀ ਨਹੀਂ ਸੀ ਆਇਆ। ਪਰ ਅੱਜ ਭਰਾ 'ਤੇ ਸਿਰ! ਇੱਕੋ ਹੀ ਗਿਲਾ ਸੀ ਕਿ ਉਸਨੂੰ ਉਸ ਹਾਲਤ ਵਿੱਚ ਮੇਰੀ ਬਾਂਹ ਨਹੀਂ ਛੱਡਣੀ ਚਾਹੀਦੀ, ਜਦੋਂ ਕਿ ਮੇਰੀਆਂ ਅੱਖਾਂ ਦੇ ਦੀਵੇ ਬੁਝਣ 'ਤੇ ਆ ਗਏ ਸਨ। ਮੈਂ ਅੰਦਰ ਅੰਦਰੀ ਸੋਚੀ ਜਾ ਰਿਹਾ ਸੀ ਕਿ ਜੇ ਮੇਰੇ ਨਾਲ ਇਉਂ ਹੀ ਕਰਨਾ ਸੀ ਤਾਂ ਮੇਰਾ ਵਿਆਹ ਕਰਨ ਦੀ ਕਿਹੜੀ ਲੋੜ ਸੀ। ਸੋਮਨਾਥ ਦਾ ਕਿਹੜਾ ਵਿਆਹ ਹੋਇਆ ਹੈ। ਬੱਸ ਇਸ ਉਦੇੜ-ਬੁਨਣ ਵਿੱਚ ਹੀ ਕਾਗ਼ਜ਼ਗ਼ਜ਼ ਤਿਆਰ ਹੋ



ਗਿਆ ਸੀ। ਹੁਣ ਸਿਰਫ਼ ਜੀਜਾ ਜੀ ਤੇ ਭੈਣ ਦੇ ਹੁਕਮ ਦੀ ਉਡੀਕ ਸੀ।

ਸਾਰੀ ਜਾਇਦਾਦ ਦਾ ਮੁੱਲ ਜੋੜ ਲਿਆ ਗਿਆ। ਵਿਆਹਾਂ ਅਤੇ ਭੈਣ ਸੀਤਾ ਦੀ ਬਿਮਾਰੀ ਦਾ ਖ਼ਰਚ ਅੱਡ ਜੋੜ ਲਿਆ। ਜਾਇਦਾਦ ਦੇ ਮੁੱਲ ਦਾ ਅੱਧ ਕਰਨ ਪਿੱਛੋਂ ਅਤੇ ਹੋਏ ਖ਼ਰਚ ਦੇ ਅੱਧ ਨੂੰ ਵਿੱਚੋਂ ਘਟਾਉਣ ਨਾਲ ਮੇਰੇ ਹਿੱਸੇ ਦੀ ਜਾਇਦਾਦ ਭਰਾ ਦੇ ਹਿੱਸੇ ਨਾਲੋਂ ਬਿਲਕੁਲ ਅੱਧੀ ਰਹਿ ਗਈ ਸੀ। ਇਸ ਲਈ ਹੱਟ-ਹਾਤਾ ਭਰਾ ਦੇ ਹਿੱਸੇ ਵਿੱਚ ਪਾ ਦਿੱਤਾ ਗਿਆ ਅਤੇ ਝਗੜੇ ਦੀ ਜੜ੍ਹ ਪਿੰਡ ਸਹਿਣੇ ਦੀ ਜ਼ਜ਼ਮੀਨ ਅਤੇ ਤਪੇ ਮੰਡੀ ਦੀ ਗਲੀ ਨੰਬਰ 8 ਵਾਲਾ ਪਲਾਟ ਮੇਰੇ ਹਿੱਸੇ ਆ ਗਿਆ।

ਸਾਫ਼ ਕਾਗ਼ਜ਼ਜ਼ ਉੱਤੇ ਹੀ ਲਿਖਤ-ਪੜ੍ਹਤ ਕਰ ਦਿੱਤੀ ਗਈ। ਭੈਣ ਤੇ ਜੀਜਾ ਜੀ ਮੈਨੂੰ ਇਹ ਜਚਾਉਣ ਵਿੱਚ ਲੱਗੇ ਹੋਏ ਸਨ ਕਿ ਮੇਰੇ ਨਾਲ ਕੋਈ ਬੇਇਨਸਾਫ਼ੀ ਨਹੀਂ ਹੋਈ, ਜਦਕਿ ਸਾਰੇ ਵੰਡ-ਵੰਡਾਰੇ ਵਿੱਚ ਇਨਸਾਫ਼ ਦਾ ਨਾਂ ਤੱਕ ਵੀ ਨਹੀਂ ਸੀ।

ਘਰ ਦਾ ਸਾਰਾ ਸਮਾਨ ਵੀ ਫਟਾ-ਫਟ ਵੰਡ ਦਿੱਤਾ ਗਿਆ। ਉਨ੍ਹਾਂ ਦਿਨਾਂ ਵਿੱਚ ਭਰਾ ਦਾ ਵੱਡਾ ਲੜਕਾ ਸੁਰੇਸ਼ ਸਾਡੇ ਵਾਲੀ ਦੁਕਾਨ ਵਿੱਚ ਹੀ ਭਾਂਡਿਆਂ ਦੀ ਦੁਕਾਨ ਕਰਦਾ ਸੀ। ਸੋ ਦੁਕਾਨ ਵਿਚਲਾ ਸਾਰਾ ਜੱਦੀ ਪੁਸਤੀ ਸਮਾਨ ਭਰਾ ਦੇ ਹਿੱਸੇ ਕਰ ਦਿੱਤਾ ਗਿਆ। ਦੁਕਾਨ ਵਿੱਚ ਵਿਛੀ ਸ਼ਤਰੰਜੀ, ਪੁਰਾਣਾ ਵੱਡਾ ਲੋਹੇ ਦਾ ਗੱਲਾ ਅਤੇ ਹੋਰ ਨਿੱਕ-ਸੁੱਕ ਸਭ ਭਰਾ ਦੇ ਹਿੱਸੇ। ਸ਼ਤਰੰਜੀ ਦੀ ਥਾਂ ਮੈਨੂੰ ਇੱਕ ਗਲੀਚਾ ਦਿੱਤਾ, ਜਿਸਦੀ ਸਾਰੀ ਉੱਨ ਕੀੜਿਆਂ ਨੇ ਖਾ ਲਈ ਸੀ। ਡਿਉਢੀ 'ਚ ਪਈ ਚੱਕੀ ਭਰਾ ਦੇ ਹਿੱਸੇ ਅਤੇ ਉਸਦੇ ਬਦਲੇ ਕਪਾਹ ਵੇਲਣ ਵਾਲੀ ਵੇਲਣੀ ਮੇਰੇ ਹਿੱਸੇ। ਤਾਰਾ ਦੇ ਵਿਆਹ ਵੇਲੇ ਵੇਚੀ ਚਾਂਦੀ ਵਿੱਚੋਂ ਦੋ ਚਾਂਦੀ ਦੇ ਗਿਲਾਸ ਬਚੇ ਸਨ, ਜਦੋਂ ਉਨ੍ਹਾਂ ਵਿੱਚੋਂ ਇੱਕ ਗਿਲਾਸ ਮੈਨੂੰ ਦੇਣ ਲਈ ਮਾਂ ਨੇ ਕਿਹਾ ਤਾਂ ਭਾਬੀ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਪਰ ਭੈਣ ਦੇ ਕਹਿਣ ਉੱਤੇ ਅੰਤ ਚਾਂਦੀ ਦਾ ਇੱਕ ਗਿਲਾਸ ਸਾਨੂੰ ਮਿਲ ਹੀ ਗਿਆ। ਘਰ ਦਾ ਬਾਕੀ ਸਾਰਾ ਸਮਾਨ ਭਰਾ ਦੇ ਹਿੱਸੇ ਪਾ ਦਿੱਤਾ ਗਿਆ ਤੇ ਮੇਰੇ ਹਿੱਸੇ ਭਾਂਡਿਆਂ ਵਿੱਚੋਂ ਇੱਕ ਵੱਡੀ ਪਰਾਤ, ਦੇਗਚਾ ਤੇ ਗੜਵਾ ਆਇਆ। ਪੁਰਾਣੀਆਂ ਪਈਆਂ ਪੰਦਰਾਂ ਵੀਹ ਵਹੀਆਂ ਵਿੱਚੋਂ ਭਰਾ ਨੇ ਅੱਧੀਆਂ ਮੇਰੇ ਹਿੱਸੇ ਵਿੱਚ ਰੱਖ ਦਿੱਤੀਆਂ। ਭਰਾ ਦੇ ਵਿਆਹ ਉੱਤੇ ਪਿਉ ਦਾ ਬਣਾ ਕੇ ਦਿੱਤਾ ਹੋਇਆ ਸੋਨਾ ਤੇ ਉਸ ਪਿੱਛੋਂ ਚੋਰੀ-ਛੁਪੇ ਬਣਾਇਆ ਟੂਮ-ਛੱਲਾ, ਇਨ੍ਹਾਂ ਵਿੱਚੋਂ ਹਿੱਸਾ ਮੰਗਣ ਨਾਲ ਕਲੇਸ਼ ਵਧਣ ਦਾ ਡਰ ਸੀ। ਮੈਂ ਚੁੱਪ ਰਿਹਾ, ਪਰ ਜਦੋਂ ਮੇਰੀ ਪਤਨੀ ਨੇ ਇਹ ਗੱਲ ਕਹੀ ਤਾਂ ਭਰਾ ਨੇ ਕਿਹਾ ਕਿ ਸਾਰਾ ਸੋਨਾ ਵੰਡਿਆ ਜਾਵੇਗਾ। ਮੇਰੇ ਸਹੁਰਿਆਂ ਨੇ ਪੰਦਰਾਂ ਤੋਲੇ ਸੋਨਾ ਪਾਇਆ ਸੀ ਤੇ ਭਰਾ ਦੇ ਸਹੁਰਿਆਂ ਦੇ ਸੋਨੇ ਵਾਲਾ ਖ਼ਾਨਾ ਬਿਲਕੁਲ ਖ਼ਾਲੀ ਸੀ। ਇਸ ਲਈ ਮੇਰੇ ਵਿਆਹ ਉੱਤੇ ਮੇਰੇ ਸਹੁਰਿਆਂ ਦੁਆਰਾ ਸ਼ਗਨ ਵਿੱਚ ਦਿੱਤੇ ਰੁਪਏ ਵਿੱਚੋਂ ਬਣਾਇਆ ਸੱਤ ਤੋਲੇ ਸੋਨਾ ਅਤੇ ਮੇਰੇ ਸਹੁਰਿਆਂ ਦਾ ਪਾਇਆ ਪੰਦਰਾਂ ਤੋਲੇ ਸੋਨਾ ਅਤੇ ਭਾਬੀ ਕੋਲ ਮੇਰੇ ਪਿਉ ਤੇ ਭਰਾ ਕੋਲੋਂ ਮਿਲਿਆ ਸੋਨਾ ਬਰਾਬਰ ਦੀ ਤੱਕੜੀ ਵਿੱਚ ਤੁਲ ਗਏ।

ਅਸਲ ਵਿੱਚ ਜੀਜਾ ਜੀ ਅਤੇ ਭੈਣ ਆਏ ਹੀ ਭਰਾ ਦੇ ਹੱਕ ਵਿੱਚ ਭੁਗਤਣ ਲਈ ਸਨ। ਮੇਰੇ ਖ਼ਿਆਲ ਵਿੱਚ ਉਨ੍ਹਾਂ ਉੱਤੇ ਭਰਾ ਦੇ ਕੀਤੇ ਅਹਿਸਾਨ ਦਾ ਬਦਲਾ ਚੁਕਾਉਣ ਦਾ ਇਸ ਤੋਂ ਵਧੀਆ ਮੌਕਾ ਹੋਰ ਕੋਈ ਨਹੀਂ ਸੀ। ਛੇ ਸਾਲ (1955-61) ਤੱਕ ਮੇਰਾ ਵੱਡਾ ਭਾਣਜਾ ਵਿਜੈ ਕੁਮਾਰ ਤਪੇ ਰਹਿ ਕੇ ਹੀ ਪੜ੍ਹਿਆ ਸੀ। ਉਸ ਪਿੱਛੋਂ ਦੋ ਸਾਲ ਕੈਲਾਸ਼ ਰਿਹਾ ਅਤੇ ਦਸਵੀਂ ਕਰਕੇ ਗਿਆ। ਸ਼ਾਇਦ ਇਸ ਅਹਿਸਾਨ ਕਾਰਨ ਉਹ ਭਰਾ ਦਾ ਪੱਖ ਪੂਰਦੇ ਸਨ, ਪਰ ਉਹ ਭੁੱਲ ਗਏ ਸਨ ਕਿ ਜਦੋਂ ਵਿਜੈ ਦਸਵੀਂ ਵਿੱਚ ਪੜ੍ਹਦਾ ਸੀ, ਉਦੋਂ ਹਰਬੰਸ ਲਾਲ ਤਾਂ ਮੋਗੇ ਬੀ.ਐੱਡ. ਕਰਦਾ ਸੀ ਅਤੇ ਮੈਂ ਹੀ ਘਰ ਵਿੱਚ ਇਕੱਲਾ ਕਮਾਊ ਸੀ। ਵਿਜੈ ਕੁਮਾਰ ਨੂੰ ਦਸਵੀਂ ਪਾਸ ਕਰਾਉਣਾ ਢਿੱਲੇ ਗੁੜ ਨੂੰ ਖੰਡ ਦੇ ਭਾਅ ਵੇਚਣ ਬਰਾਬਰ ਸੀ। ਫੇਰ ਕੈਲਾਸ਼ ਦੇ ਪੜ੍ਹਾਉਣ ਸਮੇਂ ਵੀ ਮੈਂ ਸਾਰੀ ਕਮਾਈ ਘਰ ਵਿੱਚ ਹੀ ਦਿੰਦਾ ਸੀ। ਛੋਟੀ ਕੁੜੀ ਰਾਜੀ ਤਾਂ ਪੰਜ ਸਾਲ ਧੌਲੇ ਰਹਿ ਕੇ ਮੇਰੇ ਕੋਲ ਹੀ ਪੜ੍ਹੀ ਸੀ। ਇਸ ਲਈ ਮੇਰੇ ਕੀਤੇ ਦਾ ਮੇਰੇ ਭੈਣ-ਭਣੋਈਏ ਨੇ ਕੀ ਫਲ ਦਿੱਤਾ। ਮੈਨੂੰ ਹੁਣ ਤੱਕ ਵੀ ਸਮਝ ਨਹੀਂ ਸਕਿਆ ਕਿ ਮੇਰਾ ਉਹ ਕਿਹੜਾ ਕਸੂਰ ਸੀ, ਜਿਸ ਬਦਲੇ ਮੇਰੇ ਭੈਣ-ਭਰਾ ਨੇ ਮੈਨੂੰ ਇਹ ਸਜ਼ਾਜ਼ਾ ਦਿੱਤੀ ਅਤੇ ਦੂਜੀਆਂ ਭੈਣਾਂ ਤੇ ਭਣੋਈਏ ਗੂੰਗੇ ਬਣਕੇ ਰਹਿ ਗਏ। ਵੰਡ-ਵੰਡਾਰੇ ਦਾ ਦੁਖਾਂਤ ਇੱਥੇ ਹੀ ਨਹੀਂ ਮੁੱਕਿਆ। ਭੈਣ-ਭਣੋਈਏ ਦਾ ਹੁਕਮ ਸੀ ਕਿ ਅਸੀਂ ਛੇਤੀ ਚੁਬਾਰਾ ਖ਼ਾਲੀ

ਕਰਕੇ ਕਿਸੇ ਕਿਰਾਏ ਦੇ ਮਕਾਨ ਵਿੱਚ ਚਲੇ ਜਾਈਏ। ਇਸ ਕੰਮ ਲਈ ਸਾਨੂੰ ਇੱਕ ਮਹੀਨੇ ਦੀ ਮੋਹਲਤ ਮਿਲੀ ਸੀ।

ਉਨ੍ਹਾਂ ਦਿਨਾਂ ਵਿੱਚ ਮਥੁਰਾ ਦਾਸ ਤਾਏ ਦਾ ਮਕਾਨ ਖ਼ਾਲੀ ਪਿਆ ਸੀ। ਮਥੁਰਾ ਦਾਸ ਦਾ ਪਰਿਵਾਰ ਹੁਣ ਪਿੰਡ ਸ਼ਹਿਣੇ ਰਹਿੰਦਾ ਸੀ। ਉਸਦੇ ਬਾਕੀ ਲੜਕੇ ਤਾਂ ਬਾਹਰ ਕੰਮ ਕਰਦੇ ਸਨ। ਸਿਰਫ਼ ਸੋਮਨਾਥ ਹੀ ਪਿੰਡ ਰਹਿੰਦਾ ਸੀ, ਉਹ ਮੈਥੋਂ ਬਹੁਤ ਚਿਰ ਪਹਿਲਾਂ ਨੇਤਰਹੀਣ ਹੋ ਚੁੱਕਾ ਸੀ। ਉਸ ਦੀਆਂ ਤਿੰਨ ਭੈਣਾਂ ਦੀ ਵੀ ਅੱਖਾਂ ਦੀ ਜੋਤ ਜਾਂ ਤਾਂ ਘੱਟ ਸੀ ਜਾਂ ਬਿਲਕੁਲ ਨਹੀਂ ਸੀ। ਇਸ ਲਈ ਸੋਮਨਾਥ ਨੂੰ ਮੇਰੇ ਨਾਲ ਬੜੀ ਹਮਦਰਦੀ ਸੀ। ਦਰਸ਼ਨਾ ਕੋਲ ਮੈਂ ਘਰ ਕਿਰਾਏ ਤੇ ਲੈਣ ਸਬੰਧੀ ਸਲਾਹ ਕਰਕੇ ਪਿੰਡ ਚਲਾ ਗਿਆ। ਸੋਮਨਾਥ ਨੇ ਬੜਾ ਆਦਰ-ਮਾਣ ਕੀਤਾ। ਮੈਨੂੰ ਲੱਗਿਆ ਕਿ ਮੇਰਾ ਸਕਾ ਭਰਾ ਹਰਬੰਸ ਲਾਲ ਨਹੀਂ, ਸੋਮਨਾਥ ਹੈ। ਜਦੋਂ ਮੈਂ ਉਸਨੂੰ ਵੰਡ-ਵੰਡਾਰੇ ਦੀ ਸਾਰੀ ਕਹਾਣੀ ਸੁਣਾਈ ਅਤੇ ਆਪਣੇ ਆਉਣ ਦਾ ਮਕਸਦ ਦੱਸਿਆ ਤਾਂ ਉਹ ਕਹਿਣ ਲੱਗਾ:

"ਦੇਖ ਛੋਟੇ ਭਾਈ, ਆਪਾਂ ਮਕਾਨ ਕਿਰਾਏ 'ਤੇ ਕਦੇ ਕਿਸੇ ਨੂੰ ਦਿੱਤਾ ਨਹੀਂ, ਪਿੱਛੋਂ ਅਗਲਾ ਖ਼ਾਲੀ ਨਹੀਂ ਕਰਦਾ। ਪਏ ਮੁਕੱਦਮੇ ਲੜਦੇ ਫਿਰੋ ਤੇ ਨਾਲੇ ਫ਼ੈਸਲੇ ਵੀ ਕਿਰਾਏਦਾਰਾਂ ਦੇ ਹੱਕ 'ਚ ਹੁੰਦੇ ਹਨ। ਹੁਣ ਤੂੰ ਆਇਐਂ, ਤੈਨੂੰ ਜਵਾਬ ਨਹੀਂ। ਬਾਈ ਦਾ ਕੋਈ ਪੁੱਤ ਧੀ ਤਪੇ ਵਾਲੇ ਹੱਟ-ਹਾਤੇ 'ਚ ਰਹਿ ਪਿਆ ਕਿ ਚਾਚੇ ਲੇਖ ਰਾਮ ਦਾ ਪੁੱਤ, ਤੂੰ ਬੜੀਖ਼ੁਸ਼ੀ ਨਾਲ ਉੱਥੇ ਰਹਿ ਸਕਦੈਂ। ਕਿਰਾਇਆ ਕੋਈ ਨਹੀਂ, ਪਰ ਤਰਸੇਮ ਸ਼ਾਇਸ ਹੈਨੂੰ ਮੇਰੀ ਗੱਲ ਚੰਗੀ ਨਾ ਲੱਗੇ, ਹਰਬੰਸ ਲਾਲ ਬੜਾ ਸਿਆਣਾ ਆਦਮੀ ਐਂ। ਉਹਦੀ ਮੱਤ ਨੂੰ ਕੀ ਹੋ ਗਿਆ? ਉਹਨੇ ਕੋਈ ਅੱਛੀ ਬਾਤ ਨਹੀਂ ਕੀਤੀ। ਤੀਵੀਆਂ ਤਾਂ ਵੀਹ ਮਿਲ ਜਾਂਦੀਆਂ ਹੁੰਦੀਆਂ, ਭਰਾ ਨੂੰ ਭਰਾ ਨਹੀਂ ਮਿਲਦੈ। ਨਾਲੇ ਤੁਸੀਂ ਤਾਂ ਰਾਮ-ਲਛਮਣ ਦੀ ਜੋੜੀ ਓ। ਬਾਈ ਜੋ ਥੋਨੂੰ ਸੋਭਾ ਤੇ ਤੁਲਸੀ ਕਹਿੰਦੇ ਹੁੰਦੇ ਐ। ਹਰਬੰਸ ਲਾਲ ਸੋਭਾ ਹੋਇਆ ਤੇ ਤੂੰ ਤੁਲਸੀ। ਸੋਭਾ ਸੁਭਾਅ ਦਾ ਸਾਊ ਸੀ ਤੇ ਤੁਲਸੀ ਤਿੱਖਾ। ਬਾਈ ਜੀ ਹਰਬੰਸ ਲਾਲ ਨੂੰ ਤਾਂ ਬਹੁਤ ਸਾਊ ਸਮਝਦੇ ਸੀ ਤੇ ਤੈਨੂੰ ਜਰਾ ਤਿੱਖਾ।" ਸੋਮਨਾਥ ਦੀ ਗੱਲ ਸੁਣਦੇ-ਸੁਣਦੇ ਮੇਰੀ ਭੁੱਬ ਨਿਕਲ ਗਈ ਸੀ। ਬੜਾ ਕਾਬੂ ਕਰਨ 'ਤੇ ਵੀ ਰੋਣਾ ਬੰਦ ਨਹੀਂ ਸੀ ਹੋ ਰਿਹਾ।

ਸੋਮਨਾਥ ਨੇ ਮੇਰੀ ਪਿੱਠ 'ਤੇ ਹੱਥ ਫੇਰਨਾ ਸ਼ੁਰੂ ਕੀਤਾ। ਤਾਈ ਚਾਹ ਲੈ ਕੇ ਆ ਗਈ ਸੀ। ਸੋਮਨਾਥ ਨੇ ਸਿਰਫ਼ ਇੱਕ-ਡੇਢ ਵਾਕ ਵਿੱਚ ਹੀ ਮੇਰਾ ਸਾਰਾ ਦੁੱਖ ਤਾਈ ਅੱਗੇ ਰੱਖ ਦਿੱਤਾ ਸੀ ਤੇ ਤਾਈ ਨੇ ਵੀ ਮੈਨੂੰ ਦਿਲਾਸਾ ਦਿੰਦਿਆਂ ਮਕਾਨ ਮੈਨੂੰ ਦੇਣ ਲਈ ਹਾਮੀ ਭਰ ਦਿੱਤੀ ਸੀ। ਮੇਰੇ ਵਾਰ-ਵਾਰ ਕਹਿਣ ਉੱਤੇ ਤੀਹ ਰੁਪਏ ਮਹੀਨਾ ਕਿਰਾਇਆ ਤੈਅ ਹੋ ਗਿਆ ਸੀ। ਘਰ ਦੀ ਕੁੰਜੀ ਲੈ ਕੇ ਮੈਂ ਦਿਨ ਛਿਪਣ ਤੋਂ ਪਹਿਲਾਂ ਆ ਗਿਆ ਸੀ। ਰਾਤ ਨੂੰ ਸਮਾਨ ਚੁੱਕਣ ਅਤੇ ਤਾਏ ਮਥੁਰਾ ਦਾਸ ਦੇ ਘਰ ਦੀ ਸਾਫ਼-ਸਫ਼ਾਈ ਬਾਰੇ ਦਰਸ਼ਨਾਂ ਨਾਲ ਸਲਾਹ ਮਸ਼ਵਰਾ ਕਰਦਾ ਰਿਹਾ। ਮੈਂ ਬੜੀ ਹੀਣ ਭਾਵਨਾ ਦਾ ਸ਼ਿਕਾਰ ਸੀ। ਇੱਕ ਪਾਸੇ ਤਾਂ ਮੇਰੀ ਨਜ਼ਜ਼ਰ ਜਾਣ ਦਾ ਖ਼ਤਰਾ ਸਿਰ 'ਤੇ ਤਲਵਾਰ ਵਾਂਗ ਲਟਕ ਰਿਹਾ ਸੀ ਤੇ ਦੂਜੇ ਪਾਸੇ ਘਰੋਂ ਬੇਘਰ ਹੋਣ ਦੀ ਸ਼ਰਮਿੰਦਗੀ ਕਾਰਨ ਮੈਂ ਆਪਣੀ ਪਤਨੀ ਅੱਗੇ ਅੱਖ ਚੁੱਕਣ ਜੋਗਾ ਨਹੀਂ ਸੀ ਰਿਹਾ। ਭਰਾ ਨੂੰ ਤਾਏ ਮਥੁਰਾ ਦਾਸ ਦਾ ਘਰ ਕਿਰਾਏ 'ਤੇ ਮਿਲਣ ਦੀ ਖ਼ਬਰ ਦੇ ਦਿੱਤੀ ਸੀ। ਉਸਨੂੰ ਇਹ ਸੁਣ ਕੇ ਬਹੁਤ ਤਸੱਲੀ ਹੋਈ ਹੋਵੇਗੀ ਤੇ ਭਾਬੀ ਨੂੰ ਬਹੁਤ ਖ਼ੁਸ਼ੀ, ਪਰ ਮਾਂ ਦੀਆਂ ਅੱਖਾਂ ਵਿੱਚੋਂ ਵਗਦੀ ਗੰਗਾ ਕਾਰਨ ਯੇਰਾ ਆਪਣਾ ਵੀ ਰੋਣ ਨਿਕਲ ਗਿਆ ਸੀ। ਜਦੋਂ ਸਾਰੇ ਹੇਠਾਂ ਟਿਕਟਿਕਾ ਗਏ ਸਨ, ਮਾਂ ਪੋਲੇ ਪੈਰੀਂ ਉੱਪਰ ਚੜ੍ਹ ਆਈ ਸੀ। ਉਦੋਂ ਮਾਂ ਦਾ ਮੰਜਾ ਡਿਉਢੀ ਵਿੱਚ ਹੁੰਦਾ ਸੀ। ਇਸ ਲਈ ਮਾਂ ਦੇ ਉੱਪਰ ਸਾਡੇ ਕੋਲ ਆਉਣ ਬਾਰੇ ਸ਼ਾਇਦ ਕਿਸੇ ਨੂੰ ਵੀ ਪਤਾ ਲੱਗਣ ਦੀ ਗੁੰਜਾਇਸ਼ ਨਹੀਂ ਸੀ। ਮਾਂ ਚੁਬਾਰੇ ਵਿੱਚ ਸਿਰਫ਼ ਇਸ ਲਈ ਆਈ ਸੀ ਤਾਂ ਜੋ ਉਹ ਦੱਸ ਸਕੇ ਕਿ ਇਹ ਉਸਦੀ ਬੇਵੱਸੀ ਹੈ। ਖ਼ਾਸ ਤੌਰ 'ਤੇ ਮਾਂ ਦਰਸ਼ਨਾ ਦਾ ਮਨ ਟਿਕਾਉਣਾ ਚਾਹੁੰਦੀ ਸੀ ਅਤੇ ਮਾਂ ਕੋਲ ਪ੍ਰਲੱਭਤ ਉੱਤੇ ਭਰੋਸਾ ਰੱਖਣ ਤੋਂ ਬਿਨਾਂ ਦਰਸ਼ਨਾ ਨੂੰ ਸਮਝਾਉਣ ਲਈ ਹੋਰ ਕੋਈ ਦਲੀਲ ਨਹੀਂ ਸੀ। ਅਗਲੇ ਦਿਨ ਸਕੂਲ ਤੋਂ ਪਰਤਣ ਪਿੱਛੋਂ ਸਮਾਨ ਚੁੱਕਣ ਦਾ ਮਨ ਬਣਾ ਕੇ ਮੈਂ ਇੱਕ ਰੇਹੜੀ ਵਾਲੇ ਨੂੰ ਬੁਲਾ ਲਿਆਇਆ ਸੀ। ਘਰ ਵਿੱਚ ਸਮਾਨ ਚੁੱਕਣ ਲਈ ਵੀ ਸਾਡੀ ਮੱਦਦ ਕਰਨ ਵਾਲਾ ਕੋਈ ਨਹੀਂ ਸੀ। ਕ੍ਰਾਂਤੀ ਨੂੰ ਮਾਂ ਕੋਲ ਬਹਾ ਕੇ ਅਸੀਂ ਦੋਵਾਂ ਨੇ ਚੁਬਾਰੇ ਤੋਂ



ਸਮਾਨ ਲਾਹਿਆ। ਰੇਹੜੀ ਵਾਲੇ ਨੇ ਵੀ ਕੁੱਝ ਮੱਦਦ ਕੀਤੀ। ਡਿਉਢੀ ਵਿੱਚ ਪਿਆ ਲੱਕੜ-ਸੁੱਕੜ ਵੀ ਰੇਹੜੀ ਵਿੱਚ ਲੱਦ ਲਿਆ। ਦਿਨ ਛਿਪਣ ਦੇ ਬਾਵਜੂਦ ਵੀ ਆਂਢ-ਗੁਆਂਢ ਨੂੰ ਸਾਡੇ ਘਰ ਛੱਡਣ ਬਾਰੇ ਪਤਾ ਲੱਗ ਗਿਆ ਸੀ। ਅਸੀਂ ਆਪਣੇ ਹੀ ਘਰ 'ਚੋਂ ਇਸ ਤਰ੍ਹਾਂ ਜਾ ਰਹੇ ਸੀ ਜਿਵੇਂ ਕੋਈ ਕਿਰਾਏਦਾਰ ਕਿਰਾਏ ਦੇ ਮਕਾਨ ਵਿੱਚੋਂ ਕਿਸੇ ਦੂਜੇ ਕਿਰਾਏ ਦੇ ਮਕਾਨ ਵਿੱਚ ਜਾ ਰਿਹਾ ਹੋਵੇ। ਪਤਨੀ ਮੇਰੇ ਸਕੂਲ ਜਾਣ ਸਮੇਂ ਤਾਏ ਮਥੁਰਾ ਦਾਸ ਦੇ ਘਰ ਦੀ ਸਫ਼ਾਈ ਤੇ ਝਾੜ-ਪੂੰਝ ਕਰ ਆਈ ਸੀ। ਉੱਥੇ ਸਾਨੂੰ ਡਿਉਢੀ ਅਤੇ ਨਾਲ ਲੱਗਵਾਂ ਗਲੀ ਨੰਬਰ 7 ਵਿੱਚ ਖੁੱਲ੍ਹਣ ਵਾਲਾ ਇੱਕ ਕਮਰਾ, ਰਸੋਈ ਤੇ ਵਿਹੜਾ ਮਿਲਿਆ ਸੀ। ਸਾਰੇ ਕਮਰਿਆਂ ਅਤੇ ਦੁਕਾਨਾਂ ਉੱਤੇ ਤਾਏ ਮਥੁਰਾ ਦਾਸ ਦੇ ਪਰਿਵਾਰ ਵੱਲੋਂ ਲਾਏ ਜਿੰਦਰਿਆਂ ਨੂੰ ਅਸੀਂ ਹੱਥ ਲਾ ਕੇ ਵੀ ਨਹੀਂ ਸੀ ਦੇਖਿਆ। ਸਾਨੂੰ ਡਰ ਸੀ ਕਿ ਕਿਤੇ ਸਾਡੇ ਕਾਰਨ ਦੁਕਾਨਾਂ ਅਤੇ ਬਾਕੀ ਕਮਰਿਆਂ ਵਿੱਚ ਪਏ ਸਮਾਨ ਨੂੰ ਹਰਜ਼ਜ਼-ਮਰਜ਼ਜ਼ ਨਾ ਹੋ ਜਾਵੇ। ਇਸ ਲਈ ਅਸੀਂ ਦੂਹਰੇ ਹਾਤੇ ਦੇ ਬਾਕੀ ਕਮਰਿਆਂ ਵੱਲ ਝਾਕਣੋਂ ਵੀ ਡਰਦੇ ਸੀ।

ਜਿਹੜਾ ਸਮਾਨ ਰਹਿ ਗਿਆ ਸੀ, ਉਹ ਮੈਂ ਲੋਹੇ ਦੀ ਬਾਲਟੀ ਵਿੱਚ ਪਾ ਕੇ ਅਗਲੇ ਦਿਨ ਚੁੱਕ ਲਿਆ ਸੀ। ਜਦ ਮੈਂ ਉਹ ਸਮਾਨ ਬਾਲਟੀ ਵਿੱਚ ਪਾ ਰਿਹਾ ਸੀ, ਮੈਨੂੰ ਕਿਸੇ ਨੇ ਨਹੀਂ ਸੀ ਬੁਲਾਇਆ। ਮੈਂ ਵੀ ਮਾਂ ਤੋਂ ਬਿਨਾਂ ਕਿਸੇ ਨੂੰ ਨਹੀਂ ਸੀ ਬੁਲਾਇਆ। ਸ਼ਾਇਦ ਮਾਲਕ ਮਕਾਨ ਕਿਸੇ ਕਿਰਾਏਦਾਰ ਨਾਲ ਵੀ ਇਸ ਤਰ੍ਹਾਂ ਦਾ ਵਰਤਾਉ ਨਾ ਕਰਦਾ ਹੋਵੇ, ਜਿਵੇਂ ਮੇਰੇ ਨਾਲ ਹੋ ਰਿਹਾ ਸੀ। ਬਾਲਟੀ ਚੁੱਕੀਂ ਜਦੋਂ ਮੈਂ ਆਪਣੇ ਭਰਾ ਦੇ ਦੋਸਤ ਸ਼੍ਰੀਮਾਨ ਹਰੀਚੰਦ ਦੀ ਦੁਕਾਨ ਮੂਹਰੋਂ ਲੰਘ ਰਿਹਾ ਸੀ ਤਾਂ ਮੇਰਾ ਰੋਣ ਨਿਕਲ ਗਿਆ, ਹੰਝੂ ਤ੍ਰਿਪ-ਤ੍ਰਿਪ ਵਗਣ ਲੱਗੇ। ਰੁਕ ਗਿਆ। ਜੀਅ ਕੀਤਾ ਕਿ -ਸ੍ਰੀਮਾਨ ਨੂੰ ਸਭ ਕੁੱਝ ਦੱਸ ਕੇ ਜਾਵਾਂ, ਪਰ ਫੇਰ ਪਤਾ ਨਹੀਂ ਕਿਉਂ ਤੁਰ ਪਿਆ। ਸ਼ਾਇਦ ਮੈਂ ਸੋਚਿਆ ਹੋਵੇਗਾ ਕਿ ਸ਼੍ਰੀਮਾਨ ਮੇਰੇ ਭਰਾ ਦਾ ਦੋਸਤ ਹੈ, ਉਹ ਉਸਦਾ ਪੱਖ ਕਰੇਗਾ। ਮੇਰਾ ਇਹ ਸੋਚਣਾ ਠੀਕ ਹੀ ਸੀ। ਪਿੱਛੋਂ ਜਦੋਂ ਮੇਰੇ ਭਰਾ ਦੇ ਦੋਸਤਾਂ ਪ੍ਰਕਾਸ਼ ਚੰਦ ਵਕੀਲ, ਮਾਸਟਰ ਚਰਨ ਦਾਸ ਤੇ ਹਰਬੰਸ ਲਾਲ ਸ਼ਰਮਾ ਨੂੰ ਇਹ ਗੱਲ ਪਤਾ ਲੱਗੀ ਤਾਂ ਉਨ੍ਹਾਂ ਦੇ ਮੂੰਹੋਂ ਵੀ ਮੇਰੇ ਪੱਖ ਵਿੱਚ ਇੱਕ ਵੀ ਗੱਲ ਨਹੀਂ ਸੀ ਨਿਕਲੀ। ਇਹ ਵੱਖਰੀ ਗੱਲ ਹੈ ਕਿ ਉਹ ਭਰਾ ਦੇ ਹੱਕ ਵਿੱਚ ਵੀ ਨਹੀਂ ਸਨ ਬੋਲੇ। ਬੋਲ ਕੇ ਉਹ ਭਰਾ ਨਾਲ ਵਿਗਾੜ ਪਾਉਣਾ ਨਹੀਂ ਸਨ ਚਾਹੁੰਦੇ, ਪਰ ਸੱਚ ਲੁਕਿਆ ਨਹੀਂ ਸੀ ਰਿਹਾ, ਮੇਰੇ ਭਰਾ ਦੇ ਮੰਡੀ ਵਿੱਚ ਰਸੂਖ਼, ਉਸਦੀ ਸ਼ਰਾਫ਼ਤ ਅਤੇ ਸਾਊਪੁਣੇ ਉੱਤੇ ਛੋਟਾ-ਮੋਟਾ ਪ੍ਰਸ਼ਨ-ਚਿੰਨ੍ਹ ਜ਼ਜ਼ਰੂਰ ਲੱਗਿਆ ਹੋਵੇਗਾ, ਇਸੇ ਗੱਲ ਦਾ ਪਤਾ ਮੈਨੂੰ ਉਦੋਂ ਲੱ ਾ ਜਦੋਂ ਕਈ ਸਾਲ ਬੀਤਣ ਪਿੱਛੋਂ ਮਾਸਟਰ ਚਰਨ ਦਾਸ ਦੇ ਛੋਟੇ ਬੇਟੇ ਸੁਰਿੰਦਰ ਨੇ ਭਰੇ ਬਾਜ਼ਜ਼ਾਰ, ਮੇਰੇ ਨਾਲ ਹੋਏ ਧੱਕੇ ਬਾਰੇ ਸਾਰੀ ਪੋਲ ਖੋਲ੍ਹ ਦਿੱਤੀ। ਜੀਜਾ ਜੀ ਤੇ ਭੈਣ ਜਾਣ ਤੋਂ ਪਹਿਲਾਂ ਸਾਡੇ ਕੋਲ ਗਏ ਮਥੁਰਾ ਦਾਸ ਵਾਲੇ ਘਰ ਮਿਲਣ ਲਈ ਆਏ, ਉਦੋਂ ਮੇਰੀ ਪਤਨੀ ਗਰਭਵਤੀ ਸੀ। ਬੌਬੀ ਹੋਣ ਵਾਲਾ ਸੀ। ਭੈਣ ਇਹ ਕਹਿ ਕੇ ਮੇਰੀ ਪਤਨੀ ਨੂੰ ਦਿਲਾਸਾ ਦੇ ਰਹੀ ਸੀ।

ਦੇਖ ਤੇਰੇ ਪਾਣੀ ਭਰੇ ਹੱਡ ਐ। ਮਨ ਤੇ ਨਾ ਲਾਈਂ ਕੋਈ ਗੱਲ ਮੇਰੇ ਬੋਲ ਯਾਦ ਰੱਖੀ। ਧਰ-ਧਰ ਭੁੱਲੇਂਗੀ, ਕਿਸੇ ਚੀਜ਼ਜ਼ ਦਾ ਤੋੜਾ ਨਹੀਂ ਰਹਿਣਾ। ਮੈਂ ਦਰਸ਼ਨਾਂ ਨੂੰ ਭੇਜੂੰਗੀ ਤੇਰੇ ਕੋਲ।" (ਦਰਸ਼ਨਾ ਭੈਣ ਸੀਲਾ ਦੀ ਵਿਚਾਲੜੀ ਕੁੜੀ ਸੀ ਤੇ ਸੀ ਵੀ ਉਦੋਂ ਕੁਆਰੀ), ਪਰ ਮੈਨੂੰ ਭੈਣ ਦੀਆਂ ਇਹੋ ਮਿੱਠੀਆਂ-ਮਿੱਠੀਆਂ ਗੱਲਾਂ ਐਵੇ ਗੋਗਲੂ ਤੋਂ ਮਿੱਟੀ ਝਾੜਨ ਵਾਲੀਆਂ ਤਿਫ਼ਲ-ਤਸੱਲੀਆਂ ਜਾਪਦੀਆਂ ਸਨ ਤੇ ਸਨ ਵੀ ਬਸ ਝੂਠੀਆਂ-ਮੂਠੀਆਂ ਤਸੱਲੀਆਂ ਹੀ। ਹਾਂ, ਭੈਣ ਨੇ ਇਹ ਵਾਅਦਾ ਜ਼ਜ਼ਰੂਰ ਪੂਰਾ ਕਰ ਦਿੱਤਾ ਸੀ ਕਿ ਅਗਲੇ ਮਹੀਨਾ ਮੇਰੀ ਭਾਣਜੀ ਦਰਸ਼ਨਾ ਆ ਗਈ ਸੀ, ਪਰ ਉਸਦਾ ਸੁੱਖ ਕੋਈ ਨਹੀਂ ਸੀ। ਬਹੁਤਾ ਚਿਰ ਉਹ ਸਾਡੇ ਭਰਾ ਦੇ ਘਰ ਹੀ ਰਹਿੰਦੀ। ਗਰਭਵਤੀ ਪਤਨੀ ਨੂੰ ਉਸਦਾ ਕੋਈ ਸੁਖ ਨਹੀਂ ਸੀ।

× × ×

ਇੱਕ ਤਾਂ ਭਰਾ ਦੇ ਪਰਿਵਾਰ ਨੇ ਘਰੋਂ ਬੇਘਰ ਕੀਤਾ ਸੀ ਤੇ ਦੂਜਾ ਅਕਾਲੀ ਸਰਕਾਰ ਨੇ ਤਾਂ ਜਵਾਂ ਹੀ ਕਾਲੇਪਾਣੀ ਭੇਜਣ ਵਾਲੀ ਗੱਲ ਕਰ ਦਿੱਤੀ ਸੀ। ਮਾਸਟਰਾਂ ਉੱਤੇ ਅਕਾਲੀ ਸਰਕਾਰ ਬੜੀ ਖ਼ਫ਼ਾ ਸੀ। ਇਸ ਲਈ ਉਸ ਨੇ ਇੱਕ ਆਮ ਹੁਕਮ ਵਿੱਚ ਮਾਸਟਰਾਂ ਨੂੰ ਸਬਕ ਸਿਖਾਉਣ ਲਈ ਮਾਸਟਰਾਂ ਦੀਆਂ

ਬਦਲੀਆਂ ਆਪਣੇ ਘਰ ਤੋਂ ਘੱਟੋ-ਘੱਟ ਪੰਜਾਹ ਕਿਲੋ ਮੀਟਰ ਦੂਰ ਦੇ ਹਿਟਲਰੀ ਹੁਕਮ ਚਾੜ੍ਹ ਦਿੱਤੇ। ਪ੍ਰਾਇਮਰੀ, ਭਾਸ਼ਾ, ਡਰਾਇੰਗ ਤੇ ਪੀ.ਟੀ.ਆਈ. ਅਧਿਆਪਕਾਂ ਦੀ ਬਦਲੀ ਜ਼ਿਜ਼ਲ੍ਹੇ ਦੇ ਅੰਦਰ-ਅੰਦਰ ਹੀ ਹੋ ਸਕਦੀ ਸੀ, ਪਰ ਮਾਸਟਰਾਂ, ਲੈਕਚਰਾਰਾਂ ਤੇ ਹੈੱਡ ਮਾਸਟਰਾਂ ਦਾ ਸਟੇਟ ਕਾਡਰ ਹੋਣ ਕਾਰਨ ਬਦਲੀ ਜ਼ਿਜ਼ਲ੍ਹੇ ਤੋਂ ਬਾਹਰ ਕਰਨ ਦੇ ਹੁਕਮ ਕੀਤੇ ਗਏ। ਜਿਹੜੇ ਟੀਚਰਜ਼ ਯੂਨੀਅਨ ਵਿੱਚ ਕੰਮ ਕਰਨ ਵਾਲੇ ਛੋਟੇ ਵੱਡੇ ਆਗੂ ਸਨ, ਉਹਨਾਂ ਉੱਤੇ ਅਕਾਲੀ ਸਰਕਾਰ ਦੀ ਖ਼ਾਸ ਨਜ਼ਜ਼ਰ ਅਨਾਇਤ ਹੋਈ, ਕਿਉਂਕਿ ਉਹਨਾਂ ਨੂੰ ਸਬਕ ਸਿਖਾਉਣ ਨਾਲ ਹੀ ਤਾਂ ਅਕਾਲੀ ਵਜ਼ੀਰਾਂ ਤੇ ਵਿਧਾਇਕਾਂ ਦੇ ਕਾਲਜੇ ਠੰਢ ਪੈ ਸਕਦੀ ਸੀ। ਸਰਕਾਰ ਕੋਲ ਬਹਾਨਾ ਇਹ ਸੀ ਕਿ ਅਧਿਆਪਕ ਘਰ ਦੇ ਨੇੜੇ ਹੋਣ ਕਾਰਨ, ਸਕੂਲਾਂ ਵਿੱਚ ਘੱਟ ਜਾਂਦੇ ਹਨ ਅਤੇ ਆਪਣੇ ਘਰੇਲੂ ਕੰਮਾਂ-ਕਾਰਾਂ ਵਿੱਚ ਜ਼ਿਜ਼ਆਦਾ ਦਿਲਚਸਪੀ ਲੈਂਦੇ ਹਨ। ਸੋ, ਅਕਾਲੀਆਂ ਦੀ ਇਸ ਸੋਗ਼ਾਤ ਵਿੱਚੋਂ ਮੇਰੇ ਹਿੱਸੇ ਜਿਹੜਾ ਸਟੇਸ਼ਨ ਆਇਆ, ਉਹ ਸੀ ਸਰਦੂਲਗੜ੍ਹ। ਸਰਦੂਲਗੜ੍ਹ ਤੋਂ ਅੱਗੇ ਪੰਜਾਬ ਦਾ ਹੋਰ ਕੋਈ ਸਟੇਸ਼ਨ ਹੈ ਹੀ ਨਹੀਂ ਸੀ, ਅਗਲਾ ਪਿੰਡ ਹਰਿਆਣੇ ਵਿੱਚ ਆਉਂਦਾ ਸੀ। ਬਦਲੀ ਦੇ ਹੁਕਮ ਮਈ ਵਿੱਚ ਆ ਗਏ ਸਨ। ਸਰਦੂਲਗੜ੍ਹ ਉਹਨਾਂ ਦਿਨਾਂ ਵਿੱਚ ਜ਼ਿਜ਼ਲ੍ਹੇ ਬਠਿੰਡੇ ਵਿੱਚ ਸੀ ਅਤੇ ਬਠਿੰਡਾ ਦਾ ਜਿਹੜਾ ਸਿੱਖਿਆ ਅਫ਼ਸਰ ਸੀ, ਗੁਰਬਚਨ ਸਿੰਘ ਦੀਵਾਨਾ, ਜਿਸ ਦਾ ਜ਼ਿਜ਼ਕਰ ਮੈਂ ਪਹਿਲਾਂ ਜਨਤਾ ਹਾਈ ਸਕੂਲ, ਜੁਆਰ ਦੀ ਕਹਾਣੀ ਸੁਣਾਉਣ ਵੇਲੇ ਕਰ ਆਇਆ ਹਾਂ। ਉਹ ਮੇਰੇ ਪਿੰਡ ਸ਼ਹਿਣੇ ਲੰਮਾ ਸਮਾਂ ਸਰਕਾਰੀ ਹਾਈ ਸਕੂਲ ਦਾ ਮੁੱਖ ਅਧਿਆਪਕ ਰਹਿ ਆਇਆ ਸੀ ਅਤੇ ਜਿੰਨਾਂ ਚਿਰ ਰਿਹਾ, ਸਾਡੀ ਹਵੇਲੀ ਵਿੱਚ ਰਿਹਾ, ਮੇਰੀ ਮਾਂ ਨੂੰ ਉਹ ਚਾਚੀ ਕਹਿੰਦਾ ਹੁੰਦਾ ਸੀ। ਮੈਨੂੰ ਵੀ ਛੋਟਾ ਭਾਈ ਕਹਿ ਕੇ ਬੁਲਾਉਂਦਾ ਹੁੰਦਾ ਸੀ।

ਇਹ ਤਾਂ ਸਾਨੂੰ ਪਤਾ ਸੀ ਕਿ ਅਕਾਲੀਆਂ ਦਾ ਇਹ ਨਾਦਰਸ਼ਾਹੀ ਹੁਕਮ ਟਲਣ ਵਾਲਾ ਨਹੀਂ, ਪਰ ਸਾਨੂੰ ਦੀਵਾਨਾ ਸਾਹਿਬ ਤੋਂ ਇਹ ਆਸ ਸੀ ਕਿ ਉਹ ਕੋਈ ਨੇੜੇ ਦਾ ਸਟੇਸ਼ਨ ਦੇਣ ਵਿੱਚ ਮੇਰੀ ਮੱਦਦ ਕਰਨਗੇ। ਮਾਂ ਮੇਰੇ ਰੋਕਣ ਦੇ ਬਾਵਜੂਦ ਵੀ ਨਾਲ ਤੁਰ ਪਈ, ਅਸੀਂ ਦਫ਼ਤਰ ਦੀ ਥਾਂ ਦੀਵਾਨਾ ਸਾਹਿਬ ਦੇ ਸਿੱਧੇ ਕੋਠੀ ਗਏ। ਦੀਵਾਨਾ ਸਾਹਿਬ ਦਫ਼ਤਰ ਜਾ ਚੁੱਕੇ ਸਨ। ਦੀਵਾਨਾ ਸਾਹਿਬ ਨੇ ਮਾਂ ਨੂੰ ਪੈਰੀਂ ਪੈਣਾ ਕੀਤਾ ਤੇ ਮੇਰੇ ਗਲ ਪੈ ਗਏ ਕਿ ਚਾਚੀ ਨੂੰ ਨਾਲ ਕਿਉਂ ਲਿਆਂਦਾ। ਉੱਥੇ ਅਕਾਲੀ ਐਮ.ਐਲ.ਏ. ਹਰਦਿੱਤ ਸਿੰਘ ਪੂਲੀ ਵੀ ਬੈਠਾ ਸੀ। ਹਰਦਿੱਤ ਸਿੰਘ ਸੌ ਫ਼ੀਸਦੀ ਅੰਗੂਠਾ ਛਾਪ ਸੀ। ਅੰਗਰੇਜ਼ੀ ਤਾਂ ਕੀ ਉਹੋ ਪੰਜਾਬੀ ਦੀ ਗੱਲ ਵੀ ਸਮਝ ਨਹੀਂ ਸੀ ਆਉਂਦੀ। ਉਹ ਆਪਣੇ ਪਿੰਡ ਦੇ ਕਿਸੇ ਪੀ.ਟੀ.ਆਈ. ਦੀ ਬਦਲੀ ਰੱਦ ਕਰਵਾਉਣ ਆਇਆ ਸੀ। ਮੁਸਕਰਾਉਂਦੇ ਦੀਵਾਨਾ ਸਾਹਿਬ ਉਸ ਅਨਪੜ੍ਹ ਐਮ.ਐਲ.ਏ. ਨੂੰ ਕਹਿ ਰਹੇ ਸਨ ਕਿ ਇਹ ਤਾਂ ਉਹਨਾਂ ਦੀ ਸਰਕਾਰ ਦਾ ਹੀ ਹੁਕਮ ਹੈ ਤੇ ਉਸਨੂੰ ਸਟੇਸ਼ਨ ਬਦਲਣ ਦਾ ਕੋਈ ਅਖ਼ਤਿਆਰ ਨਹੀਂ ਤੇ ਸਟੇਸ਼ਨ ਵੀ ਕੋਈ ਮਾੜਾ ਨਹੀਂ, ਪਰ ਪੂਲੀ ਸਾਹਿਬ ਸਟੇਸ਼ਨ ਨੂੰ ਰੇਲਵੇ ਸਟੇਸ਼ਨ ਹੀ ਸਮਝੀ ਜਾਣ ਤੇ ਜਿਸਦੀ ਸਿਫ਼ਾਰਿਸ਼ ਲੈ ਕੇ ਆਏ ਸਨ। ਉਹਨੂੰ ਕਹੀ ਜਾਣ ਕਿ ਸਰਕਾਰ ਨੇ ਉਸਨੂੰ ਕੋਈ ਪਿੰਡ ਨਹੀਂ ਦਿੱਤਾ, ਉਸਦੀ ਬਦਲੀ ਤਾਂ ਸਟੇਸ਼ਨ ਵਾਲੇ ਸ਼ਹਿਰ ਕੀਤੀ ਗਈ ਹੈ, ਵਿਚਾਰਾ ਪੀ.ਟੀ.ਆਈ. ਸਾਊ ਬਣਿਆ ਖੜ੍ਹਾ ਸੀ। ਮੇਰੀ ਤਸੱਲੀ ਇਸੇ ਗੱਲ ਵਿੱਚ ਹੋ ਗਈ ਸੀ ਕਿ ਅਕਾਲੀ ਐਮ.ਐਲ. ਏ. ਦੇ ਆਖੇ ਵੀ ਪੀ.ਟੀ.ਆਈ. ਦਾ ਸਟੇਸ਼ਨ ਬਦਲਿਆ ਨਹੀਂ ਸੀ ਗਿਆ।

× × ×

ਹੁਣ ਚਿੰਤਾ ਇਹ ਸੀ ਕਿ ਗਰਭਵਤੀ ਪਤਨੀ ਨੂੰ ਕੌਣ ਸਾਂਭੇਗਾ? ਬੜੀ ਆਜ਼ਜ਼ਜੀ ਨਾਲ ਬਰਨਾਲੇ ਜਾ ਕੇ ਅਜੇ ਗੱਲ ਸ਼ੁਰੂ ਹੀ ਕੀਤੀ ਸੀ ਕਿ ਮੇਰਾ ਧਰਮ ਪਿਤਾ ਜਿਸ ਨੂੰ ਮੈਂ ਦਰਵੇਸ਼ ਜੱਟ ਬਾਣੀਆਂ ਕਹਿੰਦਾ ਹੁੰਦਾ ਸੀ ਹੁੱਕੇ ਦੀ ਨੜੀ ਇੱਕ ਪਾਸੇ ਕਰਦਾ ਹੋਇਆ ਬੋਲਿਆ:

ਭਲਾ ਏਸ ਵਿੱਚ ਵੀ ਕੋਈ ਸੋਚਣ ਵਾਲੀ ਗੱਲ ਐ। ਉਹਨੂੰ ਜਦੋਂ ਕਹੋਗੇ, ਕੋਈ ਮੁੰਡਾ ਜਾ ਕੇ ਲੈ ਆਊ। ਸਾਉ, ਕਿੱਥੇ ਤਪਾ? ਕਿੱਥੇ ਬਰਨਾਲਾ ਤੇ ਕਿੱਥੇ ਸਰਦੂਲਗੜ੍ਹ? ਕੁੜੀ ਕਿਤੇ ਰੋਲਣੀ ਤਾਂ ਨਹੀਂ। ਬਸ ਉਹ ਜੀ ਲਾ ਲੇ ਕਰਾਂਚੀ ਮੱਲ", ਮੇਰੇ ਧਰਮ ਪਿਤਾ ਕਰਤਾ ਰਾਮ ਕ੍ਰਾਂਤੀ ਨੂੰ ਲਾਡ ਨਾਲ ਕਰਾਂਚੀ ਕਹਿੰਦੇ ਹੁੰਦੇ ਸਨ। ਉਹਨਾਂ ਦੀ ਗੱਲ ਸੁਣ ਕੇ ਮੇਰਾ ਘੱਟੋ-ਘੱਟ ਅੱਧਾ ਭਾਰ ਲਹਿ ਗਿਆ ਸੀ।

ਹੁਣ ਸਵਾਲ ਇਹ ਸੀ ਕਿ ਤਾਏ ਮਥੁਰਾ ਦਾਸ ਦੇ ਘਰ ਵਿੱਚ ਪਏ ਸਮਾਨ ਦਾ ਕੀ ਕੀਤਾ



ਜਾਵੇ? ਘੱਟੋ-ਘੱਟ ਤਿੰਨ ਚਾਰ ਮਹੀਨੇ ਦਰਸ਼ਨਾ ਨੂੰ ਬਰਨਾਲੇ ਲੱਗ ਜਾਣੇ ਸਨ। ਬੰਦ ਪਏ ਘਰ ਦਾ ਕਿਰਾਇਆ ਤੇ ਫੇਰ ਸਰਦੂਲਗੜ੍ਹ ਜਾ ਕੇ ਕਿਰਾਏ 'ਤੇ ਮਕਾਨ ਲੈਣ ਦੇ ਦੂਹਰੇ ਖ਼ਰਚ ਨੇ ਮੈਨੂੰ ਚਿੰਤਾ ਤੁਰ ਕਰ ਦਿੱਤਾ।

ਮੇਰੇ ਦੁੱਖ ਸੁੱਖ ਵਿੱਚ ਸਲਾਹ ਦੇਣ ਵਾਲਾ ਪਤਨੀ ਤੋਂ ਬਿਨਾਂ ਹੋਰ ਕੋਈ ਨਹੀਂ ਸੀ। ਮਾਂ ਦੀ ਬੇਵਸੀ ਨੂੰ ਮੈਂ ਭਲੀ-ਭਾਂਤ ਸਮਝਦਾ ਸੀ। ਇਸ ਲਈ ਉਸ ਕੋਲ ਗੱਲ ਕਰਨ ਦਾ ਕੋਈ ਫ਼ਾਇਦਾ ਨਹੀਂ ਸੀ, ਪਰ ਘਰ ਖ਼ਾਲੀ ਕਰਨ ਲਈ ਸ਼ਹਿਣੇ ਸੋਮਨਾਥ ਕੋਲ ਜਾਣ ਅਤੇ ਸਮਾਨ ਕਿਤੇ ਹੋਰ ਰੱਖਣ ਦੀ ਸਮੱਸਿਆ ਮੇਰੇ ਸਿਰ ਉੱਤੇ ਤਲਵਾਰ ਵਾਂਗ ਲਟਕਦੀ ਸੀ।

ਨਾਲ ਲੱਗਵਾਂ ਘਰ ਮਾਮੇ ਪਰਸੇ ਦਾ ਸੀ। ਪਰਸਾ ਮੇਰੀ ਮਾਂ ਦੇ ਸਕੇ ਤਾਏ ਦਾ ਪੁੱਤਰ ਸੀ। ਪਰਸਾ ਵੀ ਮਰ ਗਿਆ ਸੀ ਤੇ ਉਸਦਾ ਇੱਕੋ ਇੱਕ ਪੁੱਤਰ ਕੌਰ ਸੇਨ ਵੀ। ਕੌਰ ਸੇਨ ਦੀ ਪਤਨੀ ਸਿੱਧਰੀ ਸੀ ਤੇ ਉਹ ਵੀ ਹੁਣ ਇਸ ਸੰਸਾਰ 'ਤੇ ਨਹੀਂ ਸੀ। ਉਨ੍ਹਾਂ ਦਾ ਇੱਕ ਪੁੱਤਰ ਸੀ ਤੇ ਦੋ ਧੀਆਂ। ਅਕਸਰ ਕੁੜੀਆਂ ਮੇਰੀ ਪਤਨੀ ਕੋਲ ਆਉਂਦੀਆਂ ਰਹਿੰਦੀਆਂ। ਮੁੰਡਾ ਵੀ ਘੱਟ ਕਮਾਊ ਹੋਣ ਕਰਕੇ ਲੋੜਵੰਦ ਸੀ। ਇੱਧਰੋ ਅਸੀਂ ਵੀ, ਮੇਰੀ ਅੱਖਾਂ ਦੀ ਰੌਸ਼ਨੀ ਦਿਨ-ਬ-ਦਿਨ ਘਟਣ ਕਾਰਨ ਤੇ ਘਰੋ-ਬੇਘਰ ਹੋਣ ਕਾਰਨ ਆਪਣੇ ਆਪ ਨੂੰ 'ਕੱਲੇ ਕਹਿਰੇ ਮਹਿਸੂਸ ਕਰਦੇ ਸਾਂ। ਸਾਡੇ ਦੋ ਹਾਂ ਪਰਿਵਾਰਾਂ ਦੇ ਦੁੱਖ ਸਾਂਝੇ ਜਿਹੇ ਬਣ ਗਏ ਸਨ। ਇਸ ਲਈ ਪਤਨੀ ਦੇ ਕਹਿਣ ਉੱਤੇ ਮਾਮਾ ਪਰਸਾ ਰਾਮ ਦੇ ਪੋਤਰੇ ਅਤੇ ਵੱਡੀ ਪੋਤੀ ਨੇ ਸਾਡਾ ਸਮਾਨ ਆਪਣੀ ਡਿਉਢੀ ਵਾਲੀ ਪੜਛੱਤੀ ਵਿੱਚ ਰਖਾਉਣ ਲਈ ਹਾਮੀ ਭਰ ਦਿੱਤੀ ਸੀ। ਇਹ ਸਮਝ ਕੇ ਕਿ ਪਤਨੀ ਦੇ ਜਣੇਪੇ ਪਿੱਛੋਂ ਅਸੀਂ ਸਮਾਨ ਸਰਦੂਲਗੜ੍ਹ ਲੈ ਜਾਵਾਂਗੇ। ਮੈਂ ਝਿਜਕਦਾ-ਝਿਜਕਦਾ ਸੋਮਨਾਥ ਕੋਲ ਪਿੰਡ ਪਹੁੰਚ ਹੀ ਗਿਆ ਸੀ। ਜਿਸ ਤਰ੍ਹਾਂ ਦਾ ਹਮਦਰਦੀ ਭਰਿਆ ਸਲੂਕ ਸੋਮਨਾਥ ਨੇ ਕੀਤਾ, ਉਹਦਾ ਅੱਜ ਵੀ ਮੈਂ ਦੇਣਦਾਰ ਹਾਂ।

ਤਰਸੇਮ ਛੋਟੇ ਭਾਈ, ਮੈਂ ਉਸ ਦਿਨ ਵੀ ਤੈਨੂੰ ਕਿਹਾ ਸੀ ਤੇ ਹੁਣ ਵੀ ਤੈਨੂੰ ਕਹਿੰਦਾ ਹਾਂ ਕਿ ਬਈ ਬਾਈ ਦੀ ਔਲਾਦ ਉੱਥੇ ਰਹਿ ਪਈ ਕਿ ਚਾਚਾ ਲੇਖ ਰਾਮ ਦੀ। ਕਿਰਾਏ ਵਾਸਤੇ ਤੂੰ ਐਵੇਂ ਰਿਹਾੜ ਕਰਨ ਲੱਗ ਪਿਆ ਤਾਂ ਮੈਂ ਹਾਂ ਕਰ ਦਿੱਤੀ। ਲੈ ਮੈਂ ਤੈਨੂੰ ਦੱਸਾਂ। ਆਹ ਤੁਹਾਡੇ ਗੁਆਂਢ ਵਿੱਚ ਜਸਵੀਰ ਸਿੰਘ ਐ ਨਾ, ਉਹ ਵੀ ਥੋਡੇ ਮਾਸਟਰਾਂ ਦਾ ਚੌਧਰੀ ਕਹਾਉਂਦਾ ਹੈ। ਉਹ ਕਹਿੰਦਾ ਸੀ ਕਿ ਬਦਲੀਆਂ ਤਾਂ ਰੱਦ ਹੋ ਜਾਣਗੀਆਂ ਮਹੀਨੇ ਦੋ ਮਹੀਨੇ ਨੂੰ। ਲੈ ਜੇ ਫੇਰ ਮੁੜ ਕੇ ਤੂੰ ਤਪੇ ਆ ਗਿਆ ਨਾ ਤਾਂ ਜਦੋਂ ਮਰਜ਼ਜ਼ੀ ਘਰ ਆ ਜਾਈਂ। ਜੇ ਸਮਾਨ ਇੱਥੇ ਹੀ ਰੱਖਣਾ ਹੈ ਤਾਂ ਵੀ ਕੋਈ ਬਾਤ ਨਹੀਂ, "ਸੋਮਨਾਥ ਦੀ ਗੱਲ ਨੇ ਜਿਵੇਂ ਮੇਰੇ ਜ਼ਜ਼ਖ਼ਮਾਂ ਉੱਤੇ ਮੱਲ੍ਹਮ ਲਾ ਦਿੱਤੀ ਹੋਵੇ। ਮੈਂ ਤਿੰਨ ਮਹੀਨੇ ਦਾ ਕਿਰਾਇਆ ਤੀਹ ਰੁਪਏ ਦੇ ਹਿਸਾਬ ਨੂੰਨੂੰ ਸੋਮਨਾਥ ਨੂੰ ਬੜੇ ਕੰਬਦੇ ਹੱਥਾਂ ਨਾਲ ਫੜਾਇਆ ਤੇ ਉਸਨੂੰ ਨਾਂਹ-ਨਾਂਹ ਕਰਦੇ ਕਿਰਾਇਆ ਫੜ ਲਿਆ।

ਸਮਾਨ ਪਰਸ ਰਾਮ ਮਾਮੇ ਦੀ ਡਿਉਢੀ ਦੀ ਪੜਛੱਤੀ ਉੱਤੇ ਰੱਖ ਕੇ ਅਸੀਂ ਬਰਨਾਲੇ ਵਾਲੀ ਬਸ ਚੜ੍ਹ ਗਏ। ਸ਼ਾਇਦ ਮੇਰੇ ਸਾਲਿਆਂ ਵਿੱਚੋ ਸੋਹਨ ਹੀ ਲੈਣ ਆਇਆ ਹੋਇਆ ਸੀ। ਮੈਂ ਹੰਢਿਆਏ ਕੈਂਚੀਆਂ 'ਤੇ ਉਤਰ ਗਿਆ, ਜਿੱਥੋਂ ਮੈਂ ਮਾਨਸਾ ਰਾਹੀਂ ਜਾਣ ਵਾਲੀ ਸਰਦੂਲਗੜ੍ਹ ਦੀ ਬਸ ਲੈਣੀ ਸੀ।

ਇੱਕ ਤਾਂ ਪਤਨੀ ਤੇ ਕ੍ਰਾਂਤੀ ਦਾ ਵਿਛੋੜਾ, ਦੂਜੇ ਅਕਾਲੀ ਸਰਕਾਰ ਦੀ ਧੱਕੇਸ਼ਾਹੀ ਕਾਰਨ ਹੋਈ ਬਦਲੀ ਅਤੇ ਤੀਜਾ ਆਪਣੀ ਸਰੀਰਕ ਕਮਜ਼ਜ਼ੋਰੀ- ਹੰਢਿਆਏ ਕੈਂਚੀਆਂ ਤੋਂ ਮਾਨਸਾ ਲਈ ਬਸ ਵਿੱਚ ਬਹਿੰਦਿਆਂ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਮੈਂ ਕਾਲੇਪਾਣੀ ਜਾ ਰਿਹਾ ਹੋਵਾਂ। ਇੱਕ ਸ਼ੰਸ਼ਾ ਇਹ ਵੀ ਸੀ ਕਿ 12 ਵਜੇ ਤੋਂ ਪਹਿਲਾਂ ਸਰਦੂਲਗੜ੍ਹ ਪਹੁੰਚ ਜਾਵਾਂ, ਅਜਿਹਾ ਨਾ ਹੋਵੇ ਕਿ ਹੈਡਮਾਸਟਰ ਲੇਟ ਪਹੁੰਚਣ ਕਾਰਨ ਦੁਪਹਿਰ ਤੋਂ ਬਾਅਦ ਦੀ ਹਾਜ਼ਜ਼ਰੀ ਰਿਪੋਰਟ ਲਵੇ, ਪਰ ਪਿੱਛੋਂ ਖ਼ਿਆਲ ਆਇਆ ਕਿ ਇਸ ਨਾਲ ਮੈਨੂੰਨੂੰਕੋਈ ਫ਼ਰਕ ਨਹੀਂ ਪੈਣਾ। ਮੈਨੂੰ ਹਾਜ਼ਜ਼ਰ ਹੋਣ ਲਈ ਸੱਤ ਦਿਨ ਦਾ ਸਮਾਂ ਮਿਲਿਆ ਹੈ ਅਤੇ ਅਜੇ ਇੱਕ ਦਿਨ ਹੋਰ ਰਹਿੰਦਾ ਹੈ। ਹੰਢਿਆਏ ਕੈਂਚੀਆਂ ਤੋਂ ਪਹਿਲਾ ਅੱਡਾ ਗੰਜੇ ਧਨੋਲੇ ਦਾ ਆਇਆ। ਇੱਥੋਂ ਜਗ੍ਹਾ ਵਿੱਚੋਂ ਦੀ ਕੋਈ ਇੱਕ ਸਾਲ ਧੌਲੇ ਜਾਇਆ ਕਰਦਾ ਸੀ। ਫੇਰ ਧੌਲਾ ਤੇ ਫੇਰ ਰੁੜਕੇ ਕਲਾਂ ਆਏ ਧੌਲੇ ਸਕੂਲ ਵਿੱਚ ਕੋਈ ਲਗਭਗ ਢਾਈ ਸਾਲ ਅਤੇ ਰੁੜਕੇ ਕਲਾਂ ਦੇ ਮਿਡਲ ਸਕੂਲ ਵਿੱਚ

ਇੱਕ ਸਾਲ ਰਿਹਾ ਸੀ। ਬਾਹਰ ਵੇਖਿਆ ਕਿ ਕੋਈ ਜਾਣ ਪਛਾਣ ਵਾਲਾ ਬੰਦਾ ਹੀ ਦਿਸ ਪਵੇ। ਰੁੜੇਕੇ ਕਲਾਂ ਇੱਕ ਵਿਦਿਆਰਥੀ ਮਿਲ ਵੀ ਗਿਆ। ਉਹਨੂੰ ਜਮਾਤ ਵਿੱਚ ਮੁੰਡੇ ਕਾਲੀ ਕਹਿੰਦੇ ਹੁੰਦੇ ਸਨ। ਉਂਝ ਨਾਂ ਉਸ ਦਾ ਗੁਰਬਖ਼ਸ਼ ਸੀ। ਉਸ ਨੇ ਹੀ ਪਹਿਲਾਂ ਮੈਨੂੰ ਪਛਾਣ ਕੇ ਬੁਲਾਇਆ ਸੀ। ਅਗਲਾ ਅੱਡਾ ਪੱਖੋ ਕੇ ਕਲਾਂ ਦਾ ਸੀ। ਜੋਗਾ-ਰੱਲਾ ਤੇ ਅਕਲੀਆ ਉਸ ਤੋਂ ਅੱਗੇ ਸਨ। ਇਹ ਪਿੰਡ ਵੀ ਮੇਰੇ ਦੇਖੇ ਭਾਲੇ ਸਨ। ਮਾਨਸਾ ਵੀ ਕੋਈ ਓਪਰਾ ਨਹੀਂ ਸੀ। ਬਸ ਸਰਦੂਲਗੜ੍ਹ 12 ਵਜੇ ਤੋਂ ਪਹਿਲਾਂ ਪਹੁੰਚ ਗਈ ਸੀ। ਉੱਥੇ ਜਾ ਕੇ ਅਜੀਬ ਜਿਹੀ ਤਸੱਲੀ ਦਾ ਅਹਿਸਾਸ ਹੋਇਆ। ਕਾਰਨ ਇਹ ਸੀ ਕਿ ਮੇਰੇ ਨਾਲ ਹਾਈ ਸਕੂਲ ਧੌਲੇ ਵਿੱਚ ਕੰਮ ਕਰਨ ਵਾਲਾ ਮਾਸਟਰ ਕਿਸ਼ਨ ਕੁਮਾਰ ਵੀ ਇੱਥੇ ਹੀ ਬਦਲ ਕੇ ਆ ਚੁੱਕਾ ਸੀ, ਪਰ ਅਸਲੀ ਤਸੱਲੀ ਇਸ ਗੱਲ ਦੀ ਸੀ ਕਿ ਵਿਸ਼ਵਾਮਿੱਤਰ ਸ਼ਾਸਤਰੀ ਇਸ ਸਕੂਲ ਵਿੱਚ ਲੰਮੇ ਸਮੇਂ ਤੋਂ ਸੰਸਕ੍ਰਿਤ ਅਧਿਆਪਕ ਦੇ ਤੋਰ 'ਤੇ ਕੰਮ ਕਰ ਰਿਹਾ ਸੀ। ਸਰਦੂਲਗੜ੍ਹ ਜਾਣ ਤੋਂ ਪਹਿਲਾਂ ਮੈਨੂੰ ਉਸਦੇ ਇਸ ਇਲਾਕੇ ਵਿੱਚ ਅਧਿਆਪਕ ਹੋਣ ਦਾ ਪਤਾ ਸੀ, ਪਰ ਇਹ ਨਹੀਂ ਸੀ ਪਤਾ ਕਿ ਉਹ ਏਸੇ ਸਰਕਾਰੀ ਹਾਈ ਸਕੂਲ ਸਰਦੂਲਗੜ੍ਹ ਵਿੱਚ ਕੰਮ ਕਰਦਾ ਹੈ।

ਵਿਸ਼ਵਾਮਿਤਰ ਸ਼ਾਸਤਰੀ ਤੇ ਮੈਂ ਤਪਾ ਮੰਡੀ ਦੇ ਆਰੀਆ ਹਾਈ ਸਕੂਲ ਵਿੱਚ ਇਕੱਠੇ ਕੰਮ ਕਰਦੇ ਰਹੇ ਸੀ। ਉਸਦੀ ਪਤਨੀ ਕ੍ਰਿਸ਼ਨਾ ਇਕ ਲਿਹਾਜ਼ਜ਼ ਨਾਲ ਮੇਰੀ ਭੈਣ ਲੱਗਦੀ ਸੀ। ਵਿਆਹ ਤੋਂ ਪਹਿਲਾਂ ਉਹ ਸਾਡੇ ਨਾਲ ਲੱਗਵੇਂ ਘਰ ਵਿੱਚ ਆਪਣੇ ਤਾਏ ਕੋਲ ਰਹਿੰਦੀ ਸੀ, ਜੋ ਸਬਜ਼ਜ਼ੀ ਦੀ ਦੁਕਾਨ ਕਰਦਾ ਸੀ। ਉਸਦੇ ਤਾਏ ਦੇ ਦੋਵੇਂ ਪੁੱਤਰਾਂ ਦੇਵ ਅਤੇ ਹੇਮ ਨਾਲ ਮੇਰੇ ਸਕੇ ਭਰਾਵਾਂ ਵਰਗੇ ਸਬੰਧ ਸਨ। ਪਿੰਡ ਉਨ੍ਹਾਂ ਦਾ ਘੁੜੈਲੀ ਸੀ, ਜੋ ਤਪੇ ਤੋ ਸਿਰਫ਼ ਦੋ ਕਿਲ ਮੀਟਰ ਦੀ ਵਿੱਥ 'ਤੇ ਸੀ। ਇਸ ਲਈ ਸ਼ਾਸਤਰੀ ਜੀ ਨਾਲ ਛੁੱਟੀ ਮਿਲਣ ਪਿੱਛੋਂ ਉਨ੍ਹਾਂ ਦੇ ਘਰ ਜਾਣਾ ਮੈਨੂੰ ਕੋਈ ਓਪਰਾ ਨਹੀਂ ਸੀ ਲੱਗਿਆ, ਸਗੋਂ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਤੱਪਦੀ ਧੁੱਪ ਵਿੱਚ ਕੋਈ ਠੰਡੀ ਹਵਾ ਦਾ ਬੁੱਲਾ ਮੇਰੇ ਤਨ-ਮਨ ਨੂੰ ਛੂਹ ਰਿਹਾ ਹੋਵੇ। ਸ਼ਾਸਤਰੀ ਜੀ ਦੇ ਜ਼ੋਰ ਪਾਉਣ 'ਤੇ ਹੀ ਮੈਂ ਉੱਥੇ ਇੱਕ ਰਾਤ ਟਿਕ ਗਿਆ ਸੀ, ਨਹੀਂ ਤਾਂ ਹਾਜ਼ਜ਼ਰ ਹੋ ਕੇ ਵਾਪਸ ਬਰਨਾਲੇ ਆਉਣ ਦਾ ਇਰਾਦਾ ਸੀ।

ਕ੍ਰਿਸ਼ਨਾ ਸਕੀਆਂ ਭੈਣਾਂ ਵਾਂਗ ਮਿਲੀ ਤੇ ਬੱਚਿਆਂ ਨੂੰ ਜਿਵੇਂ ਚਾਅ ਚੜ੍ਹ ਗਿਆ ਹੋਵੇ। ਦੋਵੇਂ ਨਿੱਕੇ ਨਿਆਣੇ ਕਦੇ ਮੇਰੇ ਕੋਲ ਆ ਜਾਂਦੇ ਤੇ ਕਦੇ ਫੇਰ ਬਾਹਰ ਚਲੇ ਜਾਂਦੇ।

ਬੈਗ ਵਿੱਚ ਕੁੱਝ ਕੱਪੜੇ ਤੇ ਹੋਰ ਨਿੱਕ-ਸੁੱਕ ਇਸ ਲਈ ਲੈ ਗਿਆ ਸੀ ਕਿ ਕਿਤੇ ਰਾਤ ਠਹਿਰਨਾ ਨਾ ਪੈ ਜੇ, ਪਰ ਏਥੇ ਆ ਕੇ ਤਾਂ ਰਾਤ ਤਾਂ ਕੀ ਮੇਰਾ ਠਹਿਰਨਾ ਜ਼ਜ਼ਰੂਰੀ ਹੋ ਗਿਆ ਸੀ। ਸ਼ਾਸਤਰੀ ਜੀ ਤੇ ਕ੍ਰਿਸ਼ਨਾ ਦੀ ਇਹ ਤਜਵੀਜ਼ ਸੀ ਕਿ ਮੈਂ ਉਨ੍ਹਾਂ ਕੋਲ ਹੀ ਰਹਾਂ, ਪਰ ਉਨ੍ਹਾਂ ਦੀ ਗ੍ਰਹਿਸਤੀ ਵਿੱਚ ਮਰੀ ਹਾਜ਼ਜ਼ਰੀ ਮੈਨੂੰ ਆਪ ਨੂੰ ਹੀ ਖਟਕਦੀ ਸੀ।

ਅਗਲੇ ਗੇੜੇ ਮੈਂ ਆਪਣਾ ਟਰੰਕ ਤਾਂ ਲੈ ਗਿਆ, ਕਿਉਂਕਿ ਇਸ ਵਿੱਚ ਹੀ ਮੇਰੇ ਕੱਪੜੇ ਤੇ ਬਿਸਤਰਾ ਸੀ। ਹੁਣ ਰਹਿਣ ਬਸੇਰੇ ਦਾ ਕੋਈ ਸ਼ੰਸ਼ਾ ਨਹੀਂ ਸੀ। ਬਸ ਅੱਡੇ ਦੇ ਨਾਲ ਹੀ ਸਕੂਲ ਸੀ। ਮੁੰਡਿਆਂ ਨੂੰ ਮੇਰੇ ਆਉਣ ਦਾ ਪਹਿਲਾਂ ਪਤਾ ਸੀ, ਖ਼ਾਸ ਤੌਰ 'ਤੇ ਦਸਵੀਂ ਦੇ ਦੋ ਵਿਦਿਆਰਥੀ ਗਿਆਨ ਚੰਦ ਤੇ ਰਾਜ ਕੁਮਾਰ ਪਹਿਲੇ ਦਿਨ ਹੀ ਮੇਰੇ ਸ਼ਰਧਾਲੂ ਬਣ ਗਏ ਸਨ। ਉਨ੍ਹਾਂ ਨੂੰ ਪਤਾ ਸੀ ਕਿ ਮੈਂ ਕਿਸ ਬਸ 'ਤੇ ਆਉਣਾ ਹਾਂ। ਸੋ ਉਹ ਅੱਡੇ 'ਤੇ ਪਹਿਲਾਂ ਹੀ ਖੜ੍ਹੇ ਸਨ। ਛੁੱਟੀ ਪਿੱਛੋਂ ਉਹ ਮੇਰਾ ਟਰੰਕ ਸ਼ਾਸਤਰੀ ਜੀ ਦੇ ਘਰ ਲੈ ਗਏ। ਉਨ੍ਹਾਂ ਦਾ ਘਰ ਵੀ ਸ਼ਾਸਤਰੀ ਜੀ ਦੇ ਘਰ ਦੇ ਨੇੜੇ ਹੀ ਸੀ। ਇਸ ਲਈ -ਸ਼ਾਸਤਰੀ ਜੀ ਦੇ ਨਾਲ ਨਾਲ ਇਨ੍ਹਾਂ ਦੋਵਾਂ ਮੁੰਡਿਆਂ ਦਾ ਵੀ ਮੈਨੂੰ ਬੜਾ ਸਹਾਰਾ ਹੋ ਗਿਆ।

ਦਸਵੀਂ ਦੀ ਮੈਨੂੰ ਅੰਗਰੇਜ਼ਜ਼ੀ ਦਿੱਤੀ ਗਈ। ਇਸ ਕਾਰਨ ਗਿਆਨ ਤੇ ਰਾਜ ਤੋਂ ਇਲਾਵਾ ਵੀ ਕੁੱਝ ਵੱਡੇ ਮੁੰਡੇ ਮੇਰਾ ਵੱਧ ਸਤਿਕਾਰ ਕਰਦੇ ਸਨ। ਅੰਗਰੇਜ਼ਜ਼ੀ ਦੇ ਵਿਸ਼ੇ ਕਾਰਨ ਹੀ ਹੈਡਮਾਸਟਰ ਦਾ ਰਵੱਈਆ ਵੀ ਮੇਰੇ ਪ੍ਰਤੀ ਸਤਿਕਾਰ ਵਾਲਾ ਸੀ।

ਸ਼ਾਸਤਰੀ ਜੀ ਅਤੇ ਮੁੰਡਿਆਂ ਦੇ ਉਪਰਾਲੇ ਨਾਲ ਮੈਨੂੰ ਇੱਕ ਛੋਟਾ ਜਿਹਾ ਚੁਬਾਰਾ ਕਿਰਾਏ 'ਤੇ ਮਿਲ ਗਿਆ। ਉਹ ਘਰ ਇੱਕ ਬੈਂਕ ਦੇ ਦਰਜਾ ਚਾਰ ਕਰਮਚਾਰੀ ਹੰਸ ਰਾਜ ਦਾ ਸੀ। ਹੰਸ ਰਾਜ ਦੀ ਪਤਨੀ ਮਰ ਚੁੱਕੀ ਸੀ। ਉਸ ਦੀ ਇੱਕ ਕੁੜੀ ਸੀ ਵੀਨਾਂ। ਉਹ ਛੇਵੀਂ 'ਚ ਪੜ੍ਹਦੀ ਸੀ ਤੇ ਉਸ ਤੋਂ ਛੋਟਾ ਸੀ



ਇੱਕ ਮੁੰਡਾ, ਜੋ ਸ਼ਾਇਦ ਤੀਜੀ 'ਚ ਪੜ੍ਹਦਾ ਸੀ। ਹੰਸ ਰਾਜ ਨੇ ਆਪਣੇ ਬੱਚਿਆਂ ਕਾਰਨ ਦੂਜਾ ਵਿਆਹ ਨਹੀਂ ਸੀ ਕਰਾਇਆ। ਉਹ ਕਬੀਲਦਾਰੀ ਦੇ ਚੰਗੇ ਮਾੜੇ ਪੱਖ ਨੂੰ ਸਮਝਦਾ ਸੀ। ਮਤਰੇਈ ਮਾਂ ਆ ਕੇ ਪਤਾ ਨਹੀਂ ਬੱਚਿਆਂ ਨਾਲ ਕਿਸ ਤਰ੍ਹਾਂ ਦਾ ਵਰਤਾਉ ਕਰੇਗੀ? ਬੱਸ ਇਹ ਡਰ ਹੀ ਸੀ ਕਿ ਉਸ ਨੇ ਆਪਣਾ ਮਨ ਮਾਰ ਕੇ ਵਿਆਹ ਨਾ ਕਰਾਉਣ ਦਾ ਫ਼ੈਸਲਾ ਕੀਤਾ ਹੋਇਆ ਸੀ। ਇਹ ਸਭ ਗੱਲਾਂ ਤਿੰਨ-ਚਾਰ ਦਿਨਾਂ ਵਿੱਚ ਹੀ ਰਾਤ ਵੇਲੇ ਬਹਿੰਦਿਆਂ-ਉੱਠਦਿਆਂ ਮੇਰੇ ਨਾਲ ਸਾਂਝੀਆਂ ਕਰ ਲਈਆਂ ਸਨ। ਕੁੜੀ ਨਾਲ ਸਵੇਰ ਤੋਂ ਸ਼ਾਮ ਘਰ ਦਾ ਕੰਮ ਕਰਾਉਂਦਾ ਬੈਂਕ ਤੋਂ ਆਉਂਦੇ ਹੀ ਖਾਕੀ ਵਰਦੀ ਲਾਹ ਕੇ ਉਹ ਕੰਮ ਵਿੱਚ ਜੁਟ ਜਾਂਦਾ। ਰਾਤ ਨੂੰ ਉਸ ਦੇ ਦੱਸਣ ਅਨੁਸਾਰ ਉਹ ਇੱਕ ਰੋਟੀ ਵੱਧ ਇਸ ਲਈ ਖਾਂਦਾ ਤਾਂ ਜੋ ਰੱਜ ਕੇ ਖਾਣ ਕਾਰਨ ਉਸ ਨੂੰ ਨੀਂਦ ਆ ਜਾਵੇ।

ਮੇਰੀ ਰੋਟੀ ਦਾ ਪ੍ਰਬੰਧ ਰਾਜ ਤੇ ਗਿਆਨ ਨੇ ਮਿਲ ਕੇ ਕਰ ਦਿੱਤਾ ਸੀ। ਦੁਪਹਿਰ ਦੀ ਰੋਟੀ ਰਾਜ ਦੇ ਘਰੋਂ ਆਉਂਦੀ ਤੇ ਸ਼ਾਮ ਦੀ ਰੋਟੀ ਗਿਆਨ ਦੇ ਘਰੋਂ। ਉਂਝ ਸ਼ਾਸਤਰੀ ਜੀ ਵੀ ਰੋਟੀ ਲਈ ਜ਼ ਜ਼ੋਰ ਪਾਉਂਦੇ ਰਹਿੰਦੇ, ਪਰ ਮੈਂ ਉਨ੍ਹਾਂ ਉੱਤੇ ਬੋਝ ਨਹੀਂ ਸੀ ਬਨਣਾ ਚਾਹੁੰਦਾ। ਰਾਜ ਤੇ ਗਿਆਨ ਦੀ ਰੋਟੀ ਵੀ ਮੈਂ ਇਸ ਲਈ ਮੰਨ ਲਈ ਸੀ, ਕਿਉਂਕਿ ਮੈਨੂੰ ਆਪ ਰੋਟੀ ਬਣਾਉਣੀ ਨਹੀਂ ਸੀ ਆਉਂਦੀ ਅਤੇ ਢਾਬੇ ਦੀ ਰੋਟੀ ਮਿਰਚਾਂ ਕਾਰਨ ਮੈਨੂੰ ਸੂਟ ਨਹੀਂ ਸੀ ਕਰਦੀ। ਉਂਝ ਵੀ ਸ਼ਾਮ ਨੂੰ ਢਾਬੇ 'ਤੇ ਜਾ ਕੇ ਰੋਟੀ ਖਾਣ 'ਤੇ ਘਰ ਵਾਪਸ ਆਉਣਾ ਮੈਨੂੰ ਔਖਾ ਲੱਗਦਾ ਸੀ। ਦਿਨ ਛਿਪੇ ਤੋਂ ਬਾਅਦ ਤਾਂ ਮੈਂ ਘਰੋਂ ਬਾਹਰ ਨਿਕਲਦਾ ਹੀ ਨਹੀਂ ਸੀ। ਮੈਂ ਇਹ ਪਤਾ ਲੱਗਣ ਦੇਣਾ ਨਹੀਂ ਸੀ ਚਾਹੁੰਦਾ ਕਿ ਮੇਰੀ ਨਿਗ੍ਹਾ ਬਹੁਤ ਘੱਟ ਹੈ ਅਤੇ ਰਾਤ ਨੂੰ ਮੈਨੂੰਨੂੰ ਦਿੱਸਦਾ ਨਹੀਂ। ਮੇਰਾ ਇਹ ਓਹਲਾ ਕਿਸੇ ਹੱਦ ਤੱਕ ਸਕੂਲ ਵਿੱਚ ਵੀ ਅਤੇ ਆਂਢ-ਗੁਆਂਢ ਵਿੱਚ ਵੀ ਬਣਿਆ ਰਿਹਾ। ਹੋ ਸਕਦਾ ਹੈ ਕਿ ਕਿਸੇ ਨੂੰ ਅੰਦਾਜ਼ਜ਼ਾ ਲੱਗ ਵੀ ਗਿਆ ਹੋਵੇ, ਪਰ ਲੱਗਦੀ ਵਾਹ ਮੈਂ ਪਤਾ ਲੱਗਣ ਨਹੀਂ ਸੀ ਦਿੰਦਾ। ਇਸ ਸਬੰਧੀ ਮੈਂ ਵਿਸ਼ੇਸ਼ ਤੌਰ 'ਤੇ ਸੁਚੇਤ ਸੀ।

ਛੁੱਟੀ ਤੋਂ ਪਿੱਛੋਂ ਅਕਸਰ ਗਿਆਨ ਤੇ ਰਾਜ ਮੇਰੇ ਕੋਲ ਪੜ੍ਹਨ ਆ ਜਾਂਦੇ। ਗਿਆਨ ਤਾਂ ਕਬੀਲਦਾਰੀ ਦੀਆਂ ਗੱਲਾਂ ਵੀ ਕਰ ਜਾਂਦਾ। ਉਨ੍ਹਾਂ ਨੂੰ ਪੜ੍ਹਾਉਣ ਨਾਲ ਮੈਨੂੰ ਇੱਕ ਫ਼ਾਇਦਾ ਇਹ ਵੀ ਹੁੰਦਾ ਕਿ ਦਸਵੀਂ ਦੀ ਅੰਗਰੇਜ਼ਜ਼ੀ ਨੂੰਨੂੰ ਪੜ੍ਹਾਉਣ ਵਾਲੇ ਅਗਲੇ ਦਿਨ ਦੇ ਪਾਠ ਦਾ ਪੂਰਾ ਗਿਆਨ ਮੈਨੂੰ ਹੋ ਜਾਂਦਾ।

ਕਲਾਸ ਵਿੱਚ ਮੈਂ ਖ਼ੁਦ ਅੰਗਰੇਜ਼ਜ਼ੀ ਦੀ ਕਿਤਾਬ ਨਹੀਂ ਸੀ ਪੜ੍ਹਦਾ। ਕਿਸੇ ਹੁਸ਼ਿਆਰ ਵਿਦਿਆਰਥੀ ਨੂੰ ਪੜ੍ਹਨ ਲਈ ਕਹਿੰਦਾ। ਮੈਂ ਨਾਲ ਨਾਲ ਔਖੇ ਸ਼ਬਦਾਂ ਦੇ ਅਰਥ ਦੱਸੀ ਜਾਂਦਾ ਅਤੇ ਵਾਕ ਪੂਰਾ ਹੋਣ 'ਤੇ ਪੂਰੇ ਵਾਕ ਦਾ ਅਰਥ ਦੱਸਦਾ। ਜਮਾਤ ਵਿੱਚ ਕੁੜੀਆਂ ਵੀ ਸਨ ਅਤੇ ਮੁੰਡੇ ਵੀ, ਜਿਸ ਕਾਰਨ ਮੈਂ ਵਧੇਰੇ ਸੁਚੇਤ ਹੋਚ ਕੇ ਪੜ੍ਹਾਉਣਾ ਪੈਂਦਾ ਸੀ। ਮੇਰੀ ਆਪਣੀ ਘਾਟ ਦੇ ਬਾਵਜੂਦ ਮੈਂ ਕਿਸੇ ਨੂੰ ਬਿਨਾਂ ਮਤਲਬ ਬੋਲਣ ਜਾਂ ਹੱਸਣ ਨਹੀਂ ਸੀ ਦਿੱਤਾ। ਜਿਸ ਦਿਨ ਅੰਗਰੇਜ਼ਜ਼ੀ ਦੀ ਕਿਤਾਬ ਨਾ ਪੜ੍ਹਾਉਣੀ ਹੁੰਦੀ, ਉਸ ਦਿਨ ਪੰਜਾਬੀ ਤੋਂ ਅੰਗਰੇਜ਼ਜ਼ੀ ਟ੍ਰਾਂਸਲੇਸ਼ਨ ਕਰਾਉਂਦਾ। ਟੈਨਸ ਸਬੰਧੀ ਮੇਰਾ ਗਿਆਨ ਆਪਣੇ ਸਮਕਾਲੀ ਬਹੁਤੇ ਅਧਿਆਪਕਾਂ ਹੋਂ ਚੰਗੇਰਾ ਹੀ ਨਹੀਂ ਸੀ, ਸਗੋਂ ਇਸ ਗਿਆਨ ਨੂੰਨੂੰ ਬੱਚਿਆਂ ਤੱਕ ਪਹੁੰਚਾਉਣ ਲਈ ਮੇਰੀ ਵਿਧੀ ਵੀ ਬੜੀ ਰੌਚਕ ਸੀ। ਜਿਸ ਕਾਰਨ ਦਸਵੀਂ ਉੱਤੇ ਮੇਰਾ ਦਬਦਬਾ ਪੂਰੀ ਤਰ੍ਹਾਂ ਬਣ ਗਿਆ ਸੀ। ਇੱਕ ਹੋਰ ਜਮਾਤ ਦੀ ਅੰਗਰੇਜ਼ਜ਼ੀ ਵੀ ਮੈਂ ਪੜ੍ਹਾਉਂਦਾ ਸੀ। ਉੱਥੇ ਵੀ ਮੇਰੇ ਪੜ੍ਹਾਉਣ ਦਾ ਤਰੀਕਾ ਦਸਵੀਂ ਵਾਲਾ ਹੀ ਸੀ। ਸਮਾਜਿਕ ਸਿੱਖਿਆ ਪੜ੍ਹਾਉਣ ਲਈ ਮੈਨੂੰ ਕਿਸੇ ਕਿਤਾਬ ਨੂੰ ਪੜ੍ਹਨ ਦੀ ਲੋੜ ਨਹੀਂ ਸੀ। ਭੂਗੋਲ ਪੜ੍ਹਾਉਣ ਸਮੇਂ ਮੈਂ ਭਾਰਤ ਦਾ ਨਕਸ਼ਾ ਬੋਰਡ 'ਤੇ ਬਣਾ ਕੇ ਹਰ ਗੱਲ ਸਪੱਸ਼ਟ ਕਰਦਾ। ਮਹਾਂਦੀਪਾਂ ਦੇ ਨਕਸ਼ੇ ਕੰਧ 'ਤੇ ਲਟਕਾ ਕੇ ਇਸ ਤਰ੍ਹਾਂ ਸਮਝਾਉਂਦਾ ਕਿ ਵਿਦਿਆਰਥੀ ਦੰਗ ਰਹਿ ਜਾਂਦੇ। ਨਕਸ਼ਿਆਂ ਰਾਹੀਂ ਭੂਗੋਲ ਪੜ੍ਹਾਉਣ ਦਾ ਅਭਿਆਸ ਮੈਨੂੰ ਪਹਿਲਾਂ ਧੌਲੇ ਅਤੇ ਫੇਰ ਮਿਡਲ ਸਕੂਲ ਮਹਿਤੇ ਹੋ ਗਿਆ ਸੀ।

ਸਵੇਰ ਬਾਹਰ ਅੰਦਰ ਜਾਣ ਲਈ ਜਾਂ ਤਾਂ ਸ਼ਾਸਤਰੀ ਜੀ ਮੇਰੇ ਨਾਲ ਹੁੰਦੇ ਜਾਂ ਗਿਆਨ ਤੇ ਰਾਜ ਵਿੱਚੋਂ ਕੋਈ ਇੱਕ ਜਾਣਾ। ਕਦੇ ਕਦਾਈਂ ਗਿਆਨ ਤੇ ਰਾਜ ਦੋਵੇਂ ਵੀ ਨਾਲ ਜਾਂਦੇ। ਉਂਝ ਸਕੂਲ

ਵਿੱਚ ਦਸਵੀਂ ਦਾ ਵਿਦਿਆਰਥੀ ਜਸਪਾਲ (ਹੁਣ ਜਸਪਾਲ ਮਾਣ ਖੇੜਾ) ਵੀ ਇੱਧਰ-ਉੱਧਰ ਜਾਣ ਸਮੇਂਕਦੇ ਕਦਾਈਂ ਮੇਰੇ ਨਾਲ ਹੁੰਦਾ। ਸਵੇਰ ਵੇਲੇ ਅਸੀਂ ਘੱਗਰ ਦਰਿਆ ਦੇ ਨੇੜੇ ਤੇੜੇ ਪਹੁੰਚ ਜਾਂਦੇ। ਉੱਥੇ ਹੀ ਹੱਥ ਧੋਦੇ। ਮੈਨੂੰ ਸਰਦੂਲਗੜ੍ਹ ਆ ਕੇ ਪਤਾ ਲੱਗਾ ਕਿ ਇੱਥੇ ਘੱਗਰ ਨੂੰ ਨਾਲੀ ਕਹਿੰਦੇ ਹਨ। ਹਾਂ, ਇੱਥੇ ਇਸ ਦਾ ਨਾਂ ਨਾਲੀ ਹੀ ਠੀਕ ਲੱਗਦਾ ਸੀ। ਇਹ ਕੋਈ ਬਹੁਤਾ ਵੱਡਾ ਦਰਿਆ ਨਹੀਂ ਸੀ ਲੱਗਦਾ। ਉਂਝ ਵੀ ਇਸ ਦੇ ਰੇਤਲੇ ਕਿਨਾਰਿਆਂ ਤੋਂ ਪੈਰ ਤਿਲਕ-ਤਿਲਕ ਜਾਂਦਾ। ਮੈਂ ਸ਼ਤਰਾਣੇ ਨੌਕਰੀ ਦੇ ਦੌਰਾਨ ਖਨੌਰੀ ਕੋਲੋਂ ਉਹ ਘੱਗਰ ਵੇਖਿਆ ਸੀ ਜੋ ਘਰਰ-ਘਰਰ ਵੱਗਦਾ, ਸ਼ੂਕਦਾ ਤੇ ਇੱਕ ਸੰਗੀਤ ਜਿਹਾ ਪੈਦਾ ਕਰਦਾ ਸੀ। ਇੱਥੇ ਇਹ ਨਾਲੀ ਵਿੱਚ ਪਾਣੀ ਬੱਸ ਕਿਸੇ ਸੂਏ, ਕੱਸੀ ਨਾਲੋਂ ਵੀ ਘੱਟ ਸੀ। ਹਾੜ੍ਹ-ਜੇਠ ਦੇ ਮਹੀਨਿਆਂ ਕਾਰਨ ਅਜੇ ਮੀਂਹ ਨਹੀਂ ਸਨ ਪਏ। ਇਸ ਕਾਰਨ ਵੀ ਨਾਲੀ ਵਿਚਾਰੀ ਨਾਲੀ ਜਿਹੀ ਹੀ ਸੀ।

ਮੈਂ ਸ਼ਨੀਵਾਰ-ਐਤਵਾਰ ਨੂੰ ਵੀ ਸਰਦੂਲਗੜ੍ਹ ਹੀ ਰਹਿੰਦਾ। ਹਰ ਸ਼ਨੀਵਾਰ ਜੇ ਬਰਨਾਲੇ ਆਉਣ ਬਾਰੇ ਵੀ ਸੋਚਦਾ ਤਾਂ ਵੀ ਮਨ ਨਾ ਮੰਨਦਾ। ਰੋਜ਼ ਜ਼-ਰੋਜ਼ ਜ਼ ਸਹੁਰਿਆਂ ਦੇ ਘਰ ਜਾਣਾ ਚੰਗਾ ਨਾ ਲੱਗਦਾ। 'ਭੈਣ ਘਰ ਭਾਈ ਕੁੱਤਾ, ਸਹੁਰੇ ਘਰ ਜਵਾਈ ਕੁੱਤਾ' ਇਹ ਅਖਾਣ ਮੈਨੂੰ ਬਰਨਾਲੇ ਜਾਣ ਤੋਂ ਰੋਕੀ ਰੱਖਦਾ। ਤਪੇ ਜਾਣ ਨੂੰ ਵੀ ਜੀਅ ਨਾ ਕਰਦਾ। ਜਿਸ ਘਰ ਵਿੱਚੋਂ ਇੰਨਾ ਜਲੀਲ ਹੋ ਕੇ ਨਿਕਲਿਆ ਸੀ, ਨਿਕਲਿਆ ਹੀ ਨਹੀਂ ਸੀ ਕੱਢਿਆ ਗਿਆ ਸੀ, ਭਲਾਂ ਉੱਥੇ ਮੇਰਾ ਹੈ ਵੀ ਕੀ ਸੀ। ਮਾਂ ਸੀ, ਵਿਚਾਰੀ ਬੇਵਸ ਬੁੜੀ। ਭਰਾ ਸੀ, ਜਿਸ ਨੇ ਮੈਨੂੰ ਅੱਡ ਕਰਕੇ ਮੋਹ ਭੰਗ ਕਰਨ ਦਾ ਜਾਲ ਬੁਣਿਆ ਸੀ ਤੇ ਬਾਕੀ ਉਹ ਸਨ ਮੇਰੇ ਭਤੀਜੇ, ਭਤੀਜੀ, ਜਿੰਨ੍ਹਾਂ ਦੇ ਕੰਨਾਂ ਵਿੱਚ ਮੇਰੇ ਪ੍ਰਤੀ ਪਤਾ ਨਹੀਂ ਕਿੰਨੀ ਕੁ ਕੁੜੱਤਣ ਭਰ ਦਿੱਤੀ ਗਈ ਸੀ। ਹਾਂ, ਮੇਰੀ ਵੱਡੀ ਭਤੀਜੀ ਊਸ਼ਾ ਸੀ, ਉਹੀ ਇੱਕੋ ਇੱਕ ਮੇਰੀ ਹਮਦਰਦ ਸੀ। ਪਰ ਉਦੋਂ ਉਹ ਐਮ.ਬੀ.ਬੀ.ਐਸ. ਵਿੱਚ ਅੰਮ੍ਰਿਤਸਰ ਪੜ੍ਹਦੀ ਸੀ।

15 ਮਈ, 1971 ਨੂੰ ਮੈਂ ਸਰਕਾਰੀ ਹਾਈ ਸਕੂਲ ਸਰਦੂਲਗੜ੍ਹ ਹਾਜ਼ਜ਼ਰ ਹੋਇਆ ਸੀ। ਵਿੱਚ ਦੀ ਇੱਕ ਵਾਰ ਬਰਨਾਲੇ ਗੇੜਾ ਮਾਰ ਗਿਆ ਸੀ। ਪਤਨੀ ਦੀ ਨਿਰਾਸ਼ਾ ਤੇ ਨਮੋਸ਼ੀ ਅੱਗੇ ਮੇਰੀ ਬੇਵਸੀ ਦਾ ਆਲਮ ਇਹ ਸੀ ਕਿ ਮੇਰੇ ਅੰਦਰੋਂ ਹੀ ਆਵਾਜ਼ਜ਼ਾਂ ਉੱਠਦੀਆਂ। ਉਹ ਆਵਾਜ਼ਜ਼ਾਂ ਮੇਰੀਆਂ ਨਹੀਂ ਸਨ, ਮੇਰੀ ਪਤਨੀ ਦੀਆਂ ਸਨ। ਭਲਾਂ ਦੂਜਾ ਜਣੇਪਾ ਵੀ ਕੋਈ ਪੇਕੇ ਕਰਦਾ ਹੁੰਦਾ ਐ? ਘਰ 'ਚੋਂ ਵੀ ਆਪਣਾ ਹੱਕ ਨਹੀਂ ਲੈ ਸਕੇ? ਇਸ ਤਰ੍ਹਾਂ ਹੀਣ ਭਾਵਨਾ ਦਾ ਮਾਰਿਆ ਮੈਂ ਇੱਕ ਰਾਤ ਕੱਟ ਕੇ ਸਰਦੂਲਗੜ੍ਹ ਵਾਪਸ ਆ ਗਿਆ ਸੀ। ਮੈਨੂੰ ਮੇਰੇ ਸਹੁਰੇ ਘਰ ਦੇ ਬੱਚੇ ਤੋਂ ਵੀ ਜਿਵੇਂ ਸ਼ਰਮ ਆਉਂਦੀ ਹੋਵੇ। ਉੱਥੇ ਇੱਕ ਦਿਨ ਕੱਟਣਾ ਵੀ ਸੂਲੀ ਟੰਗੇ ਪਲਾਂ ਵਰਗਾ ਸੀ।

ਸਰਦੂਲਗੜ੍ਹ ਸਕੂਲ ਵਿੱਚ ਪੰਜ-ਛੇ ਹੋਰ ਅਧਿਆਪਕ ਵੀ ਬਦਲ ਕੇ ਆਏ ਹੋਏ ਸਨ, ਪਰ ਮੇਰੇ ਤੇ ਕ੍ਰਿਸ਼ਨ ਕੁਮਾਰ ਤੋਂ ਬਿਨਾਂ ਕੋਈ ਵੀ ਜ਼ਿਜ਼ਲ੍ਹਾ ਬਦਲ ਨਹੀਂ ਸੀ ਕੀਤਾ ਗਿਆ, ਕਿਉਂਕਿ ਉਹ ਜ਼ਿਜ਼ਲ੍ਹਾ ਕੇਡਰ ਦੇ ਅਧਿਆਪਕ ਸਨ- ਭਾਸ਼ਾ ਤੇ ਪ੍ਰਾਇਮਰੀ ਅਧਿਆਪਕ। ਉਹ ਅਕਸਰ ਛੁੱਟੀ ਹੋਣ 'ਤੇ ਘਰ ਚਲੇ ਜਾਂਦੇ। ਜਿਹੜੀ ਅਕਾਲੀ ਸਰਕਾਰ ਇਹ ਸਮਝਦੀ ਸੀ ਕਿ ਉਹ ਅਧਿਆਪਕਾਂ ਨੂੰ ਨਿਯੁਕਤੀ ਵਾਲੇ ਸਟੇਸ਼ਨ 'ਤੇ ਰਹਿਣ ਲਾ ਦੇਵੇਗੀ, ਉਹ ਆਪਣੇ ਮਕਸਦ ਵਿੱਚ ਫੇਲ੍ਹ ਸੀ। ਕ੍ਰਿਸ਼ਨ ਕੁਮਾਰ ਵੀ ਰੋਜ਼ਜ਼ ਬਰਨਾਲੇ ਆਪਣੇ ਘਰ ਚਲਾ ਜਾਂਦਾ। ਬੱਸ ਇੱਕ ਮੈਂ ਸੀ ਜੋ ਸਰਦੂਲਗੜ੍ਹ ਰਹਿਣ ਲਈ ਮਜਬੂਰ ਸੀ। ਪਰ ਇੱਥੇ ਵੀ ਮੈਂ ਆਪਣਾ ਦਿਲ ਲਾ ਲਿਆ ਸੀ। ਛੁੱਟੀ ਪਿੱਛੋਂ ਅਤੇ ਐਤਵਾਰ ਵਾਲੇ ਦਿਨ ਕਦੇ ਮੈਂ ਸ਼ਾਸਤਰੀ ਜੀ ਦੇ ਘਰ ਚਲਾ ਜਾਂਦਾ, ਕਦੇ ਬੱਚੇ ਮੇਰੇ ਕੋਲ ਆ ਜਾਂਦੇ। ਉਨ੍ਹਾਂ ਦੇ ਘਰ ਜਾ ਕੇ ਮੈਨੂੰ ਕੁੱਝ ਓਪਰਾ ਨਹੀਂ ਸੀ ਲੱਗਦਾ। ਗਿਆਨ ਤੇ ਰਾਜ ਤੋਂ ਬਿਨਾਂ ਗੁਆਂਢ ਵਿੱਚੋਂ ਇੱਕ ਦਸਵੀਂ ਦੀ ਕੁੜੀ ਵੀ ਕਦੇ-ਕਦਾਈਂ ਕੁੱਝ ਪੁੱਛਣ ਆ ਜਾਂਦੀ। ਸਕੂਲ ਵਿੱਚ ਮੁੱਖ ਅਧਿਆਪਕ ਹੇਮ ਰਾਜ ਮੈਨੂੰ ਮਹਿਤਾ ਸਾਹਿਬ ਕਹਿ ਕੇ ਬੁਲਾਉਂਦੇ। ਮੈਂ ਮਹਿਤਾ ਤੋਂ ਬਦਲ ਕੇ ਇੱਥੇ ਆਇਆ ਸੀ, ਜਿਸ ਕਾਰਨ ਪਤਾ ਨਹੀਂ ਕਿਉਂ ਮੈਂ ਉਸ ਦੇ ਦਿਮਾਗ ਵਿੱਚ ਮਹਿਤਾ ਸਾਹਿਬ ਬਣ ਗਿਆ ਸੀ। ਉਂਝ ਬਾਕੀ ਅਧਿਆਪਕ ਮੈਨੂੰ ਗੋਇਲ ਸਾਹਿਬ ਜਾਂ ਤਰਸੇਮ ਜੀ ਕਹਿੰਦੇ। ਮੈਨੂੰ ਇਸ ਤਰ੍ਹਾਂ ਬੁਲਾਉਣ ਦਾ ਕਾਰਨ ਸ਼ਾਸਤਰੀ ਜੀ ਦੀ ਪਹਿਲ ਕਦਮੀ ਸੀ। ਉਹ ਮੈਨੂੰ ਕਦੇ ਗੋਇਲ ਸਾਹਿਬ ਕਹਿੰਦੇ ਅਤੇ ਕਦੇ ਤਰਸੇਮ ਜੀ। ਮੇਰੇ ਪਰਿਵਾਰ ਅਤੇ ਮੇਰੀ ਯੋਗਤਾ ਦੇ ਜਿਹੜੇ ਪੁਲ ਸ਼ਾਸਤਰੀ ਜੀ ਨੇ ਬੰਨ੍ਹੇ, ਉਸ ਕਾਰਨ ਮੈਂ ਮੁੱਖ ਅਧਿਆਪਕ ਤੋਂ ਲੈ ਕੇ ਵਿਦਿਆਰਥੀਆਂ ਤੱਕ ਕੁੱਝ ਦਿਨਾਂ



ਵਿੱਚ ਹੀ ਸਤਿਕਾਰ ਦਾ ਪਾਤਰ ਬਣ ਗਿਆ ਸੀ।

ਭਾਵੇਂ ਸਕੂਲ ਅਤੇ ਚੁਬਾਰੇ ਵਿੱਚ ਮੈਂ ਪੜ੍ਹਾਉਣ ਵਿੱਚ ਰੁੱਝਿਆ ਰਹਿੰਦਾ, ਪਰ ਅਕਸਰ ਪਤਨੀ ਦੇ ਜਣੇਪੇ ਬਾਰੇ ਸੋਚ ਕੇ ਘਬਰਾ ਜਾਂਦਾ। ਸਹੁਰਿਆਂ ਬਾਰੇ ਸੋਚ ਕੇ ਤਾਂ ਮੈਂ ਆਪਣੇ ਆਪ ਨੂੰ ਕੱਖੋਂ ਹੋਲਾ ਸਮਝਣ ਲੱਗ ਪੈਂਦਾ। ਅਧਿਆਪਕ ਅੰਦੋਲਨ ਅਤੇ ਸਿਆਸੀ ਸਰਗਰਮੀਆਂ ਕਾਰਨ ਬਦਲੀਆਂ ਰੱਦ ਹੋਣ ਦੀ ਸੰਭਾਵਨਾ ਬਣਦੀ ਜਾ ਰਹੀ ਸੀ। ਸ਼ਾਇਦ ਕੁੱਝ ਅਧਿਆਪਕਾਂ ਨੇ ਬਦਲਾ ਲਊ ਭਾਵਨਾ ਕਾਰਨ ਕੀਤੀਆਂ ਸਮੂਹਿਕ ਬਦਲੀਆਂ ਆਧਾਰ ਬਣਾ ਕੇ ਦੇ ਦਿੱਤੀ ਸੀ, ਪਰ ਅਜੇ ਬਦਲੀਆਂ ਰੱਦ ਹੋਣ ਦਾ ਅਸਲੀ ਮੂੰਹ ਸਿਰ ਕੋਈ ਨਹੀਂ ਸੀ ਬਣਿਆ।

ਇਸ ਵਾਰ ਦੀਆਂ ਗਰਮੀ ਦੀਆਂ ਛੁੱਟੀਆਂ ਮੇਰੇ ਲਈ ਦੋਜ਼ਖ਼ ਸਨ। ਨਾ ਸਰਦੂਲਗੜ੍ਹ ਰਹਿਣ ਨੂੰ ਜੀਅ ਕਰਦਾ ਸੀ, ਬਰਨਾਲੇ ਸਹੁਰਿਆਂ ਦੇ ਘਰ ਰਹਿਣਾ ਇਸ ਤੋਂ ਵੱਡੀ ਨਮੋਸ਼ੀ ਦੀ ਗੱਲ ਮੇਰੇ ਲਈ ਹੋਰ ਕਿਹੜੀ ਹੋ ਸਕਦੀ ਸੀ? ਮਾਂ ਕੋਲ ਜਾ ਕੇ ਰਹਾਂ? ਮੇਰਾ ਅੰਦਰ ਬੋਲਿਆ। ਪਰ ਉਹ ਮਾਂ ਦਾ ਘਰ ਤਾਂ ਨਹੀਂ ਸੀ। ਮਾਂ ਤਾਂ ਵਿਚਾਰੀ ਜੂਠੇ ਭਾਂਡੇ ਮਾਂਜ ਕੇ ਰੋਟੀ ਖਾਣ ਵਾਲੀ ਇੱਕ ਬੇਵਸ, ਵਿਧਵਾ ਔਰਤ ਤੋਂ ਵੱਧ ਕੁੱਝ ਨਹੀਂ ਸੀ। ਭੈਣ ਦੇ ਘਰ ਜਾ ਕੇ ਰਹਿਣਾ ਹੋਰ ਵੀ ਔਖਾ ਲੱਗ ਰਿਹਾ ਸੀ। ਪਹਿਲਾਂ ਕਈ ਵਾਰ ਸਲੀਣੇ ਵੱਡੀ ਭੈਣ ਸ਼ੀਲਾ ਕੋਲ ਗਰਮੀ ਦੀਆਂ ਛੁੱਟੀਆਂ ਵਿੱਚ ਕਈ-ਕਈ ਹਫ਼ਤੇ ਲਾ ਆਉਂਦਾ, ਪਰ ਹੁਣ ਉਹ ਭੈਣ ਵੀ ਉਹ ਭੈਣ ਨਹੀਂ ਸੀ ਰਹੀ। ਹੁਣ ਤਾਂ ਉਸਨੂੰਨੂੰ ਮੇਰੇ ਤੱਕ ਕੋਈ ਗਰਜ਼ਜ਼ ਹੀ ਨਹੀਂ ਸੀ ਰਹੀ। ਜਦੋਂ ਮੈਂ ਉਸ ਕੋਲ ਗਰਮੀ ਦੀਆਂ ਛੁੱਟੀਆਂ ਵਿੱਚ ਰਹਿਣ ਜਾਂਦਾ, ਉਦੋਂ ਤਾਂ ਵਿਜੈ ਜਾਂ ਕੈਲਾ- ਤਪੇ ਪੜ੍ਹਦੇ ਸਨ ਤੇ ਜਾਂ ਫੇਰ ਛੋਟੀ ਕੁੜੀ ਰਾਜੀ ਮੇਰੇ ਕੋਲ ਧੋਲੇ ਪੜ੍ਹਦੀ ਸੀ। ਉਸ ਨੂੰ ਝੇਪ ਸੀ, ਝੇਪ ਹੀ ਨਹੀਂ, ਸ਼ਾਇਦ ਕੁੱਝ ਪਿਆਰ ਹੋਵੇ। ਪਰ ਹੁਣ ਝੇਪ ਤੇ ਪਿਆਰ ਦਾ ਅਸਲੀ ਰੂਪ ਬਾਹਰ ਆ ਚੁੱਕਿਆ ਸੀ। ਵੰਡ-ਵੰਡਾਰੇ ਵੇਲੇ ਜੋ ਕੁੱਝ ਉਹ ਕਰਕੇ ਗਈ ਸੀ, ਉਸ ਕਾਰਨ ਸਲੀਣੇ ਜਾਣ ਲਈ ਵੱਢੀ ਰੂਹ ਵੀ ਨਹੀਂ ਸੀ ਕਰਦੀ।

ਇੱਕ ਗੱਲ ਹੋਰ ਵੀ ਸੀ। ਮਰਿਯਾਦਾ ਵੀ ਕਦੇ ਮੇਰਾ ਰਾਹ ਰੋਕ ਲੈਂਦੀ ਤੇ ਮੈਂ ਤਪੇ ਭਰਾ ਕੋਲ ਜਾ ਕੇ ਰਹਿਣ ਦਾ ਹੁਕਮ ਦਿੰਦੀ। ਅੰਦਰਲਾ ਕਹਿੰਦਾ, ਉਹ ਤੈਨੂੰ ਕੱਢ ਤਾਂ ਨਹੀਂ ਦਿਊ। ਦਰ-ਦਰ ਧੱਕੇ ਖਾਣ ਨਾਲੋਂ ਤਾਂ ਭਰਾ ਕੋਲ ਜਾ। ਉੱਥੇ ਮਾਂ ਬੈਠੀ ਹੈ। ਤਪੇ ਵਿੱਚ ਯਾਰ ਬੇਲੀ ਹਨ। ਬਰਨਾਲਾ ਵੀ ਨਾਲ ਹੀ ਹੈ ਤੇ ਨਾਲ ਹੀ ਰਾਮਪੁਰਾ ਫੂਲ ਹੈ। ਲੋਕ-ਲੱਜ ਤੇ ਮਰਿਯਾਦਾ ਦਾ ਖ਼ਿਆਲ ਤੇ ਉੱਤੋਂ ਪਤਨੀ ਦੀ ਭਰੇ ਮਨ ਨਾਲ ਦਿੱਤੀ ਸਹਿਮਤੀ ਕਾਰਨ ਮੈਂ ਸਭ ਸੰਗ-ਸ਼ਰਮ ਲਾਹ ਕੇ ਆਪਣਾ ਬੈਗ ਭਰਾ ਦੇ ਘਰ ਟਿਕਾ ਦਿੱਤਾ। ਉਹ ਘਰ ਜਿਸ ਨੂੰਨੂੰ ਛੇ ਮਹੀਨੇ ਪਹਿਲਾਂ ਮੈਂ ਆਪਣਾ ਘਰ ਕਹਿੰਦਾ ਹੁੰਦਾ ਸੀ। ਹੁਣ ਉਹ ਮੇਰਾ ਘਰ ਨਹੀਂ ਸੀ, ਭਰਾ ਦਾ ਘਰ ਸੀ। ਮੈਂ ਆਪਣੇ ਹੱਥੀਂ ਇਹ ਹੱਟ-ਹਾਤਾ ਉਸ ਦੇ ਹਿੱਸੇ ਵਿੱਚ ਲਿਖ ਕੇ ਦੇ ਚੁੱਕਾ ਸੀ। ਪਰ 17 ਜੂਨ ਤੱਕ ਮੈਂ ਉੱਥੇ ਇਸ ਤਰ੍ਹਾਂ ਰਿਹਾ, ਜਿਵੇਂ ਕਿਸੇ ਜੇਲ੍ਹ ਵਿੱਚ ਹੋਵਾਂ। ਕਦੇ ਆਪਣੇ ਮਿੱਤਰ ਰਮੇਸਰ ਦਾਸ ਕ ਲ ਚਲਾ ਜਾਂਦਾ। ਕਦੇ -ਾਮ ਲਾਲ ਮੈਨੂੰ ਦੂਰ ਤੱਕ ਸੈਰ ਕਰਨ ਲੈ ਜਾਂਦਾ। ਰਮੇਸਰ ਦਾਸ ਕੋਲ ਤਾਂ ਦਿਲ ਦੀਆਂ ਕੁੱਝ ਗੱਲਾਂ ਕਰ ਲੈਂਦਾ, ਪਰ ਸ਼ਾਮ ਲਾਲ ਕੋਲ ਦਿਲ ਦੀਆਂ ਗੱਲਾਂ ਕਰਨ ਨੂੰ ਵੀ ਡਰਦਾ ਸੀ। ਇੱਕ ਤਾਂ ਇਹ ਕਿ ਉਹ ਸਾਡਾ ਗੁਆਂਢੀ ਸੀ ਤੇ ਦੂਜਾ ਇਹ ਕਿ ਉਸਦੇ ਗੱਲ ਪੱਚਦੀ ਨਹੀਂ ਸੀ। ਮੇਰੀ ਕੀਤੀ ਗੱਲ ਉਸਦੀ ਮਾਂ ਜਾਂ ਪਤਨੀ ਰਾਹੀਂ ਮੇਰੀ ਭਾਬੀ ਤੱਕ ਪਹੁੰਚ ਸਕਦੀ ਸੀ ਤੇ ਭਾਬੀ ਤੱਕ ਪਹੁੰਚੀ ਗੱਲ ਭਾਂਬੜ ਬਣ ਸਕਦੀ ਸੀ, ਜੋ ਮੇਰੇ ਅੱਧ ਝੁਲਸੇ ਦਿਲ-ਦਿਮਾਗ ਨੂੰ ਸੁਆਹ ਬਣਾ ਸਕਦੀ ਸੀ। ਇਸ ਲਈ ਸ਼ਾਮ ਲਾਲ ਕੋਲ ਘਰ ਦੀ ਕੋਈ ਗੱਲ ਨਹੀਂ ਸੀ ਕਰਦਾ। ਗਿਆਨੀ ਰਘੁਵੀਰ ਨਾਲ ਵੀ ਮੇਲ-ਜੋਲ ਹੁੰਦਾ ਰਹਿੰਦਾ, ਪਰ ਜ਼ਿਜ਼ਆਦਾਤਰ ਮੇਰੀ ਗੱਲਬਾਤ ਉਦੋਂ ਰਮੇਸਰ ਦਾਸ ਨਾਲ ਹੀ ਹੁੰਦੀ। ਇੱਕ ਵਾਰ ਭੈਣ ਤਾਰਾ ਕੋਲ ਰਾਮਪੁਰੇ ਵੀ ਗੇੜਾ ਮਾਰ ਆਇਆ ਸੀ ਅਤੇ ਇੱਕ ਵਾਰ ਮਾਲੇਰਕੋਟਲੇ ਭੈਣ ਕਾਂਤਾ ਕੋਲ ਵੀ। ਦੋਵੇਂ ਭੈਣਾਂ ਬੜੀ ਤਸੱਲੀ ਦਿੰਦੀਆਂ। ਤਸੱਲੀ ਤੋਂ ਬਿਨਾਂ ਉਨ੍ਹਾਂ ਕੋਲ ਕੁੱਝ ਹੈ ਵੀ ਨਹੀਂ ਸੀ। ਮਦਨ ਲਾਲ ਜੀ ਤਾਂ ਘੱਟ ਹੀ ਗੱਲ ਕਰਦੇ ਸਨ। ਹਾਂ, ਮਾਲੇਰਕੋਟਲੇ ਵਾਲੇ ਜੀਜਾ ਗੁੱਜਰ ਲਾਲ ਜੀ ਮੇਰੇ ਨਾਲ ਰੱਜ ਕੇ ਗੱਲਾਂ ਕਰਦੇ, ਬੜੀਆਂ ਨਸੀਹਤਾਂ ਦਿੰਦੇ। ਮੈਨੂੰ ਦਿਲੋਂ ਪਿਆਰ ਕਰਦੇ, ਪਰ ਉਹ ਵਿਚਾਰੇ ਵੀ ਤੰਗ ਦਸਤੀ ਦਾ ਸ਼ਿਕਾਰ ਸਨ। ਰੱਬ ਵਿੱਚ ਉਨ੍ਹਾਂ ਦਾ ਅਟੱਲ ਭਰੋਸਾ ਸੀ। ਮੈਨੂੰ ਵੀ ਉਹ ਰੱਬ 'ਤੇ ਭਰੋਸਾ

ਰੱਖਣ ਲਈ ਕਹਿੰਦੇ, ਪਰ ਉਨ੍ਹਾਂ ਦੀ ਰੱਬ 'ਤੇ ਭਰੋਸੇ ਵਾਲੀ ਗੱਲ ਮੈਨੂੰ ਕਦੇ ਜਚੀ ਨਹੀਂ ਸੀ। ਉਂਝ ਉਨ੍ਹਾਂ ਦੇ ਪਿਆਰ ਅਤੇ ਰੁਤਬੇ ਕਾਰਨ ਮੈਂ ਉਨ੍ਹਾਂ ਦੀ ਕਿਸੇ ਗੱਲ ਨੂੰ ਕੱਟਿਆ ਨਹੀਂ ਸੀ।

18 ਜੂਨ 1971 ਜਦੋਂ ਮੇਰੇ ਦੂਜੇ ਬੇਟੇ ਦੇ ਜਨਮ ਦੀ ਖ਼ਬਰ ਮਿਲੀ ਤਾਂ ਇਸ ਤਰ੍ਹਾਂ ਲੱਗਾ ਜਿਵੇਂ ਤੱਪਦੇ ਥਲ 'ਤੇ ਬੱਦਲ ਵਰ੍ਹ ਗਿਆ ਹੋਵੇ। ਮੇਰੀ ਭਤੀਜੀ ਸਰੋਜ ਨੇ ਉਸਦਾ ਨਾਂ ਬੌਬੀ ਰੱਖ ਦਿੱਤਾ। ਮੈਂ ਲੀਚੀਆਂ ਦੀ ਪੇਟੀ ਲਿਆਂਦੀ। ਘਰ ਵਿੱਚ ਸਭ ਤੋਂ ਖ਼ੁਸ਼ ਮੇਰੀ ਮਾਂ ਸੀ ਤੇ ਫੇਰ ਬੱਚੇ, ਭਰਾ ਵੀ ਖ਼ੁਸ਼ ਸੀ। ਭਾਬੀ ਖ਼ੁਸ਼ ਸੀ ਜਾਂ ਨਹੀਂ, ਕੁੱਝ ਯਾਦ ਨਹੀਂ। ਮੈਂ ਅਗਲੇ ਦਿਨ ਹੀ ਬਰਨਾਲੇ ਚਲਾ ਗਿਆ। ਬਰਨਾਲੇ ਵਾਲੇ ਸਾਰੇ ਖ਼ੁਸ਼ ਬਹੁਤ ਸਨ। ਪਤਨੀ ਦੇ ਚਿਹਰੇ ਉੱਤੇ ਵੀ ਪਹਿਲਾਂ ਵਾਲੀ ਉਦਾਸੀ ਨਹੀਂ ਸੀ। ਪਰ ਉਸ ਨੂੰ ਮੇਰਾ ਤਪੇ ਭਰਾ ਦੇ ਘਰ ਵਿੱਚ ਰਹਿਣਾ ਚੰਗਾ ਨਹੀਂ ਸੀ ਲੱਗਿਆ। ਜਦੋਂ ਮੈਂ ਉਸ ਕੋਲੋਂ ਹੋਰ ਕਿਤੇ ਰਹਿਣ ਬਾਰੇ ਪੁੱਛਿਆ ਤਾਂ ਉਸ ਕੋਲ ਕੋਈ ਜਵਾਬ ਨਹੀਂ ਸੀ।

ਪੰਜੀਰੀ ਦੀ ਥਾਂ ਇੱਕ ਪੀਪੀ ਦੇਸੀ ਘਿਉ ਤੇ ਪੰਜ ਸੌ ਰੁਪਏ ਇੱਕ ਹਫ਼ਤੇ ਪਿੱਛੋਂ ਦੇ ਕੇ ਮੈਂ ਆਪਣਾ ਫ਼ਰਜ਼ਜ਼ ਪੂਰਾ ਕੀਤਾ ਸਮਝਦਾ ਸੀ। ਪੰਜੀਰੀ ਕਿਵੇਂ ਬਣਾਉਂਦਾ ਤੇ ਕਿੱਥੇ ਬਣਾਉਂਦਾ? ਇਸ ਸਮੱਸਿਆ ਦਾ ਇਸ ਤੋਂ ਵਧੀਆ ਹੋਰ ਕੋਈ ਹੱਲ ਨਹੀਂ ਸੀ। ਮਾਂ ਨੇ ਇਸ ਤਰ੍ਹਾਂ ਹੀ ਕਰਨ ਲਈ ਕਿਹਾ ਸੀ। ਭਰਾ ਅਤੇ ਭਾਬੀ ਤੋਂ ਪੁੱਛਣ ਦੀ ਹੁਣ ਮੈਂ ਲੋੜ ਨਹੀਂ ਸੀ ਸਮਝੀ। ਸਰਦੂਲਗੜ੍ਹ ਵਿਸ਼ਵਾਮਿਤਰ ਸ਼ਾਸਤਰੀ ਨੂੰ ਇਹ ਖ਼ੁਸ਼-ਖ਼ਬਰੀ ਚਿੱਠੀ ਰਾਹੀਂ ਦੇ ਦਿੱਤੀ ਸੀ ਅਤੇ ਨਾਲ ਹੀ ਬੌਬੀ ਦੇ ਜਨਮ ਦਾ ਸਮਾਂ ਵੀ ਲਿਖ ਦਿੱਤਾ ਸੀ। ਨਾਲ ਸ਼ਾਸਤਰੀ ਜੀ ਨੂੰ ਇਹ ਵੀ ਬੇਨਤੀ ਕਰ ਦਿੱਤੀ ਸੀ ਕਿ ਉਹ ਮਾਲਕ ਮਕਾਨ ਹੰਸਰਾਜ, ਗਿਆਨ ਤੇ ਰਾਜ ਨੂੰ ਵੀ ਬੌਬੀ ਦੇ ਜਨਮ ਦੀ ਖ਼ੁਸ਼-ਖ਼ਬਰੀ ਦੇ ਦੇਣ। ਵਾਪਸ ਸਰਦੂਲਗੜ੍ਹ ਜਾਣ ਤੋਂ ਪਹਿਲਾਂ ਕਬੀਲਦਾਰੀ ਪੱਖੋਂ ਇਹ ਸਭ ਕੁੱਝ ਕਰਨਾ ਜ਼ਜ਼ਰੂਰੀ ਸੀ।

ਛੁੱਟੀਆਂ ਖ਼ਤਮ ਹੋਣ 'ਤੇ ਮੈਂ ਮੁੜ ਸਰਦੂਲਗੜ੍ਹ ਚਲਾ ਗਿਆ। ਭੈਣ ਕ੍ਰਿਸ਼ਨਾ ਲਈ ਮਠਿਆਈ ਮੈਂ ਬਰਨਾਲੇ ਤੋਂ ਲੈ ਕੇ ਗਿਆ ਸੀ। ਮਾਲਕ ਮਕਾਨ, ਗਿਆਨ ਤੇ ਰਾਜ ਦਾ ਮੂੰਹ ਮਿੱਠਾ ਵੀ ਕਰਵਾਇਆ ਸੀ।

ਸ਼ਾਸਤਰੀ ਜੀ ਪੱਕੇ ਜੋਤਸ਼ੀ ਤਾਂ ਨਹੀਂ ਸਨ, ਪਰ ਉਨ੍ਹਾਂ ਨੂੰਨੂੰ ਟੇਵਾ ਬਣਾਉਣਾ ਆਉਂਦਾ ਸੀ। ਬੌਬੀ ਦਾ ਟੇਵਾ ਉਨ੍ਹਾਂ ਨੇ ਬਣਾ ਕੇ ਕੁੱਝ ਗੰਭੀਰ ਹੋ ਗਏ ਨੀਚ ਦਾ ਚੰਦਰਮਾਂ ਦੱਸ ਕੇ ਉਹਨਾਂ ਹੋਰ ਕੁੱਝ ਮੈਨੂੰ ਨਹੀਂ ਸੀ ਦੱਸਿਆ। ਮੈਂ ਪੁੱਛਿਆ ਵੀ ਨਹੀਂ ਸੀ। ਭਾਵੇਂ ਮੈਂ ਕਿਸਮਤ ਵਿੱਚ ਭਰੋਸਾ ਨਹੀਂ ਸੀ ਰੱਖਦਾ ਤੇ ਹੁਣ ਵੀ ਪੂਰਾ ਭਰੋਸਾ ਨਹੀਂ ਰੱਖਦਾ, ਪਰ ਫੇਰ ਵੀ ਚੰਗੇ ਵਿਦਵਾਨ ਜੋਤਸ਼ੀਆਂ ਦੀ ਕਦਰ ਕਰਦਾ ਹਾਂ। ਇਸ ਲਈ ਪਦਾਰਥਵਾਦੀ ਹੁੰਦਾ ਹੋਇਆ ਵੀ ਮੈਂ ਕਦੇ-ਕਦੇ ਸ਼ੰਕਾਵਾਦੀ ਹੋ ਜਾਂਦਾ ਹਾਂ। ਬਿਲਕੁਲ ਏਸੇ ਤਰ੍ਹਾਂ ਹੀ ਮੈਂ ਸ਼ਾਸਤਰੀ ਜੀ ਦੇ ਦੱਸਣ 'ਤੇ ਹੋਇਆ ਹੋਵਾਂਗਾ। ਪਰ ਬਦਲੀਆਂ ਰੱਦ ਹੋਣ ਦੀਆਂ ਅਫ਼ਵਾਹਾਂ ਕਾਰਨ ਘਰ ਵਾਪਸੀ ਦਾ ਨੁਮੰਣਾ ਹੀ ਉਨ੍ਹਾਂ ਦਿਨਾਂ ਵਿੱਚ ਕਾਫ਼ੀ ਸੀ।

ਛੁੱਟੀਆਂ ਪਿੱਛੋਂ ਵੀ ਗੱਡੀ ਪਹਿਲੀ ਰਫ਼ਤਾਰ ਤੁਰ ਪਈ ਸੀ। ਉਹੀ ਸ਼ਾਸਤਰੀ ਦੇ ਘਰ ਆਉਣ-ਜਾਣ, ਉਹੀ ਕ੍ਰਿਸ਼ਨਾ ਦੇ ਬੱਚਿਆਂ ਦਾ ਚੁਬਾਰੇ 'ਚ ਆਉਣਾ, ਉਹੀ ਗਿਆਨ ਤੇ ਰਾਜ ਦੀ ਪੜ੍ਹਾਈ, ਉਹੀ ਹੰਸ ਰਾਜ ਦੀ ਦੁੱਖ ਸੁੱਖ ਦੀ ਕਹਾਣੀ ਦੇ ਕਾਂਡ ਤੇ ਉਹੀ ਸਕੂਲ ਜਾਣਾ, ਦੱਬ ਕੇ ਪੜ੍ਹਾਉਣਾ। ਪਰ ਨਾਲ ਹੀ ਬਦਲੀ ਦੇ ਹੁਕਮ ਰੱਦ ਹੋਣ ਦੀ ਕੁੱਤੇ ਝਾਕ ਬਰਾਬਰ ਬਣੀ ਰਹਿਣ ਕਾਰਨ ਕਦੇ ਕਦਾਈਂ ਅਕਾਲੀ ਸਰਕਾਰ ਨੂੰ ਦੱਬ ਕੇ ਕੋਸਣਾ ਅਤੇ ਕਦੇ ਕਦਾਈਂ ਤੱਤੀਆਂ-ਤੱਤੀਆਂ ਦੂਹਰੇ-ਚੌਹਰੇ ਬਰੈਕਟਾਂ ਵਾਲੀਆਂ ਪੁਲਸੀਆ ਗਾਲ੍ਹਾਂ। ਗਾਲ੍ਹਾਂ ਕੱਢਣ ਵਿੱਚ ਮੈਥੋਂ ਅੱਗੇ ਫਫੜੇ ਭਾਈਕੇ ਤੋਂ ਬਦਲ ਕੇ ਆਇਆ ਇੱਕ ਸ਼ਾਸਤਰੀ ਸੀ ਤੇ ਹੌਲੀ-ਹੌਲੀ ਗਾਲ੍ਹਾਂ ਕੱਢਣ ਵਾਲਾ ਇੱਕ ਬੁੜਾ ਸੂਦ ਖੋਰ ਬਾਣੀਆਂ ਅਧਿਆਪਕ ਸੀ, ਜਿਸ ਨੂੰ ਬਦਲੀ ਦੇ ਨਾਲ-ਨਾਲ ਕਿਸੇ ਦੋ ਨੰਬਰ ਦੇ ਕੰਮ ਕਾਰਨ ਪੁਲਿਸ ਲੈ ਗਈ ਸੀ ਅਤੇ ਉਸਦਾ ਚੰਗਾ ਮਾਣ-ਤਾਣ ਕੀਤਾ ਸੀ।

ਜਦੋਂ ਬਦਲੀਆਂ ਰੱਦ ਹੋਣ ਦੇ ਆਰਡਰ ਆਏ, ਸਭ ਇੱਕ ਦੂਜੇ ਨੂੰ ਵਧਾਈ ਦੇਣ, ਚਾਰਜ ਦੇਣ ਵਿੱਚ ਇੱਕ ਦੂਜੇ ਤੋਂ ਕਾਹਲੇ ਅਤੇ ਰਿਲੀਵਿੰਗ ਚਿਟ ਲੈ ਕੇ ਭੱਜਣ ਨੂੰ ਤਿਆਰ। ਪਰ ਮੈਂ ਅਜਿਹੀ ਕੋਈ ਕਾਹਲ ਨਹੀਂ ਸੀ ਵਿਖਾਈ। ਫੇਰ ਵੀ ਮੇਰੀ ਰਿਲੀਵਿੰਗ ਚਿਟ ਤਿਆਰ ਹੋ ਗਈ ਸੀ। ਭੈਣ ਕ੍ਰਿਸ਼ਨਾ ਦੇ



ਪਰਿਵਾਰ ਨੂੰ ਮਿਲਣਾ, ਹੰਸ ਰਾਜ ਦਾ ਕਿਰਾਇਆ ਨਿਬੇੜਨਾ ਅਤੇ ਗਲਵੱਕੜੀਆਂ 'ਚ ਲੈ ਕੇ ਗਿਆਨ ਤੇ ਰਾਜ ਤੋਂ ਵਿਦਾਇਗੀ ਲੈਣਾ, ਕੁੱਝ ਅਜਿਹੇ ਭਾਵੁਕ ਪਲ ਸਨ ਜੋ ਆਪਣੀ ਘਰ ਪਰਤਣ ਸਮੇਂ ਵੀ ਅੱਖਾਂ ਵਿੱਚ ਹੰਝੂ ਲੈ ਆਏ। ਜਦੋਂ ਘਰੋਂ ਤੁਰੇ ਸੀ ਤਾਂ ਇਉਂ ਲੱਗਦਾ ਸੀ ਜਿਵੇਂ ਕਾਲੇ ਪਾਣੀ ਜਾ ਰਹੇ ਹੋਈਏ, ਪਰ ਜਦੋਂ ਵਾਪਸ ਪਰਤ ਰਿਹਾ ਸੀ ਤਾਂ ਇਉਂ ਲੱਗਦਾ ਸੀ ਜਿਵੇਂ ਸਰਦੂਲਗੜ੍ਹ ਵੀ ਆਪਣਾ ਹੀ ਘਰ ਹੈ। ਬੱਸ ਅਕਾਲੀ ਸਰਕਾਰ ਦੇ ਦੰਦ ਖੱਟੇ ਕਰਨ ਬਾਰੇ ਸੋਚ ਕੇ ਹੀ ਕੁੱਝ ਅਨੰਦ ਆ ਰਿਹਾ ਸੀ। 6 ਅਗਸਤ ਨੂੰ ਮੈਨੂੰਨੂੰ ਮਹਿਤੇ ਸਕੂਲ ਪਰਤਣ 'ਤੇ ਜੇਤੂਆਂ ਵਾਲਾ ਅਹਿਸਾਸ ਹੋਣ ਦੇ ਨਾਲ-ਨਾਲ ਮੁੜ ਘਰ ਬੰਨ੍ਹਣ ਦੀ ਚਿੰਤਾ ਸਿਰਫ਼ ਉਦੋਂ ਦੂਰ ਹੋਈ, ਜਦੋਂ ਵੀਰ ਸੋਮਨਾਥ ਨੇ ਪਹਿਲੇ ਬੋਲ ਹੀ ਤਪੇ ਵਾਲੇ ਆਪਣੇ ਹੱਟ-ਹਾਤੇ ਦੀ ਕੁੰਜੀ ਦੇ ਕੇ ਕਿਹਾ ਕਿ ਮੈਂ ਬੇਫ਼ਿਕਰ ਹੋ ਕੇ ਉੱਥੇ ਰਹਾਂ, ਪਰ ਨਾਲ ਇਹ ਵੀ ਕਿਹਾ ਕਿ ਬਈ ਅੱਠ ਨੰਬਰ ਗਲੀ ਵਾਲੇ ਪਲਾਟ ਵਿੱਚ ਦੋ ਕਮਰੇ ਖੜ੍ਹੇ ਕਰਨ ਦੀ ਕੋਈ ਵਿਉਂਤ ਬਣਾਵਾਂ। ਇਹ ਉਸਦੀ ਸਿਆਣਪ ਸੀ ਅਤੇ ਮੈਨੂੰ ਉਸਦੇ ਅਜਿਹਾ ਕਹਿਣ 'ਤੇ ਕੋਈ ਗਿਲਾ ਨਹੀਂ ਸੀ। ਮਾਮਾ ਪਰਸਰਾਮ ਦੀ ਡਿਉਢੀ ਵਾਲੀ ਪੜਛੱਤੀ ਤੋਂ ਸਮਾਨ ਲਾਹ ਕੇ ਤਾਏ ਮਥੁਰਾ ਦਾਸ ਦੇ ਘਰ ਪਹਿਲਾਂ ਵਾਂਗ ਟਿਕਾ ਕੇ ਸੁੱਖ ਦਾ ਸਾਹ ਆਇਆ। ਦਰਸ਼ਨਾ, ਬੌਬੀ ਤੇ ਕ੍ਰਾਂਤੀ ਦੇ ਆਉਣ ਤੋਂ ਪਹਿਲਾਂ ਮਾਂ ਇੱਧਰ ਆ ਗਈ ਸੀ, ਪਰ ਮਾਂ ਨੂੰ ਤਾਏ ਮਥੁਰਾ ਦਾਸ ਦੇ ਘਰ ਵਿੱਚ ਸਾਡਾ ਵਸੇਬਾ ਨਮੋਸ਼ੀ ਵਾਲੀ ਗੱਲ ਲੱਗਦੀ ਸੀ। ਇਸ ਲਈ ਉਹ ਦਰਸ਼ਨਾ ਨਾਲ ਗੱਲ ਕਰਨ ਸਮੇਂ ਬੜੀ ਹੀਣ ਭਾਵਨਾ ਦੀ ਸ਼ਿਕਾਰ ਲੱਗਦੀ ਸੀ।

"ਮੇਰੇ ਪੁੱਤ ਵਸ ਦੀ ਗੱਲ ਨਹੀਂ ਰਹੀ। ਜਿਵੇਂ ਤੈਨੂੰਨੂੰ ਮੈਨੂੰ ਅੱਖਾਂ ਪਕਾ-ਪਕਾ ਲਿਆ ਸੀ, ਕੀ ਪਤਾ ਸੀ ਬਈ ਤੂੰ ਸ਼ਰੀਕਾਂ ਦੇ ਘਰਨੂੰਨੂੰ ਲਏਂਗਾ।"

ਮਾਂ ਨੇ ਹਉਕਾ ਲਿਆ ਤੇ ਫੇਰ ਬੋਲੀ:

"ਮਾਵਾਂ ਤਰਸਣ ਪੁੱਤਾਂ ਨੂੰ ਤੇ ਪੁੱਤ ਤਰਸਣ ਟੁੱਕਾਂ ਨੂੰ।"

ਸਰਦੂਲਗੜ੍ਹ ਮੈਨੂੰ ਕੋਈ ਖ਼ਾਸ ਓਪਰਾ ਨਹੀਂ ਸੀ ਲੱਗਿਆ। ਮਾਨਸਾ ਤੋਂ ਸਰਦੂਲਗੜ੍ਹ ਤੱਕ ਦਾ ਰੇਤਲਾ ਇਲਾਕਾ ਬਿਲਕੁਲ ਉਸੇ ਤਰ੍ਹਾਂ ਦਾ ਸੀ ਜਿਵੇਂ ਮੁਰੱਬੇਬੰਦੀ ਤੋਂ ਪਹਿਲਾਂ ਸਾਡੇ ਇਲਾਕੇ ਦੇ ਰੇਤਲੇ ਟਿੱਬੇ। ਤਪੇ ਤੋਂ ਜਦੋਂ ਮੈਂ ਆਪਣੇ ਨਾਨਕੇ ਪਿੰਡ ਮੋੜਾਂ ਅਤੇ ਫੇਰ ਉਸ ਤੋਂ ਅੱਗੇ ਸ਼ਹਿਣੇ ਜਾਂਦਾ ਤਾਂ ਡੰਡੀ ਹੋਂ ਕੁੱਝ ਹਟ ਕੇ ਦੋਵੇਂ ਪਾਸਿਆਂ ਦੇ ਉੱਚੇ-ਉੱਚੇ ਟਿੱਬਿਆਂ 'ਤੇ ਉਸ ਤੋਂ ਅੱਗੇ ਦੂਰ ਤੱਕ ਰੇਤ ਹੀ ਰੇਤ। ਇਲਾਕਾ ਸਰਦੂਲਗੜ੍ਹ ਦੇ ਟਿੱਬਿਆਂ ਵਰਗਾ ਹੋਣ ਕਰਕੇ ਮੇਰੀਆਂ ਅੱਖਾਂ ਨੂੰ ਇਹ ਥਾਂ ਕੋਈ ਖ਼ਾਸ ਓਪਰੀ ਨਹੀਂ ਸੀ ਲੱਗੀ।

*ਡਾ. ਜਗਤਾਰ ਦਾ ਨਵਾਂ .ਗਜ਼ਲ ਸੰਗ੍ਰਹਿ*

**ਮੋਮ ਦੇ ਲੋਕ**

**ਸਮੁੱਚੀ ਪੰਜਾਬੀ .ਗਜ਼ਲ ਇਕ ਤਰਫ਼ ਅਤੇ 'ਮੋਮ ਦੇ ਲੋਕ' ਦਾ ਤੇਰਾ ਇਕ ਸ਼ੇਅਰ**
*ਮਾਚਸਾਂ ਤਾਂ ਆਮ ਨੇ ਹਰ ਇਕ ਨਗਰ ਹਰ ਇਕ ਗਰਾਂ*
*ਰੌਸ਼ਨੀ ਦੀ ਥਾਂ ਮਗਰ ਹਰ ਤੀਲ ਅੰਦਰ ਸ਼ਾਮ ਹੈ।* **ਇਕ ਤਰਫ਼ !**
**ਬਹੁਤ ਖੂਬ ! ਵਕਤ ਦੀ ਏਨੀ ਬਰੀਕਬੀਨੀ ਮੁਕੱਰਰ ! ਤੂੰ ਸਚਮੁੱਚ ਵੱਡਾ ਸ਼ਾਇਰ ਹੈ।**
*- ਤੇਜਵੰਤ ਮਾਨ*
(21-10-2006 ਦਾ ਖ਼ਤ)

**ਮੁੱਲ 100 ਰੁਪਏ,**
**ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ**

## ਕਹਾਣੀ / ਮਿੱਟੀ / ਭੂਰਾ ਸਿੰਘ ਕਲੇਰ

"ਸਹੁੰ ਢਾਂਡੀ ਦੀ ਮੈਂ ਗੱਪ ਨਈਂ ਮਾਰਦਾ।" ਗੇਂਦੇ ਦਾ ਇਹ ਤਕੀਆ ਕਲਾਮ ਸੀ। ਤਦੇ ਉਸਦਾ ਨਾਉਂ ਗੇਂਦਾ ਗੱਪੀ ਪੈ ਗਿਆ ਸੀ। ਜਦ ਉਸਨੂੰ ਨਸ਼ੇ ਦੀ ਤੋੜ ਜਿਆਦਾ ਲਗਦੀ ਤਾਂ ਫੇਰ ਆਪਣੀ ਵੱਡੀ ਭਰਜਾਈ ਦੀਆਂ ਮਿਨਤਾਂ ਕਰਨੀਆਂ ਸ਼ੁਰੂ ਕਰ ਦਿੰਦਾ, "ਲਿਆ ਭਾਬੀ ਪੈਸੇ ਫੇਰ ਮੈਂ ਮ੍ਹੈਸਾਂ ਲੈ ਕੇ ਜਾਣਾ ਹੈ। ਜੇ ਨਹੀਂ ਦਸ ਤਾਂ ਪੰਜ ਰੁਪਈਏ ਈ ਦੇ ਦੇ। ਸਹੁੰ ਢਾਂਡੀ ਦੀ ਮੈਂ ਗੱਪ ਨੀਂ ਮਾਰਦਾ ਬਾਹਲੀ ਈ ਤੋੜ ਲੱਗੀ ਪਈ ਐ।"

ਉਸਦੀ ਭਰਜਾਈ ਉਸਨੂੰ ਫੇਰ ਓਹੀ ਮਿਹਣੇ ਦੇਣ ਲੱਗ ਪੈਂਦੀ,

"ਹੁਣ ਤੈਨੂੰ ਰੋਟੀਆਂ ਤੋਂ ਬਿਨਾਂ ਫੀਮ ਨੂੰ ਵੀ ਪੈਸੇ ਦੇਈਏ। ਕਿਉਂ ਤੂੰ ਸਾਡਾ ਕੀ ਬਣਾਇਐ। ਹੁਣ ਉਸੇ ਕੁੱਤੀ ਚਮਿਆਰੀ ਕੋਲੇ ਜਾਹ ਨਾ ਜੀਹਨੂੰ ਸਾਰੀ ਈ ਜਾਇਦਾਦ ਵੇਚ ਕੇ ਖਵਾਤੀ। ਢੇਡਣੀ ਨੇ ਸਾਰਾ ਚੂੰਡ ਲਿਆ... ਹੁਣ ਸਾਨੂੰ ਦੱਦ ਲੱਗ ਗਿਆ।"

ਭਰਜਾਈ ਦੇ ਤਾਅਨੇ ਸੁਣ ਕੇ ਗੇਂਦੇ ਦਾ ਕਲੇਜਾ ਚੀਰਿਆ ਜਾਂਦਾ। ਜਿਵੇਂ ਉਸਦੇ ਸਰੀਰ ਵਿਚ ਸੈਂਕੜੇ ਆਰਾ ਖੋਭ ਦਿੱਤੀਆਂ ਹੋਣ। ਉਹ ਪੀੜੋ-ਪੀੜ ਹੋਇਆ ਸਿਰ ਖੁਰਕਦਾ ਪਿਛਲੇ ਸਮੇਂ ਯਾਦ ਕਰਦਾ। ਇਕ ਇਕ ਘਟਨਾ ਬੀਤੇ ਹੋਏ ਦੀ ਉਸਦੇ ਅੱਖਾਂ ਅੱਗਿਓ ਲੰਘਣ ਲਗਦੀ...

... ਜਦ ਉਸਨੇ ਜਵਾਨੀ ਵਿਚ ਪੈਰ ਧਰਿਆ ਸੀ, ਉਸਦਾ ਸਰੀਰ ਕਿਵੇਂ ਉੱਡੂੰ-ਉੱਡੂੰ ਕਰਦਾ ਹੁੰਦਾ ਸੀ। ਖੇਤਾਂ ਵਿਚ ਕੰਮ ਕਰਦਾ ਉਹ ਸਾਥੀ ਹਾਣੀਆਂ ਨੂੰ ਤਰ੍ਹਾਂ ਤਰ੍ਹਾਂ ਦੇ ਚੁਟਕਲੇ ਸੁਣਾ ਕੇ ਖ਼ੁਸ਼ ਕਰੀ ਰੱਖਦਾ। ਉਸਨੇ ਵੀ ਇਹ ਚੁਟਕਲੇ ਪਿੰਡ ਦੇ ਅੱਸੀ ਸਾਲਾ ਬੁੜ੍ਹੇ ਕੁੰਢੇ ਤੋਂ ਸਿੱਖੇ ਸਨ। ਹਲ ਵਾਹੁੰਦਾ ਉਹ ਜਦ ਕੰਨ 'ਤੇ ਹੱਥ ਧਰ ਕੇ ਮਿਰਜੇ ਦੀ ਹੇਕ ਚੁੱਕਦਾ ਤਾਂ ਗਵਾਂਢੀ ਖੇਤਾਂ ਵਾਲੇ ਹਾਲੀ, ਹਲ ਰੋਕ ਕੇ ਉਸਦੀਆਂ ਕਲੀਆਂ ਸੁਣਦੇ। ਸਿਆਲ ਮਹੀਨੇ ਉਹ ਆਪਣੇ ਹਾਣੀਆਂ ਨਾਲ ਪਿੰਡ ਦੀ ਨਿਆਂਈ ਵਿਚ ਕਬੱਡੀ ਖੇਡਦਾ। ਕੌਡੀ ਪਾਉਂਦਾ ਉਹ ਆਪਣੇ ਸਾਥੀ ਖਿਡਾਰੀ ਦੇ ਉਪਰੋਂ ਦੀ ਬੁੜ੍ਹਕ ਕੇ ਟੱਪ ਜਾਂਦਾ। ਉਸ ਵਰਗਾ ਚਲਾਕ ਖਿਡਾਰੀ ਆਸੇ ਪਾਸੇ ਦੇ ਪਿੰਡਾਂ ਵਿਚ ਨਹੀਂ ਸੀ। ਨਥਾਣੇ ਦੇ ਮੇਲੇ ਵਿਚ ਘੋਲ ਖੇਡ ਵਾਲੇ ਆਖਰੀ ਦਿਨ ਉਹ ਅਖਾੜੇ ਵਿਚ ਜਦ ਕੱਪੜੇ ਲਾਹ ਕੇ ਸਰੀਰ ਨੂੰ ਤੇਲ ਮਲ ਕੇ ਸੌਂਚੀ ਪੱਕੀ ਖੇਡਣ ਨਿਕਲਦਾ ਤਾਂ ਉਸ ਦੇ ਮੂੰਗਲੀਆਂ ਵਰਗੇ ਪੱਟਾਂ ਉੱਪਰ ਪਵਾਈਆਂ ਹੋਈਆਂ ਮੋਰਨੀਆਂ ਵੇਖ ਕੇ ਲੋਕ ਅਸ਼ ਅਸ਼ ਕਰ ਉੱਠਦੇ, "ਵਾਹ ਬਈ ਜਵਾਨ-ਜਵਾਨ ਈ ਏ।" ਕੋਲੋਂ ਕੋਈ ਉਸਦੇ ਪਿੰਡ ਦਾ ਆਦਮੀ ਆਖਦਾ, "ਬਈ ਹੋਵੇ ਵੀ ਕਿਉਂ ਨਾ ਮੈਸ੍ਹਾਂ ਪੰਜ ਰੱਖੀਆਂ ਹੋਈਐ।" ਇਸ ਤਰ੍ਹਾਂ ਗੇਂਦਾ ਆਪਣੇ ਪਿੰਡ ਦਾ ਕਹਿੰਦਾ ਕਹਾਉਂਦਾ ਗੱਭਰੂ ਸੀ।

ਉਹ ਕਿਹੜੀ ਕੁਲਹਿਣੀ ਘੜੀ ਸੀ ਜਦੋਂ ਹੋਰ ਕੁੜੀਆਂ ਨਾਲ ਖੇਤੋਂ ਪੱਠਿਆਂ ਦੀ ਪੰਡ ਚੁੱਕੀ ਆਉਂਦੀ ਸੰਤੂ ਚਮਿਆਰ ਦੀ ਕੁੜੀ ਮੇਲੋ ਨਾਲ ਉਸ ਦੀਆਂ ਅੱਖਾਂ ਚਾਰ ਹੋ ਗਈਆਂ। ਗੇਂਦੇ ਦਾ ਜਿਵੇਂ ਸਾਹ-ਸਤ ਹੀ ਖਿੱਚਿਆ ਗਿਆ। ਉਹ ਮੇਲੋ ਤੇ ਪੂਰੀ ਤਰ੍ਹਾਂ ਲੱਟੂ ਹੋ ਗਿਆ। ਮੇਲੋ ਵਿਚੋਂ ਜਿਵੇਂ ਉਸਨੂੰ ਹੀਰ, ਸੋਹਣੀ, ਸੱਸੀ ਸਹਿਬਾਂ, ਸ਼ੀਰੀਂ ਤੇ ਲੈਲਾ ਦੇ ਝਾਉਲੇ ਪੈਂਦੇ ਹੋਣ। ਇਹ ਕਿੱਸੇ ਉਸਨੇ ਕੁੰਢੇ ਬੁੜ੍ਹੇ ਤੋਂ ਸੁਣੇ ਹੋਏ ਸਨ। ਉਸਨੂੰ ਇੰਝ ਲਗਦਾ ਜਿਵੇਂ ਉਸਦੇ ਅੰਦਰ ਕਦੇ ਰਾਂਝੇ ਦੀ ਰੂਹ ਪ੍ਰਵੇਸ਼ ਕਰਦੀ ਐ, ਕਦੇ ਮਹੀਂਵਾਲ ਦੀ ਕਦੇ ਪੁੰਨੂੰ ਦੀ ਤੇ ਕਦੇ ਮਜਨੂੰ ਦੀ। ਮੇਲੋ ਨਾਲ ਅੱਖਾਂ ਰਾਹੀਂ ਹੁੰਦਾ ਇਸ਼ਕ ਉਸਦੇ ਧੁਰ ਦਿਲ ਦੇ ਖੂੰਜਿਆਂ ਵਿਚ ਉਤਰ ਗਿਆ। ਮੇਲੋ ਵੀ ਉਸਨੂੰ ਇਸ਼ਾਰੇ ਕਰਨ ਲੱਗ ਪਈ। ਗੱਲ ਇਸ਼ਾਰਿਆਂ ਤੋਂ ਸ਼ੁਰੂ ਹੋ ਕੇ ਰੂਹਾਂ ਤੇ ਸਰੀਰਾਂ ਦੇ ਨਜਦੀਕ ਪਹੁੰਚ ਗਈ।

ਚੰਨਣ ਦੀ ਗੇਲੀ ਵਰਗਾ ਗੇਂਦਾ ਤੇ ਕੰਵਲ ਦੀ ਕਲੀ ਵਰਗੀ ਮੇਲੋ। ਇਕਾਂਤ ਵਿਚ ਮੁਲਾਕਾਤਾਂ ਹੋਣ ਲੱਗ ਪਈਆਂ। ਕਦੀ ਉਹ ਗੇਂਦੇ ਕੇ ਪੁਰਾਣੇ ਟੁੱਟ ਚੁੱਕੇ ਹਲਟ ਵਾਲੇ ਖੂਹ ਪਾਸ ਖੇਤਾਂ ਵਿਚ ਮਿਲਦੇ, ਕਦੀ ਕਪਾਹਾਂ ਦੇ ਖੇਤ ਵਿਚ ਤੇ ਕਦੀ ਮੱਕੀ ਜਾਂ ਚਰ੍ਹੀ ਦੇ ਖੇਤ ਵਿਚ।

ਗੇਂਦੇ ਨੇ ਆਪਣੇ ਬਾਪ ਕੋਲ ਮੇਲੋ ਦੇ ਬਾਪ ਸੰਤੂ ਦੀਆਂ ਵਡਿਆਈਆਂ ਕਰ ਕੇ ਸੀਰੀ ਰਲ਼ਾ ਲਿਆ। ਚਮਿਆਰਾਂ ਵਿਹੜੇ ਦੇ ਅੱਗੇ ਹੀ ਸੰਤੂ ਦਾ ਘਰ ਸੀ। ਮੇਲੋ ਆਪਣੇ ਮਾਂ ਬਾਪ ਦੀ ਇਕਲੌਤੀ ਹੀ ਕੁੜੀ ਸੀ। ਬੁਢਾਪੇ ਵਿਚ ਪੈਰ ਰੱਖੀ ਉਸਦੀ ਮਾਂ ਨੰਦ ਕੁਰ ਉਸਨੂੰ ਮੁੰਡਿਆਂ ਵਾਂਗ ਹੀ ਪਿਆਰ ਕਰਦੀ ਸੀ। ਸੰਤੂ ਵੀ ਆਮ ਤੌਰ 'ਤੇ ਉਸਨੂੰ ਖਾਣ ਪੀਣ ਵਾਲੀਆਂ ਚੀਜਾਂ ਬਹੁਤ ਲਿਆ ਲਿਆ ਕੇ ਦਿੰਦਾ। ਉਹ ਬਹੁਤ ਜਿਆਦਾ ਲਾਡਲੀ ਸੀ।



ਗੇਂਦੇ ਨਾਲ ਮੇਲੋ ਦੀਆਂ ਮੁਹੱਬਤ-ਪੀਂਘਾਂ ਅਸਮਾਨ ਚੜ੍ਹ ਚੁੱਕੀਆਂ ਸਨ। ਕਪਾਹਾਂ ਚੁਗਣ ਦੀ ਰੁੱਤ ਵਿਚ ਉਨ੍ਹਾਂ ਦੀਆਂ ਮੁਲਾਕਾਤਾਂ ਆਮ ਹੁੰਦੀਆਂ। ਉਹ ਵਸਲ ਨੂੰ ਮਾਣਦੇ ਹੋਏ ਖੇਤਾਂ ਵਿਚ ਗੱਲਾਂ ਕਰਦੇ,

"ਵੇ ਗੇਂਦਿਆਂ! ਆਪਣਾ ਤਾਂ ਕੋਈ ਪਿਛਲੇ ਜਰਮ ਦਾ ਰਿਸ਼ਤੈ! ਮੈਨੂੰ ਤਾਂ ਐਈਂ ਲੱਗਦੈ। ਵੇਖੀਂ ਅੜਿਆ ਕਿਤੇ ਮੁੱਖ ਨਾ ਮੋੜ ਜਾਈਂ...।"

"ਸਹੁੰ ਢਾਂਡੀ ਦੀ ਮੈਂ ਗੱਪ ਨੀ ਮਾਰਦਾ... ਤੂੰ ਕਿਹੜਾ ਘੱਟ ਸੋਹਣੀ ਏਂ। ਪਰੀ ਐਂ ਪਰੀ ਸਮਾਨੋ ਉਤਰੀ ਹੋਈ। ਇੰਦਰ ਦੇ ਅਖਾੜੇ 'ਚੋਂ ਆਈ ਲਗਦੀਂ ਐਂ। ਭਲਾਂ ਮੈਂ ਤੈਥੋਂ ਮੁੱਖ ਕਿਉਂ ਮੋੜੂੰ?"

ਇਸ ਤਰ੍ਹਾਂ ਉਹ ਸਮਾਜ ਦੇ ਰਸਮੋ-ਰੀਤ ਵਿਸਾਰ ਕੇ ਰੂਹਾ ਤੇ ਸਰੀਰਾਂ ਦੇ ਬਹੁਤ ਕਰੀਬ ਹੋ ਗਏ। ਹੌਲੀ ਹੌਲੀ ਰੂਹਾਂ ਦੂਰ ਹੁੰਦੀਆਂ ਗਈਆਂ ਤੇ ਇਕੱਲੇ ਸਰੀਰਾਂ ਦੀ ਗਰਮੀ ਰਹਿ ਗਈ ਗੇਂਦਾ ਘਰੋਂ ਜਿਆਦਾ ਖਰਚ ਕਰਨ ਲੱਗ ਪਿਆ। ਉਹ ਚੋਰੀ ਛੁਪੇ ਮੇਲੋ ਨੂੰ ਕਪੜੇ, ਸੌਦਾ-ਪੱਤਾ ਤੇ ਨਕਦ ਵੀ ਦੇਣ ਲੱਗ ਪਿਆ ਸੀ। ਇਸ ਦੀ ਭਿਣਕ ਉਸਦੇ ਬਾਪ ਤੇ ਵੱਡੇ ਭਰਾ ਨੂੰ ਵੀ ਲੱਗ ਗਈ। ਉਹ ਗੇਂਦੇ ਨੂੰ ਖੁੱਲ੍ਹਾ ਖਰਚ ਦੇਣ ਤੋਂ ਇਨਕਾਰ ਕਰਨ ਲੱਗਾ ਪਏ। ਗੇਂਦੇ ਪਿੱਛੇ ਘਰ 'ਚ ਕਲੇਸ਼ ਰਹਿਣਾ ਸ਼ੁਰੂ ਹੋ ਗਿਆ। ਉਸਦਾ ਬਾਪ, ਵੱਡਾ ਭਰਾ ਤੇ ਭਰਜਾਈ ਇੱਕ ਪਾਸੇ, ਉਹ ਇਕੱਲਾ ਇੱਕ ਪਾਸੇ। ਉਸਦੀ ਬੁੱਢੀ ਮਾਂ ਤੇ ਛੋਟਾ ਪੜ੍ਹ ਰਿਹਾ ਭਰਾ ਕਿਸੇ ਪਾਸੇ ਵੀ ਨਾ ਬੋਲਦੇ। ਇਕ ਦਿਨ ਨੌਬਤ ਡਾਂਗੋ-ਡਾਂਗੀ ਹੋਣ 'ਤੇ ਆ ਗਈ। ਗੇਂਦੇ ਦੇ ਬਾਪ ਨੇ ਪੰਚਾਇਤ ਬੁਲਾ ਕੇ ਉਸਦੇ ਹਿੱਸੇ ਦੀ ਜ਼ਮੀਨ ਉਸਨੂੰ ਵੰਡ ਕੇ ਦੇ ਦਿੱਤੀ। ਦੋ ਘੁਮਾ ਮੋਘੇ ਵਾਲੀ ਤੇ ਇੱਕ ਘੁਮਾ ਰੋਹੀ ਵਾਲੀ ਬਰਾਨੀ। ਤਿੰਨ ਘੁਮਾਂ ਉਸਦੇ ਨਾਂ ਹੋ ਗਈ। ਮੇਲੋ ਦੇ ਬਾਪ ਸੰਤੂ ਨੂੰ ਹੁਣ ਸੀਰ ਤੋਂ ਹਟਾ ਕੇ ਗੇਂਦੇ ਨੇ ਭੇਡਾਂ ਦਾ ਇੱਜੜ ਲੈ ਦਿੱਤਾ ਸੀ। ਸੰਤੂ ਨੇ ਅੰਦਰਲਾ ਘਰ ਵੇਚ ਕੇ ਪਿੰਡ ਦੀ ਫਿਰਨੀ 'ਤੇ ਬਾਹਰ ਖੁੱਲ੍ਹਾ ਘਰ ਬਣਾ ਲਿਆ ਸੀ। ਨਾਲੇ ਖੁੱਲ੍ਹੇ ਥਾਂ ਵਿਚ ਭੇਡਾਂ ਦਾ ਵਾੜਾ ਬਣਾ ਲਿਆ।

ਗੇਂਦੇ ਨੂੰ ਕਈ ਸਾਕ ਕਰਨ ਵਾਲੇ ਵੇਖਣ ਆਉਂਦੇ। ਪਰ ਮੁੜ ਕੇ ਕੋਈ ਨਾ ਆਉਂਦਾ। ਜਾਂ ਕੋਈ ਭਾਨੀ ਮਾਰ ਦਿੰਦਾ ਜਾਂ ਜ਼ਮੀਨ ਘੱਟ ਆਖ ਕੇ ਮੁੜ ਜਾਂਦੇ।

ਮੇਲੋ 'ਤੇ ਸ਼ੂਕਦੀ ਜਵਾਨੀ, ਪਿੰਡ ਦੇ ਸੁੰਦਰ ਤੇ ਨੌਜਵਾਨ ਖਿਡਾਰੀ ਗੇਂਦੇ ਨਾਲ ਯਰਾਨਾ। ਉਹ ਚਮਿਆਰਾਂ ਵਿਹੜੇ ਦੀ ਕਿਸੇ ਵੀ ਨੂੰਹ ਧੀ ਨੂੰ ਨੱਕ ਥੱਲੇ ਨਹੀਂ ਲਿਆਉਂਦੀ ਸੀ। ਮੂੰਹ ਜ਼ੋਰ ਇੰਨੀ ਕਿ ਕਦੇ ਕਦੇ ਗੇਂਦੇ ਨੂੰ ਵੀ ਅਵੈੜਾ ਬੋਲ ਜਾਂਦੀ, "ਵੇਖ ਲੈ ਬੰਦਿਆ! ਜੇ ਕਿਸੇ ਕੋਲ ਦਾਰੂ ਦੀ ਘੁੱਟ ਪੀ ਕੇ ਚੂੰ ਕੱਢਤੀ ਨਾ, ਜਾਂ ਕਿਸੇ ਹੋਰ ਤੀਮੀ ਕੰਨੀ ਝਾਕਿਆ ਤਾਂ ਜੇ ਤੈਨੂੰ ਸੱਤ ਸਾਲ ਦੀ ਕੈਦ ਨਾ ਕਰਾਈ ਤਾਂ ਮੈਂ ਵੀ ਮਾਂ ਦੀ ਧੀ ਨੀ।"

"ਓ ਕੰਜਰ ਦੀਏ ਤੈਨੂੰ ਸੌ ਵਾਰੀ ਕਿਹੈ ਬੀ ਐਹੋ ਜੀਆਂ ਗੱਲਾਂ ਨਾ ਕਰਿਆ ਕਰ। ਸਹੁੰ ਢਾਂਡੀ ਦੀ ਮੈਂ ਗੱਪ ਨੀ ਮਾਰਦਾ ਭਲਾਂ ਤੈਨੂੰ ਜਕੀਨ ਨੀ ਮੇਰੇ 'ਤੇ? "

"ਵੇ ਅੜਿਆ ਮੈਂ ਤਾਂ ਐਵੇਂ ਹੱਸਦੀ ਸੀ। ਤੇਰਾ ਜੇਰਾ ਵਿੰਹਦੀ ਸੀ। ਭਲਾਂ ਮੈਂ ਤੇ ਤੂੰ ਦੂਰ ਕਿਵੇਂ ਹੋਜਾਂਗੇ।"

ਪਹਿਲਾਂ ਪਹਿਲਾਂ ਤਾਂ ਸੰਤੂ ਨੇ ਮੇਲੋ ਦੀ ਮਾਂ ਨੰਦ ਕੁਰ ਨੂੰ ਗਾਲ੍ਹਾਂ ਕੱਢ ਕੇ ਮੇਲੋ ਦੀ ਖੁੱਲ੍ਹ ਨੂੰ ਵਰਜਣਾ ਚਾਹਿਆ ਪਰ ਜਦ ਗੇਂਦੇ ਨੇ ਆਪਣੀ ਮੋਘੇ ਵਾਲੀ ਜ਼ਮੀਨ ਗਹਿਣੇ ਧਰ ਕੇ ਇੱਜੜ ਲੈ ਦਿੱਤਾ ਤਾਂ ਉਹ ਚੁੱਪ ਕਰ ਗਿਆ।

ਗੇਂਦਾ ਹੁਣ ਮੇਲੋ 'ਤੇ ਆਪਣਾ ਪੂਰਾ ਹੱਕ ਸਮਝਣ ਲੱਗ ਪਿਆ। ਗੇਂਦੇ ਨੂੰ ਜੇ ਮੇਲੋ ਕੇ ਘਰੇ ਵਿਹਲ ਨਾ ਮਿਲਦੀ ਤਾਂ ਉਹ ਉਨ੍ਹਾਂ ਦੇ ਵਿਹੜੇ ਦੇ ਟੇਕੂ ਚੌਂਕੀਂਦਾਰ ਦੇ ਘਰਵਾਲੀ ਧੰਨੋ ਦਾਈ ਨੂੰ ਪੰਜ ਰੁਪਈਏ ਦੇ ਦਿੰਦਾ। ਧੰਨੋ ਦਾਈ ਮੇਲੋ ਨੂੰ ਆਪਣੇ ਕੱਚੇ ਘਰੇ ਸੱਦ ਕੇ ਉਨ੍ਹਾਂ ਦਾ ਮੇਲ ਕਰਾ ਦਿੰਦੀ। ਜੇ ਇਕ ਦਿਨ ਧੰਨੋ ਨੂੰ ਮੇਲੋ ਨੇ ਕਿਸੇ ਕੋਲ ਗੱਲ ਕਰਨ ਤੋਂ ਖਬਰਦਾਰ ਕੀਤਾ ਤਾਂ ਧੰਨੋ ਬੋਲੀ, "ਲੈ ਅੜੀਏ ਮੈਂ ਤਾਂ ਸਮੁੰਦਰ ਪੀ ਕੇ ਵੀ ਡਕਾਰ ਨਾ ਮਾਰਾਂ। ਮੈਂ ਏਹੋ ਜੇ ਬਥੇਰੇ ਕੰਮ ਕਰਾਏ ਐ। ਵੱਡਿਆਂ ਵੱਡਿਆ ਦੇ ਭੇਤ ਮੇਰੇ ਕੋਲ ਹੈ। ਮੈਨੂੰ ਮੇਰੀ ਮਿਹ੍ਨਤ ਮਿਲ ਜਾਂਦੀ ਐ... ਭਲਾਂ ਮੈਂ ਕਾਹਨੂੰ ਭਾਂਡਾ ਭੰਨੂੰ।" ਅਤੇ ਮੇਲੋ ਦੀ ਤਸੱਲੀ ਹੋ ਗਈ। ਗੇਂਦੇ ਦਾ ਬਾਪ ਮਰ ਗਿਆ ਸੀ। ਉਸਦੇ ਵੱਡੇ ਭਰਾ ਨੇ ਗੇਂਦੇ ਨੂੰ ਪੁਰਾਣੇ ਕਿੱਸਿਆਂ ਦੀਆਂ ਮਿਸਾਲਾਂ ਦੇ ਦੇ ਕੇ ਬਥੇਰਾ ਸਮਝਾਇਆ ਵਰਜਣਾ ਚਾਹਿਆ ਕਿ ਇਨ੍ਹਾਂ ਕੰਮਾਂ ਦੇ ਨਤੀਜੇ ਚੰਗੇ ਨਹੀਂ ਹੁੰਦੇ। ਪਰ ਗੇਂਦੇ ਦੇ ਸਿਰ ਤਾਂ ਇਸ਼ਕ ਦਾ ਭੂਤ ਸਵਾਰ ਸੀ। ਉਹ ਸੋਚਦਾ ਕਿ ਉਸਨੂੰ ਦੁਨੀਆਂ ਦੀ ਕੋਈ ਵੀ ਤਾਕਤ ਮੇਲੋ ਤੋਂ ਦੂਰ ਨਹੀਂ ਕਰ ਸਕਦੀ।

ਇਕ ਦਿਨ ਗੇਂਦੇ ਦੇ ਵੱਡੇ ਭਰਾ ਨੇ ਖੇਤ ਇੱਜੜ ਲਈ ਫਿਰਦੇ ਸੰਤੂ ਦੀ ਲਾਹ-ਪਾਹ ਕਰ

ਦਿੱਤੀ। ਅਖੇ ਤੈਥੋਂ ਕੰਜਰ ਚਮਿਆਰਾ ਕੁੜੀ ਨੀ ਵਿਆਹੀਦੀ। ਉਨ੍ਹੇ ਸਾਡਾ ਮੁੰਡਾ ਲੁੱਟ ਕੇ ਖਾ ਲਿਆ। ਸੰਤੂ ਤਾਂ ਪਹਿਲਾਂ ਹੀ ਥਾਂ ਵੇਖਦਾ ਫਿਰਦਾ ਸੀ।

ਕੁਝ ਦਿਨਾਂ ਮਗਰੋਂ ਹੀ ਸੰਤੂ ਨੇ ਕਿਸੇ ਵਿਚੋਲੇ ਰਾਹੀਂ ਕਿਸੇ ਪਿੰਡ ਮੇਲੋ ਦਾ ਸਾਕ ਕਰਕੇ ਵਿਆਹ ਵੀ ਧਰ ਦਿੱਤਾ। ਜਦ ਇਸ ਗੱਲ ਦੀ ਭਿਣਕ ਗੇਂਦੇ ਦੇ ਕੰਨੀ ਪਈ ਤਾਂ ਉਸ ਮੌਕਾ ਵਿਚਾਰ ਕੇ ਧੰਨੋ ਦਾਈ ਰਾਹੀਂ ਮੇਲੋ ਨੂੰ ਖੇਤ ਸੱਦਿਆ। ਮੇਲੋ ਧੰਨੋ ਨਾਲ ਪੱਠੇ ਖੋਤਣ ਗੇਂਦੇ ਕੇ ਪੁਰਾਣੇ ਟੁੱਟੇ ਖੂਹ ਵਾਲੇ ਖੇਤ ਗਈ। ਗੇਂਦਾ ਪਹਿਲਾਂ ਹੀ ਉਡੀਕ ਵਿਚ ਸੀ। ਧੰਨੋ ਪੱਠੇ ਖੋਤਦੀ ਰਹੀ। ਮੇਲੋ ਤੇ ਗੇਂਦਾ ਚਰ੍ਹੀ ਓਹਲੇ ਵੱਟ 'ਤੇ ਬੈਠ ਕੇ ਗੱਲਾਂ ਕਰਦੇ ਰਹੇ,

"ਮੇਲੋ ਤੇਰਾ ਤਾਂ ਹੁਣ ਵਿਆਹ ਧਰਤਾ-ਤੂੰ ਤਾਂ ਹੁਣ ਸੌਹਰੀਂ ਉਠਜਾਏਂਗੀ ਸੌਂ ਢਾਂਡੀ ਦੀ ਮੈਂ ਗੱਪ ਨੀ ਮਾਰਦਾ... ਹੁਣ ਮੈਂ ਕੀ ਕਰੂੰ? ਮੇਰਾ ਤਾਂ ਜਵਾਂ ਈ ਜੀਅ ਨੀ ਲੱਗਣਾ। ਜਦੋਂ ਦਾ ਸੁਣਿਐ, ਮੇਰੇ ਤਾਂ ਡੋਬ ਜੇ ਪਈ ਜਾਂਦੇ ਐ। ਤੂੰ ਕਹਿੰਦੀ ਸੀ ਕਿ ਤੂੰ ਨਾ ਮੁੱਖ ਮੋੜੀ। ਹੁਣ ਮਖਾਂ ਕੌਣ ਮੁੱਖ ਮੋੜੂ? ਤੈਨੂੰ ਤਾਂ ਕੋਈ ਹੋਰ ਵਿਆਹ ਲੈ ਲੈਜੂਗਾ। ਏਥੇ ਮੈਂ ਵੀਹੀਆਂ ਦਾ ਘੱਟਾ ਫੱਕਦਾ ਫਿਰੂੰ? " ਮੇਲੋ ਵੀ ਉਸਦੇ ਮੋਢੇ ਨਾਲ ਲੱਗ ਕੇ ਅੱਖਾਂ 'ਚੋਂ ਮੋਟੇ ਮੋਟੇ ਹੰਝੂ ਕੇਰਦੀ ਹੋਈ ਬੋਲੀ,

"ਵੇਖ ਅੜਿਆ ਮੇਰੀ ਤਾਂ ਆਪ ਕੋਈ ਵਾਹ ਨੀ ਜਾਂਦੀ। ਤੈਥੋਂ ਪਰ੍ਹੇ ਹੋਣ ਨੂੰ ਜੀਅ ਨੀ ਕਰਦਾ।" ਫੇਰ ਉਹ ਗੇਂਦੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਆਖਣ ਲੱਗੀ, "ਤੂੰ ਐਂ ਕਰ, ਮੈਨੂੰ ਕੱਢ ਕੇ ਲੈ ਜਾ ਕਿਧਰੇ। ਆਪਾਂ ਦੋਵੇਂ ਮੌਜ ਕਰਾਂਗੇ।" ਗੇਂਦਾ ਸੁਣ ਕੇ ਨੀਵੀਂ ਪਾ ਗਿਆ। ਫਿਰ ਬੋਲਿਆ,

"ਮੇਲੋ! ਮੇਲੋ!! ਪ੍ਰਦੇਸਾਂ 'ਚ ਕੌਣ ਕਿਸੇ ਨੂੰ ਸਿਆਣਦੈ! ਦਿੱਲੀ ਵਾਲਾ ਅਤਾਰ ਵੀ ਕੇਸਰੋ ਨੂੰ ਕੱਢ ਕੇ ਲੈ ਗਿਆ ਸੀ। ਕੇਸਰੋ ਕਿਸੇ ਨੇ ਖੋਹ ਲਈ ਸੀ ਤੇ ਉਹ ਧੱਕੇ ਧੋੜੇ ਖਾ ਕੇ ਪਿੰਡ ਮੁੜ ਆਇਆ ਸੀ। ਸਹੁੰ ਢਾਂਡੀ ਦੀ ਮੈਂ ਗੱਪ ਨੀ ਮਾਰਦਾ ਹੁਣ ਧੱਕੇ ਖਾ ਕੇ ਟਰੱਕ ਡਰੈਵਰੀ ਕਰਦਾ ਫਿਰਦੈ। ਕਿਤੇ ਆਪਣੇ ਨਾਲ ਵੀ ਐਂ ਨਾ ਹੋਵੇ। ਨਾਲੇ ਫੇਰ ਚੱਲਾਂਗੇ ਵੀ ਕਿੱਥੇ?"

ਫੇਰ ਉਹ ਦੋਵੇਂ ਡੂੰਘੀ ਸੋਚ ਵਿਚ ਡੁੱਬ ਗਏ। ਕੁਝ ਚਿਰ ਮਗਰੋਂ ਮੇਲੋ ਨੇ ਚੁੱਪ ਤੋੜੀ, "ਵਿਆਹ ਹੋਏ ਤੋਂ ਕੀ ਹੋਜੂ ਅੜਿਆ। ਰਹੂੰ ਤਾਂ ਮੈਂ ਤੇਰੀ ਹੀ। ਜਦੋਂ ਪਿੰਡ ਆਇਆ ਕਰੂੰ ਆਪਾਂ ਮਿਲ ਲਿਆ ਕਰਾਂਗੇ। ਮੈਂ ਤਾਂ ਸਾਰੀ ਉਮਰ ਨੀ ਟੁੱਟਦੀ ਤੇਰੇ ਨਾਲੋਂ...।"

"ਮੇਲੋ! ਸਹੁੰ ਢਾਂਡੀ ਦੀ ਮੈਂ ਗੱਪ ਨੀ ਮਾਰਦਾ। ਮੈਂ ਤੇਰੇ ਬਿਨਾਂ ਇੱਕ ਮਿੰਟ ਵੀ ਨਹੀਂ ਰਹਿ ਸਕਦਾ।" ਅਤੇ ਗੇਂਦਾ ਉਸ ਨਾਲ ਲਿਪਟ ਲਿਆ। ਮੇਲੋ ਨੇ ਵੀ ਉਸਨੂੰ ਜੱਫੀ ਵਿਚ ਲੈ ਲਿਆ ਤੇ... ਇਸ ਮਗਰੋਂ ਉਹ ਸੌਹਾਂ-ਸੁਗੰਧਾਂ ਪਾ ਕੇ ਚਲੇ ਗਏ।

ਜਿਸ ਦਿਨ ਫੇਰ ਉਨ੍ਹਾਂ ਦੀ ਮੁਲਾਕਾਤ ਹੋਈ ਤਾਂ ਗੇਂਦਾ ਆਪਣੀ ਮੋਘੇ ਵਾਲੀ ਜ਼ਮੀਨ ਜੁ ਗਹਿਣੇ ਪਈ ਸੀ, ਅੱਧੀ ਬੈਅ ਕਰ ਚੁੱਕਿਆ ਸੀ। ਉਨ੍ਹਾਂ ਪੈਸਿਆਂ ਦੇ ਮੇਲੋ ਨੂੰ ਇੱਕ ਤੋਲਾ ਸੋਨੇ ਦੇ ਕਾਂਟੇ ਤੇ ਕੁਝ ਲੀੜੇ ਕਪੜੇ ਬਣਵਾ ਦਿੱਤੇ ਸੀ। ਬਾਕੀ ਪੈਸਾ ਉਸਨੇ ਸੰਤੂ ਨੂੰ ਉਧਾਰ ਕਰ ਕੇ ਦੇ ਦਿੱਤਾ ਸੀ। ਸੰਤੂ ਨੂੰ ਮੌਜ ਬਣ ਗਈ ਸੀ। ਉਸਨੂੰ ਵਿਹੜੇ ਦੇ ਹੋਰ ਕੰਮੀਆਂ ਵਾਂਗ ਵਿਆਜੂ ਪੈਸੇ ਲੈ ਕੇ ਦੋ ਤਿੰਨ ਸਾਲ ਸੀਰ ਨਾ ਕੱਟਣੇ ਪੈਣਗੇ।

ਜਿਉਂ ਜਿਉਂ ਮੇਲੋ ਦੇ ਵਿਆਹ ਦਾ ਦਿਨ ਨੇੜੇ ਆਈ ਜਾਂਦਾ ਸੀ ਤਿਉਂ ਤਿਉਂ ਗੇਂਦੇ ਦੇ ਦਿਲ ਵਿਚ ਡੋਬ ਪੈ ਰਹੇ ਸਨ। ਉਹ ਕਿਸੇ ਡੂੰਘੀ ਉਦਾਸੀ ਵਿਚ ਖੋਇਆ ਰਹਿੰਦਾ ਜਦ ਉਸਦਾ ਘਰੇ ਜੀਅ ਨਾ ਲਗਦਾ ਤਾਂ ਉਹ ਆਪਣੇ ਖੇਤ ਵਲ ਤੁਰ ਪੈਂਦਾ। ਆਪਣੇ ਖੰਡਰ ਹੋ ਚੁੱਕੇ ਖੂਹ ਉੱਤੇ ਜਾ ਬੈਠਦਾ। ਸੋਚੀ ਜਾਂਦਾ-ਸੋਚੀ ਜਾਂਦਾ, 'ਮੇਲੋ ਨਾਲ ਮੈਂ ਵਿਆਹ ਕਿਉਂ ਨਾ ਕਰਾ ਸਕਿਆ। ਕਿਉਂ ਕਿ ਉਹ ਨੀਵੀਂ ਜਾਤ ਦੀ ਸੀ। ਇਹ ਅਮੀਰੀ ਗਰੀਬੀ ਦੀ ਵਿੱਥ। ਇਹ ਪਿੰਡਾਂ ਦੇ ਦਸਤੂਰ। ਇਹ ਕਲੇਜੇ ਉੱਠਦੀ ਪੀੜ। ਇਹ ਸਭ ਕੀ ਹੈ? " ਇਨ੍ਹਾਂ ਪ੍ਰਸ਼ਨਾ ਦੇ ਉੱਤਰ ਉਹ ਆਪਣੇ ਅੰਦਰੋਂ ਲੱਭਣ ਦੀ ਕੋਸ਼ਿਸ਼ ਕਰਦਾ। ਅੰਤ ਹਾਰ ਕੇ, ਹਾਉਕਾ ਲੈ ਕੇ ਟੁੱਟੇ ਖੂਹ ਦੀ ਮੌਣ 'ਤੋਂ ਉੱਠ ਖੜੋਂਦਾ। ਘਰ ਵਲ ਨੂੰ ਮੁੜ ਪੈਂਦਾ। ਦਿਨ ਛਿਪ ਰਿਹਾ ਹੁੰਦਾ। ਪਸ਼ੂ ਚਰ ਕੇ ਪਾਲੀ ਘਰਾਂ ਨੂੰ ਮੁੜ ਰਹੇ ਹੁੰਦੇ। ਪੰਛੀ ਸਾਰਾ ਦਿਨ ਚੋਗਾ ਚੁਗ ਕੇ ਆਪਣੇ ਆਲ੍ਹਣਿਆ ਵਲ ਪਰਤ ਰਹੇ ਹੁੰਦੇ। ਗੇਂਦੇ ਨੂੰ ਲਗਦਾ ਜਿਵੇਂ ਉਸਦੀ ਆਪਣਾ ਘਰ ਬਨਾਉਣ ਦੀ ਰੀਝ ਖੁਰਦੀ ਜਾਂਦੀ ਹੋਵੇ। ਉਸਨੂੰ ਲਗਦਾ ਕਿ ਪਸ਼ੂ ਪੰਛੀਆਂ ਦੇ ਵੀ ਵਿਆਹ ਹੋ ਕੇ ਵਾੜੇ ਤੇ ਆਲ੍ਹਣੇ ਬਣ ਜਾਂਦੇ ਹਨ, ਮੈਂ ਮਨੁੱਖ ਹਾਂ ਫੇਰ ਵੀ ਧੱਕੇ ਖਾਂਦਾ ਫਿਰਦਾ ਹਾਂ...।' ਇਨ੍ਹਾਂ ਹੀ ਸੋਚਾਂ ਵਿਚ ਉਸਨੂੰ ਪਤਾ ਹੀ ਨਾ ਲੱਗਦਾ ਜਦ ਉਹ ਤੁਰ ਕੇ ਪਿੰਡ ਆ ਜਾਂਦਾ।

ਅਖੀਰ ਮੇਲੋ ਦੇ ਵਿਆਹ ਦਾ ਦਿਨ ਵੀ ਆ ਗਿਆ। ਸੰਤੂ ਨੇ ਸਾਰੀਆਂ ਤਿਆਰੀਆਂ ਕਰ ਲਈਆਂ। ਨੰਦ ਕੁਰ ਆਪਣੇ ਵਿਹੜੇ ਦੀਆਂ ਸ਼ਰੀਕਣੀਆਂ ਨੂੰ ਚੌੜੀ ਹੋ ਹੋ ਕੇ ਕੰਮ ਧੰਦਾ ਦੱਸ ਰਹੀ ਸੀ।



ਗੇਂਦਾ ਇਹ ਆਖ ਕੇ ਕਿ ਸੰਤੂ ਸਾਡਾ ਸੀਰੀ ਰਿਹੈ, ਉਨ੍ਹਾਂ ਦੇ ਘਰ ਹੋਰ ਮੁੰਡਿਆਂ ਨਾਲ ਕੜਾਹੀ ਚੜ੍ਹੀ ਤੋਂ ਕੰਮ ਧੰਦਾ ਕਰਾ ਰਿਹਾ ਸੀ। ਪਰ ਗੇਂਦੇ ਦੀ ਚੁੱਪ ਦੱਸਦੀ ਸੀ ਜਿਵੇਂ ਉਸਦਾ ਅੰਗ ਅੰਗ ਟੁੱਟ ਰਿਹਾ ਹੋਵੇ। ਉਸਦੀ ਰਾਤਾਂ ਦੀ ਨੀਂਦ ਉੱਡ ਚੁੱਕੀ ਸੀ।

ਜੰਞ ਆਈ। ਆਨੰਦ ਕਾਰਜ ਹੋਏ। ਮੇਲੋ ਦਾ ਲਾੜਾ ਫੌਜੀ ਸੀ। ਉਸਦਾ ਲੰਮਾ ਕੱਦ, ਮੁਸ਼ਕੀ ਰੰਗ ਤੇ ਮੋਟੇ ਮੋਟੇ ਨੈਣ ਨਕਸ਼। ਮੇਲੋ ਦੀ ਡੋਲੀ ਵਿਦਾ ਹੋਈ। ਡੋਲੀ ਵਿਦਾ ਹੋਣ ਵੇਲੇ ਉਹ ਉੱਚੀ ਉੱਚੀ ਚੀਕਾਂ ਮਾਰ ਕੇ ਰੋਈ। ਉਸਦੀਆਂ ਚੀਕਾਂ ਅੰਬਰ ਨੂੰ ਪਾੜ ਰਹੀਆਂ ਸਨ। ਕੁੜੀਆਂ ਬੁੜੀਆਂ ਗੀਤ ਗਾਅ ਰਹੀਆਂ ਸਨ,

"ਮੇਰੇ ਬਾਗਾਂ ਦੀ ਕੋਲ ਕਹਾਂ ਚੱਲੀ ਐ, ਬਾਬਲ ਧਰਮੀ ਦੇ ਬੋਲ ਪੁਗਾ ਚੱਲੀ ਐ।"

ਗੇਂਦਾ ਵੀ ਰਾਹ ਦੇ ਇੱਕ ਪਾਸੇ ਆਦਮੀਆਂ ਦੇ ਇਕੱਠ ਵਿਚ ਖੜ੍ਹਾ ਇਹ ਦਰਦਨਾਕ ਸੀਨ ਵੇਖ ਰਿਹਾ ਸੀ। ਉਸ ਨੂੰ ਲੱਗਿਆ ਜਿਵੇਂ ਕੋਈ ਪਹਾੜ ਟੁੱਟ ਕੇ ਉਸਦੇ ਸਿਰ ਉੱਤੇ ਡਿੱਗ ਰਿਹਾ ਹੋਵੇ। ਉਸਨੂੰ ਰੋਣ ਆ ਰਿਹਾ ਸੀ। ਉਸਨੇ ਲੋਕ-ਲੱਜ ਦੇ ਡਰੋਂ ਦਿਲ ਕਰੜਾ ਕੀਤਾ ਤੇ ਆਪਣੇ ਘਰ ਨੂੰ ਤੁਰ ਗਿਆ।

ਅੱਜ ਪਹਿਲੀ ਵਾਰ ਉਸਨੇ ਠੇਕੇ ਤੋਂ ਸਾਬਤ ਬੋਤਲ ਲਈ। ਆਪਣੇ ਪੁਰਾਣੇ ਖੂਹ ਵਾਲੇ ਖੇਤ ਜਾ ਕੇ ਬੈਠ ਗਿਆ ਖ਼ਾਲ ਵਗਦਾ ਸੀ। ਉਹ ਖ਼ਾਲ ਵਿਚੋਂ ਪਾਣੀ ਪਾ ਕੇ ਪੀਈ ਗਿਆ ਤੇ ਪੀਈ ਗਿਆ। ਜਦ ਬੇਹੋਸ਼ ਹੋ ਗਿਆ ਤਾਂ ਰਾਤ ਨੂੰ ਆਪਣੇ ਖੂਹ ਨੇੜੇ ਭੁੰਜੇ ਹੀ ਸੌਂ ਗਿਆ। ਉਸ ਦਿਨ ਮਗਰੋਂ ਤਾਂ ਉਹ ਸ਼ਰਾਬ ਪੀਣ ਦਾ ਆਦੀ ਹੀ ਹੋ ਗਿਆ। ਜਦ ਰਾਤ ਦੀ ਸ਼ਰਾਬ ਦੇ ਭੰਨੇ ਹੋਏ ਤੋਂ ਸਵੇਰੇ ਉੱਠਿਆ ਨਾ ਜਾਂਦਾ ਜਾਂ ਸਿਰ ਨੂੰ ਚੱਕਰ ਜੇਹੇ ਆਉਂਦੇ ਤਾਂ ਉਹ ਨੰਜਣ ਅਮਲੀ ਕੋਲ ਜਾਣਾ ਗਿੱਝ ਗਿਆ। ਨੰਜਣ ਉਸਨੂੰ ਅਫ਼ੀਮ ਦਾ ਇੱਕ ਮਾਵਾ ਦਿੰਦਾ ਤਾਂ ਉਹ ਫਿਰ 'ਟੱਲੀ' ਬਣ ਜਾਂਦਾ। ਇਸ ਤਰ੍ਹਾਂ ਨੰਜਣ ਪਾਸ ਜਾਂਦਾ ਜਾਂਦਾ ਉਹ ਖੁਦ ਅਫ਼ੀਮ ਖਰੀਦ ਕੇ ਖਾਣ ਲੱਗ ਪਿਆ।

ਮੇਲੋ ਦਾ ਨਾਲ ਦਾ ਹੀ ਮੁਕਲਾਵਾ ਸੀ। ਕਿਉਂ ਕਿ ਫੌਜੀ ਨੇ ਦੋ ਮਹੀਨੇ ਦੀ ਛੁੱਟੀ ਕੱਟ ਕੇ ਛਾਉਣੀ ਚਲੇ ਜਾਣਾ ਸੀ। ਫੌਜੀ ਮੁਕਲਾਵੇ ਦੇ ਨਾਲ ਹੀ ਦਰੌਜਾ ਲੈ ਗਿਆ। ਮੇਲੋ ਦੋ ਮਹੀਨੇ ਨਾ ਸੌਹਰਿਆਂ ਤੋਂ ਮੁੜੀ। ਗੇਂਦਾ ਸ਼ਾਮ ਨੂੰ ਕਦੇ ਖੂਹ ਵਾਲੇ ਖੇਤ ਜਾ ਕੇ ਸ਼ਰਾਬ ਨਾਲ ਰੱਜ ਕੇ ਓਥੇ ਹੀ ਸੌਂ ਜਾਂਦਾ। ਜਾਂ ਬਾਹਰਲੇ ਘਰੇ ਸ਼ਰਾਬ ਨਾਲ ਰੱਜ ਲੈਂਦਾ। ਕਦੇ ਕਦੇ ਆਪਣੇ ਪੁਰਾਣੇ ਟੁੱਟੇ ਖੂਹ ਦੀ ਮੌਣ 'ਤੇ ਬੈਠ ਕੇ ਪੀਈ ਜਾਂਦਾ ਤੇ ਮੇਲੋ ਨੂੰ ਗਈ ਰਾਤ ਤੱਕ ਗਾਲ੍ਹਾਂ ਕੱਢਦਾ ਰਹਿੰਦਾ। ਕਦੇ ਉੱਚੀ ਉੱਚੀ ਰੋਣ ਲੱਗ ਜਾਂਦਾ। ਸਵੇਰੇ ਮੰਜੇ ਤੋਂ ਉੱਠਿਆ ਨਾ ਜਾਂਦਾ ਤਾਂ ਜੇਬ ਵਿਚੋਂ ਅਫੀਮ ਵਾਲੀ ਡੱਬੀ ਕੱਢ ਕੇ ਇੱਕ ਮਾਵਾ ਮੂੰਹ ਵਿਚ ਪਾ ਲੈਂਦਾ। ਥੋੜ੍ਹੇ ਚਿਰ ਬਾਅਦ ਅੰਦਰਲੇ ਘਰ ਵੱਲ ਚੱਲ ਪੈਂਦਾ। ਗੇਂਦੇ ਦੀ ਮਾਂ ਵੀ ਰੱਬ ਨੂੰ ਪਿਆਰੀ ਹੋ ਗਈ ਸੀ। ਭਰਾ ਭਰਜਾਈ ਲੜ ਲੜ ਕੇ ਹੰਭ ਗਏ ਸਨ।

ਮੇਲੋ ਦੋ ਮਹੀਨਿਆਂ ਮਗਰੋਂ ਸੌਹਰਿਆਂ ਤੋਂ ਮਿਲਣ ਆਈ। ਉਹ ਵੀ ਫੌਜੀ ਆਪ ਨਾਲ ਮਿਲਾਉਣ ਲਈ ਆਇਆ। ਗੇਂਦੇ ਨੂੰ ਜਦ ਪਤਾ ਲੱਗਿਆ ਤਾਂ ਉਸਨੇ ਧੰਨੋ ਦਾਈ ਨੂੰ ਪੰਜ ਦਾ ਨੋਟ ਦਿੱਤਾ। ਉਹ ਮੇਲੋ ਨੂੰ ਗੇਂਦੇ ਦਾ ਸੁਨੇਹਾ ਦੇ ਕੇ ਘਰ ਆ ਗਈ। ਗੇਂਦੇ ਨੇ ਡੱਬ 'ਚੋਂ ਬੋਤਲ ਕੱਢੀ, ਧੰਨੋ ਤੋਂ ਪਾਣੀ ਦੀ ਗੜਵੀ ਲਈ ਫਿਰ ਹਾੜੇ ਤੇ ਹਾੜੇ ਲਾਉਣਾ ਸ਼ੁਰੂ ਕਰ ਦਿੱਤਾ। ਧੰਨੋ ਨੇ ਗੇਂਦੇ ਨੂੰ ਹੋਸ਼ ਵਿਚ ਰਹਿਣ ਲਈ ਖਬਰ ਦਾਰ ਕੀਤਾ। ਤ੍ਰਿਕਾਲਾਂ ਜਿਹੀਆਂ ਸਨ ਜਦ ਮੇਲੋ ਆ ਗਈ। ਧੰਨੋ ਦੇ ਇਸ਼ਾਰੇ 'ਤੇ ਜਦ ਉਹ ਕੱਚੀ ਸਵ੍ਹਾਤ ਵਿਚ ਗਈ ਤਾਂ ਗੇਂਦਾ ਨਸ਼ੇ ਦੇ ਲੋਰ ਵਿਚ ਡਡਿਆ ਕੇ ਭੁੱਬ ਮਾਰ ਕੇ ਮੇਲੋ ਦੇ ਗਲ ਨਾਲ ਚੁੰਬੜ ਗਿਆ। ਮੇਲੋ ਉਸਨੂੰ ਦੋਵੇਂ ਹੱਥਾਂ ਨਾਲ ਦੂਰ ਕਰਦੀ ਬੋਲੀ,

"ਬੂਅ੍ਹ ਵੇ ਟੁੱਟ ਪੈਣਿਆ ਤੂੰ ਤਾਂ ਦਾਰੂ ਪੀਈ ਬੈਠੈਂ, ਅੜਿਆ ਇਹ ਕੀ ਤੂੰ ਕਰਨ ਲੱਗ ਪਿਆ?"

ਮੇਲੋ ਦੀ ਮਾਂ ਨੇ ਉਸਨੂੰ ਸੌਹਰਿਆਂ ਤੋਂ ਆਉਂਦੀ ਨੇ ਹੀ ਦੱਸ ਦਿੱਤਾ ਸੀ ਕਿ ਗੇਂਦਾ ਰੋਜ ਦਾਰੂ ਪੀ ਕੇ ਵੀਹੀਆਂ ਵਿਚ ਡਿਗਦਾ ਫਿਰਦਾ ਹੁੰਦੈ। ਮੇਲੋ ਨੇ ਗੇਂਦੇ ਨੂੰ ਫੜ ਕੇ ਉਵੇਂ ਜਿਵੇਂ ਮੰਜੇ ਉੱਤੇ ਪਾ ਦਿੱਤਾ। ਮੇਲੋ ਨੇ ਫੇਰ ਉਸਦੇ ਮੋਢੇ ਹਲੂਣ ਕੇ ਕਿਹਾ,

"ਵੇ ਗੇਂਦਿਆ! ਅੜਿਆ ਇਹ ਕੀ ਤੂੰ ਕਰਨ ਲੱਗ ਪਿਐਂ। ਮੈਨੂੰ ਪਤਾ ਲੱਗਿਐ ਕਿ ਤੂੰ ਨਿੱਤ ਦਾਰੂ ਪੀ ਕੇ ਵੀਹੀਆਂ ਵਿਚ ਡਿਗਦਾ ਫਿਰਦੈਂ।"

ਗੇਂਦੇ ਨੇ ਭਰੀਆਂ ਹੋਈਆਂ ਅੱਖਾਂ ਨਾਲ ਥਿੜਕਦੀ ਜ਼ੁਬਾਨ ਖੋਲ੍ਹੀ, "ਮੇਲੋ! ਸਹੁੰ ਢਾਂਡੀ ਦੀ ਮੈਂ ਗੱਪ ਨੀ ਮਾਰਦਾ ਰਾਂਝੇ ਨੇ ਕੰਨ ਕਿਉਂ ਪੜਵਾਏ ਸੀ। ਮਹੀਬਾਲ ਨੇ ਪੱਟ ਕਿਉਂ ਚੀਰਿਆ ਸੀ। ਤੂੰ ਮੈਨੂੰ ਪੁੱਛਦੀਐਂ ... ਹੈਂ? ਤੂੰ ਮੈਨੂੰ ਪੁੱਛਦੀ ਐਂ? " ਮੇਲੋ ਨਿਰੁੱਤਰ ਹੋ ਗਈ। ਗੇਂਦਾ ਹੁਬਕੀਂ ਹੁਬਕੀਂ ਰੋਣ ਲੱਗ

ਪਿਆ। ਮੇਲੋ ਨੂੰ ਜਿਵੇਂ ਕਰੰਟ ਲੱਗ ਗਿਆ ਹੁੰਦਾ ਹੈ। ਜਲਦੀ ਨਾਲ ਮੰਜੇ ਤੋਂ ਉੱਠੀ। ਧੰਨੋ ਦੀ ਮਿਨਤ ਕਰਦੀ ਬੋਲੀ, “ਨੀ ਚਾਚੀ! ਹਾੜ੍ਹੇ ਚਾਚੇ ਨੂੰ ਆਖ ਦੇਵੀਂ ਏਹਨੂੰ ਘਰਦੇ ਨਾਲ ਏਹਦੇ ਘਰੇ ਬਾਰ ’ਚ ਛੱਡ ਕੇ ਮੁੜ ਆਏ। ਸਾਡੇ ਘਰੇ ਫੌਜੀ ਵੀ ਦਾਰੂ ਪੀਈ ਜਾਂਦੈ। ਮੈਂ ਤਾਂ ਉਸ ਵਾਸਤੇ ਹੱਟੀ ’ਤੋਂ ਦੋ ਬੱਤੇ ਲੈਣ ਆਈ ਸੀ। ਨਾਲੇ ਏਸ ਬਹਾਨੇ ਏਧਰ ਆ ਗਈ। ਜੇ ਬਤੇ ਲੈ ਕੇ ਜਲਦੀ ਘਰੇ ਨਾ ਗਈ ਤਾਂ...।”

ਮੇਲੋ ਚਲੀ ਗਈ। ਧੰਨੋ ਨੇ ਆਪਣੇ ਘਰਵਾਲੇ ਟੇਕੂ ਚੌਕੀਂਦਾਰ ਨੂੰ ਇਹ ਬਹਾਨਾ ਲੈ ਕੇ ਕਿ ਇਹ ਬਾਹਲੀ ਦਾਰੂ ਪੀ ਕੇ ਸਾਡੇ ਬਾਰ ’ਚ ਆ ਡਿੱਗਿਆ। ਉਸ ਨੂੰ ਉਨ੍ਹਾਂ ਦੇ ਘਰੇ ਛੱਡਣ ਭੇਜ ਦਿੱਤਾ। ਟੇਕੂ ਨੂੰ ਜਿਵੇਂ ਉਸਦੀ ਤੀਮੀ ਨੇ ਸਮਝਾਇਆ ਸੀ, ਉਨ੍ਹਾਂ ਦੇ ਬਾਰ ’ਚ ਗੇਂਦੇ ਨੂੰ ਛੱਡ ਕੇ ਮੁੜ ਆਇਆ। ਗੇਂਦਾ ਆਪਣੇ ਬਾਰ ’ਚ ਜਾ ਕੇ ਮੂੰਹ ਪਰਨੇ ਫੇਰ ਡਿੱਗ ਪਿਆ ਸੀ।

ਅਗਲੇ ਦਿਨ ਗੇਂਦੇ ਨੇ ਅਫ਼ੀਮ ਦਾ ਮਾਵਾ ਮੂੰਹ ’ਚ ਪਾ ਕੇ ਪਾਣੀ ਦੀ ਚੂਲੀ ਨਾਲ ਲੰਘਾ ਲਿਆ। ਧੰਨੋ ਦਾਈ ਦੇ ਘਰ ਗਿਆ ਉਹੀ ਤਰੀਕਾ ਵਰਤ ਕੇ ਮੇਲੋ ਨੂੰ ਸੱਦਿਆ। ਗੇਂਦਾ ਸ਼ਿਕਵੇ ਭਰੇ ਉਲਾਂਭੇ ਦੇ ਕੇ ਰੋਂਦਾ ਰਿਹਾ। ਮੇਲੋ ਤੀਮੀ ਦੀਆਂ ਮਜ਼ਬੂਰੀਆਂ ਆਖ ਆਖ ਉਸਦਾ ਦਿਲ ਧਰਾਉਂਦੀ ਰਹੀ। ਫੇਰ ਉਹ ਗੇਂਦੇ ਨੂੰ ਜੱਫੀ ਪਾਈ ਬੈਠੀ ਇਕ ਦਮ ਹੀ ਬੋਲੀ, “ਸੱਚ ਅੜਿਆ ! ਮੈਨੂੰ ਤਾਂ ਫੌਜੀ ਛੁੱਟੀ ਕੱਟ ਕੇ ਆਵਦੇ ਨਾਲ ਹੀ ਪੂਨੇ ਸਿਤਾਰੇ ਲੈਜੂਗਾ। ਕੈਂਹਦੇ ਉਥੇ ਤੀਮੀਆਂ ਵਾਲੇ ਫੌਜੀਆਂ ਨੂੰ ਕੁਆਟਰ ਮਿਲ ਜਾਂਦੇ ਐ।”

“ਅੱਛਾ!! ਸਹੁੰ ਢਾਂਡੀ ਦੀ ਮੈਂ ਗੱਪ ਨੀ ਮਾਰਦਾ, ਤੂੰ ਤਾਂ ਆਖਦੀ ਸੀ ਤੈਨੂੰ ਵਿਆਹ ਮਗਰੋਂ ਵੀ ਇਵੇਂ ਜਿਵੇਂ ਮਿਲਿਆ ਕਰੂੰ।” ਗੇਂਦੇ ਦਾ ਗੱਚ ਭਰ ਆਇਆ। ਮੇਲੋ ਹਾਉਂਕਾ ਲੈ ਕੇ ਬੋਲੀ, “ਕੀ ਕਰਾਂ ਅੜਿਆ! ਕਿਸਮਤ ਵਿਚ ਈ ਏਹੋ ਬਛੋੜਾ ਲਿਖਿਆ ਸੀ। ਮੇਰੇ ਕੀ ਵਸ ਆ।”

ਅਗਲੇ ਦਿਨ ਮੇਲੋ ਆਪਣੇ ਫੌਜੀ ਨਾਲ ਸਹੌਰੀਂ ਚਲੀ ਗਈ। ਛੁੱਟੀ ਕੱਟ ਕੇ ਉਸਦਾ ਫੌਜੀ ਖਸਮ ਉਸਨੂੰ ਸੱਚੀਓਂ ਪੂਨੇ ਸਿਤਾਰੇ ਲੈ ਗਿਆ।

ਗੇਂਦਾ ਸ਼ਰਾਬ ਤੇ ਅਫੀਮ ਦਾ ਆਦੀ ਹੋ ਗਿਆ। ਮੋਘੇ ਵਾਲੀ ਰਹਿੰਦੀ ਘੁਮਾ ਜ਼ਮੀਨ ਵੀ ਵੇਚ ਦਿੱਤੀ। ਸ਼ਰਾਬ ਤੇ ਅਫੀਮ ਉਹ ਆਮ ਖਾਣ ਲੱਗ ਪਿਆ। ਸ਼ਰਾਬ ਦਾ ਰੱਜਿਆ ਉਹ ਕਈ ਵਾਰ ਆਪਣੇ ਬੈਅ ਹੋ ਚੁੱਕੇ ਖੇਤ ਜਾ ਕੇ ਉੱਚੀ ਉੱਚੀ ਰੋਣ ਲੱਗ ਜਾਂਦਾ। ਕਈ ਵਾਰ ਉਹ ਆਪਣੇ ਖੇਤ ਇਕਾਂਤ ਵਿਚ ਮੇਲੋ ਨੂੰ ਯਾਦ ਕਰਦੇ ਗਾਲ੍ਹਾਂ ਕੱਢਣ ਲੱਗ ਪੈਂਦਾ। ਕਈ ਵਾਰ ਕੰਨ ’ਤੇ ਹੱਥ ਧਰ ਕੇ ਮਿਰਜੇ ਦੀਆਂ ਕਲੀਆਂ ਗਾਉਣ ਲੱਗ ਪੈਂਦਾ, “ਭੱਠ ਰੰਨਾਂ ਦੀ ਦੋਸਤੀ, ਖ਼ੁਰੀ ਜਿਨ੍ਹਾਂ ਦੀ ਮੱਤ,
ਪਹਿਲਾਂ ਕੋਠੇ ਚਾੜ੍ਹ ਕੇ ਪਿੱਛੋਂ ਪੌੜੀ ਦਿੰਦੀਆਂ ਚੱਕ।”

ਚੰਨਣ ਦੀ ਗੇਲੀ ਵਰਗਾ ਨੌਜਵਾਨ ਗੇਂਦਾ ਸਿਉਂਕ ਲੱਗੇ ਦਰਖ਼ਤ ਵਾਂਗ ਸੁੱਕਣਾ ਸ਼ੁਰੂ ਹੋ ਗਿਆ। ਉਹ ਹਾਰ ਚੁੱਕਿਆ ਸੀ। ਜਵਾਨੀ ਵੇਲੇ ਕੌਡੀ ਖੇਡਦੇ ਬੁੜ੍ਹਕ ਕੇ ਨਾਲ ਦੇ ਖਿਡਾਰੀ ਦੇ ਉੱਤੋਂ ਦੀ ਟੱਪਣ ਵਾਲੇ ਗੇਂਦੇ ਤੋਂ ਹੁਣ ਵਗਦਾ ਖ਼ਾਲ ਟੱਪਣਾ ਵੀ ਔਖਾ ਹੋ ਗਿਆ ਸੀ। ਉਸਦੀ ਅੱਧੀ ਦਾਹੜੀ ਚਿੱਟੀ ਹੋ ਗਈ ਸੀ।

ਹੁਣ ਉਹ ਆਪਣੇ ਭਰਾਵਾਂ ਤੋਂ ਨਸ਼ੇ ਲਈ ਪੈਸੇ ਮੰਗਣਾ। ਉਹ ਪੈਸੇ ਦੇ ਕੇ ਰਹਿੰਦੀ ਰੋਹੀ ਵਾਲੀ ਜ਼ਮੀਨ ਦਾ ਗਹਿਣਾ ਲਿਖ ਕੇ ਉਸਦਾ ਅੰਗੂਠਾ ਲਵਾ ਲੈਂਦੇ। ਆਖੀਰ ਉਨ੍ਹਾਂ ਨੇ ਗੇਂਦੇ ਦਾ ਅੰਗੂਠਾ ਉਸ ਰੋਹੀ ਵਾਲੀ ਜ਼ਮੀਨ ਦਾ ਬੈਅ ਤੇ ਵੀ ਲਵਾ ਲਿਆ। ਹੁਣ ਗੇਂਦਾ ਆਪਣੇ ਵੱਡੇ ਭਰਾ ਦੇ ਪਸ਼ੂ ਚਾਰਨ ਲੱਗ ਪਿਆ।

ਜਦੋਂ ਹੁਣ ਗੇਂਦਾ ਨਸ਼ੇ ਨੂੰ ਪੈਸੇ ਮੰਗਦਾ ਤਾਂ ਭਰਾ ਭਰਜਾਈ ਚਿੜ ਚਿੜ ਕਰਨ ਲੱਗ ਪੈਂਦੇ। ਜਦ ਨਸ਼ੇ ਬ.ਗੈਰ ਉਸਦਾ ਸਰੀਰ ਜਿਆਦਾ ਟੁੱਟ ਰਿਹਾ ਹੁੰਦਾ ਤਾਂ ਉਹ ਫੇਰ ਵੱਡੀ ਭਰਜਾਈ ਦੀਆਂ ਮਿਨਤਾਂ ਕਰਦਾ, ਲ੍ਹੇਲੜੀਆਂ ਕੱਢਦਾ ,

“ਸਹੁੰ ਢਾਂਡੀ ਦੀ ਭਾਬੀ ਮੈਂ ਗੱਪ ਨੀ ਮਾਰਦਾ, ਚੱਲ ਪੰਜ ਰੁਪਈਏ ਈ ਦੇ ਦੇ। ਕੀ ਹੋ ਗਿਆ ਮੈਂ ਥੋਡੇ ਘਰ ਦਾ ਜੀਅ ਆਂ.. ਐਂ ਕਿਉਂ ਕਰਦੀ ਐਂ।” ਵੱਡੀ ਭਰਜਾਈ ਉਸਨੂੰ ਫੇਰ ਓਹੀ ਛੁਰੀ ਵਰਗੇ ਚੀਰਵੇਂ ਮਿਹਣੇ ਦੇਣ ਲੱਗ ਪੈਂਦੀ ,

“ਉਦੋਂ ਤਾਂ ਵੱਡਾ ਹੀ ਰਾਂਝਾ ਬਣਿਆ ਫਿਰਦਾ ਸੀ। ਹੁਣ ਭਾਲ ਲੈ ਪਤੰਦਰਨੀ ਨੂੰ ਕਿੱਥੇ ਐ?”

ਗੇਂਦੇ ਦਾ ਛੋਟਾ ਭਰਾ ਵੀ ਪੜ੍ਹਾਈ ਮੁਕਾ ਕੇ ਵਿਆਹਿਆ ਗਿਆ ਸੀ। ਹੁਣ ਉਹ ਦੋਹੇਂ ਭਰਾਵਾਂ ਦਾ ਸੀਰੀਆਂ ਵਾਂਗ ਕੰਮ ਕਰਦਾ ਰਹਿੰਦਾ ... ਨਸ਼ਾ ਖਾ ਛੱਡਦਾ।

ਗੇਂਦਾ ਗਲੀਆਂ ਦੇ ਕੱਖਾਂ ਨਾਲੋਂ ਵੀ ਹੌਲਾ ਹੋ ਗਿਆ ਸੀ। ਇੱਕ ਦਿਨ ਉਹ ਛੱਪੜ ਵਿਚ ਆਪਣੇ ਭਰਾ ਦੀਆਂ ਮੈਸਾਂ ਬਹਾਈ ਬੈਠਾ ਸੀ, ਜਦ ਉਸਨੂੰ ਤਿੰਨ ਸਾਲਾਂ ਮਗਰੋਂ ਬਸ ਅੱਡੇ ਵਲੋਂ ਮੇਲੋ



ਆਉਂਦੀ ਦਿਸੀ। ਛੱਪੜ ਦੇ ਪਰਲੀ ਪਾਰ ਉਹ ਗੁਰਦਵਾਰੇ ਵਾਲਾ ਰਾਹ ਲੰਘ ਕੇ ਫਿਰਨੀ ’ਤੇ ਜਾ ਰਹੀ ਸੀ। ਮੇਲੋ ਉੱਚੀ ਅੱਡੀ ਦੇ ਸੈਂਡਲ ਨਾਲ ਖਾਸ ਮੜਕ ਨਾਲ ਤੁਰੀਂ ਜਾਂਦੀ ਸੀ। ਸੁਰਖੀ-ਪਾਊਡਰ ਲੱਗਿਆ ਹੋਇਆ। ਚਮਕੀਲਾ ਤੋਤੇ ਰੰਗਾ ਸੂਟ, ਸਿਰ ਤੇ ਪਿਆਜ਼ੀ ਰੰਗ ਦੀ ਬੂਟੀਆਂ ਵਾਲੀ ਚੁੰਨੀ। ਜਲੇਬੀ ਜੂੜਾ ਕੀਤਾ ਹੋਇਆ। ਉਹ ਅੱਗੇ ਨਾਲੋਂ ਕਿੰਨੀ ਮੋਟੀ ਹੋ ਗਈ ਸੀ। ਗਲ ਵਿਚ ਬੈਗ, ਇਕ ਹੱਥ ਸੂਟ ਕੇਸ। ਗੋਦੀ ਚੁੱਕੇ ਗਲ੍ਹੋਟ ਵਰਗੇ ਮੁੰਡੇ ਨੂੰ ਕਦੇ ਗੋਦੀਓਂ ਉਤਾਰ ਕੇ ਤੋਰਨ ਦੀ ਕੋਸ਼ਿਸ਼ ਕਰਦੀ। ਮੁੰਡੇ ਦੇ ਸਿਰ ’ਤੇ ਖੱਟਾ ਪਟਕਾ ਬੰਨ੍ਹਿਆ ਹੋਇਆ, ਨਿੱਕਰ ਬੁਸ਼ਰਟ ਪਾਈ ਹੋਈ। ਗੇਂਦੇ ਉਹਨੂੰ ਵੇਖ ਕੇ ਜਿਵੇਂ ਅੰਦਰੋਂ ਲਾਟ ਨਿਕਲ ਗਈ ਹੋਵੇ। ਉਸ ਦਾ ਕਾਲਜਾ ਮੱਚ ਗਿਆ, ਦਿਲ ਹੀ ਦਿਲ ਵਿਚ ਬੋਲਿਆ, “ਹਾਏ ਓਏ ਮੇਰਿਆ ਡ੍ਹਾਢਿਆ ਰੱਬਾ... ਜੇ ਔਹ ਗਲ੍ਹੋਟ ਵਰਗਾ ਮੁੰਡਾ ਮੇਰਾ ਹੁੰਦਾ...।” ਫੇਰ ਵੀ ਉਸਨੂੰ ਆਪਣੇ ਜੀਵਨ ਦੀ ਬਣ ਚੁੱਕੀ ਰਾਖ਼ ਵਿਚੋਂ ਅਜੇ ਵੀ ਕੋਈ ਇਸ਼ਕ-ਚਿੰਗਾੜੀ ਮਘਦੀ ਪ੍ਰਤੀਤ ਹੋਈ। ਉਸ ਜਲਦੀ ਨਾਲ ਛੱਪੜ ਵਿਚੋਂ ਮੈਸਾਂ ਕੱਢੀਆਂ। ਮੈਸਾਂ ਘਰ ਬੰਨ੍ਹ ਕੇ ਵਿਹੜੇ ਦੀ ਧੰਨੋ ਦਾਈ ਪਾਸ ਗਿਆ। ਧੰਨੋ ਹੱਥ ਮੇਲੋ ਨੂੰ ਉਸਦੇ ਘਰ ਸੱਦਿਆ। ਧੰਨੋ ਨੇ ਆ ਕੇ ਗੇਂਦੇ ਨੂੰ ਸਾਫ ਜਵਾਬ ਦਿੱਤਾ ਕਿ ਭਾਈ ਉਹ ਤਾਂ ਆਉਂਦੀ ਨੀ। ਫੇਰ ਉਸ ਨੇ ਦੁਪਹਿਰੇ ਦੁਪਹਿਰੇ ਮੇਲੋ ਕੇ ਬਾਰ ਵਿਚ ਫਿਰਨੀ ਵਾਲੀ ਵੀਹੀ ਦੋ ਗੇੜੇ ਮਾਰੇ। ਮੇਲੋ ਆਪਣੇ ਵਿਹੜੇ ਦੇ ਨਿੰਮ ਥੱਲੇ ਬੈਠੀ ਆਪਣੀ ਮਾਂ ਨੂੰ ਪੂਨੇ ਸਿਤਾਰੇ ਦੀਆਂ ਗੱਲਾਂ ਦੱਸ ਰਹੀ ਸੀ। ਉਸ ਦਾ ਗਲ੍ਹੋਟ ਵਰਗਾ ਮੁੰਡਾ ਵਿਹੜੇ ਵਿਚ ਖੇਡਦਾ ਫਿਰਦਾ ਸੀ। ਨੰਦ ਕੁਰ ਕਿਸੇ ਕੰਮ ਚਲੀ ਗਈ ਸੀ। ਤੀਜੇ ਗੇੜੇ ਗੇਂਦਾ ਮੌਕਾ ਤਾੜ ਕੇ ਮੇਲੋ ਕੇ ਘਰੇ ਜਾ ਵੜਿਆ। ਮੇਲੋ ਉਸਨੂੰ ਵਿਹੜੇ ਵਿਚ ਆਉਂਦਾ ਵੇਖ ਤਿਉੜੀਆਂ ਪਾ ਕੇ ਭਮੱਤਰ ਕੇ ਮੰਜੇ ’ਤੋਂ ਖੜ੍ਹੀ ਹੋ ਗਈ। ਗੇਂਦਾ ਕੁਛ ਕਹਿਣ ਹੀ ਲੱਗਿਆ ਸੀ ਕਿ ਉਹ ਪਹਿਲਾਂ ਹੀ ਬੋਲੀ, “ਦੇਖ ਗੇਂਦਿਆ! ਆਪਣੀ ਵਧੀਆਂ ਨਿਭਗੀ। ਹੁਣ ਛੱਡ ਖਹਿੜਾ। ਹੁਣ ਤੂੰ ਜਾਹ ਆਵਦੇ ਘਰ ਨੂੰ।”

“ਸਹੁੰ ਢਾਂਡੀ ਦੀ ਮੈਂ ਗੱਪ ਨੀ ਮਾਰਦਾ, ਤੂੰ ਤਾਂ ਕੈਂਹਦੀ ਸੀ...।”

“ਹਾਂ ਮੈਂ ਕੈਂਹਦੀ ਸੀ। ਉਹ ਵੇਲੇ ਉਦੋਂ ਹੀ ਸਨ। ਉਹ ਕੋਈ ਵੇਲਾ ਈ ਸੀ। ਨਾਲੇ ਮੇਰੇ ਘਰਵਾਲਾ ਫੌਜੀ ਤਾਂ ਬਾਹਲਾ ਈ ਭੈੜਾ ਐ। ਜੇ ਪਤਾ ਲੱਗ ਗਿਆ ਤਾਂ ਮੇਰਾ ਗਾਟਾ ਲਾਹਦੂ, ਨਾਲੇ ਤੇਰੀ ਖ਼ੈਰ ਨੀ। ਭਲਾ ਏਸੇ ’ਚ ਕਿ ਹੁਣ ਤੂੰ ਰਸਤਾ ਰਗੜ।” ਮੇਲੋ ਦੀਆਂ ਲਾਲ ਅੱਖਾਂ ਵੇਖ ਸੱਟ ਖਾਧੇ ਸੱਪ ਵਾਂਗ ਗੇਂਦਾ ਉਨ੍ਹਾਂ ਦੇ ਘਰੋਂ ਬਾਹਰ ਆ ਗਿਆ। ਫਿਰਨੀ ਲੰਘ ਵੀਹੀ ਪੈ ਗਿਆ। ਨੰਜਣ ਅਮਲੀ ਕੋਲ ਗਿਆ ਨਸ਼ਾ ਲਿਆ ਤੇ ਵਾਹਵਾ ਖਾ ਗਿਆ।

ਰਾਤ ਦੇ ਬਾਰਾਂ ਵੱਜੇ ਹੋਣਗੇ ਜਦ ਸ਼ਰਾਬੀ ਹੋਇਆ ਗੇਂਦਾ ਫਿਰਨੀ ਪਿਆ ਡਿਕੋਡੋਲੇ ਖਾਂਦਾ ਜਾਂਦਾ ਸੀ। ਉਹ ਮੇਲੋ ਕੇ ਬਾਰ ਵਿਚ ਜਾ ਖੜੋਤਾ। ਅਵਾਰਾ ਕੁੱਤੇ ਉਸਨੂੰ ਲਗਾਤਾਰ ਭੌਂਕ ਰਹੇ ਸਨ। ਉਸਨੇ ਸੰਤੂ ਦੇ ਬਾਹਰਲੇ ਬਾਰ ਦਾ ਕੁੰਡਾ ਹੱਥ ਪਾ ਕੇ ਖੋਲ੍ਹ ਲਿਆ। ਇੱਜੜ ਕੋਲ ਬੈਠਾ ਕਾਲਾ ਕੁੱਤਾ ਉਸਨੂੰ ਭੌਂਕਣ ਲੱਗਾ। ਸੰਤੂ ਮੰਜੇ ਨਾਲ ਪਈ ਸੋਟੀ ਚੁੱਕ ਕੇ ਬੋਲਿਆ,

“ਕੌਣ ਐਂ? ਕੁਝ ਚਿਰ ਮਗਰੋਂ ਜਦ ਸੰਤੂ ਨੇ ਦੂਜੀ ਵਾਰ ਪੁੱਛਿਆ ਤਾਂ ਥਿੜਕਵੀਂ ਅਵਾਜ਼ ਨਾਲ ਗੇਂਦਾ ਡੋਲੇ ਜਿਹੇ ਖਾਂਦਾ ਬੋਲਿਆ, “ਓ ਚਾਚਾ ਓ ਮੈਂ ਗੇਂਦਾ ਆ... ਘਰ ਦਾ ਈ ਬੰਦਾ ਆ।” ਇਸ ਤੋਂ ਪਹਿਲਾਂ ਕਿ ਸੰਤੂ ਕੁਝ ਬੋਲਦਾ ਪਰਲੇ ਪਾਸਿਉਂ ਮੰਜੇ ’ਤੇ ਪਈ ਮੇਲੋ ਭੰਬੂਕੇ ਵਾਂਗ ਉੱਠੀ। ਆ ਕੇ ਗੇਂਦੇ ਨੂੰ ਧੱਕਾ ਦਿੰਦੀ ਬੋਲੀ, “ਏਥੇ ਭੈਣ ਦੇ ਫੇਰੇ ਦੇਣ ਆਇਐਂ? ਸ਼ਰਾਬ ਪੀਕੇ ਅੱਧੀ ਰਾਤ ਆਇਐਂ ਤੈਨੂੰ ਸ਼ਰਮ ਨੀ ਆਉਂਦੀ? ਭੈਣ ਦਾ ਖ਼ਸਮ ਨਾ ਹੋਵੇ ਤਾਂ...।”

ਉਸਦੇ ਮਗਰ ਨੰਦ ਕੁਰ ਵੀ ਗਾਹਲਾਂ ਕੱਢਣ ਲੱਗ ਪਈ ਸੀ। ਗੇਂਦੇ ਨੂੰ ਦੋਵੇਂ ਬਾਹਾਂ ਤੋਂ ਫੜ ਕੇ ਮਾਂ ਤੇ ਧੀ ਫਿਰਨੀ ’ਤੇ ਕਾਫੀ ਦੂਰ ਛੱਡ ਆਈਆਂ। ਵਾਪਸ ਆ ਕੇ ਬਾਰ ਦੇ ਤਖਤੇ ਬੰਦ ਕਰਕੇ ਕੁੰਡੇ ਵਿਚ ਮੋਟਾ ਡਕਣਾ ਫਸਾ ਦਿੱਤਾ।

ਗੇਂਦਾ ਡੋਲੇ ਖਾਂਦਾ ਫਿਰਨੀ ਪੈ ਗਿਆ। ਇਕ ਥਾਂ ਟੋਏ ਵਿਚ ਪੈਰ ਪੈ ਕੇ ਪਿੱਠ ਪਰਨੇ ਡਿੱਗ ਪਿਆ। ਉੱਠਣ ਦੀ ਕੋਸ਼ਿਸ਼ ਕੀਤੀ ਪਰ ਅਸਫ਼ਲ। ਰਾਹ ਦੀ ਰੇਤ ਦੀ ਮੁੱਠੀ ਭਰੀ ਛਾਣਾ ਦੇ ਕੇ ਉਡਾ ਦਿੱਤੀ। ਅਚਾਨਕ ਉਸਦੀ ਨਿਗਾਅ ਤਾਰਿਆਂ ਭਰੇ ਅਸਮਾਨ ’ਤੇ ਜਾ ਪਈ। ਉਹ ਛੜਿਆ ਦੇ ਰਾਹ ਵਲ ਹੱਥ ਨਾਲ ਮਿੱਟੀ ਫਰੋਲਦਾ ਗਹੁ ਨਾਲ ਵੇਖ ਰਿਹਾ ਸੀ।

## ਕਹਾਣੀ / ਬੁੱਤ / ਕਰਨੈਲ ਸਿੰਘ ਨਿੱਝਰ

ਤੁਸੀਂ ਆਖਦੇ ਓ ਮੈਂ ਸੁਣ ਨਹੀਂ ਸਕਦਾ। ਬੋਲ ਨਹੀਂ ਸਕਦਾ। ਮੈਂ ਦੇਖ ਵੀ ਨਹੀਂ ਸਕਦਾ। ਚੱਲ ਤੇ ਫਿਰ ਵੀ ਨਹੀਂ ਸਕਦਾ। ਮੈਂ ਸੌਂ ਵੀ ਨਹੀਂ ਸਕਦਾ। ਜਾਗ ਵੀ ਨਹੀਂ ਸਕਦਾ। ਮੈਂ ਹੁਣ ਟੁਣਕਦੇ ਸ਼ਬਦਾਂ 'ਚ ਆਪਣਾ ਭਾਸ਼ਣ ਵੀ ਨਹੀਂ ਦੇ ਸਕਦਾ। ਮੈਨੂੰ ਸੁਗੰਧ ਤੇ ਦੁਰਗੰਧ ਦੇ ਫਰਕ ਦਾ ਵੀ ਨਹੀਂ ਪਤਾ। ਮੇਰੇ ਤੇ ਮੀਂਹ ਹਨੇਰੀ, ਧੁੱਪ-ਛਾਂ, ਗਰਮੀ ਸਰਦੀ ਦਾ ਕੋਈ ਅਮਰ ਨਹੀਂ ਹੁੰਦਾ। ਮੈਂ ਜਨਮ ਮਰਨ ਤੋਂ ਰਹਿਤ ਹਾਂ। ਮੈਂ ਨਾ ਕੁਝ ਸੋਚਦਾ ਹਾਂ ਨਾ ਸੋਚੇ ਹੋਏ ਨੂੰ ਅਮਲ ਵਿਚ ਹੀ ਲਿਆਉਂਦਾ ਹਾਂ। ਮੇਰਾ ਕੋਈ ਜੀਵਨ ਨਹੀਂ ਹੈ। ਮੈਂ ਲਾਭ ਹਾਣ ਤੇ ਲੋਭ ਲਾਲਚ ਬਾਰੇ ਵੀ ਨਹੀਂ ਸੋਚਦਾ। ਮੈਨੂੰ ਤੱਤੇ ਠੰਢੇ ਦਾ ਵੀ ਨਹੀਂ ਪਤਾ। ਮੇਰੀ ਕੋਈ ਇੱਛਾ ਵੀ ਨਹੀਂ ਹੈ। ਮੈਂ ਇਛਾਵਾਂ ਰਹਿਤ ਹੋ ਗਿਆ ਹਾਂ। ਇਹ ਸਾਰਾ ਕੁਝ ਤੁਸੀਂ ਆਖਦੇ ਹੋ। ਇਹ ਤੁਹਾਡੀ ਆਪਣੀ ਸੋਚ ਹੈ। ਇਸ ਸੋਚ ਦਾ ਤੁਸੀਂ ਜਿਵੇਂ ਵੀ ਚਾਹੁੰਦੇ ਹੋ ਇਸਤੇਮਾਲ ਕਰੀ ਜਾਂਦੇ ਹੋ। ਤੁਸੀਂ ਜੋ ਕਹਿੰਦੇ ਹੋ, ਇਸ ਤੋਂ ਤੁਹਾਨੂੰ ਰੋਕਣ ਵਾਲਾ ਕੌਣ ਹੈ? ਤੁਸੀਂ ਬਿਨਾ ਸੋਚਣ ਸਮਝਣ ਤੋਂ ਗੱਲ ਕਰਦੇ ਹੋ। ਸਾਇਦ ਤੁਹਾਨੂੰ ਇਸ ਗੱਲ ਦਾ ਚੇਤਾ ਨਹੀਂ ਰਿਹਾ ਹੈ ਬਿਨਾ ਸੋਚਣ ਤੋਂ ਕੀਤੀ ਹੋਈ ਗੱਲ ਕਿਥੋਂ ਤੱਕ ਪੁੱਜਦੀ ਏ? ਤੁਸੀਂ ਆਪਣੇ ਆਪ ਨੂੰ ਹੀ ਹਮੇਸ਼ਾ ਚੰਗਾ ਤੇ ਸਿਆਣਾ ਸਮਝਦੇ ਹੋ। ਜੀਊਂਦੇ ਜੀਅ ਬੰਦਾ ਕਿਸੇ ਦੀ ਨੋਂਹ ਧੀ ਨਾਲੋਂ ਘੱਟ ਨਹੀਂ ਹੁੰਦਾ। ਇਹ ਉਹਦੀ ਫ਼ਿਤਰਤ ਹੈ।

ਤੁਸੀਂ ਆਪੋ ਵਿਚ ਘੁਸਰ ਮੁਸ਼ਰ ਕਰੀ ਜਾਂਦੇ ਹੋ। ਬੜੀ ਮੱਧਮ ਆਵਾਜ਼ ਵਿਚ ਗੱਲਾਂ ਕਰਦੇ ਹੋ। ਮਿੰਨਾ ਮਿੰਨਾ ਮੁਸਕਰਾਉਂਦੇ ਵੀ ਹੋ। ਕਿਸੇ ਨਾਲ ਧੀਮੀ ਸੁਰ 'ਚ ਗੱਲਾਂ ਕਰਨੀਆਂ ਤੇ ਫਿਰ ਮੁਸਕਰਾਉਣਾ ਬੰਦੇ ਦੀਆਂ ਲੂੰਬੜ ਚਾਲਾਂ ਨੇ। ਮੈਂ ਤੁਹਾਨੂੰ ਲੂੰਬੜ ਤਾਂ ਨਹੀਂ ਆਖਦਾ, ਪਰ ਤੁਸੀਂ ਲੂੰਬੜ ਚਾਲੀਏ ਤਾਂ ਜ਼ਰੂਰ ਹੋ। ਲੂੰਬੜ ਲੂੰਬੜ ਹੁੰਦਾ ਹੈ ਤੇ ਬੰਦਾ ਬੰਦਾ। ਤੁਹਾਨੂੰ ਇਸ ਗੱਲ ਨੂੰ ਸਮਝ ਲੈਣਾ ਚਾਹੀਦਾ ਹੈ। ਮੈਨੂੰ ਇਹ ਲਗਦਾ ਹੈ ਕਿ ਸਮਝਣ ਸਮਝਾਉਣ ਦੀ ਤੁਹਾਡੇ ਵਿਚ ਸਮਰੱਥਾ ਨਹੀਂ ਹੈ। ਤੁਸੀਂ ਇਸ ਤਰ੍ਹਾਂ ਦੇ ਲੋਕ ਹੋ? ਇਹ ਤੁਸੀਂ ਆਪ ਨਹੀਂ, ਲੋਕਾਂ ਨੂੰ ਪਰਖਣ ਲਈ ਸਾਰਾ ਜ਼ੋਰ ਲਾਈ ਜਾਂਦੇ ਹੋ। ਸਿਆਣੇ ਬੰਦੇ ਪਹਿਲਾਂ ਆਪਣੇ ਆਪ ਨੂੰ ਸਮਝਦੇ ਨੇ। ਫਿਰ ਕਿਸੇ ਹੋਰ ਨੂੰ ਸਮਝਦੇ ਤੇ ਸਮਝਾਉਂਦੇ ਨੇ। ਤੁਹਾਨੂੰ ਇਹ ਵੀ ਭਰਮ ਹੈ ਕਿ ਸਾਡੇ ਵਰਗਾ ਹੋਰ ਕੋਈ ਨਹੀਂ। ਕਦੀ ਇਹ ਵੀ ਸੋਚ ਲਿਆ ਕਰੋ ਕਿ ਸਾਰੇ ਬੰਦੇ ਇੱਕਸਾਰ ਨਹੀਂ ਹੁੰਦੇ। ਬੱਦਿਆਂ ਵਿਚ ਹਮੇਸ਼ਾ ਵਾਧੇ ਘਾਟੇ ਨੂੰ ਮੁਖ ਰੱਖਕੇ ਤੁਸੀਂ ਸਾਰਿਆਂ ਨਾਲੋਂ ਬਿਹਤਰ ਕਿਵੇਂ ਹੋ ਗਏ? ਉਂਜ ਸ਼ਾਇਦ ਤੁਹਾਨੂੰ ਇਸ ਗੱਲ ਦਾ ਪਤਾ ਹੋਵੇ ਜਾਂ ਨਾ, ਪਰ ਚੰਗੇ ਬੰਦੇ ਦੇ ਵੀ ਮੱਥੇ ਤੇ ਫੁੱਲੀ ਪਈ ਹੋਈ ਨਹੀਂ ਹੁੰਦੀ।

ਤੁਸੀਂ ਠੀਕ ਫਰਮਾਇਆ ਏ ਕਿ ਮੇਰੇ ਕੋਲ ਮੌਤ ਤਾਂ ਕਈ ਵਾਰ ਆਈ ਸੀ, ਪਰ ਮੈਨੂੰ ਨੇੜੇ ਆਈ ਮੌਤ ਵੀ ਮਾਰ ਨਾ ਸਕੀ। ਮੈਂ ਮਰਦਾ ਮਰਦਾ ਵੀ ਜੀਊਂਦਾ ਰਹਿ ਗਿਆ। ਇਹ ਸਬੱਬ ਹੀ ਤਾਂ ਸੀ ਕਿ ਮੈਂ ਸ਼ਹੀਦ ਭਗਤ ਸਿੰਘ ਦਾ ਨਿਕਟਵਰਤੀ ਸਾਥੀ ਹੁੰਦਾ ਹੋਇਆ ਵੀ ਉਮਰ ਘੱਟ ਹੋਣ ਕਰਕੇ ਫਾਂਸੀ ਚੜ੍ਹਨ ਦੀ ਥਾਂ ਉਮਰ ਕੈਦੀ ਬਣ ਗਿਆ। ਮੈਂ ਭਗਤ ਸਿੰਘ ਵਾਂਗ ਫਾਂਸੀ ਦਾ ਰੱਸਾ ਚੁੰਮਦਾ ਤਾਂ ਸ਼ਹੀਦ ਐਲਾਨਿਆਂ ਜਾਂਦਾ। ਜਹਾਲਤ ਭਰੀ ਜੇਲ੍ਹ ਕੱਟ ਕੇ ਵੀ ਮੈਨੂੰ 'ਸ਼ਹੀਦ' ਸ਼ਬਦ ਨਸੀਬ ਨਾ ਹੋਇਆ। ਨਹੀਂ ਤਾਂ ਤੁਹਾਨੂੰ ਪਤਾ ਹੈ ਕਿ ਉਂਗਲੀ ਨੂੰ ਲਹੂਲਾ ਕੇ ਵੀ ਲੋਕ ਸ਼ਹੀਦ ਬਣੇ ਫਿਰਦੇ ਨੇ। ਮੈਂ ਸ਼ਹੀਦ ਹੋਣ ਲਈ ਹੀ ਤਾਂ ਮਾਂ, ਬਾਪ, ਭੈਣ-ਭਰਾ, ਅੰਗ-ਸਾਕ ਤੇ ਦੋਸਤ ਮਿੱਤਰ ਛੱਡਣ ਦੇ ਨਾਲ ਹੀ ਆਪਣੇ ਘਰ ਤੇ ਜੰਮਣ ਭੋਂਅ ਧਰਮਪੁਰ ਨੂੰ ਵੀ ਛੱਡ ਦਿੱਤਾ ਸੀ। ਸਭ ਕਾਸੇ ਦੀ ਮਹਿਮਾ ਤਿਆਗ ਦਿੱਤੀ ਸੀ। ਸਭ ਤੋਂ ਔਖੀ ਮਹਿਮਾ ਛੱਡਣੀ ਹੀ ਤਾਂ ਹੁੰਦੀ ਹੈ। ਦਿਲ ਨੂੰ ਪੱਥਰ ਬਣਾ ਕੇ ਹੀ ਤਾਂ ਆਪਣੇ ਪਿਆਰਿਆਂ ਤੋਂ ਬੰਦਾ ਜੁਦਾ ਹੋ ਸਕਦਾ ਆ। ਹੱਸਣ ਖੇਲਣ ਦੇ ਦਿਨਾਂ ਨੂੰ ਛੱਡ ਕੇ ਜਦੋਂ ਮੈਂ ਆਪਣੇ ਘਰ ਤੋਂ ਤੁਰਿਆ ਸੀ ਤਾਂ ਮੇਰੀ ਧਾਅ ਨਿਕਲ ਗਈ ਸੀ। ਉਸ ਨਿਕਲੀ ਧਾਅ ਨੂੰ ਮੈਂ ਸਾਰੀ ਜ਼ਿੰਦਗੀ ਭੁਲਾ ਨਹੀਂ ਸੀ ਸਕਿਆ। ਮੇਰੇ ਦਿਲ ਨੂੰ ਹੀ ਸ਼ਾਇਦ ਤਕੜਾ ਕਰਨ ਲਈ ਹੀ ਮੈਨੂੰ ਸਮਝਾਇਆ ਤੇ ਦੱਸਿਆ ਗਿਆ ਸੀ ਕਿ ਘਰ ਤੇ ਘਰਦਿਆਂ ਨਾਲੋਂ ਵੀ ਦੇਸ਼ ਦਾ ਪਿਆਰ ਵੱਡਾ ਹੁੰਦਾ ਆ। ਸਾਰੀ ਉਮਰ ਹੀ ਮੈਂ ਇਸ ਗੱਲ ਨੂੰ ਆਪਣੇ ਪੱਲੇ ਦੇ ਲੜ ਘੁੱਟ ਕੇ ਬੰਨ੍ਹੀ ਰੱਖਿਆ ਤੇ ਇਸਦੇ ਸ਼ਬਦਾਂ ਨੂੰ ਆਪਣੀ ਦਿਲ ਤੇ ਡੂੰਘਾ ਕਰਕੇ ਉੱਕਰੀ ਰੱਖਿਆ। ਇਨ੍ਹਾਂ ਸ਼ਬਦਾਂ ਨੇ ਮੈਨੂੰ ਡੋਲਦਿਆਂ ਡੋਲਦਿਆਂ ਵੀ ਡੋਲਣ ਨਹੀਂ



ਦਿੱਤਾ। ਮੈਂ ਕਿਤੇ ਇਹ ਪੜ੍ਹਿਆ ਸੀ ਕਿ ਸ਼ਬਦਾਂ 'ਚ ਬੜੀ ਸ਼ਕਤੀ ਹੈ ਜੋ ਤਾਕਤ ਬਣਕੇ ਨਿੱਗਰ ਥੰਮੀਆਂ ਵਾਂਗ ਬੰਦੇ ਨੂੰ ਖੜ੍ਹਾ ਰੱਖਣ ਵਿਚ ਸਹਾਈ ਹੁੰਦੇ ਨੇ। ਮੈਂ ਸਾਰੀ ਜ਼ਿੰਦਗੀ ਸ਼ਬਦਾਂ ਦਾ ਅਨੰਦ ਮਾਣਿਆਂ ਹੈ ਤੇ ਸ਼ਬਦਾਂ ਨੇ ਮੇਰਾ ਸੱਚੇ ਸੁਚੇ ਮਿੱਤਰਾਂ ਵਾਂਗ ਸਾਥ ਦਿੱਤਾ ਹੈ। ਜਿਥੇ ਕਿਸੇ ਦਾ ਸਾਥ ਨਾਲ ਨਹੀਂ ਹੁੰਦਾ, ਉਥੇ ਸ਼ਬਦ ਨਾਲ ਹੁੰਦੇ ਨੇ। ਜਿਥੇ ਕੋਈ ਵੀ ਸਾਥ ਦੇਣ ਵਾਲਾ ਨਹੀਂ ਹੁੰਦਾ ਉਥੇ ਸ਼ਬਦ ਸਾਥ ਦਿੰਦੇ ਨੇ। ਸ਼ਬਦਾਂ ਤੇ ਅਰਥਾਂ ਨੂੰ ਸਮਝਣਾ ਬੜਾ ਜ਼ਰੂਰੀ ਹੁੰਦਾ ਆ ਤੇ ਮੈਂ ਸਾਰੀ ਉਮਰ ਸ਼ਬਦਾਂ ਨੂੰ ਸਮਝਣ ਤੇ ਇਨ੍ਹਾਂ ਦੇ ਅਰਥ ਕਰਨ ਤੇ ਜਾਣਨ ਦੇ ਹੀ ਲੇਖੇ ਲਾ ਦਿੱਤੀ। ਮੈਨੂੰ ਇਸ ਗੱਲ ਦਾ ਭੁਲੇਖਾ ਨਹੀਂ ਰਿਹਾ ਕਿ ਤੁਸੀਂ ਨਾ ਤਾਂ ਸ਼ਬਦਾਂ ਨੂੰ ਜਾਨਣ ਤੇ ਨਾ ਹੀ ਇਨ੍ਹਾਂ ਦੇ ਅਰਥਾਂ ਨੂੰ ਸਮਝਣ ਦੀ ਹੀ ਖੇਚਲ ਕੀਤੀ ਹੈ। ਤੁਸੀਂ ਅਟਕਲ ਪੱਚੂ ਲਾਉਣ ਵਾਲੇ ਬੰਦੇ ਹੋ ਤੇ ਅਟਕਲਾਂ ਦੇ ਸਿਰ ਤੇ ਹੀ ਧੂੜ 'ਚ ਟੱਟੂ ਭਜਾਈ ਫਿਰਦੇ ਹੋ।

ਜਿਹੜਾ ਬੰਦਾ ਮੁਲਕ ਦੀ ਆਜ਼ਾਦੀ ਖਾਤਰ ਬਚਪਨ ਵਿਚ ਹੀ ਸਮਰਪਿਤ ਹੋ ਗਿਆ ਹੋਵੇ ਤੇ ਸਾਰੀ ਉਮਰ ਇਸ ਗੱਲ ਵਿਚ ਹੀ ਲਾ ਦੇਵੇ ਕਿ ਭਾਰਤ ਜੋ ਸੋਨੇ ਦੀ ਚਿੜੀ ਸੀ ਤੇ ਹੈ, ਆਜ਼ਾਦ ਹੋ ਜਾਵੇ। ਆਜ਼ਾਦੀ ਤਾਂ ਆਜ਼ਾਦੀ ਹੈ। ਮੁਕੰਮਲ ਆਰਥਿਕ ਆਜ਼ਾਦੀ ਵੀ ਆ ਜਾਵੇਗੀ। ਆਰਥਿਕ ਨੀਤੀਆਂ ਦੀ ਅਦਲਾ ਬਦਲੀ ਕਰਨ ਦੀ ਲੋੜ ਹੈ। ਮੈਂ ਦੋਹਾਂ ਗੱਲਾਂ ਲਈ ਹੀ ਜੱਦੋ ਜਹਿਦ ਕੀਤੀ ਹੈ। ਇਕੱਲਿਆਂ ਨਹੀਂ ਸੰਗੀ ਸਾਥੀਆਂ ਨਾਲ ਮਿਲਕੇ। ਇਕੱਲਾ ਤਾਂ ਇਕੱਲਾ ਹੁੰਦਾ ਹੈ ਤੇ ਦੂਜਿਆਂ ਨਾਲ ਮਿਲ ਕੇ ਕਾਫ਼ਲਾ ਬਣ ਜਾਂਦਾ ਹੈ। ਜਦੋਂ ਕਾਫ਼ਲਾ ਚੱਲਦਾ ਹੈ ਤਾਂ ਸਫਲਤਾ ਹਾਸਿਲ ਹੁੰਦੀ ਹੈ। ਸਫ਼ਲਤਾ ਪ੍ਰਾਪਤ ਕਰਨ ਵਾਲੇ ਲੋਕਾਂ ਦੀ ਲੋਕ ਪੂਜਾ ਕਰਦੇ ਹਨ। ਉਨ੍ਹਾਂ ਨੂੰ ਯਾਦ ਰੱਖਣ ਲਈ ਉਨ੍ਹਾਂ ਦੀਆਂ ਬਰਸੀਆਂ ਮਨਾ ਕੇ ਉਨ੍ਹਾਂ ਦੇ ਜੀਵਨ ਦੀ ਜਦੋ ਜਾਹਿਦ ਦੀ ਗੱਲ ਕਰਦੇ ਹਨ। ਉਨ੍ਹਾਂ ਦੇ ਕੀਤੇ ਕੰਮਾ ਦੀ ਮਿਸਾਲ ਦਿੰਦੇ ਹਨ। ਉਨ੍ਹਾਂ ਦੀਆਂ ਯਾਦਗਾਰਾਂ ਕਾਇਮ ਕਰਦੇ ਹਨ ਤਾਂ ਜੋ ਲੋਕ ਚੰਗੀ ਸੇਧ ਲੈ ਸਕਣ। ਉਨ੍ਹਾਂ ਦੀ ਯਾਦ ਨੂੰ ਸਦਾ ਸਦਾ ਲਈ ਆਪਣੇ ਦਿਲ ਦਿਮਾਗ਼ ਵਿਚ ਸਮੋਈ ਰੱਖਣ। ਸ਼ਾਇਦ ਇਸ ਗੱਲ ਨੂੰ ਹੀ ਮੁਖ ਰੱਖਦੇ ਹੋਏ ਹੀ ਤੁਸੀਂ ਮੈਨੂੰ ਲੋਕਾਂ ਦੇ ਦਿਲ ਦਿਮਾਗ਼ ਵਿਚ ਬਿਠਾਉਣ ਲਈ ਮੇਰੀ ਪੱਕੀ ਠੱਕੀ ਯਾਦਗਾਰ ਬਣਾਉਣ ਦਾ ਫ਼ੈਸਲਾ ਲਿਆ ਸੀ। ਇਸ ਫ਼ੈਸਲੇ ਬਾਰੇ ਮੈਂ ਤੁਹਾਨੂੰ ਕੀ ਆਖਾਂ ? ਇਹ ਤੁਹਾਡਾ ਆਪਣਾ ਫ਼ੈਸਲਾ ਹੈ ਤੇ ਮੈਂ ਜਦੋਂ ਤੁਹਾਡੇ ਕਹਿਣ ਅਨੁਸਾਰ ਕੁਝ ਬੋਲ ਹੀ ਨਹੀਂ ਸਕਦਾ ਤਾਂ ਮੈਂ ਤੁਹਾਨੂੰ ਕੀ ਆਖਾਂ ਤੁਸੀਂ ਆਪ ਸਿਆਣੇ ਹੋ ਤੇ ਸਿਆਣਿਆਂ ਨੂੰ ਕੁਛ ਕਿਹਾ ਥੋੜ੍ਹੀ ਜਾ ਸਕਦਾ ਏ? ਸਿਆਣੇ ਤਾਂ ਸਿਆਣੇ ਹੁੰਦੇ ਨੇ। ਉਨ੍ਹਾਂ ਦੇ ਕਹਿਣ ਤੇ ਕਰਨ ਦੀ ਅਵੱਗਿਆ ਨਹੀਂ ਹੋ ਸਕਦੀ। ਨਾਲੇ ਸਿਆਣਿਆਂ ਦਾ ਕਿਹਾ ਕੌਣ ਮੋੜ ਸਕਦਾ ਏ? ਇਸ ਭੁਲੇਖੇ ਵਿਚ ਹੀ ਤੁਹਾਨੂੰ ਸਾਰੇ ਮੰਨੀ ਤੇ ਤੁਰੀ ਜਾ ਰਹੇ ਹਨ।

ਮਰਨ ਬਾਰੇ ਜਾਂ ਸੰਸਾਰ 'ਚੋਂ ਤੁਰਨ ਬਾਰੇ ਗੱਲ ਚੱਲੀ ਸੀ। ਮਰ ਵੀ ਸਾਰਿਆਂ ਨੇ ਜਾਣਾ ਏਂ ਤੇ ਤੁਰ ਵੀ ਤਾਂ ਸਾਰਿਆਂ ਨੇ ਜਾਣਾ ਏਂ। ਸਵਾਲ ਤਾਂ ਇਸ ਗੱਲ ਦਾ ਹੈ ਕਿ ਕੌਣ ਕਿਸ ਤਰ੍ਹਾਂ ਤੁਰਦਾ ਏ? ਉਹ ਆਪਣੀ ਕੀਤੀ ਕਮਾਈ 'ਚੋਂ ਕੀ ਕੁਛ ਛੱਡ ਕੇ ਜਾਂਦਾ ਏ? ਜਦੋਂ ਪਤਾ ਹੈ ਕਿ ਮਰ ਤਾਂ ਸਾਰਿਆਂ ਨੇ ਹੀ ਜਾਣਾ ਏ ਤਾਂ ਦੰਭ ਕਾਹਦੇ ਲਈ? ਲੋਕ ਸੇਵਾ ਤਾਂ ਸੁਚਮ ਤੇ ਸੱਚ ਨਾਲ ਹੀ ਕੀਤੀ ਜਾ ਸਕਦੀ ਏ। ਕਪਟੀ ਬੰਦਾ ਨਾ ਲੋਕ ਸੇਵਕ ਹੋ ਸਕਦਾ ਏ ਤੇ ਨਾ ਹੀ ਦੇਸ਼ ਭਗਤ। ਜੋ ਸਿਰ ਤਲੀ ਤੇ ਰੱਖੀ ਫਿਰਦੇ ਨੇ ਲੋਕਾਂ ਲਈ ਕੁਰਬਾਨ ਹੋਣ ਲਈ, ਉਹ ਲੋਕਾਂ ਦੇ ਰਾਹ ਦਸੇਰੇ ਹੋ ਸਕਦੇ ਨੇ। ਜਿੰਨ੍ਹਾਂ ਨੂੰ ਇਹ ਨਹੀਂ ਪਤਾ ਕਿ ਰਸਤਾ ਕਿਧਰ ਜਾਂਦਾ ਹੈ? ਇਸ ਰਸਤੇ 'ਚੋਂ ਪਾਟਦੀਆਂ ਡੰਡੀਆਂ ਕਿਧਰ ਨੂੰ ਜਾਂਦੀਆਂ ਨੇ? ਇੰਨ੍ਹਾਂ ਦਾ ਅੰਤ ਕਿਥੇ ਤੇ ਕਿਧਰ ਜਾ ਕੇ ਹੋਵੇਗਾ? ਉਹ ਲੋਕਾਂ ਨੂੰ ਸਹੀ ਤੇ ਸੱਚੇ ਮਾਰਗ ਤੇ ਪਾਉਣ ਵਾਲੇ ਨਹੀਂ ਹੋ ਸਕਦੇ। ਤੁਸੀਂ ਆਪ ਕੀ ਹੋ, ਤੁਹਾਨੂੰ ਆਪ ਜਾਣ ਲੈਣਾ ਚਾਹੀਦਾ ਏ।

ਤੁਸੀਂ ਜੀਊਂਦੇ ਜੀਅ ਮੇਰੇ ਨਾਂ ਦਾ ਇਸਤਮਾਲ ਕਰਦੇ ਰਹੇ ਹੋ। ਆਪਣੀ ਹਉਮੇਂ ਨੂੰ ਪੱਠੇ ਪਾਉਣ ਲਈ ਮੈਨੂੰ ਮੋਹਰਲੀਆਂ 'ਚ ਰੱਖਦੇ ਰਹੇ ਹੋ। ਬੰਦੇ ਨੂੰ ਆਪ ਹੀ ਮਹਾਨ ਬਣਨ ਲਈ ਯਤਨਸ਼ੀਲ ਰਹਿਣਾ ਚਾਹੀਦੈ। ਕਿਸੇ ਦੇ ਠੁੰਮਣਿਆਂ ਨਾਲ ਕੋਈ ਮਹਾਨ ਨਹੀਂ ਹੋ ਸਕਦਾ ਜਦੋਂ ਬੰਦੇ ਦੇ ਠੁੰਮਣੇ ਨਿਕਲ ਜਾਂਦੇ ਨੇ ਤਾਂ ਉਹ ਕੁਝ ਵੀ ਨਹੀਂ ਰਹਿ ਜਾਂਦਾ। ਲੋਕਾਂ ਨੂੰ ਭਰਮਾਉਣ ਲਈ ਆਖਦੇ ਰਹੇ ਹੋ, 'ਪੰਡਤ ਸ਼ਹੀਦ ਭਗਤ ਸਿੰਘ ਦੇ ਸੰਗਰਾਮੀ ਸਾਥੀ ਰਹੇ ਹਨ।"

"ਅੱਛਾ ਜੀ!"

"ਇਨ੍ਹਾਂ ਨੇ ਆਜ਼ਾਦੀ ਦੀ ਪ੍ਰਾਪਤ ਲਹਿਰ 'ਚ ਉਮਰ ਕੈਦ ਕੱਟੀ ਏ।"

"ਜਦੋਂ ਭਗਤ ਸਿੰਘ ਨੂੰ ਫਾਂਸੀ ਲੱਗੀ ਸੀ ਤਾਂ ਪੰਡਤ ਜੀ ਦੀ ਉਮਰ ਅਠਾਰਾਂ ਸਾਲ ਤੋਂ ਘੱਟ

ਸੀ। ਜੇ ਉਮਰ ਘੱਟ ਨਾ ਹੁੰਦੀ ਤਾਂ ਇੰਨ੍ਹਾਂ ਵੀ ਫਾਂਸੀ ਚੜ੍ਹ ਜਾਣਾ ਸੀ। ਉਮਰ ਘੱਟ ਹੋਣ ਕਰਕੇ ਇੰਨ੍ਹਾਂ ਨੂੰ ਉਮਰ ਕੈਦ ਹੋ ਗਈ। ਕੈਦ ਪੂਰੀ ਹੋਈ ਤਾਂ ਸਿੱਧੇ ਪਾਰਟੀ ਦੇ ਦਫ਼ਤਰ ਨੂੰ ਆ ਗਏ, ਆਪਣੇ ਘਰ ਨੂੰ ਨਹੀਂ ਗਏ। ਇਹ ਲਾਸਾਨੀ ਕੁਰਬਾਨੀ ਹੈ। "

ਤੁਸੀਂ ਸਾਰਾ ਕੁਛ ਅਗਲੇ ਨੂੰ ਲਭਾਉਣ ਲਈ ਕਹਿੰਦੇ ਰਹੇ ਹੋ। ਇਹ ਸਾਰਾ ਕੁਝ ਤੁਸੀਂ ਮੇਰੇ ਬਾਰੇ ਹੀ ਕਿਉਂ ਆਖਦੇ ਹੋ? ਆਪਣੇ ਬਾਰੇ ਕੁਝ ਕਿਉਂ ਨਹੀਂ ਦੱਸਦੇ? ਆਪਣੀ ਮਿਸਾਲ ਆਪ ਕਿਉਂ ਨਹੀਂ ਦਿੰਦੇ? ਤੁਸੀਂ ਪਾਰਟੀ ਤੇ ਲੋਕਾਂ ਲਈ ਕਿੰਨੀ ਵਾਰ ਘਰ ਛੱਡਿਆ ਏ? ਤੁਸੀਂ ਲੋਕਾਂ ਨੂੰ ਆਰਥਿਕ ਆਜ਼ਾਦੀ ਦੁਆਉਣ ਲਈ ਆਪਣੇ ਵਲੋਂ ਕਿੰਨਾ ਯੋਗਦਾਨ ਪਾਇਆ ਏ? ਤੁਹਾਨੂੰ ਇਸ ਲਈ ਕਿੰਨੀ ਕਿੰਨੀ ਤੇ ਕਿਹੜੀ ਕਿਹੜੀ ਕੁਰਬਾਨੀ ਕਰਨੀ ਪਈ ਏ? ਇਹ ਸਾਰਾ ਕੁਝ ਦੱਸੋਗੇ ਤੇ ਤੁਹਾਡਾ ਪ੍ਰਭਾਵ ਬਣੇਗਾ। ਇਹ ਤੁਹਾਡੀ ਗੱਲ ਹੋਵੇਗੀ। ਮੇਰੀ ਗੱਲ ਤਾਂ ਮੇਰੀ ਹੈ। ਮੈਂ ਜੋ ਕਰ ਸਕਦਾ ਸੀ, ਕੀਤਾ ਹੈ। ਮੌਕੇ ਤਾਂ ਤੁਹਾਨੂੰ ਵੀ ਕਈ ਮਿਲੇ ਨੇ, ਪਰ ਤੁਸੀਂ ਕੁਝ ਵੀ ਨਹੀਂ ਕਰ ਸਕੇ। ਸੋ ਤੁਸੀਂ ਕੁਝ ਨਹੀਂ ਕਰੋਗੇ ਤਾਂ ਹੋਰ ਕੌਣ ਕਰੇਗਾ? ਕੁਛ ਕਰਨਾ ਤੇ ਲੋੜਵੰਦਾਂ ਲਈ ਕਰਨਾ ਹੀ ਤਾਂ ਜ਼ਿੰਦਗੀ ਹੁੰਦੀ ਹੈ। ਕਿਸੇ ਨੂੰ ਗਿਆਨ ਤਾਂ ਵੰਡੋ, ਪਰ ਭਚਲਾਉਣ ਦੀ ਕੋਸ਼ਿਸ਼ ਨਾ ਕਰੋ। ਭੁਚਲਾਉਣ ਲਈ ਹੋਰ ਬਹੁਤ ਨੇ। ਇਹ ਕੰਮ ਉਨ੍ਹ ਨੂੰ ਕਰੀ ਜਾਣ ਦਿਉ। ਪਰ ਜੇ ਤੁਹਾਡੇ ਵਰਗੇ ਸੁਚਮ ਦੇ ਦਰਸ਼ਨ ਤੇ ਚੱਲਣ ਵਾਲੇ ਵਿਚਾਰਾਂ ਨੂੰ ਗੰਧਾਲਣ ਲੱਗ ਪਏ ਤਾਂ ਵੱਡਾ ਨੁਕਸਾਨ ਕਰ ਦੇਵੋਗੇ।

ਤੁਸੀਂ ਮੇਰੇ ਮਰਨ ਤੋਂ ਬਾਅਦ ਫ਼ੈਸਲਾ ਕੀਤਾ ਏ ਕਿ ਮੇਰੀ ਯਾਦ ਤਾਜ਼ਾ ਰੱਖਣ ਲਈ ਤੇ ਮੈਨੂੰ ਲੋਕਾਂ 'ਚ ਕਾਇਮ ਰੱਖਣ ਲਈ ਮੇਰਾ ਬੁੱਤ ਲਾਇਆ ਜਾਵੇ। ਮੇਰੇ ਜੀਉਂਦੇ ਜੀਅ ਬੁੱਤ ਲਾਉਣ ਜਾਂ ਨਾ ਲਾਉਣ ਬਾਰੇ ਵੀ ਲੰਮੀ ਚੌੜੀ ਗੱਲ ਚੱਲੀ ਸੀ। ਤੁਸੀਂ ਜੋ ਅੱਜ ਖੜੇ ਹੋ ਕੇ ਬੋਲੇ ਸੀ, "ਬੁੱਤ ਬੋਲਦੇ ਤਾਂ ਹੈ ਨਹੀਂ, ਫਿਰ ਇੰਨ੍ਹਾਂ ਦੇ ਲਾਉਣ ਦਾ ਕੀ ਫਾਇਦਾ? "

"ਸਿੱਖ ਧਰਮ 'ਚ ਪੂਜਾ ਕੀਤੀ ਜਾਂਦੀ ਏ।"

"ਚਲੋ ਜੇ ਬੁੱਤ ਲੱਗ ਜਾਵੇ ਤਾਂ ਬੋਲੇ ਭਾਵੇਂ ਨਾ ਹੀ ਬੰਦੇ ਦੀ ਨਿਸ਼ਾਨੀ ਤਾਂ ਰਹਿੰਦੀ ਹੀ ਏ।"

"ਮਰ ਗਏ ਦਾ ਬੁੱਤ ਲਾਵੋ ਜਾਂ ਨਾ ਲਾਵੋ, ਉਹਨੇ ਕਿਹੜਾ ਦੇਖਣ ਆਉਣਾ ਏਂ।"

"ਦੇਖਣ ਤਾਂ ਭਾਵੇਂ ਨਹੀਂ ਆਉਣਾ, ਪਰ ਜਦੋਂ ਕੋਈ ਉਹਦਾ ਬੁੱਤ ਦੇਖੇਗਾ ਤਾਂ ਸਾਰੀ ਜ਼ਿੰਦਗੀ ਦੀ ਤਸਵੀਰ ਫਿਲਮ ਵਾਂਗ ਦਿਲੋ ਦਿਮਾਗ਼ ਵਿਚ ਘੁੰਮ ਜਾਵੇਗੀ।"

ਹਾਂ, ਜ਼ਿੰਦਗੀ ਦਾ ਦੁਹਰਾਇਆ ਜਾਣਾ ਵੀ ਵੱਡੀ ਗੱਲ ਬਣੇਗੀ। "

"ਜੇ ਕਿਸੇ ਦਾ ਬੁੱਤ ਲੱਗ ਜਾਵੇ ਤਾਂ ਸਾਡਾ ਕੀ ਨੁਕਸਾਨ ਹੁੰਦਾ ਏ? "

"ਬੁੱਤ ਲੋਕ ਨਾਇਕਾਂ ਤੇ ਚੰਗੇ ਬੰਦਿਆਂ ਦੇ ਹੀ ਲੱਗਣੇ ਚਾਹੀਦੇ ਨੇ। "

"ਬਾਹਰਲੇ ਮੁਲਕਾਂ ਦੇ ਲੋਕਾਂ ਨੇ ਆਪਣੇ ਨਾਇਕਾਂ ਨੂੰ ਜਿੱਥੇ ਹੋਰ ਸਾਧਨਾ ਨਾਲ ਸਾਂਭਿਆ ਹੋਇਆ ਏ, ਉਥੇ ਚੌਂਕਾਂ, ਚੁਰੱਸਤਿਆਂ ਤੇ ਪਾਰਕਾਂ ਵਿਚ ਬੁੱਤ ਸਥਾਪਤ ਕਰਕੇ ਵੀ ਉਨ੍ਹਾਂ ਨੂੰ ਸੰਭਾਲਿਆ ਹੋਇਆ ਏ। "

"ਸਾਰੀ ਦੁਨੀਆਂ ਦੇ ਦੇਸ਼ ਭਗਤ , ਲੋਕ ਨਾਇਕ ਤੇ ਵਧੀਆਂ ਲੋਕਾਂ ਦੀਆਂ ਯਾਦਗਾਰਾਂ ਸਥਾਪਿਤ ਹੋਣੀਆਂ ਚਾਹੀਦੀਆਂ ਨੇ ਭਾਵੇਂ ਕਿਸੇ ਰੂਪ ਵਿਚ ਹੀ ਹੋਣ। "

ਇਸ ਤਰ੍ਹਾਂ ਦਾ ਕਈ ਕੁਛ ਕਿੰਨ੍ਹਾ ਚਿਰ ਹੀ ਚੱਲਦਾ ਰਿਹਾ ਸੀ। ਗੱਲ ਕਿਸੇ ਸਿਰੇ ਕੰਢੇ 'ਤੇ ਲੱਗਣ ਤੋਂ ਬਿਨਾ ਹੀ ਖਤਮ ਹੋ ਗਈ ਸੀ। ਤੁਹਾਨੂੰ ਫਿਰ ਕਦੀ ਵੀ ਮੇਰੇ ਜੀਉਂਦੇ ਜੀਅ ਚਿੱਤ ਚੇਤਾ ਨਹੀਂ ਸੀ ਆਇਆ। ਮੈਨੂੰ ਕਈ ਵਾਰ ਇਹ ਗੱਲ ਸਤਾਉਂਦੀ ਰਹੀ ਸੀ ਕਿ ਤੁਸੀਂ ਚਿੰਜੜੀ ਤਾਂ ਛੇੜ ਲੈਂਦੇ ਹੋ, ਪਰ ਉਹਦਾ ਸਿਰ ਪਤਾ ਨਹੀਂ ਫੜਾਉਂਦੇ। ਤੁਸੀਂ ਕਈ ਵਾਰ ਇਹ ਗੱਲ ਵੀ ਆਖਦੇ ਸੀ ਕਿ ਪੰਡਤ ਜੀ ਗੋਆ ਦੀ ਆਜ਼ਾਦੀ ਲਈ ਪੰਜਾਬ ਤੋਂ ਆਪਣੀ ਅਗਵਾਈ ਵਿਚ ਵੱਡਾ ਜਥਾ ਲੈ ਕੇ ਗਏ ਸਨ। ਗੋਲੀ ਤਾਂ ਪੰਡਿਤ ਜੀ ਦੀ ਹਿੱਕ 'ਚ ਮਾਰੀ ਸੀ, ਪਰ ਉਨ੍ਹਾਂ ਦੇ ਇਕ ਸਾਥੀ ਪੰਡਤ ਜੀ ਨੂੰ ਬਚਾਉਣ ਲਈ ਅੱਗੇ ਆ ਗਿਆ ਉਹ ਪੰਡਤ ਜੀ ਨੂੰ ਲੱਗਣ ਵਾਲੀ ਗੋਲੀ ਆਪਣੀ ਹਿੱਕ ਵਿਚ ਖਾ ਕੇ ਪੰਡਤ ਜੀ ਦੀ ਥਾਂ ਸ਼ਹੀਦ ਹੋ ਗਿਆ। ਇਹ ਸਾਰਾ ਕੁਝ ਕੀ ਸੀ ਤੇ ਕਿਵੇਂ ਹੋ ਗਿਆ? "ਮੌਤ ਮੇਰੇ ਤੋਂ ਫਿਰ ਹਾਰ ਕੇ ਪਰੇ ਹੋ ਗਈ ਸੀ। ਮੈਂ ਮਰਨ ਲਈ ਗਿਆ, ਇਹ ਵੀ ਇੱਕ ਸਬੱਬ ਸੀ ਕਿ ਬੰਦਾ ਵਰ੍ਹਦੀ ਗੋਲੀ 'ਚ ਬਚ ਜਾਵੇ। ਉਹ ਜੋ ਚਾਹੁੰਦਾ ਹੋਵੇ ਹੋ ਨਾ ਸਕੇ। ਮੇਰੇ ਨਾਲ ਇਹ ਸਾਰਾ ਕੁਝ ਵਾਪਰ ਗਿਆ ਸੀ। ਜੋ ਗੋਲ਼ੀ ਮੈਨੂੰ ਮਾਰਨ ਲਈ ਚਲਾਈ ਗਈ ਸੀ, ਉਹ ਮੇਰਾ ਸਾਥੀ ਲੈ ਗਿਆ। ਮੈਂ ਮੌਤ ਦੇ ਮੂੰਹ 'ਚੋਂ ਬਚ ਗਿਆ। ਮੌਤ ਮੈਨੂੰ ਦੇਖ ਕੇ ਜਿਵੇਂ ਪਿਛਲਖੁਰੀ ਦੌੜ ਗਈ। ਮੈਂ ਮੌਤ ਨੂੰ ਬੜੀ ਨੇੜੇ ਤੋਂ ਦੇਖਿਆ ਹੈ।



ਮੈਂ ਜਦੋਂ ਵੀ ਮੌਤ ਨੂੰ ਗਲਵੱਕੜੀ 'ਚ ਲੈਣਾ ਚਾਹਿਆ ਮੌਤ ਮੇਰੇ ਤੋਂ ਦੂਰ ਹੋ ਗਈ। ਇਹ ਇਸ ਤਰ੍ਹਾਂ ਕਿਉਂ ਹੁੰਦਾ ਰਿਹਾ? ਮੈਨੂੰ ਇਸ ਗੱਲ ਦੀ ਨਾ ਸਮਝ ਲੱਗੀ ਹੈ ਤੇ ਨਾ ਹੀ ਮੈਂ ਇਸਨੂੰ ਘੋਖਣ ਦਾ ਯਤਨ ਕੀਤਾ ਹੈ।"

"ਮੇਰਾ ਬੁੱਤ ਲਾਉਣ ਦੀ ਗੱਲ ਨੇ ਪ੍ਰਸ਼ਾਸ਼ਨ ਨੂੰ ਮੌਕਾ ਦਿੱਤਾ ਹੈ ਕਿ ਅਸੀਂ ਉਹਦੇ ਭੁਲਾਵੇ ਵਿਚ ਆ ਗਏ ਹਾਂ। ਜਿਸ ਪ੍ਰਸ਼ਾਸ਼ਨ ਨਾਲ ਲੋਕ ਹਿਤੂ ਬਣਕੇ ਬੇਵੱਸ ਲੋਕਾਂ ਲਈ ਲੜਕੇ ਰਹੇ ਹਾਂ, ਉਹਦੇ ਹੀ ਭੁਚਲਾਵੇ 'ਚ ਆ ਜਾਣਾ ਮੇਰੇ ਵੱਸ ਤੋਂ ਬਾਹਰ ਹੈ। ਗੱਲ ਤਾਂ ਨਿੱਕੀ ਜਿਹੀ ਹੈ। ਮੇਰਾ ਬੁੱਤ ਨਾ ਵੀ ਬਣਦਾ ਤੇ ਲਗਦਾ ਤਾਂ ਕੀ ਫਰਕ ਪੈਣਾ ਸੀ? ਮੇਰੇ ਨਾਲੋਂ ਵੀ ਵੱਧ ਤਸ਼ੱਦਦ ਝੱਲਣ ਵਾਲੇ ਤੇ ਕੁਰਬਾਨੀਆਂ ਵਾਲੇ ਲੋਕਾਂ ਦੇ ਬੁੱਤ ਨਹੀਂ ਲੱਗੇ। ਉਨ੍ਹਾਂ ਦੀ ਹੋਂਦ ਨੂੰ ਕੋਈ ਖਤਰਾ ਨਹੀਂ ਪਿਆ ਤੇ ਨਾ ਹੀ ਪਵੇਗਾ। ਗੱਲ ਤਾਂ ਕਿਸੇ ਦੇ ਚੰਗੇ ਵਿਚਾਰਾਂ ਨੂੰ ਲੋਕਾਂ 'ਚ ਲੈ ਕੇ ਜਾਣਾ ਤੇ ਲੋਕਾਂ ਨੂੰ ਚੰਗੇ ਵਿਚਾਰਾਂ ਨਾਲ ਹੀ ਅਮੀਰ ਬਣਾਉਣਾ ਇਸ ਤੇ ਅਮਲ ਕਰਨ ਸੀ ਲੋੜ ਹੁੰਦੀ ਹੈ ਤੇ ਹੈ ਵੀ। ਮੈਨੂੰ ਲਗਦਾ ਹੈ, ਜਿਵੇਂ ਇਸ ਪਿੱਛੇ ਕਿਸੇ ਇੱਕ ਜਾਂ ਕਿਸੇ ਦੋ ਚਾਰ ਦਾ ਸੁਆਰਥ ਹੋਵੇ। ਇਸ ਸੁਆਰਥ ਕਰਕੇ ਹੀ ਸਾਰਾ ਕੁਝ ਹੋ ਗਿਆ ਹੋਵੇ।... ਤੁਹਾਡੇ ਬੁੱਤ ਬਣਨ ਬਣਾਉਣ ਦੀ ਕਹਾਣੀ ਲੰਮੀ ਹੈ। ਬੁੱਤ ਤਾਂ ਜਿਹਦਾ ਮਰਜੀ ਹੈ ਬਣਵਾ ਲਵੋ। ਪੈਸੇ ਬੁੱਤ ਘਾੜੇ ਨੂੰ ਦਿਓ ਤੇ ਬੁੱਤ ਬਣਵਾਓ ਤੇ ਲੈ ਲਵੋ। ਬੁੱਤ ਤਾਂ ਮੇਰਾ ਵੀ ਬਣ ਗਿਆ ਸੀ। ਪਰ ਜਿਥੇ ਤੁਸੀਂ ਚਾਹੁੰਦੇ ਸੀ ਪ੍ਰਸ਼ਾਸ਼ਨ ਉਥੇ ਮੇਰਾ ਬੁੱਤ ਲੱਗਣ ਨਹੀਂ ਸੀ ਦੇਣਾ ਚਾਹੁੰਦਾ। ਤੁਸੀਂ ਵੀ ਗੱਲ ਨੂੰ ਆਈ ਗਈ ਕਰਨ ਲੱਗੇ ਸੀ। ਤੁਸੀਂ ਜਿਵੇਂ ਪ੍ਰਸ਼ਾਸ਼ਨ ਅੱਗੇ ਹਾਰ ਗਏ ਸੀ। ਤੁਸੀਂ ਚੁੱਪ ਹੋ ਗਏ ਸੀ, ਜਿਵੇਂ ਮੈਨੂੰ ਆਖਦੇ ਹੋ ਕਿ ਮੈਂ ਬੋਲ ਨਹੀਂ ਸਕਦਾ। ਕੁਝ ਸੁਣ ਨਹੀਂ ਸਕਦਾ। ਐਨ ਮੇਰੇ ਵਾਂਗ ਹੀ ਤੁਸੀਂ ਵੀ ਨਾ ਕੁਝ ਸੁਣਦੇ ਸੀ ਤੇ ਨਾ ਹੀ ਕੁਝ ਕਹਿੰਦੇ ਹੀ ਸੀ। ਤੁਹਾਨੂੰ ਕਿੰਨ੍ਹਾ ਚਿਰ ਇਸ ਗੱਲ ਦਾ ਵੀ ਨਹੀਂ ਸੀ ਪਤਾ ਲੱਗਾ ਕਿ ਮੇਰਾ ਜਿਹਨੂੰ ਤੁਸੀਂ ਮੇਰੇ ਨਾਂ ਦਾ ਬੁੱਤ ਆਖਦੇ ਸੀ ਸ਼ਹਿਰ ਦੇ ਕਿਹੜੇ ਤਬੇਲੇ ਵਿਚ ਪਿਆ ਸੀ? ਤੁਹਾਡੀ ਇਸ ਤਰ੍ਹਾਂ ਦੀ ਮੇਰੇ ਪ੍ਰਤੀ ਲਾ-ਪ੍ਰਵਾਹੀ ਬੇਰੁਖੀ ਦੀ ਮੈਨੂੰ ਸਮਝ ਨਹੀਂ ਆਈ। ਸ਼ਾਇਦ ਇਹ ਗੱਲ ਵੀ ਹੋ ਗਈ ਹੋਵੇ ਕਿ ਮੇਰੇ ਬੁੱਤ ਦੀ ਗੱਲ ਵੀ ਤੁਹਾਨੂੰ ਭੁੱਲ ਭੁੱਲਾ ਗਈ ਹੋਵੇ। ਤੁਸੀਂ ਤਾਂ ਹੀ ਇਸ ਪ੍ਰਤੀ ਜਾਗੇ ਸੀ ਜਦੋਂ ਇੱਕ ਪੱਤਰਕਾਰ ਨੇ ਅਖ਼ਬਾਰਾਂ 'ਚ ਗੱਲ ਉਠਾ ਕੇ ਪ੍ਰਸ਼ਾਸ਼ਨ ਤੋਂ ਪੁੱਛਿਆ ਸੀ ਕਿ ਪੰਡਤ ਕਿਸ਼ੋਰੀ ਲਾਲ ਦਾ ਤਿੰਨ ਸਾਲ ਪਹਿਲਾਂ ਦਾ ਬਣਿਆ ਬੁੱਤ ਕਿਥੇ ਹੈ ਤੇ ਨੀਯਤ ਕੀਤੀ ਥਾਂ ਤੇ ਲੱਗ ਕਿਉਂ ਨਹੀਂ ਰਿਹਾ? ਇਸ ਗੱਲ ਨੇ ਤੁਹਾਨੂੰ ਕੁੰਭਕਰਣੀ ਨੀਂਦ ਤੋਂ ਜਗਾਇਆ ਹੀ ਨਹੀਂ ਸੀ, ਸਗੋਂ ਬੇਚੈਨ ਵੀ ਕਰ ਦਿੱਤਾ ਸੀ। ਤੁਸੀਂ ਜਾਗੇ ਤੇ ਤੁਰੇ ਕਿ ਬੁੱਤ ਸਾਡੀ ਪੁੱਛ ਗਿੱਛ ਨਾਲ ਹੀ ਲੱਗੇ।

ਜਨਾਬ ਤੁਸੀਂ ਪ੍ਰਸ਼ਾਸ਼ਨ ਅੱਗੇ ਪੂਰੀ ਤਰ੍ਹਾਂ ਗੋਡੇ ਟੇਕ ਕੇ ਉਨ੍ਹਾਂ ਦੇ ਹੁਕਮ ਦੀ ਉਡੀਕ ਕਰਨ ਲੱਗੇ। ਤੁਹਾਨੂੰ ਉਸ ਥਾਂ ਤੋਂ ਕੋਰਾ ਜਵਾਬ ਹੋ ਗਿਆ , ਜਿਥੇ ਬੁੱਤ ਨੂੰ ਬਣਾਉਣ ਤੋਂ ਪਹਿਲਾਂ ਤੁਹਾਨੂੰ ਦੱਸਿਆ ਗਿਆ ਸੀ। ਪ੍ਰਸ਼ਾਸ਼ਨ ਆਪਣੇ ਸੁਭਾਅ ਅਨੁਸਾਰ ਤੁਹਾਨੂੰ ਚਕਮੇ ਦੇਣ ਲੱਗ ਪਿਆ। ਤੁਹਾਨੂੰ ਭੁਲਾਵਾ ਦਿੱਤਾ ਸੀ ਕਿ ਤੁਸੀਂ ਜਿਸ ਵੀ ਦੇਸ਼ ਭਗਤ ਤੋਂ ਉਦਘਾਟਨ ਕਰਵਾਉਣਾ ਚਾਹੁੰਦੇ ਹੋ ਕਰਵਾ ਲਿਉ। ਤੁਸੀਂ ਮੁੱਛਾਂ ਤੇ ਹੱਥ ਫੇਰਦੇ ਰਹਿ ਗਏ ਸੀ ਜਦੋਂ ਤੁਹਾਨੂੰ ਕਹਿ ਦਿੱਤਾ ਗਿਆ ਕਿ ਪੰਡਤ ਜੀ ਦੇ ਬੁੱਤ ਦਾ ਪਰਦਾ ਡਿਪਟੀ ਕਮਿਸ਼ਨਰ ਸਾਹਿਬ ਆਪਣੇ ਕਰ ਕਮਲਾਂ ਨਾਲ ਹਟਾਉਣਗੇ। ਤੁਸੀਂ ਠੰਢਾ ਹੌਕਾ ਭਰ ਕੇ ਸਬਰ ਸੰਤੋਖ ਦਾ ਪਿਆਲਾ ਪੀ ਕੇ ਖ਼ਾਮੋਸ਼ ਹੋ ਗਏ ਸੀ। ਕਿਸੇ ਨੇ ਤੁਹਾਡੇ ਵਿਚੋਂ ਹੀ ਖ਼ਾਮੋਸ਼ੀ ਤੋੜਨ ਲਈ ਕਿਹਾ ਸੀ, "ਸਕੱਤਰ ਸਾਹਿਬ ਹੁਣ ਕੀ ਹੋਏਗਾ?"

"ਹੋਣਾ ਕੀ ਏ? ਜੋ ਹੋ ਰਿਹਾ ਏ ਉਹਨੂੰ ਦੇਖੀ ਚਲੋ।"

"ਅੱਖਾਂ ਮੀਟ ਕੇ ਹੀ ਦੇਖੀ ਚੱਲੀਏ?"

"ਇਸ ਸਮੇਂ ਉੱਘੜੀਆਂ ਅੱਖਾਂ ਨਾਲ ਨਹੀਂ, ਮੀਟੀਆਂ ਹੋਈਆਂ ਅੱਖਾਂ ਨਾਲ ਹੀ ਦੇਖਣਾ ਪਏਗਾ।"

"ਆਪਾਂ ਕਿਸੇ ਫਲਸਫੇ ਨਾਲ ਕਿਸੇ ਵਿਚਾਰਾਂ ਨਾਲ ਬੱਝੇ ਹੋਏ ਆ। ਉਨ੍ਹਾਂ ਵਿਚਾਰਾਂ ਦਾ ਸਾਵਾ ਰੱਸਾ ਆਪਣੇ ਗਲੋਂ ਕਿੱਦਾਂ ਲਾਹ ਦੇਈਏ ?"

"ਤੁਹਾਡੀ ਘੁਸਰ ਮੁਸਰ ਦੀ ਭਿਣਕ ਹੋਰ ਲੋਕਾਂ ਨੂੰ ਵੀ ਲੱਗ ਗਈ ਸੀ। ਉਹ ਵੀ ਆਪਦੇ ਬਦਲਦੇ ਪੈਂਤੜੇ ਨੂੰ ਖ਼ਾਮੋਸ਼ੀ ਤੇ ਬੇਸਬਰੀ ਨਾਲ ਦੇਖ ਰਹੇ ਸਨ। ਬੁੱਤ ਦਾ ਉਦਘਾਟਨੀ ਦਿਨ ਮਹੀਨਿਆਂ ਬੱਧੀ ਅੱਗੇ ਜਾ ਪਿਆ ਸੀ। ਲੋਕ ਇਸ ਗੱਲ ਨੂੰ ਲੈ ਕੇ ਉਪਰਾਮ ਸਨ। ਉਹ ਇਸ ਗੱਲ ਨੂੰ ਲੈ ਕੇ ਸੰਘਰਸ਼ ਛੇੜਨਾ ਚਾਹੁੰਦੇ ਸਨ। ਉਹ ਸੜਕਾਂ ਤੇ ਉਤਾਰੂ ਹੋਣ ਲਈ ਤਿਆਰ ਸਨ। ਪਰ ਸਕੱਤਰ ਸਾਹਿਬ ਤੁਸੀਂ

ਇਹ ਆਖ ਕੇ, "ਇਹ ਲੋਕਾਂ ਦੀਆਂ ਮੰਗਾਂ ਤੇ ਲੋੜਾਂ ਦਾ ਮਸਲਾ ਨਹੀਂ ਹੈ। ਇਸ ਲਈ ਸੜਕਾਂ ਤੇ ਆਉਣ ਦੀ ਜ਼ਰੂਰਤ ਨਹੀਂ।"

"ਬੁੱਤ ਵਾਲਾ ਤਾਂ ਦੇਸ਼ ਭਗਤ ਸੀ, ਜਿਸ ਨੇ ਸਾਰੀ ਉਮਰ ਲੋਕਾਂ ਲਈ ਲਾ ਦਿੱਤੀ।"

"ਠੀਕ ਐ, ਪਰ ਇਹ ਲੋਕ ਮਸਲਾ ਨਹੀਂ ਬਣਦਾ। ਸੰਘਰਸ਼ ਤਾਂ ਲੋਕਾਂ ਦੇ ਮਸਲੇ ਨੂੰ ਲੈ ਕੇ ਹੀ ਵਿਢਿਆ ਜਾਂਦਾ ਏ।"

"ਪਰ ਉਹ ਲੋਕਾਂ ਦਾ ਮਹਿਬੂਬ ਨੇਤਾ ਸੀ।"

"ਗੱਲ ਕਿਸੇ ਬੰਨੇ ਨਹੀਂ ਸੀ ਲੱਗੀ। ਸਮਾਂ ਬੀਤ ਜਾਣ ਨਾਲ ਜਿਵੇਂ ਸਾਰਾ ਕੁਝ ਹੀ ਆਇਆ ਗਿਆ ਹੋ ਗਿਆ ਸੀ। ਜੇ ਕੋਈ ਕਦੀ ਕਦਾਈ ਗੱਲ ਕਰਦਾ ਸੀ ਤਾਂ ਆਪ ਜਵਾਬ ਦੇਣ ਨੂੰ ਟਾਲ ਦਿੰਦੇ ਸੀ। ਇੰਨ੍ਹਾਂ ਦਿਨਾ ਵਿਚ ਹੀ ਡਿਪਟੀ ਕਮਿਸ਼ਨਰ ਦੀ ਬਦਲੀ ਹੋ ਗਈ ਤੇ ਆਪ ਨੇ ਇੱਕ ਜਵਾਬ ਘੜ ਲਿਆ ਸੀ ਕਿ ਹੁਣ ਨਵਾਂ ਡਿਪਟੀ ਕਮਿਸ਼ਨਰ ਸਮਾਂ ਨੀਯਤ ਕਰੇਗਾ। ਫਿਰ ਬੁੱਤ ਦਾ ਉਦਘਾਟਨ ਹੋਏਗਾ। ਇਹ ਸਾਰਾ ਦੰਭ ਸੀ। ਇਸ ਦੰਭ ਨੂੰ ਚੁੱਕਣ ਵਾਲੇ ਧੰਨ ਨੇ। ਧੰਨ ਗੁਰੂ ਤੇ ਧੰਨ ਉਹਦੇ ਚੇਲੇ ਚਾਟੜੇ।

... ਫਿਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦਾ ਨਾਂ ਵੀ ਆਇਆ ਸੀ ਕਿ ਪੰਡਤ ਜੀ ਦੇ ਬੁੱਤ ਦਾ ਪਰਦਾ ਹਟਾਉਣਗੇ। ਮੈਨੂੰ ਖੁਸ਼ੀ ਹੋਈ ਸੀ ਕਿ ਚਲੋ ਇੱਕ ਦੇਸ਼ ਭਗਤ ਤੇ ਸਾਰੀ ਉਮਰ ਨਿਤਾਣਿਆਂ ਲਈ ਲਾਉਣ ਵਾਲੇ ਦੇ ਕਰ ਕਮਲਾਂ ਨਾਲ ਮੇਰੇ ਬੁੱਤ ਦਾ ਉਦਘਾਟਨ ਹੋਵੇਗਾ। ਕੁਝ ਦਿਨਾ ਦੀ ਚਰਚਾ ਤੋਂ ਬਾਅਦ ਕਾਮਰੇਡ ਸੁਰਜੀਤ ਵਾਲੀ ਗੱਲ ਵੀ ਛਾਂਈਂ ਮਾਂਈਂ ਹੋ ਗਈ ਸੀ। ਉਨ੍ਹਾਂ ਦਾ ਕਮਿਊਨਿਸਟ ਹੋਣਾ ਇਸ ਗੱਲ ਦਾ ਅੜਿੱਕਾ ਸੀ ਤੇ ਪ੍ਰਸ਼ਾਸ਼ਨ ਸਰਕਾਰ ਦੇ ਇਸ਼ਾਰੇ ਤੇ ਨੱਚਦਾ ਸੀ। ਇੱਕ ਕਮਿਊਨਿਸਟ ਦੇ ਬੁੱਤ ਦਾ ਕਮਿਊਨਿਸਟ ਉਦਘਾਟਨ ਨਹੀਂ ਸੀ ਕਰ ਸਕਦਾ। ਸਰਕਾਰ ਤੇ ਪ੍ਰਸ਼ਾਸ਼ਨ ਇਸਨੂੰ ਦੋਹਾਂ ਮੁਲਕਾਂ ਦੇ ਯੁੱਧ ਵਾਂਗ ਲੈਂਦਾ ਸੀ।

******************

ਤੁਹਾਨੂੰ ਕਾਰਡ ਮਿਲਿਆ ਸੀ ਕਿ ਮੰਤਰੀ ਜੀ ਐਨੀ ਤਰੀਕ ਨੂੰ ਐਨੇ ਵਜੇ ਪੰਡਤ ਜੀ ਦੇ ਬੁੱਤ ਦਾ ਡਾਕ ਘਰ ਲਾਗਲੇ ਚੌਂਕ 'ਚ ਆਪਣੇ ਪਵਿੱਤਰ ਕਰ ਕਮਲਾਂ ਨਾਲ ਉਦਘਾਟਨ ਕਰਨਗੇ। ਅਖ਼ਬਾਰਾਂ 'ਚ ਖ਼ਬਰ ਵੀ ਛਪ ਗਈ ਸੀ। ਸਾਰਾ ਕੁਛ ਜਾਣ ਕੇ ਤੇ ਪੜ੍ਹ ਕੇ ਆਪ ਦੀਆਂ ਹਵਾਈਆਂ ਉੱਡ ਗਈਆਂ ਸਨ। ਆਪ ਜੀ ਕਹਿਣੀ, ਕਰਨੀ ਤੇ ਸੋਚਣੀ ਤੋਂ ਸਾਰਾ ਕੁਛ ਹੀ ਉਲਟ ਹੋ ਗਿਆ ਸੀ।"

"ਇਹ ਕੀ? " ਜਨਾਬ ਦੇ ਸਾਥੀਆਂ ਨੇ ਸਵਾਲ ਕੀਤਾ ਸੀ।

"ਸਾਰਾ ਕੁਝ ਤੁਹਾਡੇ ਸਾਹਮਣੇ ਹੈ।"

"ਪਰ ਇਹ ਕਿਉਂ ਤੇ ਕਿਵੇਂ ਹੋ ਰਿਹਾ ਏ?"

"ਇਸ ਪ੍ਰਬੰਧ 'ਚ ਇਸ ਤਰ੍ਹਾਂ ਹੀ ਹੋਏਗਾ।"

"ਫਿਰ ਕੀ ਕਰਨਾ ਚਾਹੀਦਾ ਏ?"

"ਮੇਰੀ ਸੋਚ ਅਨੁਸਾਰ ਤਾਂ ਬੁੱਤ ਲੱਗਣਾ ਚਾਹੀਦਾ ਏ, ਭਾਵੇਂ ਕੋਈ... ਵੀ ਉਦਘਾਟਨ ਕਰੇ।"

"ਤੁਹਾਨੂੰ ਪਤਾ ਏ ਕਿ ਇਹਦੇ ਪਿਓ ਨੇ ਪੰਡਤ ਜੀ 'ਤੇ ਕੇਸ ਪੁਆਇਆ ਸੀ।"

"ਪਤਾ ਤਾਂ ਹੈ, ਪਰ ਹੁਣ ਕੀ ਕਰੀਏ?"

"ਸਾਨੂੰ ਇਹਦੇ ਉਦਘਾਟਨ ਕਰਨ ਦਾ ਵਿਰੋਧ ਕਰਨਾ ਚਾਹੀਦਾ ਏ।"

"ਵਿਰੋਧ ਕਰਾਂਗੇ ਤਾਂ ਬੁੱਤ ਨਹੀਂ ਲੱਗੇਗਾ। ਸੰਗਵਾਲ ਵਾਲਿਆਂ ਬਾਬਿਆਂ ਦੇ ਬੁੱਤਾਂ 'ਚ ਵੀ ਇਹੋ ਅੜਿੱਕਾ ਪਿਆ ਸੀ।"

"ਇਹ ਲੋਕ ਵਿਰੋਧੀ ਵਜੀਰ ਐ। ਇਹਦੇ ਤੇ ਲਗਦੇ ਦੋਸ਼ਾਂ ਦੀਆਂ ਰੋਜ਼ ਖਬਰਾਂ ਛਪਦੀਆਂ ਨੇ।"

"ਉਦਘਾਟਨ ਕਰਨ ਦਾ ਵੀ ਇਹ ਦੋਸ਼ੀ ਹੋਵੇਗਾ।"

"ਜੋ ਆਪ ਉਸ ਵਰਗਾ ਨਾ ਹੋਵੇ ਤਾਂ ਦੋਸ਼ੀ ਬਣ ਜਾਂਦਾ ਏ।"

"ਤੁਸੀਂ ਨੀਯਤ ਮਿਤੀ ਤੇ ਨੀਯਤ ਸਮੇਂ ਤੇ ਉਦਘਾਟਨੀ ਸਮਾਰੋਹ ਲਈ ਗਏ ਸੀ। ਪਰ ਉਥੇ ਤਾਂ ਕੋਈ ਨਹੀਂ ਸੀ। ਬੁੱਤ ਤੇ ਪਰਦਾ ਵੀ ਕੋਈ ਨਹੀਂ ਸੀ। ਤੁਹਾਨੂੰ ਮੇਰੇ ਨਾਂ ਦੇ ਛੋਟੇ ਅੱਖਰਾਂ ਵਾਲੇ ਤੇ ਵਜੀਰ ਦੇ ਵੱਡੇ ਅੱਖਰਾਂ ਵਾਲੇ ਦੇਖਣ ਨੂੰ ਪੱਥਰ ਮਿਲੇ ਸਨ। ਜੋ ਬੁੱਤ ਸੀ ਉਹ ਬੁੱਤ ਮੇਰਾ ਨਹੀਂ ਸੀ। ਮੇਰਾ



ਸਿਰ ਤਾਂ ਗੰਜਾ ਸੀ। ਮੇਰਾ ਚਿਹਰਾ ਗੋਲ ਸੀ। ਅੱਖਾਂ ਬਰੀਕ ਸਨ। ਨੱਕ ਬੈਠਵਾ ਸੀ। ਮੇਰੀ ਕਮੀਜ਼ ਦੇ ਕਾਲਰ ਇਸਤਰੀ ਨਾ ਹੋਣ ਕਰਕੇ ਮੁੜੇ ਹੋਏ ਹੁੰਦੇ ਸਨ। ਮੈਂ ਨਕਟਾਈ ਕਦੀ ਨਹੀਂ ਸੀ ਲਾਈ।

ਤੁਸੀਂ ਸਾਰਾ ਕੁਝ ਆਪ ਦੇਖਿਆ ਸੀ। ਤੁਸੀਂ ਵੀ ਬੋਲੇ ਸੀ, "ਇਹ ਬੁੱਤ ਪੰਡਤ ਜੀ ਦਾ ਨਹੀਂ ਹੈ। ਉਹ ਇਸ ਤਰ੍ਹਾਂ ਦੇ ਨਹੀਂ ਸਨ।"

... ਤੁਹਾਡੇ ਹੱਥਾਂ 'ਚ ਫੁੱਲਾਂ ਦੇ ਹਾਰ ਫੜੇ ਹੋਏ ਸਨ। ਤੁਸੀਂ ਮੇਰੇ ਬੁੱਤ ਨੂੰ ਹਾਰ ਪਹਿਨਾਉਣ ਆਏ ਸੀ। ਮੇਰੇ ਉੱਤੋਂ ਮਹਿਕਾਂ ਬਖੇਰਨ ਆਏ ਸੀ। ਤੁਸੀਂ ਬੁੱਤ ਦੇਖ ਕੇ ਹੱਕੇ ਬੱਕੇ ਸੀ। ਤੁਹਾਡੇ ਖੜ੍ਹਿਆ ਤੇ ਹੀ ਪ੍ਰਸ਼ਾਸ਼ਨ ਦਾ ਕਰਮਚਾਰੀ ਆਇਆ ਸੀ ਤੇ ਤੁਹਾਨੂੰ ਕਹਿਣ ਲੱਗਾ ਸੀ, "ਜੀ ਵਜੀਰ ਸਾਹਿਬ ਤਾਂ ਆਏ ਨਹੀਂ।"

"ਕਿਉਂ ?"

"ਉਹ ਤਾਂ ਜੀ ਰਾਤ ਗੱਡੀ 'ਚ ਬਿਨ ਟਿਕਟੇ ਫੜੇ ਗਏ ਸੀ। ਸੋਲਾਂ ਸੌ ਅੱਸੀ ਰੁਪਏ ਜ਼ੁਰਮਾਨਾ ਭਰਕੇ ਵੀ ਉਹ ਅਜੇ ਅੰਦਰ ਨੇ। ਅਖ਼ਬਾਰਾਂ 'ਚ ਆਇਆ ਹੋਇਆ।"

"ਬੁੱਤ ਦਾ ਉਦਘਾਟਨ ਕਿਵੇਂ ਹੋ ਗਿਆ? "

ਉਹ ਤਾਂ ਜੀ ਮੈਨੂੰ ਹੀ ਅਧਿਕਾਰੀਆਂ ਨੇ ਕਿਹਾ ਸੀ ਕਿ ਤੂੰ ਈ ਪਰਦਾ ਹਟਾ ਦੇਈਂ। ਵਜ਼ਾਰ ਨੇ ਤਾਂ ਆ ਨਹੀਂ ਸਕਣਾ। ਮੈਂ ਮੂੰਹ ਨੇਰ੍ਹੇ ਈ ਵਜੀਰ ਵਾਲਾ ਕੰਮ ਕਰ ਦਿੱਤਾ।"

"ਕਿਰਤੀ ਵਰਗ ਜ਼ਿੰਦਾਬਾਦ"

"ਪੰਡਤ ਜੀ ਅਮਰ ਰਹਿਣ।"

"ਪੰਡਤ ਜੀ ਲਾਲ ਸਲਾਬ।"

"ਇਨਕਲਾਬ ਜ਼ਿੰਦਾਬਾਦ।"

ਉਸ ਵੇਲੇ ਨਾਹਰੇ ਲੱਗਣ ਲੱਗ ਪਏ ਸਨ। ਤੁਸੀਂ ਬੁੱਤ ਨੂੰ ਫੁੱਲਾਂ ਦੇ ਹਾਰ ਪਾ ਕੇ ਫ਼ਿਜ਼ਾ ਵਿਚ ਮੁੱਕੇ ਲਹਿਰਾਉਂਦੇ ਪਰਤ ਗਏ ਸੀ। ਮੇਰੇ ਨਾਂ ਲੱਗਾ ਬੁੱਤ ਉਵੇਂ ਦਾ ਉਵੇਂ ਖੜ੍ਹਾ ਸੀ। ਜਿਹੜਾ ਨਾ ਸੁਣ ਸਕਦਾ ਸੀ ਨਾ ਹੀ ਬੋਲ ਸਕਦਾ ਸੀ। ਨਾ ਦੇਖ ਸਕਦਾ ਸੀ। ਨਾਲ ਚੱਲ ਫਿਰ ਸਕਦਾ ਸੀ। ਨਾ ਉਜ਼ਰ ਕਰ ਸਕਦਾ ਸੀ। ਨਾ ਉਜ਼ਰ ਸੁਣ ਸਕਦਾ ਸੀ। ਨਾ ਉਹ ਤੁਹਾਨੂੰ ਤੇ ਹੋਰਾਂ ਨੂੰ ਇਹ ਹੀ ਕਹਿ ਸਕਦਾ ਸੀ ਕਿ ਇਹ ਬੁੱਤ ਮੇਰਾ ਨਹੀਂ ਹੈ।


***ਦੇਸ ਰਾਜ ਕਾਲੀ ਦਾ ਨਵਾਂ ਕਹਾਣੀ ਸੰਗ੍ਰਹਿ***

**ਦੇਸ ਰਾਜ ਕਾਲੀ ਚੌਥੀ ਕੂਟ ਦੇ ਉਨ੍ਹਾਂ ਕੁਝ ਕੁ ਕਹਾਣੀਕਾਰਾਂ ਵਿਚੋਂ ਹੈ ਜਿਹੜਾ ਪੰਜਾਬੀ ਕਹਾਣੀ ਦੇ ਖੇਤਰ ਵਿਚ ਵੱਖਰੀ ਪਛਾਣ ਬਣਾਉਣ ਵੱਲ ਜਤਨਸ਼ੀਲ ਹੈ। ਉਸਨੂੰ ਸਮਾਜ ਦੀ ਸਥਿਤੀ , ਸਮਾਜ-ਸ਼ਾਸਤਰ ਅਤੇ ਸਮਾਜ ਦੇ ਸਮੁੱਚੇ ਵਾਤਾਵਰਣ ਦੀ ਸਮਝ ਹੈ। ਭਾਵੇਂ ਕਿ ਅਜੋਕੀ ਕਹਾਣੀ ਲੇਖਕ- ਕੇਂਦਰਤ ਹੈ ਅਤੇ ਦ੍ਰਿਸ਼ ਦੀ ਸਿਰਜਣਾ ਵੀ ਲੇਖਕ ਦੇ ਹੱਥ ਵਿਚ ਹੈ ਜਿਸ ਦੇ ਅੰਤਰਗਤ ਉਹ ਹਾਲਾਤ ਦਾ ਵਿਸ਼ਲੇਸ਼ਣ ਕਰਦਾ ਹੈ। ਪਰ ਕਾਲੀ ਦੀਆਂ ਕਹਾਣੀਆਂ ਸੰਬੰਧਾਂ ਅਤੇ ਤਣਾਉ ਦੇ ਅੰਤਰਗਤ ਸਥਿਤੀਆਂ ਅਤੇ ਵਿਅਕਤਿਤਵ ਨਾਲ ਟਕਰਾ ਦੀਆਂ ਕਹਾਣੀਆਂ ਹਨ। ਉਹ ਨਵੀਂ ਪੀੜ੍ਹੀ ਦਾ ਵਿਵੇਕਸ਼ੀਲ ਕਹਾਣੀਕਾਰ ਹੈ ਜਿਸ ਕੋਲ ਭਵਿੱਖ ਦਾ ਵੀਜ਼ਨ ਵੀ ਹੈ ਅਤੇ ਵਰਤਮਾਨ ਦਾ ਵਸਤੂਗਤ ਯਥਾਰਥ ਵੀ। ਉਸ ਦੀ ਖੂਬਸੂਰਤੀ ਵੀਜ਼ਨ ਅਤੇ ਯਥਾਰਥ ਦੇ ਸਮਨਵੈ ਨੂੰ ਕਥਾ ਵਸਤੂ ਦੇ ਰੂਪ ਵਿਚ ਨਵੀਨ ਕਲਾਤਮਕ ਪ੍ਰਗਟਾ-ਵਿਧੀਆਂ ਦੇ ਅੰਤਰਗਤ ਪੇਸ਼ ਕਰਨ ਵਿਚ ਹੈ ਜਿਸ ਵਿਚੋਂ ਸਥਿਤੀਆਂ ਅਤੇ ਆਪਣੇ ਆਪ ਨੂੰ ਬਦਲਣ ਦੀ ਬੇਚੈਨ ਸੁਰ ਉਭਰਦੀ ਹੈ।**

***ਡਾ. ਗੁਰਇਕਬਾਲ ਸਿੰਘ***

ਚੇਤਨਾ ਪ੍ਰਕਾਸ਼ਨ
*ਪੰਜਾਬੀ ਭਵਨ, ਲੁਧਿਆਣਾ -141001*
ਫੋਨ : 0161-2413613, 2404928
ਮੋਬਾਇਲ : 98152-98459
*E-mail chetnaparkashan@sify.com*
**ਮੁੱਲ 75 ਰੁਪਏ**

## ਕਹਾਣੀ / ਆਪਣਾ ਪਰਛਾਵਾਂ / ਨਿਰੰਜਣ ਬੋਹਾ

ਅੱਜ ਫਿਰ ਮਨ ਕਾਹਲਾਂ ਪੈ ਰਿਹਾ ਹੈ। ਸ਼ਾਇਦ ਬੀ. ਪੀ. ਵੱਧ ਗਿਆ ਹੈ। ਮੱਥੇ ’ਤੇ ਪਸੀਨੇ ਦੀਆਂ ਤਰੇਲੀਆਂ ਆ ਰਹੀਆਂ ਹਨ। ਦਿਲ ਕਰ ਰਿਹਾ ਹੈ ਕਿ ਭੁੱਬਾਂ ਮਾਰ ਮਾਰ ਕੇ ਰੋ ਪਵਾਂ ਤੇ ਬੱਸ ਰੋਈ ਹੀ ਜਾਵਾਂ।

“ਮਾਂ ਜੀ, ਚਾਹ ਪਿਉਗੇ? ” ਨਿੰਦਰ ਨੇ ਮੇਰੇ ਕੋਲੋਂ ਲੰਘਦਿਆਂ ਸੁਭਾਵਿਕ ਪੁੱਛਿਆ ਹੈ, ਪਰ ਮੈਂ ਹੱਥ ਦੇ ਇਸ਼ਾਰੇ ਨਾਲ ਮਨ੍ਹਾ ਕਰ ਦਿੱਤਾ ਹੈ। ਇਸ ਵੇਲੇ ਨਾ ਤਾਂ ਮੇਰਾ ਕਿਸੇ ਨਾਲ ਬੋਲਣ ਲਈ ਦਿਲ ਕਰ ਰਿਹਾ ਹੈ ਤੇ ਨਾ ਹੀ ਮੇਰੇ ਵਿੱਚ ਬੋਲਣ ਦੀ ਤਾਕਤ ਹੈ। ਜੇ ਇਸ ਵੇਲੇ ਮੇਰੇ ਲਈ ਕੁਝ ਕਰਨਾ ਸੰਭਵ ਹੈ ਤਾਂ ਉਹ ਇਹ ਹੈ ਕਿ ਮੈਂ ਉੱਚੀ ਉੱਚੀ ਰੋ ਸਕਦੀ ਹਾਂ। ਪਰ ਅਜਿਹਾ ਕਰਕੇ ਮੈਂ ਨਿੰਦਰ ਨੂੰ ਦੁੱਖੀ ਨਹੀਂ ਕਰਨਾ ਚਾਹੁੰਦੀ। ਮੈਂ ਖੁਦ ਤਾਂ ਪ੍ਰੇਸ਼ਾਨ ਹਾਂ ਹੀ... ਇਸ ਵਿਚਾਰੀ ਨੂੰ ਤੰਗ ਕਿਉਂ ਕਰਾਂ? ਜਬਰੀ ਆਪਣਾ ਰੋਣ ਰੋਕਣ ਦੀ ਕੋਸ਼ਿਸ਼ ਵਿੱਚ ਮੇਰੇ ਚਿਹਰੇ ਦੇ ਹਾਵ ਭਾਵ ਵੀ ਤੇਜੀ ਨਾਲ ਬਦਲ ਰਹੇ ਹਨ।

ਅਜਿਹਾ ਮੇਰੇ ਨਾਲ ਪਹਿਲੀ ਵਾਰ ਨਹੀਂ ਹੋਇਆ, ਸਗੋਂ ਮਹੀਨੇ ਵਿੱਚ ਦੋ ਚਾਰ ਵਾਰ ਮੈਨੂੰ ਅਜਿਹਾ ਦੌਰਾ ਪੈ ਹੀ ਜਾਂਦਾ ਹੈ। ਡਾਕਟਰ ਕਹਿੰਦੇ ਨੇ ਕਿ ਮੇਰਾ ਬੀ. ਪੀ. ਇੱਕ ਦਮ ਵੱਧ ਜਾਂਦਾ ਹੈ। ਉਹ ਮੈਨੂੰ ਕਈ ਤਰ੍ਹਾਂ ਦੇ ਖਾਣ ਪੀਣ ਦੇ ਪਰਹੇਜ਼ ਦੱਸਦੇ ਨੇ ਪਰ ਇਸ ਗੱਲ ਤੇ ਤਾਂ ਉਹ ਵਧੇਰੇ ਹੀ ਜ਼ੋਰ ਦੇਂਦੇ ਨੇ ਕਿ ਮੈਂ ਕਿਸੇ ਕਿਸਮ ਦੀ ਚਿੰਤਾ ਨਾ ਕਰਿਆ ਕਰਾਂ। ਭਲਾ ਚਿੰਤਾ ਕੋਈ ਜਾਣ ਬੁਝ ਕੇ ਕਰਦੈ... ਜਾਂ ਇਹ ਕਿਸੇ ਦੇ ਹੱਥ ਵੱਸ ਦੀ ਗੱਲ ਹੈ। ਇਹ ਤਾਂ ਮਾੜੇ ਦਿਨ ਨਾ ਕਿਸੇ ’ਤੇ ਆਉਣ! ਜਿਹੜਾ ਮਾਨਸਿਕ ਸੰਤਾਪ ਮੈਂ ਭੋਗ ਰਹੀ ਹਾਂ ਜੇ ਉਹ ਡਾਕਟਰਾਂ ਨੂੰ ਵੀ ਭੋਗਣਾ ਪਵੇ ਤਾਂ ਕੀ ਉਹ ਚਿੰਤਾ ਨਹੀਂ ਕਰਨਗੇ। ਫਿਰ ਸੋਚਦੀ ਹਾਂ ਵਿਚਾਰੇ ਡਾਕਟਰਾਂ ਦਾ ਵੀ ਕੀ ਕਸੂਰ। ਮਰੀਜ਼ਾਂ ਨੂੰ ਅਜਿਹੀਆਂ ਹਦਾਇਤਾਂ ਦੇਣੀਆਂ ਤਾਂ ਉਨ੍ਹਾਂ ਦੇ ਪੇਸ਼ੇ ਦਾ ਹਿੱਸਾ ਨੇ। ਉਹ ਜੋ ਕੁਝ ਵੀ ਕਹਿੰਦੇ ਨੇ, ਮੇਰੇ ਭਲੇ ਲਈ ਹੀ ਕਹਿੰਦੇ ਨੇ। ਮੈਂ ਡਾਕਟਰਾਂ ਦੀਆਂ ਹੋਰ ਹਦਾਇਤਾਂ ਦੀ ਪਾਲਣਾ ਕਰਨ ਸਬੰਧੀ ਪੂਰੀ ਵਾਹ ਲਾਉਂਦੀ ਹਾਂ ਪਰ ਚਿੰਤਾ ਨਾ ਕਰਨ ਦੇ ਸੁਆਲ ’ਤੇਂ ਮੈਂ ਆਪ ਬੇ ਵੱਸ ਹੋਈ ਪਈ ਹਾਂ। ਚਿੰਤਾ ਰੋਗ ਤੋਂ ਜਿਨੀਂ ਦੂਰ ਰਹਿਣ ਦੀ ਕੋਸ਼ਿਸ਼ ਕਰਦੀ ਹਾਂ ਇਹ ਰੋਗ ਉਨੀਂ ਹੀ ਤੇਜੀ ਨਾਲ ਹੋਰ ਵੱਧਦਾ ਜਾ ਰਿਹਾ ਹੈ। ਮੈਂ ਡਾਕਟਰਾਂ ਵੱਲੋਂ ਦੱਸੇ ਸਾਰੇ ਟੈਸਟ ਵੀ ਕਰਵਾ ਲਏ ਨੇ। ਟੈਸਟਾਂ ਦੀਆਂ ਰਿਪੋਰਟਾਂ ਵਿੱਚ ਤਾਂ ਖਤਰੇ ਵਾਲੀ ਕੋਈ ਗੱਲ ਨਹੀਂ ਆਈ ਪਰ ਡਾਕਟਰ ਤੇ ਮੇਰੇ ਹੋਰ ਸ਼ੁਭ ਚਿੰਤਕ ਆਖਦੇ ਨੇ ਕਿ ਜੇ ਮੈਂ ਇਸੇ ਤਰ੍ਹਾਂ ਹੀ ਆਪਣੇ ਆਪ ਵਿੱਚ ਗੁਆਚੀ ਰਹੀ ਤਾਂ ਮੇਰੀ ਸਿਹਤ ਨੂੰ ਖਤਰਾ ਵੀ ਪੈਦਾ ਹੋ ਸਕਦਾ ਹੈ।

“ਮਾਂ ਜੀ, ਤੁਹਾਡੀ ਤਬੀਅਤ ਤਾਂ ਠੀਕ ਹੈ ਨਾ। ਮੇਰੀ ਹਾਲਤ ਨੂੰ ਭਾਂਪਦਿਆਂ ਨਿੰਦਰ ਨੇ ਆਪਣਾ ਹੱਥ ਮੇਰੇ ਮੱਥੇ ’ਤੇ ਰੱਖ ਦਿੱਤਾ ਹੈ।

“ਕੋਈ ਗੱਲ ਨਹੀਂ... ਐਵੇਂ ਕੁਝ ਘਬਰਾਹਟ ਜਿਹੀ ਹੈ... ਆਪਣੇ ਆਪ ਬਿੰਦ ਝੱਟ ਨੂੰ ਠੀਕ ਹੋ ਜਾਵੇਗੀ।” ਮੈਂ ਉਸ ਨੂੰ ਧਰਵਾਸ ਦੇਣ ਲਈ ਮਸਾਂ ਹੀ ਏਨਾ ਬੋਲ ਸਕੀ ਹਾਂ।

“ਜੇ ਤਕਲੀਫ਼ ਵਧੇਰੇ ਹੈ ਤਾਂ ਡਾਕਟਰ ਕੋਲ ਲੈ ਚਲਾਂ।” ਨਿੰਦਰ ਇਸ ਵੇਲੇ ਮੈਥੋਂ ਵੀ ਵੱਧ ਫ਼ਿਕਰ ਵਿੱਚ ਜਾਪ ਰਹੀ ਹੈ।

ਨਿੰਦਰ ਅੰਦਰੋਂ ਬਲੱਡ ਪਰੈਸ਼ਰ ਕੰਟਰੋਲ ਕਰਨ ਵਾਲੀਆਂ ਗੋਲੀਆਂ ਲੈ ਆਈ ਹੈ। ਡਾਕਟਰ ਵਲੋਂ ਲਿਖੀਆਂ ਇਹ ਗੋਲੀਆਂ ਹਰ ਵੇਲੇ ਘਰ ਵਿੱਚ ਮੌਜੂਦ ਰਹਿੰਦੀਆਂ ਨੇ। ਪਤਾ ਨਹੀਂ ਕਿਹੜੇ ਵੇਲੇ ਇਨ੍ਹਾਂ ਦੀ ਲੋੜ ਪੈ ਜਾਵੇ। ਆਪਣੇ ਗੋਡੇ ਦਾ ਢਾਸਣਾ ਦੇ ਕੇ ਮੈਨੂੰ ਬਿਠਾਉਂਦਿਆਂ ਉਸ ਗੋਲੀ ਮੇਰੇ ਮੂੰਹ ਵਿਚ ਪਾ ਦਿੱਤੀ ਹੈ। ਉਸ ਵੱਲੋਂ ਦਿੱਤੇ ਪਾਣੀ ਨਾਲ ਗੋਲੀ ਸੰਘ ਅੰਦਰ ਲੰਘਾਉਂਦਿਆਂ ਮੈਂ ਉਸਨੂੰ ਇਸ਼ਾਰਾ ਕੀਤਾ ਹੈ ਕਿ ਕੁਝ ਸਮਾਂ ਮੈਂ ਅਰਾਮ ਕਰਨਾ ਚਾਹੁੰਦੀ ਹਾਂ। ਮੈਨੂੰ ਕੋਈ ਬੁਲਾਵੇ ਨਾ।

ਉਸ ਫਿਰ ਮੈਨੂੰ ਮੰਜੇ ਤੇ ਲਿਟਾ ਦਿੱਤਾ ਹੈ ਤੇ ਚੁੱਪ ਚਾਪ ਦੂਸਰੇ ਕਮਰੇ ਵਿੱਚ ਚਲੀ ਗਈ ਹੈ। ਮੈਂ ਆਪਣੀਆਂ ਅੱਖਾਂ ਬੰਦ ਕਰ ਲਈਆਂ ਹਨ ਪਰ ਇਨ੍ਹਾਂ ਬੰਦ ਅੱਖਾਂ ਪਿੱਛੇ ਵੀ ਵਾਰ ਵਾਰ ਨਿੰਦਰ ਦਾ ਚਿਹਰਾ ਹੀ ਉਭਰ ਰਿਹਾ ਹੈ। ਨਿੰਦਰ ਮੇਰੀ ਨੂੰਹ ਹੈ ਮੇਰੇ ਇਕਲੌਤੇ ਪੁੱਤਰ ਸਹਿਦੇਵ ਦੀ ਪਤਨੀ। ਅਜੋਕੇ ਸਮੇਂ ਵਿੱਚ ਕੋਈ ਨੂੰਹ ਆਪਣੀ ਸੱਸ ਦਾ ਜਿਨਾ ਵੱਧ ਤੋਂ ਵੱਧ ਖਿਆਲ ਰੱਖ ਸਕਦੀ ਹੈ ਸ਼ਾਇਦ ਨਿੰਦਰ ਉਸ ਤੋਂ ਵੀ ਵੱਧ ਕੇ ਮੇਰਾ ਖਿਆਲ ਰੱਖਦੀ ਹੈ। ਉਸ ਨਾਲ ਮੇਰਾ ਰਿਸ਼ਤਾ ਸੱਸ ਵਰਗਾ ਘੱਟ ਤੇ ਮਾਂ



ਵਰਗਾ ਵਧੇਰੇ ਹੈ। ਮੇਰੇ ਬੁਢਾਪੇ ਨੂੰ ਤਾਂ ਮੇਰੇ ਪੁੱਤਰ ਨਾਲੋਂ ਵੀ ਵੱਧ ਕੇ ਮੇਰੀ ਨੂੰਹ ਦਾ ਸਹਾਰਾ ਹੈ। ਉਹ ਮੇਰਾ ਖਿਆਲ ਹੀ ਐਨਾ ਰੱਖਦੀ ਹੈ ਕਿ ਮੈਂ ਉਸ ਨਾਲ ਕਿਸੇ ਗੱਲ ਤੇ ਨਰਾਜ਼ ਵੀ ਨਹੀਂ ਹੋ ਸਕਦੀ। ਜੇ ਕਦੀ ਉਸਦੀ ਕਿਸੇ ਨਾਦਾਨੀ ’ਤੇ ਮੈਨੂੰ ਗੁੱਸਾ ਵੀ ਆਉਂਦਾ ਹੈ ਤਾਂ ਮੈਂ ਵਿਚੇ ਹੀ ਪੀ ਜਾਂਦੀ ਹਾਂ।

ਮੇਰੀ ਇਸ ਵੇਲੇ ਦੀ ਸਭ ਤੋਂ ਵੱਡੀ ਚਿੰਤਾ ਇਹ ਹੈ ਕਿ ਮੇਰਾ ਐਨਾ ਆਦਰ ਮਾਣ ਕਰਨ ਵਾਲੀ ਨਿੰਦਰ ਪਿਛਲੇ ਚਾਰ ਪੰਜ ਮਹੀਨਿਆਂ ਤੋਂ ਮੇਰੇ ਪੁੱਤਰ ਨਾਲ ਅਜਿਹਾ ਵਿਹਾਰ ਕਿਓ ਕਰਨ ਲੱਗ ਪਈ ਹੈ, ਜੋ ਕਿਸੇ ਮਾਂ ਨੂੰ ਚੰਗਾ ਨਾ ਲੱਗੇ। ਪਤਾ ਨਹੀਂ ਇਨ੍ਹਾਂ ਦੋਹਾਂ ਨੂੰ ਕੀ ਹੋ ਗਿਆ ਹੈ... ਐਵੇਂ ਛੋਟੀ ਛੋਟੀ ਗੱਲ ਤੇ ਲੜ ਪੈਂਦੇ ਨੇ... ਬਿਲਕੁਲ ਨਿਆਣਿਆਂ ਵਾਂਗ। ਕੋਈ ਇਕੱਲੌਤੇ ਪੁੱਤਰ ਦੀ ਮਾਂ ਇਹ ਕਿਵੇਂ ਸਹਿਣ ਕਰ ਸਕਦੀ ਹੈ ਕਿ ਉਸਦੇ ਪੁੱਤਰ-ਨੂੰਹ ਇੱਕੋ ਛੱਤ ਹੇਠ ਰਹਿੰਦਿਆਂ ਕਈ ਕਈ ਦਿਨ ਜ਼ੁਬਾਨ ਸਾਂਝੀ ਨਾ ਕਰਨ। ਮੈਂ ਜਦ ਵੀ ਨਿੰਦਰ ਤੋਂ ਇਸਦਾ ਕਾਰਣ ਪੁੱਛਦੀ ਹਾਂ ਤਾਂ ਉਹ ਜਵਾਬ ਵਿਚ ਰੋ ਪੈਂਦੀ ਹੈ। “ਮੇਰੀ ਤਾਂ ਕਿਸਮਤ ਹੀ ਮਾੜੀ ਹੈ ਮਾਂ ਜੀ... ਤੁਹਾਨੂੰ ਕੀ ਦੱਸਾਂ?” ਉਹ ਕੇਵਲ ਏਨਾ ਹੀ ਆਖਦੀ ਹੈ। ਮੈਂ ਜਦੋਂ ਵਧੇਰੇ ਹੀ ਖਹਿੜੇ ਪੈ ਜਾਂਦੀ ਹਾਂ ਤਾਂ ਉਹ ਖਿਝੀ ਹੋਈ ਮੇਰੇ ਗੱਲ ਵੀ ਪੈ ਜਾਂਦੀ ਹੈ, “ਤੁਸੀਂ ਇਹ ਸਭ ਕੁਝ ਆਪਣੇ ਪੁੱਤਰ ਤੋਂ ਹੀ ਪੁੱਛੋ।”

“ਪੁੱਤਰ ਕਿਹੜਾ ਹੁਣ ਮੇਰੇ ਨਾਲ ਚੱਜ ਦੀ ਗੱਲ ਕਰਦੈ... ਪਤਾ ਨਹੀਂ ਉਹਦੇ ਸੁਭਾਅ ਨੂੰ ਹੁਣ ਕੀ ਹੋ ਗਿਆ ਹੈ, ਸਾਰਾ ਦਿਨ ਵੱਢੂ-ਖਾਊਂ ਹੀ ਕਰੀ ਜਾਂਦਾ ਹੈ। ਮੈਂ ਕਈ ਵਾਰ ਉਸਤੋਂ ਪਿਆਰ ਨਾਲ ਪੁੱਛਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਨਿੱਤ ਦਾ ਕਲੇਸ਼ ਆਖਿਰ ਮੁੱਕੂ ਕਦੋਂ। ਉਹ ਠਰ੍ਹਮੇ ਨਾਲ ਜਵਾਬ ਦੇਣ ਦੀ ਬਜਾਇ ਗਾਲਾਂ ਦੀ ਧੂੜ ਧਰ ਲੈਂਦਾ ਹੈ, “ਇਹ ਕੰਜਰ ਦੀ ਮੈਨੂੰ ਉਜਾੜ ਕੇ ਹੱਟੂ... ਇਹਦੇ ਵਸਣ ਦੇ ਚੱਜ ਨਹੀਂ ... ਜਦੋਂ ਤੀਕ ਇਸਦੀਆਂ ਲੱਤਾਂ ਵੱਢ ਕੇ ਇਸਨੂੰ ਮੰਜੇ ’ਤੇ ਨਾ ਪਾਇਆ, ਇਹ ਸੂਤ ਨਹੀਂ ਆਉਂਦੀ।” ਪੁੱਤਰ ਦੇ ਮੂੰਹੋਂ ਅਜਿਹੇ ਬੋਲ ਕਬੋਲ ਸੁਣ ਕੇ ਮੈਂ ਡਰ ਜਾਂਦੀ ਹਾਂ ਕਿ ਮਤੇ ਦੋਹਾਂ ਵਿਚਕਾਰ ਠੰਡੀ ਹੋਈ ਜੰਗ ਮੁੜ ਨਾ ਭੜਕ ਪਵੇ। ਜਦੋਂ ਮੈਂ ਇਕੱਲੀ ਬੈਠੀ ਉਨ੍ਹਾਂ ਦੇ ਵੱਧ ਰਹੇ ਤਕਰਾਰ ਬਾਰੇ ਸੋਚਦੀ ਹਾਂ ਤਾਂ ਮੈਨੂੰ ਨਿੰਦਰ ਨਾਲੋਂ ਸਹਿਦੇਵ ਦਾ ਕਸੂਰ ਵਧੇਰੇ ਵਿਖਾਈ ਦੇਂਦਾ ਹੈ। ਕਿਹੜੀ ਪਤਨੀ ਚਾਹੇਗੀ ਕਿ ਉਸਦਾ ਪਤੀ ਨਿੱਤ ਦਿਹਾੜੀ ਸ਼ਰਾਬ ਨਾਲ ਰੱਜਿਆ ਘਰ ਆਵੇ ਤੇ ਆਉਂਦਿਆਂ ਹੀ ਬੇ-ਸ਼ੁਧ ਹੋਇਆ ਮੰਜੇ ਤੇ ਡਿੱਗ ਪਵੇ। ਸਹਿਦੇਵ ਦਾ ਨਿੱਤ ਦਿਹਾੜੀ ਦਾ ਇਹ ਕੰਜਰ ਖਾਨਾ ਮੈਨੂੰ ਕਿਹੜਾ ਚੰਗਾ ਲੱਗਦੈ। ਮੈਂ ਤਾਂ ਕਈ ਵਾਰ ਨਿੰਦਰ ਤੋਂ ਵੀ ਵੱਧ ਕੇ ਉਸਨੂੰ ਮੰਦਾ ਚੰਗਾ ਬੋਲ ਜਾਂਦੀ ਹਾਂ। ਅਜਿਹੇ ਸਮੇਂ ਸਗੋਂ ਨਿੰਦਰ ਹੀ ਮੈਨੂੰ ਚੁੱਪ ਕਰਾਉਂਦੀ ਹੈ, “ਮਾਂ ਜੀ ਕਿਉਂ ਐਵੇਂ ਕਲਪਦੇ ਹੋ... ਇਹਦੇ ਤੇ ਕਿਹੜਾ ਕੋਈ ਅਸਰ ਹੈ... ਥਿੰਦੇ ਘੜੇ ’ਤੇ ਬੂੰਦ ਪਈ ਨਾ ਪਈ ਇੱਕ ਬਰਾਬਰ ਐ।”

ਨਿੰਦਰ ਤੇ ਸਹਿਦੇਵ ਦੇ ਵਿਆਹ ਹੋਏ ਨੂੰ ਪੰਜ ਸਾਲ ਬੀਤ ਗਏ ਨੇ... ਪਹਿਲਾਂ ਤਾਂ ਉਹ ਇੱਕ ਦੂਜੇ ਦੇ ਸਾਹ ਵਿੱਚ ਸਾਹ ਲੈ ਕੇ ਜਿਉਂਦੇ ਸਨ। ਪਰ ਪਤਾ ਨਹੀਂ ਹੁਣ ਉਨ੍ਹਾਂ ਦੇ ਪਿਆਰ ਨੂੰ ਕਿਸ ਚੰਦਰੇ ਦੀ ਨਜ਼ਰ ਲੱਗ ਗਈ ਹੈ। ਸਹਿਦੇਵ ਸ਼ਰਾਬ ਤਾਂ ਆਪਣੇ ਵਿਆਹ ਤੋਂ ਪਹਿਲਾਂ ਵੀ ਪੀ ਲੈਂਦਾ ਸੀ, ਪਰ ਕਿਸੇ ਖਾਸ ਖੁਸ਼ੀ ਦੇ ਮੌਕੇ ’ਤੇ। ਜਦੋਂ ਮੈਨੂੰ ਪਹਿਲੀ ਵਾਰ ਉਸਦੇ ਸ਼ਰਾਬ ਪੀਣ ਦਾ ਪਤਾ ਲੱਗਾ ਤਾਂ ਮੈਂ ਬਹੁਤ ਤੜਫ਼ੀ ਸਾਂ। ਸ਼ਰਾਬ ਨੇ ਹੀ ਤਾਂ ਇਹ ਘਰ ਪਹਿਲਾਂ ਬਰਬਾਦ ਕੀਤਾ ਹੈ। ਘਰ ਨੂੰ ਪੁੱਟਣ ਵਿਚ ਹਰਬੰਸ ਨੇ ਕਿਹੜਾ ਕਸਰ ਛੱਡੀ ਸੀ ਜੋ ਹੁਣ ਉਹ ਪੂਰੀ ਕਰਨ ਲੱਗਾ ਸੀ। ਹੁਣ ਜਦੋਂ ਦੋਹਾਂ ਜੀਆਂ ਵਿਚਕਾਰ ਕਲੇਸ਼ ਸ਼ੁਰੂ ਹੋਇਆ ਹੈ ਤਾਂ ਸਹਿਦੇਵ ਨੇ ਜਿਵੇਂ ਕਿਸੇ ਵੀ ਦਿਨ ਪੀਣ ਵਿੱਚ ਨਾਗਾ ਨਾ ਪਾਉਣ ਦੀ ਸੌਂਹ ਹੀ ਖਾ ਲਈ ਹੈ। ਇਕ ਦਿਨ ਤਾਂ ਹੱਦ ਹੀ ਹੋ ਗਈ। ਨਿੰਦਰ ਨੇ ਸ਼ਰਾਬੀ ਹੋਏ ਸ਼ਹਿਦੇਵ ਦੀਆਂ ਜੇਬਾਂ ਫ਼ਰੋਲਦਿਆਂ ਚਿੱਟੇ ਜਿਹੇ ਰੰਗ ਦੇ ਪਾਊਡਰ ਦੀਆਂ ਕੁਝ ਪੁੜੀਆਂ ਤੇ ਗੋਲੀਆਂ ਮੇਰੇ ਹੱਥ ਤੇ ਰੱਖ ਦਿੱਤੀਆਂ ਸਨ। “ਮਾਂ ਜੀ, ਆਹ ਵੇਖ ਲਓ ਆਪਣੇ ਪੁੱਤਰ ਦੇ ਚੱਜ... ਫਿਰ ਮੈਨੂੰ ਉਲਾਂਭਾ ਦਿਉਗੇ। ਇਹ ਹੁਣ ਕੋਈ ਅੱਗ ਸੁਆਹਖਾਣ ਤੋਂ ਪਰਹੇਜ਼ ਨਹੀਂ ਕਰਦਾ।”

“ਪੁੱਤ ਕਾਹਦੀਆਂ ਗੋਲੀਆਂ ਨੇ ਇਹ।” ਮੈਂ ਸਹਿਮੇ ਜਿਹੇ ਲਹਿਜੇ ਵਿੱਚ ਪੁੱਛਿਆ ਸੀ। ਉਸ ਵੇਲੇ ਮੈਂ ਆਪਣੀਆਂ ਹੀ ਨੂੰਹ ਅੱਗੇ ਦੋਸ਼ੀਆਂ ਵਾਂਗ ਸਿਰ ਝੁਕਾਈ ਖੜੀ ਸਾਂ। ਉਸਦਾ ਸਾਹਮਣਾ ਕਰਨ ਤੋਂ ਵੀ ਮੈਨੂੰ ਸ਼ਰਮ ਜਿਹੀ ਆ ਰਹੀ ਸੀ। ਮੈਨੂੰ ਲੱਗ ਰਿਹਾ ਸੀ ਜਿਵੇਂ ਉਹ ਇਹ ਕਹਿਣਾ ਚਾਹੁੰਦੀ ਹੋਵੇ, “ਵੇਖ ਬੁੜੀਏ ਤੂੰ ਕਿਹੋ ਜਿਹਾ ਪੁੱਤ ਜੰਮਿਐ।”

“ਮਾਂ ਜੀ ਸਾਰਾ ਕੁਝ ਮੇਰੇ ਮੂੰਹੋਂ ਨਾ ਕਹਾਵੋ।” ਨਿੰਦਰ ਨੇ ਮੈਨੂੰ ਲਾਹਣਤ ਪਾਉਣ ਵਰਗੇ ਅੰਦਾਜ਼ ਵਿੱਚ ਕਿਹਾ ਸੀ ਤੇ ਭਰੀ ਪੀਤੀ ਅੰਦਰ ਚਲੀ ਗਈ ਸੀ। ਉਸਦਾ ਅਜਿਹਾ ਜਵਾਬ ਸੁਣ ਕੇ

ਮੈਂ ਤਾਂ ਸੁੰਨ ਹੀ ਹੋ ਗਈ ਸਾਂ। ਮੈਥੋਂ ਇਹ ਗੁੱਥੀ ਵੀ ਨਹੀਂ ਸੁਲਝ ਰਹੀ ਸੀ ਕਿ ਜਦੋਂ ਮੇਰਾ ਪੁੱਤਰ ਉਸਨੂੰ ਫੁੱਟੀ ਅੱਖ ਨਹੀਂ ਭਾਉਂਦਾ ਤਾਂ ਅਸੀਂ ਇੱਕ ਦੂਜੇ ਨਾਲ ਹਮਦਰਦੀ ਕਿਵੇਂ ਰੱਖਦੀਆਂ ਹਾਂ। ਮੈਂ ਹਮੇਸ਼ਾ ਆਪਣੇ ਪੁੱਤਰ ਨਾਲੋਂ ਉਸਦਾ ਪੱਖ ਹੀ ਵਧੇਰੇ ਲਿਆ ਹੈ। ਜਦੋਂ ਸਹਿਦੇਵ ਸ਼ਰਾਬ ਨਾਲ ਰੱਜਿਆ ਮੂਧੇ ਮੂੰਹ ਡਿੱਗਿਆ ਹੁੰਦਾ ਹੈ ਤਾਂ ਮੇਰੀਆਂ ਅੱਖਾਂ ਅੱਗੇ ਹਰਬੰਸ ਦੀ ਤਸਵੀਰ ਘੁੰਮਣ ਲੱਗਦੀ ਹੈ। ਮੈਨੂੰ ਲੱਗਦਾ ਹੈ ਜਿਵੇਂ ਮੰਜੇ 'ਤੇ ਸਹਿਦੇਵ ਨਹੀਂ ਸਗੋਂ ਹਰਬੰਸ ਹੀ ਡਿੱਗਿਆ ਪਿਆ ਹੈ। ਅਜਿਹੇ ਸਮੇਂ ਮੈਂ ਆਪਣੇ ਆਪ ਨੂੰ ਵੀ ਨਿੰਦਰ ਦੀ ਥਾਂ 'ਤੇ ਖਲੋਤਾ ਮਹਿਸੂਸ ਕਰਦੀ ਹਾਂ। ਕਹਿੰਦੇ ਨੇ ਮਰਿਆਂ ਦੀ ਬਦਖੋਈ ਨਹੀਂ ਕੀਤੀ ਜਾਂਦੀ ਪਰ ਜਿਸ ਨੇ ਜਿਉਂਦੇ ਜੀਅ ਸਾਰੀ ਉਮਰ ਦੁੱਖ ਹੀ ਦਿੱਤਾ ਹੋਵੇ, ਉਸ ਬਾਰੇ ਚੰਗਾ ਵੀ ਕਿਵੇਂ ਸੋਚਿਆ ਜਾ ਸਕਦਾ ਹੈ। ਜੇ ਮੈਂ ਬੀਤੇ ਨੂੰ ਭੁੱਲਣ ਦੀ ਕੋਸ਼ਿਸ਼ ਕਰਦੀ ਹਾਂ ਤਾਂ ਸਹਿਦੇਵ ਦਾ ਸ਼ਰਾਬੀ ਰੂਪ ਮੈਨੂੰ ਕੁਝ ਵੀ ਭੁੱਲਣ ਨਹੀਂ ਦੇਂਦਾ। ਮੈਂ ਤਾਂ ਇਹ ਗਿਣ ਵੀ ਨਹੀ ਸਕਦੀ ਕਿ ਮੇਰੇ ਪਤੀ ਪਰਮੇਸ਼ਵਰ ਨੇ ਕਿੰਨੀਂ ਵਾਰੀ ਮੇਰੇ ਹੱਡ ਗੋਡੇ ਸੇਕੇ ਸਨ। ਮੇਰੀ ਪਿੱਠ 'ਤੇ ਅਜੇ ਵੀ ਉਸਦੀ ਕੁੱਟ ਦਾ ਨਿਸ਼ਾਨ ਹੈ। ਜਦੋਂ ਉਸਦੇ ਜਿਉਂਦੇ ਜੀਅ ਹੀ ਮੈਨੂੰ ਉਸ ਤੋਂ ਨਫ਼ਰਤ ਹੋ ਗਈ ਸੀ। ਤਾਂ ਮਰੇ ਤੋਂ ਬਾਅਦ ਉਸ ਨਾਲ ਹਮਦਰਦੀ ਕਿਵੇਂ ਪੈਦਾ ਹੋ ਸਕਦੀ ਹੈ। ਨਿੰਦਰ ਨੂੰ ਅਜੇ ਤੀਕ ਉਸ ਮਨੋ-ਸਥਿਤੀ ਵਿਚੋਂ ਨਹੀਂ ਲੰਘਣਾ ਪਿਆ, ਜਿਸ ਵਿਚੋਂ ਮੈਂ ਲੰਘ ਕੇ ਆਈ ਹਾਂ। ਇਸ ਘਰ ਵਿੱਚ ਮੈਂ ਨਿੰਦਰ ਦੀ ਧਿਰ ਹਾਂ ਜਦੋਂ ਕਿ ਮੇਰੀ ਸੱਸ ਤਾਂ ਸਾਰਾ ਕਸੂਰ ਮੇਰਾ ਹੀ ਕੱਢਦੀ ਰਹੀ ਹੈ। 'ਗਏ ਗੁਜਰੇ ਘਰ ਦੀ ਧੀ' ਤੋਂ ਘੱਟ ਤਾਂ ਉਹ ਮੇਰੇ ਲਈ ਬੋਲਦੀ ਹੀ ਨਹੀਂ ਸੀ। ਕਈ ਵਾਰ ਮੈਨੂੰ ਮਹਿਸੂਸ ਹੁੰਦਾ ਹੈ ਕਿ ਮੇਰਾ ਅਤੀਤ ਹੀ ਮੈਨੂੰ ਮਜਬੂਰ ਕਰਦਾ ਹੈ ਕਿ ਮੈਂ ਨਿੰਦਰ ਦੇ ਦੁੱਖ ਨੂੰ ਆਪਣਾ ਦੁੱਖ ਸਮਝਾਂ ਜੇ ਮੇਰੀ ਬਜਾਇ ਕੋਈ ਹੋਰ ਸੱਸ ਹੁੰਦੀ ਤਾਂ ਉਹ ਹਰ ਹਾਲ ਵਿਚ ਨਿੰਦਰ ਦਾ ਹੀ ਸਾਰਾ ਕਸੂਰ ਕੱਢਦੀ। ਨਿੰਦਰ ਅਜੇ ਤੀਕ ਮਾਂ ਵੀ ਤਾਂ ਨਹੀਂ ਸੀ ਬਣ ਸਕੀ। ਦਿਲ ਤਾਂ ਮੇਰਾ ਵੀ ਢਾਹਡਾ ਤੜਫਦਾ ਹੈ ਕਿ ਮੈਂ ਆਪਣੇ ਪੋਤੇ ਪੋਤੀ ਨੂੰ ਆਪਣੀ ਗੋਦ ਵਿਚ ਖਿਡਾਵਾਂ। ਮੈਂ ਉਨ੍ਹਾਂ ਅਨਪੜ੍ਹ ਸੱਸਾਂ ਵਿਚੋਂ ਨਹੀਂ ਹਾਂ ਕਿ ਇਹ ਇੱਛਾ ਪੂਰੀ ਨਾ ਹੋਣ 'ਤੇ ਆਪਣੀ ਨੂੰਹ ਦੀ ਕੁੱਖ ਨੂੰ ਗਾਲ੍ਹਾਂ ਕੱਢਦੀ ਫਿਰਾਂ। ਮੈਂ ਨਿੰਦਰ ਡਾਕਟਰ ਗੁਰਵਿੰਦਰ ਕੌਰ ਦੇ ਕਲੀਨਿਕ ਵਿੱਚ ਲੈ ਵੀ ਗਈ ਹਾਂ। ਟੂਣੇ ਟਮਾਣਾਂ ਵਿਚ ਮੇਰਾ ਬਿਲਕੁਲ ਵਿਸਵਾਸ਼ ਨਹੀਂ। ਜਦੋਂ ਮੇਰੇ ਵਿਆਹ ਨੂੰ ਤਿੰਨ ਸਾਲ ਬੀਤ ਜਾਣ ਤੋਂ ਬਾਅਦ ਵੀ ਮੇਰੀ ਸੱਸ ਨੂੰ ਖਾਨਦਾਨੀ ਜਾਇਦਾਦ ਦਾ ਵਾਰਿਸ ਨਹੀਂ ਸੀ ਮਿਲਿਆ ਤਾਂ ਉਹ ਮੈਨੂੰ ਜਬਰੀ ਸਾਧਾਂ ਸੰਤਾਂ ਦੇ ਡੇਰੇ ਲੈ ਕੇ ਜਾਂਦੀ ਰਹੀ ਸੀ। ਭਾਵੇਂ ਸੱਸ ਤੋਂ ਡਰਦੀ ਮੈਂ ਚੁੱਪ ਰਹਿੰਦੀ ਸਾਂ ਪਰ ਉਸ ਵੱਲੋਂ ਲਿਆਂਦੀ ਧਾਗੇ ਤਵੀਤ ਕਦੇ ਵੀ ਮੇਰੇ ਮਨ ਨੂੰ ਧਰਵਾਸ ਨਹੀਂ ਸਨ ਦੇ ਸਕੇ। ਜਿਹੜੇ ਧਰਵਾਸ ਦੀ ਮੈਨੂੰ ਲੋੜ ਸੀ, ਉਸ ਵੱਲ ਤਾਂ ਮੇਰੀ ਸੱਸ ਦਾ ਖਿਆਲ ਵੀ ਨਹੀਂ ਸੀ ਜਾਂਦਾ। ਮੈਂ ਕਈ ਵਾਰ ਅਜਿਹਾ ਵੀ ਸੋਚ ਜਾਂਦੀ ਹਾਂ ਕਿ ਜੇ ਸਹਿਦੇਵ ਦੇ ਇਹੀ ਲੱਛਣ ਰਹੇ ਤਾਂ ਮੇਰੀ ਦਾਦੀ ਬਣਨ ਦੀ ਇੱਛਾ ਕਦੇ ਵੀ ਪੂਰੀ ਨਹੀਂ ਹੋ ਸਕੇਗੀ।

ਸ਼ਬਰੇ ਨਿੰਦਰ ਇਸ ਲਈ ਹੀ ਮੈਨੂੰ ਸਤਿਕਾਰ ਦੇਂਦੀ ਹੋਵੇ ਕਿ ਇਸ ਘਰ ਵਿਚ ਕੇਵਲ ਮੈਂ ਹੀ ਉਸਦੀ ਹਮਦਰਦ ਹਾਂ। ਮੈਂ ਉਨ੍ਹਾਂ ਸੱਸਾਂ ਵਿਚੋਂ ਵੀ ਨਹੀਂ ਹਾਂ ਜੋ ਆਪਣੇ ਨਾਲ ਹੋਈਆਂ ਵਧੀਕੀਆਂ ਦਾ ਬਦਲਾ ਆਪਣੀਆਂ ਨੂੰਹਾਂ ਨਾਲ ਵਧੀਕੀਆਂ ਕਰ ਕੇ ਲੈਂਦੀਆਂ ਹਨ। ਜਦੋਂ ਕਦੇ ਵੀ ਸਹਿਦੇਵ ਨੇ ਨਿੰਦਰ ਦੇ ਹੱਥ ਚੁੱਕਣ ਦੀ ਕੋਸ਼ਿਸ਼ ਕੀਤੀ ਹੈ ਤਾਂ ਮੈਨੂੰ ਹਰਬੰਸ ਵੱਲੋਂ ਕੀਤੀ ਆਪਣੀ ਕੁੱਟ ਮਾਰ ਯਾਦ ਆ ਜਾਂਦੀ ਰਹੀ ਹੈ। ਮੈਂ ਅਜੇ ਤੀਕ ਨਿੰਦਰ ਨੂੰ ਸਹਿਦੇਵ ਦਾ ਇੱਕ ਥੱਪੜ ਵੀ ਨਹੀਂ ਪੈਣ ਦਿੱਤਾ। ਮੇਰੇ ਪੁੱਤਰ ਨੂੰ ਗਿਲਾ ਹੈ ਕਿ ਮੈਂ ਉਸਦੀ ਹਾਮੀ ਭਰਨ ਦੀ ਬਜਾਇ ਹਮੇਸ਼ਾਂ ਨਿੰਦਰ ਦਾ ਹੀ ਕਿਉਂ ਸਾਥ ਦੇਂਦੀ ਹਾਂ ਇਸ ਗੁੱਸੇ ਵਿਚ ਉਹ ਮੇਰੇ ਨਾਲ ਵੀ ਘੱਟ ਵੱਧ ਹੀ ਗਲਬਾਤ ਕਰਦਾ ਹੈ।

ਜਦੋਂ ਕਦੇ ਸਹਿਦੇਵ ਨਿੰਦਰ ਨਾਲ ਲੜ੍ਹ ਕੇ ਭੁੱਖਣ ਭਾਣਾ ਹੀ ਸੌਂ ਜਾਂਦਾ ਹੈ ਤਾਂ ਮੇਰੀਆਂ ਆਂਦਰਾਂ ਬਹੁਤ ਤੜਫਦੀਆਂ ਹਨ। ਆਖਿਰ ਮਾਂ ਹਾਂ... ਜਦੋਂ ਪੁੱਤਰ ਭੁੱਖਾ ਪਿਆ ਹੋਵੇ ਤਾਂ ਮੇਰੇ ਸੰਘ ਅੰਦਰ ਵੀ ਗਰਾਹੀ ਨਹੀਂ ਲੰਘਦੀ। ਮਿੰਨਤਾਂ ਤਰਲੇ ਕਰਕੇ ਉਸ ਨੂੰ ਰੋਟੀ ਖਵਾਉਣ ਦੀ ਕੋਸ਼ਿਸ਼ ਕਰਦਿਆਂ ਵਾਸਤਾ ਵੀ ਪਾਉਂਦੀ ਹਾਂ, "ਚੰਦਰਿਆਂ ਜੇ ਤੂੰ ਵੀ ਹਰਬੰਸ ਵਰਗੇ ਲੱਛਣ ਹੀ ਕਰਨੇ ਨੇ ਤਾਂ ਬਿਗਾਨੀ ਧੀ ਨੂੰ ਦੋਸ਼ ਕਿਵੇਂ ਦੇਵਾਂ?ਕਿਉਂ ਆਪਣੀਆਂ ਜੜ੍ਹਾਂ ਪੁੱਟਣ ਤੇ ਤੁਲਿਐਂ।" ਅਜਿਹੇ ਸਮੇਂ ਉਹ ਮੇਰੀ ਕਿਸੇ ਗੱਲ ਦਾ ਜਵਾਬ ਨਹੀਂ ਦੇਂਦਾ ਬੱਸ ਡੁੰਨ ਵੱਟਾ ਜਿਹਾ ਬਣਿਆ ਚੁੱਪ ਚਾਪ ਸੁਣੀ ਜਾਂਦਾ ਹੈ।

ਉਨ੍ਹਾਂ ਵਿਚਕਾਰ ਦਿਨੋਂ ਦਿਨ ਗਹਿਰਾਉਂਦੇ ਜਾ ਰਹੇ ਕਲੇਸ਼ ਤੋਂ ਡਰ ਕੇ ਮੈਂ ਇਹ ਵੀ ਸੋਚਣ ਲੱਗ ਪੈਂਦੀ ਹਾਂ ਕਿ ਅੱਜ ਕੱਲ ਗੁੱਸੇ ਬਹੁਤ ਵਧੇ ਹੋਏ ਨੇ, ਕੋਈ ਅਣਹੋਣੀ ਹੀ ਨਾ ਵਾਪਰ ਜਾਵੇ। ਮੈਂ



ਬਹੁਤ ਕੋਸ਼ਿਸ਼ ਕਰਦੀ ਹਾਂ ਕਿ ਅਜਿਹਾ ਢਾਹੂ ਨਾ ਸੋਚਾਂ। ਆਪਣੇ ਖਿਆਲ ਨੂੰ ਹੋਰ ਪਾਸੇ ਲਾਉਣ ਦੀ ਕੋਸ਼ਿਸ਼ ਵੀਕਰਦੀ ਹਾਂ ਪਰ ਪਤਾ ਨਹੀਂ ਅਜਿਹੀਆਂ ਸੋਚਾਂ ਮੁੜ ਮੁੜ ਮੇਰੇ ਦਿਲ ਦਿਮਾਗ਼ ਤੇ ਕਿਉਂ ਛਾ ਜਾਂਦੀਆਂ ਹਨ। ਸਹਿਦੇਵ ਤਾਂ ਕਈ ਵਾਰ ਹਰਖਿਆ ਆਖ ਵੀ ਦੇਂਦਾ ਹੈ, "ਅਜਿਹੀ ਜ਼ਿਦਗੀ ਨਾਲੋਂ ਤਾਂ ਮਰਨਾ ਹੀ ਚੰਗਾ ਹੈ। " ਪੁੱਤਰ ਦੇ ਮੂੰਹੋਂ ਨਿੱਕਲੀ ਅਜਿਹੀ ਨਹਿਸ਼ ਗੱਲ ਭਲਾ ਕਿਹੜੀ ਮਾਂ ਸਹਿਣ ਕਰ ਸਕਦੀ ਹੈ। ਪਰ ਮੈਂ ਕਰਾਂ ਵੀ ਤਾਂ ਕੀ ਕਰਾਂ ਮੈਨੂੰ ਅਜਿਹੇ ਸਮੇਂ ਕੁਝ ਵੀ ਨਹੀਂ ਸੁਝਦਾ , ਸਿਵਾਇ ਸਿਰਹਾਣੇ ਵਿਚ ਮੂੰਹ ਦੇ ਕੇ ਰੋਣ ਤੋਂ।

ਬੀਤੇ 'ਤੇ ਝਾਤ ਮਾਰਦੀ ਹਾਂ। ਮੈਂ ਤੇ ਹਰਬੰਸ ਵੀ ਤਾਂ ਬਿਲਕੁਲ ਇਹਨਾਂ ਦੋਹਾਂ ਵਾਂਗ ਹੀ ਲੜਦੇ ਸਾਂ। ਉਦੋਂ ਮੈਂ ਵੀ ਕਈ ਵਾਰ ਮਰਨ ਬਾਰੇ ਸੋਚਿਆ ਸੀ। ਪਰ ਜਿਊਣ ਦੀ ਲਾਲਸਾ ਹਰ ਵਾਰੀ ਮੇਰੀ ਅਜਿਹੀ ਨਿਰਾਸ਼ ਸੋਚ 'ਤੇ ਹਾਵੀ ਹੋ ਜਾਂਦੀ ਰਹੀ ਸੀ ਜਿਸ ਕਾਰਣ ਮੈਂ ਅੱਜ ਤੀਕ ਜਿਉਂਦੀ ਹਾਂ। ਮੇਰੀ ਸੱਸ ਨੂੰ ਆਸ ਸੀ ਕਿ ਘਰ ਵਿੱਚ ਨਿੱਕਾ ਨਿਆਣਾ ਆ ਜਾਣ ਤੋਂ ਬਾਅਦ ਆਪੇ ਸਭ ਕੁਝ ਸਹਿਜ ਹੋ ਜਾਵੇਗਾ ਪਰ ਸਹਿਦੇਵ ਦੇ ਜਨਮ ਤੋਂ ਬਾਅਦ ਤਾਂ ਮੇਰੇ ਤੇ ਹਰਬੰਸ ਵਿਚਲੀਆਂ ਦੂਰੀਆਂ ਹੋਰ ਵੱਧ ਗਈਆਂ ਸਨ। ਉਸ ਨਾ ਕੇਵਲ ਪਹਿਲਾਂ ਨਾਲੋਂ ਵੀ ਵਧੇਰੇ ਪੀਣੀ ਸ਼ੁਰੂ ਕਰ ਦਿੱਤੀ ਸੀ ਸਗੋਂ ਅਫ਼ੀਮ ਭੁੱਕੀ ਤੇ ਜਰਦਾ ਵੀ ਉਸਦੇ ਪੱਕੇ ਸੰਗੀ ਸਾਥੀ ਬਣ ਗਏ ਸਨ। ਉਸਨੇ ਤਾਂ ਕਦੇ ਸਹਿਦੇਵ ਨੂੰ ਲਾਡ ਨਾਲ ਚੁੱਕਿਆ ਵੀ ਨਹੀਂ ਸੀ। ਵਧੇਰੇ ਨਸ਼ੇ ਕਰਨ ਕਾਰਣ ਉਹਦੀ ਸ਼ਕਲ ਵੀ ਵਿਗੜ ਗਈ ਸੀ। ਜਬਾੜੇ ਅੰਦਰ ਧਸ ਗਏ ਸਨ। ਚਿਰਾਂ ਬਾਅਦ ਮਿਲਿਆ ਬੰਦਾ ਤਾਂ ਉਸਨੂੰ ਪਹਿਚਾਣ ਹੀ ਨਹੀਂ ਸੀ ਸਕਦਾ ਕਿ ਇਹ ਪਹਿਲਾਂ ਵਾਲਾਂ ਹੀ ਹਰਬੰਸ ਹੈ। ਉਦੋਂ ਸਹਿਦੇਵ ਚਾਰ ਕੁ ਸਾਲ ਦਾ ਹੋਵੇਗਾ ਜਦੋਂ ਹਰਬੰਸ ਸੁੱਤੇ ਦਾ ਸੁੱਤਾ ਹੀ ਰਹਿ ਗਿਆ ਸੀ। ਕੋਈ ਕਹਿੰਦਾ ਦਿਲ ਦਾ ਦੌਰਾ ਪਿਐ ਤੇ ਕੋਈ ਕਹਿੰਦਾ ਵਧੇਰੇ ਸਰਾਬ ਪੀਣ ਨਾਲ ਮਰਿਐ। ਜਿੰਨੇ ਮੂੰਹ ਉਨੀਆਂ ਗੱਲਾਂ ਸਨ। ਪਰਿਵਾਰ ਤੇ ਰਿਸਤੇਦਾਰ ਵੱਲੋਂ ਕੁਝ ਉਂਗਲਾਂ ਮੇਰੇ ਵੱਲ ਉੱਠੀਆਂ ਸਨ। ਮੈਂ ਵਿਧਵਾ ਹੋ ਗਈ ਸਾਂ, ਪਰ ਇਹ ਨਿਰਣਾ ਮੈਥੋਂ ਅੱਜ ਤੀਕ ਨਹੀਂ ਹੋ ਰਿਹਾ ਕਿ ਕੁਦਰਤ ਨੇ ਇਹ ਫੈਸਲਾ ਮੇਰੇ ਹੱਕ ਵਿਚ ਦਿੱਤਾ ਹੈ ਜਾਂ ਵਿਰੋਧ ਵਿੱਚ।

ਜਿਨਾਂ ਚਿਰ ਮੇਰੀ ਸੱਸ ਜਿਉਂਦੀ ਰਹੀ, ਉਹ ਹਰਬੰਸ ਦੀ ਮੌਤ ਲਈ ਮੈਨੂੰ ਹੀ ਦੋਸ਼ੀ ਠਹਿਰਾਉਂਦੀ ਰਹੀ। ਉਹ ਹਰ ਵੇਲੇ ਕਿੜ ਕਿੜ ਕਰਦੀ ਰਹਿੰਦੀ ਕਿ ਮੈਂ ਉਸਦੇ ਜਵਾਨ ਪੁੱਤ ਨੂੰ ਖਾ ਲਿਆ ਹੈ। ਪਰ ਮੇਰਾ ਇਸ ਵਿੱਚ ਕੀ ਕਸੂਰ ਸੀ ਜੇ ਹਰਬੰਸ ਨਸ਼ੇ ਕਰਦਾ ਸੀ ਤਾਂ ਇਸ ਵਿੱਚ ਵੀ ਉਸਦੀਆਂ ਆਪਣੀਆਂ ਹੀ ਕੰਮਜੋਰੀਆਂ ਸਨ ਮੈਂ ਤਾਂ ਉਸਨੂੰ ਕਦੇ ਨਹੀਂ ਸੀ ਕਿਹਾ ਕਿ ਉਹ ਅਮਲੀਆਂ ਪੋਸਤੀਆਂ ਨਾਲ ਦੋਸਤੀ ਰੱਖੇ ਤੇ ਹਰ ਤਰ੍ਹਾਂ ਦੀ ਅੱਗ ਸੁਆਹ ਖਾਂਦਾ ਰਹੇ। ਜੇ ਕੋਈ ਜਾਣ ਬੁਝ ਕੇ ਮਰਨਾ ਹੀ ਮਿੱਥ ਲਵੇ ਤਾਂ ਉਸਦੀ ਉਮਰ ਕੌਣ ਵਧਾ ਸਕਦਾ ਹੈ। ਭਾਵੇਂ ਮੈਂ ਉਸਦੀ ਮੌਤ ਕਦੇ ਨਹੀਂ ਸੀ ਚਾਹੀ ਪਰ ਆਪਣੇ ਜਿਉਂਦੇ ਜੀਅ ਉਸ ਮੈਨੂੰ ਦੁੱਖ ਹੀ ਦੁੱਖ ਦਿੱਤਾ ਸੀ। ਬੁੱਢੀ ਜਿਨਾਂ ਚਿਰ ਜਿਉਂਦੀ ਰਹੀ, ਮੈਨੂੰ ਗਾਲਾਂ ਕੱਢਦੀ ਰਹੀ। ਉਸ ਨੇ ਤਾਂ ਮੇਰੇ ਤੇ ਹੋਰ ਦੂਸ਼ਣ ਲਾਉਣ ਵਿੱਚ ਵੀ ਕੋਈ ਕਸਰ ਨਹੀਂ ਸੀ ਛੱਡੀ। ਕਦੇ ਕਦੇ ਤਾਂ ਮੈਂ ਵੀ ਦੁੱਖੀ ਹੋਈ ਉਸਨੂੰ ਦੋ ਚਾਰ ਕਰਾਰੀਆਂ ਕਰਾਰੀਆਂ ਸੁਣਾ ਦੇਂਦੀ ਸਾਂ।

ਡਾਕਟਰ ਕਹਿੰਦੇ ਨੇ ਮੈਂ ਚਿੰਤਾ ਨਾ ਕਰਾਂ ਪਰ ਆਪਣੇ ਨੂੰਹ ਪੁੱਤ ਨੂੰ ਸਮਝਾਉਣ ਦੀਆਂ ਸਾਰੀਆਂ ਕੋਸ਼ਿਸ਼ਾ ਬੇਕਾਰ ਜਾਣ 'ਤੇ ਮੇਰੀ ਚਿੰਤਾ ਵੱਧਦੀ ਹੀ ਜਾ ਰਹੀ ਹੈ। ਇਸ ਵੇਲੇ ਮੇਰਾ ਸਭ ਤੋਂ ਵੱਡਾ ਫ਼ਿਕਰ ਇਹੋ ਹੈ ਕਿ ਕਿਤੇ ਨਿੰਦਰ ਦਾ ਵੀ ਸਹਿਦੇਵ ਨਾਲੋਂ ਉਸੇ ਤਰ੍ਹਾਂ ਮੋਹ ਭੰਗ ਨਾ ਹੋ ਜਾਵੇ ਜਿਵੇਂ ਮੇਰਾ ਹਰਬੰਸ ਨਾਲ ਹੋ ਗਿਆ ਸੀ। ਸੱਚ ਪੁੱਛੋ ਤਾਂ ਮੈਂ ਕਈ ਵਾਰੀ ਨਿੰਦਰ ਦਾ ਪੱਖ ਇਸ ਲਈ ਵੀ ਵਧੇਰੇ ਲੈਂਦੀ ਹਾਂ ਕਿ ਉਸਦਾ ਇਸ ਘਰ ਨਾਲੋਂ ਮੋਹ ਟੁੱਟ ਹੀ ਨਾ ਜਾਵੇ ਤੇ ਉਹ ਸਹਿਦੇਵ ਤੋਂ ਤਲਾਕ ਲੈਣ ਬਾਰੇ ਨਾ ਸੋਚਣ ਲੱਗ ਪਵੇ। ਹਰਬੰਸ ਨਾਲ ਤੋੜ ਵਿਛੋੜ ਕਰਨ ਬਾਰੇ ਮੈਂ ਵੀ ਕਦੇ ਸੋਚਿਆ ਸੀ ਪਰ ਮੇਰੀ ਸਥਿਤੀ ਨਿੰਦਰ ਨਾਲੋਂ ਵੱਖਰੀ ਸੀ। ਮੇਰੇ ਮਾਂ ਪਿਓ ਮਰੇ ਹੋਏ ਸਨ ਤੇ ਪੇਕੇ ਘਰ ਭਰਾ ਦੀ ਬਜਾਇ ਭਾਬੀ ਦਾ ਰੋਹਬ ਦਾਬ ਸੀ। ਮੈਂ ਪਤੀ ਦੀ ਕੁੱਟ ਤੇ ਸੱਸ ਦੀਆਂ ਕੌੜੀਆਂ ਕੁਸੈਲੀਆਂ ਸਹਿਣ ਕਰਕੇ ਵੀ ਇਸ ਘਰ ਵਿਚ ਰਹਿਣ ਲਈ ਮਜਬੂਰ ਸਾਂ। ਨਿੰਦਰ ਦੇ ਮਾਂ ਬਾਪ ਅਜੇ ਜਿਉਂਦੇ ਨੇ ਤੇ ਉਸਨੂੰ ਆਸਰਾ ਦੇਣ ਦੀ ਸਥਿਤੀ ਵਿਚ ਵੀ ਨੇ। ਉਸਦੀ ਉਮਰ ਵੀ ਕੋਈ ਖਾਸ ਨਹੀਂ ਤੇ ਨਾਂ ਹੀ ਉਸ ਕੋਲ ਕੋਈ ਨਿਆਣਾ ਹੈ, ਉਸਦੇ ਮਾਪੇ ਉਸਨੂੰ ਕਿਸੇ ਹੋਰ ਲੋੜਵੰਦ ਦੇ ਘਰ ਵੀ ਬਿਠਾ ਸਕਦੇ ਹਨ।

ਮੇਰੀ ਸਿਹਤ ਲਗਾਤਾਰ ਡਿੱਗਦੀ ਜਾ ਰਹੀ ਹੈ। ਬਿਮਾਰੀ ਦੀ ਹਾਲਤ ਵਿੱਚ ਮੇਰੀ ਸੰਭਾਲ

ਮੇਰੀ ਨੂੰਹ ਹੀ ਕਰਦੀ ਹੈ। ਪੁੱਤਰ ਨੂੰ ਕੀ ਦੋਸ਼ ਦੇਵਾਂ, ਜਦੋਂ ਉਸਨੂੰ ਆਪਣੀ ਸਿਹਤ ਦਾ ਵੀ ਫਿਕਰ ਨਹੀਂ ਤਾਂ ਉਹ ਮੇਰੇ ਬਾਰੇ ਫ਼ਿਕਰ ਕਿਉਂ ਕਰੇਗਾ।

ਪਿਛਲੇ ਦਿਨਾਂ ਤੋਂ ਮੈਂ ਅਸਲੋਂ ਹੀ ਨਵੀਂ ਉਲਝਣ ਵਿਚ ਫਸੀ ਹੋਈ ਹਾਂ। ਮੈਂ ਆਪਣੇ ਤਨ ਮਨ ’ਤੇ ਭੋਗੀ ਹੈ, ਇਸ ਲਈ ਨਿੰਦਰ ਦੇ ਦਰਦ ਨੂੰ ਸਮਝਦੀ ਹਾਂ ਤੇ ਉਸਦੀਆਂ ਛੋਟੀਆਂ ਮੋਟੀਆਂ ਗਲਤੀਆਂ ਨੂੰ ਵੀ ਨਜ਼ਰ ਅੰਦਾਜ਼ ਕਰ ਦੇਂਦੀ ਹਾਂ। ਉਹ ਮੇਰੇ ਹੀ ਸਾਹਮਣੇ ਮੇਰੇ ਪੁੱਤਰ ਨੂੰ ਕਿਨਾਂ ਹੀ ਮੰਦਾ ਚੰਗਾ ਬੋਲ ਜਾਂਦੀ ਹੈ, ਮੈਂ ਬਰਦਾਸ਼ਤ ਕਰ ਲੈਂਦੀ ਹੈਂ। ਹੁਣ ਇਹ ਗੱਲ ਮੇਰੀ ਬਰਦਾਸ਼ਤ ਸ਼ਕਤੀ ਤੋਂ ਬਾਹਰ ਹੈ ਕਿ ਬਲਬੀਰ ਘੰਟਿਆਂ ਬੱਧੀ ਨਿੰਦਰ ਦੇ ਕਮਰੇ ਵਿਚ ਬੈਠਾ ਗੱਪਾਂ ਮਾਰਦਾ ਰਹੇ। ਭਾਵੇਂ ਬਲਬੀਰ ਇਸ ਘਰ ਲਈ ਉਪਰਾ ਨਹੀਂ ਹੈ, ਉਹ ਮੇਰੇ ਹੀ ਜੇਠ ਦਾ ਛੋਟਾ ਮੁੰਡਾ ਹੈ। ਉਸਦਾ ਇਸ ਘਰ ਵਿੱਚ ਆਉਣ ਜਾਣ ਬਚਪਨ ਤੋਂ ਹੀ ਹੈ, ਪਰ ਹੁਣ ਉਹ ਬੱਚਾ ਨਹੀਂ ਰਿਹਾ, ਸਗੋਂ ਭਰ ਜਵਾਨ ਹੋ ਗਿਆ ਹੈ। ਪਿਛਲੇ ਦਿਨਾਂ ਤੋਂ ਮੈਂ ਵਿਸ਼ੇਸ਼ ਤੌਰ ’ਤੇ ਨੋਟ ਕਰ ਰਹੀ ਹਾਂ ਕਿ ਉਸਦੀ ਇਸ ਘਰ ਵਿਚ ਦਿਲਚਸਪੀ ਲਗਾਤਾਰ ਵੱਧਦੀ ਹੀ ਜਾ ਰਹੀ ਹੈ। ਉਹ ਸਾਡੇ ਘਰ ਆਉਂਦਾ ਵੀ ਉਸ ਵੇਲੇ ਹੈ ਜਦੋਂ ਸਹਿਦੇਵ ਘਰ ਨਾ ਹੋਵੇ। ਭਾਵੇਂ ਉਹ ਰਿਸ਼ਤੇ ਵਿਚ ਨਿੰਦਰ ਦਾ ਦਿਉਰ ਲੱਗਦਾ ਹੈ, ਪਰ ਹਰ ਰਿਸ਼ਤੇ ਦੀ ਵੀ ਤਾਂ ਆਪਣੀ ਇਕ ਮਰਿਆਦਾ ਹੁੰਦੀ ਹੈ। ਇਹ ਕੀ ਹੋਇਆ ਕਿ ਸਾਰਾ ਦਿਨ ਦਿਉਰ ਭਰਜਾਈ ਕਮਰੇ ਵਿਚ ਵੜ ਕੇ ਹਿੜ ਹਿੜ ਕਰਦੇ ਰਹਿਣ। ਮੇਰਾ ਉਨ੍ਹਾਂ ਬਾਰੇ ਕੁਝ ਹੋਰ ਸੋਚਣਾ ਗਲਤ ਵੀ ਨਹੀਂ ਹੈ। ਬਲਬੀਰ ਸਹਿਦੇਵ ਤੋਂ ਕੇਵਲ ਇੱਕ ਸਾਲ ਹੀ ਛੋਟਾ ਹੈ। ਕਹਿੰਦੇ ਨੇ ਜਵਾਨ ਉਮਰ ਵਿਚ ਤਾਂ ਭੈਣ ਭਾਈ ਨੂੰ ਵੀ ਵਧੇਰੇ ਸਮੇਂ ਇਕੱਲੇ ਨਹੀਂ ਰਹਿਣ ਦੇਣਾ ਚਾਹੀਦਾ, ਉਹ ਤੇ ਫਿਰ ਦਿਉਰ-ਭਰਜਾਈ ਨੇ ਤੇ ਫਿਰ ਨਿੰਦਰ ਤੇ ਸਹਿਦੇਵ ਵਿਚਕਾਰ ਮਨ ਮੁਟਾਵ ਵੀ ਤਾਂ ਚਲ ਰਿਹਾ ਹੈ।

ਮੈਂ ਬਲਬੀਰ ਨੇ ਨਿੰਦਰ ਨੂੰ ਇਹ ਗੱਲ ਇਸ਼ਾਰੇ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਉਨ੍ਹਾਂ ਦਾ ਇਸ ਤਰ੍ਹਾਂ ਦਾ ਨਿੱਤ ਦਿਹਾੜੀ ਦਾ ਮੇਲ ਮਿਲਾਪ ਠੀਕ ਨਹੀਂ। ਲੋਕ ਤਾਂ ਖੰਭਾਂ ਦੀਆਂ ਡਾਰਾਂ ਬਣਾ ਦੇਂਦੇ ਨੇ। ਬਲਬੀਰ ਨੂੰ ਤਾਂ ਮੈਂ ਇਕ ਦਿਨ ਝਿੜਕ ਵੀ ਦਿੱਤਾ ਸੀ। ਮੇਰੇ ਮੱਥੇ ਦੀ ਘੂਰੀ ਤੋਂ ਡਰਦਿਆਂ ਉਹ ਕਈ ਦਿਨ ਤੋਂ ਸਾਡੇ ਘਰ ਨਹੀਂ ਸੀ ਆਇਆ। ਉਸਦੇ ਘਰ ਵਿਚ ਨਾ ਆਉਣ ਨਾਲ ਮੈਨੂੰ ਬਹੁਤ ਰਾਹਤ ਮਿਲੀ ਸੀ। ਸੋਚਿਆ ਸੀ ਬਲਾਂ ਟਲੀ। ਨਿੰਦਰ ਨਾਲ ਮੈਂ ਬਹੁਤੀ ਸਖਤੀ ਨਾਲ ਵੀ ਪੇਸ਼ ਨਹੀਂ ਸਾਂ ਆ ਸਕਦੀ। ਜੇ ਅਜਿਹਾ ਕਰਾਂਗੀ ਤਾਂ ਆਪਣੇ ਹੀ ਘਰ ਦੀ ਇੱਜ਼ਤ ਪੁਟਾਂਗੀ। ਮੈਂ ਕੁਝ ਅਜਿਹਾ ਚਾਹੁੰਦੀ ਸਾਂ ਕਿ ਸੱਪ ਵੀ ਮਰ ਜਾਵੇ ਤੇ ਸੋਟੀ ਵੀ ਨਾ ਟੁੱਟੇ। ਸਹਿਦੇਵ ਨੂੰ ਵੀ ਬਲਬੀਰ ਦਾ ਘਰ ਆਉਂਣਾ ਚੰਗਾ ਨਹੀਂ ਲੱਗਦਾ। ਅਚਾਨਕ ਘਰ ਪਰਤੇ ਸਹਿਦੇਵ ਨੇ ਜਦੋਂ ਦੋਹਾਂ ਨੂੰ ਉੱਚੀ ਉੱਚੀ ਦੰਦ ਕੱਢਦੇ ਵੇਖਿਆ ਸੀ ਤਾਂ ਉਹ ਸੜ ਕੇ ਕੋਲਾ ਹੋ ਗਿਆ ਸੀ। ਮੈਂ ਸਹਿਦੇਵ ਦੀਆਂ ਅੱਖਾਂ ਵਿਚਲੀ ਕੌੜ ਨੂੰ ਪੜ੍ਹਿਆ ਹੈ, ਉਹ ਕਿਸੇ ਵੇਲੇ ਵੀ ਰਿਸ਼ਤੇਦਾਰੀ ਦੇ ਲਿਹਾਜ ਨੂੰ ਭੁੱਲ ਕੇ ਉਸਦੀ ਬੇਇਜ਼ਤੀ ਕਰ ਸਕਦਾ ਹੈ। ਚਲੋ ਚੰਗਾ ਹੋਇਆ ਬਲਬੀਰ ਆਪ ਹੀ ਸੰਭਲ ਗਿਆ ਹੈ, ਨਹੀਂ ਤਾਂ ਕਦੇ ਵੀ ਕੋਈ ਭਾਣਾ ਵਰਤ ਸਕਦਾ ਸੀ।

ਜਦੋਂ ਮੈਂ ਨਿੰਦਰ ਤੇ ਬਲਬੀਰ ਵਿਚਕਾਰ ਵੱਧ ਰਹੀ ਨੇੜਤਾ ਬਾਰੇ ਵਧੇਰੇ ਹੀ ਸੋਚਦੀ ਹਾਂ ਤਾਂ ਮੈਨੂੰ ਉਹ ਸਮਾਂ ਯਾਦ ਆ ਜਾਂਦਾ ਹੈ ਜਦੋਂ ਮੇਰੀ ਸੱਸ ਨੇ ਮੈਨੂੰ ਤੇ ਸਰੂਪ ਨੂੰ ਇੱਕਠੇ ਬੈਠੇ ਵੇਖ ਲਿਆ ਸੀ। ਸੱਸ ਨੂੰ ਤਾਂ ਅਜਿਹਾ ਮੌਕਾ ਮਸਾਂ ਹੀ ਮਿਲਿਆ ਸੀ। ਮੈਨੂੰ ਛੱਜ ਵਿਚ ਪਾ ਕੇ ਛੰਡਦਿਆਂ ਉਸ ਸਾਰਾ ਘਰ ਹੀ ਸਿਰ ਤੇ ਚੁੱਕ ਲਿਆ ਸੀ ਤੇ ਜੋ ਕੁਝ ਨਹੀਂ ਸੀ ਬੋਲਣਾ ਚਾਹੀਦਾ, ਉਹ ਵੀ ਬੋਲ ਗਈ ਸੀ। ਕੀ ਹੁਣ ਮੈਂ ਵੀ ਅਜਿਹਾ ਕਰਾਂ? ਮੈਨੂੰ ਕੁਝ ਵੀ ਸੁੱਝ ਨਹੀਂ ਰਿਹਾ।

*******************

ਸਾਰਾ ਦਿਨ ਮਨ ਬੇ-ਚੈਨ ਰਿਹਾ ਹੈ। ਰਾਤੀਂ ਵੀ ਚੈਨ ਨਹੀਂ ਪੈ ਰਿਹਾ ਗਿਆਰਾਂ ਵੱਜ ਗਏ ਨੇ ਪਰ ਅਜੇ ਤੀਕ ਮੇਰੀਆਂ ਅੱਖਾਂ ਵਿਚ ਨੀਂਦ ਨਹੀਂ ਉਤਰੀ।

... ਰਾਤ ਦੇ ਦੋ ਵੱਜਣ ਵਾਲੇ ਨੇ। ਮੈਂ ਜਾਗੋ ਮੀਟੀ ਦੀ ਅਵੱਸਥਾ ਵਿੱਚ ਹਾਂ ਜੇ ਕਿਸੇ ਵੇਲੇ ਅੱਖ ਲੱਗਦੀ ਹੈ ਤਾਂ ਭੈੜੇ ਭੈੜੇ ਸੁਪਨੇ ਮੈਨੂੰ ਕੱਚੀ ਨੀਂਦ ਵਿਚੋਂ ਜਗਾ ਦੇਂਦੇ ਨੇ। ਹੁਣ ਕਿਨੇ ਭਿਆਨਕ ਸੁਪਨੇ ਤੋਂ ਜਾਗੀ ਹਾਂ। ਕੁਝ ਬੰਦੇ ਅਰਥੀ ਚੁੱਕੀ ਜਾ ਰਹੇ ਹਨ। ਮੈਂ ਉਨ੍ਹਾਂ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰਦੀ ਹਾਂ। ਅਰਥੀ ਨੂੰ ਕੰਧਾ ਦੇਣ ਵਾਲਿਆ ਵਿਚ ਇਕ ਬਲਬੀਰ ਹੈ... ਕਿਤੇ ਇਹ ਅਰਥੀ ਮੇਰੇ ਸਹਿਦੇਵ ਦੀ ਤਾਂ ਨਹੀਂ? ਮੈਂ ਤ੍ਰਭਕ ਕੇ ਜਾਗ ਪੈਂਦੀ ਹਾਂ। ਭਿਆਨਕ ਸੁਪਨੇ ਤੋਂ ਜਾਗਣ ਕਾਰਣ ਮੇਰੀ ਕੰਬਣੀ ਦੂਰ ਨਹੀਂ ਹੋ ਰਹੀ। ਮੈਨੂੰ ਜ਼ੋਰਾਂ ਦੀ ਪਿਆਸ ਵੀ ਲੱਗੀ ਹੈ ਪਰ ਮੇਰੀ ਹਿੰਮਤ ਨਹੀਂ ਪੈ ਰਹੀ ਕਿ



ਦੋ ਕਦਮਾਂ ਦੀ ਦੂਰੀ ’ਤੇ ਪਏ ਫਰਿਜ਼ ਵਿਚੋਂ ਪਾਣੀ ਦੀ ਬੋਤਲ ਕੱਢ ਕੇ ਪੀ ਲਵਾਂ।

ਕੁਝ ਸੰਭਲੀ ਹਾਂ ਤਾਂ ਬਿਸਤਰ ’ਤੇ ਲੰਮਿਆ ਪਿਆ ਰਹਿਣਾ ਮੇਰੇ ਲਈ ਮੁਸ਼ਕਲ ਹੋ ਗਿਆ ਹੈ। ਬੇ-ਚੈਨੀ ਨਾਲ ਮੈਂ ਆਪਣੇ ਹੀ ਕਮਰੇ ਵਿਚ ਇਧਰ ਉਧਰ ਟਹਿਲਣ ਲੱਗ ਪੈਂਦੀ ਧੱਕ ਧੱਕ ਉਸੇ ਤਰ੍ਹਾਂ ਜਾਰੀ ਹਾਂ। ਬਾਹਰ ਤਾਜੀ ਹਵਾ ਲੈਣ ਲਈ ਮੈਂ ਕਮਰੇ ਵਿਚੋਂ ਨਿਕਲ ਕੇ ਵਿਹੜੇ ਵਿਚ ਆ ਗਈ ਹਾਂ। ਨਿੰਦਰ ਦੇ ਕਮਰੇ ਕੋਲ ਪਹੁੰਚੀ ਹਾਂ। ਮੇਰੇ ਸੀਨੇ ਅੰਦਰਲੀ ਧੱਕ ਧੱਕ ਹੋਰ ਤੇਜ਼ ਹੋ ਗਈ ਹੈ। ਸਾਇਦ ਇਹ ਮੇਰਾ ਵਹਿਮ ਹੀ ਹੋਵੇ ਪਰ ਮੈਨੂੰ ਨਿੰਦਰ ਦੇ ਕਮਰੇ ਵਿਚੋਂ ਘੁਸਰ ਮੁਸਰ ਜਿਹੀ ਸੁਣਾਈ ਦੇ ਰਹੀ ਹੈ। ਸਹਿਦੇਵ ਤਾਂ ਕੱਲ ਦਾ ਲੁਧਿਆਣੇ ਗਿਐ... ਫਿਰ ਨਿੰਦਰ ਦੇ ਕਮਰੇ ਵਿਚ ਕੌਣ ਹੈ... ਕਿਤੇ ਬਲਬੀਰ ਤਾਂ ਨਹੀਂ ...? ਮੈਨੂੰ ਆਪਣੇ ਹੋਸ਼ ਹਵਾਸ਼ ਗੁੰਮ ਹੁੰਦੇ ਲਗਦੈ ਹਨ। ਇਸ ਸਮੇਂ ਮੈਂ ਆਪਣੇ ਆਪ ਨੂੰ ਲਾਹਣਤਾ ਪਾ ਰਹੀ ਹਾਂ... ਜਦੋਂ ਮੇਰਾ ਪੁੱਤਰ ਬਾਹਰ ਗਿਆ ਹੈ ਤਾਂ ਜ਼ਰੂਰ ਹੀ ਮੈਨੂੰ ਆਪਣੀ ਨੂੰਹ ਦੇ ਕਮਰੇ ਵਿਚ ਸੌਣਾਂ ਚਾਹੀਦਾ ਸੀ। ਸ਼ੁਰੂ ਤੋਂ ਪਤਾ ਨਹੀਂ ਮੈਨੂੰ ਕੀ ਵਹਿਮ ਪੈ ਗਿਆ ਹੈ ਕਿ ਉਪਰੇ ਬਿਸਤਰੇ ਤੇ ਮੈਨੂੰ ਨੀਂਦ ਨਹੀਂ ਆਵੇਗੀ। ਮੈਂ ਉਸ ਘੜੀ ਨੂੰ ਪਛਤਾਉਂਦੀ ਹਾਂ ਜਦੋਂ ਨਿੰਦਰ ਦੇ ਕਮਰੇ ਦੀ ਬਜਾਇ ਮੈਂ ਆਪਣੇ ਕਮਰੇ ਵਿਚ ਸੌਂ ਗਈ ਸਾਂ। ਮੈਂ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਆਪ ਨੂੰ ਸੰਭਾਲਣ ਦੀ ਕੋਸ਼ਿਸ਼ ਕਰ ਰਹੀ ਹਾਂ। ਨਿੰਦਰ ਸੰਬੰਧੀ ਮੈਂ ਆਪਣਾ ਵਹਿਮ ਦੂਰ ਕਰਨਾ ਚਾਹੁੰਦੀ ਹਾਂ ਤੇ ਮਨ ਹੀ ਮਨ ਵਿਚ ਅਰਦਾਸ ਕਰ ਰਹੀ ਹਾਂ ਕਿ ਮੈਨੂੰ ਉਹ ਕੁਝ ਨਾ ਵੇਖਣਾ ਪਵੇ, ਜੋ ਮੈਂ ਵੇਖਣਾ ਨਹੀਂ ਚਾਹੁੰਦੀ।

ਆਪਣਾ ਸਾਹ ਟਿਕਾਣੇ ਕਰਨ ਦੀ ਕੋਸ਼ਿਸ਼ ਕਰਦੀ ਹਾਂ। ਮੈਥੋਂ ਖੜਿਆ ਨਹੀਂ ਜਾ ਰਿਹਾ, ਇਸ ਲਈ ਕੰਧ ਦਾ ਸਹਾਰਾ ਲੈ ਲਿਆ ਹੈ। ਕੋਈ ਤੇਜੀ ਨਾਲ ਮੇਰੇ ਕੋਲੋਂ ਲੰਘਿਆ ਹੈ। ਭਾਵੇਂ ਮੇਰੀ ਨਜ਼ਰ ਕੰਮਜ਼ੋਰ ਹੈ ਪਰ ਲੰਘਣ ਵਾਲੇ ਦੀ ਡੀਲ ਡੌਲ ਤੋਂ ਮੈਂ ਪਹਿਚਾਣ ਲਿਆ ਹੈ ਕਿ ਇਹ ਬਲਬੀਰ ਹੀ ਹੈ।

“ਨਿੰਦਰ ਬੂਹਾ ਖੋਲ੍ਹ !” ਮੈਂ ਆਵਾਜ਼ ਨਹੀਂ ਦਿੱਤੀ ਸਗੋਂ ਚੀਕ ਹੀ ਪਈ ਹਾਂ। ਨਿੰਦਰ ਨੇ ਦਰਵਾਜਾ ਖੋਲ੍ਹ ਦਿੱਤਾ ਹੈ। ਅੰਦਰ ਵੜਦਿਆਂ ਹੀ ਮੇਰੀ ਨਜ਼ਰ ਉਸਦੇ ਬਿਸਤਰੇ ਤੇ ਪਈ ਹੈ। ਬਿਸਤਰ ਉਹ ਕੁਝ ਕਹਿ ਰਿਹਾ ਹੈ ਜਿਸ ਨੂੰ ਬਰਦਾਸਤ ਕਰਨਾ ਮੇਰੇ ਵੱਸ ਦਾ ਰੋਗ ਨਹੀਂ ਹੈ।

“ਹਾਂ ਦੱਸੋ ਮਾਂ ਜੀ ਤੁਸੀਂ ਇਸ ਵੇਲੇ ਕੀ ਕਹਿਣਾ ਚਾਹੁੰਦੇ ਹੋ।” ਮੈਂ ਹੈਰਾਨ ਹਾਂ ਕਿ ਨਿੰਦਰ ਡਰਨ ਜਾਂ ਘਬਰਾਉਣ ਦੀ ਬਜਾਇ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਬੋਲ ਰਹੀ ਹੈ। ਉਸਦੀ ਇਹ ਜ਼ੁਰਅਤ ਵੇਖ ਕੇ ਮੈਂ ਡਰ ਗਈ ਹਾਂ। ਮੈਨੂੰ ਉਹ ਸ਼ਬਦ ਨਹੀਂ ਸੁਝ ਰਹੇ ਜਿਨ੍ਹਾਂ ਰਾਹੀਂ ਉਸਨੂੰ ਤਾੜਣਾ ਕਰ ਸਕਾਂ। ਪਰ ਇਹ ਇਸ ਘਰ ਤੋਂ ਮੇਰੇ ਪੁੱਤਰ ਦੀ ਇੱਜ਼ਤ ਦਾ ਸੁਆਲ ਹੈ। ਮੈਨੂੰ ਬੋਲਣਾ ਤਾਂ ਪਵੇਗਾ ਹੀ। ਆਪਣੀ ਸਾਰੀ ਤਾਕਤ ਇਕੱਠੀ ਕਰਕੇ ਮੈਂ ਬੋਲੀ ਵੀ ਹਾਂ, “ਨਿੰਦਰ,ਇਸ ਘਰ ਦੀ ਇੱਜ਼ਤ ਦਾ ਕੁਝ ਤਾਂ ਖਿਆਲ ਕਰ... ਕਿਉਂ ਮੇਰੇ ਧੌਲੇ ਝਾਟੇ ਵਿਚ ਖੇਹ ਪਾਉਣ ਲੱਗੀ ਏਂ।”

ਨਿੰਦਰ ਦੇ ਪੈਰ ਮੇਰੀ ਇਹ ਤਾੜਨਾ ਸੁਣ ਕੇ ਵੀ ਡਗਮਗਾਏ ਨਹੀਂ। ਉਸ ਨੇ ਤਾਂ ਜਿਵੇਂ ਅੱਜ ਸਾਰੀ ਸ਼ਰਮ ਹਯਾ ਤੇ ਡਰ ਭਓ ਚੁੱਕਣ ਦਾ ਹੀ ਫ਼ੈਸਲਾ ਕੀਤਾ ਹੋਇਆ ਹੈ। ਮੇਰੀ ਇਸ ਚਿਤਾਵਨੀ ਦੇ ਜਵਾਬ ਵਿਚ ਉਹ ਮੇਰੇ ਗਲ ਹੀ ਪੈ ਗਈ ਹੈ।

“ਮਾਂ ਜੀ, ਮੈਂ ਅਜੇ ਤੀਕ ਮੈਂ ਇਸ ਘਰ ਤੇ ਤੁਹਾਡੇ ਪੁੱਤਰ ਦੀ ਇੱਜ਼ਤ ਰੱਖਣ ਦੀ ਕੋਸ਼ਿਸ਼ ਹੀ ਕਰ ਰਹੀ ਹਾਂ ... ਸੱਚ ਸੁਣਨਾ ਹੈ ਤਾਂ ਸੁਣ ਲਵੋ... ਤੁਹਾਡੇ ਪੁੱਤਰ ਵਿਚ ਹੁਣ ਉਹ ਤਿੰਨ ਕਾਣੇ ਨਹੀਂ ਰਹੇ ਜੋ ਬਲਬੀਰ ਨੂੰ ਇਥੋਂ ਆਉਣ ਰੋਕ ਸਕੇ... ਇਹ ਕੰਮ ਮਰਦਾਂ ਦਾ ਹੁੰਦਾ ਹੈ। ਹੁਣ ਇਹ ਤੁਸੀਂ ਸੋਚੋ ਕਿ ਆਪਣੇ ਪੁੱਤਰ ਦੀ ਇੱਜਤ ਢੱਕੀ ਰੱਖਣੀ ਹੈ ਜਾਂ ਨਹੀਂ...।”

ਨਿੰਦਰ ਦੇ ਬੋਲ ਵਿਸਫੋਟ ਬਣ ਕੇ ਮੇਰੇ ’ਤੇ ਡਿੱਗੇ ਹਨ। ਉਹਦੇ ਮੂੰਹੋਂ ਏਨਾ ਨੰਗਾ ਸੱਚ ਸੁਣ ਕੇ ਮੇਰੀ ਤਾਂ ਜ਼ੁਬਾਨ ਨੂੰ ਹੀ ਜਿਵੇਂ ਲਕਵਾ ਮਾਰ ਗਿਆ ਹੈ। ਮੈਂ ਬਿਲਕੁਲ ਸ਼ਬਦ ਹੀਨ ਹੋ ਗਈ ਹਾਂ। ਮੈਂ ਉਸਨੂੰ ਮੋੜਵਾਂ ਜਵਾਬ ਦੇਣ ਦਾ ਨੈਤਿਕ ਹੌਂਸਲਾ ਕਿਥੋਂ ਲਿਆਵਾਂ। ਮੈਨੂੰ ਲੱਗਦਾ ਹੈ ਕਿ ਜ਼ਿੰਦਗੀ ਦੇ ਰੰਗਮੰਚ ਤੇ ਮੈਂ ਹੀ ਆਪਣੇ ਆਪ ਨੂੰ ਦੁਹਰਾ ਰਹੀ ਹਾਂ। ਇਸ ਘਰ ਨੂੰ ਜਾਇਦਾਦ ਦਾ ਵਾਰਿਸ ਦੇਣ ਲਈ ਮੈਨੂੰ ਵੀ ਤਾਂ ਅਜਿਹਾ ਹੀ ਕਰਨਾ ਪਿਆ ਸੀ। ਜੇ ਸਹਿਦੇਵ ਪੈਦਾ ਨਾ ਹੁੰਦਾ ਤਾਂ ਕਿਤੇ ਮੇਰੀ ਸੱਸ ਨੇ ਇਸ ਘਰ ਵਿਚ ਮੇਰੇ ਪੈਰ ਲਗਣ ਦੇਣੇ ਸਨ। ਮੇਰੀਆਂ ਅੱਖਾਂ ਅੱਗੇ ਵਾਰ ਵਾਰ ਨਿੰਦਰ ਸਹਿਦੇਵ ਹਰਬੰਸ, ਸਰੂਪ ਤੇ ਆਪਣੀ ਸੱਸ ਦੇ ਚਿਹਰੇ ਘੁੰਮ ਰਹੇ ਹਨ। ਮੈਨੂੰ ਚੱਕਰ ਜਿਹੇ ਵੀ ਆ ਰਹੇ ਹਨ। ਮੇਰੇ ਪੈਰਾਂ ਤੋਂ ਮੇਰਾ ਬੋਝ ਸੰਭਾਲਿਆ ਨਹੀਂ ਜਾ ਰਿਹਾ। ਜੇ ਨਿੰਦਰ ਮੈਨੂੰ ਜੱਫੀ ਵਿਚ ਨਾ ਭਰ ਲੈਂਦੀ ਤਾਂ ਮੈਂ ਥਾਏਂ ਹੀ ਡਿੱਗ ਪੈਣਾ ਸੀ।

## ਕਹਾਣੀ / ਇੱਕ ਚੂੰਡੀ ਜਾਨ / ਕਰਮਜੀਤ ਸਿੰਘ ਨਡਾਲਾ

ਸੁੱਕੀ ਠੰਡ ਫਰਾਟੇ ਮਾਰਦੀ ਵਧਦੀ ਗਈ। ਮੀਂਹ ਦੇ ਆਸਾਰ ਨਜ਼ਰ ਨਹੀਂ ਸਨ ਆ ਰਹੇ। ਸੂਰਜ ਨੂੰ ਆਪਣਾ ਮੁੱਖੜਾ ਦਿਖਾਇਆਂ ਪੰਦਰਾਂ ਦਿਨ ਹੋ ਗਏ। ਸ਼ਾਇਦ ਠੰਡ ਪਾਲੇ ਤੋਂ ਡਰਦਾ-ਮਾਰਾ ਪਤਾ ਨਹੀਂ ਕਿੱਥੇ ਲੁਕਿਆ ਬੈਠਾ ਸੀ। ਸਾਰੀ ਸਾਰੀ ਦਿਹਾੜੀ ਧੁੰਦ ਤੇ ਕੋਰਾ ਪਿਆ ਰਹਿੰਦਾ। ਸਭ ਪਾਸੇ ਚਿੱਟ -ਚਟਿਹਣ। ਸਫ਼ੈਦ ਚਾਦਰ ਓਹੜੀ ਨੱਢੀ ਦੀ ਤਰ੍ਹਾਂ। ਠੰਡੀ ਸੀਤ।

ਬਾਰਸ਼ ਦੀ ਆਸ ਛੱਡ , ਕਿਸਾਨ ਆਪਣੀਆਂ ਫ਼ਸਲਾਂ ਨੂੰ ਪਾਣੀ ਦੇਣ ਦੇ ਆਹਰ 'ਚ ਜੁਟ ਗਏ। ਬਿਜਲੀ ਦੀਆਂ ਮੋਟਰਾਂ ਦੀਆਂ ਲੈਅ-ਬਧ ਆਵਾਜ਼ਾਂ ਤੇ ਇੰਜਨਾਂ ਦੀ ਠੁੱਕ-ਠੁੱਕ ਚੁੱਪ ਤੇ ਬਰਫ਼ੀਲੇ ਵਾਤਾਵਾਰਨ 'ਚ ਤ੍ਰੇੜਾਂ ਪਾਉਂਦਾ ਸ਼ੋਰ।

ਬਲਵੰਤ ਸਿੰਘ ਵੱਡੀ ਭੈਣ ਦੇ ਪੂਰੇ ਹੋ ਜਾਣ ਕਰਕੇ ਭੋਗ ਦੇ ਕੰਮਕਾਰ 'ਚ ਰੁਝਿਆ ਰਿਹਾ। ਕੀ ਕਰਦਾ। ਆਖਰ ਵੱਡੀ ਭੈਣ ਦੇ ਕੰਮ ਕਜੀਏ ਤਾਂ ਮੁੱਕਦੇ ਹੀ ਨਹੀਂ। ਭੈਣ ਵਰਗਾ ਮਿੱਠਾ ਤੇ ਡੂੰਘਾ ਰਿਸ਼ਤਾ ਕਿੱਥੇ ਲੱਭਦੈ। ਨਾਲੇ ਮਾਵਾਂ ਵਰਗੀ ਭੈਣ। ਮਾਂ ਮਹਿਟਰ ਨੂੰ ਕੁੱਛੜ ਚੁੱਕ, ਖਿਡਾਰਿਆ ਸੀ ਅੰਮਾ ਜਾਈ ਨੇ।

ਬਲਵੰਤ ਸਿੰਘ ਨੇ ਅੱਜ ਬੜੇ ਦਿਨਾਂ ਬਾਅਦ ਖੇਤਾਂ ਨੂੰ ਦੇਖਿਆ ਤਾਂ ਦੇਖਦਾ ਹੀ ਰਹਿ ਗਿਆ। ਉਸਨੂੰ ਤਾਂ ਵਿਗੋਚਾ ਹੀ ਲਗ ਗਿਆ। ਐਨੀ ਬੇ-ਰੌਣਕੀ ਚੁੱਪ ਸਾਧ ਕੇ ਬੈਠੇ ਖੇਤ ਤੇ ਉਦਾਸੀਆਂ ਜਿਹੀਆਂ ਫ਼ਸਲਾਂ। ਕਣਕ ਦੇ ਪੱਤੇ ਪੀਲੇ ਪੈ ਰਹੇ । ਉਸਦਾ ਆਪਣਾ ਰੰਗ ਦੇਖ ਕੇ ਪੀਲਾ ਭੂਕ ਹੋ ਗਿਆ। ਮਨ ਕਾਹਲਾ ਜਿਹਾ ਪੈ ਗਿਆ। ਆਪਣੇ ਆਪ ਨੂੰ ਲਾਹਣਤ ਵੀ ਪਾਈ। ਮੇਰੇ ਕਰਕੇ ਫ਼ਸਲ ਦੀ ਇਹ ਹਾਲਤ।

ਮੁੰਡਿਆਂ 'ਤੇ ਹੋਰ ਵੀ ਜ਼ਿਆਦਾ ਗੁੱਸਾ ਆਇਆ। ਮੇਰੇ ਤੋਂ ਬਾਅਦ ਕੰਮ ਨੂੰ ਹੱਥ ਨੀ ਲਾਉਂਦੇ। ਮਾੜਾ ਮੋਟਾ ਵੀ ਫ਼ਿਕਰ ਨੀ ਕਰਦੇ। ਇਹਨਾਂ ਕੰਜਰਾਂ ਨੂੰ ਪਤਾ ਨਹੀਂ ਕਦੋਂ ਅਕਲ ਆਊ। ਲਵਰ ਕੱਟੇ। ਵਿਹਲੇ ਫਿਰ ਕੇ ਖੁਸ਼ ਰਹਿੰਦੇ ਨੇ। ਕੰਮ ਦੇ ਨਾਂ 'ਤੇ ਗਸ਼ੀਆਂ ਪੈਂਦੀਆਂ।

ਇੰਜ ਬਲਵੰਤ ਸਿੰਘ ਅੰਦਰੋਂ ਅੰਦਰ ਤਾਂ ਕੁੜ ਲੈਂਦਾ। ਪਰ ਮੁੰਡਿਆ ਨੂੰ ਕਹਿੰਦਾ ਕੁਝ ਨਾ। ਮਨ 'ਚ ਹੀ ਇਹ ਕਹਿਕੇ ਟਾਲ ਦਿੰਦਾ ,'ਕਰ ਲਓ ਪਿਓ ਦੇ ਸਿਰ 'ਤੇ ਐਸ਼ਾਂ ਫਿਰ ਬਾਅਦ 'ਚ ਪਤਾ ਚੱਲੂ ਪਿਓ ਕਦੇ ਕਰਲਾਉਂਦਾ ਹੁੰਦਾ ਸੀ।

ਲਾਗੇ-ਚਾਗੇ ਦੇ ਖੇਤਾਂ ਦੀਆਂ ਲਹਿਰਾਉਂਦੀਆਂ ਫ਼ਸਲਾਂ ਮਹਿਕਾਂ ਬਿਖੇਰਦੀਆਂ। ਨਵੀਂ ਵਿਹਾਂਦੜ ਵਾਂਗੂ। ਮੱਛਰੀਆਂ ਹੋਈਆਂ। ਹਰੀਆਂ ਕਚੂਰ। ਦੇਖ ਦੇਖ ਭੁੱਖ ਲਹਿੰਦੀ। ਜਿਵੇਂ ਉਹ ਬਲਵੰਤ ਸਿੰਘ ਦਾ ਮੂੰਹ ਚਿੜ੍ਹਾ ਰਹੀਆਂ ਹੋਣ।

ਕਦੇ ਉਹ ਉਹਨਾਂ ਵੱਲ ਕਦੇ ਆਪਣੀਆਂ ਮਸੋਸੀਆਂ ਜਿਹੀਆਂ ਢੇਰੀ ਢਾਹੀ ਬੈਠੀਆਂ ਫ਼ਸਲਾਂ ਵੱਲ ਦੇਖਦਾ। ਜਿਵੇਂ ਰੰਡੇਪਾ ਕੱਟ ਰਹੀਆਂ ਹੋਣ।

ਸਿਰ ਫੜਕੇ ਬੈਠ ਗਿਆ। ਐਨੇ ਸਾਲਾਂ 'ਚ ਪਹਿਲਾਂ ਕਦੇ ਵੀ ਇੰਜ ਨਹੀਂ ਸੀ ਹੋਈ।

ਮੋਟਰ ਵਾਲੇ ਕੋਠੇ ਦਾ ਦਰਵਾਜ਼ਾ ਖੋਲਿਆ। ਕਹੀ ਕੱਢੀ। ਪਹਿਲੇ ਖੱਤੇ ਨੂੰ ਨੱਕਾ ਮੋੜਿਆ। ਪਾਣੀ ਲਾਉਣ ਦੀ ਤਿਆਰੀ ਹੋ ਗਈ। ਮੋਟਰ ਦਾ ਸਵਿੱਚ ਦੱਬ ਦਿੱਤਾ। ਪਰ ਮੋਟਰ ਨਾ ਚੱਲੀ।

ਆਸਾ ਪਾਸਾ ਦੇਖਿਆ ਪਰ ਨੁਕਸ ਕੋਈ ਨਾ ਦਿਸਿਆ। ਬਾਹਰ ਨਿਕਲਦੇ ਖੰਬੇ ਵੱਲ ਨਿਗ੍ਹਾ ਮਾਰੀ। ਫ਼ਿਊਜ ਉੱਡਿਆ ਹੋਇਆ।

ਲਾਗੇ ਪਿਆ ਗੰਦਾ ਜਿਹਾ ਕੱਪੜਾ ਹੱਥ 'ਤੇ ਲੁਪੇਟਿਆ। ਖੰਬੇ ਦੇ ਮੇਨ ਸਵਿੱਚ ਵਾਲੀ ਕਿੱਲੀ ਨੂੰ ਉਤਾਂਹ ਚੁੱਕਿਆ ਖੰਬੇ ਉੱਪਰ ਜਾ ਚੜਿਆ। ਦੁੜੰਗੇ ਮਾਰਦਾ। ਜਿਵੇਂ ਧਰੇਕ 'ਤੇ ਚੜ੍ਹਦੇ, ਦਾਤਰ ਨਾਲ ਟਾਹਣੀਆਂ ਛਾਂਗਣ ਲੱਗਾ ਹੁੰਦੈ। ਬੁੱਢੇ ਵਾਰੇ ਵੀ ਮੜ੍ਹਕ ਤੇ ਖੜ੍ਹਕ ਦਾ ਪੂਰਾ ਜਲੌਅ।

ਲਾਗੇ ਖੇਤਾਂ ਵਾਲੇ ਗੁਆਂਢੀ ਮੁੰਡਿਆਂ ਨੂੰ ਕਈ ਵਾਰੀ ਖੰਬੇ 'ਤੇ ਚੜ੍ਹਦਿਆਂ-ਉਤਰਿਆਂ ਦੇਖ ਚੁੱਕਾ ਸੀ। ਉਸਨੂੰ ਇਹ ਕੰਮ ਹੁਣ ਬੜਾ ਸੌਖਾਲਾ ਜਿਹਾ ਲੱਗਦਾ।

ਇੱਕ ਅੱਧ ਵਾਰੀ ਆਪ ਵੀ ਫ਼ਿਊਜ ਵਗੈਰਾ ਲਾਉਂਣ ਲਈ ਚੜ੍ਹ ਚੁੱਕਾ ਸੀ। ਝਾਕਾ ਖੁੱਲਾ



ਹੋਇਆ ਸੀ। ਬਿਜਲੀ ਬੋਰਡ ਵਾਲਿਆਂ ਦਾ ਦਫ਼ਤਰ ਹਟਵਾਂ ਸੀ। ਬਿਜਲੀ ਵਾਲੇ ਕਹਿਣ 'ਤੇ ਵੀ ਕਿੱਥੇ ਆਉਂਦੇ। ਬਸ ਟਾਲਮਟੋਲ ਕਰਦੇ। ਤੂੰ ਚੱਲ ਮੈਂ ਆਇਆ। ਅੱਜ ਕਹੋ ਤੇ ਪੰਜਵੇਂ ਦਿਨ ਆਉਂਦੇ।

ਕਿਸਾਨਾਂ ਕੋਲ ਦਫ਼ਤਰਾਂ ਦੇ ਗੇੜੇ ਕੱਢਣ ਨੂੰ ਟੈਮ ਕਿੱਥੇ, ਅੱਧੇ ਕਾਰੀਗਰ ਤਾਂ ਉਹ ਆਪ ਹੁੰਦੇ ਨੇ। ਬਿਜਲੀ ਵਾਲਿਆਂ ਦੇ ਤਰਲੇ ਕਰਨ ਨਾਲੋਂ ਆਪੇ ਹੀ ਕਰ ਲੈਣਾਂ ਬਿਹਤਰ ਸਮਝਦੇ। ਨਾਲੇ ਇਹ ਕਿਹੜੇ ਕੰਮਾਂ 'ਚੋਂ ਕੰਮ ਏ। ਕਿੱਲੀ ਸੁੱਟੋ ਤੇ ਚੜ੍ਹਕੇ ਫ਼ਿਊਜ਼ ਲਾ ਦਿਊ। ਨਾ ਹਿੰਗ ਲੱਗੇ ਨਾ ਫ਼ਟਕੜੀ।

ਬਲਵੰਤ ਸਿੰਘ ਜਦੋਂ ਫ਼ਿਊਜ ਦੀ ਤਾਰ ਨੂੰ ਲੁਪੇਟ ਰਿਹਾ ਸੀ ਤਾਂ ਭਾਣਾ ਵਰਤਿਆ। ਉਪਰਲੀਆਂ ਮੇਨ ਤਾਰਾਂ, ਜਿਹੜੀਆਂ ਕਰੰਟ ਨਾਲ ਭਰਪੂਰ ਸਨ ਨਾਲ ਛੋਹ ਗਈਆਂ ਤੇ ਨਾਲ ਹੀ ਚੰਬੜ ਗਿਆ। ਇਹ ਵੀ ਪਤਾ ਨਾ ਲੱਗਾ ਕਿ ਉਸਦੇ ਮੂੰਹੋਂ ਹਾਏ। ਨਿਕਲੀ ਵੀ ਕਿ ਨਾ। ਰੱਬ ਜਾਣੇ। ਪਰ ਉਸੇ ਵੇਲੇ ਬਿਜਲੀ ਜ਼ਰੂਰ ਗੁੱਲ ਹੋ ਗਈ।

ਤੇ ਚੰਬੜਿਆ ਬਲਵੰਤ ਸਿੰਘ ਆਪਣੇ ਹੀ ਭਾਰ ਨਾਲ ਬਾਰਾਂ ਤੇਰਾਂ ਫੁੱਟ ਥੱਲੇ ਕਣਕ ਦੇ ਖੇਤ 'ਚ ਧੌਣ ਪਰਨੇ ਜਾ ਡਿੱਗਾ। ਆਲੂਆਂ ਦੀ ਬੋਰੀ ਵਾਂਗੂ। ਮੂਧੇ ਮੂੰਹ।

ਧੜੰਮ ਕਰਕੇ ਡਿੱਗਦੇ ਦਾ ਖੜਾਕ ਸੁਣਕੇ, ਦੋ ਕੁ ਖੇਤ ਪਰ੍ਹਾਂ ਪੱਠੇ ਵੱਢਦੇ ਮੁੰਡੇ ਤੇ ਹੋਰ ਲੋਕ ਭੱਜੇ ਆਏ।

ਸਾਹ-ਸਤ ਅਜੇ ਹੈ ਸੀ। ਨਾਬਜ਼ ਧੜਕਦੀ ਸੀ। ਹਲਕਾ-ਹਲਕਾ ਸਾਹ ਆ ਜਾ ਰਿਹਾ ਸੀ। ਬੇਹੋਸ਼ ਨੂੰ ਹੀ ਚੁੱਕ ਕੇ ਘਰ ਲੈ ਆਏ।

... ਭਾਪਾ ... ਭਾਪਾ... ਕਰਦਾ, ਸਾਰਾ ਟੱਬਰ ਹੱਥਾਂ ਪੈਰਾਂ ਦੀਆਂ ਤਲੀਆਂ 'ਤੇ ਕੈਂਹ ਦੀਆਂ ਕੌਲੀਆਂ ਝੱਸਦਾ ਰਿਹਾ। ਕੋਈ ਸਾਰੇ ਸਰੀਰ 'ਤੇ ਮਿੱਟੀ ਮਲਦਾ।

ਸਿਆਣਿਆਂ ਨੇ ਡਾਕਟਰ ਕੋਲ ਖੜ੍ਹਨ ਦੀ ਸਲਾਹ ਦਿੱਤੀ। ਕਸਬੇ ਦੇ ਡਾਕਟਰ ਕੋਲ ਲੈ ਗਏ। ਡਾਕਟਰ ਨੇ ਹੋਸ਼ 'ਚ ਲਿਆਉਂਣ ਲਈ ਹੇਠ ਉੱਪਰ ਦੋ ਤਿੰਨ ਟੀਕੇ ਜੜ ਦਿੱਤੇ। ਪਰ ਘੰਟੇ ਕੁ ਬਾਅਦ ਵੀ ਕੋਈ ਸੁਰਤ ਸਿਰ ਨਾ ਹੋਇਆ ਤਾਂ ਡਾਕਟਰ ਨੇ ਵੱਸੋਂ ਬਾਹਰ ਕਹਿੰਦਿਆ, ਦਵਾ ਦਵ ਸ਼ਹਿਰ ਵੱਡੇ ਹਸਪਤਾਲ 'ਚ ਲੈ ਜਾਣ ਲਈ ਕਿਹਾ।

ਉੱਥੋਂ ਚੁੱਕਿਆ। ਸ਼ਹਿਰ ਲੈ ਵੜੇ। ਪਹਿਲਾਂ ਤਾਂ ਹਸਪਤਾਲ ਵਾਲੇ ਜਿਆਦਾ ਹਾਲਤ ਖ਼ਰਾਬ ਹੋਣ ਕਰਕੇ ਦਾਖਲ ਕਰਨ ਤੋਂ ਨਾਂਹ-ਨੁੱਕਰ ਕਰਨ। ਆਖਰ ਮਿੰਨਤਾ-ਤਰਲਾ ਕਰਨ ਤੇ ਮਨ ਹੀ ਗਏ।

ਫਿਰ ਡਾਕਟਰ ਤੇ ਨਰਸਾਂ ਭੂੰਡਾਂ ਦੇ ਖੱਖਰਾਂ ਵਾਂਗ ਬਲਵੰਤ ਸਿੰਘ ਦੇ ਦੁਆਲੇ ਹੋ ਗਏ। ਚੈਕਅਪ ਤੇ ਟੈਸਟ ਸ਼ੁਰੂ ਹੋ ਗਏ। ਗੁਲੂਕੋਜ਼ ਤੇ ਆਕਸੀਜਨ ਲੱਗ ਗਈ। ਟੀਕੇ ਤੇ ਟੀਕੇ ਲੱਗਣ ਲੱਗੇ।

ਅੰਦਰ ਡਾਕਟਰਾਂ ਦਾ ਇਲਾਜ਼ ਚੱਲਦਾ। ਬਾਹਰ ਸਾਰਾ ਟੱਬਰ ਰੱਬ-ਰੱਬ ਤੇ ਵਾਹਿਗੁਰੂ ਦਾ ਜਾਪ ਕਰਦਾ।

ਦੋ ਦਿਨ ਬਾਅਦ ਅੱਖਾਂ ਖੁੱਲੀਆਂ। ਮੂੰਹੋਂ ਮਾੜਾ ਮੋਟਾ ਬੋਲ ਨਿਕਲਿਆ। ਜਿਸਦੀ ਸਮਝ ਨਹੀਂ ਸੀ ਪੈਂਦੀ। ਪਰ ਥੱਲੜਾ ਧੜ ਬਿਲਕੁਲ ਨਹੀਂ ਸੀ ਹਿੱਲਦਾ। ਜਿਵੇਂ ਸਰੀਰ ਦੇ ਨਾਲ ਹੀ ਨਾ ਹੋਵੇ। ਧੌਣ ਤੋਂ ਥੱਲੇ ਵਾਲੀ ਥਾਂ ਬਿਜਲੀ ਨਾਲ ਕੁਝ ਜਿਆਦਾ ਹੀ ਝੁਲਸ ਗਈ ਸੀ। ਤੇ ਨਾਲੇ ਉੱਚੇ ਥਾਂ ਤੋਂ ਡਿੱਗਣ ਕਰਕੇ ਰੀੜ ਦੀ ਹੱਡੀ 'ਤੇ ਜ਼ਿਆਦਾ ਸੱਟ ਲੱਗ ਗਈ ਸੀ। ਰੀੜ੍ਹ ਦੀ ਹੱਡੀ ਆਖਰ ਰੀੜ੍ਹ ਦੀ ਹੱਡੀ ਹੀ ਹੁੰਦੀ ਏ। ਜਿਵੇਂ ਨਦੀ ਦੇ ਦੋ ਕਿਨਾਰਿਆਂ ਨੂੰ ਜੋੜਨ ਵਾਲਾ ਪੁਲ। ਖ਼ੈਰ... ਜਦੋਂ ਉਹ ਹੀ ਟੁੱਟ ਗਈ ਤਾਂ ਫਿਰ ਡੋਰੀਆਂ ਰੱਬ ਹੱਥ।

ਡਾਕਟਰ ਬਥੇਰੇ ਹੌਂਸਲੇ ਦਿੰਦੇ ਰਹੇ। ਰੁਪਈਏ 'ਤੇ ਰੁਪਈਏ ਉੱਡਦੇ ਰਹੇ। ਜਿੰਮੀਦਾਰਾਂ ਦੇ ਘਰਾਂ 'ਚ ਤਾਂ ਅੱਗੇ ਹੀ ਪੈਸੇ ਵੱਲੋਂ ਬਥੇਰੀਆਂ ਮੰਦਹਾਲੀਆਂ ਹੁੰਦੀਆਂ ਨੇ, ਉੱਤੋਂ ਕਮਾਊ ਬੰਦਾ ਮੰਜੇ 'ਤੇ ਪੈ ਜਾਵੇ। ਦਸ ਬਾਰਾਂ ਜੀਅ ਖਾਣ ਵਾਲੇ ਹੋਣ ਤਾਂ...। ਚੰਗੇ ਭਲਿਆਂ ਦੀ ਸੁਰਤੀ ਮਾਰੀ ਜਾਂਦੀ ਏ।

ਨਿੱਤ ਸ਼ਹਿਰ ਜਾਣ-ਆਉਣ ਲੱਗਾ ਰਹਿੰਦਾ ਪੇਂਡੂ ਬੰਦਿਆਂ ਲਈ ਤਾਂ ਸ਼ਹਿਰ ਵੀ ਟੀਸੀ ਦਾ ਬੇਰ।

ਘਰੋਂ ਕਦੀ ਕੋਈ ਤੇ ਕਦੇ ਕੋਈ ਮੈਂਬਰ ਵਾਰੋ ਵਾਰੀ ਤੁਰ ਪੈਂਦਾ। ਪਤਾ ਲੈਣ ਆਏ ਰਿਸ਼ਤੇਦਾਰਾਂ ਤੇ ਸਾਝਾਂ ਵਾਲਿਆਂ ਦੀ ਵੱਖਰੀ ਹਸਪਤਾਲ 'ਚ ਭੀੜ ਪਈ ਰਹਿੰਦੀ। ਚਾਹ ਪਾਣੀ ਦੀ ਸੇਵਾ ਦਾ ਵੱਖਰਾ ਵੱਖਤ।

ਰਿਸ਼ਤੇਦਾਰਾਂ, ਸਾਂਝਾਂ ਵਾਲਿਆਂ ਨੂੰ ਕਿਵੇਂ ਰੋਕਦੇ। ਏਡੀ ਵੱਡੀ ਕਬੀਲਦਾਰੀ। ਜਿਹੜਾ ਸੁਣਦਾ ਸ਼ਹਿਰ ਨੂੰ ਮੂੰਹ ਚੁੱਕੀ ਦੌੜ ਆਉਂਦੀ ਜਿਵੇਂ ਇਹਨਾਂ ਦੀ ਦੌੜ ਭੱਜ ਨੇ ਬਲਵੰਤ ਸਿੰਘ ਲਈ ਸੰਜੀਵਨੀ

ਬੂਟੀ ਬਣ ਜਾਣੈ।

ਦੂਜਾ ਫ਼ਿਕਰ ਇਹ ਵੱਖ ਵੱਢ-ਵੱਢ ਖਾ ਰਿਹਾ ਸੀ। ਪਤਾ ਨਹੀਂ ਅਗਲੇ ਪਲ ਬਲਵੰਤ ਸਿੰਘ ਦਾ ਕੀ ਬਨਣੈ? ਇਹੋ ਜਿਹੀਆਂ ਗੱਲਾਂ ਸੋਚ ਸੋਚ ਸਰੀਰ ਸਾਹ ਸੱਤ ਹੀਣ ਹੋਏ ਪਏ ਸਨ। ਪਰ ਕੀ ਕਰਦੇ। ਨਾਲੇ ਸਿਰ ਪਿਆ ਤਾਂ ਆਖਰ ਝੱਲਣਾ ਹੀ ਪੈਂਦੈ। ਜਦ ਉਖਲੀ 'ਚ ਸਿਰ ਆ ਹੀ ਜਾਵੇ ਜਾਂ ਫਿਰ ਮੋਹਲਿਆਂ ਦੀ ਗਿਣਤੀ ਨੀਂ ਹੁੰਦੀ।

ਦਸ ਬਾਰਾਂ ਦਿਨ ਹੋਰ ਇਵੇਂ ਹੀ ਚੱਲ ਸੋ ਚੱਲ ਇਲਾਜ਼ ਦਾ ਕੋਹਲੂ ਗਿੜਦਾ ਰਿਹਾ। ਪਰ ਬੰਦੇ ਨੇ ਖਾਸ ਮੋੜਾ ਨਾ ਪਾਇਆ ਤੇ ਨਾ ਹੀ ਥੱਲੜਾ ਧੜ ਹਿੱਲਿਆ।

ਪੈਰ ਲਟਕੇ ਹੋਏ। ਮੂੰਹ ਹੀ ਬਸ ਮਾੜਾ ਮੋਟਾ ਹਿਲਾਉਂਦਾ। ਲਗਾਤਾਰ ਪਿੱਠ ਪਰਨੇ ਪਏ ਰਹਿਣ ਕਰਕੇ ਪਿੱਠ ਦੇ ਹੇਠਲੇ ਹਿੱਸੇ 'ਤੇ ਬੈੱਡਸੋਰ ਵਰਗੇ ਭੈੜੇ ਜ਼ਖ਼ਮ ਬਣ ਗਏ। ਕਾਲੇ-ਕਾਲੇ ਗੋਲ ਜਿਹੇ। ਬਦਬੂ ਮਾਰਦੇ। ਮਲਮ ਪੱਟੀਆਂ ਹੁੰਦੀਆਂ।

ਜਿਧਰ ਰਸਤੇ ਖ਼ੁਰਾਕ ਬੰਦ ਸੀ। ਬਸ ਗੁਲੂਕੋਜ ਸਹਾਰੇ ਸਰੀਰ ਦਿਨੋਂ ਦਿਨ ਸੁੱਕ ਕੇ ਤਵੀਤ ਹੋ ਰਿਹਾ ਸੀ। ਅੱਖਾਂ ਅੰਦਰ ਨੂੰ ਧੱਸ ਗਈਆਂ। ਪਤਾ ਨਹੀਂ ਸੀ ਲੱਗ ਰਿਹਾ ਸਾਰੇ ਹੈਰਾਨ ਸਨ। ਏਨਾ ਮਹਿੰਗਾ ਇਲਾਜ਼ ਹੋਣ ਤੇ ਵੀ ਹੇਠਾਂ ਨੂੰ ਕਿਉਂ ਜਾਈ ਜਾ ਰਿਹਾ ਸੀ। ਆਖਰ ਇਹ ਮਹਿੰਗੇ ਟੀਕੇ, ਗੁਲੂਕੋਜ਼ ਤੇ ਡਾਕਟਰਾਂ ਦੀ ਲਾਈਕੀ ਕਿਹੜੇ ਵਹਿਣਾਂ 'ਚ ਵਹਿ ਰਹੀ ਸੀ। ਅੱਗਾ ਦੌੜ ਪਿੱਛਾ ਚੌੜ ਵਾਲੀ ਗੱਲ।

ਡਾਕਟਰ ਆਉਂਦੇ।

ਤੋਰੀਆਂ ਵਾਂਗੂ ਲਟਕੀਆਂ ਲੱਤਾਂ ਤੇ ਪੈਰਾਂ ਉੱਤੇ ਹਥਿਆਰ ਮਾਰ ਮਾਰ ਦੇਖਦੇ। ਕਦੇ ਸੂਈਆਂ ਲਾ ਲਾ ਕੇ ਚੈੱਕ ਕਰਦੇ। ਪਰ ਕੋਈ ਅਸਰ ਨਾ। ਜਿਵੇਂ ਲੱਤਾਂ ਪੈਰ ਮਿੱਟੀ ਬਣ ਗਏ ਹੋਣ। ਬਲਵੰਤ ਸਿੰਘ ਦੀ ਜਾਣੇ ਬਲਾ, ਕੀ ਪਤਾ ਕਿੱਥੇ ਸੂਈ ਲਗਦੀ ਏ।

ਵੱਡਾ ਡਾਕਟਰ ਹਥਿਆਰ ਨਰਸ ਨੂੰ ਫੜਾਉਂਦਾ, ਢਿੱਲਾ ਜਿਹਾ ਮੂੰਹ ਕਰਕੇ ਬੋਲਿਆ, "ਦੇਖੋ ਬਈ... ਇਹਦੀ ਰੀੜ ਦੀ ਹੱਡੀ ਦੇ ਮਣਕਿਆਂ ਦੀ ਏਨੀ ਜਿਆਦਾ ਟੁੱਟ ਭੱਜ ਹੋ ਗਈ ਏ... ਇਹਦਾ ਟੀਕ ਹੋਣਾਂ ਅਸੰਭਵ ਹੀ ਨਹੀਂ ... ਕੋਸ਼ਿਸ਼ ਕਰਨਾ ਵੀ ਹੁਣ ਬੇਕਾਰ ਲੱਗਦਾ...।"

ਡਾਕਟਰ ਦੇ ਬੋਲ ਸੁਣਕੇ ਸਾਰੇ ਸੁੰਨ ਹੋ ਗਏ। ਉਸਦੇ ਵੱਲ ਦੇਖਦੇ ਹੀ ਰਹਿ ਗਏ। ਜਿਵੇਂ ਅੱਜ ਕਿੰਨੇ ਦਿਨਾਂ ਤੋਂ ਚੱਲ ਰਹੇ ਉਹਨਾਂ ਦੇ ਇਮਤਿਹਾਨ ਦਾ ਨਤੀਜਾ ਨਿਕਲ ਆਇਆ ਹੋਵੇ। ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਸਾਰਿਆਂ ਦੇ ਦਿਲ ਛਾਤੀ 'ਚੋਂ ਨਿਕਲਕੇ ਬਾਹਰ ਆਉਂਣ ਨੂੰ ਕਰਨ ਲੱਗੇ। ਅੱਖਾਂ ਫਟੀਆਂ ਦੀਆਂ ਫਟੀਆਂ ਹੀ ਰਹਿ ਗਈਆਂ । ਜਿਵੇਂ ਹੁਣੇ ਹੀ ਧਰਤੀ ਪਾਟੇਗੀ ਤੇ ਸਾਰੇ ਵਿੱਚ ਗਰਕ ਹੋ ਜਾਣਗੇ।

ਪਰ ਇਵੇਂ ਕੁਝ ਵੀ ਨਾ ਹੋਇਆ ਅੱਜ ਬਲਵੰਤ ਸਿੰਘ ਲਈ ਨਾ ਰੱਬ ਨੇ ਹੌਕਾ ਲਿਆ। ਨਾ ਧਰਤੀ ਹੀ ਫ਼ਟੀ। ਪਤਾ ਨਹੀਂ ਰੱਬ ਤੇ ਧਰਤੀ ਆਪਣੀ ਥਾਏਂ ਸਹਿਮ ਕੇ ਸੁੰਨ ਹੋ ਗਏ ਜਾਂ ਲਾਪਰਵਾਹ ਹੋ ਗਏ। ਉਹਦੇ ਭਾਅ ਦੀ ਕੀ ਪਰਲੋ ਜਿਹੀ ਆ ਗਈ ਸੀ। ਸੱਚ ਕਹਿੰਦੇ ਨੇ ਮਾੜੇ ਦੀ ਤਾਂ ਰੱਬ ਵੀ ਨੀ ਸੁਣਦਾ। ਪਰ ਡਾਕਟਰ ਦੇ ਮੂੰਹੋਂ ਨਿਕਲੇ ਬੋਲ ਬਲਵੰਤ ਸਿੰਘ ਦੇ ਪਰਿਵਾਰ ਲਈ ਤਾਂ ਅਸਿਹ ਸਨ।

"ਡਾਕਟਰ ਜੀ!... ਇੰਜ ਨਾ ਕਹੋ... ਸਾਡਾ ਤਾਂ ਤੁਹਾਡੇ ਤੱਕ ਹੀ ਜ਼ੋਰ ਏ... ਤੁਸੀਂ ਦੂਜੇ ਰੱਬ ਹੋ... ਸਾਡੇ ਲਈ ... ਕੁਝ ਤਾਂ ਕਰੋ... ਇਸ ਬੰਦੇ ਤੋਂ ਬਗੈਰ ਅਸੀਂ ਗਰੀਬ ਮਾਰੇ ਜਾਵਾਂਗੇ...।" ਬਸੰਤ ਕੌਰ ਆਪਣੇ ਪਤੀ ਲਈ ਡਾਕਟਰ ਨੂੰ ਹੱਥ ਜੋੜਦੀ ਬੋਲੀ।

"ਦੇਖੋ ਜੀ... ਅਸੀਂ ਤੁਹਾਨੂੰ ਸ਼ਪਸ਼ਟ ਦੱਸ ਦੇਣਾ ਚਹੁੰਨੇ ਆ... ਅਜੇ ਤੱਕ ਰੀੜ ਦੀ ਹੱਡੀ ਨੂੰ ਠੀਕ ਕਰਨ ਦਾ ਇਲਾਜ਼ ਦੁਨੀਆਂ 'ਚ ਤੇ ਸਾਡੇ ਕੋਲ ਨਹੀਂ ਹੈਗਾ... ਹੁਣ ਤੇ ਬਸ ਸੇਵਾ ਹੀ ਏ... ਜਿੰਨੀ ਕਰ ਸਕੋ... ਬਾਕੀ ਰੱਬ 'ਤੇ ਡੋਰੀਆਂ ... ਅਸੀਂ ਤਾਂ ਹੁਣ ਕੁਝ ਨਹੀਂ ਕਰ ਸਕਦੇ... ਜਿੰਨੀ ਵਾਹ ਲੱਗਦੀ ਸੀ, ਲਾ ਵੇਖੀ ਏ... ਇਸ ਤੋਂ ਅੱਗੇ ਤਾਂ ਸਾਡੇ ਵੀ ਹੱਥ ਖੜੇ ਨੇ, ਨਾਲੇ ਇੱਥੇ ਰੱਖਣ ਦਾ ਹੁਣ ਫੈਦਾ ਨਹੀਂ ... ਪੈਸੇ ਖਰਾਬ ਕਰਨ ਵਾਲੀ ਗੱਲ ਏ... ਘਰੇ ਲੈ ਜੋ...।" ਇੰਨਾ ਕਹਿ ਕੇ ਡਾਕਟਰ ਕਮਰੇ 'ਚੋਂ ਔਹ ਗਿਆ ਔਹ ਗਿਆ ਤੇ ਨਾਲ ਹੀ ਉਸਦਾ ਲਾਮ ਲਸ਼ਕਰ।

ਬਾਕੀ ਰਹਿ ਗਏ। ਚੁੱਪ ਗੜੁੱਪ ਹੋਏ ਇੱਕ ਦੂਜੇ ਦੇ ਮੂੰਹਾਂ ਵੱਲ ਦੇਖਣ ਵਾਲੇ। ਜਿਵੇਂ ਸਮਾਂ ਇਹਨਾਂ ਪੱਕੀਆਂ ਦੀਵਾਰਾਂ ਅੰਦਰ ਰੁਕ ਕੇ ਰਹਿ ਗਿਆ ਹੋਵੇ। ਮਸਾਣਾਂ ਵਰਗੀ ਚੁੱਪ।

ਹਾਲਾਤ ਵੱਸੋਂ ਬਾਹਰ ਹੋ ਗਏ। ਹੁਣ ਕੀ ਕਰੀਏ। ਸਾਰੇ ਇੱਕ ਦੂਜੇ ਨੂੰ ਪੁੱਛਣ ਬਹਿ ਗਏ। ਪਰ ਕੌਣ ਕਿਸੇ ਦੀ ਬਾਂਹ ਫੜ੍ਹੇ, ਸਾਰੇ ਹੀ ਤਾਂ ਪਾਣੀ 'ਚ ਡੁੱਬੇ ਹੋਏ।



ਜਦੋਂ ਏਡੇ ਵੱਡੇ ਹਸਪਤਾਲ ਦੇ ਡਾਕਟਰਾਂ ਤੋਂ ਵੀ ਆਸ ਦੀ ਕਿਰਨ ਮੱਧਮ ਪੈ ਗਈ ਤਾਂ ਕੀ ਕਰਦੇ। ਕਿਸ ਦਰਗਾਹੇ ਸਿਜਦਾ ਕਰਦੇ। ਕਿਸ ਦਰ 'ਤੇ ਮੱਥੇ ਭੰਨਦੇ। ਕਿਸਦੀ ਮਾਂ ਨੂੰ ਮਾਸੀ ਆਖਦੇ ਸਾਰੇ ਦਰਵਾਜ਼ੇ ਤਾਂ ਬੰਦ ਹੋ ਗਏ। ਨਾ ਬਲਵੰਤ ਸਿੰਘ ਲਈ ਰਾਮ ਬਹੁੜਿਆ ਨਾ ਸੰਜੀਵਨੀ ਬੂਟੀ ਵਾਲਾ ਹਨੂਮਾਨ।

ਲੱਕ ਬਲਵੰਤ ਸਿੰਘ ਦਾ ਟੁੱਟਾ ਸੋ ਟੁੱਟਾ ਹੁਣ ਤਾਂ ਸਾਰੇ ਟੱਬਰ ਦਾ ਲੱਕ ਟੁੱਟ ਕੇ ਰਹਿ ਗਿਆ ਸੀ। ਨਾ ਘਰ ਦੇ ਰਹੇ ਨਾ ਘਾਟ ਦੇ। ਪੈਸੇ ਧੇਲੇ ਵੱਲੋਂ ਕਚੂਮਰ ਤਾਂ ਨਿਕਲ ਚੁੱਕਾ ਸੀ। ਹੁਣ ਤਾਂ ਕੰਧ ਤੇ ਲਿਖਿਆ ਵੀ ਉਹਨਾਂ ਪੜ੍ਹ ਲਿਆ ਸੀ।

ਬੂਥੀਆਂ ਲਟਕਾਈ ਨਿਆਸਰੇ ਜਿਹੇ। ਰੋਂਦਿਆਂ-ਕੁਰਲਾਉਂਦਿਆਂ। ਬਲਵੰਤ ਸਿੰਘ ਦੇ ਲੋਥ ਵਰਗੇ ਸਰੀਰ ਨੂੰ ਟਰਾਲੀ 'ਚ ਲੱਦ ਲਿਆ ਸੀ। ਡਿੱਕੋ ਡੋਲੇ ਖਾਂਦੇ ਪਿੰਡ ਨੂੰ ਚਲ ਪਏ। ਜਿਵੇਂ ਪਿਛਲੇ ਸਾਲ ਮੀਹਾਂ ਨਾਲ ਖ਼ਰਾਬ ਹੋ ਕੇ ਕਾਲੀ ਹੋਈ ਕਣਕ ਨੂੰ ਮੰਡੀਆਂ ਵਾਲਿਆਂ ਵੱਲੋਂ ਫਟਕਾਰਨ 'ਤੇ ਕਿਸਾਨ ਦੁਬਾਰਾ ਚੁੱਕ ਕੇ ਵਾਪਸ ਘਰਾਂ ਨੂੰ ਅੱਥਰੂ ਕੇਰਦੇ ਲੈ ਆਏ ਸਨ। ਨਾ ਸੁੱਟਣ ਜੋਗੇ ਨਾ ਰੱਖਣ ਜੋਗੇ।

ਘਰਦੇ ਵਿਹੜੇ 'ਚ ਮੰਜੇ 'ਤੇ ਲਿਆ ਪਾਇਆ ਤਾਂ ਸਾਰਾ ਪਿੰਡ ਉਸਦੇ ਦੁਆਲੇ 'ਕੱਠਾ ਹੋ ਗਿਆ। 'ਹੈਂ! ਕੀ ਲੈ ਕੇ ਗਏ ਸਨ ਤੇ ਕੀ ਲੈ ਆਏ ਨੇ...। ਇਹ ਉਹੋ ਬਲਵੰਤ ਸਿੰਘ ਏ। ਮੰਜੇ 'ਤੇ ਪਿਆ ਨਾ ਲੱਭੇ। ਜਾਗੋ ਮੀਟੀ ਕਰਦੀਆਂ ਅੱਖਾਂ, ਕੁੱਕੜ ਕੁ ਜਿੰਨਾ ਸਰੀਰ ਵਿੱਚ ਹੀ ਪਿਸ਼ਾਬ ਕਰੀ ਜਾਵੇ। ਉਸਨੂੰ ਪਤਾ ਹੀ ਨਾ ਲੱਗਦਾ। ਲਾਗੇ ਜਾਂਦਿਆਂ ਪਿਸ਼ਾਬ ਦੀ ਤਲੂਸਾਂ ਆਉਂਦਿਆਂ। ... ਗਭਰੂਆਂ ਵਰਗੀ ਦੇਹ ਦੇ ਮਾਲਕ ਦਾ ਇਹ ਹਾਲ... ਹਰ ਵੇਲੇ ਟਹਿਕਣ ਵਾਲਾ, ਕੰਮ ਦੀਆਂ ਭੰਬੀਰੀਆਂ ਭਵਾਉਣਾ ਵਾਲਾ... ਭਲਾ ਲੋਕ... ਖੌਰੇ ਪਿਛਲੇ ਜਨਮਾਂ ਦਾ ਪਾਪ ਅੱਗੇ ਆਇਐ... ਹੁਣ ਤੇ ਘੜੀ ਪਲ ਦਾ ਪ੍ਰਹੌਣਾ ਲੱਗਦੈ... ਪਾਣੀ ਦਾ ਬੁਲਬੁਲਾ ਹੀ ਬਣਕੇ ਰਹਿ ਗਿਐ... ਇਹਨੂੰ ਤਾਂ ਇਹ ਵੀ ਪਤਾ ਨੀਂ ਲੱਗਦਾ, ਕੌਣ ਆਇਐ ... ਕੌਣ ਗਿਐ... ਬੱਲੇ ਓਏ ਸ਼ੇਰਾ ... ਬੰਦੇ ਦੀ ਸੱਚੀ ਕੋਈ ਮੁਨਿਆਦ ਨਹੀਂ ...।" ਨੱਕ ਮੂੰਹ ਢੱਕਦੇ ਬਲਵੰਤ ਸਿੰਘ ਬਾਰੇ ਕੋਈ ਕੁਝ ਕਹਿੰਦਾ ਕੋਈ ਕੁਝ। ਕੁਝ ਗੱਲਾਂ ਕਰਦੇ ਤਰਾਹ ਤਰਾਹ ਕਰਦੇ। ਕੋਈ ਦੇਖ ਕੇ ਅੱਖਾਂ 'ਚੋਂ ਗਲੇਡੂ ਸੁੱਟਦਾ।

ਪਹਿਲਾਂ ਤਾਂ ਕਿੰਨੇ ਦਿਨ ਉਸਦੇ ਜੀਵਨ ਬਚ ਜਾਣ ਲਈ ਰੱਬ ਨੂੰ ਅਰਦਾਸਾਂ ਕਰਦੇ ਨਹੀਂ ਸੀ ਥੱਕਦੇ। ਤੇ ਹੁਣ ਇਸ ਤਰਸਯੋਗ ਹਾਲਤ ਨੂੰ ਦੇਖਕੇ, ਸਾਰਾ ਟੱਬਰ ਰੱਬ ਵੱਲ ਅੱਖਾਂ ਕਰਕੇ ਅਰਦਾਸਾਂ ਕਰਦਾ, 'ਓ ਰੱਬਾ ! ਜੇ ਤੂੰ ਇਹਨੂੰ ਠੀਕ ਨਹੀਂ ਕਰ ਸਕਦਾ ਤਾਂ ਲੈ ਜਾ ਆਪਣੇ ਕੋਲ... ਲੈ ... ਜਾ । ਅਸੀਂ ਇਹਦਾ ਦੁੱਖ ਦੇਖ ਕੇ ਜੀਅ ਨਹੀਂ ਸਕਦੇ... ਇਹ ਮੌਤ ਨਾਲ ਘੁਲ ਘੁਲ ਮਰੂ ਤੇ ਅਸੀਂ ਇਹਨੂੰ ਦੇਖ ਦੇਖ ...।"

ਪਿੰਡ ਦਾ ਨੀਮ ਹਕੀਮ ਡਾਕਟਰ ਰੋਜ਼ ਘਰ ਆਉਂਦਾ। ਦੋ ਟੀਕੇ ਲਾ ਕੇ ਚਾਲੀ ਪੰਜਾਹ ਰੁਪਈਏ ਹਰੇ ਕਰਕੇ ਚਲਾ ਜਾਂਦਾ।

ਫਾਇਦਾ ਤਾਂ ਇਹਨਾਂ ਟੀਕਿਆਂ ਨਾਲ ਕੀ ਹੋਣਾਂ ਸੀ। ਹ ਤਾਂ ਅੱਗੇ ਹੀ ਲੱਭਦਾ ਸੀ। ਬਸ ਲੋਕ ਲਾਜ ਰੱਖਣ ਖਾਤਰ। ਲੋਕ ਇਹ ਨਾ ਕਹਿਣ ਇਲਾਜ਼ ਖੁਣੋ ਘਰ ਲਿਆਣ ਕੇ ਮਾਰ ਸੁੱਟਿਐ।

ਅੱਜ ਤਾਂ ਹਾਲਤ ਹੋਰ ਜ਼ਿਆਦਾ ਨਿੱਘਰ ਰਹੀ ਸੀ। ਪਾਣੀ ਦਾ ਘੁੱਟ ਵੀ ਅੰਦਰ ਨਹੀਂ ਸੀ ਲੰਘ ਰਿਹਾ। ਪਾਸੇ ਨੂੰ ਵਗ ਜਾਂਦਾ। ਤੇ ਕਰੜ-ਬਰੜ ਦਾਹੜੀ 'ਚੋਂ ਦੀ ਹੁੰਦਾ ਹੋਇਆ, ਸਰਾਣਾ ਭਿਉਂ ਦਿੰਦਾ।

ਆਖਰੀ ਸਾਹ ਲੈਂਦਿਆਂ ਬਲਵੰਤ ਸਿੰਘ ਦੇ ਦੁਆਲੇ ਜਦੋਂ ਟੱਬਰ ਦਾ ਝੁਰਮਟ ਪਿਆ ਹੋਇਆ ਸੀ ਤਾਂ ਉਹਨੇ ਬੇਹੋਸ਼ੀ ਜਿਹੀ 'ਚ ਬੁੱਲ ਹਿਲਾਏ, "ਕਣਕ... ਪਾ... ੀ...।' ਮੂੰਹ 'ਚ ਹੀ ਬਲਵੰਤ ਸਿੰਘ ਬਕੜਵਾਹ ਜਿਹੀ ਕਰੀ ਗਿਆ।

ਸਾਰੇ ਸੁਣਕੇ ਹੈਰਾਨ ਹੋਏ। ਇਸ ਹਾਲਤ 'ਚ ਵੀ ਇਹਨੂੰ ਕਣਕ ਦਾ ਫ਼ਿਕਰ ਐ। ਪਰ ਟੱਬਰ ਦੇ ਚੇਤਿਆਂ 'ਚੋਂ ਉਦੋਂ ਤੋਂ ਹੀ ਫ਼ਸਲ ਪਾਣੀ ਵਿਸਰ ਗਿਆ ਸੀ, ਜਿਸ ਦਿਨ ਦਾ ਉਸਨੂੰ ਕਰੰਟ ਲੱਗਿਆ ਸੀ।

ਘਰ ਦੇ ਜੀਅ ਬਲਵੰਤ ਸਿੰਘ ਦੇ ਕਣਕ ਨੂੰ ਪਾਣੀ ਲਾਉਣ ਦੇ ਫ਼ਿਕਰ ਬਾਰੇ ਗੱਲਾਂ ਹੀ ਕਰ ਰਹੇ ਸਨ। ਉਧਰ ਬਲਵੰਤ ਸਿੰਘ ਦੀਆਂ ਅੱਖਾਂ ਇੱਕਦਮ ਤਾੜੇ ਲੱਗ ਗਈਆਂ ਮੂੰਹ ਅੱਡਿਆ ਰਹਿ

ਗਿਆ। ਉਸਦੇ ਸਾਹਾਂ ਵਾਲੀ ਘੁੱਗੀ ਥੱਕ ਹਾਰ ਆਖਰ ਚੁੱਪ ਕਰ ਗਈ।

ਪਿੱਟ-ਸਿਆਪਾ ਸ਼ੁਰੂ ਹੋ ਗਿਆ। ਨਾਲੇ ਹੁਣ ਰੋਣਾ ਧੋਣਾ ਵੀ ਕਾਹਦਾ ਰਹਿ ਗਿਆ ਸੀ। ਬਸ ਰਸਮੀ ਜਿਹਾ। ਸਾਰੇ ਏਸ ਘੜੀ ਨੂੰ ਉਡੀਕ ਹੀ ਤਾਂ ਰਹੇ ਸਨ। ਚਲੋ ਰੱਬ ਨੇ ਇਹ ਅਰਦਾਸ ਤਾਂ ਉਹਨਾਂ ਦੀ ਛੇਤੀ ਸੁਣ ਲਈ ਸੀ। ਇਸ ਗੱਲ ’ਚ ਵੀ ਉਹਨਾਂ ਰੱਬ ਦਾ ਸ਼ੁਕਰ ਕੀਤਾ। ਭਰੇ ਮਨ ਨਾਲ ਉਸਨੂੰ ਉਡੀਕ ਰਹੀਆਂ ਮੜੀਆਂ ’ਚ ਲਾਂਬੂ ਜਾ ਲਾਇਆ। ਝੱਟ ਹੀ ਤਾਂ ਸੜ ਕੇ ਸੁਆਹ ਹੋ ਗਿਆ। ਉਸ ’ਚ ਸੜਨ ਵਾਲਾ ਰਹਿ ਹੀ ਕਿੰਨਾ ਕੁ ਗਿਆ ਸੀ। ਅੱਖ ਪਲਕਾਰੇ ’ਚ ਬਲਵੰਤ ਸਿੰਘ ਦੀ ਸਰੀਰਕ ਹੋਂਦ ਵੀ ਖਤਮ ਹੋ ਗਈ ਸੀ। ਹੁਣ ਰਹਿ ਗਈਆਂ ਸਨ, ਬਸ ਬਲਵੰਤ ਸਿੰਘ ਦੀਆਂ ਚੰਗੀਆਂ ਮਾੜੀਆਂ ਯਾਦਾਂ। ਜਿਹਨਾਂ ਨੂੰ ਯਾਦ ਕਰਦੇ ਕਰਦੇ ਲੋਕ ਖਿੰਡ ਪੁੰਡ ਗਏ।

ਕਿੰਨੇ ਦਿਨ ਹੋਰ ਛੋਟੀਆਂ ਮੋਟੀਆਂ ਅੰਤਿਮ ਰਸਮਾਂ ਹੁੰਦੀਆਂ ਰਹੀਆਂ। ਘਰ ਦੇ ਮੈਂਬਰ ਵਿਹੜੇ ’ਚ ਪੱਲੀਆਂ ਵਿਛਾ ਕੇ ਬੈਠੇ ਰਹਿੰਦੇ। ਲੋਕ ਅਫਸੋਸ ਕਰਨ ਆਉਂਦੇ। ਵਾਰ ਵਾਰ ਉਹੋ ਹੀ ਗੱਲਾਂ। ਕਰੰਟ ਲੱਗਣ ਤੋਂ ਮਰਨ ਤੱਕ ਦੀਆਂ ਕਹਾਣੀਆਂ ਜੱਗ ਬੀਤੀਆਂ। ਇਹ ਗੱਲਾਂ ਸੁਣ ਸੁਣ ਕੇ ਉਹਨਾਂ ਦੇ ਮੂੰਹ ਵੀ ਹੁਣ ਬਕਬਕੇ ਹੋ ਗਏ ਸਨ।

ਅੰਤਿਮ ਰਸਮਾਂ ਵੀ ਅੱਜ ਮੁੱਕ ਗਈਆਂ। ਵਿਹਲੇ ਹੋ ਗਏ। ਘਰ ਖਾਲੀ ਖਾਲੀ ਲੱਗੇ। ਭਾਂਅ ਭਾਂਅ ਕਰਦਾ। ਘਰਦਾ ਹਰ ਜੀਅ-ਡੌਰ ਭੌਰ ਜਿਹਾ ਹੋਇਆ, ਇੱਕ ਦੂਜੇ ਵੱਲ ਦੇਖਦਾ। ਜਿਵੇਂ ਇੰਨੇ ਦਿਨ ਕਿਤੇ ਦੂਰ ਚਲੇ ਗਏ ਹੋਣ ਤੇ ਅੱਜ ਇੱਕ ਦੂਜੇ ਨੂੰ ਪਛਾਣ ਰਹੇ ਹੋਣ। ਚਿਹਰੇ ਧੁੰਦਲੇ ਧੁੰਦਲੇ। ਥੱਕੇ ਥੱਕੇ ਮਟਮੈਲੇ ਜਿਹੇ।

ਸਿਰ ’ਤੇ ਮੋਟੀ ਰਕਮ ਦੇ ਕਰਜੇ ਨੂੰ ਉਂਗਲਾਂ ’ਤੇ ਗਿਨਣ ਬਹਿ ਗਏ ਤੇ ਫਿਰ ਗਿਣਦੇ ਹੀ ਚਲੇ ਗਏ। ਸਾਹ ਉਤਾਂਹ ਦੇ ਉਤਾਂਹ, ਠਾਂਹ ਦੇ ਠਾਂਹ ਹੀ ਰਹਿ ਗਏ। ਨਾੜਾ ਅੰਦਰਲਾ ਸੜਿਆ ਖੂਨ ਵੀ ਤੇਜ ਚੱਲਣ ਲੱਗਾ। ਕਰਨੈਲ ਤੇ ਅਵਤਾਰ ਇਹਨਾਂ ਫਿਕਰਾਂ ’ਚ ਗੁੰਮ ਗੁੰਮ ਹੋ ਗਏ। ਬੌਖਲਾਹਟ ’ਚ ਆ ਗਏ।

ਪਰ ਇਹ ਕੁਝ ਦੇਖਦਿਆਂ ਸੁਣਦਿਆਂ ਤੇ ਸਮਝਦਿਆਂ ਹੋਇਆ ਵੀ ਉਹਨਾਂ ਦੇ ਕੰਮ ਨੂੰ ਹੱਥ ਲਾਉਂਣ ਨੂੰ ਅਜੇ ਵੀ ਚਿੱਤ ਨਹੀਂ ਸੀ ਕਰ ਰਿਹਾ। ਬਾਪੂ ਦੇ ਤੁਰ ਜਾਣ ਨਾਲ ਜਿਵੇਂ ਉਹਨਾਂ ਅੰਦਰਲੀ ਮਾੜੀ ਮੋਟੀ ਹਿੰਮਤ ਵੀ ਨਾਲ ਹੀ ਤੁਰ ਗਈ ਜਾਪਦੀ।

ਆਲਸੀ ਹੋਏ। ਡੌਰ ਭੌਰ ਜਿਹੇ ਘਰੇ ਹੀ ਬੈਠੇ ਛੱਤਾਂ ਦੇ ਬਾਲੇ ਗਿਣਦੇ ਰਹਿੰਦੇ। ਜਿਵੇਂ ਕਿਸੇ ਰੱਬੀ ਦੇਵਤੇ ਦੇ ਉਤਰਣ ਦੀ ਉਡੀਕ ਕਰ ਰਹੇ ਹੋਣ।

ਕਦੇ ਇੱਥੇ ਬਹਿ ਕਦੇ ਉੱਥੇ। ਬਸੰਤ ਕੌਰ ਇੱਕ ਦਿਨ ਸਿਰੋਂ ਪਾਣੀ ਲੰਘਦਾ ਦੇਖਕੇ ਗੁੱਸੇ ’ਚ ਆ ਗਈ।

“ਵੇ! ਪਿਓ ਤਾਂ ਤੁਹਾਡਾ ਸਾਨੂੰ ਅਧਮੋਏ ਕਰਕੇ ਸੁੱਟ ਗਿਐ... ਹੁਣ ਤੁਹੀਂ ਟੱਬਰ ਨੂੰ ਦੋ ਵੇਲੇ ਦੀ ਰੋਟੀ ਤੋਂ ਵੀ ਮੁਹਤਾਜ ਕਰਵਾਓਗੇ... ਲੱਗਦੈ ਸਾਡੇ ਭੁੱਖੇ ਮਰਨ ਦੇ ਦਿਨ ਆ ਗਏ ਨੇ...।”

“ਬੀਬੀ ਤੂੰ ਹੀ ਦੱਸ ਅਸੀਂ ਕੀ ਕਰੀਏ...।” ਕਰਨੈਲ ਮੱਥੇ ’ਤੇ ਤਿਉੜੀਆਂ ਪਾਉਂਦਾ ਬੋਲਿਆ।

“ਕੰਮ ਕਰੋ... ਖੇਤਾਂ ਨੂੰ ਜਾਵੋ... ਦੇਖੋ ਉੱਥੇ ਦਾ ਹਾਲ-ਚਾਲ ਜਾ ਕੇ...।”

“ਬੀਬੀ , ਦੱਸ ਪੜ੍ਹਾਈਆਂ ਅਸੀਂ ਮਿੱਟੀ ਘੱਟੇ ’ਚ ਰੁਲਣ ਨੂੰ ਕੀਤੀਐ... ਜੇ ਸਾਨੂੰ ਖੋਤਿਆਂ ਦੀ ਜੂਨੇ ਹੀ ਪਾਉਣਾਂ ਸੀ ਤਾਂ ਫਿਰ ਸਾਨੂੰ ਪੜ੍ਹਾਇਆ ਕਿਉਂ ... ਨਾਲੇ ਭਾਪਾ ਸਾਰੀ ਉਮਰ ਮਿੱਟੀ ਨਾਲ ਮਿੱਟੀ ਹੁੰਦਾ ਰਿਹਾ... ਜੇ ਉਹਨੂੰ ਸਾਰੀ ਉਮਰ ਇਸ ’ਚੋਂ ਕੁਝ ਨੀਂ ਮਿਲਿਆ ਤਾਂ ਸਾਨੂੰ ਉੱਥੇ ਅਪਣਾ ਚੰਮ ਸਾੜਦਿਆਂ ਕਿਹੜੀ ਗਿੱਦੜਸਿੰਙੀ ਲੱਭ ਪਊ...।” ਵੱਡਾ ਮੁੰਡਾ ਅਵਤਾਰ ਸਿਰ ਮਾਰਦਾ ਬੋਲਿਆ।

“ਪੁੱਤ ਅਵਤਾਰ ... ਪੜ੍ਹਾਈਆਂ ਦਾ ਮਤਲਬ ਇਹ ਤਾਂ ਨੀ ਕਿ ਹੋਰ ਕੰਮਾਂ ਨੂੰ ਹੱਥ ਨੀਂ ਲਾਉਣਾਂ ਹੁੰਦਾ ... ਪੜ੍ਹਾਈ ਤਾਂ ਅਕਲ ਲਿਆਉਂਣ ਲਈ ਹੁੰਦੀ ਏ... ਆਖਰ ਇਹ ਜ਼ਮੀਨਾਂ ਵੀ ਤਾਂ ਆਉਣ ਵਾਲੇ ਸਮੇਂ ’ਚ ਪੜ੍ਹੇ-ਲਿਖਿਆਂ ਨੇ ਹੀ ਤਾਂ ਵਾਹੁਣੀਆਂ ਨੇ, ਨਵੇਂ ਨਵੇਂ ਢੰਗਾਂ ਨਾਲ... ਹੋਰ ਸਾਰੀ ਦੁਨੀਆਂ ਨੇ ਨੌਕਰੀਆਂ ਹੀ ਥੋੜ੍ਹੀ ਕਰਨੀਆਂ ਹੁੰਦੀਆਂ... ਨਾਲੇ ਪੁੱਤਰੋਂ ਜਿਹਨਾਂ ਜ਼ਮੀਨਾਂ ’ਚੋਂ ਪੈਦਾ ਹੋਏ ਅੰਨ ਨੂੰ ਖਾ ਕੇ ਸੰਸਾਰ ਚੱਲਦੈ, ਉਸਨੂੰ ਕਿਉਂ ਮਾੜਾ ਕਹੀਏ।”

“ਬੀਬੀ ਤੂੰ ਤਾਂ ਪਤਾ ਨਹੀਂ ਕਿਹੜੇ ਸੱਤਯੁਗ ਦੀਆਂ ਗੱਲਾਂ ਲੈ ਕੇ ਬਹਿ ਗਈ... ਨਵੇਂ ਨਵੇਂ ਢੰਗਾਂ ਨਾਲ ਖੇਤੀ ਸੁਆਹ ਕਰਨੀ ਏ... ਖਾਦਾ , ਬੀਜ ਤੇਲ ਬਿਜਾਈਆਂ, ਦਵਾਈਆਂ, ਬਿਜਲੀ



ਬਿੱਲ, ਸਾਂਭ ਸੰਭਾਲ ... ਕਿੰਨਾ ਕੁਝ ਤੇ ਕਿੰਨਾ ਮਹਿੰਗਾ ਹੋ ਗਿਐ... ਫਸਲ ਪੱਕੀ ਨੂੰ ਮੰਡੀਆਂ ’ਚ ਪੁੱਛਦਾ ਕੋਈ ਨਹੀਂ... ਉਲਟਾ ਫ਼ਸਲ ਵੇਚਣ ਲਈ ਸੜਕਾਂ ’ਤੇ ਧਰਨੇ ਦਿਓ... ਟਰੈਫਕਾਂ ਜ਼ਾਮ ਕਰੋ... ਦੱਸ ਏਸ ਖੇਤੀ ’ਚ ਪਿਆ ਹੀ ਕੀ ਏ... ਹਰ ਵੇਲੇ ਦਾ ਕਲੇਸ਼ ... ਇਹ ਜ਼ਮੀਨ ਹੀ ਤਾਂ ਸਾਡੇ ਪਿਓ ਨੂੰ ਲੈ ਕੇ ਬਹਿ ਗਈ। ਭਾਪਾ ਸਾਰੀ ਉਮਰ ਪੰਜਾਂ ਕਿੱਲਿਆ ’ਚ ਵਾਹੀ ਕਰਦਾ ਰਿਹਾ. ਦੱਸ ਛੇਵਾਂ ਕਿੱਲਾ ਤੱਕ ਨਹੀਂ ਖਰੀਦ ਸਕਿਆ... ਸਾਡਾ ਤਾਂ ਫਿਰ ਉਹ ਹਾਲ ਹੋਇਆ... ਕੰਮ ਕਰੋ ਤੇ ਰੋਟੀ ਖਾਓ। ਨਹੀਂ ਤਾਂ ਭੁੱਖੇ ਮਰੋ। ਇਹ ਵੀ ਕੋਈ ਜੀਣੈਂ... ਇਹਦੇ ਨਾਲੋਂ ਤੇ ਮੰਗ ਕੇ ਖਾ ਲੈਣਾ ਚੰਗੈ... ਮੰਗਤੇ ਵੀ ਚੰਗੇ ਦਿਹਾੜੀ ਪਾ ਲੈਂਦੇ ਨੇ... ਰੋਜ਼ ਪੈਸੇ ਦੇਖਦੇ ਨੇ...ਅਸੀਂ ਛੇ ਮਹੀਨਿਆਂ ਬਾਅਦ ਦੇਖਦੇ ਆ... ਬਸ ਉਹ ਵੀ ਇੱਕ ਝਲਕ ... ਲੁੱਟ ਕੇ ਤਾਂ ਪਹਿਲਾਂ ਹੀ ਬਾਣੀਏ ਲੈ ਜਾਂਦੇ ਨੇ...।” ਅਵਤਾਰ ਆਪਣਾਂ ਸਾਰਾ ਗੁੱਭ ਗੁਭਾਟ ਕੱਢਦਾ ਲਗਾਤਾਰ ਬੋਲਦਾ ਗਿਆ।

“ਸੁਣ ਕਾਕਾ ... ਉਹ ਮੈਂ ਜਾਣਦੀ ਆਂ... ਪਰ ਹੁਣ ਇਹਨਾਂ ਗੱਲਾਂ ਦਾ ਕੋਈ ਫੈਦਾ... ਨੌਕਰੀ ਨਹੀਂ ਤਾਂ ਘੱਟੋ ਘੱਟ ਰੋਟੀ ਪਾਣੀ ਲਈ ਘਰਦੀ ਖੇਤੀ ਤੇ ਮਾੜੀ ਨਹੀਂ... ਤੁਹਾਡਾ ਪਿਓ ਮਰਦਾ ਮਰਦਾ ਵੀ ਕਣਕ ਨੂੰ ਪਾਣੀ ਲੌਣ ਦੀ ਗੱਲ ਕਹਿ ਗਿਐ। ਉਹਨੇ ਤਾਂ ਖੇਤੀ ਨੂੰ ਕਦੇ ਮਾੜਾ ਨੀਂ ਕਿਹਾ... ਤੁਸੀਂ ਢੱਗਿਆ ਵਰਗੇ ਓ... ਘਰ ਬੈਠੇ ਰਹੋਗੇ ਤਾਂ ਫਸਲਾਂ ਰਹਿੰਦੀਆਂ ਖੂੰਹਦੀਆਂ ਵੀ ਬਰਬਾਦ ਹੋ ਜਾਣਗੀਆਂ। ਇਹ ਤਾਂ ਜ਼ਿੰਮੀਦਾਰਾਂ ਦੀ ਜਿੰਦ-ਜਾਨ ਹੁੰਦੀਆਂ ਨੇ... ਉਠੋ ਹੰਬਲਾ ਮਾਰੋ... ਦਿਲ ਛੋਟੇ ਨਾ ਕਰੋ... ਜੇ ਕਿਸਮਤ ’ਚ ਹੋਇਆ ਤਾਂ ਨੌਕਰੀਆਂ ਵੀ ਕਦੇ ਲੱਗ ਜਾਣਗੀਆਂ।”

“ਦਿਲ ਛੋਟੇ ਨਾ ਕਰੀਏ ਤਾਂ ਹੋਰ ਕੀ ਕਰੀਏ... ਪੜ੍ਹਾਈਆਂ ਕਰਨ ਦਾ ਕੋਈ ਫੈਦਾ... ਮੈਂ ਭਾਪੇ ਨੂੰ ਬਥੇਰਾ ਕਿਹਾ ਇੱਕ ਦੋ ਕਿੱਲੇ ਵੇਚਕੇ ਮੈਨੂੰ ਬਾਹਰ ਕੇਨੈਡਾ ਭੇਜਦੇ... ਸਾਰੇ ਧੋਣੇ ਧੋ ਦੇਵਾਂਗਾ... ਪਰ ਭਾਪਾ ਇੱਕ ਨਾ ਮੰਨਿਆ। ਕਹਿੰਦਾ ਮੈਂ ਜਾਨ ਨਾਲੋਂ ਵਧ ਸੰਵਾਰੀ ਜ਼ਮੀਨ ਦਾ ਇੰਚ ਨਹੀਂ ਵੇਚਾਂਗਾ... ਦੱਸ ਹੁਣ ਇਹਨਾਂ ਪੈਲੀਆਂ ’ਚ ਬੈਠਕੇ ਘੱਟਾ ਛਾਣੀਏ, ਆਪਣੇ ਸਿਰਾਂ ’ਚ ਪਾਉਂਣ ਲਈ... ਅਨਪੜ੍ਹ ਮੁੰਡੇ ਬਾਹਰਲੇ ਦੇਸ਼ਾਂ ’ਚ ਜਾ ਕੇ ਡਾਲਰਾਂ ਪੌਡਾਂ ਨਾਲ ਮਾਲੋਮਾਨ ਹੋਏ ਪਏ ਨੇ... ਕੋਠੀਆਂ ਕਾਰਾਂ ’ਚ ਘੁੰਮਦੇ ਨੇ, ਤੇ ਅਸੀਂ ਟੋਕਰਾ ਟੋਕਰਾ ਜਮਾਤਾਂ ਦਾ ਪੜ੍ਹਕੇ ਵੀ ਦੋ ਟਕੇ ਦੇ ਮਾਲਕ ਨਹੀਂ ...।” ਹਵਾ ’ਚ ਹੱਥ ਮਾਰਦਾ ਕਰਨੈਲ ਵੀ ਬੋਲਣ ਲੱਗਿਆ ਵੱਡੇ ਭਰਾ ਤੋਂ ਪਿੱਛੇ ਨਾ ਰਿਹਾ।

“ਕਰਨੈਲ ਪੁੱਤ ... ਰੱਬ ਤੋਂ ਕੁਝ ਸਬਰ ਵੀ ਮੰਗੀਦੈ... ਚਲੋ ਜੋ ਸਾਡੇ ਕੋਲ ਬਹੁਤਾ ਨਹੀਂ ਤਾਂ ਮਾੜੀ ਮੋਟੀ ਖੇਤੀ ਹੀ ਸਹੀ... ਹੋਰ ਪੁੱਤਰੋ ਮੈਂ ਤੁਹਾਨੂੰ ਕੀ ਸਮਝਾਵਾਂ... ਹੁਣ ਤੇ ਸਾਰੇ ਟੱਬਰ ਨੂੰ ਤੁਹਾਡੇ ’ਤੇ ਆਸਾਂ ... ਤੁਹਾਡਾ ਰਾਜ ਏ, ਜੋ ਮਰਜੀ ਕਰੋ... ਮੇਰਾ ਤਾਂ ਸਮਝਾਉਣਾ ਫ਼ਰਜ ਸੀ।” ਬਸੰਤ ਕੌਰ ਮੁੰਡਿਆਂ ਅੱਗੇ ਹੱਥ ਜੋੜਦੀ ਡੁਸਕਣ ਲੱਗ ਪਈ ਤੇ ਉੱਚੀ ਉੱਚੀ ਹੌਕੇ ਲੈਣ ਲੱਗ ਪਈ। ਰੋਈ ਹੀ ਗਈ। ਜਿਵੇਂ ਰੋਣ ਵਾਲਾ ਉਸਦਾ ਅੱਜ ਪੜ ਹੀ ਪਾਟ ਗਿਆ ਹੋਵੇ। ਦੋਵੇਂ ਮਾਂ ਵੱਲ ਹੈਰਾਨੀ ਨਾਲ ਦੇਖਣ ਲੱਗ ਪਏ।

ਸੱਚੀ ਅੱਜ ਖੇਤੀ ਉਹਨਾਂ ਲਈ ਸਰਾਪ ਬਣ ਬੈਠੀ ਸੀ। ਉਹ ਮਾਂ ਦੇ ਰੋਣ ਵਿਚਲੇ ਅਰਥਾਂ ਨੂੰ ਸਮਝਦੇ। ਪਰ ਕੀ ਕਰਨ। ਪੜ੍ਹਾਈਆਂ ਤੇ ਡਿਗਰੀਆਂ ਜਿਵੇਂ ਉਹਨਾਂ ਦੇ ਗਲੇ ਦਾ ਫਾਹ ਬਣ ਬੈਠੀਆਂ ਸਨ। ਨਾ ਇਹਨਾਂ ਡਿਗਰੀਆਂ ਨੇ ਨੌਕਰੀਆਂ ਕਰਨ ਜੋਗੇ ਛੱਡਿਆ ਨਾ ਨਿੱਕੇ ਮੋਟੇ ਕੰਮ ਕਰਨ ਯੋਗੇ।

ਹੁਣ ਉਹ ਸੋਚਦੇ ਪੜ੍ਹਾਈਆਂ ਕਰਨ ਤੇ ਫਿਰ ਨੌਕਰੀਆਂ ਕਰਨ ਦਾ ਮਤਲਬ ਵੀ ਤਾਂ ਬਸ ਰੋਟੀ ਪਾਣੀ ਦਾ ਆਹਰ ਹੀ ਹੁੰਦੈ।

ਆਮ ਬੰਦੇ ਨਾਲੋਂ ਚੰਗਾ ਰੋਟੀ ਪਾਣੀ ਦਾ ਸਿਲਸਿਲਾ।

ਖੇਤੀ ਤੋਂ ਬਗ਼ੈਰ ਉਹਨਾਂ ਦੇ ਕਿਹੜੇ ਕਾਰੋਬਾਰ ਚੱਲਦੇ ਸਨ। ਜਿੱਥੇ ਉਹ ਬੈਠ ਜਾਂਦੇ। ਅਫ਼ਸਰ ਬਨਣ ਦੇ ਸੁਪਨੇ ਤਾਂ ਹੁਣ ਸਮੇਂ ਦੀ ਧੂੜ ’ਚ ਧੁੰਦਲੇ ਹੁੰਦੇ ਜਾ ਰਹੇ। ਅੱਜ ਉਹਨਾਂ ਨੂੰ ਲੱਗਿਆ, ਘਾਹੀਆਂ ਦੇ ਪੁੱਤਾਂ ਨੇ ਤਾਂ ਆਖਰ ਘਾਹ ਹੀ ਖੋਤਣਾ ਹੁੰਦੈ।

ਦੋਵੇਂ ਸੋਚ ਰਹੇ ਸਨ। ਸੋਚਦਿਆਂ ਸੋਚਦਿਆਂ ਧਿਆਨ ਸਾਹਮਣੇ ਤੂੜੀ ਵਾਲੇ ਕੱਚੇ ਢਾਰੇ ’ਤੇ ਪਿਆ। ਠੰਡ ’ਚ ਨੁੱਕਰੇ ਲੱਗੀਆਂ ਦੋ ਕਹੀਆਂ ਲਾਵਾਰਸ ਹਾਲਤ ’ਚ ਪਈਆਂ ਕਈ ਦਿਨਾਂ ਤੋਂ ਵਿਹਲੀਆਂ ਉਹ ਵੀ ਉਹਨਾਂ ਨੂੰ ਘੂਰਦੀਆਂ ਦਿਖਾਈ ਦਿੱਤੀਆਂ। ਜਿਵੇਂ ਉਹ ਅੱਕੀਆਂ ਅੱਜ ਉਹਨਾਂ ਨੂੰ ਬੇਸ਼ਰਮ ਕਰਨ ਲੱਗ ਪਈਆਂ ਹੋਣ।

ਦੋਵੇਂ ਇੱਕ ਵੱਡੀ ਨਿਰਾਸਤਾ ਲੈ ਕੇ ਗੋਡਿਆ ’ਤੇ ਹੱਥ ਰੱਖਕੇ ਉੱਠੇ ਤੇ ਮੂੰਹ ਚਿੜ੍ਹਾ ਰਹੀਆਂ ਕਹੀਆਂ ਨੂੰ ਮੋਢਿਆ ’ਤੇ ਰੱਖਕੇ ਕਿਸੇ ਦੁਚਿਤੀ ’ਚ ਆਪਣੇ ਖੇਤਾਂ ਨੂੰ ਚਲ ਪਏ।

## ਨਾਵਲ ਕਾਂਡ / **ਮਰਸੀਆਂ** / ਗੁਰਮੀਤ ਕੜਿਆਲਵੀ

ਪਿੰਡ ਵਿੱਚ ਜਦੋਂ ਵੀ ਕਾਨੂੰਗੋ, ਤਹਿਸੀਲਦਾਰ, ਪੁਲਿਸ ਦਾ ਕੋਈ ਸਿਪਾਹੀ, ਦਰੋਗਾ, ਜ਼ਿਲ੍ਹੇਦਾਰ ਜਾਂ ਕੋਈ ਹੋਰ ਸਰਕਾਰੀ ਅਧਿਕਾਰੀ ਦੌਰੇ 'ਤੇ ਆਉਂਦਾ, ਉਸਦਾ ਉਤਾਰਾ ਝੋਟੇ ਕੁੱਟਾਂ ਦੇ ਘਰ ਹੀ ਹੁੰਦਾ। ਸਰਕਾਰੀ ਅਹਿਲਕਾਰ ਉਹਨਾਂ ਦੀ ਸਬਾਤ ਵਿੱਚ ਦੁਪਿਹਰਾਂ ਕੱਟਦਾ ਅਰਾਮ ਫਰਮਾਉਂਦਾ ਅਤੇ ਖਾਣਾ ਖਾਂਦਾ। ਸੱਥ ਵਾਲੇ ਬੋਹੜ ਹੇਠਾਂ ਅਫਸਰ ਦੀ ਕਚਹਿਰੀ ਲੱਗਦੀ ਤਾਂ ਉਸਦੇ ਬੈਠਣ ਲਈ ਲੱਕੜ ਦੀ ਬਣੀ ਡਿਜ਼ਾਈਨਦਾਰ ਭਾਰੀ ਤੇ ਵਧੀਆਂ ਕੁਰਸੀ ਦਿਆਲੇ ਝੋਟੇ ਕੁੱਟ ਦੇ ਘਰੋਂ ਹੀ ਆਉਂਦੀ। ਝੋਟੇ ਕੁੱਟਾਂ ਦਾ ਸੀਰੀ ਸਬਾਤ ਵਿੱਚੋਂ ਇਹ ਕੁਰਸੀ ਸਿਰ 'ਤੇ ਚੁੱਕ ਕੇ ਲਿਆਉਂਦਾ, ਸੱਥ ਵਿੱਚ ਡਾਂਹੁੰਦਾ ਤੇ ਪਰਨੇ ਨਾਲ ਚੰਗੀ ਤਰ੍ਹਾਂ ਸਾਫ਼ ਕਰ ਦਿੰਦਾ। ਹੁਣ ਜਦੋਂ ਪਿੰਡ ਵਿੱਚ ਪੰਡਤ ਕਿਰਪੂ ਰਾਮ ਕੇ ਦਲਾਨ ਵਿੱਚ ਪ੍ਰਾਇਮਰੀ ਸਕੂਲ ਖੁਲ੍ਹ ਗਿਆ ਸੀ ਅਤੇ ਧਰਮਕੋਟੋ ਇੱਕ ਅਧਿਆਪਕ ਹਰੀ ਰਾਮ ਬੱਚਿਆਂ ਨੂੰ ਪੜਾਉਣ ਲਈ ਆਉਣ ਲੱਗਾ ਸੀ, ਉਸ ਲਈ ਵੀ ਕੁਰਸੀ ਝੋਟੇ ਕੁੱਟਾਂ ਦੇ ਦਿਆਲੇ ਘਰੋਂ ਹੀ ਆਉਂਦੀ ਸੀ। ਅਰਜੂ ਮਹਿਰੇ ਦੀ ਉਚੇਚੀ ਡਿਊਟੀ ਕੁਰਸੀ ਸਕੂਲ ਵਿੱਚ ਲਿਆਉਣ ਅਤੇ ਛੁੱਟੀ ਹੋਣ ਉਪਰੰਤ ਵਾਪਸ ਝੋਟੇ ਕੁੱਟਾਂ ਦੇ ਘਰ ਪਹੁੰਚਾਉਣ ਦੀ ਲਾਈ ਗਈ ਸੀ। ਕਿਸੇ ਸਰਕਾਰੀ ਅਧਿਕਾਰੀ ਦੇ ਆਉਣ ਸਮੇਂ ਅਤੇ ਮਾਸਟਰ ਦੇ ਬੈਠਣ ਲਈ ਕੁਰਸੀ ਆਪਣੇ ਘਰੋਂ ਭੇਜਣ ਨਾਲ ਝੋਟੇ ਕੁੱਟਾਂ ਦੇ ਪਰਿਵਾਰ ਨੂੰ ਅਥਾਹ ਆਤਮਿਕ ਸ਼ਾਂਤੀ ਮਿਲਦੀ ਸੀ। ਇਸ ਨਾਲ ਉਹ ਸਰਕਾਰੇ ਦਰਬਾਰੇ ਆਪਣਾ ਰੁਤਬਾ ਉੱਚਾ ਹੋਇਆ ਮੰਨਦੇ ਸਨ। ਉਂਜ ਵੀ ਝੋਟੇ ਕੁੱਟ ਇਹ ਬਰਦਾਸ਼ਤ ਨਹੀਂ ਸਨ ਕਰਦੇ ਕਿ ਸਰਕਾਰ ਦੇ ਬੰਦਿਆਂ ਲਈ ਕੁਰਸੀ ਕਿਸੇ ਹੋਰ ਦੇ ਘਰੋਂ ਆਵੇ। ਇੱਕ ਵਾਰ ਅਰਜੂ ਨੂੰ ਕੁਰਸੀ ਲਿਆਉਣ ਵਿੱਚ ਦੇਰ ਹੋ ਗਈ। ਮਾਸਟਰ ਜੀ ਨੂੰ ਖੜਿਆਂ ਦੇਖ ਸਕੂਲ ਜੁਆਕ ਛੱਡਣ ਆਏ ਹੰਸੂ ਤਖਾਣ ਨੇ ਦੌੜ ਕੇ ਆਪਣੇ ਘਰੋਂ ਕੁਰਸੀ ਲੈ ਆਂਦੀ। ਇਸ ਗੱਲ ਦਾ ਪਤਾ ਜਦੋਂ ਝੋਟੇ ਕੁੱਟਾਂ ਦੇ ਦਿਆਲੇ ਨੂੰ ਲੱਗਾ, ਉਹ ਕੱਪੜਿਓਂ ਬਾਹਰ ਹੋ ਗਿਆ। ਉਹ ਸਿੱਧਾ ਹੰਸੂ ਦੇ ਘਰ ਜਾ ਕੇ ਉਸਨੂੰ ਖੁਰ ਚੱਕ ਕੇ ਪੈ ਨਿਕਲਿਆ ਸੀ,

ਸੁਣ ਉਏ ਗੁੱਲੀ ਘਾੜਾ! ਸਾਡੀ ਬਰੋਬਰੀ ਕਰਦੈਂ! ਸਾਲੀ ਸੱਕ ਲਾਹੁਣੀ ਜਾਤ। ਹੁਣ ਸਰਕਾਰੂ ਬੰਦਿਆਂ ਆਸਤੇ ਕੁਰਸੀਆਂ ਥੋਡੇ ਘਰਾਂ 'ਚੋਂ ਆਉਣਗੀਆਂ? ਅਸੀਂ ਮਰ ਤਾਂ ਨੀ ਗਏ! ਜਿੰਨਾ ਚਿਰ ਅੰਗਰੇਜ਼ੀ ਸਰਕਾਰ ਦਾ ਰਾਜ ਪਾਟ ਐ... ਐਸੀ ਹਿਮਾਕਤ ਫਿਰ ਕਦੇ ਕੀਤੀ... ਥਾਣੇਦਾਰ ਤੋਂ ਪਰ੍ਹੇ ਵਿੱਚ ਚਿਤੜ੍ਹ ਕੁਟਵਾਊਂ... ਨਾਲੇ ਕਰਾਊਂ ਦਸ ਲੰਬਰੀ 'ਚ ਬੰਦ। ਬਰੋਬਰੀ ਕਰਦੈ...।"

ਦਿਆਲੇ ਦੀ ਜਿਲ੍ਹੇ ਦੇ ਖੱਦਰਧਾਰੀ ਕਾਂਗਰਸੀ ਆਗੂਆਂ ਨਾਲ ਵੀ ਚੰਗੀ ਬਣਦੀ ਸੀ। ਉਹ ਹਰ ਸਾਉਣੀ ਹਾੜ੍ਹੀ, ਫੰਡ ਕਾਂਗਰਸ ਦਫ਼ਤਰ ਵਿੱਚ ਆਪ ਜਾ ਕੇ ਜਮ੍ਹਾਂ ਕਰਵਾਉਂਦਾ ਸੀ। ਇਲਾਕੇ 'ਚ ਜਦੋਂ ਕੋਈ ਕਾਂਗਰਸੀ ਕਾਨਫਰੰਸ ਆ ਜਾਂਦੀ, ਇਸਦੇ ਪ੍ਰਬੰਧਾਂ ਲਈ ਉਚੇਚਾ ਫੰਡ ਹੋਰ ਵੀ ਦਿੰਦਾ। ਉਹ ਕਰਦਾ ਇਹ ਸਾਰਾ ਕੁਝ ਗੁਪਤ ਹੀ ਸੀ। ਕਿਸੇ ਨੂੰ ਕੰਨੋ-ਕੰਨ ਖਬਰ ਨੀ ਸੀ ਹੋਣ ਦਿੰਦਾ। ਉਂਜ ਕਦੇ ਕਦੇ ਪਰ੍ਹੇ ਪੰਚਾਇਤ ਵਿੱਚ ਫੜ੍ਹ ਮਾਰ ਦਿੰਦਾ,

"ਹੁਣ ਅੰਗਰੇਜ਼ ਦਾ ਰਾਜ ਐ... ਆਪਣੀ ਸਰਕਾਰੇ ਦਰਬਾਰੇ ਪੂਰੀ ਚੜ੍ਹਤ ਐ। ਮਜ਼ਾਲ ਕੀ ਇਲਾਕੇ ਦੇ ਥਾਣੇਦਾਰ ਤਸੀਲਦਾਰ ਆਪਣੇ ਤੋਂ ਪਾਸੇ ਚਲੇ ਜਾਣ। ਦਿਨ ਰਾਤ ਖ਼ਿਦਮਤ ਕਰਾਉਂਦੀ। ਕੱਲ-ਕਲੋਤਰ ਨੂੰ ਆਹ ਗਾਂਧੀ ਦੇ ਚੇਲੇ ਅੱਗੇ ਆਗੇ... ਆਪਾਂ ਫੇਰ ਅੱਗੇ ਹੋਮਾਂਗੇ।"

ਕੈਦਾਂ ਕੱਟਣ ਸ਼ੋਡੇ ਵਰਗੇ... ਅੱਗੇ ਆਮਾਗੇ ਆਪਾਂ। ਖਾਣ ਪੀਣ ਨੂੰ ਭਾਗਭਰੀ ਤੇ ਡੰਡੇ ਖਾਣ ਨੂੰ ਰਿੱਛ। ਅਜ਼ਾਦੀ ਆਸਤੇ ਅਗਲੇ ਘਰ ਬਾਰ ਛੱਡੀ ਫਿਰਦੇ। ਸ਼ੋਡੇ ਅਰਗਾ... ਦਾਣੇ ਫੱਕੇ ਜੋਗੀ ਜ਼ਮੀਨ ਵੀ ਥੋਡੇ ਕੋਲ ਗਹਿਣੇ ਕਰੀ ਫਿਰਦਾ। ਉਹਦੇ ਕਰਕੇ ਨਾਉਂ ਆ ਪਿੰਡ ਦਾ ਪੂਰੇ ਜਿਲ੍ਹੇ 'ਚ। ਲੋਕ ਤਾਂ ਉਹਨੂੰ ਤਲਵੰਡੀ ਆਲਾ ਗਾਂਧੀ ਕਹਿੰਦੇ ਆ। ਨਾਲੇ ਜਿੰਨਾਂ ਨੇ ਸ਼ਹੀਦੀਆਂ ਪਾਈਆਂ... ਉਹਨਾਂ ਦੇ ਆਰ-ਪਰਿਵਾਰ ਵਾਲੇ ਡੰਡੇ ਵਜਾਉਣਗੇ... ਜੇ ਆਪਾਂ ਨੂੰ ਈ ਚੌਧਰ ਮਿਲਣੀ ਹੈ ਤਾਂ।" ਕਿਸ਼ਨਾ ਸਕੀਮੀਆਂ ਮੂੰਹ ਫੱਟ ਸੁਭਾਅ ਦਾ ਸੀ। ਸੁਨਣ ਵਾਲਾ ਭਾਵੇਂ ਗੁੱਸਾ ਹੀ ਕਰ੍ਹੇ ਸੱਚੀ ਗੱਲ ਅਗਲੇ ਦੇ ਮੂੰਹ ਤੇ ਮਾਰ ਦਿੰਦਾ ਸੀ।

ਤੂੰ ਕਿਤੇ ਅੰਗਰੇਜ਼ਾਂ ਦੇ ਨਾਲ ਵਲੈਤ ਤਾਂ ਨੀ ਚਲੇ ਜਾਣਾ। ਐਥੇ ਤੂੰ ... ਐਥੇ ਮੈਂ। ਨਾਲੇ



ਲੱਗਜੂ ਪਤਾ ਤੇਰਾ ਨਾਲੇ ਤੇਰੇ ਸ਼ੋਭੇ ਦਾ... ਕੀ ਫੰਨੂ ਖੋਹੰਦੇ ਓਂ...।" ਦਿਆਲਾ ਵੱਟ ਖਾ ਗਿਆ ਸੀ। ਸੱਥ ਵਿੱਚ ਬੈਠੇ ਸਾਰੇ ਪ੍ਰੇਸ਼ਾਨ ਹੋ ਗਏ ਸਨ।

ਜੁਆਨ! ਲੜਨ ਨੇ ਕੀ ਇਸਮੇ ਕੀ ਬਾਤ... ਮੈਂ ਸਾਲਾ ਬਸਰੇ ਬਗਦਾਦ ਤੱਕ ਗਯਾ। ਯਹ ਸਾਲਾ ਅੰਗਰੇਜ਼ ਬੜੀ ... ਸ਼ੈਅ। ਬੜਾ ਡਮਾਕ ਇਸ ਕੌਮ ਕਾ। ਕੁਝ ਦੁਨੀਆਂ ਤੇ ਰਾਜ ਪਾਟ ਕਰਤਾ ਡਮਾਕ ਸੇ। ਮੈਂ ਸਾਲਾ ਦੇਖਾਂ... ਏਹ ਕੌਮ ਨੀ ਕਿਸੇ ਸੇ ਹਾਰਨੇ ਕੀ ਮਾਫ਼ਕ। ਕਿਤੇ ਨੀ ਜਾਤਾ ਅੰਗਰੇਜ਼। ਜੁਆਨ! ਮੈਂ ਸਾਲਾ ਤੋ ਕਹਿਤਾ... ਹਮ ਲੋਕ ਬੁਝੜ... ਇਕੋਦਮ ਬੇਵਾਕੂਫ਼। ਆਪਸ ਮੇ ਲੜਤਾ... ਅੰਗਰੇਜ਼ ਕਿਥੇ ਜਾਊ... ਮੈਂ ਤੋਂ ਸਾਲਾ...।" ਜਮਾਂਦਰ ਅਮਰ ਸਿੰਹੁ ਆਪਣੇ ਗਿਆਨ ਦਾ ਛੱਟਾ ਦਿੰਦਾ। ਲੜਾਈ ਹਟਾਉਣ ਲਈ ਉਹ ਵਿੱਚ ਵਿਚਾਲੇ ਦਾ ਰਸਤਾ ਭਾਲ ਲੈਂਦਾ। ਪਹਿਲੀ ਵੱਡੀ ਜੰਗ ਵੇਲੇ ਉਹ ਫੌਜ ਵਿੱਚ ਭਰਤੀ ਹੋ ਕੇ ਮੱਧ ਏਸ਼ੀਆਂ ਦੇ ਮੁਲਕਾਂ ਵਿੱਚ ਗਿਆ ਸੀ। ਡੇਢ ਦੋ ਸਾਲ ਉਸਦੀ ਕੋਈ ਉਘ ਸੁੱਘ ਹੀ ਨਹੀਂ ਨਿਕਲੀ। ਕੋਈ ਚਿੱਠੀ ਪੱਤਰ, ਸੁੱਖ-ਸੁਨੇਹਾ ਨਹੀਂ ਸੀ ਆਇਆ। ਉਸਦੀ ਘਰ ਵਾਲੀ ਢਾਈ ਸਾਲਾਂ ਦਾ ਜੁਆਕ ਦਾਦੇ ਦਾਦੀ ਕੋਲ ਛੱਡਕੇ ਪੇਕੇ ਜਾ ਬੈਠੀ ਸੀ। ਪਿੰਡ ਵਾਲਿਆਂ ਨੇ ਉਸਦੇ ਜਿਉਂਦੇ ਹੋਣ ਦੀਆਂ ਆਸ਼ਾਂ ਖ਼ਤਮ ਕਰ ਦਿੱਤੀਆਂ ਸਨ ਪਰ ਉਹ ਇੱਕ ਦਿਨ ਬਿਸਤਰਾ ਮੋਢਿਆਂ ਤੇ ਚੁੱਕੀ ਪਿੰਡ ਆ ਵੜਿਆ ਸੀ। ਲੜਾਈ ਹਟਣ ਤੋਂ ਬਾਅਦ ਅੰਗਰੇਜ਼ ਨੇ ਜ਼ਮਾਂਦਾਰ ਅਮਰ ਸਿੰਘ ਅਤੇ ਕਿੰਨੇ ਹੀ ਹੋਰ ਐਹੋ ਜਿਹੇ ਫੌਜੀਆਂ ਨੂੰ, ਫੌਜ 'ਚੋਂ ਨਾਵਾਂ ਕੱਟਕੇ ਘਰੇ ਤੋਰ ਦਿੱਤਾ ਸੀ। ਉਸਦੀ ਕੋਈ ਪੈਨਸ਼ਨ ਵਗੈਰਾ ਵੀ ਨਹੀਂ ਸੀ ਲੱਗੀ ਪਰ ਪਿੰਡ ਵਾਲੇ ਉਸਨੂੰ "ਅਮਰ ਸਿੰਹੁ ਪੈਨਸ਼ਨੀਆਂ' ਹੀ ਕਹਿਣ ਲੱਗੇ ਸਨ। ਆਪਣੇ ਆਪ ਨੂੰ ਪੈਨਸ਼ਨੀਆ ਅਖਵਾ ਕੇ ਉਸਨੂੰ ਖ਼ੁਸ਼ੀ ਵੀ ਮਿਲਦੀ ਸੀ। ਉਹ ਫੁੱਲ ਕੇ ਚੌੜਾ ਹੋ ਜਾਂਦਾ। ਦਾੜੀ ਉਹ ਅਜੇ ਵੀ ਫੌਜੀਆਂ ਵਾਗੂੰ ਹੀ ਚਾੜ ਕੇ ਰੱਖਦਾ ਸੀ। ਬਾਹਰ-ਅੰਦਰ ਜਾਣ ਵੇਲੇ ਆਪਣਾ ਫੌਜੀ ਵਰਦੀ ਵਾਲਾ ਸੂਟ ਹੀ ਪਾਉਂਦਾ ਸੀ। ਪੇਕੇ ਗਈ ਉਸਦੀ ਘਰਵਾਲੀ ਵਾਪਸ ਨਹੀਂ ਸੀ ਪਰਤੀ। ਜਦੋਂ ਅਮਰ ਸਿੰਹੁ ਪੈਨਸ਼ਨੀਆ ਫੌਜੀ ਵਰਦੀ ਪਾ ਕੇ ਘਰਵਾਲੀ ਨੂੰ ਲੈਣ ਲਈ ਸਹੁਰੇ ਪਿੰਡ ਗਿਆ ਸੀ ਤਾਂ ਪਤਾ ਲੱਗਾ ਕਿ ਉਹ ਤਾਂ ਭੱਗੂਪੁਰੇ ਕਿਸੇ ਦੁਹਾਜੂ ਦੇ ਜਾ ਬੈਠੀ ਸੀ। ਪੈਨਸ਼ਨੀਏ ਨੂੰ ਤਾਂ ਪਹਿਲਾਂ ਹੀ ਸ਼ਰੀਕਾਂ ਦੀਆਂ ਮਿੰਨਤਾਂ ਤਰਲੇ ਕਰਕੇ ਸਾਕ ਹੋਇਆ ਸੀ, ਹੁਣ ਨਵੇਂ ਸਿਰਿਓਂ ਡੋਲਾ ਕੌਣ ਲਈ ਬੈਠਾ ਸੀ। ਉਹਨਾਂ ਦਾ ਘਰ ਪਿੰਡ ਦੇ ਅਸਲੋਂ ਥੁੜ੍ਹੇ ਘਰਾਂ ਵਿੱਚੋਂ ਇੱਕ ਸੀ। ਹੁਣ ਅਮਰ ਸਿੰਹੁ ਪੈਨਸ਼ਨੀਏ ਦਾ ਟਿਕਾਣਾ ਸੱਥ ਜਾਂ ਬਾਰਾਂ-ਟਾਹਣੀ ਖੇਡਦੀ ਕੋਈ ਢਾਣੀ ਹੀ ਹੁੰਦੀ ਸੀ।

*******************

ਦਿੱਤਾ ਪਿੰਡ ਦੇ ਦਿਆਲੇ ਵਰਗੇ ਕਈ ਬੰਦਿਆਂ ਦੀਆਂ ਅੱਖਾਂ ਵਿੱਚ ਰੜਕਣ ਲੱਗ ਪਿਆ। ਦਿੱਤੇ ਦਾ ਨਾਂ ਦਿਮਾਗ਼ ਵਿੱਚ ਆਉਂਦਿਆਂ ਹੀ ਉਹਨਾਂ ਦੇ ਸਰੀਰ ਤੇ ਭੂਰੀਆਂ ਕੀੜੀਆਂ ਲੜਨ ਲੱਗ ਜਾਂਦੀਆਂ। ਉਹਨਾਂ ਨੂੰ ਆਪਣੀ ਸਰਦਾਰੀ ਖ਼ਤਰੇ ਵਿੱਚ ਜਾਪਦੀ।

"ਆਏਂ ਤਾਂ ਚੂੜ੍ਹੇ-ਚਮਾਰ ਸਿਰ ਨੂੰ ਚੜ੍ਹ ਜਾਣਗੇ। ਜਿਵੇਂ ਇਹਨਾਂ ਦਾ ਬੇਡਕਰ ਪੰਗੇ ਲੈਂਦਾ, ਭਲਕ ਨੂੰ ਅੱਡ ਮੁਲਕ ਮੰਗ ਖਲੋਣਗੇ। ਬਾਕੀ ਅੰਗਰੇਜ਼ ਇਹਨਾਂ ਦੀ ਸੁਣਦਾ ਬਹੁਤ ਆ। ਅਖੇ ਹਿੰਦੁਸਤਾਨ 'ਚ ਅਛੂਤਾਂ ਨਾਲ ਚੰਗਾ ਵਿਹਾਰ ਨ੍ਹੀ ਹੋ ਰਿਹਾ।" ਦਿਆਲਾ ਆਖਦਾ। ਉਹ ਫਿਰਦਾ ਤੁਰਦਾ ਹੋਣ ਕਰਕੇ ਦੇਸ਼ ਦੀ ਰਾਜਨੀਤੀ ਤੇ ਬਾਜ਼ ਅੱਖ ਰੱਖਦਾ ਸੀ। ਸਾਰੇ ਪਿੰਡ ਵਿੱਚੋਂ ਕੇਵਲ ਉਸ ਕੋਲੋਂ ਰੇਡੀਓ ਸੀ। ਉਹ ਦੋਵੇਂ ਵੇਲੇ ਖ਼ਬਰਾਂ ਬੜੇ ਧਿਆਨ ਨਾਲ ਸੁਣਦਾ ਸੀ।

ਵਿਹਾਰ ਨੂੰ ਹੋਰ ਇਹਨਾਂ ਨੂੰ... ਹੁਣ ਤਾਂ ਮੂੰਹ ਚੱਕ ਕੇ ਗੁਰਦੁਆਰੇ ਅੰਦਰ ਵੀ ਧੁਸ ਦੇਈ ਤੁਰੇ ਆਉਣਗੇ। ਆਕੇ ਹਮ ਬੀ ਗੁਰੂ ਕੇ ਸਿਖ ਹਾਂ। ਪੁੱਛਣ ਵਾਲਾ ਹੋਵੇ, ਕਜਾਤੇ! ਕੇਸ-ਦਾੜ੍ਹੀ ਵਧਾਕੇ, ਉਪਰ ਦੀ ਕਿਰਪਾਨ ਪਾ ਲੈਣ ਨਾਲ ਤਾਂ ਨੀ ਕੋਈ ਸਿੱਖ ਬਣਦਾ। ਆਏਂ ਜਣੀ-ਖਣੀ ਜਾਤ ਸਿੱਖ ਬਣਗੀ... ਸਾਡੇ ਅਰਗਿਆਂ ਦਾ ਸਰ ਗਿਆ ਫੇਰ। ਗੁਰੂ ਮਾਰ੍ਹਾਜ ਨੇ ਜਾਤਾਂ-ਕੁਜਾਤਾਂ ਐਵੇਂ ਤਾਂ ਨੀਂ ਬਣਾਈਆਂ।" ਸੀਤਾ ਘੋਰੀ ਨਸਵਾਰ ਵਾਲੀ ਡੱਬੀ 'ਚੋਂ ਚੂੰਡੀ ਭਰ ਕੇ ਨਸਵਾਰ ਨੱਕ ਵਿੱਚ ਚੜ੍ਹਾਉਂਦਾ।

ਏਹ ਸਾਲੀ ਗਰੇਜ਼ ਕੌਮ ਆਪਣੀਆਂ ਜਾਤਾਂ-ਕੁਜਾਤਾਂ ਨੀ ਮੰਨਦੀ। ਇਹਦੀ ਤਾਂ ਇੱਕੋ ਹਿੰਡ ਫੜੀ ਐ, ਅਕੇ ਹਿੰਦੂ ਮੁਸਲਮਾਨ ਤੇ ਸਿੱਖ ਅੱਡ-ਅੱਡ ਕੌਮਾਂ ਨੇ, ਇਹ ਨਿੱਕੀਆਂ ਸੁੱਕੀਆਂ ਜਾਤਾਂ ਵੀ ਅੱਡ ਕੌਮ ਆ। ਗਾਂਧੀ ਮਾਤ੍ਹਮਾ ਤੇ ਕਾਂਗਰਸ ਪਾਲਟੀ ਤਾਂ ਬਥੇਰਾ ਰੌਲਾ ਪਾਉਂਦੀ ਵਈ ਇਹ ਜਾਤਾਂ-ਕੁਜਾਤਾਂ ਹਿੰਦੂਆਂ ਦਾ ਹੀ ਹਿੱਸਾ ਪਰ ਸਾਲੀ ਗਰੇਜ਼ ਕੌਮ... ਸੁਣਦੀ ਕਿਥੇ ਆ? ਕੁੱਲ ਦੁਨੀਆਂ 'ਤੇ ਤਾਂ ਰਾਜ ਕਰੀ ਜਾਂਦੀ ਐ। ਇਹ ਤਾਂ ਕਹਿੰਦੀ ਚੂੜ੍ਹੇ-ਚਮਾਰ ਅੱਡ ਕੌਮ ਆ ਤੇ ਬੇਡਕਰ ਇਹਨਾਂ ਦਾ ਲੀਡਰ੍ਹ ... ਬੱਸ!"

"ਇਹ ਸਾਲੇ ਗੋਰੇ ਪੁੱਠੇ ਦਿਨ ਈ ਜੰਮੇ... ਇਹਨਾਂ ਨੂੰ ਪੁੱਛਣ ਆਲਾ ਹੋਵੇ, ਸਹੁਰੀ ਦਿਉ ਗੁਰੂ ਮਾਰਾਜ ਨੇ ਥੋਨੂੰ ਨੀ ਖਾਸ ਬਣਾਇਆ... ਹੋਰ ਐਮੇ ਤਾਂ ਨੀ ਐਡੇ ਵੱਡੇ ਮੁਲਕ 'ਤੇ ਰਾਜ ਕਰੀ ਜਾਂਦੇ।" ਨਿਹਾਲਾ ਗਧੀ ਗਾਤਰੇ ਨੂੰ ਠੀਕ ਕਰਦਾ ਆਖਦਾ।

ਕੌਮ ਤਾਂ ਸਿਆਣੀ ਸੀ ਪਰ ਹੁਣ ਐਹੇ ਜਈਆਂ ਪੁੱਠੀਆਂ ਗੱਲਾਂ ਤੇ ਆਗੀ... ਹੁਣ ਬਾਹਲਾ ਚਿਰ ਨੀ ਕੱਟਦੀ ਇਥੇ। ਗਾਂਧੀ ਮਾਤ੍ਹਮਾ ਭਜਾਊ ਇਥੋਂ ਸਾਲੇ ਕੱਚੇ ਜਏ ਮਾਸ ਆਲ੍ਹਿਆਂ ਨੂੰ!"

... ਆਏਂ ਨੀ ਭੱਜਦੀ... ਆਏ ਨੀ ਭੱਜਦੀ...! ਭਗਤ ਸਿਹੁੰ ਆਕੂੰ ਬੰਮ ਮਾਰ ਮਾਰ ਕੇ ਭਜਾਊਣੀ ਪਊ। ਸੀਤੇ ਘੋਰੀ ਨੇ ਸੁੜ੍ਹਾਕਾ ਮਾਰਦਿਆਂ ਆਸੇ ਪਾਸੇ ਵੇਖਿਆ।

ਬੰਮ ਮਾਰੇਂਗਾ ਤੂੰ ਵੱਡਾ ਸਰਾਭੇ ਆਲਾ ਕਰਤਾਰ ਸਿਹੁੰ ਸ਼ਹੀਦ... ਖੁਲ੍ਹ ਕੇ ਪੱਦ ਵੱਜਦਾ ਨੀ ਵੱਡੇ ਹਮੀਦੇ ਭਲਵਾਨ ਤੋਂ ।"

ਮਾਰਾਂ ਹੁਣੇ... ਮਾਰਾਂ ਹੁਣੇ। ਸਰਦਾਰ ਦਿਆਲ ਸਿਆਂ, ਵੇਖਲਾ ਕੀ ਕਹਿੰਦਾ... ਮਾਰਾਂ ਹੁਣੇ।"

"ਰਹਿਣ ਦੇ... ਰਹਿਣ ਦੇ ਮੁਸ਼ਕ ਠਾਲੇਂਗਾ। ਤੈਨੂੰ ਤਾਂ ਸਾਲਿਆ ਚੂੜ੍ਹਿਆਂ ਘਰ ਜੰਮਣਾ ਚਾਹੀਦਾ ਸੀ। "

..."ਤੂੰ ਜੂ ਵੇਖ ਖਾਂ ਗੰਗਾ ਦਾ ਬਾਮਣ੍ਹ ... ਜੰਗਲ ਬੈਠ ਕੇ ਹੱਥ ਧੋਂਦਾ ਨੀ... ਨਾਲੇ ਆਥਣ ਨੀ ਹੋਣ ਦਿੰਦਾ, ਤਾਪੀ ਦੇ ਪੱਦ ਸੁੰਘਣ ਲੱਗ ਜਾਨੈ।" ਸੀਤਾ ਘੋਰੀ ਗੁੱਸਾ ਮੰਨ ਗਿਆ ਸੀ।

ਆਹ ਤੁਸੀਂ ਕੀ ਰਾਮ ਰੌਲਾ ਪਾ ਲਿਆ। ਤਾਂ ਈ ਨੀ ਦੱਸੀਦੀ ਥੋਨੂੰ ਕੋਈ ਚੰਗੀ-ਮਾੜੀ। ਆਪਣੀ 'ਸਿਖ ਕੌਮ' ਚ ਆਹੀ ਘਾਟਾ । ਆਵਦਾ ਭਲਾ ਬੁਰਾ ਨੀ ਸੋਚਦੀ। ਆਪਸ ਵਿੱਚ ਈ ਲੜਨ ਲੱਗ ਜਾਂਦੀ ਐ। ਆਪਸ ਵਿੱਚ ਨਾ ਲੜਦੀ ਹੁੰਦੀ ਰਾਜ-ਪਾਟ ਕਿਹੜਾ ਜਾਣਾ ਸੀ ਕਿਤੇ।" ਦਿਆਲੇ ਨੇ ਦੋਵਾਂ ਨੂੰ ਝਿੜਕਿਆ।

"ਸਰਦਾਰ ਦਿਆਲ ਸਿਆਂ ... ਇਹ ਲਾ ਕੇ ਗੱਲ ਕਰਦਾ।"

"... ਮੈਂ ਕਰਦਾਂ... ਮੈਂ ਕਰਦਾਂ!" ਸੀਤੇ ਘੋਰੀ ਦੀ ਨਸਵਾਰ ਨਾਲ ਕਾਲੀ ਹੋਈ ਨਲੀ ਬਾਹਰ ਮੁੱਛਾਂ 'ਤੇ ਆ ਲੱਗੀ ਸੀ, ਉਹ ਝੱਗੇ ਨਾਲ ਹੀ ਮੂੰਹ ਸਾਫ਼ ਕਰਦਾ ਸੀ।

-ਕੋਈ ਘੱਟ ਨ੍ਹੀ ... ਦੋਵੇਂ ਇੱਕੋ ਜਏ੍ਹ ਓਂ ਗੱਲ ਕਿਹੋ ਜਿਹੀ ਚੱਲ ਜਾਂਦੀ... ਵਿੱਚ ਆਵਦਾ ਟੱਟੂ ਭਜਾ ਲਿਆ।"

"... ਤੂੰ ਸੁਣਾ ਬਾਈ।" ਸੀਤਾ ਘੋਰੀ ਮੈਦਾਨ ਛੱਡ ਖਲੋਤਾ ਸੀ। ਉਸਨੂੰ ਦਿਆਲੇ ਦੇ ਗੁੱਸੇ ਤੋਂ ਜਾਣ ਦਾ ਡਰ ਸਤਾਉਣ ਲੱਗਾ। ਅਜੇ ਤਾਂ ਉਸਨੇ ਆਥਣ ਲਈ ਦਾਰੂ ਲੈਣ ਵਾਸਤੇ ਦਿਆਲੇ ਤੋਂ ਪੈਸੇ ਫੜਨੇ ਸਨ।

"ਹੁਣ ਕੀ ਸੁਣਾਵਾਂ? " ਦਿਆਲੇ ਦੀ ਲੜੀ ਟੁੱਟ ਗਈ ਸੀ।

"ਆਹ ਕੀ ਨ੍ਹਾਂ ਲੈਂਦਾ ਸੀ ਪੁੱਠਾ ਜਿਆ... ਬੇੜਕਰ -ਬੂੜਕਰ ਜਿਆ। ਇਹ ਹੁਣ ਅੱਡ ਮੁਲਖ ਮੰਗਦਾ?" ਦਿਆਲੇ ਦਾ ਗੁੱਸਾ ਦੂਰ ਕਰਨ ਲਈ ਸੀਤੇ ਘੋਰੀ ਨੇ ਗੱਲ ਫੇਰ ਸ਼ੁਰੂ ਕਰਨ ਲਈ ਪੜ੍ਹਲ ਬੰਨ੍ਹ ਦਿੱਤਾ ਸੀ।

"ਹਜੇ ਤਾਂ ਨੀ ਮੰਗਦਾ...।" ਦਿਆਲੇ ਨੇ ਸੰਖੇਪ ਜੁਆਬ ਦਿੱਤਾ ਸੀ। ਉਸਦਾ ਗੁੱਸਾ ਉੱਤਰ ਚੁੱਕਾ ਸੀ।

-ਹਜੇ ਤਾਂ ਨੀ ਮੰਗਦਾ? ਕੀ ਮਤਲਬ? ਕੱਲ ਕਲੋਤਰ ਨੂੰ ਮੰਗੂ?"

-ਕੀ ਪਤੈ? ... ਹਜੇ ਤਾਂ ਕਹਿੰਦਾ ਅਛੂਤ ਦੇਸ਼ ਦਾ ਅਟੁੱਟ ਅੰਗ ਨੇ। ਇਹਨਾਂ ਨੂੰ ਬਣਦੇ ਅਧਿਕਾਰ ਮਿਲਣੇ ਚਾਹੀਦੇ। ਬਾਕੀ ਡਮਾਕ ਫਿਰਦੇ ਦਾ ਪਤਾ ਨੀ ਵੀ ਲੱਗਦਾ। ਬੇਡਕਰ ... ਨਹਿਰੂ ਵਾਗੂੰ ਬਾਹਰ ਵਲੈਤ 'ਚ ਈ ਪੜ੍ਹ ਕੇ ਆਇਆ। ਕਨੂੰਨਾ ਦਾ ਭੇਤੀ ਆ। ਕਨੂੰਨਾ ਦੇਸਾਬ-ਕਿਤਾਬ ਨਾਲ ਅੱਡ ਮੁਲਖ ਮੰਗ ਬੈਠਾ ਅੰਗਰੇਜ਼ਾਂ ਦੇ ਦੇਣਾ... ਇਹ ਕੌਮ ਬੜੀ ਵਿੰਗੀ ਐ... ਪਤਾ ਨੀ ਬੇਡਕਰ ਦੀ ਝੇਪ ਜਈ੍ਹ ਕਿਉਂ ਮੰਨੀ ਬੈਠੀ ਆ।"

"ਝੇਪ ਕਾਹਦੀ?" ਨਿਹਾਲੇ ਗਧੀ ਨੇ ਵੀ ਚੁੱਪ ਤੋੜੀ ਸੀ।

"ਕਾਂਗਰਸ ਗਰੇਜ਼ਾਂ ਨੂੰ ਕਹਿੰਦੀ ਮੁਲਕ ਸਾਡੇ ਹਵਾਲੇ ਕਰੋ ਤੇ ਤੁਰਦੇ ਬਣੋ... ਸਰਕਾਰ ਤੇ ਦਬਾਅ ਬਹੁਤ ਬਣਿਆ ਪਿਆ। ਨਾਲੇ ਕਹਿੰਦੇ ਬਾਹਲੇ ਮੁਲਕਾਂ 'ਚ ਵੀ ਅੰਗਰੇਜ਼ਾ ਦੀ ਉਹ ਗੱਲ ਨੀ ਰਹੀ। ਜਾਨ ਕੁੜਿਕੀ 'ਚ ਐ। ... ਗੋਰੀ ਸਰਕਾਰ ਸੋਚਦੀ ਸ਼ੈਂਤ ਬੇਡਕਰ ਸਾਡਾ ਪੱਖ ਲੈ ਲਵੇ।"

-ਬੇਡਕਰ ... ਗਰੇਜ਼ਾਂ ਦਾ ਪੱਖ ਲੈਂਦਾ? "



ਨਈਂ ... ਪੱਖ ਤਾਂ ਨੀ ਲੈਂਦਾ... ਪਰ ਖੁਲ੍ਹ ਕੇ ਗਾਂਧੀ ਮਹਾਤਮਾ ਦਾ ਸਾਥ ਵੀ ਨੀ ਦਿੰਦਾ। "

-ਕੀ ਕਹਿੰਦਾ?"

-ਕਹਿੰਦਾ ਕਾਂਗਰਸ ਅਜ਼ਾਦੀ ਦੀ ਲੜਾਈ ਲੜੇ... ਜੰਮ ਜੰਮ ਲੜੇ, ਸਾਨੂੰ ਤਰਾਜ਼ ਕੋਈ ਨ੍ਹੀਂ ਪਰ ਇਹ ਉਚੀਆਂ ਜਾਤਾਂ ਵਾਲੇ ਪਹਿਲਾਂ ਏਸ ਮੁਲਖ਼ ਦੇ ਅਛੂਤਾਂ ਨੂੰ ਤਾਂ ਅਜ਼ਾਦੀ ਦੇਣ। ਅਕੇ ਅਜ਼ਾਦੀ ਤਾਂ ਸਾਨੂੰ ਵੀ ਚਾਹੀਦੀ ਪਰ ਸਾਡੀ ਪਹਿਲ ਤਾਂ ਅਛੂਤਾਂ ਦੇ ਅਧਿਕਾਰਾਂ ਲਈ ਲੜਨਾ ਐ।"

-ਇਹ ਤਾਂ ਫਿਰ ਬਹਾਊ ਇਹਨਾਂ ਨੂੰ ਆਪਣੇ ਸਿਰਾਂ 'ਤੇ...।" ਗਧੀ ਫਿਕਰਮੰਦ ਸੀ।

-"ਸਿਰ 'ਤੇ ਬੈਠਣਗੇ ਈ ਜਦੋਂ ਵਿੱਚੋਂ ਆਵਦੇ ਈ ਮਦਾਰੀਆਂ ਕਰਨਗੇ ਆਹ ਕਿਸ਼ਨੇ ਸਕੀਮੀਏ ਅਰਗੇ।" ਦਿਆਲਾ ਨੱਕੋਂ ਠੂੰਹੇਂ ਡੇਗਣ ਲੱਗਾ ਸੀ।

-ਉਹ ਪੱਦਲ ਜਿਆ ਕੀ ਕਾਰਸਤਾਨੀਆਂ ਕਰਦਾ? " ਨਿਹਾਲਾ ਗਧੀ ਸੀ।

-ਉਦਣ ਨੀ ਸੀ ਦੇਖਿਆ ਗੁਰਦੁਆਰੇ ... ਸੰਗਰਾਂਦ ਆਲੇ ਦਿਨ। ਚੌਲ ਲੈਣ ਆਈਆਂ ਮਜ਼੍ਹਬਣਾ ਗਾਂਹ ... ਈ.. ਗਾਂਹ ਚੜੀਆਂ ਆਉਣ। ਆਹ ਸੀਤੇ ਘੋਰੀ ਨੇ ਮਾੜਾ ਜਿਹਾ ਵਰਜ ਤਾ ਅਖੇ ਅੱਥੇ ਦੂਰ ਹੋ ਕੇ ਬਹਿਜੋ, ਉਥੇ ਦਿੰਨੇ ਆ ਚੌਲ। ਇਹ ਟੱਪ ਖਲੋਤਾ ਐਨੀ ਗੱਲ ਤੇ ਈ। ਕਹਿੰਦਾ ਇਹ ਵੀ ਰੱਬ ਦੇ ਜੀਅ ਆ। ਇਹ ਵੀ ਬਰੋਬਰ ਦੇ ਹਿੱਸੇਦਾਰ ਆ ਗੁਰਦੁਆਰੇ 'ਚ ਐਮੀ ਡੱਡੂ ਵਾਗੂੰ ਟੱਪੀ ਜਾਵੇ। ਅਖੇ ਜੇ ਇਹਨਾਂ ਨਾਲ ਦੁਰਾਂਜਗੀ ਕਰਨੀ ਤਾਂ ਮੈਂ ਚੱਲਿਆਂ ਗੁਰਦੁਆਰਿਓਂ। ਭਲਾ ਤੇਰੇ ਬਿਨਾਂ ਗੋਬ 'ਚੋਂ ਗੱਡਾ ਫਸਿਆ ਨਾ ਕੱਢ ਹੋਊ। ਇਹਦੀ ਸ਼ਹਿ ਨਾਲ ਮਜ਼ਬਣਾ ਵੀ ਬੋਲਣ ਲੱਗ ਪਈਆਂ। ਐਹੇ ਜੇ ਬੰਦੇ ਸਿਰ 'ਤੇ ਚੜਾਉਂਦੇ ਇਹਨਾਂ ਨੂੰ। " ਦਿਆਲੇ ਨੇ ਸੰਗਰਾਂਦ ਵਾਲੇ ਦਿਨ ਗੁਰਦੁਆਰੇ ਵਾਪਰੀ ਘਟਨਾ ਨਿਹਾਲੇ ਗਧੀ ਨੂੰ ਦੱਸੀ।

"... ਆਹ ਗੁਮੰਤਰੀਆਂ ਦਾ ਦਿੱਤੜਾ ਵੀ ਬੜਾ ਚਿੱਤੜ ਚੱਕ-ਚੱਕ ਪਦ ਮਾਰਦਾ।"

... ਘੋਰੀਆ! ਏ, ਕਾਦਰ ਆਲੇ ਲਾਲ ਮਾਸਟਰ ਦੀਆਂ ਉਂਗਲਾਂ 'ਤੇ ਚੜਿਆ... ਕੋਈ ਸਭਾ ਬਣਾਈ ਫਿਰਦੇ... ਬੇਡਕਰ ਨਾਲ ਵੀ ਗੰਡਜੋੜ ਐ। ਕੱਠੇ ਹੋ ਕੇ ਤਾਂਹ ਤੱਕ ਮਿਲ ਆਉਂਦੇ। ਹੋਰ ਐਮੇ ਨੀ ਪਿੱਠ ਮਰੋੜ-ਮਰੋੜ ਤੁਰਦੀ ਇਹ ਜਾਤ। ਇਹ ਤਾਂ ਸੁਹਾਗੇ ਤੇ ਨੀ ਮਾਣ, ਫੇਰ ਵੀ ਕਵੀਸ਼ਰ ਬਣਿਆ ਵਿਐ। ਰਾਹ ਖਹਿੜੇ ਮਿਲਜੇ, ਮਜ਼ਾਲ ਕੀ ਸਿਰ ਨੀਵਾਂ ਕਰਜੇ। ਆਜੂ ਕਿਤੇ ... ਕਾਬੂ ... ਜਿੱਦਣ ਅੜਿੱਕੇ ਚੜ ਗਿਆ, ਕਿਸੇ ਨੇ ਨਹੀਂ ਛੁਡਾਉਣਾ।"

ਵਿੱਚੇ ਈ ਚਿੱਤੜ ਕੁਟਾਇਓ ਕਿਸ਼ਨੇ ਸਕੀਮੀਏ ਦੇ, ਇਹਨਾਂ ਦੇ ਵੱਡੇ ਹਮੈਤੀ ਦੇ।" ਨਿਹਾਲਾ ਗਧੀ ਬੋਲਿਆ।

"ਆਟੇ ਨਾਲ ਪੜੇਥਣ ਤਾਂ ਲਾਉਣ ਈ ਪਊ।"

-ਨਿਹਾਲ ਸਿੰਹੁ ਜਥੇਦਾਰ ਦਾ ਤਾਂ ਸਕੀਮੀਏ ਨਾਲ ਕੁਛ ਪੁਰਾਣਾ ਸਾਬ੍ਹ-ਕਤਾਬ ਵੀ ਹੈਗਾ!" ਸੀਤੇ ਘੋਰੀ ਨੇ ਤਿੰਨ ਚਾਰ ਸਾਲ ਪਹਿਲਾ ਵਾਪਰੀ ਘਟਨਾ ਫੇਰ ਚੇਤੇ ਕਰਵਾ ਦਿੱਤੀ ਸੀ। ਉਸ ਵੇਲੇ ਭਾਈ ਕਿਆਂ ਦੇ ਖੇਤੋਂ ਨਿਹਾਲੇ ਗਧੀ ਨੇ ਮੱਕੀ ਚੋਰੀ ਕਰ ਲਈ ਸੀ। ਹੋਰ ਤਾਂ ਕੋਈ ਉਸਦੇ ਖਿਲਾਫ਼ ਖੁੱਲ੍ਹ ਕੇ ਨਹੀਂ ਸੀ ਬੋਲਿਆ ਪਰ ਕਿਸ਼ਨੇ ਸਕੀਮੀਏ ਨੇ ਪੰਚਾਇਤ ਵਿੱਚ ਹਿੱਕ ਠੋਕ ਕੇ ਨਿਹਾਲੇ ਖ਼ਿਲਾਫ਼ ਗਵਾਹੀ ਦਿੱਤੀ ਸੀ। ਹੁਣ ਸੀਤੇ ਘੋਰੀ ਨੇ ਜਿਵੇਂ ਉਸਦੇ ਦਿਲ ਦੀ ਗੱਲ ਕਰ ਦਿੱਤੀ ਸੀ। ਦਰਅਸਲ ਨਿਹਾਲੇ ਨੂੰ ਖੁਸ਼ ਕਰਨ ਲਈ ਹੀ ਉਸਨੇ ਕਿਸ਼ਨੇ ਸਕੀਮੀਏ ਦਾ ਨਾਂ ਲਿਆ ਸੀ ਵਰਨਾ ਉਹ ਆਪ ਤਾਂ ਕਈ ਵਾਰ ਲੋੜ ਵੇਲੇ ਕਿਸ਼ਨੇ ਤੋਂ ਮਤਲਬ ਕੱਢ ਲੈਂਦਾ ਸੀ। ਨਿਹਾਲਾ ਮੁੱਛਾਂ ਵਿੱਚ ਹੱਸਣ ਲੱਗਾ ਸੀ।

-ਊਂ ਤਾਂ ਕਾਹਲੀ ਐ ਨਿਹਾਲ ਸਿਆਂ ਜਥੇਦਾਰਾ... ਮੈਂ ਘਰ ਗੇੜਾ ਮਾਰਨਾ ਪਰ ਇੱਕ ਗੱਲ ਪੁਛਣੀ ਐ...?" ਤੇ ਉਸਦਾ ਜੁਆਬ ਉਡੀਕੇ ਬਗ਼ੈਰ ਹੀ ਨਸਵਾਰ ਨੱਕ ਵਿੱਚ ਚੜਾ ਸੁੜਾਕਾ ਮਾਰਦਿਆਂ ਗੱਲ ਜਾਰੀ ਰੱਖੀ,

"ਜਦੋਂ ਨੇਰ੍ਹੇ ਸਵੇਰੇ ਤਾਪੀ ਅੱਲੀ ਜਾਨੈ, ਉਦੋਂ ਭਿੱਟ ਨੀ ਚੜਦੀ ? "

-ਜਾਹ ... ਕੰਜਰ ਦਾ ਬੀਅ...।" ਨਿਹਾਲੇ ਨੂੰ ਕੋਈ ਗੱਲ ਨਾ ਅਹੁੜੀ

"ਘੋਰੀਆਂ! ਸਹੁਰੀ ਦਿਆ... ਤੀਮੀ ਦੀ ਕੋਈ ਭਿੱਟ ਨੀ ਹੁੰਦੀ। ਨਾਲੇ ਬੰਦਾ ਤਾਂ ਨਾੜ੍ਹਾ ਘੋੜਾ ... ਆ ਕੇ ਸ਼ਨਾਨ ਕਰ ਲਿਆ, ਫੇਰ ਉਹੋ ਜੇ ਦਾ ਉਹੋ ਜ੍ਹਾ।" ਤਿੰਨੇ ਖੁੱਲ ਕੇ ਹੱਸਣ ਲੱਗੇ ਸਨ।

*

1935 ਦੇ ਗੌਰਮਿੰਟ ਆਫ ਇੰਡੀਆ ਐਕਟ ਤਹਿਤ ਪ੍ਰਾਂਤਾਂ ਵਿੱਚ ਪੂਰਨ ਜੁਆਬਦੇਹ ਸਰਕਾਰਾਂ ਦਾ ਗਠਨ ਕਰਨ ਲਈ ਚੋਣਾਂ ਦਾ ਐਲਾਨ ਹੋ ਗਿਆ। ਡਾ. ਅੰਬੇਡਕਾਰ ਅਤੇ ਗਾਂਧੀ

ਵਿੱਚਕਾਰ ਪੂਨੇ ਦੀ ਯਰਵਦ੍ਹਾ ਵਿੱਚ ਹੋਏ ਸਮਝੌਤੇ ਜਿਸਨੂੰ 'ਪੂਨਾ ਪੈਕਟ' ਆਖਿਆ ਗਿਆ ਅਨੁਸਾਰ ਸਾਰੇ ਸੂਬਿਆਂ ਵਿੱਚ ਅਛੂਤਾਂ ਲਈ ਸੀਟਾਂ ਰਾਖਵੀਆਂ ਕੀਤੀਆਂ ਗਈਆਂ। ਪੰਜਾਬ ਸੂਬੇ ਵਿੱਚ ਅੱਠ ਸੀਟਾਂ ਰੀਜ਼ਰਵ ਹੋਈਆਂ। ਇਹਨਾਂ ਉੱਤੇ ਕੇਵਲ ਅਨੁਸੂਚਿਤ ਜਾਤੀ ਉਮੀਦਵਾਰ ਹੀ ਚੁਣੇ ਜਾਣੇ ਸਨ। ਬਾਬੂ ਮੰਗੂ ਰਾਮ ਮੁਗੋਵਾਲੀਆਂ ਦੀ ਅਗਵਾਈ ਵਿੱਚ ਆਦਿ ਧਰਮ ਮੰਡਲ ਲਹਿਰ ਨੇ ਅਜ਼ਾਦਾਨਾ ਤੌਰ ਤੇ ਇਹਨਾਂ ਅੱਠੇ ਰੀਜ਼ਰਵ ਸੀਟਾਂ 'ਤੇ ਚੋਣ ਲੜਨ ਦਾ ਫ਼ੈਸਲਾ ਕੀਤਾ। ਆਦਿ ਮੰਡਲ ਨੇ ਮਾਸਟਰ ਲਾਲ ਚੰਦ ਰਤਨ ਨੂੰ ਫਿਰੋਜ਼ਪੁਰ-ਲੁਧਿਆਣਾ ਸੀਟ ਤੋਂ ਚੋਣ ਲੜਾਉਣ ਲਈ ਮੈਦਾਨ ਵਿੱਚ ਉਤਾਰ ਦਿੱਤਾ। ਮਾਸਟਰ ਲਾਲ ਚੰਦ ਨੂੰ ਉਮੀਦਵਾਰ ਬਣਾਉਣ ਦੇ ਫੈਸਲੇ ਬਾਰੇ ਸੁਣਕੇ ਦਿੱਤੇ ਨੂੰ ਜਿਵੇਂ ਚਾਅ ਹੀ ਚੜ ਗਿਆ। ਅਜੇ ਥੋੜਾ ਚਿਰ ਪਹਿਲਾਂ ਹੀ ਮਾਸਟਰ ਲਾਲ ਚੰਦ ਨੇ ਆਦਿ ਧਰਮ ਮੰਡਲ ਲਹਿਰ ਦੇ ਹਮਦਰਦਾਂ ਨੂੰ ਪਿੰਡ ਅਕਾਲੀਆਂ ਵਾਲਾ ਵਿੱਚ ਹੋਈ ਮੀਟਿੰਗ ਵਿੱਚ ਸੰਬੋਧਨ ਕਰਦਿਆਂ ਸਾਈਮਨ ਕਮਿਸ਼ਨ ਦੇ ਭਾਰਤ ਆਉਣ, ਕਮਿਸ਼ਨ ਦੀਆਂ ਰਿਪੋਰਟਾਂ 'ਤੇ ਵਿਚਾਰ ਕਰਨ ਲਈ ਲੰਦਨ ਵਿੱਚ ਹੋਈਆਂ ਗੋਲਮੇਜ ਕਾਨਫਰੰਸਾਂ, ਰੈਮਨੇ ਮੈਕਡੋਨਲਡ ਦੁਆਰਾ ਘੋਸ਼ਿਤ ਕਮਿਊਨਲ ਐਵਾਰਡ, ਅਛੂਤਾਂ ਨੂੰ ਮਿਲੇ ਦੋਹਰੀ ਵੋਟ ਦੇ ਅਧਿਕਾਰ, ਐਵਾਰਡ ਦੇ ਖ਼ਿਲਾਫ਼ ਮਾਹਾਤਮਾ ਗਾਂਧੀ ਦੇ ਮਰਨ ਵਰਤ, ਗਾਂਧੀ ਤੇ ਅੰਬੇਡਕਰ ਵਿੱਚ ਪੂਨਾ ਵਿੱਚ ਹੋਏ ਸਮਝੌਤੇ ਬਾਰੇ, ਅਤੇ ਅਛੂਤਾਂ ਲਈ ਸੀਟਾਂ ਰਾਖਵੀਆਂ ਹੋਣ ਬਾਰੇ ਵਿਸਥਾਰ ਨਾਲ ਦੱਸਿਆ ਸੀ। ਮਾਸਟਰ ਲਾਲ ਚੰਦ ਨੇ ਇਕੱਠ ਨੂੰ ਸਮਝਾਇਆ ਕਿ ਕਿਵੇਂ ਕਾਂਗਰਸ ਅਤੇ ਗਾਂਧੀ ਮਹਾਤਮਾਂ ਇਸ ਗੱਲ 'ਤੇ ਅੜੇ ਰਹੇ ਸਨ ਕਿ ਅਛੂਤਾਂ ਦਾ ਨੁਮਾਇੰਦਾ ਬਣਾਉਣ ਲਈ ਸਾਰੇ ਦੇਸ਼ ਵਿੱਚੋਂ ਸੈਂਕੜੇ -ਹਜਾਰਾਂ ਅਛੂਤਾਂ ਨੇ ਅੰਗਰੇਜ਼ ਸਰਕਾਰ ਨੂੰ ਤਾਰਾਂ ਭੇਜੀਆਂ ਸਨ। ਬਾਬੂ ਮੰਗੂ ਰਾਮ ਜੀ ਨੇ ਵੀ ਆਦਿ ਧਰਮ ਦੇ ਨਾਮ 'ਤੇ ਅੰਗਰੇਜ਼ ਸਰਕਾਰ ਨੂੰ ਤਾਰਾਂ ਭੇਜ ਕੇ ਬੇਨਤੀ ਕੀਤੀ ਕਿ ਅਛੂਤਾਂ ਦਾ ਨੁਮਾਇੰਦਾ ਗਾਂਧੀ ਨਹੀਂ ਡਾ. ਬੀ. ਆਰ. ਅੰਬੇਡਕਰ ਹੈ। ਬ੍ਰਿਟਸ ਸਰਕਾਰ ਨੇ ਸਾਰੇ ਦੇਸ਼ ਵਿੱਚੋਂ ਜੋਰ ਪੈਣ ਉਪਰੰਤ, ਅੰਬੇਡਕਰ ਨੂੰ ਅਛੂਤਾਂ ਦਾ ਪ੍ਰਤੀਨਿਧੀ ਮੰਨ ਕੇ ਗੋਲਮੇਜ਼ ਕਾਨਫਰੰਸਾਂ ਵਿੱਚ ਭਾਗ ਲੈਣ ਲਈ ਸੱਦਾ ਪੱਤਰ ਦਿੱਤਾ ਸੀ। ਇਹਨਾਂ ਕਾਨਫਰੰਸਾਂ ਵਿੱਚ ਦਿੱਤੀਆਂ ਗਈਆਂ ਠੋਸ ਅਤੇ ਤਰਕ ਪੂਰਨ ਦਲੀਲਾਂ, ਪੇਸ਼ ਕੀਤੇ ਤੱਥਾਂ ਦਾ ਹੀ ਨਤੀਜਾ ਸੀ ਕਿ ਅਸੈਬਲੀਆਂ ਵਿੱਚ ਪਹਿਲੀ ਵਾਰ ਅਛੂਤ ਨੁਮਾਇੰਦੇ ਚੁਣ ਕੇ ਜਾਣੇ ਸਨ।

ਮਾਸਟਰ ਲਾਲ ਚੰਦ ਦੀ ਚੋਣ ਮੁਹਿੰਮ ਸ਼ੁਰੂ ਕਰਨ ਲਈ ਅਕਾਲੀਆਂ ਵਾਲੇ ਪਿੰਡ ਵਿੱਚ ਵੱਡਾ ਇਕੱਠ ਕੀਤਾ ਗਿਆ। ਮਾਸਟਰ ਜੀ ਦੇ ਵੱਡੇ ਭਰਾ ਬੂੜਾ ਰਾਮ ਅਤੇ ਅਕਾਲੀਆਂ ਵਾਲੇ ਈਸ਼ਰ ਸਿੰਘ ਨੂੰ ਚੋਣ ਦਾ ਇੰਚਾਰਜ ਬਣਾਇਆ ਗਿਆ। ਰਲੇ ਤੋਂ ਤੁਰਿਆਂ-ਫਿਰਿਆ ਨਹੀਂ ਸੀ ਜਾਂਦਾ ਪਰ ਉਹ ਦਿੱਤੇ ਨਾਲ ਇਸ ਇਕੱਠ ਵਿੱਚ ਸ਼ਾਮਲ ਹੋਇਆ। ਦਿੱਤੇ ਹੋਰਾਂ ਦੀ ਜੋਸ਼ੀਲੀ ਕਵਿਤਾ ਨੇ ਸਾਰਿਆਂ ਵਿੱਚ ਜੋਸ਼ ਭਰ ਦਿੱਤਾ। ਚੋਣ ਮੁਹਿੰਮ ਵਿੱਚ ਥਾਉਂ-ਥਾਈਂ ਅਤੇ ਪਿੰਡੋਂ ਪਿੰਡੀ ਕੰਮ ਕਰਨ ਵਾਲਿਆਂ ਦੀਆਂ ਡਿਊਟੀਆਂ ਵੰਡ ਦਿਤੀਆਂ ਗਈਆਂ। ਚੋਣ ਮੁਹਿੰਮ ਚਲਾਉਣ ਲਈ ਚੰਦਾ ਇਕੱਠਾਂ ਕਰਨ ਲਈ ਵੱਖਰੀ ਕਮੇਟੀ ਬਣਾਈ ਗਈ। ਬੁਲਾਰਿਆਂ ਦੀਆਂ ਜੋਸ਼ੀਲੀਆਂ ਤਕਰੀਰਾਂ ਨੇ ਆਦਿ ਧਰਮ ਮੰਡਲ ਦੇ ਪੈਰੋਕਾਰਾਂ ਵਿੱਚ ਨਵਾਂ ਜੋਸ਼ ਭਰ ਦਿੱਤਾ ਸੀ। ਦਿੱਤੇ ਨੇ ਇਕੱਠ ਵਿੱਚ ਬਾਬੂ ਮੰਗੂ ਰਾਮ ਮੁੱਗੋਵਾਲੀਏ ਦਾ ਭੇਜਿਆ ਸੰਦੇਸ਼ ਪੜ ਕੇ ਸੁਣਾਇਆ ਤਾਂ ਚਾਰ-ਚੁਫੇਰਿਉਂ 'ਆਦਿ ਧਰਮ ਮੰਡਲ ਦੀ ਜੈ', 'ਵਾਲਮੀਕੀ ਦੀ ਜੈ' ਦੇ ਜੈ ਕਾਰੇ ਲੱਗਣੇ ਸ਼ੁਰੂ ਹੋ ਗਏ।

ਮਾਸਟਰ ਲਾਲ ਚੰਦ ਦੀ ਚੋਣ ਦਿੱਤੇ ਅਤੇ ਉਸਦੇ ਬਾਕੀ ਸਾਥੀਆਂ ਨੇ ਜਿਉਣ ਮਰਨ ਦਾ ਸਵਾਲ ਬਣਾ ਕੇ ਲੜਨੀ ਸ਼ੁਰੂ ਕੀਤੀ ਸੀ। ਉਹਨਾਂ ਫਿਰੋਜ਼ਪੁਰ-ਲੁਧਿਆਣੇ ਦੇ ਪਿੰਡ , ਕਸਬੇ ਅਤੇ ਸ਼ਹਿਰ ਪੈਰੀਂ ਗਾਹ ਮਾਰੇ ਸਨ। ਵੋਟਰਾਂ ਤੋਂ ਮਿਲ ਰਿਹਾ ਹੁੰਗਾਰਾ ਉਹਨਾਂ ਦੇ ਚਿਹਰਿਆਂ 'ਤੇ ਲਾਲੀ ਫੇਰ ਦਿੰਦਾ। ਦਿੱਤੇ ਦੀ ਸਾਰੀ ਸਾਰੀ ਰਾਤ ਜਾਗਦਿਆਂ ਲੰਘ ਜਾਂਦੀ। ਰਲੇ ਦੀ ਥਾਪੀ ਉਸ ਅੰਦਰ ਨਵੀਂ ਰੂਹ ਭਰ ਦਿੰਦੀ। ਉਹ ਝੋਲੀ ਫੈਲਾ ਕੇ ਆਪਣੀ ਬਿਰਾਦਰੀ ਦੇ ਵੋਟਰਾਂ ਤੋਂ ਮਾਸਟਰ ਜੀ ਦੀ ਚੋਣ ਮੁਹਿੰਮ ਲਈ ਚੰਦਾ ਅਤੇ ਵੋਟ ਮੰਗਦਾ। ਦੇਰ ਰਾਤ ਗਏ ਥੱਕ-ਟੁੱਟ ਕੇ ਰਤਾ ਕੁ ਝੌਂਕਾ ਲਾਉਂਦਾ ਤਾਂ ਸੁਪਨੇ ਵਿੱਚ ਮਾਸਟਰ ਲਾਲ ਚੰਦ ਜੀ ਨੂੰ ਲਹੌਰ ਅਸੈਂਬਲੀ ਦੇ ਦਰਵਾਜੇ ਅੱਗੇ ਖੜਾ ਵੇਖਦਾ ਉਹ ਸੁਆਦ-ਸੁਆਦ ਹੋ ਜਾਂਦਾ। ਦਿੱਤੇ ਦੀ ਤਾਂ ਜਿਵੇਂ ਭੁੱਖ ਤੇਹ ਹੀ ਮਰ ਗਈ ਹੋਵੇ। ਉਹ ਸੋਚਦਾ, ਮਾਸਟਰ ਲਾਲ ਚੰਦ ਜੀ ਤੇਜ਼ ਬੁੱਧੀ ਵਾਲੇ ਮਨੁੱਖ ਨੇ ਜੇ ਜਿੱਤ ਗਏ ਤਾਂ ਅਛੂਤਾਂ ਦੇ ਅਧਿਕਾਰਾਂ ਲਈ ਦਿਨ-ਰਾਤ ਇੱਕ ਕਰ ਦੇਣਗੇ। ਉਸਨੂੰ ਮਾਸਟਰ ਜੀ ਦੀ ਜਿੱਤ ਨਾਲ ਹੀ ਅਛੂਤਾਂ ਦੀ ਗੁਲਾਮੀ ਦੀਆਂ ਜੰਜੀਰਾਂ ਟੁੱਟਦੀਆਂ ਨਜ਼ਰ ਆਉਂਦੀਆਂ। ਦਿੱਤਾ ਮਾਸਟਰ ਲਾਲ ਚੰਦ ਜੀ ਦੀਆਂ ਲਿਖੀਆਂ ਕਵਿਤਾਵਾਂ ਸੁਣਾਉਂਦਾ।



'ਗੁਲਾਮੀ ਤੋਂ ਅਜ਼ਾਦੀ ਹਾਸਲ ਕਰਨ ਦੀ ਪੁਕਾਰ' ਨਾਂ ਦੀ ਕਵਿਤਾ ਸੁਣਾਉਂਦਿਆਂ ਤਾਂ ਉਹ ਜਿਵੇਂ ਵਹਿ ਤੁਰਦਾ। ਅਛੂਤਾਂ ਨਾਲ ਜਗਾ-ਜਗਾ ਹੁੰਦੇ ਜ਼ੁਲਮਾਂ ਦੀ ਦਾਸਤਾਨ ਸੁਣਕੇ ਸੁਨਣ ਵਾਲਿਆਂ ਦੀਆਂ ਅੱਖਾਂ 'ਚੋਂ ਮੱਲੋ ਮੱਲੀ ਹੰਝੂ ਵਹਿ ਤੁਰਦੇ।

ਇਸ ਚੋਣ ਸਦਕਾਂ 'ਦਿੱਤਾ' ਝੋਟੇ ਕੁੱਟਾਂ ਦੇ ਦਿਆਲੇ ਦੀਆਂ ਅੱਖਾਂ ਦਾ ਤਿਣ ਬਣ ਗਿਆ। ਦਿਆਲਾ ਹੱਥਾਂ 'ਤੇ ਦੰਦੀਆਂ ਵੱਡਦਾ। ਦਿੱਤੇ ਨੂੰ ਇੱਕ ਦੋ ਸੁਨੇਹੇ ਭੇਜ ਕੇ ਉਸਨੇ ਕਾਦਰਵਾਲੀਏ ਮਾਸਟਰ ਲਾਲ ਚੰਦ ਲਈ ਕੰਮ ਨਾ ਕਰਨ ਅਤੇ ਅਰਾਮ ਲਾਲ ਘਰ ਬੈਠ ਜਾਣ ਲਈ ਆਖਿਆ, ਪਰ ਦਿੱਤੇ ਨੇ ਉਸਦੀ ਕਿਸੇ ਗੱਲ ਵੱਲ ਕੰਨ ਨਹੀਂ ਸੀ ਧਰਿਆ। ਉਹ ਤਾਂ ਸਗੋਂ ਤੇਜ਼ ਹੋ ਗਿਆ ਸੀ। ਮਾਸਟਰ ਲਾਲ ਚੰਦ ਦੀ ਭਖੀ ਚੋਣ ਮੁਹਿੰਮ ਨੇ ਵਿਰੋਧੀ ਉਮੀਦਵਾਰ ਨੂੰ ਤਰੇਲੀਆਂ ਲਿਆ ਦਿੱਤੀਆਂ ਸਨ। ਉਸਨੇ ਹਰ ਤਰੀਕੇ ਨਾਲ ਮਾਸਟਰ ਦੇ ਸਰਗਰਮ ਹਿਮਾਇਤੀਆਂ ਨੂੰ ਆਪਣੇ ਪੱਖ ਵਿੱਚ ਕਰਨ ਲਈ ਜਾਂ ਘਰ ਚੁੱਪ ਚਾਪ ਬੈਠਾ ਦਿੱਤਾ ਜਾਣ ਦਾ ਫ਼ੈਸਲਾ ਕਰ ਲਿਆ ਸੀ। ਉਸਦੇ ਹਿਮਾਇਤੀਆਂ ਨੇ ਮਾਸਟਰ ਦੇ ਕਈ ਸਮਰਥਕਾਂ ਨੂੰ ਧਮਕੀਆਂ ਵੀ ਦਿੱਤੀਆਂ। ਕੁੱਝ ਨੂੰ ਪੈਸੇ-ਟਕੇ ਦਾ ਵੀ ਲਾਲਚ ਦਿਤਾ ਗਿਆ। ਉਸਨੇ ਜਿਲ੍ਹਾ ਪਾਰਟੀ ਦਫ਼ਤਰ ਰਾਹੀਂ ਦਿਆਲੇ 'ਤੇ ਜੋਰ ਪਾਇਆ ਕਿ ਮਾਸਟਰ ਦੀ ਚੋਣ ਦੇ ਥੰਮ 'ਦਿੱਤੇ' ਨੂੰ ਕਿਸੇ ਨਾ ਕਿਸੇ ਹੀਲੇ ਵੱਸ ਵਿੱਚ ਕਰੇ। ਦਿਆਲੇ ਨੇ ਆਪਣੀ ਸਾਰੀ ਵਾਹ ਲਾਈ ਪਰ ਉਹ ਦਿੱਤੇ ਨੂੰ ਮੋੜ ਨਾ ਸਕਿਆ। ਦਿਆਲੇ ਨੇ ਆਪਣੇ ਖਾਸ ਆਦਮੀ ਨਿਹਾਲੇ ਗਧੀ ਨੂੰ ਭੇਜਕੇ ਦਿੱਤੇ ਨੂੰ ਰੁਪਈਏ ਦੇਣ ਦਾ ਲਾਲਚ ਦਿਤਾ ਤਾਂ ਅੱਗਿਓ ਦਿੱਤਾ ਭੜਕ ਉੱਠਿਆ। ਉਸਨੇ ਰੁਪਈਏ ਨਿਹਾਲੇ ਹੱਥੋਂ ਫੜਦਿਆਂ ਵਾਪਸ ਉਸਦੇ ਮੂੰਹ ਤੇ ਚਲਾ ਮਾਰੇ ਸਨ, "ਨਿਹਾਲ ਸਿਆਂ ਜਥੇਦਾਰਾ! ਮੈਂ ਤੇਰੇ ਸਰਦਾਰ ਅਰਗਾ ਟੁਕੜਬੋਚ ਨੀ। ਉਸਨੂੰ ਪੈਸੇ ਚਾਹੀਦੇ ਹੋਏ ਦੱਸ ਦੇਵੀਂ, ਮੈਂ ਘਰ ਵੇਚ ਕੇ ਦੇ ਦਿਆਂਗਾ। ਨਾਲੇ ਹੋਰ ਦੱਸਾਂ, ਜੀਹਦੀ ਬਾਂਹ ਫੜ ਲਏ, ਸਾਡੀ ਕੌਮ ਨੀ ਛੱਡਦੀ, ਵੱਢੀ ਭਾਵੇਂ ਜਾਵੇ।" ਨਿਹਾਲੇ ਗਧੀ ਦਿੱਤੇ ਦੀਆਂ ਅੱਖਾਂ ਦਾ ਸਾਹਮਣਾ ਨਾ ਕਰ ਸਕਿਆ। ਉਹ ਨੀਵੀਂ ਪਾ ਕੇ ਵਾਪਸ ਮੁੜ ਆਇਆ ਸੀ। *

ਜਿਸ ਦਿਨ ਚੋਣ ਦਾ ਨਤੀਜਾ ਆਇਆ, ਦਿੱਤਾ ਅਤੇ ਉਸ ਵਰਗੇ ਮਾਸਟਰ ਦੇ ਹੋਰ ਹਿਮਾਇਤੀ ਸੁੰਨ ਰਹਿ ਗਏ ਸਨ। ਦਿੱਤੇ ਨੂੰ ਤਾਂ ਮਾਸਟਰ ਜੀ ਦੇ ਹਾਰ ਜਾਣ ਦਾ ਯਕੀਨ ਹੀ ਨਹੀਂ ਸੀ ਆ ਰਿਹਾ। ਉਸਦਾ ਜੀਅ ਕਰਦਾ ਸੀ ਮਾਸਟਰ ਦੀ ਦੇ ਮੋਢਿਆਂ 'ਤੇ ਆਪਣਾ ਸਿਰ ਰੱਖ ਕੇ ਉੱਚੀ ਉੱਚੀ ਰੋਵੇ। ਚੋਣ ਮੁਹਿੰਮ ਦੌਰਾਨ ਤਾਂ ਉਹ ਦਿਨ ਰਾਤ ਭੱਜਿਆ ਫਿਰਦਾ ਰਿਹਾ ਸੀ ਪਰ ਥਕਾਵਟ ਉਸਦੇ ਨੇੜੇ ਵੀ ਨਹੀਂ ਸੀ ਢੁੱਕੀ ਪਰ ਹੁਣ ਪਤਾ ਨਹੀਂ ਕਿਥੋਂ ਉਸ ਅੰਦਰ ਇੰਨੀ ਥਕਾਵਟ ਆ ਉਤਰੀ ਸੀ।

ਨਿਧਾਨਾ ਅਕਾਲੀਆਂ ਵਾਲਾ ਈਸ਼ਰ ਸਿੰਹੁ, ਲੱਛੂ, ਬਾਈ ਬੂੜਾ ਰਾਮ ਅਤੇ ਧਿਆਨਾ, ਸਾਰੇ ਮਾਯੂਸ ਹੋਏ ਬੈਠੇ ਸਨ। ਲੱਛੂ ਦਾ ਤਾਂ ਬੁਰਾ ਹਾਲ ਸੀ। ਮੋਤੀਆਂ ਵਰਗੇ ਹੰਝੂ ਉਸਦੀ ਤਾਜ਼ੀ ਉਤਰ ਰਹੀ ਭੂਰੀ ਜਿਹੀ ਦਾਹੜੀ 'ਤੇ ਆ ਟਿਕਦੇ ਸਨ। ਸਾਰੇ ਉਦਾਸ ਸਨ ਪਰ ਇੱਕ ਮਾਸਟਰ ਲਾਲ ਚੰਦ ਜਿਵੇਂ ਕੁੱਝ ਹੋਇਆ ਈ ਨਾ ਹੋਵੇ। ਉਸਨੇ ਤਾਂ ਦਿੱਤੇ ਵਰਗਿਆਂ ਨੂੰ ਹੌਸਲਾ ਦਿੱਤਾ ਸੀ, "ਸੂਰਮੇ ਦਾ ਕੰਮ ਹੈ ਜੰਗ ਲੜਨਾ। ਜੰਗ ਜਿੱਤੀ ਹੀ ਜਾਵੇ ਇਹ ਕੋਈ ਜ਼ਰੂਰੀ ਨਹੀਂ। ਹਾਰ-ਜਿਤ ਉਸ ਲਈ ਕੋਈ ਵੱਡੇ ਮਾਅਨੇ ਨਹੀਂ ਰੱਖਦੀ।" ਮਾਸਟਰ ਜੀ ਦੀਆਂ ਅਜਿਹੀਆਂ ਦਿਲਬਰੀਆਂ ਸਕਦਾ ਦਿੱਤੇ ਵਰਗੇ ਦਿਲ ਤਾਂ ਧਰਦੇ ਸਨ ਪਰ ਅੰਦਰੋਂ ਉਠਦੀ ਟੀਸ ਉਹਨਾਂ ਤੋਂ ਲੁਕਾਇਆ ਵੀ ਨਹੀਂ ਸੀ ਲੁਕਦੀ। *

ਤੀਜੇ ਦਿਨ ਮਾਸਟਰ ਲਾਲ ਚੰਦ ਵੱਡੇ ਭਰਾ ਬੂੜਾ ਰਾਮ ਦਿੱਤੇ, ਨਿਧਾਨੇ,ਈਸ਼ਰ ਸਿਹੁੰ ਅਤੇ ਲੱਛੂ ਨੂੰ ਨਾਲ ਲੈ ਕੇ ਮੀਟਿੰਗ ਵਿੱਚ ਭਾਗ ਲੈਣ ਲਈ ਜਲੰਧਰ ਚਲਾ ਗਿਆ। ਆਦਿ ਧਰਮ ਮੰਡਲ ਦੀ ਇਹ ਮੀਟਿੰਗ, ਬਾਬੂ ਮੰਗੂ ਰਾਮ ਨੇ ਚੋਣਾ 'ਚ ਹੋਈ ਪ੍ਰਾਪਤੀ ਅਤੇ ਬਾਅਦ ਦੀ ਰਣਨੀਤੀ ਤੇ ਵਿਚਾਰ ਕਰਨ ਲਈ ਬੁਲਾਈ ਸੀ। ਆਦਿ ਧਰਮ ਨੇ ਮਾਸਟਰ ਨਾਲ ਚੰਦ ਵਾਲੀ ਫਿਰੋਜ਼ਪੁਰ-ਲੁਧਿਆਣਾ ਸੀਟ ਨੂੰ ਛੱਡਕੇ ਬਾਕੀ ਸੱਤ ਰੀਜ਼ਰਵ ਸੀਟਾਂ ਜਿੱਤ ਲਈਆਂ ਸਨ। ਬਾਬੂ ਮੰਗੂ ਰਾਮ ਮੁੱਗੋਵਾਲੀਆਂ ਨੂੰ ਬਾਕੀ ਸੱਤ ਸੀਟਾਂ ਜਿੱਤ ਲੈਣ ਦੀ ਐਨੀ ਖੁਸ਼ੀ ਨਹੀਂ ਸੀ ਹੋਈ ਜਿਨਾਂ ਆਪਣੇ ਖਾਸ ਜਰਨੈਲ, ਆਦਿ ਡੰਕਾ ਅਖ਼ਬਾਰ ਦੇ ਸੰਪਾਦਕ, ਉੱਘੇ ਵਿਚਾਰਵਾਦ ਤੇ ਜੁਝਾਰੂ ਵਰਕਰ ਮਾਸਟਰ ਲਾਲ ਚੰਦ ਰਤਨ, ਕਾਦਰਵਾਲੇ ਦੇ ਹਾਰ ਜਾਣ ਦਾ ਦੁੱਖ ਹੋਇਆ ਸੀ।

## ਹਿੰਦੀ ਕਹਾਣੀ / ਬਸੰਤ ਵਰਗਾ / ਪ੍ਰਿਯੰਵਦ/ਅਨੁ:ਗੁਰਦਿਆਲ ਦਲਾਲ

ਘਾਹ ਦੀ ਖੁਸ਼ਬੂ ਵਿਚ ਲੇਟਿਆ, ਮੈਂ ਹੌਲ਼ੀ ਹੌਲ਼ੀ ਅੱਖਾਂ ਖੋਲ੍ਹਦਾ ਹਾਂ। ਸਿਰ ਉੱਤੇ ਗਾਂਧੀ ਬਾਬੇ ਦੀ ਕਾਲ਼ੇ ਰੰਗ ਦੀ ਵੱਡੀ ਮੂਰਤੀ ਦਿਖਾਈ ਦਿੰਦੀ ਹੈ... ਧੁੰਦਲੀ ਧੁੰਦਲੀ। ਇਕ ਹੱਥ ਵਿਚ ਲਾਠੀ, ਦੂਜੇ ਵਿਚ ਕਿਤਾਬ। ਗੋਡਿਆਂ ਤਕ ਧੋਤੀ, ਕਮਰ ਝੁਕੀ ਹੋਈ। ਸੱਜਾ ਪੈਰ ਅੱਗੇ ਵਧਿਆ ਹੋਇਆ... ਜਿਵੇਂ ਤੇਜ਼ ਤੇਜ਼ ਚੱਲ ਰਿਹਾ ਹੋਵੇ। ਗਾਂਧੀ ਬਾਬੇ ਦੇ ਹੱਥਾਂ ਤੋਂ ਪੈਰਾਂ ਤੱਕ ਮੱਕੜੀਆਂ ਨੇ ਜਾਲ਼ੇ ਬਣਾਏ ਹੋਏ ਹਨ। ਕਾਲਾ ਗੰਜਾ ਸਿਰ ਪੰਛੀਆਂ ਦੀਆਂ ਬਿੱਠਾ ਨਾਲ਼ ਸਫ਼ੈਦ ਹੋਇਆ ਪਿਆ ਹੈ। ਮੈਂ ਪੂਰੀਆਂ ਅੱਖਾਂ ਖੋਹਲ ਕੇ ਕਾਲ਼ੇ ਹੋ ਰਹੇ ਅਸਮਾਨ ਵੱਲ ਦੇਖਣਾ ਚਾਹੁੰਦਾ ਹਾਂ ਪਰ ਬੋਝਲ ਪਲਕਾਂ ਕਰਕੇ ਅੱਖਾਂ ਫਿਰ ਮੁੰਦ ਹੋ ਜਾਂਦੀਆਂ ਹਨ। ਮੈਂ ਚੱਲਣ ਤੋਂ ਪਹਿਲਾਂ ਜੇਲ੍ਹ ਦੀਆਂ ਸਲਾਖਾਂ ਤੋਂ ਬਾਹਰ ਨਿਕਲ਼ੇ ਘੇਂਟੂ ਦੇ ਹੱਥ ਫੜ ਕੇ ਥੱਕੀ ਜਿਹੀ ਅਵਾਜ਼ ਵਿਚ ਕਿਹਾ ਸੀ, 'ਅਸੀਂ ਰਹਿ ਗਏ ਘੇਂਟੂ ਤੇ ਤੂੰ ਭਰਾਵਾ ਬਣ ਗਿਆ ਬਸੰਤ।" ਉੱਤਰ ਵਿਚ ਘੇਂਟੂ ਆਪਣੇ ਮੋਟੇ ਬੁੱਲਾਂ ਨਾਲ਼ ਮੁਸਕਰਾ ਦਿੱਤਾ ਸੀ।

ਘੇਂਟੂ ਤੋਂ ਬਿਨਾਂ ਅਸੀਂ ਸਾਰੇ ਬਚਪਨ ਵਿਚ ਕੇਵਲ ਬਸੰਤ ਹੋਣਾ ਚਾਹੁੰਦੇ ਸਾਂ। ਉਨ੍ਹਾਂ ਦਿਨਾਂ ਵਿਚ ਸਾਡੇ ਕੋਲ਼ ਕੇਵਲ ਇੱਕੋ ਸ਼ਬਦ ਸੀ... ਬਸੰਤ। ਜੋ ਸਭ ਤੋਂ ਵਧੀਆ ਹੈ, ਸੁੰਦਰ ਹੈ, ਅਰਥ ਭਰਪੂਰ ਹੈ, ਉਹ ਬਸੰਤ ਹੈ। ਹਰ ਵਧੀਆਂ ਹਾਲਤ ਨੂੰ ਅਸੀਂ ਬਸੰਤ ਦਾ ਨਾਂ ਦਿੰਦੇ ਸਾਂ। ਜੀਵਨ ਵਿਚ ਕਿਸੇ ਵੀ ਚੀਜ਼ ਦੀ ਸਿਫ਼ਤ ਲਈ ਅਸੀਂ ਇੱਕੋ ਵਾਕ ਬੋਲਦੇ ਸਾਂ, "ਇਹ ਬਸੰਤ ਹੈ, ਇਹ ਬਸੰਤ ਹੋ ਗਿਆ ਜਾਂ ਅਸੀਂ ਬਸੰਤ ਹੋਵਾਂਗੇ।" ਤਦ ਘੇਂਟੂ ਹਸ ਕੇ ਕਿਹਾ ਕਰਦਾ ਸੀ, "ਦੇਖ ਲੈਣਾ, ਬਸੰਤ ਬਣਦੇ ਬਣਦੇ ਤੁਸੀਂ ਇਕ ਦਿਨ ਲੂਸੇ ਜਾਉਗੇ।" ਤੇ ਫੇਰ ਆਪਣੀ ਲਿਖੀ ਇਕ ਕਵਿਤਾ ਸੁਣਾਇਆ ਕਰਦਾ ਸੀ-

"ਦੇਖਿਓ, ਬਸੰਤ ਹੁੰਦੇ ਜਲ਼ ਨਾ ਜਾਇਓ।
ਤੁਹਾਡੀ ਆਦਤ ਏ, ਕਿ ਜਦ ਵੀ ਬਸੰਤ ਆਉਂਦੀ ਏ,
ਤੁਸੀਂ ਆਪਦੇ ਕੱਪੜੇ ਲਾਹ ਕੇ,
ਸ਼ਰੀਰ ਨੂੰ ਇਕ ਗਮਲਾ ਬਣਾ ਲੈਂਦੇ ਹੋ।
ਤੇ ਉਸ ਵਿਚ ਬੀਜਦੇ ਰਹਿੰਦੇ ਹੋ,
ਮੁੱਠੀ ਮੁੱਠੀ ਭਰ ਬਸੰਤ।
ਖ਼ੁਦ ਬਸੰਤ ਬਣਨ ਦੀ ਇੱਛਾ ਲੈ ਕੇ।
ਪਰ ਦੇਖਿਉ ਬਸੰਤ ਹੁੰਦੇ ਹੁੰਦੇ ਜਲ਼ ਨਾ ਜਾਇਉ।

ਅਸੀਂ ਸੁਣਦੇ ਤੇ ਹਸ ਦਿੰਦੇ, "ਇਸੇ ਲਈ ਤੂੰ ਘੇਂਟੂ ਏ।" ਉਹ ਵੀ ਮੁਸਕਰਾ ਦਿੰਦਾ ਤੇ ਕਹਿੰਦਾ, "ਜੀਵਨ ਦੇ ਸੱਚ ਹੋਰ ਹਨ, ਬਸੰਤ ਨਹੀਂ।"

"ਹੋਰ ਕਿਹੜੇ ? "

"ਪਤਾ ਨਹੀਂ।" ਘੇਂਟੂ ਸਿਰ ਝੁਕਾ ਕੇ ਕਹਿੰਦਾ।

"ਅੱਛਾ ਦੱਸ, ਤੂੰ ਕੀ ਬਣਨਾ ਚਾਹੁੰਦਾ ਏਂ? " ਅਸੀਂ ਪੁੱਛਦੇ।

"ਪਤਾ ਨਹੀਂ ।"

"ਪਰ ਸਾਨੂੰ ਪਤਾ ਏ। ਅਸੀਂ ਮਹਾਨ ਬਣਨਾ ਏਂ... ਬਸੰਤ ਵਰਗੇ।" ਅਸੀਂ ਛਾਤੀ ਫੁਲਾ ਕੇ ਕਹਿੰਦੇ। ਉਨ੍ਹਾਂ ਦਿਨਾਂ ਵਿਚ ਜੀਵਨ ਪ੍ਰਤੀ ਸਾਡੇ ਆਪਣੇ ਹੀ ਆਦਰਸ਼ ਸਨ, ਜੋ ਸਾਨੂੰ ਸਾਡੇ ਮਾਪਿਆਂ ਨੇ, ਅਧਿਆਪਕਾਂ ਨੇ ਤੇ ਸਮਾਜ ਨੇ ਦਿੱਤੇ ਸਨ। ਘੇਂਟੂ ਬੱਸ ਚੁੱਪ ਕਰ ਜਾਂਦਾ। ਉਹ ਕਦੀ ਕੁਝ ਬੋਲਦਾ ਹੀ ਨਹੀਂ ਸੀ। ਉਹ ਆਪਣੇ ਤੰਗੀਆਂ ਤੁਰਛੀਆਂ ਵਾਲ਼ੇ ਜੀਵਨ ਅਤੇ ਉਸ ਵਿਚੋਂ ਪੈਦਾ ਹੋਈ ਹੀਣ ਭਾਵਨਾ ਵਿਚ ਹੀ ਦਬ ਕੇ ਰਹਿ ਜਾਂਦਾ ਸੀ। ਇਸ ਸਭ ਕਾਸੇ ਦਾ ਉਸ ਦੇ ਮਨ ਤੇ ਇਕ ਅਦਿੱਖ ਪਰ ਬਹੁਤ ਡੂੰਘਾ ਪ੍ਰਭਾਵ ਸੀ।

ਸਾਡੀ ਜ਼ਿੰਦਗੀ ਦੀ ਜੰਗ ਚਲਦੀ ਰਹੀ। ਅਸੀਂ ਬੜੇ ਹੁੰਦੇ ਗਏ ਤੇ ਇਕ ਦਿਨ ਸਾਰੇ ਕਿਣਮਿਣਕਾਣੀ ਹੋ ਗਏ। ਘੇਂਟੂ ਵੀ ਪਤਾ ਨਹੀਂ ਕਿੱਥੇ ਗੁੰਮ ਗਿਆ। ਕਈ ਸਾਲਾਂ ਤਕ ਮੈਨੂੰ ਨਾ



ਮਿਲਿਆ। ਪਰ ਆਪਣੇ ਬਸੰਤ ਹੋਣ ਦੀ ਪ੍ਰਕਿਰਿਆ ਵਿਚ, ਜਦ ਵੀ ਮੈਂ ਇਕੱਲਾ ਹੁੰਦਾ ਤਾਂ ਮੈਨੂੰ ਘੇਂਟੂ ਦੀ ਕਵਿਤਾ ਯਾਦ ਆ ਜਾਂਦੀ ਤੇ ਮੈਂ ਮੁਸਕਰਾ ਦਿੰਦਾ। ਪਤਾ ਨਹੀਂ ਕਿੱਥੇ ਹੋਵੇਗਾ? ਸ਼ਾਇਦ ਜੀਵਨ ਦੇ ਉਸ ਸੱਚ ਨੂੰ ਲੱਭ ਰਿਹਾ ਹੋਵੇਗਾ, ਜੋ ਸਾਡੇ ਬਸੰਤ ਹੋਣ ਦੇ ਸੱਚ ਨਾਲੋਂ ਵੱਖਰਾ ਸੀ।

************

ਮੈਂ ਬੜਾ ਹੁੰਦਾ ਗਿਆ। ਚੰਗੀ ਨੌਕਰੀ ਮਿਲ ਗਈ। ਪਤਨੀ, ਬੱਚੇ ਛੋਟਾ ਜਿਹਾ ਸੁਖੀ ਪਰਿਵਾਰ। ਸਮਾਜ ਵਿਚ ਚੰਗੀ ਸ਼ੋਭਾ, ਮਾਣ ਆਦਰ ਤੇ ਰੁਪਿਆ ਪੈਸਾ ਵੀ। ਮੈਂ ਸੰਤੁਸ਼ਟ ਸਾਂ ਕਿ ਮੈਂ ਸਮਾਜ ਦਾ ਇਕ ਕਾਰਜਸ਼ੀਲ, ਮਹੱਤਵਪੂਰਨ ਹਿੱਸਾ ਹਾਂ ਤੇ ਪੂਰੀ ਸ਼ਰਧਾ ਨਾਲ ਇਸ ਪ੍ਰਬੰਧ ਵਿਚ ਆਪਣਾ ਯੋਗਦਾਨ ਪਾ ਰਿਹਾ ਹਾਂ। ਆਪਣੇ ਕਰਤੱਵਾਂ, ਆਦਰਸ਼ਾਂ ਦਾ ਪਾਲਣ ਕਰਦਾ ਹੋਇਆ ਇਕ ਸਾਰਥਿਕ ਸਮਾਜਕ ਜੀਵਨ ਬਤੀਤ ਕਰ ਰਿਹਾ ਹਾਂ। ਸਮਾਜ ਦੇ ਸਾਰੇ ਚੁਕਾਉਣ ਯੋਗ ਕਰਜਾਂ ਦਾ ਭਗਤਾਨ ਕਰ ਚੁੱਕਾ ਹਾਂ ਤੇ ਆਪਣੀਆਂ ਸਾਰੀਆਂ ਘਰੇਲੂ ਜ਼ਿੰਮੇਵਾਰੀਆਂ ਵੀ ਨਿਭਾ ਰਿਹਾ ਹਾਂ। ਇਸੇ ਤਰ੍ਹਾਂ ਆਪਣਾ ਬਾਕੀ ਦਾ ਜੀਵਨ ਸ਼ਾਂਤੀ ਅਤੇ ਸੁੱਖ ਨਾਲ ਗੁਜ਼ਾਰ ਦਿਆਂਗਾ। ਇਕ ਵਧੀਆਂ ਰੁਟੀਨ ਅਤੇ ਕਦਰਾਂ ਕੀਮਤਾਂ ਵਾਲੀ ਜ਼ਿੰਦਗੀ ਬਿਤਾ ਰਿਹਾ ਸਾਂ, ਮੈਂ। ਇਸੇ ਰੁਟੀਨ ਵਿਚ ਮੇਰਾ ਸਵੇਰੇ ਸਵੇਰੇ ਸੈਰ ਲਈ ਜਾਣਾ ਵੀ ਸ਼ਾਮਲ ਸੀ।

ਸਰਦੀਆਂ ਦੀ ਇਕ ਕਾਂਬਾ ਛੇੜ ਦੇਣ ਵਾਲੀ ਕੋਰੇ ਭਰੀ ਸਵੇਰ ਨੂੰ ਮੈਂ ਸੈਰ ਲਈ ਘਰੋਂ ਨਿਕਲਿਆ ਸਾਂ। ਸੜ੍ਹਕ ਉੱਤੇ ਅੰਤਾਂ ਦੀ ਠੰਡ ਸੀ। ਰਾਤ ਵੇਲੇ ਲੋਕਾਂ ਵਲੋਂ ਲਾਈਆਂ ਅੱਗ ਦੀਆਂ ਧੂਣੀਆਂ ਕਰਕੇ ਥਾਂ ਥਾਂ ਤੇ ਸੁਆਹ ਦੇ ਢੇਰ ਲੱਗੇ ਹੋਏ ਸਨ। ਕਦੀ ਕਦੀ ਕੋਈ ਬੰਦਾ ਠੁਰ ਠੁਰ ਕੰਬਦਾ ਹੋਇਆ ਕੋਲੋਂ ਲੰਘ ਜਾਂਦਾ। ਕੰਬਲ ਦਾ ਝੁੰਮ ਮਾਰੀ, ਗਠੜੀ ਬਣਿਆਂ ਇਕ ਆਦਮੀ, ਗੰਗਾ ਵੱਲ ਜਾਣ ਵਾਲ਼ੀ ਸੜਕ ਦੇ ਕੰਢੇ ਬੈਠਾ ਸੀ। ਉਸਦੇ ਨੇੜੇ ਹੀ ਬਾਂਦਰ ਦੀ ਇਕ ਲਾਸ਼ ਪਈ ਸੀ। ਬਾਂਦਰ ਦੇ ਸ਼ਰੀਰ ਉੱਤੇ ਕਣਕ ਰੰਗਾ ਇਕ ਕੱਪੜਾ , ਗਲ਼ੇ ਵਿਚ ਰੁਦਰਾਕਸ਼ ਦੀ ਮਾਲ਼ਾ ਸੀ। ਲਾਗੇ ਹੀ ਹਨੂੰਮਾਨ ਦੀ ਇੱਕ ਫ਼ੋਟੋ ਰੱਖੀ ਹੋਈ ਸੀ। ਬਾਂਦਰ ਦੇ ਸ਼ਰੀਰ ਉੱਤੇ ਕੁਝ ਸਿੱਕੇ ਅਤੇ ਨੋਟ ਵੀ ਪਏ ਸਨ। ਉਹ ਆਦਮੀ ਬੁੜ ਬੁੜ ਕਰਦਾ ਹਨੂੰਮਾਨ ਚਾਲੀਸਾ ਦਾ ਪਾਠ ਕਰ ਰਿਹਾ ਸੀ। ਜਦੋਂ ਮੈਂ ਉਸ ਕੋਲੋਂ ਲੰਘਣ ਲੱਗਾ ਤਾਂ ਉਸ ਨੇ ਸਿਰ ਲੁਕਾ ਕੇ ਆਪਣੇ ਪਾਠ ਦੀ ਸੁਰ ਹੋਰ ਉੱਚੀ ਚੁੱਕ ਦਿੱਤੀ। ਮੈਂ ਉਸ ਕੋਲ਼ ਰੁਕ ਗਿਆ ਤੇ ਬਾਂਦਰ ਵੱਲ ਦੇਖਿਆ ਕਿ ਬਾਂਦਰ ਦਾ ਖੱਬਾ ਕੰਨ ਥੋੜ੍ਹਾ ਹਿੱਲਿਆ ਸੀ। ਉਹ ਆਦਮੀ ਉਸੇ ਤਰ੍ਹਾਂ ਸਿਰ ਮਾਰਦਾ, ਝੂੰਮਦਾ ਹੋਇਆ ਬੋਲੀ ਜਾ ਰਿਹਾ ਸੀ। ਸ਼ਾਇਦ ਸੋਚ ਰਿਹਾ ਸੀ ਕਿ ਮੈਂ ਬਾਂਦਰ ਉੱਤੇ ਕੁਝ ਸਿੱਕੇ ਸੁੱਟ ਦੇਵਾਂਗਾ। ਪਰ ਮੈਂ ਕਾਫ਼ੀ ਦੇਰ ਉਵੇਂ ਖੜ੍ਹਾ ਦੇਖਦਾ ਰਿਹਾ। ਉਸ ਨੂੰ ਸ਼ੱਕ ਹੋਈ ਤਾਂ ਬੋਲਣਾ ਬੰਦ ਕਰਕੇ ਬਾਂਦਰ ਦੇ ਸ਼ਰੀਰ ਉੱਤੇ ਹੱਥ ਫੇਰਨ ਲੱਗ ਪਿਆ।

"ਮਰ ਗਿਆ ਏ? " ਮੈਂ ਪੁੱਛਿਆ।

" ਹਾਂ ।" ਉਹ ਉਸੇ ਤਰ੍ਹਾਂ ਕੰਬਲ਼ ਦਾ ਝੁੰਮ ਮਾਰੀ, ਸਿਰ ਲੁਕਾਉਂਦਾ ਬੋਲਿਆ।

"ਕਿਵੇਂ ? "

"ਡਿਗ ਪਿਆ। "

"ਕਦੋਂ ? "

"ਰਾਤ। "

"ਪਰ ਮੈਂ ਹੁਣੇ ਹੁਣੇ ਇਹਦਾ ਕੰਨ ਹਿਲਦਾ ਦੇਖਿਐ।" ਮੈਂ ਕਿਹਾ।

ਉਹ ਇੰਜ ਉੱਠਿਆ ਜਿਵੇਂ ਹਮਲਾ ਕਰਨਾ ਹੋਵੇ। ਇਸ ਦਾ ਕੰਬਲ ਹੇਠ ਡਿਗ ਪਿਆ। ਉਸ ਨੂੰ ਦੇਖਦਿਆਂ ਹੀ ਮੈਂ ਚੀਕ ਪਿਆ, "ਉਈ ... ਘੇਂਟੂ ... ਤੂੰ ? "

"ਉਇ ਤੂੰ ?" ਘੇਂਟੂ ਮੈਨੂੰ ਪਛਾਣ ਕੇ ਮੁਸਕਰਾਇਆ।

"ਕੀ ਏ ਇਹ ਸਭ ? ਕਿੱਥੇ ਰਹਿੰਦਾ ਏਂ ਤੂੰ ? ਕੀ ਕਰਦਾ ਏਂ ? " ਇੱਕੋ ਸਾਹ ਮੈਂ ਕਈ ਸਵਾਲ ਕਰ ਦਿੱਤੇ ਤੇ ਘੇਂਟੂ ਦਾ ਹੱਥ ਫੜ ਲਿਆ। ਉਸ ਦਾ ਹੱਥ ਬਰਫ਼ ਬਣਿਆਂ ਪਿਆ ਸੀ। ਮੈਂ ਧਿਆਨ ਨਾਲ਼ ਦੇਖਿਆ। ਉਸ ਦੇ ਚਿਹਰੇ ਦੀਆਂ ਹੱਡੀਆਂ ਨੁਕੀਲੀਆਂ ਹੋ ਕੇ ਬਾਹਰ ਨੂੰ ਨਿਕਲ਼ ਆਈਆਂ ਸਨ। ਇਸੇ ਕਾਰਨ ਉਸ ਦੀਆਂ ਅੱਖਾਂ ਦੇ ਜਿਵੇਂ ਟੋਏ ਬਣੇ ਹੋਏ ਸਨ, ਗਰਮੀਆਂ 'ਚ ਸੁੱਕੇ ਖੂਹਾਂ ਵਾਂਗ। ਉਸਨੇ ਇਕ ਭੂਰੀ ਪੈਂਟ ਪਹਿਨ ਰੱਖੀ ਸੀ, ਬੂਟ ਕਾਫ਼ੀ ਪੁਰਾਣੇ ਸਨ। ਮੋਟਾ ਜਿਹਾ ਕੰਬਲ਼ ਸੀ ਉਸ ਕੋਲ। ਵਾਲ਼ਾਂ ਦੀਆਂ ਜਟੂਰੀਆਂ ਬਣੀਆਂ ਹੋਈਆਂ ਸਨ। ਕੁੱਲ ਮਿਲਾ ਕੇ ਇਕ ਬੇਪਰਵਾਹੀ ਅਤੇ ਉਦਾਸੀਨਤਾ ਝਲਕਦੀ

ਸੀ।

"ਐਥੇ ਹਾਂ ਤੇ ਇਹੋ ਕੁਝ ਕਰਦਾ ਹਾਂ, ਅੱਜ ਕੱਲ੍ਹ ।" ਘੇਂਟੂ ਨੇ ਆਪਣਾ ਹੱਥ ਛੁਡਾਇਆ ਤੇ ਝੁਕ ਕੇ ਆਪਣਾ ਸਮਾਨ ਚੁੱਕਣ ਲੱਗਾ। "ਚੱਲ ਉਇ!" ਉਸ ਨੇ ਬਾਂਦਰ ਨੂੰ ਕਿਹਾ, "ਹੋਰ ਅੱਜ ਕੁਝ ਨਹੀਂ।" ਉਸ ਨੇ ਬਾਂਦਰ ਨੂੰ ਉਠਾਇਆ ਤੇ ਆਪਣੇ ਝੋਲ਼ੇ ਵਿਚ ਪਾ ਲਿਆ। ਮਾਲ਼ਾ, ਫ਼ੋਟ, ਕੱਪੜੇ ਅਤੇ ਪੈਸੇ ਵੀ ਸਾਂਭ ਲਏ। ਬਾਂਦਰ ਜ਼ਰਾ ਕੁ ਗਰਦਣ ਬਾਹਰ ਕੱਢਕੇ ਮੁਰਦਿਆਂ ਵਾਂਗ ਬੈਠ ਗਿਆ। ਝੋਲ਼ੇ ਨੂੰ ਘੇਂਟੂ ਨੇ ਮੋਢੇ ਨਾਲ਼ ਲਟਕਾ ਲਿਆ।

"ਹੋਰ ਤੂੰ ਕਿਵੇਂ ਹੈਂ? " ਘੇਂਟੂ ਮੋਢੇ ਉੱਪਰ ਨੂੰ ਝੋਲੇ ਦੀਆਂ ਤਣੀਆਂ ਖਿੱਚਦਾ ਬੋਲਿਆ, "ਲਗਦਾ ਏ ਖ਼ੂਬ ਪੜ੍ਹ ਲਿਖ ਗਿਆ ਏਂ ਤੇ ਪੈਸੇ ਵਾਲ਼ਾ ਹੋ ਗਿਆ ਏਂ। ਸਮਾਜ ਵਿਚ ਵੀ ਮਾਣ ਸਤਿਕਾਰ ਤਾਂ ਹੋਵੇਗਾ ਹੀ।"

ਚੱਲ ਘੇਂਟੂ ਮੇਰੇ ਨਾਲ।" ਮੈਂ ਉਸ ਦੀ ਗੱਲ ਦਾ ਕੋਈ ਉੱਤਰ ਨਾ ਦਿੱਤਾ, "ਪਾਰਕ ਦਾ ਇਕ ਚੱਕਰ ਲਾਉਂਦੇ ਹਾਂ। ਗੱਲ ਬਾਤ ਕਰਦੇ ਹਾਂ ਤੇ ਫੇਰ ਕਿਤੇ ਬੈਠ ਕੇ ਚਾਹ ਪੀਵਾਂਗੇ ਤੇ ਆਂਡੇ ਖਾਵਾਂਗੇ।" ਮੈਂ ਜਾਣਦਾ ਸਾਂ ਕਿ ਉਬਲ਼ੇ ਆਂਡੇ ਘੇਂਟੂ ਦੀ ਕਮਜ਼ੋਰੀ ਹੁੰਦੇ ਸਨ। ਪੁਰਾਣੀਆਂ ਗੱਲਾਂ ਯਾਦ ਆ ਗਈਆਂ ਮੈਨੂੰ ਐਨੇ ਸਮੇਂ ਮਗਰੋਂ ਘੇਂਟੂ ਦਾ ਅਚਾਨਕ ਮਿਲ ਜਾਣਾ ਚੰਗਾ ਵੀ ਲੱਗਾ ਸੀ ਤੇ ਹੈਰਾਨੀ ਭਰਿਆ ਵੀ।

"ਤੇ ਇਹ ?" ਘੇਂਟੂ ਨੇ ਝੋਲ਼ਾ ਥਪਥਪਾਇਆ,"ਮੇਰਾ ਬਾਂਦਰ...?"

" ਇਹਨੂੰ ਵੀ ਖੁਆਵਾਂਗੇ ਕੁਛ।"

"ਪਰ ਇਹਨੇ ਕੁਝ ਨਹੀਂ ਖਾਣਾ।"

"ਕਿਉਂ ?"

"ਅਫ਼ੀਮ ਖਾਂਦਾ ਏ, ਬੱਸ।"

ਮੈਂ ਹਸ ਪਿਆ। ਉਸੇ ਸੜ੍ਹਕ ਤੇ ਅਸੀਂ ਤੁਰਨ ਲੱਗੇ।

ਧੁੰਦ ਛਟ ਰਹੀ ਸੀ। ਕਿਤੇ ਕਿਤੇ ਕੋਈ ਆਦਮੀ ਸੜ੍ਹਕ ਉੱਤੇ ਝਾੜੂ ਮਾਰਦਾ ਦਿਖਾਈ ਦੇ ਦਿੰਦਾ। ਕੁੱਤੇ ਰਾਤ ਦੀਆਂ ਬੁਝੀਆਂ ਭੱਠੀਆਂ ਦੀ ਸੁਆਹ 'ਚੋਂ ਨਿਕਲ ਕੇ ਸੜ੍ਹਕ ਤੇ ਆ ਗਏ ਸਨ। ਭਿਖਾਰੀ ਧਰਤੀ ਦਾ ਉਹ ਖੂੰਜਾ ਲੱਭ ਕੇ ਬੈਠਣ ਲੱਗੇ ਸਨ, ਜਿੱਥੇ ਧੁੱਪ ਸਭ ਤੋਂ ਪਹਿਲਾਂ ਪਹੁੰਚਦੀ ਸੀ। ਦੋਵੇਂ ਹੱਥ ਪੈਂਟ ਦੀਆਂ ਜੇਬ੍ਹਾਂ 'ਚ ਪਾ ਘੇਂਟੂ ਲੜਖੜਾਉਂਦਾ ਜਿਹਾ ਚੱਲ ਪਿਆ।

"ਕਿੱਥੇ ਰਿਹਾ ਤੂੰ ਐਨੇ ਦਿਨ? " ਮੈਂ ਪੁੱਛਿਆ।

'ਬੱਸ ਇੱਧਰ ਉੱਧਰ ਭਟਕਦਾ ਰਿਹਾ... ਪਰ ਹੁਣ ਸੈੱਟ ਏ।"

"ਇਸ ਬਾਂਦਰ ਕਰਕੇ?"

"ਹਾਂ।"

"ਅਫ਼ੀਮ ਨਾਲ਼ ਇਹ ਕਿੰਨੀ ਕੁ ਦੇਰ ਸੁੱਤਾ ਰਹਿੰਦਾ ਏ ? "

"ਘੱਟੋ ਘੱਟ ਚਾਰ ਘੰਟੇ ਮਰਿਆ ਪਿਆ ਰਹਿੰਦਾ ਏ।"

"ਹਰ ਰੋਜ਼ ਇੰਜ ਕਰਨ ਨਾਲ਼ ਲੋਕ ਤੈਨੂੰ ਪਛਾਣਦੇ ਨਹੀਂ? "

"ਨਹੀਂ ... ਅੱਵਲ ਤਾਂ ਲੋਕ ਮੈਨੂੰ ਨਹੀਂ, ਬਾਂਦਰ ਨੂੰ ਹੀ ਦੇਖਦੇ ਨੇ। ਫੇਰ ਵੀ ਮੈਂ ਕਿਹੜਾ ਇਕ ਥਾਂ ਟਿਕਣਾ ਹੁੰਦਾ ਏ। ਮੈਂ ਸ਼ਹਿਰ ਵੀ ਬਦਲਦਾ ਰਹਿੰਦਾ ਹਾਂ।"

"ਸ਼ਹਿਰ ? "

"ਹਾਂ... ਹਾਂ...ਜਿੱਥੇ ਜਿੱਥੇ ਗੰਗਾ ਵਹਿੰਦੀ ਏ, ਉਨ੍ਹਾਂ ਸ਼ਹਿਰਾਂ 'ਚ ਘੁੰਮਦਾ ਰਹਿੰਦਾ ਹਾਂ। ਕਦੇ ਕੋਈ ਮੇਲਾ ਬਗੈਰਾ ਹੋਵੇ ਤਾਂ ਕਾਫ਼ੀ ਪੈਸੇ ਬਣ ਜਾਂਦੇ ਨੇ...ਕਦੀ ਕੁਝ ਨਾ ਮਿਲੇ ਤਾਂ ਕਿਸੇ ਮੰਦਰ ਕੋਲ਼ ਅੱਡਾ ਜਮਾ ਲਈਦਾ ਏ।"

"ਕਦੋਂ ਤੋਂ ਕਰ ਰਿਹਾ ਏਂ ਇਹ ਕੰਮ ? "

"ਤਿੰਨ ਸਾਲ ਹੋ ਗਏ।"

"ਤੇ ਬਾਂਦਰ? "

"ਤਿੰਨ ਮਰ ਚੁੱਕੇ ਨੇ ।"

"ਕਿਵੇਂ ? "

"ਅਫ਼ੀਮ ਖਾਣ ਦੀ ਆਦਤ ਪੈਣ ਮਗਰੋਂ ਇਨ੍ਹਾਂ ਦੀ ਭੁੱਖ ਖ਼ਤਮ ਹੋ ਜਾਂਦੀ ਏ। ਬੱਸ ਫਿਰ



ਅਫ਼ੀਮ ਹੀ ਖਾਂਦੇ ਨੇ ਤੇ ਹੌਲ਼ੀ ਹੌਲ਼ੀ ਸੁੱਕ ਕੇ ਮਰ ਜਾਂਦੇ ਨੇ। ਇਹ ਚੌਥਾ ਏ। "

"ਪਰ ਤੈਨੂੰ ਇਹ ਅਜੀਬ ਸਕੀਮ ਸੁਝੀ ਕਿਵੇਂ ? " ਮੈਂ ਹੈਰਾਨ ਸੀ।

"ਸੁਝ ਗਈ ਸਕੀਮ, ਬਿੱਜੂ... ਧਰਮ ਲੋਕਾਂ ਲਈ ਇਕ ਬਹੁਤ ਤਿੱਖਾ ਤੇ ਅਜੀਬ ਹਥਿਆਰ ਏ... ਇਸ ਨੂੰ ਉਲਟਾ ਤੇ ਸਿੱਧਾ ਦੋਹਾਂ ਪਾਸਿਆਂ ਤੋਂ ਵਰਤ ਸਕਦੇ ਹਾਂ। ਇਹ ਆਦਮੀ ਨੂੰ ਗਾਲ਼ ਕੇ ਅਜਿਹਾ ਬਣਾ ਦਿੰਦਾ ਹੈ ਕਿ ਉਸਦੀ ਆਪਣੀ ਹੋਂਦ ਤੇ ਪਛਾਣ ਖ਼ਤਮ ਹੋ ਜਾਂਦੀ ਏ। ਆਪਣੀ ਆਤਮਾ ਨਾਲ਼ ਪਿਆਰ ਕਰਦੇ ਹੋਏ ਹੀ ਉਹ ਸੁਖੀ ਰਹਿੰਦਾ ਹੈ। ਮੈਂ ਬਾਂਦਰ ਦੇ ਮਾਧਿਅਮ ਰਾਹੀਂ ਲੋਕਾਂ ਨੂੰ ਆਤਮ ਪਿਆਰ ਕਰਨ ਦਾ ਸੁੱਖ ਦਿੰਦਾ ਹਾਂ।" ਅਚਾਨਕ ਘੇਂਟੂ ਦੇ ਬੁੱਲ੍ਹ ਵਿੰਗੇ ਹੋ ਗਏ, ਜਿਵੇਂ ਕਿਸੇ ਕੌੜੀ ਚੀਜ਼ ਦਾ ਘੁੱਟ ਭਰ ਲਿਆ ਹੋਵੇ। ਉਸਦੇ ਚਿਹਰੇ ਦੀਆਂ ਹੱਡੀਆਂ ਹੋਰ ਤਿੱਖੀਆਂ ਹੋ ਕੇ ਉੱਭਰੀਆਂ। ਮੈਂ ਹੈਰਾਨੀ ਨਾਲ਼ ਉਸ ਵੱਲ ਦੇਖਦਾ ਰਹਿ ਗਿਆ। ਉਸ ਦੀ ਭਾਸ਼ਾ ਅਤੇ ਗੱਲ ਬਾਤ ਕਰਨ ਦੀ ਮਜ਼ਬੂਤੀ ਪਹਿਲਾਂ ਵਰਗੀ ਹੀ ਸੀ। ਉਹ ਉਹੀ ਸੀ, ਪੁਰਾਣਾ, ਪੁੱਠੇ ਜਿਹੇ ਵਿਚਾਰਾਂ ਵਾਲ਼ਾ, ਬਿਨਾਂ ਕਿਸੇ ਸ਼ਰਧਾ ਤੋਂ ਪਰ ਤਰਕ ਬੁੱਧੀ ਅਤੇ ਵਿਸ਼ਵਾਸ ਨਾਲ ਨੱਕੋ ਨੱਕ ਭਰਿਆ ਹੋਇਆ।

"ਫੇਰ ਵੀ ਤੂੰ ਸੋਚ ਕਿਵੇ ਲਿਆ? " ਮੈਂ ਚਲਦੇ ਚਲਦੇ ਫਿਰ ਪੁੱਛਿਆ।

"ਮੈਂ ਕੁਝ ਦਿਨਾਂ ਲਈ ਅਜਿਹੀ ਥਾਂ ਤੇ ਗਿਆ ਸੀ, ਜਿੱਥੇ ਅਫ਼ੀਮ ਦੀ ਖੇਤੀ ਹੁੰਦੀ ਸੀ। ਮੈਂ ਉੱਥੇ ਦੇਖਿਆ ਕਿ ਬਾਂਦਰ ਟੱਕ ਲੱਗੇ ਥਾਂ ਤੇ ਪੋਸਤ ਦੇ ਬੂਟਿਆਂ ਨੂੰ ਚੂਸਦੇ ਤੇ ਮੁਰਦਿਆਂ ਵਾਂਗ ਡਿੱਗੇ ਪਏ ਰਹਿੰਦੇ। ਮੈਂ ਸੋਚਿਆ, ਕਮਾਈ ਕਰਨ ਦਾ ਇਸ ਤੋਂ ਸੌਖਾ ਹੋਰ ਕੋਈ ਤਰੀਕਾ ਨਹੀਂ ਤੇ ਮੈਂ ਇਹ ਧੰਦਾ ਸ਼ੁਰੂ ਕਰ ਦਿੱਤਾ। "

"ਕਿੰਨੇ ਕੁ ਪੈਸੇ ਬਣ ਜਾਂਦੇ ਨੇ ?"

"ਦੋ ਘੰਟਿਆਂ 'ਚ ਹੀ ਬਥੇਰੇ ਹੋ ਜਾਂਦੇ ਨੇ, ਖਰਚੇ ਜੋਗੇ।" ਘੇਂਟੂ ਨੇ ਲੰਬਾ ਸਾਹ ਲਿਆ ਤੇ ਚੁੱਪ ਹੋ ਗਿਆ। ਮੈਂ ਸੋਚਿਆ ਕਿ ਘੇਂਟੂ ਮਨੁੱਖਤਾ ਤੋਂ ਡਿੱਗ ਗਿਆ ਹੈ। ਇੰਜ ਲੋਕਾਂ ਨੂੰ ਠਗ ਕੇ ਜਿਊਣਾ ਗਲਤ ਹੈ। ਘੇਂਟੂ ਪਹਿਲਾਂ ਵੀ ਕਦੀ ਇਹ ਨਹੀਂ ਸੀ ਮੰਨਦਾ ਕਿ ਜੀਵਨ ਵਿਚ ਕੁਝ ਚੰਗਾ ਵੀ ਹੁੰਦਾ ਹੈ, ਜੀਵਨ ਦੇ ਕੁਝ ਆਦਰਸ਼ ਵੀ ਹੁੰਦੇ ਹਨ। ਫਿਰ ਵੀ ਉਹ ਹੁਣ ਵਾਂਗ ਤਾਂ ਨਹੀਂ ਸੀ ਗਿਰਿਆ।

"ਤੇਰੀ ਆਤਮਾਂ ਤੇ ਕੋਈ ਬੋਝ ਨਹੀਂ ਪੈਂਦਾ, ਇੰਜ ਕਰਕੇ ?" ਮੈਂ ਪੁੱਛਿਆ। ਅਸੀਂ ਪਾਰਕ ਵਿਚ ਆ ਗਏ ਸੀ। ਸਰਦੀਆਂ ਦੀ ਹਲਕੀ ਹਲਕੀ ਧੁੱਪ ਦਰੱਖਤਾ ਦੀਆਂ ਟਾਹਣੀਆਂ ਤੋਂ ਤਿਲਕ ਰਹੀ ਸੀ, ਜੋ ਬੜੀ ਤਾਜ਼ੀ ਚਮਕੀਲੀ ਅਤੇ ਪੀਲੀਆਂ ਪੀਲੀਆਂ ਧਾਰੀਆਂ ਵਾਲ਼ੀ ਸੀ।

"ਕੀ?"

"ਕਿ ਤੂੰ ਕੁਝ ਗਲਤ ਕਰ ਰਿਹਾ ਏਂ, ਜੋ ਅਸਮਾਜਿਕ ਅਤੇ ਅਨੈਤਿਕ ਹੈ।"

"ਅਸਮਾਜਿਕ ਅਤੇ ਅਨੈਤਿਕ? "ਘੇਂਟੂ ਪਲ ਕੁ ਲਈ ਚੁੱਪ ਰਿਹਾ। ਫਿਰ ਲੰਮਾ ਸਾਹ ਭਰ ਕੇ ਬੋਲਿਆ, ਬੰਦੇ ਲਈ ਬਣਿਆ ਇਹ ਸਮਾਜ ਸਭ ਤੋਂ ਵੱਧ ਅਨੈਤਿਕ ਅਤੇ ਅਣਮਨੁੱਖੀ ਹੈ ਬਿੱਜੂ... ਕਿਹੋ ਜਿਹਾ ਸਮਾਜ ਹੈ ਇਹ, ਜਿੱਥੇ ਸਾਨੂੰ ਮਨੁੱਖ ਹੋਣ ਤੇ ਵੀ ਕੋਈ ਮਾਣ ਨਹੀਂ। ਲਗਾਤਾਰ ਇਕ ਸਰਾਪਿਆ, ਘਟੀਆਂ ਅਤੇ ਤ੍ਰਿਸਕਾਰਿਆ ਜੀਵਨ ਜੀ ਰਹੇ ਹਾਂ ਅਸੀਂ। ਕੀ ਅਰਥ ਹੈ ਇਹੋ ਜਿਹੇ ਘਟੀਆਂ ਪ੍ਰਬੰਧ ਦਾ ਜਿਹੜਾ ਹਰ ਪਲ ਸਾਡੀ ਆਤਮਾ ਦੇ ਗੌਰਵ ਦੀਆਂ ਧੱਜੀਆਂ ਉਡਾਉਂਦਾ ਰਹੇ... ਮੈਨੂੰ ਤਾਂ ਇਸਦੇ ਇਸ ਰੂਪ ਨਾਲ ਬੜੀ ਨਫ਼ਰਤ ਹੁੰਦੀ ਏ। ਇਕ ਵਗਦਾ ਹੋਇਆ ਕੋਹੜ ਹੈ ਇਹ। ਅਸੀਂ ਕੋਈ ਫੈਸਲਾ ਨਹੀਂ ਦੇ ਸਕਦੇ ਬਿੱਜੂ...ਕਿ ਕੀ ਗਲਤ ਹੈ, ਕੀ ਠੀਕ ਹੈ? ਕੀ ਪਾਪ ਹੈ, ਕੀ ਪੁੰਨ ਹੈ? ਤੇ ਕੀ ਨੈਤਿਕ ਜਾਂ ਅਨੈਤਿਕ...? ਕਿਸ ਅਧਾਰ ਤੇ ਫੈਸਲਾ ਲਉਗੇ ? ਇਸੇ ਹਿੰਸਕ ਤੇ ਗਲ਼ੇ ਸੜੇ ਸਮਾਜ ਵਲੋਂ ਤੈਅ ਮਾਪ ਦੰਡਾਂ ਨਾਲ ? ਇਸ ਦੀਆਂ ਬਣਾਈਆਂ ਅਧੂਰੀਆਂ, ਬਾਸੀ ਤੇ ਵਿਗੜੀਆਂ ਹੋਈਆਂ ਪਰਿਭਾਸ਼ਾਵਾਂ ਨਾਲ਼ ? ਕੀ ਮਹੱਤਵ ਹੈ, ਇਸਦਾ ? ਤੇ ਕੀ ਲੋੜ ਹੈ ਇਹੋ ਜਿਹੇ ਸਮਾਜ ਦੀ?"

ਮੈਂ ਠੀਕ ਸਾਂ, ਸੱਚਮੁੱਚ ਘੇਂਟੂ ਭੋਰਾ ਭਰ ਵੀ ਨਹੀਂ ਸੀ ਬਦਲਿਆ। ਪਹਿਲਾਂ ਜਿਸ ਗੱਲ ਨੂੰ ਉਹ ਆਪਣੀ ਕਵਿਤਾ ਵਿਚ ਕਹਿੰਦਾ ਸੀ,ਹੁਣ ਉਹੋ ਇਹ ਤਰਕਪੂਰਣ ਅਤੇ ਸੁੰਦਰ ਭਾਸ਼ਾ ਵਿਚ ਕਹਿਣ ਲੱਗ ਪਿਆ ਸੀ। ਉਸ ਦੀ ਇਹ ਵਿਦਰੋਹੀ ਅਤੇ ਹਮਲਾਵਰ ਸੁਰ ਦੇ ਪਿੱਛੇ ਸ਼ਾਇਦ ਉਸਦਾ ਤਰਸਯੋਗ ਅਤੀਤ ਸੀ ਜਾਂ ਬਚਪਨ ਵਿਚ ਹੰਢਾਈਆਂ ਤੰਗੀਆਂ ਤੁਰਛੀਆਂ ਸਨ ਜੋ ਸਦਾ ਉਸਦੇ ਨਾਲ਼ ਰਹੀਆਂ ਤੇ ਜਿਨ੍ਹਾਂ ਨੇ ਉਸ ਨੂੰ ਤੋੜ ਕੇ ਰੱਖ ਦਿੱਤਾ ਸੀ।

"ਫਿਰ ਵੀ ਕੁਝ ਸੱਚ ਤਾਂ ਹੋਵੇਗਾ ਹੀ।" ਮੈਂ ਅੜਿਆ ਰਿਹਾ।

"ਸੱਚ ਕੀ ਬਿੱਜੂ...? ਸੱਚ ਸਿਰਫ਼ ਦੋ ਚੀਜ਼ਾਂ ਹਨ... ਰੋਟੀ ਅਤੇ ਔਰਤ! ਇਨ੍ਹਾਂ ਦੀ ਲੋੜ ਨੂੰ

ਆਦਮੀ ਨਾਲ਼ ਲੈ ਕੇ ਪੈਦਾ ਹੁੰਦਾ ਹੈ। ਇਸ ਦੇ ਬਾਹਰ ਦੇ ਸਾਰੇ ਸੱਚ ਆਦਮੀ ਨੇ ਜ਼ਬਰਦਸਤੀ ਪੈਦਾ ਕੀਤੇ ਹੋਏ ਹਨ, ਇਕ ਡੂੰਘੀ ਸਾਜਿਸ਼ ਦੇ ਅਧੀਨ ... ਸਦੀਆਂ ਪਹਿਲਾਂ ਰਚੀ ਹੋਈ ਸਾਜਿਸ਼...। ਰਾਜ, ਸਮਾਜ ਤੇ ਧਾਰਮਿਕ ਸੰਸਥਾਵਾਂ ਦੇ ਨਾਂ ਤੇ ਮਨੁੱਖ ਨੂੰ ਹੀਣ ਅਤੇ ਘਟੀਆਂ ਬਣਾ ਦੇਣ ਤੇ ਉਸਦੀ ਆਤਮਾ ਨੂੰ ਰੀਂਗ ਰੀਂਗ ਕੇ ਜਿਉਂਦੇ ਰਹਿਣ ਦੀ ਬੇਵਸੀ ਦੀ ਸਾਜਿਸ਼। ਇਨ੍ਹਾਂ ਸੰਸਥਾਵਾਂ ਨੇ ਸਦਾ ਇੰਜ ਹੀ ਕੀਤਾ ਹੈ... ਆਪਣੇ ਪਾਗਲਪਣ ਨਾਲ਼ ਸਾਨੂੰ ਦਰੜ ਕੇ ਰੱਖ ਦਿੱਤਾ ਹੈ, ਇਸੇ ਨੂੰ ਤੂੰ ਸੱਚ ਕਹਿੰਦਾ ਏਂ ? "

"ਨਹੀਂ ਘੇਂਟੂ ਫਿਰ ਵੀ ਐਨਾ ਅਸਾਨ ਨਹੀਂ ਹੈ ਸੱਚ। ਜੀਵਨ ਬਹੁਤ ਵਿਰਾਟ ਹੈ, ਵਿਆਪਕ ਹੈ। ਕਿੰਨਾ ਕੁਝ ਹੈ ਇਸਦੇ ਅੰਦਰ... ਤੇ ਤੂੰ ਇਸ ਨੂੰ ਕੇਵਲ ਦੋ ਚੀਜ਼ਾਂ ਵਿਚ ਸਮੇਟੀ ਜਾ ਰਿਹਾ ਏਂ... ਇਹ ਗਲਤ ਹੈ... ਜੀਵਨ ਦੇ ਹੋਰ ਵੀ ਸੱਚ ਹਨ।"

"ਨਹੀਂ।" ਘੇਂਟੂ ਬੁੜ ਬੁੜਾਇਆ ਤੇ ਸਿਰ ਨੂੰ ਛੰਡਕਿਆ, "ਮੈਂ ਨਹੀਂ ਮੰਨਦਾ। ਘੱਟੋ-ਘੱਟ ਉਸ ਜੀਵਨ ਵਿਚ ਤਾਂ ਨਹੀਂ, ਜਿਹੜਾ ਤੁਹਾਡਾ ਇਹ ਪ੍ਰਬੰਧ ਦੱਸਦਾ ਹੈ। ਮੈਨੂੰ ਅੱਜ ਤੱਕ ਕੁਝ ਵੀ ਅਜਿਹਾ ਨਹੀਂ ਮਿਲ ਸਕਿਆ ਜਿਸ ਨੇ ਮੇਰੇ ਅੰਦਰ ਕਿਸੇ ਅਜਿਹੇ ਵਿਸ਼ਵਾਸ਼ ਨੂੰ ਪੈਦਾ ਕੀਤਾ ਹੋਵੇ ਜੋ ਅਟੱਲ ਹੋਵੇ, ਸੱਚ ਹੋਵੇ।"

"ਹੈ ਘੇਂਟੂ, ਜਿਊਣ ਦੀ ਇੱਛਾ ਸੱਚ ਹੈ... ਮਾਂ ਸੱਚ ਹੈ ਤੇ ਬਸੰਤ ਹੋਣ ਦਾ ਸੁੱਖ ਵੀ ਸੱਚ ਹੈ।"

"ਨਹੀਂ।" ਘੇਂਟੂ ਫਿਰ ਬੁੜਬੁੜਾਇਆ, "ਸਭ ਕੁਝ ਬਹੁਤ ਨਿਰਦਈ ਹੈ।" ਬੋਲਣ ਵੇਲੇ ਉਹ ਆਪਣੇ ਸਿਰ ਨੂੰ ਅਜੀਬ ਤਰੀਕੇ ਨਾਲ ਛੰਡਕ ਰਿਹਾ ਸੀ, ਜਿਵੇਂ ਇਨ੍ਹਾਂ ਗੱਲਾਂ ਨੂੰ ਦਿਮਾਗ਼ 'ਚੋਂ ਕੱਢ ਕੇ ਸੁੱਟ ਦੇਣਾ ਚਾਹੁੰਦਾ ਹੋਵੇ। ਉਹ ਇਕ ਬੱਚੇ ਵਾਂਗ ਕੋਸ਼ਿਸ਼ ਕਰ ਰਿਹਾ ਸੀ। ਉਹ ਸ਼ਾਇਦ ਕਿਸੇ ਅਜਿਹੇ ਸਵਾਲ ਬਾਰੇ ਸੋਚਣਾ ਵੀ ਨਹੀਂ ਸੀ ਚਾਹੁੰਦਾ। ਉਸ ਨੂੰ ਅਜੀਬ ਤਰ੍ਹਾਂ ਦੀ ਬੇਚੈਨੀ ਹੋ ਰਹੀ ਸੀ। ਉਸਦੇ ਮੱਥੇ ਦੀਆਂ ਨਾੜਾਂ ਫੁੱਲ ਗਈਆਂ ਸਨ। ਕੰਬਲ ਦੇ ਹੇਠ ਉਹ ਬੜੀ ਤੇਜ਼ੀ ਨਾਲ ਆਪਣੀ ਛਾਤੀ ਤੇ ਹੱਥ ਰਗੜ ਰਿਹਾ ਸੀ। ਸ਼ਾਇਦ ਉਸ ਦੀ ਆਤਮਾ ਵਿਚ ਅਜੇ ਵੀ ਕੁਝ ਅਜਿਹਾ ਦੱਬਿਆ ਪਿਆ ਸੀ, ਜਿਸ ਨੂੰ ਉਹ ਇਨ੍ਹਾਂ ਸਵਾਲਾਂ ਦੇ ਨੁਕੀਲੇ ਪੰਜਿਆਂ ਨਾਲ਼ ਖੁਰਚਣ ਲੱਗਾ ਸੀ ਅਤੇ ਜਿਸ ਨੂੰ ਉਸ ਨੇ ਜ਼ਬਰਦਸਤੀ , ਕੋਸ਼ਿਸ਼ ਕਰਕੇ ਢਕਿਆ ਹੋਇਆ ਸੀ।

"ਚੱਲ ਬਿੱਜੂ... ਕਿਧਰੇ ਚਾਹ ਪੀਈਏ।" ਉੱਥੇ ਪਏ ਇਕ ਬੈਂਚ ਤੇ ਬੈਠਦਾ ਘੇਂਟੂ ਬੋਲਿਆ। ਐਨੀ ਕੁ ਦੇਰ ਵਿਚ ਹੀ ਉਹ ਸੱਚਮੁਚ ਥੱਕ ਗਿਆ ਸੀ। ਉਸਦਾ ਚਿਹਰਾ ਉਸ ਬਾਂਦਰ ਵਾਂਗ ਪੀਲ਼ਾ ਪੈ ਗਿਆ ਸੀ। ਸ਼ਾਇਦ ਘੇਂਟੂ ਵੀ ਅਫ਼ੀਮ ਖਾਂਦਾ ਹੋਵੇ... ਮੈਂ ਸੋਚਿਆ।

"ਹੋਰ ਕੀ ਕਰਦਾ ਹੁੰਦਾ ਏਂ ? " ਮੈਂ ਵੀ ਉਸਦੇ ਲਾਗੇ ਬੈਠ ਗਿਆ, "ਕਵਿਤਾ ਲਿਖਦਾ ਹੁੰਦਾ ਏ ਹੁਣ ਵੀ? "

"ਹੋਅ...ਹੋਅ... ਹੋਅ।" ਘੇਂਟੂ ਹੱਸਿਆ। ਫਿਰ ਥੋੜ੍ਹਾ ਸਹਿਜ ਹੋ ਕੇ ਬੋਲਿਆ, "ਬੱਸ ਰੋਟੀ ਤੇ ਔਰਤ ਦੋ ਹੀ ਵਿਸ਼ੇ ਨੇ ਮੇਰੇ ਕੋਲ਼ ਤੇ ਕਵੀਆਂ ਨੇ ਪੂਰੀ ਤਰ੍ਹਾਂ ਇਨ੍ਹਾਂ ਦੋਨਾਂ ਨੂੰ ਚੂਸ ਲਿਆ ਏ।

"ਵਿਆਹ ਕਰਵਾ ਲਿਆ ? "

"ਨਹੀਂ।"

"ਫਿਰ ਕਿੱਥੇ ਮਿਲਦੇ ਨੇ ਦੋਨੋਂ ? "

"ਬਜ਼ਾਰ ਵਿੱਚ।"

"ਔਰਤ ਵੀ ? " ਮੈਂ ਥੋੜ੍ਹਾ ਹੈਰਾਨ ਹੋਇਆ।

"ਇਕ ਹੈ... ਮੁਟੱਲੀ... ਉਸੇ ਕੋਲ਼ ਜਾਂਦਾ ਹਾਂ। ਦਿਨ ਵਿਚ ਪੈਸੇ ਕਮਾਉਂਦਾ ਹਾਂ। ਸ਼ਾਮ ਨੂੰ ਖਾਂਦਾ ਹਾਂ, ਸ਼ਰਾਬ ਖਰੀਦਦਾ ਹਾਂ ਤੇ ਮੁਟੱਲੀ ਦੇ ਸ਼ਰੀਰ 'ਚ ਮਸਤ ਹੋ ਜਾਂਦਾ ਹਾਂ।"

"ਬੱਸ ... ਇਹੋ ਜੀਵਨ ਏਂ ? " ਮੈਂ ਵਿਅੰਗ ਨਾਲ ਮੂੰਹ ਬਣਾਉਂਦਿਆਂ ਕਿਹਾ। ਮੈਨੂੰ ਹੈਰਾਨੀ ਹੋ ਰਹੀ ਸੀ ਕਿ ਘੇਂਟੂ ਕਿੰਨੀ ਸਹਿਜਤਾ ਨਾਲ਼ ਬਿਨਾਂ ਕਿਸੇ ਝਿਜਕ ਤੋਂ, ਇਹ ਸਭ ਕੁਝ ਦੱਸ ਰਿਹਾ ਸੀ। ਉਸ ਨੂੰ ਬਿਲਕੁਲ ਨਹੀਂ ਸੀ ਲੱਗ ਰਿਹਾ ਕਿ ਇਹ ਗਲਤ ਹੈ, ਬੁਰਾ ਹੈ।

"ਹਾਂ ਬੱਸ ਐਨਾ ਹੀ ਤੇ ਇਹ ਸੱਚ ਵੀ ਹੈ।" ਥੋੜ੍ਹੀ ਉੱਖੜੀ ਤੇ ਕੰਬਦੀ ਅਵਾਜ਼ ਵਿਚ ਘੇਂਟੂ ਬੋਲਿਆ, "ਚੱਲ ਹੁਣ ਚਾਹ ਪੀਈਏ।" ਉਸਨੇ ਮੇਰਾ ਹੱਥ ਫੜ ਕੇ ਮੈਨੂੰ ਉਠਾ ਲਿਆ। ਉਹ ਸ਼ਾਇਦ ਹੁਣ ਇਸ ਵਿਸ਼ੇ ਤੇ ਗੱਲ ਨਹੀਂ ਸੀ ਕਰਨਾ ਚਾਹੁੰਦਾ। ਅਸੀਂ ਪਾਰਕ ਤੋਂ ਬਾਹਰ ਆ ਗਏ। ਬਾਹਰ ਇਕ ਛੋਟੀ ਜਿਹੀ ਦੁਕਾਨ ਸੀ। ਚਾਹ ਤੇ ਉਬਲ਼ੇ ਆਂਡਿਆਂ ਲਈ ਕਹਿ ਕੇ ਅਸੀਂ ਬੈਠ ਗਏ।



"ਮੈਂ ਇੱਥੇ ਰੋਜ਼ ਆਉਂਦਾ ਹਾਂ, ਫਿਰ ਕਦੋਂ ਮਿਲੇਂਗਾ ? "

"ਕੀ ਤੂੰ ਮੈਨੂੰ ਮਿਲ ਕੇ ਖੁਸ਼ ਹੋਇਆ ਏਂ ? " ਹਸਦਿਆਂ ਘੇਂਟੂ ਨੇ ਮੇਰੇ ਵੱਲ ਦੇਖਿਆ। ਉਸ ਦੀਆਂ ਅੱਖਾਂ ਵਿਚ ਪਾਣੀ ਦੀ ਪਤਲੀ ਤਹਿ ਤੈਰ ਆਈ ਸੀ। ਮੈਂ ਨਜ਼ਰਾਂ ਝੁਕਾ ਲਈਆਂ।

"ਹਾਂ ... ਹਾਂ ... ਕਿਉਂ ਨਹੀਂ। "

"ਠੀਕ ਏ, ਫਿਰ ਤਾਂ ਮਿਲਾਂਗਾ ਹੀ। " ਘੇਂਟੂ ਨੇ ਆਪਣੇ ਹੱਥ ਨਾਲ਼ ਮੇਰਾ ਗੋਡਾ ਥਪਥਪਾਇਆ। ਉਸ ਦਾ ਹੱਥ ਹਲਕਾ ਹਲਕਾ ਕੰਬ ਰਿਹਾ ਸੀ।

ਦੁਕਾਨਦਾਰ ਨੇ ਚਾਹ ਅਤੇ ਆਂਡੇ ਫੜਾਏ। ਘੇਂਟੂ ਪੂਰੀ ਤਰ੍ਹਾਂ ਚਾਹ ਅਤੇ ਆਂਡਿਆਂ ਵਿਚ ਡੁੱਬ ਗਿਆ। ਮੈਂ ਉਸ ਵੱਲ ਦੇਖਦਾ ਸੋਚ ਰਿਹਾ ਸਾਂ ਕਿ ਘੇਂਟੂ ਬਸੰਤ ਹੋਣਾ ਨਹੀਂ ਚਾਹੁੰਦਾ ਸੀ ਪਰ ਉਹ ਵੀ ਤਾਂ ਨਹੀਂ , ਜੋ ਕੁਝ ਉਹ ਬਣ ਗਿਆ ।

ਮੈਂ ਪਹਿਲਾਂ ਵਾਂਗ ਸਵੇਰ ਦੀ ਸੈਰ ਲਈ ਜਾਂਦਾ ਰਿਹਾ, ਪਰ ਘੇਂਟੂ ਕਈ ਮਹੀਨੇ ਤਕ ਕਿਧਰੇ ਦਿਖਾਈ ਨਾ ਦਿੱਤਾ। ਮੈਂ ਸੋਚਿਆ ਕਿ ਦੂਜੇ ਸ਼ਹਿਰਾਂ ਵਿਚ ਜਿੱਥੋਂ ਗੰਗਾ ਲੰਘਦੀ ਹੈ, ਉਹ ਲੋਕਾਂ ਨੂੰ ਲੁੱਟ ਰਿਹਾ ਹੋਵੇਗਾ। ਫਿਰ ਅਚਾਨਕ ਇਕ ਦਿਨ ਉਹ ਉਸੇ ਪਾਰਕ ਵਿਚ ਟੱਕਰ ਗਿਆ।

"ਹਾਂ ਬਈ, ਕਿਵੇਂ ਹੋ ? "ਮੈਂ ਮੁਸਕਰਾਇਆ, " ਕਿੱਥੇ ਰਿਹਾ ਐਨੇ ਦਿਨ ?"

"ਇੱਥੇ ਹੀ ਸਾਂ।"

"ਤੇ ਤੇਰੀ ਉਹ ਮੁਟੱਲੀ ਕਿਵੇਂ ਹੈ?" ਮੈਂ ਬੁੱਲ੍ਹ ਟੇਢੇ ਕਰ ਕੇ ਪੁੱਛਿਆ, " ਹੈਗੀ ਅਜੇ? "

"ਹਾਂ... ਹਾਂ। "

"ਸਭ ਉਵੇਂ ਚੱਲ ਰਿਹਾ ਏ? "

"ਹਾਂ।"

ਘੇਂਟੂ ਸ਼ਰਮਾ ਗਿਆ, "ਉਹ ਕਹਿੰਦੀ ਏ ਕਿ ਮੈਂ ਤੈਨੂੰ ਪਿਆਰ ਕਰਦੀ ਹਾਂ, ਤੂੰ ਮੈਨੂੰ ਇਕ ਬੱਚਾ ਦੇ-ਦੇ। ਉਸ ਨੂੰ ਪਾਲ਼ ਲਵੇਗੀ।"

"ਹੈਂ?" ਮੈਂ ਹੈਰਾਨ ਹੋਇਆ। ਘੇਂਟੂ ਨੇ ਮੈਨੂੰ ਇਕ ਧੱਕਾ ਜਿਹਾ ਮਾਰਿਆ।

"ਪਰ ਤੇਰੇ ਲਈ ਤਾਂ ਐਸੀ ਸੰਵੇਦਨਾ ਫਜ਼ੂਲ ਏ। ਕੀ ਤੂੰ ਅਜਿਹਾ ਕਰੇਂਗਾ ? "

"ਬਿੱਜੂ ਮੈਨੂੰ ਕੀ।" ਘੇਂਟੂ ਨੇ ਬੇ ਪਰਵਾਹੀ ਨਾਲ਼ ਸਿਰ ਹਿਲਾਇਆ, "ਉਹ ਚਾਹੁੰਦੀ ਏ, ਤਾਂ ਦੇ ਦਿਆਂਗਾ। ਮੇਰਾ ਕੀ ਜਾਂਦਾ ਏ।"

"ਤੇ ਉਹ ਬਾਂਦਰ, ਜਿਉਂਦਾ ਏ ਅਜੇ?" ਮੈਂ ਗੱਲ ਬਦਲੀ।

"ਮੈਂ ਉਹ ਕੰਮ ਛੱਡ ਦਿੱਤਾ। "

"ਫੇਰ, ਹੁਣ ਕੀ ਕਰਦਾ ਏਂ ? "

"ਹੁਣ ਮੈਂ ਮਨੁੱਖੀ ਪਿੰਜਰਾਂ ਦਾ ਧੰਦਾ ਕਰਦਾ ਹਾਂ। "

"ਕੀ ਮਤਲਬ ...? " ਮੈਂ ਬੈਂਚ ਤੋਂ ਉੱਠ ਖੜ੍ਹਾ ਹੋਇਆ, "ਕੀ ਕਰਦਾ ਏਂ ? "

"ਮਨੁੱਖੀ ਪਿੰਜਰਾਂ ਦਾ ਧੰਦਾ-ਉਨ੍ਹਾਂ ਦੀਆਂ ਲਾਸ਼ਾਂ ਤੋਂ ਖੱਲ ਲਾਹ ਕੇ।" ਘੇਂਟੂ ਰੁੱਖੀ ਤੇ ਭਾਵ ਹੀਣ ਅਵਾਜ਼ ਵਿਚ ਬੋਲਿਆ। ਮੈਂ ਜਿਵੇਂ ਸੁੰਨ ਹੀ ਹੋ ਗਿਆ। ਨਾੜਾਂ ਵਿਚ ਜਿਵੇਂ ਖ਼ੂਨ ਜਮ ਕੇ ਰਹਿ ਗਿਆ।

"ਕੀ ਕਹਿ ਰਿਹਾ ਏਂ, ਘੇਂਟੂ ਤੂੰ? ਕੀ ਕੋਈ ਅਜਿਹਾ ਧੰਦਾ ਵੀ ਹੁੰਦਾ ਏ?" ਮੈਂ ਠਰੀ ਤੇ ਕੰਬਦੀ ਆਵਾਜ਼ ਵਿਚ ਪੁੱਛਿਆ।

"ਹਾਂ ਹੁੰਦਾ ਏ, ਮਨੁੱਖੀ ਪਿੰਜਰ ਵਿਕਦੇ ਨੇ। "

"ਪਰ ਤੂੰ ? "

"ਇੰਜ ਹੈਰਾਨ ਨਾ ਹੋ , ਬਿੱਜੂ। ਮੈਂ ਕੋਈ ਬਹੁਤਾ ਬੁਰਾ ਕੰਮ ਨਹੀਂ ਕਰਦਾ। ਇਹਦੇ ਲਈ ਮੈਂ ਕੋਈ ਹੱਤਿਆ ਵੀ ਨਹੀਂ ਕਰਦਾ। "

"ਤਾਂ ਫਿਰ?" ਮੈਂ ਫਟੀਆਂ ਅੱਖਾਂ ਨਾਲ਼ ਪੁੱਛਿਆ।

"ਲਵਾਰਿਸ ਲਾਸ਼ਾਂ ਇਕੱਠੀਆਂ ਕਰਦਾ ਹਾਂ ਫੁੱਟਪਾਥ ਤੇ ਪਈਆਂ ਲਾਸ਼ਾਂ ਨੂੰ ਕੁੱਤੇ ਖਾਣ, ਮਹਾਂਮਾਰੀ ਨਾਲ ਮਰੇ ਲੋਕਾਂ ਦੀਆਂ ਲਾਸ਼ਾਂ ਨੂੰ ਗਿਰਝਾਂ ਨੋਚਣ , ਕੀ ਇਸ ਨਾਲੋਂ ਠੀਕ ਨਹੀਂ ਕਿ ਮੈਂ ਉਨ੍ਹਾਂ ਨੂੰ ਠੀਕ ਕੰਮ ਵਿਚ ਲਾ ਦਿੰਦਾ ਹਾਂ।"

"ਕਿਹੜੇ ਕੰਮ? ਕੌਣ ਖਰੀਦਦਾ ਹੈ ਉਨ੍ਹਾਂ ਨੂੰ? ਕਿਹੋ ਜਿਹਾ ਧੰਦਾ ਹੈ ਇਹ ?" ਮੈਂ ਤੇਜ਼ ਤੇਜ਼

ਬੋਲਦਿਆਂ ਉਸ ਨੂੰ ਪੁੱਛਿਆ। ਇਸ ਬਾਰੇ ਮੈਂ ਸਭ ਕਝ ਜਾਣਨਾ ਚਾਹੁੰਦਾ ਸਾਂ।

"ਕਈ ਦੇਸ਼ ਆਪਣੀ ਖੋਜ ਲਈ ਮਨੁੱਖੀ ਪਿੰਜਰ ਲਗਾਤਾਰ ਖਰੀਦਦੇ ਹਨ। "

"ਤੇ ਤੂੰ ...ਤੂੰ ਵੇਚਦਾ ਏਂ ਉਨ੍ਹਾਂ ਨੂੰ? "

"ਹਾਂ । "

"ਤੂੰ ਕਿਵੇਂ ਕਰਦਾ ਏਂ ਇਹ ਸਭ ਕੁਝ ? "

"ਕਈ ਤਰੀਕੇ ਨੇ।" ਲੰਬੇ ਪਤਲੇ ਪੈਰ ਫੈਲਾ ਕੇ ਆਰਾਮ ਨਾਲ ਬੈਠਦਾ ਉਹ ਬੋਲਿਆ। ਉਸ ਦੇ ਚਿਹਰੇ ਤੇ ਕੋਈ ਹਾਵ ਭਾਵ ਨਹੀਂ ਸੀ। ਜਿਵੇਂ ਇਹ ਕੋਈ ਗੱਲ ਹੀ ਨਾ ਹੋਵੇ। "ਜਿੱਥੇ ਵੀ ਹੜ੍ਹ ਆਉਂਦੇ ਨੇ, ਸੋਕਾ ਪੈਂਦਾ ਹੈ ਜਾਂ ਮਹਾਂਮਾਰੀ ਫੈਲਦੀ ਹੈ, ਉਥੋਂ ਅਸਾਨੀ ਨਾਲ਼ ਹੀ ਲਵਾਰਿਸ ਲਾਸ਼ਾਂ ਮਿਲ ਜਾਂਦੀਆਂ ਨੇ। ਗਰੀਬ ਲੋਕ ਤਾਂ ਆਪਣੇ ਘਰ ਦਾ ਮੁਰਦਾ ਵੇਚ ਵੀ ਦਿੰਦੇ ਨੇ। ਉਸ ਨੂੰ ਦਾਗ ਲਗਾਉਣ ਦਾ ਖ਼ਰਚਾ ਹੀ ਨਹੀਂ ਉਠਾ ਸਕਦੇ ਉਹ। ਆਪਣਾ ਹੀ ਪੇਟ ਨਹੀਂ ਭਰਦਾ, ਮੁਰਦੇ ਦਾ ਕੀ ਕਰਨਗੇ? ਅਸੀਂ ਉਨ੍ਹਾਂ ਤੋਂ ਲਾਸ਼ਾਂ ਲੈ ਲੈਂਦੇ ਹਾਂ। ਹਸਪਤਾਲਾਂ ਵਿਚ ਲਵਾਰਿਸ ਲਾਸ਼ਾਂ ਡੂਮ ਨੂੰ ਜਲਾਉਣ ਲਈ ਦਿੱਤੀਆਂ ਜਾਂਦੀਆਂ ਹਨ, ਅਸੀਂ ਉਸ ਤੋਂ ਵੀ ਖਰੀਦ ਲੈਂਦੇ ਹਾਂ।"

"ਇਹ ਸਭ ਅਸਾਨੀ ਨਾਲ ਹੋਈ ਜਾਂਦਾ ਏ ? "

"ਹਾਂ, ਆਪਣਾ ਸ਼ਹਿਰ ਹੀ ਲੈ ਲਵੋ। ਇਹ ਐਨਾ ਗਰੀਬ ਹੈ ਕਿ ਅੱਜ ਕੱਲ੍ਹ ਸਰਦੀ ਦੀਆਂ ਰਾਤਾਂ ਵਿਚ ਰੋਜ਼ ਕੋਈ ਨਾ ਕੋਈ ਲਾਸ਼ ਫੁਟਪਾਥ ਤੇ ਪਈ ਮਿਲ ਜਾਂਦੀ ਏ, ਠੰਢ ਨਾਲ਼ ਆਕੜੀ ਹੋਈ ਤੇ ਆਪਣਾ ਕੰਮ ਬਣ ਜਾਂਦਾ ਏ। "

"ਇਕ ਪਿੰਜਰ ਦੇ ਕਿੰਨੇ ਪੈਸੇ ਮਿਲ ਜਾਂਦੇ ਨੇ? "

"ਕਾਫ਼ੀ ਮਿਲ ਜਾਂਦੇ ਨੇ... ਅਲੱਗ ਅਲੱਗ ਉਮਰ ਦੇ ਪਿੰਜਰਾਂ ਦੀ ਅਲੱਗ ਅਲੱਗ ਕੀਮਤ ਏ। ਜਿਸ ਖਾਸ ਬਿਮਾਰੀ ਨਾਲ ਮਰਨ ਵਾਲੇ ਪਿੰਜਰ ਦੇ ਵੱਧ ਪੈਸੇ ਮਿਲ ਜਾਂਦੇ ਨੇ। ਖੋਪੜੀ ਸ਼ਰੀਰ ਦੇ ਦੂਜੇ ਹਿੱਸਿਆ ਨਾਲੋਂ ਮਹਿੰਗੀ ਵਿਕਦੀ ਏ। ਬੱਚਿਆਂ ਦੇ ਪਿੰਜਰ ਵੀ ਖਾਸੀ ਰਕਮ ਵਟਾ ਦਿੰਦੇ ਨੇ।"

ਅਚਾਨਕ ਧੁੱਪ ਤੇਜ਼ ਹੋ ਗਈ। ਮੈਨੂੰ ਲੱਗਾ, ਜਿਵੇਂ ਕੋਈ ਸੱਪ ਮੇਰੀ ਚਮੜੀ ਤੇ ਰੀਂਗਣ ਲੱਗ ਪਿਆ ਹੋਵੇ, " ਲਾਸ਼ ਤੋਂ ਪਿੰਜਰ ਕਿਵੇਂ ਬਣਾਉਂਦੇ ਹੋ? "

ਘੇਂਟੂ ਨੇ ਮੇਰੇ ਵੱਲ ਝਾਕਿਆ ਤੇ ਮੁਸਕਰਾਉਣ ਲੱਗਾ, "ਟੋਏ ਵਿਚ ਪਹਿਲਾਂ ਲਾਸ਼ ਨੂੰ ਗਾਲ਼ਦੇ ਹਾਂ, ਫਿਰ ਉਬਾਲ਼ ਕੇ ਉਸਦੀ ਖੱਲ, ਮਾਸ ਬਗੈਰਾ ਅਲੱਗ ਕਰ ਦਿੰਦੇ ਹਾਂ। ਕੁਝ ਰਸਾਇਣਾਂ ਨਾਲ ਉਸ ਨੂੰ ਸਾਫ਼ ਕਰਦੇ ਬਦਬੂ ਅਤੇ ਕੀੜਿਆਂ ਤੋਂ ਮੁਕਤ ਕਰ ਲੈਂਦੇ ਹਾਂ। ਅਸੀਂ ਤਾਂ ਬੱਸ ਐਨਾ ਹੀ ਕਰਦੇ ਹਾਂ। ਅੱਗੇ ਅਸੀਂ ਜਿਸ ਕੰਪਨੀ ਨੂੰ ਦਿੰਦੇ ਹਾਂ, ਉਹ ਦੂਜੇ ਕੰਮ ਕਰਦੀ ਹੈ। ਉਨ੍ਹਾਂ ਨੂੰ ਚਮਕਾਉਂਦੀ ਹੈ। ਉਨ੍ਹਾਂ ਦੇ ਵੇਰਵੇ ਲਿਖਦੀ ਹੈ ਤੇ ਪੈਕਟਾਂ ਵਿਚ ਬੰਦ ਕਰਕੇ ਬਾਹਰ ਭੇਜ ਦਿੰਦੀ ਹੈ। ਕਰੋੜਾਂ ਰੁਪਏ ਦਾ ਕਾਰੋਬਾਰ ਚਲਦਾ ਹੈ ਇਹ ਦੇਸ਼ ਵਿਚ। ਤੈਨੂੰ ਇਕ ਗੱਲ ਦੱਸਦਾ ਹਾਂ ਬਿੱਜੂ ਆਪਣੇ ਇਸ ਅਧਿਆਤਮਕ ਅਤੇ ਪਵਿੱਤਰ ਸਮਾਜ ਵਿਚ, ਬੜੀ ਸੌਖ ਨਾਲ ਬੰਦਾ ਸੜ੍ਹਕਾਂ ਤੇ ਮਰਿਆ ਮਿਲ ਜਾਂਦਾ ਏ। " ਉਹ ਚੁੱਪ ਹੋ ਗਿਆ।

"ਤੇ ਪੁਲਸ ?" ਮੈਂ ਪੁੱਛਿਆ।

"ਪੁਲਿਸ ਨੂੰ ਹਿੱਸਾ ਮਿਲਦਾ ਏ।" ਪਲ ਕੁ ਲਈ ਉਹ ਚੁੱਪ ਕਰ ਗਿਆ। ਮੈਂ ਸਿਰ ਚੁੱਕ ਕੇ ਦੇਖਿਆ। ਘਾਹ ਤੇ ਇਕ ਕੀੜਾ ਰੀਂਗ ਰਿਹਾ ਸੀ। ਘੇਂਟੂ ਉਸ ਵੱਲ ਘੂਰ ਰਿਹਾ ਸੀ। ਫਿਰ ਹੌਲੀ ਦੇਣੀ ਬੋਲਿਆ, "ਵੈਸੇ ਇਹ ਕੰਮ ਵੀ ਹੁਣ ਦੇਰ ਤੱਕ ਨਹੀਂ ਚੱਲਣ ਲੱਗਾ।"

"ਕਿਉਂ? "

"ਪੁਲਿਸ ਦੇ ਨਖ਼ਰੇ ਵਧਦੇ ਜਾਂਦੇ ਨੇ। ਬਹਰਲੇ ਦੇਸ਼ ਵੀ ਹੁਣ ਨਕਲੀ ਮਨੁੱਖੀ ਪਿੰਜਰ ਬਣਾ ਕੇ ਆਪਣੇ ਕੰਮ ਕਰਨ ਲੱਗੇ ਨੇ। ਉਨ੍ਹਾਂ ਦੇ ਮੁਕਾਬਲੇ 'ਚ ਸਾਡੇ ਪਿੰਜਰ ਵਿਕਦੇ ਮੁਸ਼ਕਲ ਹੋਰਹੇ ਨੇ। ਫਿਰ ਬਿਜਲੀ ਨਾਲ਼ ਮੁਰਦਾ ਫੂਕਣ ਦੀਆਂ ਸਹੂਲਤਾਂ ਹੋ ਜਾਣ ਕਰਕੇ ਬੰਦੇ ਦੀ ਅੰਤਮ ਕਿਰਿਆ ਸਸਤੀ ਹੋ ਗਈ ਹੈ। ਲੋਕ ਹੁਣ ਛੇਤੀ ਛੇਤੀ ਮੁਰਦਾ ਵੇਚਦੇ ਨਹੀਂ।"

"ਤੇ ਤੂੰ ਘੇਂਟੂ ? " ਮੈਂ ਫੇਫੜੇ ਫੈਲਾ ਕੇ ਇਕ ਡੂੰਘਾ ਸਾਹ ਭਰਿਆ,"ਤੈਨੂੰ ਕਦੀ ਇਸ ਕੰਮ ਤੋਂ ਕਚਿਆਣ ਨਹੀਂ ਆਈ... ਬੋਰ ਨਹੀਂ ਹੋਇਆ ? ਕਿੰਨਾਂ ਘਿਰਣਾ ਭਰਿਆ ਤੇ ਨੀਚ ਕੰਮ ਹੈ ਇਹ...ਰੋਟੀ ਤੇ ਔਰਤ ਨੂੰ ਸੱਚ ਕਹਿਣ ਵਾਲਾ ਬੰਦਾ ਕਿੱਥੇ ਪੁੱਜ ਗਿਆ। " ਮੈਂ ਉਸਦੇ ਮੋਢੇ ਤੇ ਹੱਥ ਰੱਖਦਿਆਂ ਕਿਹਾ।



"ਘਿਰਣਾ ਭਰਿਆ ਤੇ ਨੀਚ ਤਾਂ ਇਹ ਸਮਾਜ ਏ, ਬਿੱਜੂ।" ਘੇਂਟੂ ਬੋਲਿਆ। ਇਕ ਘਿਰਣਾ ਉਹਦੇ ਚਿਹਰੇ ਤੇ ਤੈਰ ਰਹੀ ਸੀ। ਇਹ ਘਿਰਣਾ ਘੇਂਟੂ ਦੇ ਨਾਲ਼ ਨਾਲ਼ ਹਮੇਸ਼ਾ ਹੀ ਰਹਿੰਦੀ ਸੀ, "ਠੰਡ ਨਾਲ਼ ਆਕੜੀਆਂ ਫੁੱਟਪਾਥ ਤੇ ਪਈਆਂ ਲਾਸ਼ਾਂ, ਬਿਮਾਰੀ, ਭੁੱਖ ਅਤੇ ਹੜ੍ਹਾਂ 'ਚ ਵਹਿੰਦੇ ਮੁਰਦੇ, ਹੋਰ ਕਿੰਨੇਂ ਹੀ ਮਰਦੇ ਹੋਏ ਪੀਲੇ ਚਿਹਰੇ, ਇਹ ਸਭ ਇਸੇ ਸਮਾਜ ਦੀ ਦੇਣ ਨੇ। ਮੈਨੂੰ ਹੈਰਾਨੀ ਹੈ ਤੇ ਦੁੱਖ ਵੀ ਕਿ ਤੈਨੂੰ ਇਸ ਸਮਾਜ ਨਾਲ ਕੋਈ ਘਿਰਣਾ ਨਹੀਂ। ਤੂੰ ਇਸ ਦੀਆਂ ਗਲਤ ਕਦਰਾਂ ਕੀਮਤਾਂ ਦਾ ਖੰਡਨ ਵੀ ਨਹੀਂ ਕਰਦਾ। ਬਾਂਦਰ ਦੀ ਲਾਸ਼ ਤੇ ਪੈਸੇ ਸੁੱਟਣ ਵਾਲੀ ਮੂਰਖ਼ ਲੋਕਾਂ ਦੀ ਭੀੜ ਨੂੰ ਨਹੀਂ ਭੰਡਦਾ। ਤੂੰ ਇਸ ਅਸੱਭਿਅਕ ਪ੍ਰਬੰਧ ਦਾ ਵਿਰੋਧ ਨਹੀਂ ਸਕਦਾ। ਸਗੋਂ ਤੂੰ ਉਸੀ ਢਾਂਚੇ ਦੇ ਬਣਾਏ ਗਲ਼ੇ ਸੜੇ ਮਾਪ ਦੰਡਾਂ ਨਾਲ ਮੈਨੂੰ ਵੀ ਨਾਪ ਰਿਹਾ ਏਂ। ਤੇਰੀ ਘਿਰਣਾ ਦਾ ਪਹਿਲਾ ਪਾਤਰ ਕੌਣ ਹੋਣਾ ਚਾਹੀਦਾ ਹੈ, ਜ਼ਰਾ ਸੋਚ ਕੇ ਗੱਲ ਕਰ ਬਿੱਜੂ।" ਉਸਦੇ ਚਿਹਰੇ ਵੀ ਚਮੜੀ 'ਚ ਖਿਚਾਅ ਆ ਗਿਆ।

"ਫਿਰ ਉਹੀ ਗੱਲ।" ਮੇਰਾ ਚਿਹਰਾ ਫਿੱਕਾ ਪੈ ਗਿਆ। ਇਸ ਸਮਾਜ ਵਿਚ ਬਸੰਤ ਹੋਣ ਦਾ ਮੇਰਾ ਦੰਭ, ਇਸਦੀ ਬਨਾਵਟ ਅਤੇ ਮੇਰੀ ਹੋਂਦ ... ਜਿਵੇਂ ਲੜਖੜਾ ਗਿਆ, ਸਭ ਕੁਝ... ਮੈਂ ਉੱਠ ਖੜ੍ਹਾ ਹੋਇਆ। ਉਹ ਵੀ ਉੱਠਿਆ।

"ਅੱਜ ਉੱਬਲਿਆ ਆਂਡਾ ਨਹੀਂ ਖੁਆਵੇਂਗਾ ?" ਉਹ ਮੁਸਕਰਾਇਆ।

"ਹਾਂ ਹਾਂ ਕਿਉਂ ਨਹੀਂ... ਚੱਲ ਚਲਦੇ ਹਾਂ।" ਉਸ ਦੇ ਮੋਢੇ ਤੇ ਹੱਥ ਰੱਖ ਮੈਂ ਬਾਹਰ ਨਿਕਲ ਆਇਆ।

ਫਿਰ ਕਈ ਦਿਨਾਂ ਤਕ ਘੇਂਟੂ ਨਾ ਮਿਲਿਆ। ਠੰਡ ਘਟ ਰਹੀ ਸੀ। ਬਸੰਤ ਚਮਕਦਾਰ ਕਾਟੋ ਦੀ ਤਰ੍ਹਾਂ ਬਨੇਰਿਆਂ ਤੇ ਕੁੱਦਣ ਲੱਗਾ ਸੀ। ਇਨ੍ਹਾਂ ਦਿਨਾਂ 'ਚ ਹੀ ਇਕ ਅਜੀਬ ਘਟਨਾ ਵਾਪਰ ਗਈ।

******

ਇਕ ਦਿਨ ਸ਼ਹਿਰ ਦੇ ਇਕ ਖੁੱਲ੍ਹੇ ਗਟਰ 'ਚ ਇਕ ਚਾਰ ਸਾਲਾ ਬੱਚਾ ਡਿਗ ਪਿਆ। ਉਸ ਦੇ ਮਗਰ ਹੀ ਉਸ ਦੀ ਮਾਂ ਨੇ ਵੀ ਛਾਲ਼ ਮਾਰ ਦਿੱਤੀ। ਸੀਵਰ ਵਿਚ ਕਿਧਰੋਂ ਨਹਿਰ ਦਾ ਪਾਣੀ ਆ ਕੇ ਮਿਲਦਾ ਸੀ। ਤੇਜ਼ ਵਹਾਅ ਦੋਹਾਂ ਨੂੰ ਪਤਾ ਨਹੀਂ ਕਿੱਧਰ ਰੋੜ੍ਹ ਕੇ ਲੈ ਗਿਆ। ਜਾਲ੍ਹ ਸੁੱਟੇ ਗਏ। ਕੁਝ ਲੋਕ ਹੇਠਾਂ ਵੀ ਉਤਰੇ, ਪਰ ਵਿਅਰਥ। ਖ਼ਬਰ ਸਾਰੇ ਸ਼ਹਿਰ 'ਚ ਫੈਲ ਗਈ। ਵਿਆਹ ਤੋਂ ਪੰਜ ਸਾਲਾਂ ਮਗਰੋਂ ਉਸ ਔਰਤ ਦੇ ਇਹ ਬੱਚਾ ਹੋਇਆ ਸੀ। ਬਾਪ ਪੱਥਰ ਬਣਿਆਂ ਉਸੇ ਮੇਨ ਹੋਲ ਕੋਲ਼ ਬੈਠਾ ਰਿਹਾ। ਪੂਰੇ ਸ਼ਹਿਰ ਉੱਤੇ ਇਕ ਮਨਹੂਸ ਅਤੇ ਕਾਲ਼ੀ ਪ੍ਰੇਤ ਆਤਮਾ ਘੁੰਮ ਰਹੀ ਸੀ। ਲੋਕ ਘਬਰਾਏ ਹੋਏ ਅਤੇ ਨਿਰਾਸ਼ ਸਨ, ਜਿਵੇਂ ਉਨ੍ਹਾਂ ਦੀ ਮੱਤ ਮਾਰੀ ਗਈ ਹੋਵੇ। ਉਨ੍ਹਾਂ ਦੇ ਮਨਾਂ ਤੇ ਦਹਿਸ਼ਤ, ਡਰ ਅਤੇ ਅਸੁਰੱਖਿਆ ਦਾ ਪ੍ਰਛਾਵਾਂ ਸੀ। ਅਦਿੱਖ ਸ਼ੈਤਾਨੀ ਪੰਜਿਆਂ 'ਚ ਜਕੜੇ ਲੋਕ ਆਪਣੇ ਆਪਨੂੰ ਨਪੁੰਸਕ ਮਹਿਸੂਸ ਕਰ ਰਹੇ ਸਨ। ਇਹ ਕੀ ਹੈ? ਅਸੀਂ ਕਿੱਥੇ ਹਾਂ? ਤੇ ਕੌਣ ਹਨ, ਇਹ ਹਤਿਆਰੇ?

ਉਂਜ ਇਸ ਸ਼ਹਿਰ ਵਿਚ ਇਹ ਖਾਸ ਗੱਲ ਨਹੀਂ ਸੀ। ਪੂਰਾ ਸ਼ਹਿਰ ਹੀ ਮੌਤ ਦੇ ਖ਼ੂਹਾਂ ਨਾਲ ਭਰਿਆ ਹੋਇਆ ਸੀ। ਹਰ ਸਾਲ ਕਈ ਬੱਚੇ ਇਸੇ ਤਰ੍ਹਾਂ ਮਰਦੇ ਸਨ। ਹਰ ਵਾਰੀ ਰੌਲਾ ਪੈਂਦਾ। ਜਲੂਸ, ਧਰਨੇ ਅਤੇ ਨਾਹਰਿਆਂ ਦੇ ਚੂਹੇ ਪ੍ਰਸ਼ਾਸ਼ਨ ਅੱਗੇ ਥੋੜ੍ਹਾ ਬਹੁਤ ਕੁੱਦਦੇ ਵੀ, ਪਰ ਬੇਵਸ ਹੋ ਕੇ ਦਮ ਤੋੜ ਦਿੰਦੇ। ਮੋਟੀ ਚਮੜੀ ਵਾਲ਼ਾ ਪ੍ਰਸ਼ਾਸ਼ਨ ਜਾਂ ਤਾਂ ਗੂੰਗਾ ਬਹਿਰਾ ਬਣ ਕੇ ਚੁੱਪ ਸਾਧ ਲੈਂਦਾ ਜਾਂ ਗੱਲਾਂ ਦੇ ਦੋ ਚਾਰ ਗੁਬਾਰੇ ਛੱਡ ਦਿੰਦਾ। ਢੱਕਣ ਚੋਰੀ ਹੋ ਜਾਂਦੇ ਹਨ... ਸਾਡੇ ਬੰਦੇ ਕੰਮ ਨਹੀਂ ਕਰਨਾ ਚਾਹੁੰਦੇ... ਸਾਡੇ ਕੋਲ਼ ਫੰਡ ਨਹੀਂ ਬੱਸ! ਕੋਈ ਨੇਤਾ ਜਾਂ ਮੰਤਰੀ ਮਰਨ ਵਾਲੇ ਬੱਚੇ ਦਾ ਮਾਂ ਬਾਪ ਕੋਲ਼ ਜਾ ਕੇ ਚਾਰ ਛਿੱਲੜ ਸੁੱਟ ਆਉਂਦਾ ਜਾਂ ਮਗਰਮੱਛੀ ਹੰਝੂ ਵਹਾ ਕੇ ਫ਼ੋਟੋ ਖਿਚਵਾ ਲੈਂਦਾ ਤੇ ਬਘਿਆੜ ਵਾਂਗ ਨੁਕੀਲੇ ਦੰਦ ਦੱਢ ਕੇ ਵਾਅਦੇ ਕਰ ਆਉਂਦਾ । ਗੱਲ ਆਈ ਗਈ ਹੋ ਜਾਂਦੀ। ਪਰ ਫਿਰ ਦੋ ਚਾਰ ਮਹੀਨਿਆਂ ਵਿਚ ਕੋਈ ਹੋਰ ਬੱਚਾ ਡਿਗ ਕੇ ਮਰ ਜਾਂਦਾ। ਮੁੜ ਉਹੀ ਘਿਰਣਾਯੋਗ ਵਰਤਾਰਾ ਦੁਹਰਾਇਆ ਜਾਂਦਾ।

ਅਗਲੀ ਸਵੇਲ ਪੂਰਾ ਸ਼ਹਿਰ ਬਦਲਿਆ ਹੋਇਆ ਸੀ। ਪੂਰੇ ਸ਼ਹਿਰ ਵਿਚ ਇਕ ਜੋਸ਼ ਵੀ ਸੀ ਤੇ ਸਨਸਨੀ ਵੀ। ਕੱਲ੍ਹ ਤੱਕ ਜਿਹੜੇ ਪੀਲ਼ੇ ਪੱਤਿਆਂ ਵਰਗੇ ਸਨ, ਉਹ ਚਿਹਰੇ ਹੁਣ ਜੋਸ਼ ਅਤੇ ਖੁਸ਼ੀ ਨਾਲ਼ ਭਖ਼ ਰਹੇ ਸਨ। ਉਹ ਬੋਲਦੇ ਨਹੀਂ, ਸਗੋਂ ਚੀਕ ਰਹੇ ਸਨ। ਇਸ ਘਟਨਾ ਦੇ ਜਵਾਬ ਵਿਚ, ਨਗਰ ਪਾਲਿਕਾ ਦੇ ਪ੍ਰਸ਼ਾਸ਼ਨ ਦੇ ਛੋਟੇ ਸੁੰਦਰ ਬੱਚੇ ਨੂੰ ਕਿਸੇ ਨੇ ਅਗਵਾ ਕਰ ਲਿਆ ਸੀ। ਇਹ ਖ਼ਬਰ ਅਖ਼ਬਾਰ ਵਿਚ ਛਪੀ ਸੀ, "ਪਿਆਰੇ ਪ੍ਰਸ਼ਾਸ਼ਕ। ਬੱਚੇ ਨੂੰ ਮੈਂ ਅਗਵਾ ਕਰ ਲਿਆ ਹੈ। ਦੋ ਦਿਨਾਂ ਮਗਰੋ ਮੈਂ ਪੂਰੇ ਸ਼ਹਿਰ ਦਾ ਇਕ ਚੱਕਰ ਲਗਾਵਾਂਗਾ। ਜਿੱਥੇ ਵੀ ਮੈਨੂੰ ਕੋਈ ਖੁਲ੍ਹਾ ਮੇਲ ਹੋਲ ਦਿਖੇਗਾ, ਉਸ ਵਿਚ ਤੇਰੇ

ਬੱਚੇ ਨੂੰ ਸੁੱਟ ਦਿਆਂਗਾ। ਜੇ ਨਾ ਮਿਲਿਆ ਤਾਂ ਤੇਰੇ ਬੱਚੇ ਨੂੰ ਛੱਡ ਦਿਆਂਗਾ। ਭਵਿੱਖ ਵਿਚ ਵੀ ਜੇ ਕੋਈ ਬੱਚਾ ਇਸ ਤਰ੍ਹਾਂ ਮਰਿਆ ਤਾਂ ਪ੍ਰਸ਼ਾਸ਼ਨ ਦੇ ਬੱਚੇ ਨੂੰ ਬਿਨਾਂ ਕਿਸੇ ਚਿਤਾਵਨੀ ਤੋਂ ਗਟਰ ਵਿਚ ਸੁੱਟ ਦਿੱਤਾ ਜਾਵੇਗਾ। "

ਚੁਰਾਹਿਆਂ ਤੇ ਮੋੜਾਂ ਤੇ ਲੋਕ ਟੋਲੀਆਂ ਬਣਾਈ ਖੜ੍ਹੇ ਗੱਲਾਂ ਕਰ ਰਹੇ ਸਨ। ਸਭ ਉਸ ਆਦਮੀ ਦੀ ਤਾਰੀਫ਼ ਕਰ ਰਹੇ ਸਨ, ਜਿਸ ਨੇ ਇਹ ਕੰਮ ਕੀਤਾ ਸੀ। ਖੁੱਲ੍ਹੇ ਮੇਨ ਹੋਲਾਂ ਕੋਲ਼ ਭੀੜ ਵੱਧ ਸੀ ਤੇ ਲੋਕ ਹੱਸਦੇ ਹੋਏ ਉਨ੍ਹਾਂ ਵੱਲ ਇਸ਼ਾਰੇ ਕਰ ਰਹੇ ਸਨ। ਭੜਕਾਹਟ, ਜੋਸ਼ ਅਤੇ ਬੇਚੈਨੀ ਦੀ ਹਵਾ ਚੱਲ ਰਹੀ ਸੀ। ਸਾਰੇ ਸ਼ਹਿਰ ਵਿਚ ਇੱਕੋ ਚਰਚਾ ਰਹਿ ਗਈ ਸੀ। ਹੁਣ ਦੇਖੋ ਕੀ ਹੁੰਦਾ ਹੈ? ਚਿਰਾਂ ਤੋਂ ਸੁੱਤਾ ਪਿਆ ਪ੍ਰਸ਼ਾਸ਼ਨ ਇਕ ਦਮ ਚੁਸਤ ਅਤੇ ਚੌਕੰਨਾ ਹੋ ਗਿਆ ਸੀ।

ਉੱਪਰ ਮੁੱਖ ਮੰਤਰੀ ਤਕ ਇਹ ਖ਼ਬਰ ਪੁੱਜੀ। ਜਵਾਬੀ ਕਾਰਵਾਈ ਤਹਿ ਹੋਣ ਤਕ ਹਰ ਇਕ ਮੇਨ ਹੋਲ ਕੋਲ ਇਕ ਪੁਲਸੀਆ ਖੜ੍ਹਾ ਕਰ ਦਿੱਤਾ ਗਿਆ। ਪ੍ਰਸ਼ਾਸ਼ਨ ਚਿੰਤਾ ਅਤੇ ਸੰਕਟ ਵਿਚ ਸੀ। ਉਸ ਦੇ ਨਿਕੰਮੇਪਣ ਅਤੇ ਘਿਰਣਾਮਈ ਭ੍ਰਿਸ਼ਟਾਚਾਰ ਨੂੰ ਇਹ ਇਕ ਖੁੱਲ੍ਹੀ ਚਣੌਤੀ ਸੀ। ਉਸ ਨੂੰ ਜਿਵੇਂ ਚੁਰਾਹੇ ਵਿਚ ਨੰਗਾ ਕਰ ਦੇ ਕੋਰੜੇ ਮਾਰੇ ਜਾ ਰਹੇ ਸਨ। ਸ਼ਾਸ਼ਨ ਨੇ ਫ਼ੈਸਲਾ ਲੈਣਾ ਸੀ। ਜੇ ਉਹ ਹਰ ਮੇਨ ਹੋਲ ਤੇ ਢੱਕਣ ਲਾਉਣ ਦੀ ਹਦਾਇਤ ਕਰਦਾ ਹੈ ਤਾਂ ਉਸ ਦਾ ਆਪਣਾ ਅਕਸ ਧੁੰਧਲਾ ਹੋ ਜਾਵੇਗਾ। ਤੇ ਭਵਿੱਖ ਵਿਚ ਲੋਕਾਂ ਨੂੰ ਕੰਮ ਕਰਵਾਉਣ ਦਾ ਇਕ ਨਵਾਂ ਰਸਤਾ ਲੱਭ ਜਾਵੇਗਾ। ਜੇ ਨਹੀਂ ਲਗਵਾਉਂਦਾ, ਤਾਂ ਉਸ ਦੇ ਆਪਣੇ ਢਾਂਚੇ ਦੇ ਇਕ ਪੁਰਜੇ, ਪ੍ਰਸ਼ਾਸ਼ਨ ਦਾ ਬੱਚਾ ਮੇਨ ਹੋਲ ਵਿਚ ਸੁੱਟ ਦਿੱਤਾ ਜਾਵੇਗਾ। ਇੰਜ ਉਸ ਸ਼ਾਸ਼ਨ ਤੰਤਰ ਦੇ ਜੋ ਹੱਥ ਹਨ, ਉਹੀ ਉਸ ਤੋਂ ਕੱਟੇ ਜਾਣਗੇ। ਉਨ੍ਹਾਂ ਦਾ ਉਸ ਤੰਤਰ ਦੀ ਸੁਨਤੀ ਤੋਂ ਵਿਸ਼ਵਾਸ਼ ਉਠ ਜਾਵੇਗਾ। ਫਿਰ ਸ਼ਾਸ਼ਨ ਨੂੰ ਕੌਣ ਠੀਕ ਕਰੇਗਾ?

ਸ਼ਾਮ ਤਕ ਬੇਭਰੋਸਗੀ ਦੀ ਹਾਲਤ ਰਹੀ। ਮੁੱਖ ਮੰਤਰੀ ਦੀ ਕੇਂਦਰ ਅਤੇ ਸ਼ਹਿਰ ਦੇ ਡੀ. ਐਮ ਨਾਲ ਗੱਲ ਹੁੰਦੀ ਰਹੀ। ਲੋਕ ਸੜਕਾਂ 'ਤੇ ਘੁੰਮਦੇ ਰਹੇ ਤੇ ਸ਼ਰਤਾਂ ਲਗਾਉਂਦੇ ਰਹੇ ਕਿ ਕੀ ਹੋਵੇਗਾ?

ਕੋਈ ਵੀ ਉਸ ਆਦਮੀ ਨੂੰ ਗ਼ਲਤ ਜਾਂ ਬੁਰਾ ਨਹੀਂ ਸੀ ਕਹਿ ਰਿਹਾ, ਸਗੋਂ ਉਨ੍ਹਾਂ ਨੂੰ ਤਾਂ ਉਹ ਇਕ ਦੇਵਤਾ ਹੀ ਲੱਗ ਰਿਹਾ ਸੀ, ਜਿਸ ਨੇ ਲੋਕਾਂ ਦੀਆਂ ਖ਼ਾਮੋਸ਼ ਭਾਵਨਾਵਾਂ ਨੂੰ ਪ੍ਰਗਟਾ ਦਿੱਤਾ ਸੀ। ਜੋ ਉਹ ਸਾਰੇ ਨਹੀਂ ਸੀ ਕਰ ਸਕੇ, ਉਸ ਨੇ ਇੱਕੋ ਝਟਕੇ ਨਾਲ਼ ਕਰ ਦਿਖਾਇਆ ਸੀ। ਉਹ ਆਦਮੀ ਇਕ ਨਾਇਕ ਵਜੋਂ ਉੱਭਰਦਾ ਜਾ ਰਿਹਾ ਸੀ।

ਫਿਰ ਸ਼ਾਮ ਤੋਂ ਬਾਦ ਅਚਾਨਕ ਜਿਵੇਂ ਕੋਈ ਯੁੱਧ ਸ਼ੁਰੂ ਹੋ ਗਿਆ। ਇਹ ਫ਼ੈਸਲਾ ਹੋਇਆ ਕਿ ਪ੍ਰਸ਼ਾਸ਼ਨ ਦੇ ਬੱਚੇ ਨੂੰ ਬਚਾਉਣਾ ਜ਼ਰੂਰੀ ਹੈ। ਸੈਂਕੜੇ ਢੱਕਣਾਂ ਸਮੇਤ ਪ੍ਰਸ਼ਾਸ਼ਨ ਕੰਮ ਵਿਚ ਜੁਟ ਗਿਆ। ਮੇਨ ਹੋਲਾਂ ਨੂੰ ਬੰਦ ਕਰਨ ਦੇ ਨਾਲ਼ ਨਾਲ਼ ਟੋਏ ਵੀ ਪੂਰੇ ਜਾਣ ਲੱਗੇ। ਢੱਕਣ ਲਗਦੇ ਦੇਖ ਲੋਕ ਮੁੱਠੀਆਂ ਬੰਦ ਕਰ ਕਰ ਉੱਛਲ ਰਹੇ ਸਨ... ਜੋਸ਼ ਵਿਚ ਚੀਕ ਰਹੇ ਸਨ। ਮਨ ਹੀ ਮਨ ਉਸ ਅਣਜਾਣੇ ਵਿਅਕਤੀ ਦਾ ਧੰਨਵਾਦ ਕਰ ਰਹੇ ਸਨ। ਇਹੋ ਸਹੀ ਨਜ਼ਰ ਹੈ। ਇਹੋ ਸਹੀ ਰਾਹ ਹੈ। ਇਸੇ ਤਰ੍ਹਾਂ ਸਾਫ਼ ਹੋਵੇਗੇ ਇਹ ਕੋਹੜ ਦੇ ਧੱਬੇ। ਉਨ੍ਹਾਂ ਅੱਗੇ ਰੋਣ ਕੁਰਲਾਉਣ ਨਾਲ਼ ਕੁਝ ਨਹੀਂ ਹੋਣ ਲੱਗਾ। ਇਸ ਛਾਂਟੇ ਨਾਲ ਹੀ ਲੋਟ ਆਉਣਗੇ ਇਹ ਲੋਕ। ਜੋ ਸਾਲਾਂ ਤਕ ਨਹੀਂ ਸੀ ਹੋ ਸਕਿਆ, ਉਹ ਇਕ ਦਿਨ 'ਚ ਹੋ ਰਿਹਾ ਹੈ। ਹਤਿਆਰਿਆਂ ਨੂੰ ਹੁਣ ਕਿਸੇ ਜੀਵਨ ਦਾ ਅਰਥ ਤੇ ਮਹੱਤਵ ਸਮਝ ਆ ਰਿਹਾ ਹੈ।

ਅਗਲੇ ਦਿਨ ਦੁਪਹਿਰ ਤਕ ਪੂਰੇ ਸ਼ਹਿਰ ਦੇ ਸੀਵਰ ਦੇ ਸਾਰੇ ਮੇਨ ਹੋਲ ਢਕੇ ਗਏ। ਸਾਰੀ ਰਾਤ ਕੰਮ ਹੋਇਆ। ਨਾ ਧਨ ਦਾ ਸੰਕਟ, ਨਾ ਕਰਮਚਾਰੀਆਂ ਦੇ ਨਿਕੰਮੇਪਣ ਦੀ ਗੱਲ। ਕੁਝ ਵੀ ਨਹੀਂ ਹੋਇਆ। ਰਾਤ ਨੂੰ ਉਹ ਆਦਮੀ ਉਸ ਬੱਚੇ ਨੂੰ ਪ੍ਰਸ਼ਾਸ਼ਨ ਦੇ ਘਰ ਲੈ ਆਇਆ। ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ। ਸਵੇਰੇ ਅਖ਼ਬਾਰਾਂ ਵਿਚ ਉਸ ਦੀਆਂ ਫ਼ੋਟੋਆਂ ਲੱਗੀਆਂ ਫੋਟੋ ਦੇਖ ਕੇ ਮੈਂ ਚੀਕ ਪਿਆ। ਇਹ ਤਾਂ ਘੇਂਟੂ ਸੀ। ********************

ਮੈਂ ਜੇਲ੍ਹ ਵਿਚ ਘੇਂਟੂ ਨੂੰ ਮਿਲਣ ਗਿਆ। ਉਸ ਦੀ ਦਾੜ੍ਹੀ ਥੋੜ੍ਹੀ ਥੋੜ੍ਹੀ ਵਧੀ ਹੋਈ ਸੀ। ਹੁਣ ਉਸ ਦੀਆਂ ਅੱਖਾਂ ਗਰਮੀਆਂ 'ਚ ਸੁੱਕਾ ਖੂਹਾਂ ਵਰਗੀਆਂ ਨਹੀਂ ਸਨ ਸਗੋਂ ਕੁਝ ਕੁਝ ਸੁੱਜ ਗਈਆਂ ਸਨ। ਚਿਹਰੇ ਤੇ ਹਮੇਸ਼ਾ ਚਿਪਕਿਆਂ ਰਹਿਣ ਵਾਲਾ ਰੁੱਖਾਪਣ ਤੇ ਉਦਾਸੀਨਤਾ ਵੀ ਨਹੀਂ ਸੀ। ਇਕ ਸਬਰ ਅਤੇ ਸੰਤੋਖ ਨਾਲ ਉਸਦਾ ਚਿਹਰਾ ਦਗ ਰਿਹਾ ਸੀ।

"ਮੈਂ ਬੁਰਾ ਤਾਂ ਨਹੀਂ ਕੀਤਾ, ਬਿੱਜੂ? " ਘੇਂਟੂ ਨੇ ਮੁਸਕਰਾ ਕੇ ਪੁੱਛਿਆ। ਉਸ ਦੇ ਮੋਟੇ ਬੁੱਲ੍ਹ ਫੈਲ ਗਏ। ਉਸ ਦੀ ਆਵਾਜ਼ ਕੁਝ ਥੱਕੀ ਥੱਕੀ ਅਤੇ ਭਾਰੀ ਸੀ।

"ਨਹੀਂ।" ਮੈਂ ਘੇਂਟੂ ਦਾ ਹੱਥ ਫੜ ਲਿਆ, "ਪਰ ਇਹ ਸਭ ਹੋਇਆ ਕਿਵੇਂ ਘੇਂਟੂ।"



"ਕੀ?"

"ਇਹੀ... ਤੂੰ ਤਾਂ ਸਿਰਫ਼ ਰੋਟੀ ਅਤੇ ਔਰਤ ਨੂੰ ਸੱਚ ਮੰਨਦਾ ਸੀ, ਫਿਰ ਇਹ ਸੰਵੇਦਨਾ ਕਿੱਥੋਂ ਆ ਗਈ, ਤੇਰੇ ਵਿਚ? "

"ਇਹੀ ਜੀਵਨ ਦੀ ਵਿਸ਼ਾਲਤਾ ਏ, ਬਿੱਜੂ। ਕਿੰਨਾਂ ਭੇਤ ਭਰਿਆ ਤੇ ਅਜੀਬ ਹੈ, ਇਹ। ਇਕ ਪਲ ਵਿਚ ਇਹ ਕੀ ਤੋਂ ਕੀ ਹੋ ਜਾਂਦਾ ਏ।"

"ਫਿਰ ਵੀ ਇਹ ਗੱਲ ਤੇਰੇ ਮਨ ਵਿਚ ਆ ਕਿਵੇਂ ਗਈ?"

"ਮੁਟੱਲੀ ਤੋਂ।" ਘੇਂਟੂ ਹੌਲ਼ੀ ਦੇਣੇ ਹੱਸਿਆ, "ਉਹ ਮਾਂ ਬਣਨ ਵਾਲੀ ਏ... ਮੇਰੇ ਬੱਚੇ ਦੀ ਮਾਂ।" ਘੇਂਟੂ ਦਾ ਚਿਹਰਾ ਅਚਾਨਕ ਇਕ ਬਾਪ ਬਣਨਾ ਦੇ ਮਾਣ ਅਤੇ ਇੱਛਾ ਨਾਲ ਭਰ ਗਿਆ। ਉਹ ਫਿਰ ਬੋਲਿਆ।" ਕਿੰਨਾ ਨਿੱਘਾ ਸੁੱਖ ਏ ਇਸ ਵਿਚ ਬਿੱਜੂ। ਹੁਣ ਉਹ ਉਵੇ ਬਜ਼ਾਰ ਵਿਚ ਨਹੀਂ ਬੈਠਦੀ। ਮੈਂ ਵੀ ਹੁਣ ਉਹਦੇ ਲਈ ਮਾਮੂਲੀ ਬੰਦਾ ਰਹਿ ਗਿਆ ਹਾਂ। ਬੱਸ, ਹਰ ਪਲ ਉਹ ਆਪਣੇ ਅੰਦਰੋਂ ਫੁੱਟ ਕੇ ਆ ਰਹੀ ਮਮਤਾ ਦੇ ਸੁੱਖ ਵਿਚ ਮਸਤ ਰਹਿੰਦੀ ਹੈ। ਮੁਟੱਲੀ ਦਾ ਸੁੱਖ ਦੇਖ ਕੇ ਮੈਨੂੰ ਤੂੰ ਯਾਦ ਆ ਗਿਆ ਤੇ ਮੈਨੂੰ ਲੱਗਾ ਕਿ ਸੱਚਮੁਚ ਮਾਂ ਇਕ ਬਹੁਤ ਵੱਡਾ ਸੱਚ ਹੈ। ਉਸ ਸ਼ਾਮ ਜਦੋਂ ਬੱਚੇ ਦੇ ਮਗਰ ਉਸਦੀ ਮਾਂ ਵੀ ਖੁੱਲ੍ਹੇ ਗਟਰ ਵਿਚ ਕੁੱਦ ਗਈ ਤਾਂ ਮੇਰਾ ਇਹ ਵਿਸ਼ਵਾਸ਼ ਮੇਰੀਆਂ ਹੱਡੀਆਂ 'ਚ ਉਤਰ ਕੇ ਰਹਿ ਗਿਆ। ਤੈਨੂੰ ਪਤਾ ਨਹੀਂ ਬਿੱਜੂ, ਮੈਂ ਵੀ ਉਸ ਮੇਨ ਹੋਲ 'ਚ ਉੱਤਰਿਆ ਸਾਂ... ਉਫ਼!"

ਘੇਂਟੂ ਨੇ ਇਕ ਝੁਣਝਣੀ ਲਈ। ਪੀੜ ਨਾਲ਼ ਉਸ ਦਾ ਚਿਹਰਾ ਵਿੰਗਾ ਹੋ ਗਿਆ, "ਕਿੰਨੀਂ ਜ਼ਹਿਰੀਲੀ ਹਵਾ ਅਤੇ ਘੁੱਟਣ ਸੀ ਉਹਦੇ ਅੰਦਰ। ਬਦਬੂ ਅਤੇ ਗੰਦਗੀ ਦੀਆਂ ਕੰਧਾਂ ਨਾਲ਼ ਘਿਰੀ ਇਕ ਕਾਲੀ ਹਨੇਰੀ ਗੁਫ਼ਾ! ਇਕ ਪਲ ਵਿਚ ਹੀ ਮੈਨੂੰ ਲੱਗਾ ਕਿ ਜਿਊਣ ਦੀ ਇੱਛਾ ਵੀ ਇਕ ਵੱਡਾ ਸੱਚ ਹੈ। ਇਹੀ ਪਲ ਸੀ ਜਦੋਂ ਮੈਨੂੰ ਮਹਿਸੂਸ ਹੋਇਆ ਕਿ ਰੋਟੀ ਅਤੇ ਔਰਤ ਵਾਂਗ ਜੀਵਨ ਦੇ ਹੋਰ ਵੀ ਸੱਚ ਹਨ। ਮੈਂ ਹੁਣ ਤਕ ਗਲਤ ਧਾਰਣਾ ਵਾਲ਼ਾ ਜੀਵਨ ਹੀ ਬਿਤਾਇਆ ਸੀ। ਅਚਾਨਕ ਮੈਂ ਤੜਫ਼ ਉੱਠਿਆ, ਇਕ ਸਹੀ ਜੀਵਨ ਜਾਂਚ ਲਈ, ਜੀਵਨ ਦੀ ਵਿਸ਼ਾਲਤਾ ਨੂੰ ਛੂਹਣ ਲਈ। ਉਸ ਨੂੰ ਆਪਣਾ ਅਰਘ ਦੇਣ ਲਈ ਤੇ ਮੈਂ ਉਹ ਕੁਝ ਕਰ ਦਿੱਤਾ। ਹੁਣ ਜਦੋਂ ਮੈਂ ਇਸ ਤਰ੍ਹਾਂ, ਇਸ ਸਮਾਜ ਅਤੇ ਰਾਜ ਪ੍ਰਬੰਧ ਨੂੰ ਠੋਕਰ ਮਾਰੀ ਏ, ਇਸ ਦੀ ਅਸੱਭਿਅਤਾ ਦੇ ਬਖੀਏ ਉਧੇੜੇ ਹਨ ਤਾਂ ਹੀ ਇਕ ਸੁੱਖ, ਸੰਤੋਖ਼ ਅਤੇ ਸ਼ਾਂਤੀ ਦਾ ਅਨੁਭਵ ਕਰ ਰਿਹਾ ਹਾਂ ਮੈਨੂੰ ਲੱਗ ਰਿਹਾ ਹੈ ਕਿ ਬਸੰਤ ਹੋਣ ਦਾ ਸੁੱਖ ਵੀ ਸੱਚ ਹੈ। ਤੂੰ ਠੀਕ ਸੀ ਬਿੱਜੂ, ਮੈਂ ਗਲਤ। ਜੀਵਨ ਦੇ ਵਲ ਰੋਟੀ ਅਤੇ ਔਰਤ ਹੀ ਨਹੀਂ ਹੈ। ਇਸ ਤੋਂ ਬਹੁਤ ਉੱਪਰ , ਬਹੁਤ ਵਿਸ਼ਾਲ ਅਤੇ ਭੇਤ ਭਰਿਆ ਹੈ, ਕਿਸੇ ਵੀ ਪਰਿਭਾਸ਼ਾ, ਪ੍ਰਬੰਧ ਤੋਂ ਉੱਪਰ। ਕਿਸੇ ਜ਼ਿੰਦਗੀ ਨੂੰ ਧੜਕਦੀ ਰੱਖਣਾ ਇਕ ਯੱਗ ਹੈ ਤੇ ਮੈਂ ਉਸ ਵਿਚ ਆਪਣਾ ਹਿੱਸਾ ਪਾਇਆ ਹੈ। " ਘੇਂਟੂ ਨੇ ਸਾਹ ਭਰ ਕੇ ਅੱਖਾਂ ਬੰਦ ਕਰ ਲਈਆਂ ਫਿਰ ਅੱਖਾਂ ਖੋਲ੍ਹੀਆਂ ਤੇ ਬੋਲਿਆ, "ਮੈਂ ਜਾਣਦਾ ਹਾਂ ਤੂੰ ਮੈਨੂੰ ਨਫ਼ਰਤ ਕਰਨ ਲੱਗਾ ਸੀ। ਜਦੋਂ ਮੈਂ ਮਨੁੱਖੀ ਪਿੰਜਰ ਵੇਚਦਾ ਸੀ। ਪਰ ਮੈਨੂੰ ਹੈਰਾਨੀ ਏਂ, ਤੂੰ ਉਨ੍ਹਾਂ ਸਭਨਾਂ ਨੂੰ ਨਫ਼ਰਤ ਨਹੀਂ ਕੀਤੀ ਜਿਹੜੇ ਜਿਉਂਦੇ ਮਾਸੂਮ ਫੁੱਲਾਂ ਨੂੰ ਇੰਜ ਲਾਸ਼ਾਂ ਵਿਚ ਬਦਲ ਦਿੰਦੇ ਨੇ। ਉਨ੍ਹਾਂ ਦਾ ਕਦੀ ਕੋਈ ਵਿਰੋਧ ਨਹੀਂ ਕੀਤਾ, ਤੁਸੀਂ ਲੋਕਾਂ ਨੇ, ਜਿਹੜੇ ਕਿਸੇ ਦੀ ਜਾਨ ਲੈ ਲੈਂਦੇ ਨੇ। ਇਸ ਘਟਨਾ ਤੋਂ ਸਿੱਧ ਹੋ ਗਿਆ ਬਿੱਜੂ ਕਿ ਸਮਾਜ ਦੇ ਜੀਵਨ ਮੁੱਲ ਕਿੰਨ ਅਧੂਰੇ ਅਤੇ ਨਫ਼ਰਤ ਭਰੇ ਨੇ, ਤੇ ਕਿੰਨੇ (ਘਿਰਣਾਮਈ ਤੇ ਅਸੱਭਿਅਕ ਨੇ ਇਹ ਧਰਮ, ਸਮਾਜ ਅਤੇ ਰਾਜ ਸੰਸਥਾਵਾਂ ।" ਆਪਣੇ ਮੋਟੇ ਬੁੱਲ੍ਹ ਫੈਲਾ ਕੇ ਘੇਂਟੂ ਹੌਲੀ ਹੌਲੀ ਹੱਸਿਆ, "ਮੈਨੂੰ ਹੈਰਾਨੀ ਏ ਕਿ ਮੇਰਾ ਬੱਚਾ ਅਜੇ ਇਸ ਧਰਤੀ ਤੇ ਨਹੀਂ ਆਇਆ, ਪਰ ਮੈਂ ਉਸ ਦੀ ਸੰਵੇਦਨਾ, ਉਸ ਦੀ ਹੋਂਦ ਆਪਣੀਆਂ ਨਾੜਾਂ ਵਿਚ ਮਹਿਸੂਸ ਕਰ ਰਿਹਾ ਹਾਂ। ਹੁਣ ਇਸ ਤਰ੍ਹਾਂ ਕੋਈ ਬੱਚਾ ਲਾਸ਼ ਨਹੀਂ ਬਣੇਂਗਾ। ਜੋ ਅਜੇ ਆਇਆ ਨਹੀਂ ਉਸਦਾ ਸਵਾਗਤ ਅਸੀਂ ਬਾਹਾਂ ਫੈਲਾ ਕੇ ਕਰ ਰਹੇ ਹਾਂ ਤੇ ਜੋ ਹੈ ਉਸਦੇ ਲਈ ਅਸੀਂ ਆਖ਼ਰੀ ਸਾਹਾਂ ਤਕ ਲੜਦੇ ਹਾਂ। ਇਹੋ ਗੱਲ ਜੀਵਨ ਦੀ ਸਥਿਰਤਾ ਅਤੇ ਲਗਾਤਾਰਤਾ ਨੂੰ ਸਿੱਧ ਕਰਦੀ ਹੈ। ਮੈਂ ਆਪਣੇ ਸਭ ਕਰਮਾਂ ਦਾ ਪ੍ਰਾਸਚਿਤ ਕਰ ਲਿਆ ਹੈ। ਮੇਰੇ ਲਈ ਇਹੋ ਬਸੰਤ ਬਣਨਾ ਹੈ ਬਿੱਜੂ , ਤੇ ਇਸ ਦਾ ਸੁੱਖ ਮੇਰੇ ਜੀਵਨ ਦੀ ਪਹਿਲੀ ਸਚਾਈ ਹੈ। "

ਮੈਂ ਹੌਲ਼ੀ ਦੇਣੇ ਘੇਂਟੂ ਦੀ ਹਥੇਲੀ ਨਾਲ਼ ਆਪਣਾ ਮੱਥਾ ਛੁਹਾਇਆ। ਘੇਂਟੂ ਦੇ ਸਾਮ੍ਹਣੇ ਮੈਂ ਬਹੁਤ ਛੋਟਾ ਹੋ ਗਿਆ ਸਾਂ। ਮੈਨੂੰ ਲੱਗਾ ਜਿਵੇਂ ਕਿਸੇ ਲੰਬੇ ਦਰੱਖਤ ਦੀ ਖੋਲ਼ ਵਿਚ ਦੁਬਕਿਆ, ਮੈਂ ਹੁਣ ਤੀਕ ਸਾਹ ਲੈਂਦਾ ਰਿਹਾ ਹੋਵਾਂ।

ਘੇਂਟੂ ਫਿਰ ਬੋਲਿਆ, "ਇਹ ਧਰਮ, ਸਮਾਜ ਅਤੇ ਰਾਜ ਪ੍ਰਬੰਧ ਜੀਵਨ ਨੂੰ ਆਪਣੇ ਜ਼ਹਿਰੀਲੇ

ਦੰਦਾਂ ਨਾਲ਼ ਹੌਲ਼ੀ ਹੌਲ਼ੀ ਕੁਤਰਦੇ ਰਹਿੰਦੇ ਹਨ। ਪਤਾ ਹੀ ਨਹੀਂ ਲਗਦਾ ਕਿ ਕਦੋਂ ਇਕ ਸੰਭਾਵਨਾਵਾਂ ਭਰਪੂਰ ਜੀਵਨ ਨੀਲਾ ਪੈ ਜਾਂਦਾ ਹੈ। ਇਨ੍ਹਾਂ ਚੀਜਾਂ ਨੂੰ ਪਾਲਨਾ ਜ਼ਰੂਰੀ ਨਹੀਂ ਹੈ, ਬਿੱਜੂ।

ਇਸ ਤੋਂ ਪਹਿਲਾਂ ਜ਼ਰੂਰੀ ਹੈ, ਹਰੇਕ ਸੱਚ ਦਾ ਪਾਲਨਾ, ਜੋ ਸਾਨੂੰ ਮਿਲਿਆ। ਮਾਂ ਤੇ ਜਿਉਣ ਦੀ ਤਮੰਨਾ ਤੇਰੇ ਸੱਚ-ਰੋਟੀ ਤੇ ਔਰਤ ਮੇਰੇ ਸੱਚ... ਤੇ ਫਿਰ ਇਹੋ ਜਿਹੇ ਹੀ ਜੀਵਨ ਦੇ ਹੋਰ ਅਨੇਕ ਸਥਾਈ ਸੱਚ। ਇਸ ਸਮਾਜ ਅਤੇ ਰਾਜ ਨੇ ਜੀਵਨ ਅਨੁਸਾਰ ਢਲਣਾ ਹੈ, ਨਾ ਕਿ ਜੀਵਨ ਨੇ ਇਨ੍ਹਾਂ ਅਨੁਸਾਰ। ਪਾਪ-ਪੁੰਨ, ਚੰਗੇ ਮਾੜੇ ਦੀਆਂ ਪਰਿਭਾਸ਼ਾਵਾਂ ਹੁਣ ਅਢੁੱਕਵੀਆਂ ਹੋ ਚੁੱਕੀਆਂ ਹਨ। ਇਨ੍ਹਾਂ ਪਰਿਭਾਸ਼ਾਵਾਂ ਨੂੰ ਬਦਲਣਾ, ਮੁੱਲ ਬਦਲਣੇ, ਸਾਡੇ ਲਈ ਇਹੋ ਬਸੰਤ ਹੋਵੇਗਾ ਬਿੱਜੂ।" ਘੇਟੂ ਨੇ ਮੇਰੇ ਮੋਢੇ ਤੇ ਹੱਥ ਰੱਖਿਆ। ਉਸ ਦਾ ਹੱਥ ਕੰਬ ਰਿਹਾ ਸੀ।

"ਇਕ ਗੱਲ ਪੁੱਛਾਂ ਘੇਟੂ? " ਮੈਂ ਕਿਹਾ। ਘੇਟੂ ਨੇ ਸਿਰ ਚੁੱਕ ਕੇ ਮੇਰੇ ਵੱਲ ਦੇਖਿਆ। ਉਸ ਦੇ ਬੁੱਲ੍ਹਾਂ ਤੇ ਹਲਕੀ ਜਿਹੀ ਸਿੱਕੜੀ ਜੰਮੀਂ ਹੋਈ ਸੀ। ਅੱਖਾਂ ਦੇ ਕੋਨਿਆਂ ਵਿਚ ਸਫ਼ੈਦ ਗਿੱਡ ਜਿਹੀ ਆ ਗਈ ਸੀ, "ਉਸ ਬੱਚੇ ਨੂੰ ਤੂੰ ਕਿੱਥੇ ਰੱਖਿਆ ?"

"ਮੁਟੱਲੀ ਦੇ ਘਰ।" ਘੇਟੂ ਹੱਸਿਆ।

"ਪਰ...।" ਮੈਂ ਲੜਖੜਾਇਆ।

"ਕੀ? ਰੁਕ ਕਿਉਂ ਗਿਆ ?"

"ਉਹ ਹੁਣ ਵੀ ਬਜ਼ਾਰ ...?"

"ਕੌਣ ? "

"ਉਹੀ,ਤੇਰੀ ਮੁਟੱਲੀ ।"

"ਬੱਸ, ਐਵੇਂ ... ਜਦੋਂ ਲੋੜ ਹੁੰਦੀ ਏ।" ਘੇਟੂ ਹੱਸਿਆ, "ਪਿਆਰ ਵਿਚ ਆਤਮਾ ਅਤੇ ਸ਼ਰੀਰ ਦੇ ਅਲੱਗ ਅਲੱਗ ਹੋਣ ਦੀ ਗੱਲ ਕਰਦੀ ਹੈ, ਉਹ ਬਜ਼ਾਰੂ ਔਰਤ। ਤੇਰੀਆਂ ਪਰਿਭਾਸ਼ਾਵਾਂ ਇਕ ਵਾਰੀ ਫਿਰ ਐਥੇ ਉਲਟ ਹੋ ਜਾਣਗੀਆਂ, ਬਿੱਜੂ।" ਹਸਦਾ ਹੋਇਆ ਘੇਟੂ ਇਕ ਦਮ ਚੁੱਪ ਕਰ ਗਿਆ। ਮੈਂ ਉਸ ਵੱਲ ਦੇਖਦਾ ਰਿਹਾ।

"ਮੇਰਾ ਇਕ ਕੰਮ ਕਰੇਂਗਾ, ਬਿੱਜੂ?"

"ਦੱਸ ਘੇਟੂ , ਮੈਂ ਖੁਸ਼ ਹੋਵਾਂਗਾ।"

"ਮੈਨੂੰ ਨਹੀਂ ਪਤਾ , ਕਦੋਂ ਤਕ ਅੰਦਰ ਰਹਿਣਾ ਪਵੇਗਾ। ਮੇਰਾ ਬੱਚਾ ਤੇ ਮੁਟੱਲੀ ... ਕੀ ਤੂੰ ਉਨ੍ਹਾਂ ਦੀ ਦੇਖ ਭਾਲ਼ ਕਰੇਂਗਾ?" ਉਸ ਦੀਆਂ ਅੱਖਾਂ ਲੁਕੀਆਂ ਹੋਈਆਂ ਸਨ।

ਮੈਂ ਘੇਟੂ ਦੇ ਹੱਥ ਫੜ ਲਏ।

ਉਸ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ। ਸਮਾਂ ਹੋ ਚੁੱਕਾ ਸੀ। ਚੱਲਣ ਤੋਂ ਪਹਿਲਾਂ ਮੈਂ ਉਸ ਦਾ ਹੱਥ ਦਬਾਇਆ। ਉਸ ਦੀ ਖੁਸ਼ਕ ਤੇ ਸਖ਼ਤ ਚਮੜੀ ਮੇਰੇ ਹੱਥਾਂ 'ਚ ਆ ਗਈ।

"ਅਸੀਂ ਰਹਿ ਗਏ ਘੇਟੂ ਤੇ ਤੂੰ ਭਰਾਵਾ ਬਣ ਗਿਆ ਬਸੰਤ।"

ਸਲਾਖਾਂ ਦੇ ਬਾਹਰ ਅਸਮਾਨ ਦਾ ਇਕ ਨੀਲਾ ਟੁਕੜਾ ਦਿਖ ਰਿਹਾ ਸੀ। ਅੰਬ ਦੇ ਦਰੱਖਤ ਦਾ ਕੁਝ ਹਿੱਸਾ ਹਵਾ ਵਿਚ ਝੂਲ ਰਿਹਾ ਸੀ। ਉਸ ਦੇ ਇਕ ਇਕ ਪੱਤੇ ਉੱਤੇ ਜਿਵੇਂ ਬਸੰਤ ਦੇ ਸੈਂਕੜੇ ਟੁਕੜੇ ਝੂਲ ਰਹੇ ਹੋਣ।

"ਦੇਖੋ...।" ਘੇਟੂ ਨੇ ਉਂਗਲ ਉਠਾਈ , "ਇਹ ਬਸੰਤ ਵਰਗਾ।"

ਮੇਰੀਆਂ ਅੱਖਾਂ 'ਚੋਂ ਦੋ ਹੰਝੂ ਵਹਿ ਗਏ। ਘੇਟੂ ਨੇ ਸਲਾਖਾਂ ਤੇ ਸਿਰ ਟਿਕਾ ਲਿਆ। ਮੈਂ ਚੁੱਪਚਾਪ ਬਾਹਰ ਆ ਗਿਆ।

ਇਕ ਪੰਛੀ ਰਾਤ ਦੇ ਹਨੇਰੇ ਵਿਚ ਚੀਕਦਾ ਹੈ। ਪੂਰਾ ਵਾਤਾਵਰਣ ਕੰਬ ਜਾਂਦਾ ਹੈ। ਮੈਂ ਅੱਖਾਂ ਖੋਲ੍ਹ ਕੇ ਦੇਖਦਾ ਹਾਂ। ਸਭ ਕੁਝ ਸ਼ਾਂਤ ਹੈ। ਹਨੇਰੇ ਵਿਚ ਕਾਲੇ ਗਾਂਧੀ ਬਾਬਾ ਨਹੀਂ ਦਿਖਦੇ। ਉੱਧਰ ਕਾਲੇ ਅਕਾਸ਼ ਨੂੰ ਜਿਵੇਂ ਹਜ਼ਾਰਾਂ ਜੁਗਨੂੰ ਖਿੱਚ ਰਹੇ ਹਨ। ਮੇਰੇ ਚਾਰੇ ਪਾਸੇ ਬਸੰਤ ਦੇ ਖ਼ਰਗੋਸ਼ ਟੱਪਣ ਲੱਗਦੇ ਹਨ।

ਮੈਂ ਹੌਲ਼ੀ ਦੇਣੇ ਉੱਠਦਾ ਹਾਂ ਤੇ ਮੁਟੱਲੀ ਦੇ ਘਰ ਵੱਲ ਤੁਰ ਪੈਂਦਾ ਹਾਂ।





# 'ਦੁਰਗ ਟੁੱਟਦੇ ਨੇ' : ਬਹੁਤ ਕੁਝ ਟੁੱਟਦਾ ਭੱਜਦਾ ਹੈ

**(ਗੁਰਪਾਲ ਸਿੰਘ ਲਿੱਟ ਦੀ ਕਹਾਣੀ ਦੀ ਪਰਖ)**

ਗੁਰਪਾਲ ਸਿੰਘ ਲਿੱਟ ਦੀ ਕਹਾਣੀ 'ਦੁਰਗ ਟੁੱਟਦੇ ਨੇ' ਇਕ ਮਨੋਵਿਗਿਆਨਕ ਕਹਾਣੀ ਹੈ। ਇਸ ਵਿਚ ਪ੍ਰਮੁੱਖ ਤੌਰ ਤੇ ਦੋ ਹੀ ਪਾਤਰ ਹਨ। ਉਹ ਦੋਵੇਂ ਹੀ ਇਸਤਰੀਆਂ ਹਨ, ਮਾਂ-ਧੀ ਹਨ। ਸਾਡੀ ਸੰਸਕ੍ਰਿਤੀ ਵਿੱਚ ਮਾਂ ਤੇ ਧੀ ਦੇ ਰਿਸ਼ਤੇ ਸੰਬੰਧੀ ਕਈ ਲੋਕੋਕਤੀਆਂ ਅਖਾਣ ਤੇ ਗੀਤ ਪ੍ਰਸਿੱਧ ਹਨ, ਜਿਵੇਂ ਕਿ 'ਮਾਵਾਂ ਤੇ ਧੀਆਂ ਰਲ਼ ਬੈਠੀਆਂ ਨੀ ਮਾਏਂ...।" ਇਸੇ ਤਰ੍ਹਾਂ ਦੇ ਹੋਰ ਵੀ ਕਈ ਹਨ। ਕਹਿਣ ਦਾ ਭਾਵ ਹੈ ਕਿ ਜਿਹੜਾ ਨਿੱਘਾ ਤੇ ਨੇੜਲਾ ਸੰਬੰਧ ਮਾਂ-ਧੀ ਵਿਚਕਾਰ ਹੁੰਦਾ ਹੈ, ਓਨਾ ਕਿਸੇ ਹੋਰ ਰਿਸ਼ਤੇ ਵਿੱਚ ਨਹੀਂ ਹੋ ਸਕਦਾ। ਮਾਂ ਦੀ ਬੁਕਲ ਵਿਚ ਧੀ ਜਿੰਨੀ ਸੁਰੱਖਿਅਤ ਮਹਿਸੂਸ ਕਰਦੀ ਹੈ, ਓਨੀ ਹੋਰ ਕਿਧਰੇ ਨਹੀਂ। ਬਚਪਨ ਤੋਂ ਲੈ ਕੇ ਜਦੋਂ ਧੀ ਛੋਟੀ ਹੁੰਦਿਆ ਬੋਲ ਨਹੀਂ ਪਾਉਂਦੀ ਮਾਂ ਉਦੋਂ ਵੀ ਉਸ ਦੀ ਗੱਲ ਬਿਨਾਂ ਦੱਸੇ ਜਾਂ ਕਹੇ, ਜਾਂ ਅਧੂਰੀ ਹੋਣ ਤੇ ਵੀ ਸਮਝ ਜਾਂਦੀ ਹੈ। ਇਹੀ ਸਿਲਸਿਲਾ ਜਵਾਨ ਹੋਣ ਤਕ ਵੀ ਚਲਦਾ ਹੈ। ਕਈ ਕਹੇ, ਅਣਕਹੇ ਤੇ ਗੁੱਝੇ ਲੁਕੇ ਭੇਦ ਮਾਵਾਂ-ਧੀਆਂ ਇਕ ਦੂਜੇ ਨਾਲ ਸਾਂਝੇ ਕਰਦੀਆਂ ਹਨ। ਜਿਨ੍ਹਾਂ ਬਾਰੇ ਅਕਸਰ ਘਰ ਦੇ ਬਾਕੀ ਜੀਆਂ ਨੂੰ ਸਭ ਕੁਝ ਨਹੀਂ ਵੀ ਦੱਸਿਆ ਜਾਂਦਾ ਇਸ ਤਰ੍ਹਾਂ ਦਾ ਹੁੰਦਾ ਹੈ ਮਾਂ-ਧੀ ਦਾ ਸੰਬੰਧ।

ਦੁਰਗ ਟੁੱਟਦੇ ਨੇ ਵਿਚ ਵੀ ਮਾਂ ਧੀ ਦਾ ਸੰਬੰਧ ਹੈ, ਕਾਫੀ ਨੇੜਤਾ ਭਰਿਆ, ਗੁੱਝੇ ਤੇ ਲੁਕਵੇਂ ਭੇਤ ਸਾਂਝੇ ਕਰਨ ਵਾਲਾ ਪਰ ਇਹ ਭੇਤ ਸਾਂਝੇ ਕਰਦਿਆਂ ਧੀ ਤੋਂ ਵੱਧ ਮਾਂ ਨੂੰ ਉਸ ਸਾਹਮਣੇ ਵਧੇਰੇ ਖੁੱਲ੍ਹਣਾ ਪੈਂਦਾ ਹੈ। ਇਹ ਆਧੁਨਿਕ ਤੇ ਪੜ੍ਹੀ-ਲਿਖੀ ਸੁਸਾਇਟੀ ਵਿਚ ਵਿਚਰਦੇ ਉੱਚ ਮੱਧ ਸ਼ਹਿਰੀ ਸ਼੍ਰੇਣੀ ਦੇ ਪਰਿਵਾਰ ਦੀ ਕਹਾਣੀ ਹੈ। ਆਧੁਨਿਕਤਾ ਜਿਸ ਹੇਠ ਰਿਸ਼ਤਿਆਂ ਨੂੰ ਦੋਸਤੀ ਦੇ ਨਾਂ ਤੇ ਕਾਫੀ ਖੁਲ੍ਹੇਪਨ ਨਾਲ ਨਿਭਾਏ ਜਾਣ ਵਿਚ ਯਕੀਨ ਰਖਿਆ ਜਾਂਦਾ ਹੈ। ਪਰ ਕਈ ਵਾਰ ਰਿਸ਼ਤੇ ਅੱਖਾਂ ਦੀ ਸ਼ਰਮ ਤੇ ਘੇਰੇ ਤੋਂ ਬਾਹਰ ਨਿਕਲ ਕੇ ਵਿਚਰਣ ਲੱਗਦੇ ਹਨ ਤਾਂ ਰਿਸ਼ਤੇ ਦੇ ਨਾਜੁਕਪਨ ਨੂੰ ਢਾਅ ਵੀ ਲਾ ਜਾਂਦੇ ਹਨ। ਕੁਝ ਕੁਝ ਇਸੇ ਤਰ੍ਹਾਂ ਹੀ ਵਾਪਰਦਾ ਹੈ ਗੁਰਪਾਲ ਲਿੱਟ ਦੀ ਇਸ ਕਹਾਣੀ ਵਿਚ।

ਕਹਾਣੀ ਦਾ ਆਰੰਭ ਹੀ ਪਾਠਕਾਂ ਨੂੰ ਚੌਕਸ ਤੇ 'ਕੁਝ ਹੋਣ ਵਾਲੇ' ਦੇ ਅਹਿਸਾਸ ਨਾਲ ਭਰ ਜਾਂਦਾ ਹੈ। ਇਹ ਕਹਾਣੀਕਾਰ ਦੀ ਇਕ ਜੁਗਤ ਹੈ ਜੋ ਆਪਣੇ ਪਾਤਰ ਦੇ ਵਿਵਹਾਰ ਨਾਲ ਕਿਸੇ ਅਣਦੇਖੇ ਤੇ ਸ਼ਾਇਦ ਅਣਚਾਹੇ ਦੀ ਹੋਂਦ ਬਾਰੇ ਇਕ ਭੂਮਿਕਾ ਬੰਨ੍ਹਣਾ ਆਰੰਭ ਕਰ ਦੇਂਦਾ ਹੈ।

"ਕਰੜ ਕਰੜ। ਭਾਵ ਦਰਾਂ ਦੇ ਲਾੱਕ ਨਾਲ ਫਿਰ ਜ਼ੋਰ ਜਬਰਦਸਤੀ ਹੋਈ ਹੈ।

ਸ਼ਾਇਦ ਇਕ ਹੋਰ ਡੁਪਲੀਕੇਟ ਚਾਬੀ ਬਣਾਈ ਗਈ ਹੈ।

ਪਰ ਕਿਸਦੇ ਲਈ।"

ਆਪਣੀ ਪਾਤਰ ਨੀਰੂ ਰਾਹੀਂ ਕਹਾਣੀਕਾਰ ਪਾਠਕਾਂ ਦਾ ਧਿਆਨ ਇਸ ਪਾਸੇ ਅਕਾਰਸ਼ਿਤ ਕਰਵਾਉਂਦਾ ਹੈ, ਉੱਜੜੇ ਲਾਅਨ ਦੀ ਥਾਂ ਨਵੇਂ ਗਮਲੇ ਤੇ ਟਹਿਕਦੇ ਫੁੱਲ। ਇਹ ਟਹਿਕਦਾ ਬਗੀਚਾ ਉਸ ਦੀ ਮਾਂ ਦੇ ਜੀਵਨ ਦੀ ਕਿਸ ਖੁਸ਼ਹਾਲੀ ਵੱਲ ਸੰਕੇਤ ਕਰ ਰਿਹਾ ਹੈ। ਕੌਣ ਹੋ ਸਕਦਾ ਹੈ? ਇਹ ਪ੍ਰਸ਼ਨ ਚਿੰਨ੍ਹ ਸਾਰਿਆ ਸਾਹਮਣੇ ਆ ਖਲੋਂਦਾ ਹੈ।

ਡੁਪਲੀਕੇਟ ਇਕ ਹੋਰ ਚਾਬੀ ਤੇ ਟਹਿਕਦੇ ਬਗੀਚੇ ਦੇ ਪ੍ਰਤੀਕ ਰਾਹੀਂ ਕਹਾਣੀਕਾਰ ਉਸ ਘਰ ਵਿਚ ਰਹਿ ਰਹੀ ਇਸਤਰੀ ਪਾਤਰ ਪ੍ਰਤੀ ਉਤਸੁਕਤਾ ਜਗਾਉਂਦਾ ਹੈ। ਇਹ ਤਾਂ ਤੈਅ ਹੈ ਕਿ ਉਹ ਇਸਤਰੀ ਪਾਤਰ ਜੋ ਨੀਰੂ ਦੀ ਮਾਂ ਹੈ, ਇਸ ਘਰ ਵਿਚ ਇਕੱਲੀ ਹੀ ਰਹਿੰਦੀ ਹੈ। ਆਪਣੀ ਮਾਂ ਨਾਲ ਜਾਣ-ਪਛਾਣ ਨੀਰੂ ਆਪ ਹੀ ਕਰਵਾਉਂਦੀ ਹੈ। ਕਾਲਜ ਵਿਚ ਲੈਕਚਰਾਰ, ਪਤੀ ਤੋਂ ਬਗ਼ੈਰ ਇਕੱਲੀ ਰਹਿੰਦੀ ਉਸ ਦੀ ਮਾਂ। ਹੌਲੀ-ਹੌਲੀ ਨੀਰੂ ਨੂੰ ਹਰ ਥਾਂ ਕਿਸੇ ਹੋਰ ਦੀ ਆਮਦ ਦੀ ਕੰਨਸੋਅ ਮਿਲਦੀ ਜਾਂਦੀ ਹੈ, ਇਕ ਮਰਦਾਵੀਂ ਗੰਧ ਦੀ। ਮਰਦਾਵੀਂ ਜੁੱਤੀ, ਕੱਪੜੇ, ਗਾਊਨ ਤੇ ਨਵੀਂ ਖਰੀਦੀ ਹੀਰੋ ਹਾਂਡਾ ਮੋਟਰ ਸਾਈਕਲ ਦੇ ਕਾਗਜ਼ਾਤ। ਉਸ ਨੂੰ ਕੁਝ ਦਿਨ ਪਹਿਲਾਂ ਅੱਧੀ ਰਾਤ ਵੇਲੇ ਆਪਣੀ ਇਕੱਲੀ ਮਾਂ ਦੇ ਘਰੋਂ ਫੋਨ ਤੇ ਕਿਸੇ ਮਰਦਾਵੀਂ ਭਾਰੀ ਆਵਾਜ਼ ਦੇ ਹੈਲੋ ਕਹਿਣ ਦੀ ਵੀ ਯਾਦ ਆਉਂਦੀ ਹੈ। ਭਾਵੇਂ

ਮਾਂ ਨੇ ਧੀ ਨੂੰ ਇਹ ਭਰੋਸਾ ਦਿਵਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਉਹ ਮਰਦਾਵੀਂ ਆਵਾਜ਼ ਗਵਾਂਢੀ ਚੱਢਾ ਅੰਕਲ ਦੀ ਸੀ, ਜੋ ਅਮਰੀਕਾ ਤੋਂ ਆਉਣ ਵਾਲੇ ਇਕ ਫੋਨ ਦੀ ਉਡੀਕ ਉਸ ਦੇ ਘਰ ਬੈਠ ਕੇ ਕਰ ਰਹੇ ਸਨ। ਪਰ ਨੀਰੂ ਨੂੰ ਯਕੀਨ ਆਇਆ ਨਹੀਂ ਸੀ, ਇਸ ਲਈ ਉਸ ਨੇ ਕੁਝ ਦਿਨਾਂ ਬਾਅਦ ਫਿਰ ਦਿੱਲੀ ਤੋਂ ਅੱਧੀ ਰਾਤੀਂ ਚੰਡੀਗੜ੍ਹ ਰਹਿੰਦੀ ਆਪਣੀ ਇਕੱਲੀ ਮਾਂ ਨੂੰ ਫੋਨ ਕੀਤਾ ਸੀ... ਕੁਝ ਜਾਨਣ ਲਈ ਕੁਝ ਆਪਣੇ ਆਪ ਨੂੰ ਧਰਵਾਸ ਦਿਵਾਉਣ ਲਈ।

ਇਸ ਤਰ੍ਹਾਂ ਨੀਰੂ ਇਕ ਸੰਵੇਦਨਸ਼ੀਲ ਮੁਟਿਆਰ ਹੈ। ਭਾਵੇਂ ਉਹ ਐਡਵਰਟਾਈਜ਼ਿੰਗ ਦੀ ਗਲੈਮਰਸ ਦੁਨੀਆਂ ਵਿਚ ਵਿਚਰਦੀ ਹੈ ਪਰ ਉਹ ਹਰ ਗੱਲ ਨੂੰ ਬੜੀ ਸੂਖਮਤਾ ਨਾਲ ਦੇਖਦੀ ਤੇ ਫਿਰ ਉਸ ਬਾਰੇ ਵਿਚਾਰਦੀ ਹੈ। ਇਹ ਸੰਵੇਦਨ ਸ਼ੀਲਤਾ ਉਸ ਦੇ ਅੰਦਰ ਸ਼ਾਇਦ ਉਦੋਂ ਤੋਂ ਹੀ ਦਾਖਿਲ ਹੋ ਗਈ ਸੀ, ਜਦੋਂ ਉਸ ਨੇ ਹਰ ਵੇਲੇ ਆਪਣੇ ਪੜ੍ਹੇ-ਲਿਖੇ ਤੇ ਸਿਵਲਾਈਜ਼ਡ ਮਾਂ-ਬਾਪ ਨੂੰ ਲੜਦੇ ਦੇਖਿਆ ਸੀ। ਬਾਅਦ ਵਿਚ ਉਸ ਦੀ ਮਾਂ ਨੇ ਹੀ ਉਸਨੂੰ ਦੱਸਿਆ ਸੀ ਕਿ ਉਸ ਦੇ ਬਾਪ ਕੋਲੋਂ ਉਸ ਨੂੰ ਮਾਨਸਿਕ ਤਾਂ ਕੀ ਸਰੀਰਕ ਸੁੱਖ ਵੀ ਕਦੇ ਨਹੀਂ ਮਿਲਿਆ ਸੀ। ਤੇ ਇਸੇ ਲਈ ਉਸ ਦਾ ਬਾਪ ਆਪਣੀ ਹੀਣਤਾ ਨੂੰ ਲੁਕਾਉਣ ਲਈ ਚੀਖਦਾ-ਰੌਲਾ ਪਾਉਂਦਾ , ਹਾਵੀ ਹੋਣ ਦੀ ਕੋਸ਼ਿਸ਼ ਕਰਦਾ ਸੀ। ਪਰ ਅਖੀਰ ਇਕ ਦਿਨ ਸਭ ਕੁਝ ਛੱਡ ਇਸ ਦੇਸ਼ ਤੋਂ ਹੀ ਬਾਹਰਲੇ ਦੇਸ ਵਿਚ ਚਲਾ ਗਿਆ ਸੀ। ਇਸ ਦਾ ਅਰਥ ਨੀਰੂ ਦੀ ਆਮਦ...? ਉਸ ਦੇ ਮਾਂ-ਬਾਪ ਦੇ ਰਿਸ਼ਤੇ ਦੀ ਬੁਨਿਆਦ ਵਿਚੋਂ ਨਹੀਂ ਸੀ।

ਜੋ ਅਧੂਰਾਪਨ ਉਸ ਨੂੰ ਆਪਣੇ ਮਾਂ-ਬਾਪ ਦੇ ਰਿਸ਼ਤੇ 'ਚੋਂ ਮਿਲਿਆ , ਉਸ ਅਧੂਰਾਪਨ ਉਸ ਦੇ ਵਿਆਹ ਮਗਰੋਂ ਵੀ ਪੂਰਾ ਨਾ ਹੋ ਸਕਿਆ, ਅਰਥਾਤ ਨਾ ਬਾਪ ਭਰਪੂਰ ਮਰਦ ਸੀ, ਜਿਸ ਦੀ ਬੁੱਕਲ ਹੇਠ ਸਰੁੱਖਿਆ ਦੀ ਭਾਵਨਾ ਮਿਲਦੀ ਤੇ ਨਾ ਹੀ ਪਤੀ ਅਜਿਹਾ ਭਰਿਆ ਪੂਰਿਆ ਮਰਦ ਨਿਕਲਿਆ ਜੋ ਬਾਪ ਦੀ ਕਮੀ ਵੀ ਭੁਲਾ ਸਕਦਾ, ਸਗੋਂ ਉਹ ਤਾਂ ਆਪ ਹੀ ਆਪਣੀਆਂ ਮਾਨਸਿਕ ਤੇ ਸਰੀਰਕ ਗ੍ਰੰਥੀਆਂ ਵਿਚ ਉਲਝਿਆ ਪਿਆ ਸੀ। ਕਿਸ਼ੋਰ ਅਵਸਥਾ ਵਿੱਚ ਕਿਸੇ ਭਰੀ-ਪੂਰੀ ਔਰਤ ਦੇ ਹਾਬੜੇਪਨ ਦਾ ਬੁਰੀ ਤਰ੍ਹਾਂ ਸ਼ਿਕਾਰ ਹੋਇਆ ਸੀ। ਉਸ ਫੌਜਣ ਨੇ ਆਪਣੀ ਹਵਸ ਪੂਰੀ ਕਰਨ ਲਈ ਉਸ ਅਲੂੰਏ ਮੁੰਡੇ ਨੂੰ ਬੁਰੀ ਤਰ੍ਹਾਂ ਨਾਲ ਕੋਹ ਸੁੱਟਿਆ ਸੀ। ਉਹ ਅਲੂੰਆ ਮੁੰਡਾ ਹਨੀ ਜਵਾਨ ਹੋ ਕੇ ਇਕ ਫੋਟੋਗ੍ਰਾਫਰ ਤੇ ਨੀਰੂ ਦਾ ਪਤੀ ਬਣ ਜਾਣ ਤੇ ਵੀ ਉਸ ਹਾਬੜੇਪਨ ਦੇ ਖੌਫ਼ ਤੋਂ ਮੁਕਤ ਨਹੀਂ ਹੋ ਸਕਿਆ ਸੀ।

ਜਦੋਂ ਵੀ ਨੀਰੂ ਆਪਣੀ ਜਵਾਨੀ ਦੇ ਜ਼ੋਰ ਨਾਲ ਪਿਘਰਨ ਲੱਗਦੀ ਮੂੰਹ ਜ਼ੋਰ ਤੇ ਉਤੇਜਿਤ ਹੁੰਦੀ ਤਾਂ ਹਨੀ ਨੂੰ ਉਸ ਵਿਚੋਂ ਫੌਜਣ ਦਾ ਚਿਹਰਾ ਨਜ਼ਰ ਆਉਣ ਲੱਗਦਾ ਤੇ ਉਹ ਨਿੱਸਲ ਹੋ ਸਹਿਮ ਜਾਂਦਾ। ਉਸ ਨੇ ਕਈ ਵਾਰ ਨੀਰੂ ਨੂੰ ਆਪਣੀ ਇਸ ਮਾਨਸਿਕ ਗ੍ਰੰਥੀ ਬਾਰੇ ਦੱਸਿਆ ਸੀ। ਐਨੀ ਵਾਰ ਕਿ, ਹੁਣ ਨੀਰੂ ਇਕ ਸਭ ਸੁਣ ਸੁਣ ਕੇ ਉਕਤਾ ਚੁੱਕੀ ਸੀ। ਇਸ ਤੋਂ ਇਲਾਵਾ ਵੀ ਹਨੀ, ਨੀਰੂ ਸਾਹਮਣੇ ਆਪਣੇ ਆਪ ਨੂੰ ਹੀਣ ਮਹਿਸੂਸ ਕਰਦਾ ਸੀ, ਕਿਉਂਕਿ ਨੀਰੂ ਦੀ ਐਡਵਰਟਾਈਜ਼ਿੰਗ ਕੰਪਨੀ 'ਚ ਉਹ ਹੋਰ ਕਈ ਫੋਟੋਗ੍ਰਾਫਰਾਂ ਵਾਂਗ ਹੀ ਇਕ ਫੋਟੋਗ੍ਰਾਫਰ ਮਾਤਹਿਤ ਮੁਲਾਜ਼ਿਮ ਵਾਂਗ ਹਰ ਪਖੋਂ ਨੀਰੂ ਹਨੀ ਤੋਂ ਅੱਗੇ ਸੀ ਤੇ ਇਸ ਕਾਰਣ ਵੀ ਹਨੀ, ਨੀਰੂ ਅੱਗੇ ਦੱਬਿਆ ਹੋਇਆ ਮਹਿਸੂਸ ਕਰਦਾ ਸੀ ਤੇ ਉਸ ਉਤੇ ਸਰੀਰਕ ਪਖੋਂ ਵੀ ਹਾਵੀ ਨਹੀਂ ਹੋ ਪਾਉਂਦਾ ਸੀ।

ਪਰ ਇਹ ਹਨੀ ਉਸ ਦੀ ਮਾਂ ਦੀ ਸੁੰਦਰਤਾ ਤੇ ਗਠੇ ਸਰੀਰ ਦੀ ਤਰੀਫ ਕਰਦਾ ਸੀ, ਜਿਸ ਨੂੰ ਸੁਣ ਕੇ ਨੀਰੂ ਸੋਚਦੀ ਸੀ ਕਿ ਹਨੀ ਉਸ ਦੇ ਮਾਂ ਪ੍ਰਤੀ ਸਨਮਾਨਿਤ ਨਿਗਾਹ ਤੇ ਵਿਚਾਰ ਰੱਖਣ ਦੀ ਬਜਾਏ ਉਸ ਔਰਤ ਦੀ 'ਫਿਜ਼ੀਕ' ਦੀ ਪਸੰਸਾ ਕਿਉਂ ਕਰਦਾ ਹੈ, ਜਿਸ ਦੀ ਧੀ ਨਾਲ ਉਹ ਵਿਆਹ ਕਰਨ ਵਾਲਾ ਹੈ। ਇੰਝ ਹੀ ਹਨੀ ਆਪਣੇ ਸਟੂਡਿਓ ਵਿੱਚ ਇਕ ਮਰੀਅਲ ਜਿਹੀ ਮਾਡਲ ਕੁੜੀ ਨਾਲ ਇਤਰਾਜ਼ਯੋਗ ਹਾਲਤ ਵਿਚ ਵੀ ਫੜਿਆ ਜਾਂਦਾ ਹੈ। ਜੋ ਆਦਮੀ ਆਪਣੀ ਪਤਨੀ ਨੂੰ ਸਤੁੰਸ਼ਟ ਕਰਨ ਵਿਚ ਨਾਕਾਮਯਾਬ ਰਹਿੰਦਾ ਹੈ, ਉਹ ਆਪਣੀ ਸਤੁੰਸ਼ਟੀ ਲਈ ਆਪਣੇ ਤੋਂ ਮਾੜੀ ਕੁੜੀ ਨਾਲ ਸੰਬੰਧ ਬਣਾਉਂਦਾ ਹੈ।

ਬੜੀ ਗੁੰਝਲਦਾਰ ਪਹੇਲੀ ਹੈ, ਮਾਂ-ਧੀ ਦੇ ਰਿਸ਼ਤੇ ਦੀ ਗੱਲ ਕਰਦੇ-ਕਰਦੇ ਅਸੀਂ ਹਨੀ ਦੇ ਅਤੀਤ ਤੇ ਵਰਤਮਾਨ ਨੂੰ ਜਾਂਚਣ-ਘੋਖਣ ਲੱਗ ਗਏ। ਨੀਰੂ ਕਿੱਧਰ ਗਈ ਤੇ ਉਸ ਦਾ ਆਪਣੀ ਮਾਂ ਨਾਲ ਨੇੜਤਾ ਦਾ ਸੰਬੰਧ, ਉਨ੍ਹਾਂ ਦੇ ਸੰਬੰਧ ਵਿਚ ਕਿਸੇ ਤੀਸਰੇ ਦੀ ਆਮਦ ...। ਕਹਾਣੀ ਉਲਝਦੀ ਪ੍ਰਤੀਤ ਹੁੰਦੀ ਹੈ, ਲੱਗਦਾ ਹੈ ਕਹਾਣੀਕਾਰ ਇਕ ਹੋਰ ਟ੍ਰੈਕ ਤੇ ਕਹਾਣੀ ਨੂੰ ਪਾ ਰਿਹਾ ਹੈ। ਪਰ ਨਹੀਂ, ਗੁਰਪਾਲ ਲਿੱਟ ਬੜੀ ਕੁਸ਼ਲਤਾ ਨਾਲ ਇਸ ਤਾਣੇ ਪੇਟੇ ਨੂੰ ਕੇਂਦਰ ਵੱਲ ਲੈ ਆਉਂਦਾ ਹੈ ਤੇ ਕੇਂਦਰ ਹੈ ਨੀਰੂ।



ਨੀਰੂ ਸਿਰਫ ਸੰਵੇਦਨਸ਼ੀਲ ਹੀ ਨਹੀਂ ਸਗੋਂ ਸਮਝੌਤਾਵਾਦੀ ਵੀ ਹੈ। ਉਹ ਹਰ ਹਾਲ ਵਿੱਚ ਰਿਸ਼ਤਿਆਂ ਨੂੰ ਬਣਾਏ ਰੱਖਣ ਵਿੱਚ ਯਕੀਨ ਰੱਖਦੀ ਹੈ। ਇਸੇ ਲਈ ਪਤੀ ਨੂੰ ਉਸ ਦੀਆਂ ਹੀਣ ਗ੍ਰੰਥੀਆਂ ਤੋਂ ਬਾਹਰ ਕੱਢਣ ਲਈ ਉਹ ਆਪਣੇ ਰੁਝੇਵਿਆਂ ਵਿਚੋਂ ਵੀ ਸਮਾਂ ਕੱਢ ਕੇ ਮਨੋਚਿਕਿਤਸਕ ਨੂੰ ਮਿਲਣ ਲਈ ਜਾਂਦੀ ਹੈ। ਡਾਕਟਰ ਦੀਆਂ ਗੱਲਾਂ ਤੇ ਅਮਲ ਕਰਦੀ ਹੈ, ਪਤੀ ਨੂੰ ਸਹਿਜ ਅਨੁਭਵ ਕਰਾਉਣ ਲਈ ਉਸ ਨੂੰ ਨਾਜ਼ੁਕ ਪਲਾਂ ਵਿੱਚ ਵੀ ਪੂਰਾ ਸਹਿਯੋਗ ਦੇਂਦੀ ਹੈ। ਇਥੋਂ ਤਕ ਕਿ ਪਤੀ ਨੂੰ ਉਸ ਮਰੀਅਲ ਜਿਹੀ ਮਾਡਲ ਨਾਲ ਦੇਖ ਕੇ ਵੀ ਗੁੱਸਾ ਪੀ ਜਾਂਦੀ ਹੈ। ਨੀਰੂ ਦੇ ਇਹ ਗੁਣ ਪਾਠਕਾਂ ਸਾਹਮਣੇ ਖੁਲ੍ਹ ਕੇ ਪ੍ਰਗਟ ਹੁੰਦੇ ਹਨ।

ਸਭ ਤੋਂ ਵੱਧ ਸਹਿਨਸ਼ੀਲਤਾ ਤੇ ਸਹਿਯੋਗ ਉਹ ਆਪਣੀ ਮਾਂ ਨੂੰ ਦੇਂਦੀ ਹੈ। ਮਾਂ ਦੀ ਗੈਰ ਹਾਜ਼ਿਰੀ ਵਿੱਚ ਉਸ ਦੇ ਬਾਪ ਦੇ ਚਲੇ ਜਾਣ ਮਗਰੋਂ ਇਕ ਮਰਦਾਵੀਂ ਗੰਧ ਦਾ ਅਹਿਸਾਸ ਉਸ ਨੂੰ ਸੋਚਾਂ ਵਿੱਚ ਡੁਬਾਉਂਦਾ ਜਾਂਦਾ ਹੈ। ਇਨ੍ਹਾਂ ਸੋਚਾਂ ਵਿਚਾਰਾਂ ਵਿੱਚ ਡੁੱਬਦੀ-ਉਤਰਦੀ ਉਹ ਬਾਥਰੂਮ ਵਿਚ ਨਹਾਉਣ ਜਾਂਦੀ ਹੈ ਤਾਂ ਕਿ ਇਕਦਮ ਤਾਜਾਦਮ ਹੋ ਸਕੇ। ਉਥੇ ਲੱਗਾ ਆਦਮ ਕਦ ਸ਼ੀਸ਼ਾ ਉਸ ਨੂੰ ਅਚੰਭਿਤ ਕਰਦਾ ਹੈ। ਬਾਥਟੱਬ ਵਿੱਚ ਨਹਾਉਂਦਿਆਂ ਆਦਮ ਕਦ ਸ਼ੀਸ਼ੇ ਵਿੱਚ ਆਪਣੇ ਆਪ ਨੂੰ ਡੁੱਲ੍ਹ-ਡੁੱਲ੍ਹ ਪੈਂਦੀ ਜਵਾਨੀ, ਖੂਬਸੂਰਤੀ ਨੂੰ ਦੇਖਣ ਦਾ ਮੋਹ ਉਹ ਛੱਡ ਨਹੀਂ ਪਾਉਂਦੀ। ਪਰ ਅਚਾਨਕ ਪਿਛੋਂ ਆ ਕੇ ਉਸਦੇ ਮੋਢਿਆ ਨੂੰ ਕਿਸੇ ਮਰਦ ਦੇ ਹੱਥਾਂ ਦੀ ਛੋਹ ਹਿੱਲਾ ਦੇਂਦੀ ਹੈ। ਤ੍ਰਬਕ ਉਹ ਮਰਦ ਵੀ ਜਾਂਦਾ ਹੈ, ਸ਼ਾਇਦ ਜਿਸਮਾਨੀ ਅੰਤਰ ਵੇਖ ਕੇ। ਉਹ ਕੋਈ ਕੋਝੀ ਹਰਕਤ ਕਰੇ ਉਸ ਤੋਂ ਪਹਿਲਾਂ ਹੀ ਨੀਰੂ ਉਸ ਨੂੰ ਭ੍ਰੱਬਕ ਕੇ ਪੈ ਜਾਂਦੀ ਹੈ ਤੇ ਉਹ ਹੜਬੜਾ ਕੇ ਬਾਥਰੂਮ ਤਾਂ ਕੀ ਅੱਗੋ ਹੀ ਭੱਜ ਪੈਂਦਾ ਹੈ... ਨਵੀਂ ਹੀਰੋ ਹਾਂਡਾ 'ਤੇਂ।

ਨੀਰੂ ਨੂੰ ਸਾਰੀ ਸਥਿਤੀ ਸਮਝ ਆ ਜਾਂਦੀ ਹੈ। ਉਸ ਨੂੰ ਆਪਣੀ ਮਾਂ ਦੇ ਇਸ ਨੌਜਵਾਨ ਮਰਦ ਦੇ ਸੰਬੰਧਾਂ ਬਾਰੇ ਪੂਰੀ ਤਰ੍ਹਾਂ ਚਾਨਣਾ ਹੋ ਜਾਂਦਾ ਹੈ। ਜਿਸ ਦਾ ਖੁਲ੍ਹਾਸਾ ਉਸ ਦੀ ਮਾਂ ਘਰ ਆ ਕੇ ਕਰ ਹੀ ਦੇਂਦੀ ਹੈ, ਕਿਉਂਕਿ ਹੀਰੋ ਹਾਂਡਾ 'ਤੇ ਭੱਜਦੇ ਜਾਂਦੇ ਦੀਪਕ ਨੂੰ ਅੱਗੋਂ ਆਉਂਦੀ ਉਸ ਦੀ ਮਾਂ ਟੱਕਰ ਜਾਂਦੀ ਹੈ ਤੇ ਦੀਪਕ ਉਸ ਨੂੰ ਸਾਰੀ ਗੱਲ ਦੱਸ ਜਾਂਦਾ ਹੈ।

ਜਦੋਂ ਮਾਂ ਧੀ ਦਾ ਸਾਮ੍ਹਣਾ ਹੁੰਦਾ ਹੈ ਤਾਂ ਅਸੀਂ ਹੈਰਾਨ ਹੁੰਦੇ ਹਾਂ ਕਿ ਮਾਂ ਕੋਈ ਸ਼ਰਮਿੰਦਗੀ ਜ਼ਾਹਿਰ ਨਹੀਂ ਕਰਦੀ, ਸਗੋਂ ਧੀ ਨੂੰ ਤਾੜਦੀ ਹੈ ਕਿ, "ਤੈਨੂੰ ਕਿਹਾ ਸੀ, ਆਉਣ ਤੋਂ ਪਹਿਲਾਂ ਫੋਨ ਕਰ ਕੇ ਆਵੀਂ ' ਧੀ ਸਾਹਮਣੇ ਇਹ ਗੱਲ ਖੁੱਲ੍ਹ ਗਈ ਹੈ ਕਿ ਇਹ ਨੌਜਵਾਨ ਉਸ ਦੀ ਮਾਂ ਦਾ ਇਕ ਪੁਰਾਣਾ ਵਿਦਿਆਰਥੀ ਹੈ, ਜਿਸ ਦੀ ਪਤਨੀ-ਬੱਚੀ ਇਕ ਹਾਦਸੇ ਵਿਚ ਮਾਰੇ ਗਏ। ਦੋ ਇਕੱਲਿਆ ਨੇ ਆਪਣਾ ਇਕੱਲਾਪਨ ਨੂੰ ਸਾਂਝਾ ਕਰ, ਦੂਰ ਕਰ ਲਿਆ।

ਹੁਣ ਮਾਂ ਤੇ ਧੀ ਦੇ ਸੁਭਾਅ ਦੇ ਅੰਤਰ ਨੂੰ ਵੇਖੋ-ਜੋ ਮਾਂ ਨੇ ਭੋਗਿਆ, ਉਹੀ ਅਧੂਰਾਪਨ ਧੀ ਨੇ ਵੀ ਭੋਗਿਆ। ਪਰ ਮਾਂ ਨੇ ਉਸ ਅਧੂਰੇਪਨ ਨੂੰ ਹੋਰ ਢੰਗਾਂ ਨਾਲ ਪੂਰਾ ਕਰਨ ਦੀ ਸਦਾ ਕੋਸ਼ਿਸ਼ ਕੀਤੀ। ਪਤੀ ਦੀ ਕਮਜ਼ੋਰੀ ਦੇ ਬਾਵਜੂਦ ਨੀਰੂ ਦੀ ਪੈਦਾਇਸ਼ ਦਾ ਹੋਣਾ। ਪਤੀ ਦੇ ਜਾਣ ਮਗਰੋਂ ਉਹ ਨਿਰਾਸ ਹੋ ਕੇ ਮੁਰਝਾਉਂਦੀ ਨਹੀਂ, ਸਗੋਂ ਆਪਣੇ ਆਪ ਨੂੰ ਪੂਰੀ ਤਰ੍ਹਾਂ 'ਮੇਨਟੇਨ' ਕਰਕੇ ਰੱਖਦੀ ਹੈ, ਜੋ ਕਿ ਉਸ ਵਰਗੀ ਆਧੁਨਿਕ ਸਮਾਜ ਵਿਚ ਰਹਿੰਦੀ ਔਰਤ ਲਈ ਬਹੁਤ ਜ਼ਰੂਰੀ ਵੀ ਹੈ। ਹਨੀ ਵਲੋਂ ਉਸ ਦੀ ਫਿਜ਼ੀਕ ਦੀ ਤਾਰੀਫ਼ ਕੀਤੇ ਜਾਣ 'ਤੇ ਉਹ ਪਰੇਸ਼ਾਨ ਨਹੀਂ ਹੁੰਦੀ, ਸਗੋਂ ਨੀਰੂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰਦੀ ਹੈ ਕਿ ਰਿਸ਼ਤੇ ਦੀ ਨੇੜਤਾ ਲਈ ਇਹੋ ਜਿਹੀਆਂ ਗੱਲਾਂ ਜ਼ਰੂਰੀ ਵੀ ਹੁੰਦੀਆਂ ਹਨ। ਨੀਰੂ ਦੇ ਵਿਆਹ ਨੇ ਦਿੱਲੀ ਚਲੇ ਜਾਣ ਮਗਰੋਂ ਉਹ ਇਕ ਨੌਜਵਾਨ ਨਾਲ ਸੰਬੰਧ ਕਾਇਮ ਕਰ ਲੈਂਦੀ ਹੈ। ਕਹਿਣ ਦਾ ਭਾਵ ਹੈ ਕਿ ਉਹ ਇਸ ਅਨਮੋਲ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਜੀਉਣ ਵਿੱਚ ਵਿਸ਼ਵਾਸ ਰੱਖਦੀ ਹੈ, ਬਗੈਰ ਕਿਸੇ ਨੈਤਿਕ ਮੁੱਲਾਂ ਤੇ ਆਦਰਸ਼ਾਂ ਦੀ ਪ੍ਰਵਾਹ ਕਰਦੇ ਹੋਏ। ਲੈਕਿਨ ਇਸ ਸਭ ਦੇ ਬਾਵਜੂਦ ਉਹ 'ਅਸੁਰਖਿਅਕ' ਮਹਿਸੂਸ ਕਰਦੀ ਰਹਿੰਦੀ ਹੈ। ਇਸੇ ਲਈ ਦੀਪਕ ਨੂੰ ਲੈ ਕੇ ਦਿੱਤੀ ਹੀਰੋ ਹਾਂਡਾ ਮੋਟਰਸਾਈਕਲ ਦੇ ਕਾਗਜ਼ ਉਹ ਆਪਣੇ ਨਾਂ ਦੇ ਹੀ ਬਣਾਉਂਦੀ ਹੈ। ਅਚਨਚੇਤ ਹੋਈ ਦੀਪਕ ਤੇ ਨੀਰੂ ਦੀ ਅਣਸੁਖਾਵੀ ਸਥਿਤੀ ਦੀ ਮੁਲਾਕਾਤ ਵੀ ਉਸ ਨੂੰ ਅਸੁੱਰਖਿਅਤ ਕਰ ਜਾਂਦੀ ਹੈ। ਉਹ ਧੀ ਤੋਂ ਇਸ ਸੱਚ ਨੂੰ ਜਾਨਣਾ ਚਾਹੁੰਦੀ ਹੈ। ਕਿ ਦੀਪਕ ਨੇ ਉਸ ਨਾਲ ਕੋਈ ਕੋਝੀ ਹਰਕਤ ਤਾਂ ਨਹੀਂ ਕੀਤੀ। 'ਕਰ ਵੀ ਸਕਦਾ ਸੀ, ਜੇ ਮੈਂ ਸਖਤੀ ਨਾਲ ਪੇਸ਼ ਨਾ ਆਉਂਦੀ।" ਨੀਰੂ ਦਾ ਇਹ ਜਵਾਬ ਉਸ ਦੀ ਮਾਂ ਨੂੰ ਹੋਰ ਵੀ ਡੂੰਘੀਆਂ ਸੋਚਾਂ ਵਿੱਚ ਗਲਤਾਨ ਕਰ ਜਾਂਦਾ ਹੈ। ਦੀਪਕ ਨੂੰ ਹਰ ਹਾਲ ਵਿੱਚ ਆਪਣੇ ਨਾਲ ਜੋੜੇ ਰੱਖਣ ਲਈ ਹੀ ਉਹ ਨੀਰੂ ਨੂੰ ਸਾਫ-ਸਾਫ਼ ਸ਼ਬਦਾਂ ਵਿਚ ਕਹਿ ਦੇਂਦੀ ਹੈ ਕਿ ਉਹ ਚੰਡੀਗੜ੍ਹ ਆ ਕੇ ਨਾ

ਰਹੇ।

ਅਸੁੱਰਖਿਅਤ ਬੰਦਾ ਉਦੋਂ ਹੁੰਦਾ ਹੈ ਜਦੋਂ ਉਸ ਨੂੰ ਪਤਾ ਹੋਵੇ ਕਿ ਉਹ ਜੋ ਕਰ ਰਿਹਾ ਹੈ, ਜਾਂ ਲੈ ਰਿਹਾ ਹੈ ਉਹ ਅਸਲ ਵਿੱਚ ਉਸ ਦਾ ਨਹੀਂ। ਉਹ ਭਾਵੇਂ ਰਿਸ਼ਤਾ ਹੋਵੇ, ਸਮਾਂ ਹੋਵੇ ਜਾਂ ਜ਼ਿੰਦਗੀ ਦੇ ਪਲ ਇਹ ਸਭ ਚੋਰੀ ਕੀਤੇ ਪ੍ਰਤੀਤ ਹੁੰਦੇ ਹਨ। ਚੋਰੀ ਕੀਤੀ ਚੀਜ਼ ਤੇ ਕਬਜਾ ਹੀ ਕੀਤਾ ਜਾ ਸਕਦਾ ਹੈ ਜੋ ਹਮੇਸ਼ਾ ਜ਼ਬਰਦਸਤੀ ਹੀ ਹੋ ਸਕਦਾ ਹੈ। ਨੀਰੂ ਦੀ ਮਾਂ ਇਹੀ ਕਰਦੀ ਆਈ ਜਾਂ ਮਿਲੀਆਂ ਸਥਿਤੀਆਂ ਅਨੁਸਾਰ ਉਸ ਨੂੰ ਅਜਿਹਾ ਕਰਨ ਲਈ ਮਜਬੂਰ ਹੋਣਾ ਪਿਆ। ਇਸੇ ਲਈ ਨਾ ਉਹ ਸਹਿਜ ਹੋ ਸਕੀ ਤੇ ਨਾ ਹੀ ਬਾਕੀ ਰਿਸ਼ਤਿਆਂ ਵਿੱਚ ਸਹਿਜਤਾ ਰੱਖ ਸਕੀ। ਉਸ ਦੇ ਵਿਚਾਰ ਅਨੁਸਾਰ ਮਰਦ ਸਿਰਫ ਮਰਦ ਹੀ ਹੁੰਦਾ ਹੈ। ' ਭਾਵੇਂ ਉਹ ਇਹ ਗੱਲ ਕਹਿੰਦੀ ਨਹੀਂ, ਪਰ ਜ਼ਾਹਿਰ ਜ਼ਰੂਰ ਕਰਦੀ ਹੈ ਕਿ ਮਰਦ ਬਿਨਾਂ ਇਸਤਰੀ ਦਾ ਜੀਵਨ ਆਧੂਰਾ ਤੇ ਅਸੁੱਰਖਿਅਤ ਰਹਿੰਦਾ ਹੈ-

ਉਹ ਜਦ ਘਰ ਆਉਂਦਾ ਤਾਂ ਘਰ ਦੇ ਪੂਰਨ ਹੋਣ ਦਾ ਇਕ ਅਹਿਸਾਸ ਜਾਗਦਾ।"

"ਜੇ ਤੇਰੇ ਡੈਡੀ ਨਾਲ ਹੁੰਦੇ ਤਾਂ ਉਸ ਦੇ ਅੰਦਰ ਦੀ ਗਿਰਝ ਇੰਝ ਸਿਰ ਨਾ ਚੁੱਕਦੀ। ਜਿੱਥੇ ਔਰਤਾਂ ਇਕੱਲੀਆਂ ਹੋਣ, ਉਥੇ ਮਰਦ ਅੰਦਰਲੀ ਗਿਰਝ ਨਿਡਰ ਹੋ ਜਾਂਦੀ ਹੈ- ਖ਼ੂੰਖਾਰ।"

ਉਸ ਨੂੰ ਦੀਪਕ ਤੇ ਆਪਣੇ ਸੰਬੰਧਾਂ ਦੇ 'ਏਜ਼ ਗੈਪ ' ਬਾਰੇ ਵੀ ਡਰ ਲੱਗਾ ਰਹਿੰਦਾ ਹੈ। ਇਸ ਲਈ ਉਹ ਹਰ ਪਲ ਨੂੰ ਜੀ ਲੈਣਾ ਚਾਹੁੰਦੀ ਹੈ, ਪਤਾ ਨਹੀਂ ਕਦੋਂ ਰਿਸ਼ਤਾ ਤਿੜਕ ਜਾਏ ਤੇ ਚੋਰੀ ਕੀਤੇ ਪਲ ਖੁੰਝ ਜਾਣ। ਬੰਨ੍ਹ ਕੇ ਸਿਰਫ ਵਕਤ ਨੂੰ ਹੀ ਨਹੀਂ, ਕਿਸੇ ਨੂੰ ਵੀ ਰੱਖਿਆ ਨਹੀਂ ਜਾ ਸਕਦਾ। ਹਾਂ ਭਰਮ ਜ਼ਰੂਰ ਪਾਲਿਆ ਜਾ ਸਕਦਾ ਹੈ।

ਦੂਜੇ ਪਾਸੇ ਦੀ ਨੀਰੂ ਹੈ ਜੋ ਮਾਂ ਦੀ ਹੋਣੀ ਨਾਲ ਆਪਣੀ ਵਿਆਹੁਤਾ ਜ਼ਿੰਦਗੀ ਨਾਲ ਵੀ ਜੂਝਦੀ ਹੈ। ਜਿੱਥੇ ਮਾਂ, ਬਾਪ ਦੀ ਕਮਜ਼ੋਰੀ ਕਾਰਣ ਸਪਸ਼ਟ ਤੌਰ ਤੇ ਆਪਣਾ ਰਾਹ ਲੱਭ ਲੈਂਦੀ ਹੈ, ਉਥੇ ਧੀ, ਪਤੀ ਦੀ ਕਮਜ਼ੋਰੀ ਨਾਲ ਨਜਿੱਠਣ ਦਾ ਯਤਨ ਕਰਦੀ ਹੈ, ਉਸ ਨੂੰ ਪੂਰਾ ਸਹਿਯੋਗ ਦੇਣ ਦਾ ਜਤਨ ਕਰਦੀ ਹੈ। ਹਾਲਾਂ ਕਿ ਅੱਧੀ-ਅਧੂਰੀ ਮਿਲੀ ਸਤੁੰਸ਼ਟੀ ਬੰਦੇ ਨੂੰ ਜ਼ਿਆਦਾ ਬੇਚੈਨ ਕਰਦੀ ਹੈ, ਜਿਸ ਤਰ੍ਹਾਂ ਕਿ ਨੀਰੂ ਤੇ ਹਨੀ ਦੇ ਵਿਆਹੁਤਾ ਜੀਵਨ ਵਿਚ ਹੁੰਦਾ ਹੈ। ਨੀਰੂ ਦੀ ਸਥਿਤੀ ਦਵੰਦਾਤਮਕ ਹੈ, ਜਿੱਥੇ ਉਸ ਨੂੰ ਜੋ ਪ੍ਰਾਪਤ ਹੋ ਰਿਹਾ ਹੈ ਉਹ ਸਵੀਕਾਰ ਨਾਲੋਂ ਅਸਵੀਕਾਰ ਕਰਨ ਯੋਗ ਵਧੇਰੇ ਹੈ। ਅਰਥਾਤ ਨੀਰੂ ਨਾ ਜਿਉਂਦਿਆਂ ਵਿਚ ਤੇ ਨਾ ਮਾਰਿਆ ਵਾਲੀ ਸਥਿਤੀ 'ਚੋਂ ਗੁਜ਼ਰਦੀ ਹੈ, ਜਦਕਿ ਉਸ ਦੀ ਮਾਂ ਦਾ ਰਾਹ ਇਸ ਪਖੋਂ ਸਿੱਧਾ ਤੇ ਸਪਾਟ ਸੀ। ਪਰ ਨੀਰੂ ਸਹਿਨਸ਼ੀਲਤਾ ਰੱਖਦੀ ਹੈ। ਸ਼ਾਇਦ ਉਹ ਮਾਂ ਵਾਂਗ ਇਕੱਲਾਪਨ ਭੋਗਣ ਦੀ ਬਜਾਏ ਪਤੀ ਦੀ ਮੌਜੂਦਗੀ ਨੂੰ ਆਪਣੇ ਨਾਲ ਜੋੜੀ ਰੱਖਣਾ ਚਾਹੁੰਦੀ ਹੈ। ਜੋ ਉਹ ਚਾਹੁੰਦੀ ਤਾਂ ਆਪਣੇ ਪੈਰਾਂ 'ਤੇ ਖੜੀ ਉਸ ਆਧੁਨਿਕ ਜਵਾਨ ਤੇ ਸੁੰਦਰ ਮੁਟਿਆਰ ਲਈ ਮਰਦਾਂ ਦੀ ਕਮੀ ਨਹੀਂ ਹੋ ਸਕਦੀ ਸੀ। ਪਰ ਉਹ ਜੋ ਮਿਲਿਆ ਹੈ, ਜਿਸ ਤਰ੍ਹਾਂ ਮਿਲ ਰਿਹਾ ਹੈ, ਉਸ ਨੂੰ ਉਸੇ ਤਰ੍ਹਾਂ ਸਵੀਕਾਰ ਕਰਨ ਦੀ ਹਿੰਮਤ ਰੱਖਦੀ ਹੈ। ਰਿਸ਼ਤੇ ਨੂੰ ਦੁਤਕਾਰਣ ਦੀ ਥਾਂ ਉਸ ਨਾਲ ਨਾਤਾ ਬਣਾਕੇ ਰੱਖਣਾ ਜਾਣਦੀ ਹੈ। ਇਸ ਲਈ ਉਹ ਆਪਣੀ ਮਾਂ ਤੇ ਹਨੀ ਦੋਵਾਂ ਨਾਲੋਂ ਵੱਧ ਸਹਿਜ ਤੇ ਨਾਰਮਲ ਹੈ।

ਹਨੀ ਤੇ ਉਸ ਦੀ ਮਾਂ ਆਪਣੀਆਂ ਹੀ ਉਲਝਣਾਂ ਵਿੱਚ ਉਲਝੇ ਦੂਸਰੇ ਤੋਂ ਹਮਦਰਦੀ ਚਾਹੁੰਦੇ ਹਨ। ਉਨ੍ਹਾਂ ਨੂੰ ਆਪਣੇ ਸਿਵਾਏ ਕਿਸੇ ਹੋਰ ਦੀ ਉਲਝਣ ਬਾਰੇ ਕਦੇ ਸੋਚਣ ਦੀ ਫੁਰਸਤ ਨਹੀਂ ਮਿਲਦੀ। ਜਦ ਕਿ ਸਪਸ਼ਟ ਦਿਮਾਗ਼ ਤੇ ਭਾਵੁਕ ਦਿਲ ਵਾਲੀ ਨੀਰੂ ਅੰਦਰ 'ਛੇਵੀਂ ਇੰਦਰੀ' ਇਸ ਲਈ ਜਾਗ੍ਰਤਿ ਹੁੰਦੀ ਹੈ। ਉਸ ਨੂੰ ਵਾਪਰਨ ਵਾਲੀ ਘਟਨਾ ਬਾਰੇ ਪਹਿਲਾਂ ਹੀ ਚੇਤੰਨਤਾ ਹੋ ਜਾਂਦੀ ਹੈ। ਸ਼ਾਇਦ ਇਸ ਲਈ ਵੀ ਕਿਉਂਕਿ ਉਹ ਮਾਂ ਤੇ ਹਨੀ ਪ੍ਰਤੀ ਵਧੇਰੇ ਸਮਰਪਿਤ ਹੈ। ਉਨ੍ਹਾਂ ਦਾ ਫਿਕਰ ਕਰਦੀ ਹੈ। ਤਦੇ ਹੀ ਉਹ ਚੇਤੰਨਤਾ ਤੇ ਸੂਖ਼ਮਤਾ ਨਾਲ ਪਤੀ ਤੇ ਮਾਂ ਦੀਆਂ ਹਰਕਤਾਂ ਨੂੰ ਜਾਣ ਲੈਂਦੀ ਹੈ ਤੇ ਜਾਨਣ ਮਗਰੋਂ ਅਵੇਸਲੇ ਹੋਣ ਦੀ ਕੋਸ਼ਿਸ਼ ਕਰਦੀ ਹੈ ਤਾਂ ਕਿ ਉਹ ਦੋਵੇਂ ਅਸਹਿਜ ਮਹਿਸੂਸ ਨਾ ਕਰਨ। ਇਸ ਦਾ ਵੇਰਵਾ ਕਹਾਣੀ ਵਿੱਚ ਵਾਪਰਦੀਆਂ ਕਈ ਘਟਨਾਵਾਂ ਤੋਂ ਦੇਖਿਆ ਜਾ ਸਕਦਾ ਹੈ।

ਨੀਰੂ ਦੇ ਚਰਿਤਰ ਦੀਆਂ ਇਨ੍ਹਾਂ ਵਿਸ਼ੇਸ਼ਤਾਵਾਂ ਨੂੰ ਜਾਨਣ ਮਗਰੋਂ ਜਾਪਦਾ ਹੈ ਕਿ ਮਾਂ ਦਾ ਆਪਣੇ ਤੋਂ ਛੋਟੀ ਉਮਰ ਦੇ ਨੌਜਵਾਨ ਨਾਲ ਸੰਬੰਧ ਕਾਇਮ ਕਰਨ ਦੇ ਭੇਤ ਨੂੰ ਜਾਣ ਕੇ ਆਸਾਨੀ ਨਾਲ ਸਵੀਕਾਰ ਕਰ ਲੈਣਾ ਹੀ ਨੀਰੂ ਦੇ ਚਰਿਤਰ ਦੀ ਇਕ ਹੋਰ ਵਿਸ਼ੇਸ਼ਤਾ ਨੂੰ ਉਜਾਗਰ ਕਰ ਜਾਂਦਾ ਹੈ ਤੇ ਇਹੀ ਕਹਾਣੀ ਦਾ 'ਕਲਾਇਮੈਕਸ' ਹੈ। ਪਰ ਨਹੀਂ, ਕਹਾਣੀਕਾਰ ਵਲੋਂ ਤਰੁੱਮ ਦਾ ਪੱਤਾ ਸੁੱਟਣਾ ਅਜੇ ਬਾਕੀ ਸੀ। ਜੇ ਕਹਾਣੀ ਇਸੇ ਕਲਾਈਮੈਕਸ ਤੇ ਹੀ ਖਤਮ ਹੋ ਜਾਂਦੀ ਤਾਂ ਇਹ ਨੀਰੂ ਨੂੰ ਇਕ



ਆਦਰਸ਼ਕ ਪਾਤਰ ਦੇ ਰੂਪ ਵਿੱਚ ਹੀ ਸਿਰਜ ਕੇ ਸਮਾਪਤ ਹੁੰਦੀ ਜਿਸ ਨਾਲ ਕਹਾਣੀ ਵਿੱਚ ਨਾਟਕੀਅਤਾ ਦਾ ਅੰਸ਼ ਆ ਜਾਂਦਾ ਪਰ ਜਦੋਂ ਅਸੀਂ ਵੇਖ ਆਏ ਹਾਂ ਕਿ ਨੀਰੂ ਸੁਹਣੀ ਹੈ, ਜਵਾਨ ਹੈ, ਡੁੱਲ੍ਹ-ਡੁੱਲ੍ਹ ਪੈਂਦੇ ਹੁਸਨ ਵਾਲੀ ਮੁਟਿਆਰ ਹੈ ਤਾਂ ਫਿਰ ਅਚਨਚੇਤ ਤੇ ਭੁਲੇਖੇ ਨਾਲ ਹੀ ਸਹੀ ਇਕ ਮਜਬੂਤ ਮਰਦ ਦੇ ਹੱਥਾਂ ਦੀ ਪਕੜ ਦੀ ਛੋਹ ਤੋਂ ਇਨਕਾਰੀ ਨਹੀਂ ਹੋ ਸਕਦੀ। ਪਲ ਕੇ ਪਲ ਵਿੱਚ ਦੀਪਕ ਰਾਹੀਂ ਉਸ ਨੂੰ ਮੋਢਿਆ ਤੋਂ ਪਕੜਣਾ ਉਸ ਨੂੰ ਝਿੰਜੋੜ ਕੇ ਰਖ ਦਿੰਦਾ ਹੈ। ਹਾਲਾਂਕਿ ਉਹ ਉਸ ਵੇਲੇ ਵੀ ਹਿੰਮਤੀ ਕੁੜੀ ਵਾਂਗ ਦੀਪਕ ਨੂੰ ਡਪਟ ਦੇਂਦੀ ਹੈ ਜੇ 'ਮਾਈ ਗਾਡ... ਸੋ ਚਾਰਮਿੰਗ...।' ਬੋਲ ਉਚਾਰਦਾ ਹੈ। ਉਹ ਦੀਪਕ ਨੂੰ ਡਪਟ ਦੇਂਦੀ ਹੈ, ਆਪਣੀ ਮਾਂ ਦੀ ਤਰਲੇ ਭਰੀ ਗੱਲ ਸਵੀਕਾਰ ਕਰ ਲੈਂਦੀ ਹੈ, ਪਰ ਆਪਣੇ ਅੰਦਰ ਵਸਦੀ ਨਾਰੀ ਦੇ ਨਾਰੀਤੱਵ ਤੋਂ ਡਰ ਜਾਂਦੀ ਹੈ, ਜੋ ਮੁੜ ਕੇ ਉਨ੍ਹਾਂ ਮਜ਼ਬੂਤ ਹੱਥਾਂ ਦੀ ਛੋਹ ਪ੍ਰਾਪਤ ਕਰਨਾ ਚਾਹੁਣ ਲੱਗ ਪੈਂਦੀ ਹੈ। ਇਸ ਡਰ ਤੇ ਕਾਬੂ ਪਾਉਣ ਲਈ ਹਰ ਹਾਲ ਵਿੱਚ ਹਿੰਮਤ ਰਖਣ ਲਈ ਨੀਰੂ ਆਪਣੇ ਪ੍ਰੋਜੈਕਟ ਨੂੰ ਚੰਡੀਗੜ੍ਹ ਰਹਿ ਕੇ ਪੂਰਾ ਕਰਨ ਦੀ ਥਾਂ ਕਿਸੇ ਹੋਰ ਸ਼ਹਿਰ ਵਿੱਚ ਪੂਰਾ ਕਰਨ ਲਈ ਤਿਆਰ ਹੋ ਜਾਂਦੀ ਹੈ। ਬੰਦਾ ਦੂਜਿਆਂ ਤੋਂ ਤਾਂ ਭੱਜ ਸਕਦਾ ਹੈ, ਆਪਣੇ ਆਪ ਤੋਂ ਭੱਜਣਾ ਮੁਸ਼ਕਿਲ ਹੋ ਜਾਂਦਾ ਹੈ।

ਨੀਰੂ ਇਸ ਵਾਰ ਆਪਣੇ ਧੁਰ ਬੈਠੀ ਨਾਰੀ ਨੂੰ ਸਿਰ ਚੁੱਕਣ ਤੇ ਉਸ ਪ੍ਰਾਪਤੀ ਦੀ ਚਾਹਤ ਨੂੰ ਪਨਪਣ ਨਹੀਂ ਦੇਣਾ ਚਾਹੁੰਦੀ, ਜੋ ਉਸ ਦਾ ਨਹੀਂ । ਉਥੋਂ ਚਲੇ ਜਾਣ ਦਾ ਫੈਸਲਾ ਮਾਂ-ਧੀ ਦੇ ਰਿਸ਼ਤੇ ਲਈ, ਮਾਂ ਤੇ ਦੀਪਕ ਦੇ ਰਿਸ਼ਤੇ ਲਈ ਤੇ ਸਭ ਤੋਂ ਵੱਧ ਨੀਰੂ ਦੇ ਆਪਣੇ ਆਪ ਨਾਲ ਬਣੇ ਰਹਿਣ ਦੇ ਰਿਸ਼ਤੇ ਲਈ ਸੁਖਾਵਾਂ ਹੀ ਪ੍ਰਤੀਤ ਹੁੰਦਾ ਹੈ।

ਗੁਰਪਾਲ ਲਿੱਟ ਦੀ ਕਹਾਣੀ ਸਮਾਜਿਕ ਰਿਸ਼ਤਿਆਂ ਦੀ ਥਾਂ ਨੇੜਲੇ ਰਿਸ਼ਤਿਆਂ ਤੇ ਆਪਣੀ ਸਵੈ ਹੋਂਦ ਦੇ ਖੋਲ ਨੂੰ ਤੋੜਨ ਨੂੰ ਧਿਆਨ ਕਰਦੀ ਹੈ। ਨੇੜਲੇ ਰਿਸ਼ਤਿਆਂ ਵਿੱਚ ਵੀ ਬੜਾ ਕੁਝ ਅਜਿਹਾ ਹੁੰਦਾ ਹੈ ਜੋ ਅਸੀਂ ਆਪਣਿਆਂ ਤੋਂ ਲੁਕਾਉਂਣਾ ਤੇ ਛੁਪਾਉਣਾ ਚਾਹੁੰਦੇ ਹਾਂ। ਜੇ ਮਾਂ ਦਾ ਇਹ ਸੱਚ ਉਜਾਗਰ ਹੁੰਦਾ ਹੈ ਕਿ ਉਸ ਨੂੰ ਉਮਰ ਦੇ ਹਰ ਪੜਾਅ ਤੇ ਮਰਦ ਦੀ ਲੋੜ ਹੈ ਤਾਂ ਧੀ ਦਾ ਵੀ ਇਹ ਸੱਚ ਜ਼ਾਹਿਰ ਹੋ ਜਾਂਦਾ ਹੈ ਕਿ ਉਹ ਜਿੰਨਾ ਮਰਜ਼ੀ ਮਜ਼ਬੂਤ ਰਹਿਣ ਦੀ ਕੋਸ਼ਿਸ਼ ਕਰੇ, ਉਸ ਦੇ ਅੰਤਰਮਨ ਦੀ ਨਾਰੀ ਅਜੇ ਵੀ ਅਛੋਹ ਤੇ ਅਤ੍ਰਿਪਤ ਹੀ ਹੈ। ਜੇ ਮਾਂ 'ਯੰਗ ਵੁਮੈਨ' ਹੋਣ ਦਾ ਭਰਮ ਪਾਲਦੀ ਹੈ ਤਾਂ ਧੀ ਮਜ਼ਬੂਤ ਤੇ ਹਿੰਮਤੀ ਹੋਣ ਦਾ, ਦੋਵਾਂ ਦੇ ਭਰਮ ਟੁੱਟ ਜਾਂਦੇ ਹਨ। ਜਿਨ੍ਹਾਂ ਦੁਰਗਾਂ ਵਿੱਚ ਉਹ ਆਪਣੇ ਆਪਨੂੰ ਲਕੋ ਕੇ ਬੈਠੀਆਂ ਹਨ, ਉਹ ਟੁੱਟ ਕੇ ਉਨ੍ਹਾਂ ਦੋਵਾਂ ਨੂੰ ਉਨ੍ਹਾਂ ਦੀ ਹੋਂਦ ਦੀ ਅਸਲੀਅਤ ਦੀ ਪਛਾਣ ਕਰਵਾ ਜਾਂਦੇ ਹਨ। ਇੰਜ ਇਹ ਮਾ-ਧੀ ਇਕ ਦੂਜੇ ਨਾਲ ਕਈ ਗੱਲਾਂ ਵਿਚ ਸਮਾਨਤਾ ਵੀ ਰੱਖਦੀਆਂ ਹਨ ਤੇ ਅੰਤਰ ਵੀ। ਉਹ ਦੋ ਪੀੜ੍ਹੀਆਂ ਵਿਚਲੇ ਪਾੜ ਨੂੰ ਖਤਮ ਕਰਦੀਆਂ ਵੀ ਨਜ਼ਰ ਆਉਂਦੀਆਂ ਹਨ ਤੇ ਦੋ ਵੱਖ-ਵੱਖ ਵਿਚਾਰ ਧਾਰਾਵਾਂ ਦੀ ਪ੍ਰਤਿਨਿਧਤਾ ਕਰਦੀਆਂ ਵੀ। ਬਸ ਵੇਖਣ ਦੀ ਗੱਲ ਇਹ ਹੈ ਕਿ ਦੁਰਗ ਟੁੱਟਣ ਮਗਰੋਂ ਵੀ ਸਹੀ ਫੈਸਲਾ ਨੌਜਵਾਨ ਪੀੜ੍ਹੀ ਹੱਥੋਂ ਕਰਵਾ ਕੇ ਕਹਾਣੀਕਾਰ ਅੱਜ ਦੀ ਪੀੜ੍ਹੀ ਨਾਲ ਇਨਸਾਫ ਕਰ ਜਾਂਦਾ ਹੈ।

'ਕਹਾਣੀ ਧਾਰਾ-2 ਅੰਕ ਵਿਚ ਪ੍ਰਕਾਸ਼ਤ ਕਹਾਣੀ ਦਾ ਪ੍ਰਤੀਕਰਮ

## 'ਰਫ਼ਤਾਰ' ਦੀ ਸੰਰਚਨਾ ਦੇ ਕੁਝ ਪੱਖ ਤੇ ਵਿਸ਼ਲੇਸ਼ਣ

ਜਸਲੀਨ ਕੌਰ

ਕਹਾਣੀ ਧਾਰਾ' ਦੇ ਅੰਕ-2 ਵਿਚ ਜਿੰਦਰ ਦੀ ਕਹਾਣੀ 'ਰਫ਼ਤਾਰ' ਛਪੀ ਸੀ ਉਸ ਦੀ ਸੰਰਚਨਾ ਦੇ ਕੁਝ ਪੱਖ ਤੇ ਵਿਸ਼ਲੇਸ਼ਣ ਨੂੰ ਇਸ ਲੇਖ ਨੂੰ ਕੇਂਦਰ ਵਿੱਚ ਰੱਖਿਆ ਹੈ।

ਕਈ ਵਾਰ ਕਹਾਣੀ ਦੀ ਜੁਗਤ ਵਿਚ ਇਕ ਨਿਰੰਤਰ ਤਣਾਓ ਮੌਜੂਦ ਰਹਿੰਦਾ ਹੈ। ਸਾਰੀ ਕਹਾਣੀ ਇਸੇ ਖਿਚਾਓ ਵਿਚ ਉਸਾਰ ਗ੍ਰਹਿਣ ਕਰਦੀ ਹੈ। ਇਹ ਅਕਸਰ ਉਦੋਂ ਹੁੰਦਾ ਹੈ ਜਦੋਂ ਕਹਾਣੀ ਦੀ ਵਿਊਂਤ ਬਹੁਪਰਤੀ ਤੇ ਜਟਿਲ ਹੁੰਦੀ ਹੈ। ਪ੍ਰਥਮਪੁਰਖੀ ਬਿਰਤਾਂਤ ਮੈਂ ਸ਼ੈਲੀ ਵਿੱਚ ਲਿਖੀਆਂ ਬਹੁਤੀਆਂ ਕਹਾਣੀਆਂ ਇਸੇ ਪ੍ਰਕਾਰ ਦੀਆਂ ਹੁੰਦੀਆਂ ਹਨ ਪਰ ਕੁਝ ਕਹਾਣੀਆਂ ਸਹਿਵਾਨ ਹੀ ਹੋਂਦ ਵਿਚ ਆ ਜਾਂਦੀਆਂ ਹਨ ਇਹ ਕਿਸੇ ਜਟਿਲ ਤਣਾਓ ਦੀ ਪੇਸ਼ਕਾਰੀ ਨਹੀਂ ਕਰਦੀਆਂ, 'ਰਫ਼ਤਾਰ' ਵੀ ਸਹਿਵਾਨ ਸਿਰਜੀ ਗਈ ਕਹਾਣੀ ਹੈ। ਕਹਾਣੀ ਵਿਚਲਾ ਤਣਾਓ ਜੈਨੇਰੇਸ਼ਨ ਗੈਪ ਦਾ ਤਣਾਓ ਹੈ ਪਰ ਇਹ ਤਣਾਓ ਬਹੁਪਰਤੀ ਜਾਂ ਜਟਿਲ ਰੂਪ ਵਿੱਚ ਪੇਸ਼ ਹੋਣ ਵਾਲ ਤਣਾਓ ਨਹੀਂ।

ਕਹਾਣੀ ਵਿੱਚ ਘਟਨਾਵਾਂ ਦੇ ਵਾਪਰਨ ਦੇ ਕਾਰਨਾਂ ਨੂੰ ਪਛਾੜ ਕੇ ਦੱਸਣ ਦੀ ਜੁਗਤ ਵਰਤੀ

ਗਈ ਹੈ। ਕਹਾਣੀ ਦੀ ਸ਼ੁਰੂਆਤ ਤੇ ਘਰ ਵਿੱਚ ਪਾਰਟੀ ਰੱਖੀ ਗਈ ਹੈ। ਇਹ ਪਾਰਟੀ ਪੂਨਮ ਵੱਲੋਂ ਰੱਖੀ ਗਈ ਪਰ ਇਸ ਪਾਰਟੀ ਦੇ ਕਾਰਨ ਦਾ ਖੁਲਾਸਾ ਕਹਾਣੀ ਦੇ ਬਿਲਕੁਲ ਅੰਤ ਤੇ ਜਾ ਕੇ ਹੁੰਦਾ ਹੈ ਕਿ ਪਾਰਟੀ ਹਰਸੂਰਤ ਦੇ ਬਾਹਰ ਜਾਣ ਦੀ ਖੁਸ਼ੀ ਵਿੱਚ ਪੂਨਮ ਵੱਲੋਂ ਰੱਖੀ ਗਈ ਸੀ। ਇਸ ਕਹਾਣੀ ਦੀ ਸੰਰਚਨਾ ਵਿੱਚ ਇਹਨਾਂ ਦੋ ਮੁੱਢਾਂ ਦਾ ਵਿਸ਼ੇਸ਼ ਮਹੱਤਵ ਹੈ। ਕਹਾਣੀ ਦੇ ਪਹਿਲੇ ਸਿਰੇ ਤੇ ਘਟਨਾ ਪਈ ਹੈ ਤੇ ਦੂਜੇ ਸਿਰੇ ਤੇ ਘਟਨਾ ਦਾ ਖੁਲਾਸਾ ਕੀਤਾ ਗਿਆ ਹੈ। ਪਾਠਕ ਦੀ ਜਗਿਆਸਾ ਨੂੰ ਜਗਾਉਣ ਲਈ ਇਹ ਮਹੱਤਵਪੂਰਨ ਜੁਗਤ ਹੈ।

ਕਹਾਣੀ ਦਾ ਮੂਲ ਤਣਾਓ ਪੀੜ੍ਹੀ ਪਾੜ੍ਹੇ ਨਾਲ ਉਸਾਰ ਗ੍ਰਹਿਣ ਕਰਦਾ ਹੈ। ਪੁਰਾਣੀ ਪੀੜ੍ਹੀ ਕੋਲ ਰਿਸ਼ਤਿਆ ਦੇ ਆਪਣੇ ਮਿਆਰ ਹਨ। ਉਹ ਰਿਸ਼ਤੇ ਨੂੰ ਪਰਿਵਾਰਕ ਸੰਬੰਧਾਂ ਵਿੱਚ ਬੰਨ੍ਹ ਕੇ ਸਵੀਕਾਰ ਕਰਦੇ ਹਨ। ਪਰਾਏ ਔਰਤ ਮਰਦ ਦਾ ਰਿਸ਼ਤਾ ਜਾਂ ਤਾਂ ਪਤੀ ਪਤਨੀ ਦਾ ਰਿਸ਼ਤਾ ਹੈ ਜਾਂ ਕੋਈ ਰਿਸ਼ਤਾ ਨਹੀਂ। ਦੋਸਤੀ ਦਾ ਰਿਸ਼ਤਾ ਉਹਨਾਂ ਨੂੰ ਪ੍ਰਵਾਨ ਨਹੀਂ ਇਹ ਉਹਨਾਂ ਦੀ ਡਿਕਸ਼ਨਰੀ ਵਿੱਚ ਹੈ ਹੀ ਨਹੀਂ। ਹਰਸੂਰਤ ਨੂੰ ਪੂਨਮ ਦੀ ਨਾਨੀ ਬਿਲਕੁਲ ਪਸੰਦ ਨਹੀਂ ਕਰਦੀ ਪਰ ਪੂਨਮ ਨਾਲ ਉਸ ਦੀ ਗਹਿਰੀ ਦੋਸਤੀ ਹੈ। ਜਦੋਂ ਹਰਸੂਰਤ ਦਾ ਵਾਜ਼ਾ ਆ ਜਾਂਦਾ ਹੈ ਤਾਂ ਉਸੇ ਨਾਨੀ ਦਾ ਨਜ਼ਰੀਆਂ ਬਦਲ ਜਾਂਦਾ ਹੈ। ਉਹ ਮਨ ਹੀ ਮਨ ਪੂਨਮ ਲਈ ਹਰਸੂਰਤ ਨੂੰ ਚੁਣ ਲੈਂਦੀ ਹੈ। ਪੂਨਮ ਤੇ ਹਰਸੂਰਤ ਵਿਚਕਾਰ ਕਿਸੇ ਹੋਰ ਰਿਸ਼ਤੇ ਨੂੰ ਪ੍ਰਵਾਨ ਕਰਨ ਦੀ ਸਥਿਤੀ ਵਿੱਚ ਉਹ ਨਹੀਂ ਹੈ ਜਾਂ ਤਾਂ ਉਸ ਨੂੰ ਹਰਸੂਰਤ ਪਸੰਦ ਨਹੀਂ ਸੀ ਤੇ ਜੇ ਪਸੰਦ ਆਇਆ ਤਾਂ ਭਾਰਤੀ ਸੰਦਰਭ ਵਿੱਚ ਉਹ ਪੂਨਮ ਨੂੰ ਰਿਸ਼ਤੇ ਦੀ ਮਰਿਆਦਾ ਵਿੱਚ ਬੰਨ੍ਹ ਦੇਣਾ ਚਾਹੁੰਦੀ ਹੈ। ਨਾਨੀ ਇਸ ਸੋਚ ਨੂੰ ਸਵੀਕਾਰ ਕਰਨ ਦੀ ਸਥਿਤੀ ਵਿੱਚ ਨਹੀਂ ਕਿ ਉਹ ਮਾਤਰ ਦੋਸਤ ਹੈ ਜਦ ਕਿ ਪੂਨਮ ਅਨੁਸਾਰ,

"ਮੰਮੀ ਜੀ, ਮੈਂ ਮੰਨਾਂ ਜਾ ਨਾ ਮੰਨਾਂ ਤੁਸੀਂ ਮੰਨੋ ਜਾ ਨਾ ਮੰਨੋ, ਮਾਂ ਜੀ ਨੇ ਹਰਸੂਰਤ ਨੂੰ ਮੇਰੇ ਲਈ ਚੁਣ ਲਿਆ ਦੇਖੋ ਮਾਂ ਜੀ ਕੀ ਕਰਦੇ। ਹੁਣ ਮਾਂ ਜੀ ਨੂੰ ਤੁਸੀਂ ਆਪ ਹੀ ਦੱਸੋ, ਅਜੇ ਉਹ ਮੇਰਾ ਰੀਅਲ ਲਾਈਫ ਹੀਰੋ ਨੀ। ਉਹਦੇ ਵਰਗੇ ਮੇਰੇ ਪੰਜ ਹੋਰ ਮਿੱਤਰ ਆ।"

ਕਹਾਣੀ ਵਿੱਚ ਇੱਥੇ ਤਣਾਓ ਤਿੰਨਾਂ ਪੀੜ੍ਹੀਆਂ ਵਿੱਚ ਮੌਜੂਦ ਰਹਿੰਦਾ ਹੈ। ਪੂਨਮ ਉਸਦੀ ਮਾਂ ਤੇ ਨਾਨੀ। ਇਹ ਤਿੰਨ ਪੀੜ੍ਹੀਆਂ ਤਿੰਨ ਅਲਗ-ਅਲਗ ਪ੍ਰਸਥਿਤੀਆਂ ਦੀ ਪ੍ਰਤੀਨਿਧਤਾ ਕਰਦੀਆਂ ਹਨ। ਪੂਨਮ ਦੀ ਸੋਚ ਨੂੰ ਉਸਦੀ ਮਾਂ ਸਮਝ ਸਕਦੀ ਹੈ ਪਰ ਅਪਨਾ ਨਹੀਂ ਸਕਦੀ। ਉਸਨੂੰ ਪੂਨਮ ਦੀ ਸੋਚ ਕੁਖੀ ਕਰਦੀ ਹੈ ਪਰ ਉਹ ਸਮਝੌਤੇ ਦੀ ਸਥਿਤੀ ਵਿੱਚ ਵਿਚਰਦੀ ਹੈ ਤੇ ਸਥਿਤੀਆਂ ਨਾਲ ਸਮਝੌਤਾ ਕਰ ਲੈਂਦੀ ਹੈ। ਤਿੰਨ ਪੀੜ੍ਹੀਆਂ ਦੇ ਇਸ ਚੱਕਰ ਵਿੱਚ ਅਖੀਰਲੀ ਕੜੀ ਪੂਨਮ ਦੀ ਨਾਨੀ ਦੀ ਕੜੀ ਹੈ। ਪੂਨਮ ਦੀ ਨਾਨੀ ਦੀ ਮਾਨਸਿਕ ਸਥਿਤੀ ਉੱਥੇ ਪਹੁੰਚ ਹੀ ਨਹੀਂ ਸਕਦੀ। ਜਿਸ ਪੱਧਰ ਤੇ ਪੂਨਮ ਦੀ ਮਾਨਸਿਕ ਸਥਿਤੀ ਹੈ। ਦੂਜੀ ਕੜੀ ਪੂਨਮ ਦੀ ਮਾਂ ਦੀ ਹੈ ਉਹ ਸਤਹੀ ਪੱਧਰ ਤੇ ਪੂਨਮ ਤੇ ਉਸਦੀ ਨਾਨੀ ਵਿਚਕਾਰ ਪੁਲ ਬਣਨ ਦਾ ਕੰਮ ਕਰਦੀ ਹੈ ਪਰ ਅਸਲ ਵਿੱਚ ਅਜਿਹਾ ਕਰਨ ਤੋਂ ਅਸਮਰੱਥ ਹੈ। ਇਥੇ ਹੀ ਇਸ ਤਣਾਓ ਤੇ ਕਹਾਣੀ ਖਤਮ ਹੋ ਜਾਂਦੀ ਹੈ। ਪੂਨਮ ਦੀ ਮਾਂ ਦੁਚਿੱਤੀ ਵਿਚ ਹੈ ਕਿ ਉਹ ਪੂਨਮ ਦੀ ਨਾਨੀ ਨੂੰ ਇਸ ਦੋਸਤੀ ਦੇ ਰਿਸ਼ਤੇ ਬਾਰੇ ਕਿਵੇਂ ਦੱਸੇ। ਕਹਾਣੀ ਦੀ ਅਖੀਰਲੀ ਸਤਰ ਹੈ,

'ਮੇਰੇ ਸਿਰ ਨੂੰ ਘੁੰਮੇਟਣੀ ਜਿਹੀ ਆ ਗਈ ਸੀ। ਹੁਣ ਮੈਂ ਮਾਂ ਨੂੰ ਇਹ ਗੱਲ ਕਿਵੇਂ ਸਮਝਾਵਾਂ ਕਿ...।'

ਇਸ ਸਤਰ ਤੋਂ ਬਾਅਦ ਅਣਕਹੇ ਸੰਵਾਦਾਂ ਦੀ ਗੁੰਜਾਇਸ਼ ਭਰਪੂਰ ਰੂਪ ਵਿੱਚ ਛੱਡਦੀ ਹੋਈ ਕਹਾਣੀ ਚੁੱਪ ਹੋ ਜਾਂਦੀ ਹੈ।

ਕਹਾਣੀ ਦਾ ਬਿਰਤਾਂਤ ਇਕ ਸਮੱਸਿਆ ਨਾਲ ਸੰਬੰਧਿਤ ਹੋਣ ਕਰਕੇ ਸਰਲ ਤੇ ਲਕੀਰੀ ਦਿਸ਼ਾ ਵਿਚ ਤੁਰਦਾ ਹੈ। ਸਮੱਸਿਆ ਵੀ ਬਾਹਰੀ ਹੈ ਤੇ ਇਸ ਦਾ ਪ੍ਰਗਟਾਅ ਵੀ ਬਾਹਰੀ ਫੋਕਸੀਕਰਨ ਦੀਆਂ ਜੁਗਤਾਂ ਨਾਲ ਹੋਇਆ ਹੈ। ਕਹਾਣੀ ਦੀ ਸ਼ੁਰੂਆਤ ਸੁਖਾਵੀਆਂ ਸਥਿਤੀਆਂ ਤੋਂ ਹੁੰਦੀ ਹੈ। ਕਹਾਣੀ ਦੀ ਸੰਰਚਨਾ ਵਿੱਚ ਪਹਿਲੀ ਸਤਰ ਖੁਸ਼ੀ ਦੇ ਮਾਹੌਲ ਨਾਲ ਸੰਬੰਧਿਤ ਹੈ। ਕਹਾਣੀ ਵਿਚ ਘਟਨਾਵਾਂ ਤੋਂ ਬਾਅਦ ਘਟਨਾਵਾਂ ਨਹੀਂ ਵਾਪਰਦੀਆਂ। ਬਹੁਤੀ ਕਹਾਣੀ ਪੂਨਮ ਦੇ ਮਾਂ ਦੇ ਵਿਚਾਰਾਂ ਦਾ ਪ੍ਰਗਟਾਅ ਹੈ। ਇਹਨਾਂ ਵਿਚਾਰਾਂ ਵਿਚ ਕਿਤੇ ਉਹ ਪੂਨਮ ਦੀਆਂ ਸਥਿਤੀਆਂ ਸਪਸ਼ਟ ਕਰਦੀ ਹੈ। ਕਿਤੇ ਉਹਦੇ ਵਿਚਾਰਾਂ ਨੂੰ ਸਹੀ ਠਹਿਰਾਉਂਦੀ ਹੈ ਤੇ ਕਿਤੇ ਗਲਤ। ਸਾਰੀ ਕਹਾਣੀ ਮੈਂ ਸ਼ੈਲੀ ਵਿਚ ਪੂਨਮ ਦੀ ਮਾਂ ਦੇ ਵਿਚਾਰਾਂ ਰਾਹੀਂ ਅੱਗੇ ਤੁਰਦੀ ਹੈ। ਕਿਤੇ ਉਹ ਪ੍ਰਥਮ ਪੁਰਖੀ ਬਿਰਤਾਂਤ ਵਿਚ ਆਪਣੇ ਮਨੋਭਾਵ ਪ੍ਰਸਤੁਤ ਕਰਦੀ ਹੈ ਤੇ ਕਿਤੇ ਅਨਯ ਪੁਰਖੀ ਬਿਰਤਾਂਤ ਦੀ ਵਰਤੋਂ ਕਰਦੇ ਪੂਨਮ ਬਾਰੇ ਗੱਲਾਂ ਸਪਸ਼ਟ



ਕਰਦੀ ਤੁਰੀ ਜਾਂਦੀ ਹੈ। ਪੂਰੀ ਕਹਾਣੀ ਪੜ੍ਹਦਿਆਂ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਪੂਨਮ ਦੀ ਮਾਂ ਆਪਣੀ ਮਾਂ ਤੋਂ ਪੂਨਮ ਦਾ ਪਾਤਰ ਚਿਤਰਨ ਕਰ ਰਹੀ ਹੋਵੇ। ਉਸ ਦੀਆਂ ਗੱਲਾਂ ਸਿੱਧੇ ਪਾਤਰ ਚਿਤਰਨ ਦੀ ਵਿਧੀ ਅਨੁਸਾਰ ਹਨ। ਸਿੱਧੇ ਪਾਤਰ ਚਿਤਰਨ ਰਾਹੀਂ ਪੂਨਮ ਦੀਆਂ ਆਦਤਾਂ ਉਸ ਦੇ ਸ਼ੌਕਾਂ ਸੰਬੰਧੀ ਵੇਰਵਾ ਹੈ,

"ਉਹ ਟੋਪ, ਐਡੀਡਾਸ ਦੀ ਜੀਨ ਤੇ ਰੀਬੌਕ ਦੇ ਬੂਟਾਂ ਤੋਂ ਹੇਠਾਂ ਗੱਲ ਨਹੀਂ ਕਰਦੀ। ਮੈਂ ਨੱਕ ਬੁੱਲ੍ਹ ਚੜ੍ਹਾਵਾਂ ਤਾਂ ਉਹ ਵਿਸ਼ਵਾਸ ਨਾਲ ਕਹਿ ਦਿੰਦੀ ਸੋਸਾਇਟੀ ਵਿਚ ਸਟੇਟਸ ਰੱਖਣਾ ਪੈਂਦਾ।"

ਸਿੱਧੇ ਪਾਤਰ ਚਿਤਰਨ ਰਾਹੀਂ ਦੋ ਪਾਤਰਾਂ ਦੇ ਆਪਸੀ ਵਾਰਤਾਲਾਪ ਰਾਹੀਂ ਵੀ ਨਾਨੀ ਦਾ ਚਰਿਤਰ ਉਘੜ ਕੇ ਸਾਹਮਣੇ ਆਉਂਦਾ ਹੈ,

"ਮੰਮੀ ਤੁਸੀਂ ਚੰਗੇ ਭਲੇ, ਸਿਆਣੇ ਬਿਆਣੇ ਐਨੇ ਬੈਕਵਰਡ ਕਿਉਂ ਹੋ ਜਾਂਦੇ ਹੋ। ਤੁਹਾਡੇ 'ਚੋਂ ਨਾਨੀ ਜੀ ਬੋਲਣ ਲੱਗ ਜਾਂਦੇ । ਮੈਂ ਤੁਹਾਨੂੰ ਕਿੰਨੀ ਵਾਰ ਦੱਸਿਆ ਕਿ ਇਹ ਕੰਪਿਊਟਰ ਤੇ ਮਾਰਕੀਟਿੰਗ ਦਾ ਯੁੱਗ ਆ। ਇਹਨੂੰ ਨਰਡਸ ਵੀ ਕਹਿੰਦੇ ਆ। ਹੁਣ ਮੈਨੂੰ ਦੱਸਣਾ ਪਊ ਕਿ ਨਰਡਸ ਕੀ ਹੁੰਦਾ। ਪਹਿਲਾਂ ਤੁਹਾਨੂੰ ਟਰੇਂਡ ਕਰ ਲਾਂ। ਠਹਿਰ ਕੇ ਦੱਸਾਂਗੀ।"

ਸਿੱਧੇ ਪਾਤਰ ਚਿਤਰਨ ਨਾਲੋਂ ਘਟਨਾ ਦੇ ਕਾਰਜ ਰਾਹੀਂ ਉਘੜਿਆ ਪਾਤਰ ਚਿਤਰਨ ਵਧੇਰੇ ਪ੍ਰਭਾਵਸ਼ਾਲੀ ਹੁੰਦਾ ਹੈ ਡਾ. ਰਜਨੀਸ਼ ਬਹਾਦਰ ਸਿੰਘ ਅਨੁਸਾਰ,

ਜਿਹੜੇ ਪਾਤਰ ਘਟਨਾਮੂਲਕ ਸਥਿਤੀ ਜਾਂ ਵਿਚਾਰ ਵਿਚ ਉਤਪੰਨ ਹੁੰਦੇ ਹਨ ਉਹਨਾਂ ਦੇ ਉਭਰਨ ਦੇ ਮੌਕੇ ਤਾਂ ਬਣਦੇ ਹਨ ਜੇ ਲੇਖਕ ਉਹਨਾਂ ਦੇ ਵਿਹਾਰ ਨੂੰ ਨਿਰਧਾਰਿਤ ਕਰਨ ਵਾਲੇ ਇਕ ਵਿਚਾਰ ਦੀ ਥਾਂ ਬਹੁ-ਵਿਚਾਰਾਂ ਨੂੰ ਆਧਾਰ ਬਣਾਉਂਦਾ ਹੈ। ਇਸ ਨਾਲ ਪਾਤਰਾਂ ਦੇ ਵਿਹਾਰ ਦੀਆਂ ਕਈ ਪਰਤਾਂ ਸਾਹਮਣੇ ਆਉਂਦੀਆਂ ਹਨ। ਅਜਿਹੇ ਪਾਤਰ ਸੱਚ ਦੇ ਜ਼ਿਆਦਾ ਨੇੜੇ ਹੁੰਦੇ ਹਨ। [1]"

ਕਹਾਣੀ ਦੀ ਸੰਰਚਨਾ ਦਾ ਪਹਿਲਾ ਫੈਲਾਅ ਮਾਨਸਿਕ ਚਿਤਰਪਟ ਤੇ ਹੁੰਦਾ ਹੈ। ਪੂਨਮ ਦੀ ਮਾਂ ਪਾਰਟੀ ਦੀ ਥਾਕਾਵਟ ਤੋਂ ਬਾਅਦ ਬੈੱਡ ਤੇ ਲੰਮੀ ਪੈਂਦੀ ਹੈ ਪਰ ਉਸਨੂੰ ਨੀਂਦ ਨਹੀਂ ਆਉਂਦੀ ਤੇ ਮਨ ਬੇਚੈਨ ਹੋਣਾ ਸ਼ੁਰੂ ਹੋ ਜਾਂਦਾ ਹੈ। ਬੇਚੈਨੀ ਦੇ ਕਥਨਾਂ ਦੀ ਲੜੀ ਅੱਗੇ ਪ੍ਰਸਤੁਤ ਕੀਤੀ ਗਈ ਹੈ। ਪਹਿਲਾ ਕਾਰਨ ਉਸਦੀ ਮਾਂ ਦੀ ਸੋਚ ਹੈ ਜੋ ਸਮੇਂ ਦੇ ਹਾਣ ਦੀ ਨਹੀਂ। ਹੌਲੀ ਹੌਲੀ ਕਹਾਣੀ ਫੈਲਾਅ ਲੈਣਾ ਸ਼ੁਰੂ ਕਰਦੀ ਹੈ ਤੇ ਪੂਨਮ ਦਾ ਚਰਿਤਰ ਚਿਤਰਨ ਪ੍ਰਸਤੁਤ ਕਰਦੀ ਹੈ। ਕਹਾਣੀ ਦੀ ਸੰਰਚਨਾ ਦਾ ਅਗਲਾ ਭਵਨ ਸੁਦੇਸ਼ ਦੇ ਵਿਚਾਰਾਂ ਦਾ ਉਸਰਦਾ ਹੈ ਜੋ ਪੂਨਮ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਾ ਹੈ। ਅਗਲੇਰਾ ਪਾਸਾਰ ਕੰਪਿਊਟਰ ਮੈਨਟੇਨੈਂਸ ਵਿਚ ਬੀ. ਐਸ. ਸੀ. ਪੂਨਮ ਤੇ ਮਾਂ ਦੇ ਵਿਚਾਰਾਂ ਦੇ ਟਕਰਾਅ ਨਾਲ ਸੰਬੰਧਿਤ ਹੈ। ਕਹਾਣੀ ਦੇ ਅਗਲਾ ਮੋੜ ਕੱਟਣ ਤੱਕ ਪੂਨਮ ਦੇ ਦੋਸਤ ਉਸਦੇ ਘਰ ਆਏ ਹੋਏ ਹਨ ਤੇ ਕੈਰੀਅਰ ਨਾਲ ਸੰਬੰਧਿਤ ਰਸਮੀ ਗੱਲਬਾਤ ਜਾਰੀ ਹੈ। ਪੂਨਮ ਦੀ ਨਾਨੀ ਕੋਲ ਇੰਨਾ ਜੇਰਾ ਨਹੀਂ ਕਿ ਉਹ ਇਸ ਗੱਲਬਾਤ ਨੂੰ ਬਰਦਾਸ਼ਤ ਕਰ ਸਕੇ। ਕਹਾਣੀ ਵਿੱਚ ਫਿਰ ਟਕਰਾਅ ਉਪਜਣ ਦੀਆਂ ਸੰਭਾਵਨਾਵਾਂ ਦਿਸਦੀਆਂ ਹਨ ਪਰ ਟਕਰਾਅ ਉਪਜਦਾ ਨਹੀਂ, ਇਹਨਾਂ ਪ੍ਰਸਥਿਤੀਆਂ ਵਿੱਚ ਪੂਨਮ ਦੀ ਮਾਂ ਪੂਨਮ ਤੇ ਹਰਸੂਰਤ ਦੇ ਰਿਸ਼ਤੇ ਨੂੰ ਪੂਨਮ ਦੀ ਨਾਨੀ ਦੇ ਵਿਰੋਧ ਦੇ ਬਾਵਜੂਦ ਸਵੀਕਾਰ ਕਰਦੀ ਹੈ। ਕਹਾਣੀ ਦੀ ਸੰਰਚਨਾ ਇੱਥੇ ਸਿੱਧੀ ਵਿਕਾਸ ਕਰਦੀ ਪਿੱਛੇ ਮੋੜ ਕੱਟਦੀ ਹੈ। ਇਹ ਮੋੜ ਪੂਨਮ ਦੀ ਮਾਂ ਦੀਆਂ ਸੋਚਾਂ ਦਾ ਮੋੜ ਹੈ। ਕਹਾਣੀ ਇੱਥੇ ਪੂਨਮ ਦੀ ਮਾਂ ਦੀ ਚੇਤਨਾ ਵਿਚ ਵਰਤਮਾਨ ਤੋਂ ਭੂਤ ਦਾ ਸਫ਼ਰ ਤੈਅ ਕਰਦੀ ਹੈ। ਕਹਾਣੀ ਇੱਥੇ ਦੋ ਸਮਾਨੰਤਰ ਲਕੀਰਾਂ ਵਾਂਗ ਅੱਡ ਹੋ ਜਾਂਦੀ ਹੈ ਤੇ ਮੂਲ ਕਹਾਣੀ ਦੇ ਨਾਲ ਪੂਨਮ ਦੀ ਮਾਂ ਤੇ ਪੁਰਸ਼ੋਤਮ ਦੇ ਇਸ਼ਕ ਦੀ ਕਹਾਣੀ ਸ਼ੁਰੂ ਹੋ ਜਾਂਦੀ ਹੈ। ਭੂਤ ਵਿਚ ਮੁੜਨ ਤੋਂ ਬਾਅਦ ਕਹਾਣੀ ਫਿਰ ਵਰਤਮਾਨ ਵਿਚ ਪਰਤ ਆਉਂਦੀ ਹੈ। ਪੂਨਮ ਤੇ ਨਾਨੀ ਦੇ ਰਿਸ਼ਤੇ ਦਾ ਲੁਕਿਆ ਪਿਆਰ ਜ਼ਾਹਿਰ ਹੁੰਦਾ ਹੈ ਪਰ ਇਕੱਠੇ ਬੈਠ ਕੇ ਟੀ. ਵੀ. ਵੇਖਣ ਤੇ ਸੋਚ ਵਿਚਲੇ ਅੰਤਰ ਕਾਰਨ ਇਹ ਪਿਆਰ ਟਕਰਾਅ ਵਿਚ ਤਬਦੀਲ ਹੋ ਜਾਂਦਾ ਹੈ। ਕਹਾਣੀ ਦਾ ਅਗਲਾ ਬਿਰਤਾਂਤ ਤੇ ਪੂਨਮ ਦੀ ਮਾਂ ਤੇ ਸੁਦੇਸ਼ ਦੀ ਘਰੇਗੀ ਹਾਲਤ ਬਾਰੇ ਹੈ। ਫਿਰ ਪੂਨਮ ਦਾ ਰਿਜਲਟ ਆ ਜਾਂਦਾ ਹੈ ਤੇ ਉਸਨੂੰ ਨੌਕਰੀ ਮਿਲ ਜਾਂਦੀ ਹੈ। ਹਰਸੂਰਤ ਨੂੰ ਪੂਨਮ ਲਈ ਚੁਣ ਲੈਂਦੀ ਹੈ ਪਰ ਹਰਸੂਰਤ ਪੂਨਮ ਦਾ ਕੇਵਲ ਦੋਸਤ ਹੈ। ਪੂਨਮ ਆਪਣੀ ਮਾਂ ਨੂੰ ਕਹਿੰਦੀ ਹੈ ਕਿ ਨਾਨੀ ਦੇ ਮਨ ਵਿੱਚ ਹਰਸੂਰਤ ਲਈ ਹੋਰ ਭਾਵ ਨੇ ਪਰ ਹਰਸੂਰਤ ਮੇਰਾ ਰੀਅਲ ਲਾਈਫ ਹੀਰੋ ਨੀ ਉਦੇ ਵਰਗੇ ਮੇਰੇ ਪੰਜ ਹੋਰ ਮਿੱਤਰ ਆ। ਕਹਾਣੀ ਇਸ ਤੋਂ ਬਾਅਦ ਛੇਤੀ ਖਤਮ ਹੋ ਜਾਂਦੀ ਹੈ। ਕਹਾਣੀ ਦੀ ਸੰਰਚਨਾ ਵਿੱਚ ਭਾਵੇਂ ਕਈ ਅੰਗ ਕਾਰਜਸ਼ੀਲ ਹਨ ਪਰ ਇਹਨਾਂ ਅੰਗਾਂ ਨੂੰ ਸਮੁੱਚੇ ਰੂਪ ਵਿਚ ਹੀ ਸਮਝਿਆ ਜਾ ਸਕਦਾ ਹੈ ਨਾ ਕਿ

ਕਹਾਣੀ ਦੀ ਸੰਰਚਨਾ ਨਾਲੋਂ ਤੋੜ ਕੇ। ਡਾ. ਹਰਿਭਜਨ ਸਿੰਘ ਅਨੁਸਾਰ,

"ਹਰ ਸੰਰਚਨਾ ਆਪਣੇ ਆਪ ਵਿਚ ਪੂਰਨ ਅਤੇ ਸਮਝਣਯੋਗ ਹੈ। ਇਸ ਪੂਰਨ ਸੰਰਚਨਾ ਦੇ ਅੰਗ ਹਨ, ਪਰ ਸੰਰਚਨਾ ਨੂੰ ਅੰਗਾਂ ਵਿਚ ਤੋੜ ਕੇ ਸਮਝਿਆ ਨਹੀਂ ਜਾ ਸਕਦਾ। ਅੰਗ ਇਕ ਦੂਜੇ ਨਾਲ ਰਿਸ਼ਤਾ ਥਾਪਦੇ ਹਨ। ਸੰਪੂਰਨ ਸੰਰਚਨਾ ਹੀ ਕਾਰਜਸ਼ੀਲ ਹੋਣ ਵਿਚ ਸਮਰੱਥ ਹੈ। ਇਸ ਨੂੰ ਸਮਝਣ ਲਈ ਨਾ ਤਾਂ ਇਸ ਨੂੰ ਆਪਣੇ ਹੀ ਅੰਗਾਂ ਵਿਚ ਤੋੜਨਾ ਜ਼ਰੂਰੀ ਹੈ ਅਤੇ ਨਾ ਹੀ ਇਸ ਨੂੰ ਬਾਹਰਲੇ ਖੇਤਰਾਂ ਨਾਲ ਸੰਬੰਧਿਤ ਕਰਨ ਦੀ ਲੋੜ ਹੈ।"[2]

ਕਹਾਣੀ ਉਤਰ ਆਧੁਨਿਕਯੁੱਗ ਬਾਰੇ ਸੰਕੇਤ ਦਿੰਦੀ ਹੈ ਪਰ ਕਹਾਣੀ ਉੱਤਰ ਆਧੁਨਿਕ ਨਹੀਂ। ਪੂਨਮ ਕੰਪਿਊਟਰਯੁਗ ਦੀ ਕਰੀਅਰ ਕਾਨਸ਼ੀਅਸ ਕੁੜੀ ਹੈ ਉਹ ਕੰਪਿਊਟਰ ਮੇਨਟੇਨੈਂਸ 'ਚ ਬੀ. ਐੱਸ. ਸੀ. ਹੈ ਤੇ ਸਿਸਕੋ ਸਰਟੀਫਾਈਡ ਐਸੋਸੀਏਟ ਦਾ ਡਿਪਲੋਮਾ ਕਰ ਰਹੀ ਹੈ। ਪੁਰਾਣੀ ਪੀੜ੍ਹੀ ਨਾਲ ਟਕਰਾਓ ਹੋਣ ਦੇ ਬਾਵਜੂਦ ਉਹ ਇਕਹਿਰੀਆਂ ਤੇ ਸਰਲ ਪ੍ਰਸਥਿਤੀਆਂ ਵਿੱਚ ਪੈਂਦੀ ਹੈ। ਕਹਾਣੀ ਸਮੱਸਿਆ ਮੂਲਕ ਹੈ ਪਰ ਬਹੁਧੁਨੀਆਂ ਨੂੰ ਨਹੀਂ ਪ੍ਰਸਤੁਤ ਕਰਦੀ। ਇਕ ਕੇਂਦਰੀ ਸਮੱਸਿਆ ਨਾਲ ਸੰਬੰਧਿਤ ਇਹ ਕਹਾਣੀ ਪੂੰਜੀਵਾਦੀ ਯੁਗ ਦੀਆਂ ਲੋੜਾਂ ਨੂੰ ਪ੍ਰਸਤੁਤ ਕਰਦੀ ਹੈ। ਡਾ. ਸੁਤਿੰਦਰ ਸਿੰਘ ਨੂਰ ਅਨੁਸਾਰ,

"ਆਧੁਨਿਕਤਾਵਾਦ ਨੇ ਆਪਣੇ ਆਪ ਨੂੰ ਇਕਹਿਰੇ ਸੰਕਲਪ ਨਾਲ, ਜਿਸ ਦੀਆਂ ਜੜ੍ਹਾਂ ਵਧੇਰੇ ਪੂੰਜੀਵਾਦ ਵਿਚ ਹਨ, ਨਿਰੰਕੁਸ਼ਤਾ ਵਿਚ ਸਨ, ਉਸ ਨਾਲ ਸੰਬੰਧਿਤ ਕਰ ਲਿਆ, ਪਰ ਉੱਤਰ ਆਧੁਨਿਕਤਾ ਇਸ ਇਕਹਰੇਪਨ ਤੋਂ ਵਿਦਰੋਹ ਦਾ ਐਲਾਨਨਾਮਾ ਹੈ। ਇਸ ਵਿਚ ਇਕ ਵਿਚਾਰਧਾਰਾ, ਇਕ ਚਿੰਤਨ ਕੱਟੜਵਾਦ ਦੀ ਸਰਦਾਰੀ ਨਹੀਂ ਰਹਿੰਦੀ। ਇਸ ਦਾ ਕੇਂਦਰੀ ਸ਼ਬਦ ਸਮਾਂਨਤਰਤਾ ਹੈ। ਵੱਧ ਵਿਚਾਰਧਾਰਾਵਾਂ, ਸਭਿਆਚਾਰ, ਚਿੰਤਕ ਬਰਾਬਰ ਵਿਚਰਦੇ ਹਨ। ਉੱਤਰ-ਆਧੁਨਿਕਤਾ ਕੇਂਦਰੀਕਰਨ ਨਾਲ ਨਹੀਂ ਵਿਕੇਂਦਰੀਕਰਨ ਨਾਲ ਸੰਬੰਧਿਤ ਹੁੰਦੀ ਹੈ।"[3]

'ਰਫ਼ਤਾਰ' ਦਾ ਸਭਿਆਚਾਰਕ ਪ੍ਰਕਰਣ ਨਿਰੰਤਰ ਬਦਲਦੇ ਸਮਾਜ ਦੀ ਪ੍ਰਤੀਨਿਧਤਾ ਕਰਦਾ ਸਭਿਆਚਾਰਕ ਪ੍ਰਕਰਣ ਹੈ। 'ਰਫ਼ਤਾਰ' ਦੀ ਰਫ਼ਤਾਰ' ਤੇਜ਼ ਹੈ। ਆਧੁਨਿਕ ਯੁੱਗ ਵਿਚ ਹਰ ਕੰਮ ਇਸੇ ਤੇਜ਼ ਰਫ਼ਤਾਰ ਨਾਲ ਹੁੰਦਾ ਹੈ। ਕੰਪਿਊਟਰ ਦੇ ਮੋਨੀਟਰ ਤੇ ਆਉਂਦੇ ਅਖੀਰਲੇ ਪ੍ਰਸ਼ਨ ਦੇ ਜੁਆਬ ਦੇਣ ਤੇ ਹੀ ਰਿਜ਼ਲਟ ਦਾ ਸਮਾਂ ਹੈ। ਪੜ੍ਹਾਈ ਵਿਚ ਵੀ ਉਹਨਾਂ ਵਿਸ਼ਿਆ ਦੀ ਚੋਣ ਕੀਤੀ ਜਾਂਦੀ ਹੈ ਜਿਹਨਾਂ ਵਿਸ਼ਿਆ ਦੀ ਮਾਰਕਿਟ ਵਿੱਚ ਮੰਗ ਹੈ। ਕਹਾਣੀ ਦਾ ਸਿਰਲੇਖ ਵੀ ਸੁਝਾਉ ਰੂਪ ਵਿਚ ਵਿਸ਼ਵੀਕਰਨ ਦੇ ਦੌਰ ਵਿੱਚ ਰਫ਼ਤਾਰ ਦੇ ਮਹੱਤਵ ਨੂੰ ਦਰਸਾਉਂਦਾ ਹੈ। ਨਵੀਂ ਪੀੜ੍ਹੀ ਦੀ ਰਫ਼ਤਾਰ ਪੁਰਾਣੀ ਪੀੜ੍ਹੀ ਦੇ ਵਿਚਾਰਾਂ ਦੀ ਰਫ਼ਤਾਰ ਨਾਲੋਂ ਤੇਜ ਹੈ ਇਹੀ ਤੇਜੀ ਖਿਚਾਓ ਤੇ ਟਕਰਾਓ ਜੋੜ ਸਕਣ ਦੇ ਸਮਰੱਥ ਨਹੀਂ। ਦਸਵੇਂ ਦਹਾਕੇ ਵਿਚ ਰਚੀ ਅਜਿਹੇ ਸਭਿਆਚਾਰਕ ਪ੍ਰਕਰਣ ਦੀ ਪੇਸ਼ਕਾਰੀ ਕਰਦੀ ਕਹਾਣੀ ਬਾਰੇ ਡਾ. ਧਨਵੰਤ ਕੌਰ ਦਾ ਮਤ ਹੈ,

"ਵਿਸ਼ਵਵਿਆਪੀਕਰਨ ਦਾ ਨਵਾਂ ਸਭਿਆਚਾਰਕ ਪ੍ਰਕਰਣ ਤੇ ਉਤਰ ਆਧੁਨਿਕ ਈਥੋਸ ਇਸ ਨਵੀਂ ਰਚਨਾ ਦ੍ਰਿਸ਼ਟੀ ਦਾ ਪਰਿਪੇਖ ਸਿਰਜਦਾ ਜਾਪਦਾ ਹੈ। ਸੁਪ੍ਰਸਿੱਧ ਮਾਰਕਸਵਾਦੀ ਆਲੋਚਕ ਟੈਰੀ ਇਗੀਲਿਟਨ ਇਸ ਨਵੇਂ ਸਭਿਆਚਾਰਕ ਪ੍ਰਕਰਣ ਨੂੰ ਨਿਰੰਤਰ ਤਬਦੀਲੀ ਵਾਲਾ, ਲਗਾਤਾਰ ਤਬਦਲੀ ਵਾਲਾ, ਅਸਥਿਰ ਬਿਰਤੀ ਵਾਲਾ ਦੇ ਖੁੱਲੇ ਅੰਤ ਵਾਲਾ ਦਰਸਾ ਰਿਹਾ ਹੈ।[4]"

ਵਿਸ਼ਵੀਕਰਨ ਦੇ ਸੰਦਰਭ ਵਿਚ ਇਸ ਕਹਾਣੀ ਦਾ ਵਿਸ਼ੇਸ਼ ਮਹੱਤਵ ਹੈ। ਪੱਛਮੀ ਸੰਸਕ੍ਰਿਤੀ, ਉਪਭੋਗਤਾਵਾਦੀ ਸੰਸਕ੍ਰਿਤੀ ਦਾ ਪ੍ਰਗਟਾਵਾ ਪੂਨਮ ਦੇ ਚਰਿਤਰ ਰਾਹੀਂ ਭਲੀਭਾਂਤ ਹੋ ਜਾਂਦਾ ਹੈ, ਪੂਨਮ ਦਾ ਪਿਤਾ ਵੀ ਉਸਦੇ ਇਸ ਚਰਿਤਰ ਦਾ ਸਮਰਥਨ ਕਰਦਾ ਹੈ ਉਸ ਅਨੁਸਾਰ ਸੂਚਨਾਵਾਂ ਦੇ ਵੱਡੇ ਦੌਰ ਵਿਚ ਸਥਿਤੀਆਂ ਬੇਹਦ ਜਟਿਲ ਹਨ। ਬਾਜ਼ਾਰ ਤੇ ਹਾਲਾਤਾਂ ਦੇ ਦਬਾਓ ਦੀ ਚਿੰਤਾਜਨਕ ਸਥਿਤੀ ਵਿੱਚ ਬੱਚਿਆ ਨੂੰ ਦੋ ਰਾਹ ਦਾ ਰੋੜਾ ਨਹੀਂ ਬਣਨਾ ਚਾਹੀਦਾ। ਵਿਸ਼ਵੀਕਰਨ ਦੇ ਪ੍ਰਭਾਵ ਕਰਕੇ ਹੀ ਪੂਨਮ ਤੇ ਉਸਦੀ ਮਾਂ ਵਿਚ ਖਿਚਾਓ ਹੈ। ਉਸ ਅਨੁਸਾਰ ਪੂਨਮ ਦੀ ਦੁਨੀਆਂ ਉਸ ਲਈ ਅਨੋਖੀ ਹੈ। ਉਹ ਤੇ ਉਸਦੀ ਮਿੱਤਰ ਮੰਡਲੀ ਕੰਪਿਊਟਰ ਅੱਗੇ ਬੈਠ ਜਾਂਦੀ। ਉਹ ਇੰਟਰਨੈੱਟ ਦੀਆਂ ਵੱਖ ਵੱਖ ਫਾਈਲਾਂ ਖੋਲਦੇ, ਬਹਿਸਦੇ, ਵੱਖ ਵੱਖ ਵੈਬਸਾਈਟਾਂ ਦੇਖਦੇ। ਵਿਸ਼ਵ ਪੱਧਰ ਤੇ ਵਿਦਿਆ ਵਿੱਚ ਆਉਣ ਵਾਲੀਆਂ ਤਬਦੀਲੀਆਂ ਪ੍ਰਤੀ ਜਾਗਰੂਕ ਹਨ। ਪੂਨਮ ਤੇ ਉਸ ਦੇ ਦੋਸਤ ਹਰਸੂਰਤ ਵਿੱਚ ਇਸੇ ਗੱਲ ਦਾ ਚਰਚਾ ਹੈ। ਹਰਸੂਰਤ ਉਸ ਨੂੰ ਮਿਲਵੌਰਨ ਵਿਚ ਆਰ. ਐਮ. ਆਈ ਯੂਨੀਵਰਸਿਟੀ ਵਿਚ ਐਮ.



ਆਈ. ਟੀ. ਦੀ ਡਿਗਰੀ ਦੀ ਐਡਵਰਟਾਈਜ਼ਮੈਂਟ ਬਾਰੇ ਦਸਦਾ ਹੈ। ਹਰਸੂਰਤ ਉੱਥੇ ਐਪਲਾਈ ਕਰਨ ਦਾ ਵਿਚਾਰ ਬਣਾ ਲੈਂਦਾ ਹੈ।

ਡੇਵਿਡ ਹੇਲਡ ਦੁਆਰਾ ਸੰਪਾਦਿਤ 'ਗਲੋਬਲ ਟਰਾਂਸਫਾਰਮੇਸ਼ਨਜ਼' ਵਿਚ ਵਿਸ਼ਵੀਕਰਨ ਦੇ ਇਤਿਹਾਸ, ਉਸਦੀ ਕ੍ਰਮਵਾਰ ਸੰਰਚਨਾ ਤੇ ਉਸਦੇ ਪ੍ਰਭਾਵਾਂ ਦੀਆਂ ਤਾਲਿਕਾਵਾਂ ਦਿੱਤੀਆਂ ਗਈਆਂ ਹਨ। ਸੁਧੀਸ਼ ਪਚੌਰੀ ਆਪਣੀ ਪੁਸਤਕ 'ਭੂਮੰਡਲੀਕਰਨ ਔਰ ਉੱਤਰ-ਸਾਂਸ਼ਕ੍ਰਿਤਿਕ ਵਿਮਰਸ਼' ਵਿਚ ਉਹਨਾਂ ਦਾ ਸੰਖੇਪ ਵਰਣਨ ਹੇਠ ਲਿਖੇ ਅਨੁਸਾਰ ਕਰਦੇ ਹਨ।[5]

ਪੂਰਵ ਆਧੁਨਿਕ ਕਾਲ ਵਿਚ ਭੂਮੰਡਲੀਕਰਨ

ਭੂਮੰਡਲੀਕਰਨ ਦੇ ਕੇਂਦਰ ਵਿੱਚ ਧਰਮ ਸਨ। ਪਲੇਗ ਆਦਿ ਮਹਾਂਮਾਰੀਆਂ ਸਨ। ਇਸ ਦੌਰ ਵਿੱਚ ਹੱਥ ਲਿਖਤਾਂ ਤੋਂ ਕੁਝ ਖੇਤਰਾਂ ਵਿੱਚ ਪ੍ਰਿੰਟ ਤਕ ਆਏ। ਆਵਾਜਾਈ ਜਾਨਵਰਾਂ ਦੇ ਰਾਹੀਂ ਰਹੀ। ਕੁਝ ਸੜਕਾਂ ਦੇ ਜਾਲ ਬਣੇ। ਸਮੁੰਦਰ ਯਾਤਰਾ ਵਿਚ ਵਿਕਾਸ ਹੋਇਆ। ਵਿਵਸਥਾਵਾਂ ਦਮਨਕਾਰੀ ਰਹੀਆਂ। ਧਾਰਮਿਕ ਵਿਚਾਰਧਾਰਾਵਾਂ ਦੀਆਂ ਰਹੀਆਂ।

ਆਧੁਨਿਕ ਕਾਲ ਦੇ ਆਰੰਭ ਵਿੱਚ ਭੂਮੰਡਲੀਕਰਨ

ਰਾਜਨੀਤਿਕ ਵਿਕਾਸ ਹੋਏ। ਮੰਡੀ ਦੀ ਭਾਲ ਵਧੀ। ਉਪਨਿਵੇਸ਼ ਬਣੇ। ਯੂਰਪ ਕੇਂਦਰਿਤ ਵਿਕਾਸ ਹੋਇਆ। ਸਾਮਰਾਜ ਬਣੇ ਯੂਰਪੀ ਖੋਜਾਂ ਨੇ ਸੰਚਾਰ ਤੇਜ ਕੀਤੇ। ਮਸ਼ੀਨੀ ਪ੍ਰਿੰਟ ਸ਼ੁਰੂ ਹੋਇਆ। ਉਦਯੋਗਿਕ ਕ੍ਰਾਂਤੀ ਦੀ ਤਾਕਤ ਉਪਨਿਵੇਸ਼ਾਂ ਵਿਚ ਲੱਗੀ। ਡਾਕ ਤਾਰ ਵਿਵਸਥਾ ਆਈ, ਇਸ ਦੌਰ ਵਿਚ ਰਾਜਨੀਤਿਕ ਵਿਵਸਥਾਵਾਂ ਦਮਨਕਾਰੀ ਰਹੀਆਂ। ਸ਼ੀਤਯੁੱਧ ਰਿਹਾ, ਧਾਰਮਿਕ ਵਿਚਾਰਧਾਰਾਤਮਕਤਾ ਦਾ ਕੇਂਦਰੀਕਰਨ ਰਿਹਾ।

ਆਧੁਨਿਕ ਕਾਲ ਵਿੱਚ ਭੂਮੰਡਲੀਕਰਨ

ਯੂਰਪੀ ਗਲੋਬਲ ਸਾਮਰਾਜ ਬਣੇ। ਭੂਮੰਡਲੀ ਸਤਰ, ਪੱਛਮੀ ਸੈਕੂਲਰ ਵਿਮਰਸ਼ ਤੇ ਵਿਚਾਰਧਾਰਾ ਫੈਲੀ। ਵਿਸ਼ਵ ਅਰਥਵਿਵਸਥਾ ਆਈ। ਕੰਬਸ਼ਨ ਇੰਜਨ ਬਣੇ। ਰੇਡੀਓ ਟੀ. ਵੀ. ਆਏ। ਵਿਵਸਥਾਵਾਂ ਦਮਨਕਾਰੀ ਰਹੀਆਂ। ਸੈਕੂਲਰ ਵਿਚਾਰਧਾਰਾਤਮਕਤਾ ਵਧੀ। ਮੁਕਾਬਲੇਬਾਜ਼ੀ ਰਹੀ।

ਸਮਕਾਲੀਨ ਭੂਮੰਡਲੀਕਰਨ ਦਾ ਦੌਰ

ਭੂਮੰਡਲੀਕਰਨ ਵਿਚ ਉਤਰ ਸ਼ੀਤ ਯੁੱਧ ਦੇ ਸੰਬੰਧ ਬਣੇ। ਵਿਸ਼ਵ ਪ੍ਰਸ਼ਾਸਨ ਦੀ ਗੱਲ ਬਣੀ। ਅੰਤਰ ਰਾਸ਼ਟਰੀ ਕਾਨੂੰਨ ਹੋਂਦ ਵਿਚ ਆਏ। ਉੱਤਰ-ਬ੍ਰੇਟਨਵੁੱਡ ਕਾਲ ਵਿਚ ਆਰਥਿਕ ਭੂਮੰਡਲੀਕਰਨ ਵਧਿਆ। ਵਿਸ਼ਵ ਬਜ਼ਾਰ ਬਣਿਆ, ਤਕਨੀਕ ਦੇ ਆਦਾਨ-ਪ੍ਰਦਾਨ ਦੀ ਗੱਲ ਆਈ। ਅੰਤਰਨਿਰਭਰਤਾ ਵਧੀ। ਮਾਈਗਰੇਸ਼ਨ ਤੇ ਵਿਦੇਸ਼ ਯਾਤਰਾ ਵਧੀ, ਪਰਵਾਸ ਤੇ ਵਿਸਥਾਪਨ ਵਧਿਆ। ਵੱਡੀ ਸੰਖਿਆ ਵਿੱਚ ਅਬਾਦੀ ਇਕ ਦੇਸ਼ ਤੋਂ ਦੂਜੇ ਦੇਸ਼ ਹਰ ਰੋਜ਼ ਆਣ ਜਾਣ ਲੱਗੀ। ਵਿਸ਼ਵ ਵਿੱਚ ਦੋ ਕਰੋੜ ਲੋਕ ਹਰ ਰੋਜ਼ ਆਂਦੇ ਜਾਂਦੇ ਹਨ। ਬਹੁਰਾਸ਼ਟਰੀ ਨਿਗਮਾਂ ਦਾ ਜ਼ੋਰ ਵਧਿਆ। ਮੀਡੀਆ ਦਾ ਜ਼ੋਰ ਵਧਿਆ। ਪੱਛਮੀ ਪਾਪੂਲਰ ਕਲਚਰ ਦਾ ਵਿਸਤਾਰ ਹੋਇਆ, ਸੰਚਾਰ ਤੇ ਆਵਾਗਮਨ ਦੇ ਨਵੇਂ ਜਾਲ ਬਣੇ। ਟੈਲੀਫੋਨ, ਕੰਪਿਊਟਰ ਤੇ ਡਿਜਿਟਲਾਈਜ਼ੇਸਨ ਹੋਇਆ। ਗਲੋਬਲ ਕੇਬਲ ਹੋ ਗਿਆ। ਉਪਗ੍ਰਹਿ ਹੋ ਗਿਆ। ਇੰਟਰਨੈੱਟ ਟੀ. ਵੀ. ਰੇਡੀਓ ਟੈਲੀਫੋਨ ਜੁੜ ਗਏ। ਦਮਨ ਦੀ ਥਾਂ ਮੁਕਾਬਲੇ, ਸਹਿਯੋਗ ਤੇ ਵਿਚਾਰਧਾਰਾਤਮਕ ਸੰਸਕ੍ਰਿਤਕ ਵਿਚਾਰ-ਵਿਮਰਸ਼ਾਂ ਨੇ ਲੈ ਲਈ। ਸੁਧੀਸ਼ ਪਚੌਰੀ ਅਨੁਸਾਰ ਭੂਮੰਡਲੀਕਰਨ ਇਕ ਵਿਰਾਟ ਤੇ ਜਟਿਲ ਇਤਿਹਾਸਕ ਪ੍ਰਕਿਰਿਆ ਹੈ ਤੇ ਉਸਨੂੰ ਅਜਿਹੀ ਜਟਿਲਤਾ ਵਿੱਚ ਹੀ ਵੇਖਿਆ ਜਾਣਾ ਚਾਹੀਦਾ ਹੈ।

ਸਹਾਇਕ ਪੁਸਤਕਾਂ-

1. ਰਜਨੀਸ਼ ਬਹਾਦਰ ਸਿੰਘ, 'ਸਮਕਾਲੀ ਪੰਜਾਬੀ ਕਹਾਣੀ-ਪਾਠਗਤ ਅਧਿਐਨ', ਪੰਨਾ-18, ਚੇਤਨਾ ਪ੍ਰਕਾਸ਼ਨ , 2005


2. ਡਾ. ਹਰਿਭਜਨ ਸਿੰਘ, 'ਸਾਹਿਤ ਅਧਿਐਨ', ਪੰਨਾ 70 , ਗੁਰੂ ਨਾਨਕ ਦੇਵ ਯੂਨੀਵਰਸਿਟੀ ਪ੍ਰਕਾਸ਼ਨ, 2002

3. ਸੁਤਿੰਦਰ ਸਿੰਘ ਨੂਰ, ਪ੍ਰੀਤਮ ਸਿੰਘ ਬਤਰਾ (ਸੰਪਾਦਕ), 'ਉੱਤਰ ਆਧੁਨਿਕਤਾ ਕਲਾ ਤੇ ਸਾਹਿਤ', (ਭੂਮਿਕਾ), ਪੰਜਾਬੀ ਅਕਾਦਮੀ ਦਿੱਲੀ, 1998

4. ਧਨਵੰਤ ਕੌਰ, 'ਪੰਜਾਬੀ ਕਹਾਣੀ ਸ਼ਾਸਤਰ', ਪੰਨਾ-53, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003

5. ਸੁਧੀਸ਼ ਪਚੌਰੀ , 'ਭੂਮੰਡਲੀਕਰਨ ਔਰ ਉਤਰ ਸਾਂਸਕ੍ਰਿਤਿਕ ਵਿਮਰਸ਼', ਪੰਨਾ-11, ਪ੍ਰਵੀਨ ਪ੍ਰਕਾਸ਼ਨ, ਨਵੀਂ ਦਿੱਲੀ, 2003

## ਦਰਸ਼ਨ ਪਰੰਪਰਾ (ਗਿਆਨ ਸਿੰਘ ਬੱਲ)




ਇਹ ਕਿਤਾਬ (ਪ੍ਰਕਾਸ਼ਕ ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, ਕੀਮਤ 50 ਰੁਪਏ, ਸਫ਼ੇ 120) ਇਕ ਗੰਭੀਰ ਵਿਸ਼ੇ ਨੂੰ ਬੜਾ ਰੌਚਕ ਬਣਾ ਕੇ ਪੇਸ਼ ਕਰਦੀ ਹੈ। ਇਸ ਅੰਦਰ ਗਿਆਰਾ ਨਿਬੰਧ ਹਨ ਜੋ ਭਾਰਤੀ ਦਰਸ਼ਨ ਦੀ ਤਾਰੀਖ਼ ਦਾ ਖ਼ੁਲਾਸਾ ਕਰਦੇ ਹਨ। ਪਰ ਇਹ ਤਾਰੀਖ਼ ਰਿਵਾਇਤੀ ਇਤਿਹਾਸਿਕ ਕਿਤਾਬਾਂ ਤੋਂ ਹੱਟ ਕੇ ਹੈ। ਇਸ ਦੇ ਵਿਸ਼ੇ ਯੁੱਗਾਂ ਜਾਂ ਸਦੀਆਂ ਦੀ ਤਰਤੀਬ ਮੁਤਾਬਿਕ ਨਹੀਂ ਪੇਸ਼ ਕੀਤੇ ਗਏ। ਸਗੋਂ ਮਜ਼ਮੂਨ ਨੂੰ ਗਿਆਰਾਂ ਕੇਂਦਰੀ ਖੰਡਾਂ ਵਿਚ ਵੰਡ ਕੇ, ਹਰ ਸਮੱਸਿਆ ਨੂੰ ਸਮਕਾਲੀ ਬਣਾ ਕੇ, ਪੇਸ਼ ਕੀਤਾ ਗਿਆ ਹੈ। ਫੇਰ ਵੀ ਇਹ ਕਿਰਤ ਪ੍ਰਚੀਨ ਭਾਰਤੀ ਫਿਲਾਸਫੀ ਦਾ ਹਰ ਪੱਖ ਪਾਠਕ ਸੌਂਹੇ ਲਿਆਉਂਦੀ ਹੈ।

ਕਿਤਾਬ ਦੇ ਮੁੱਖ ਦਰਸ਼ਨ ਹਨ ਅਨੁਭਵਵਾਦ, ਪਦਾਰਥਵਾਦ, ਗਿਆਨ ਮੀਮਾਂਸਾ, ਰੱਬੀ ਸੰਕਲਪ, ਜਾਤ-ਗੋਤਰ, ਸਭਿਆਚਾਰਕ ਅਖ਼ੀਰਵਾਦ, ਧਰਮ ਨਿਰਪੱਖਤਾ, ਮਾਨਵਤਾਵਾਦ ਅਤੇ ਸਮਾਜ ਸੇਵਾ। ਲੇਖਕ ਉਨ੍ਹਾਂ ਸਭ ਦਰਸ਼ਨ ਪਰੰਪਰਾਵਾਂ ਦੀ ਵਿਆਖਿਆ ਕਰਦਾ ਹੈ ਜੋ ਭਾਰਤੀ ਵਿਦਵਾਨਾਂ ਨੇ ਉਪਨਿਸ਼ਦਾ ਅੰਦਰ, ਸਮਰਿਤੀ ਸ਼ਾਸਤਰਾਂ ਅੰਦਰ, ਵਿਚਾਰੀਆਂ ਹਨ। ਗਿਆਨ ਸਿੰਘ ਬੱਲ ਦਰਸ਼ਨ ਵਰਗੇ ਰੁੱਖੇ ਵਿਸ਼ੇ ਨੂੰ ਦਿਲਚਸਪ ਬਣਾਉਣ ਦੀ ਕਾਬਲੀਅਤ ਰਖਦਾ ਹੈ। ਇਸ ਟੀਚੇ ਦੀ ਪ੍ਰਾਪਤੀ ਵਾਸਤੇ ਬੱਲ ਨੇ ਕੁੱਝ ਸਿਆਣੀਆਂ ਜੁਗਤਾਂ ਵਰਤੀਆਂ ਹਨ। ਕਿਸੀ ਵੀ ਪਰੰਪਰਾ ਨੂੰ ਉਹ ਇਕਹਿਰੀ ਨਹੀਂ ਪੇਸ਼ ਕਰਦਾ। ਹਰ ਪਰੰਪਰਾ ਦੇ ਸਮਾਨਾਂਤਰ ਚੱਲਣ ਵਾਲੀਆਂ ਦੂਜੀਆਂ ਪਰੰਪਰਾਵਾਂ ਨੂੰ ਵੀ ਉਹ ਨਾਲੋਂ ਨਾਲੋਂ ਦਰਸਾਉਂਦਾ ਰਹਿੰਦਾ। ਹਿੰਦੂ ਦਰਸ਼ਨ ਸ਼ਾਸਤਰਾਂ ਦੇ ਮੁਕਾਬਲੇ ਵਿਚ ਗਿਆਨ ਸਿੰਘ ਬੱਲ ਬੁੱਧ ਮੱਤ, ਜੈਨ ਧਰਮ, ਅਤੇ ਚਾਰਵਾਕ ਚਿੰਤਨ ਲਿਆ ਕੇ ਖੜੇ ਕਰਦਾ ਹੈ। ਇੱਕ ਦੂਜੇ ਦੇ ਕਾਟਵੇਂ ਤਰਕ ਨਾਲੋਂ ਨਾਲ ਚਲਦੇ ਰਹਿੰਦੇ। ਕੋਈ ਵੀ ਪਾਠਕ ਹਰ ਨੁਕਤੇ ਦਾ ਮੁਲਾਂਕਣ ਲਗਾਤਾਰ ਕਰ ਸਕਦਾ ਹੈ। ਹਰ ਦਰਸ਼ਨ ਨੂੰ ਦੇਸ ਕਾਲ ਦੀਆਂ ਜ਼ੰਜੀਰਾਂ ਤੋਂ ਬਾਹਰ ਕੱਢ ਸਕਦਾ ਹੈ। ਉਸ ਦਾ ਟਕਰਾਓ ਦੂਜੇ ਸਮਿਆਂ ਦੇ, ਮੁਲਕਾਂ ਦੇ ਵਿਚਾਰਕਾਂ ਨਾਲ ਕਰਦਾ ਹੈ। ਪ੍ਰਚੀਨ ਭਾਰਤੀ ਚਿੰਤਕਾਂ ਨੂੰ ਭਗਤੀਕਾਲ ਦੇ ਸੰਤਾਂ, ਕਵੀਆਂ, ਸੂਫੀਆਂ ਦੀ ਆਲੋਚਨਾ ਸਮੇਤ ਉਲੀਕਦਾ ਹੈ। ਹਰ ਵਿਚਾਰ ਨੂੰ ਲੇਖਕ ਜਿਹੜੀ ਕਸੌਟੀ ਉੱਤੇ ਘਸਾਉਂਦਾ ਹੈ ਉਹ ਹੈ ਕੀ ਇਹ ਦਰਸ਼ਨ ਅੱਜ ਵੀ ਸਮਾਜ ਵਾਸਤੇ ਲਾਹੇਵੰਦ ਹੈ ਜਾਂ ਨੁਕਸਾਨਦੇਹ ? ਜਾਤੀ ਗੋਤਰ ਹੋਵੇ ਜਾਂ ਵਰਣ ਆਸ਼ਰਮ , ਧਰਮ, ਗਿਆਨ ਸਿੰਘ ਬੱਲ ਉਸ ਨੂੰ ਗਰੀਬਾਂ ਦੇ ਨਜ਼ਰੀਏ ਤੋਂ ਪਰਖਦਾ ਹੈ। ਜਿਸ ਜਾਤੀਵਾਦ ਨੇ ਸਦੀਆਂ ਤੱਕ ਕਰੋੜਾਂ ਕਾਮਿਆਂ ਉੱਤੇ 'ਸ਼ੂਦਰ' ਹੋਣ ਦੇ ਨਾਉਂ ਤੇ ਜ਼ੁਲਮ ਢਾਹੇ, ਬੱਲ ਉਸ ਜ਼ਹਿਰ ਭਰੇ ਦਰਸ਼ਨ ਦੇ ਬਖੀਏ ਉਧੇੜਦਾ ਹੈ। ਅਤੇ ਇਸ ਅਜੋਕੇ ਨਜ਼ਰੀਏ ਨੂੰ ਬੱਲ ਡਾ. ਅੰਬੇਡਕਾਰ ਵਰਗੇ ਮਹਾਨ ਚਿੰਤਕਾਂ ਦੇ ਵਿਚਾਰਾਂ ਨਾਲ ਭਿੜਾਉਂਦਾ ਹੈ।

ਅਲੱਗ ਅਲੱਗ ਦਰਸ਼ਨ ਪਰੰਪਰਾਵਾਂ ਦੇ ਆਪਸੀ ਟਕਰਾਉ ਦਾ ਇਕ ਹੋਰ ਵੀ ਸੁਖਾਵਾਂ ਪੱਖ ਇਸ ਕਿਤਾਬ ਅੰਦਰ ਲਗਾਤਾਰ ਮਿਲਦਾ ਹੈ। ਇਹ ਸਿਰਫ ਹਿੰਦੋਸਤਾਨੀ ਫਿਲਾਸਫੀ ਬਾਰੇ ਕਿਤਾਬ ਨਹੀ? ਇਸ ਵਿਚ ਪ੍ਰਚੀਨ ਯੂਨਾਨ ਤੋਂ ਲੈ ਕੇ ਅੱਜ ਦੇ ਯੂਰਪੀ ਵਿਚਾਰਕਾਂ ਦੇ ਹਵਾਲੇ ਵੀ ਮਿਲ ਜਾਂਦੇ ਹਨ।

ਇਸ ਕਿਰਤ ਦਾ ਜੋ ਪਹਿਲੂ ਮੈਨੂੰ ਸਭ ਤੋਂ ਤਾਕਤਵਾਰ ਲੱਗਾ ਉਹ ਹੈ ਇਸ ਦੀ ਪ੍ਰੇਰਣਾ ਸ਼ਕਤੀ। ਹਰ ਨਿਬੰਧ ਜ਼ਰੀਏ, ਗਿਆਨ ਸਿੰਘ ਬੱਲ ਸਾਨੂੰ ਸਮਾਜ ਸੁਧਾਰ ਵਾਸਤੇ ਵੰਗਾਰਦਾ ਹੈ। ਆਪਣੇ ਪ੍ਰਬੰਧਕੀ ਤਜ਼ਰਬੇ ਚੋਂ ਉਹ ਅਸਰਦਾਰ ਮਸਾਲਾਂ ਲਿਆਉਂਦਾ ਹੈ। ਤੱਕੋ ਉਸ ਦੀ ਬਿਆਸ ਕੰਢੇ ਦੇ ਦੋ ਪਿੰਡਾਂ ਦੀ ਤਸਵੀਰਕਸ਼ੀ। ਇੱਕ ਪਿੰਡ ਵਿਚ ਮੰਦਰ-ਗੁਰਦੁਆਰੇ ਜਾਣ ਵਾਲੇ ਵਹਿਮੀਆਂ ਦੀ ਵਸੋਂ




ਵੱਧ ਸਿਗੀ। ਉਸ ਨੂੰ ਹੜ੍ਹਾਂ ਦੀ ਮਾਰ ਝੱਲਣੀ ਪਈ। ਦੂਜੇ ਪਿੰਡ ਵਿਚ ਸਵੈ-ਨਿਰਭਰ ਤਰਕਸ਼ੀਲ ਵੱਧ ਸਨ। ਉਨ੍ਹਾਂ ਬਰਸਾਤਾਂ ਤੋਂ ਪਹਿਲਾਂ ਬੰਨ੍ਹ ਦੀ ਮੁਰੰਮਤ ਕਰ ਲਈ। ਤੇ ਇੰਝ ਹੜ੍ਹਾਂ ਤੋਂ ਬਚ ਗਏ। ਕਿਉਂਕਿ ਗਿਆਨ ਸਿੰਘ ਬੱਲ ਪੂਰੀ ਉਮਰ ਉੱਚੇ ਪ੍ਰਬੰਧਕੀ ਅਹੁੱਦਿਆਂ ਤੇ ਰਹਿ ਕੇ ਸਮਾਜੀ ਮਸਲਿਆਂ ਨਾਲ ਜੂਝਦਾ ਰਿਹਾ ਹੈ। ਉਸ ਕੋਲ ਹਰ ਦਰਸ਼ਣ ਪਰੰਪਰਾ ਨੂੰ ਪਰਖਣ ਵਾਸਤੇ ਨਿੱਜੀ ਤਜਰਬਾ ਹੈ.

ਇਸ ਕਿਤਾਬ ਦੀ ਇਕ ਹੋਰ ਖ਼ੂਬੀ ਹੈ ਇਸ ਦੀ ਭੂਮਿਕਾ ਗੰਭੀਰ ਨਾਟਕਕਾਰ ਸਵਰਾਜਬੀਰ ਨੇ ਮੁੱਖ ਦਰਸ਼ਨਿਕਾਂ ਨੂੰ ਭਗਤੀਕਾਲ ਦੇ ਸ਼ਾਇਰਾਂ ਨਾਲ ਖੜਾ ਕਰਕੇ ਸਾਡਾ ਸਹੀ ਮਾਰਗ ਦਰਸ਼ਨ ਕੀਤਾ ਹੈ। ਗਿਆਨ ਸਿੰਘ ਬੱਲ ਦੀ 'ਦਰਸ਼ਨ ਪਰੰਪਰਾ' ਉਲੱਥਾ ਹੋ ਕੇ ਹਰ ਭਾਰਤੀ ਪਾਠਕ ਕੋਲ ਪਹੁੰਚਣੀ ਚਾਹੀਦੀ ਹੈ।

–ਚਰਨਦਾਸ ਸਿੱਧੂ

## ਗੰਢ ਪਰਾਏ ਹੱਥ (ਕਹਾਣੀਆਂ) ਮੁਖਤਿਆਰ ਸਿੰਘ




ਗੰਢ ਪਰਾਏ ਹੱਥ (ਪੰਨੇ 128, ਮੁੱਲ 125 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ) ਮੁਖਤਿਆਰ ਸਿੰਘ ਦਾ ਤੇਰਾਂ ਕਹਾਣੀਆਂ ਦਾ ਸੱਤਵਾਂ ਕਹਾਣੀ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਕਹਾਣੀਕਾਰ ਤਿੰਨ ਕਹਾਣੀ ਸੰਗ੍ਰਹਿ (ਲੁੱਕ ਵਿਚ ਫਸੇ ਪੈਰ੍ਹ, ਕੱਚੀ ਖੂਹੀ, ਖ਼ਾਲੀ ਸਲੰਡਰ ਅਤੇ ਤਾਇਆ ਰੱਬ(ਨਾਵਲ) ਪੰਜਾਬੀ ਸਾਹਿਤ ਨੂੰ ਦੇ ਚੁੱਕਾ ਹੈ।

ਇਸ ਕਹਾਣੀ ਸੰਗ੍ਰਹਿ ਦਾ ਵਸਤੂ ਧਰਾਤਲ ਬਦਲ ਰਹੀਆਂ ਸਮਾਜਿਕ ਪ੍ਰਸਥਿਤੀਆਂ ਦੇ ਸੰਦਰਭ ਵਿਚ ਪੰਜਾਬੀ ਮੱਧਵਰਗੀ ਨਿਮਨ ਕਿਰਸਾਨੀ ਦੀਆਂ ਸਮੱਸਿਆਵਾਂ, ਤੰਗੀਆਂ-ਤੁਰਸ਼ੀਆਂ ਦਾ ਚਿੱਤਰਨ ਹੈ। ਕਹਾਣੀਕਾਰ ਨੇ ਇਸ ਚਿਤਰਨ ਰਾਹੀ ਨਵੇਂ ਅਰਥ ਸਿਰਜਣ ਦਾ ਯਤਨ ਕੀਤਾ ਹੈ। ਸਮਾਜਕ ਬਦਲਾਅ, ਵਿਗਿਆਨਕ ਉਨਤੀ ਕਿਸੇ ਤਰ੍ਹਾਂ ਕਿਸੇ ਖਿੱਤੇ ਦੀ ਪ੍ਰੰਪਰਕ ਤਹਿਜ਼ੀਬ ਨੂੰ ਖੋਰਦੇ ਹਨ, ਇਸਦਾ ਸਹਿਜ ਪ੍ਰਗਟਾਵਾਂ ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿਚ ਮਿਲਦਾ ਹੈ।

ਦੋ ਪੀੜ੍ਹੀਆਂ ਦੇ ਚੇਤਨਾ ਦੀ ਪੱਧਰ 'ਤੇ ਅਪਸੀ ਤਨਾਅ ਅਤੇ ਪਰਵਾਸੀ ਮਜ਼ਦੂਰਾਂ ਦਾ ਪੰਜਾਬ ਵਿਚ ਆ ਕੇ ਪਰੰਪਰਕ ਸੀਰੀ ਦੀ ਸਾਂਝ ਨੂੰ ਤੋੜਨ ਦਾ ਮਾਰਮਿਕ ਵਰਣਨ 'ਗੰਢ ਪਰਾਏ ਹੱਥ' ਕਹਾਣੀ ਵਿਚ ਮਿਲਦੀ ਹੈ। ਇਨ੍ਹਾਂ ਪਰਵਾਸੀ ਮਜਦੂਰਾਂ ਦੀ ਆਮਦ ਨਾਲ 'ਸੀਰ' ਜਾਂ 'ਸਾਂਝ' ਦਾ ਪੰਜਾਬੀ ਸੰਕਲਪ 'ਮਜ਼ਦੂਰੀ' ਵਿਚ ਵਟ ਗਿਆ ਹੈ। ਪੁਰਾਣੀਆਂ ਸਾਂਝਾ ਦੇ ਹਾਮੀ 'ਮੇਲੂ' ਵਰਗੇ ਬੰਦੇ ਲਈ 'ਪਰਵਾਸੀ ਮਜ਼ਦੂਰਾਂ ਨੂੰ ਪ੍ਰਵਾਨ ਕਰਨਾ ਮੁਸ਼ਕਲ ਹੈ, ਪਰ ਉਨ੍ਹਾਂ ਦੀ ਨਵੀਂ ਪੀੜੀ ਐਸ਼ੋ ਅਰਾਮ ਦਾ ਜੀਵਨ ਜੀਣ ਦੀ ਚਾਹਵਾਨ ਆਪਣਾ ਸਭ ਕੁਝ ਹੀ ਇਨ੍ਹਾਂ ਭਈਆਂ ਦੇ ਹੱਥ ਦੇਈ ਜਾ ਰਹੀ ਹੈ। ਕਹਾਣੀ ਦੇ ਅੰਤ ਵਿਚ ਮੇਲੂ ਦੇ ਨੂੰਹ ਦੇ ਬਾਥਰੂਮ ਵਿਚੋਂ ਜਿਆਦਾ ਦੇਰ ਤੱਕ ਨਾ ਨਿਕਲਣ, ਉਸ ਤੋਂ ਪਿਚੀ ਗਈ ਗੰਢ ਦਾ ਨਾ ਖੁੱਲਣ ਮਤੇ ਭੱਈਏ ਦੁਆਰਾ ਬੀਬੀ ਜੀ ਦੇ ਅਗਲੇ ਹੁਕਮ ਸੁਣਨ ਦੀ ਤਿਆਰੀ ਵਿਚ ਬੈਠੇ ਕਦੇ ਮੇਲੂ ਵੱਲ ਤੇ ਕਦੇ ਦਰਵਾਜ਼ੇ ਵੱਲ ਤੱਕਣ ਦੇ ਬੜੇ ਡੂੰਘੇ ਅਰਥ ਹਨ। ਕਹਾਣੀਕਾਰ ਨੇ ਇਨ੍ਹਾਂ ਡੂੰਘੇ ਅਰਥਾਂ ਨੂੰ ਬੜੀ ਕਲਾਕਾਰੀ ਨਾਲ ਸਿਰਜਿਆ ਹੈ। ਅਜੋਕੇ ਕਿਰਸਾਨੀ ਸਮਾਜ ਦੀ ਔਰਤ ਜਗੀਰਦਾਰੀ ਮੁੱਲ੍ਹਾਂ ਵਿਚੋਂ ਬਾਹਰ ਨਿਕਲ ਕੇ ਹਰ ਕੰਮ ਲਈ 'ਭੱਈਏ' ਨੂੰ ਆਵਾਜ਼ਾਂ ਮਾਰਨ ਜਾ ਪਹੁੰਚੀ ਹੈ। ਇਸ ਤਰ੍ਹਾਂ ਇਹ ਕਹਾਣੀ ਬਦਲ ਰਹੀਆਂ ਸਮਾਜਿਕ ਆਰਥਿਕ ਪ੍ਰਸਥਿਤੀਆਂ ਵਿਚ ਬਦਲ ਰਹੇ ਕਿਸਾਨੀ ਸਮਾਜ ਦੇ ਜੀਵਨ ਯਥਾਰਥ ਨੂੰ ਵਿਭਿੰਨ ਪਰਤਾਂ ਦੇ ਪਾਸਾਰਾਂ ਸਮੇਤ ਮੂਰਤੀਮਾਨ ਕਰਦੀ ਹੈ। ਇਹ ਵਿਭਿੰਨ ਪਾਸਾਰ ਹਨ ਪੰਜਾਬ ਅੰਦਰ ਜੱਟ ਅਤੇ ਸੀਰੀ ਦੀ ਪੀੜ੍ਹੀ ਦਰ ਪੀੜ੍ਹੀ ਲਈ ਸਾਂਝ ਦੀ ਪ੍ਰਥਾ ਦਾ ਟੁੱਟਣਾ, ਖਪਤ ਸਭਿਆਚਾਰ ਦਾ ਕਿਸਾਨੀ ਉੱਤੇ ਮਾਰੂ ਪ੍ਰਭਾਵ ਕਿਰਸਾਨੀ ਸਮਾਜ ਦੇ ਅਖੌਤੀ ਪੜ੍ਹਾਕੂ ਮੁੰਡਿਆਂ ਦੀ ਸੰਕਟਗ੍ਰਸਤ ਸਥਿਤੀ ਆਦਿ। ਇਸੇ ਤਰ੍ਹਾਂ ਕਹਾਣੀਕਾਰ ਨੇ ਪੰਜਾਬੀ ਕਿਸਾਨੀ ਮਾਨਸਿਕਤਾ ਵਿਚੋਂ ਖੰਡਿਤ ਹੋ ਰਹੇ ਕਿਰਤ ਦੇ ਸੰਕਲਪ ਨੂੰ ਪੇਸ਼

ਕੀਤਾ ਹੈ। ਜਿਸ ਤਰ੍ਹਾਂ ਪੰਜਾਬੀ ਪਰਦੇਸ਼ਾਂ ਵਿਚ ਜਾ ਕੇ ਤਾਂ ਕੰਮ ਕਰਨ ਨੂੰ ਤਿਆਰ ਹਨ ਪਰ ਆਪਣੇ ਦੇਸ਼ ਵਿਚ ਉਹ 'ਭੱਈਏ' 'ਤੇ ਨਿਰਭਰ ਹਨ। ਕਹਾਣੀਕਾਰ ਨੇ ਬੜੇ ਸੂਖਮ ਰੂਪ ਵਿਚ 'ਗੰਢ' ਦੇ ਪ੍ਰਤੀਕ ਰਾਹੀਂ ਪੰਜਾਬੀ ਕਿਰਤ ਦੀ ਮਾਨਸਿਕਤਾ ਉੱਪਰ ਪਰਵਾਸੀ ਮਜ਼ਦੂਰਾਂ ਦੀ ਆਮਦ ਨਾਲ ਇਸ ਸੰਕਲਪ ਦੇ ਖੰਡਿਤ ਹੋਣ ਦਾ ਕਲਾਤਮਕ ਵਰਨਣ ਕੀਤਾ ਹੈ।

ਹਰੀ ਕ੍ਰਾਂਤੀ ਦੀ ਆਮਦ ਨਾਲ ਇਕ ਵਾਰ ਪੰਜਾਬ ਦੀ ਕਿਰਸਾਨੀ ਕੁਝ ਖੁਸ਼ਹਾਲ ਹੋ ਗਈ। ਪਰ ਇਸ ਨਾਲ ਜਿੱਥੇ ਕਿਸਾਨੀ ਸਮਾਜ ਨੇ ਖੁੱਲ-ਦਿੱਲੀ ਨਾਲ ਵਿਗਿਆਨ ਨੂੰ ਅਪਣਾਇਆ ਉੱਥੇ ਕਿਰਤ ਤੋਂ ਮੂੰਹ ਮੋੜ ਲਿਆ। ਨਵੀਂ ਚੇਤਨਤਾ ਕਾਰਨ ਕਿਰਸਾਨੀ ਪੜ੍ਹਾਈ ਵੱਲ ਵੀ ਰੁਚਿਤ ਹੋਈ। ਪਰ ਇੱਥੇ ਨਵੀਂ ਸਮੱਸਿਆ ਉੱਤਪੰਨ ਹੋ ਗਈ। ਜਿਸ ਪਰਿਵਾਰ ਦਾ ਇੱਕ ਅੱਧਾ ਜੀਅ ਪੜ੍ਹ ਕੇ ਕੋਈ ਛੋਟੀ ਮੋਟੀ ਨੌਕਰੀ ਪ੍ਰਾਪਤ ਕਰ ਗਿਆ, ਉਹ ਆਰਥਿਕ ਪੱਖੋਂ ਸੌਖਾ ਹੋਣ ਦੀ ਬਜਾਇ ਸਗੋਂ ਹੋਰ ਵੀ ਔਖਾ ਹੋ ਗਿਆ। ਹਾਂ ਨੌਕਰੀ ਅਕਸਰ ਕਲਰਕੀ ਤੱਕ ਹੀ ਸੀਮਤ ਹੋਣ ਕਾਰਨ ਤਨਖਾਹ ਥੋੜ੍ਹੀ , ਦੂਜਾ ਪਿੰਡ ਰਹਿੰਦੇ ਭਰਾ ਵੱਲੋ ਜ਼ਮੀਨ ਵਿਚੋਂ ਹਿੱਸਾ ਦੇਣ ਤੋਂ ਕੋਰਾ ਜੁਆਬ। ਸ਼ਹਿਰ ਦੇ ਖਰਚੇ ਵਧ ਗਏ, ਪਰ ਆਮਦਨੀ ਬੱਝਵੀ ਹੋ ਗਈ। ਦੂਜੇ ਪਾਸੇ ਇਹੀ ਪੈਸਾ ਪਿਆਰ ਮੁਹੱਬਤ ਵਾਲੇ ਭਰਾਵਾਂ ਭਰਾਵਾਂ ਦੇ ਰਿਸ਼ਤਿਆਂ ਨੂੰ ਵੀ ਡੰਗ ਮਾਰ ਗਿਆ, ਮੋਹ ਮਮਤਾ ਦੀ ਥਾਂ ਸਵਾਰਥ ਆ ਗਿਆ। ਇਸ ਤਰ੍ਹਾਂ ਸ਼ਹਿਰ ਗਿਆ ਪੜ੍ਹਿਆ ਲਿਖਿਆ ਆਦਮੀ ਸਗੋਂ ਆਰਥਿਕ ਤੇ ਮਾਨਸਿਕ ਤੌਰ ਤੇ ਦੋਹਰੀ ਮਾਰ ਝੱਲਦਾ ਸਗੋਂ ਹੋਰ ਵੀ ਔਖਾ ਹੋ ਗਿਆ। ਇਹ ਤਾਂ ਆਪਣਾ ਘਰ ਵੀ ਨਹੀਂ ਬਣਾ ਸਕਿਆ। ਤੀਜੀ ਮਾਰ ਉਸਨੂੰ ਘਰ ਪਤਨੀ ਤੇ ਬੱਚਿਆ ਦੀ ਖਾਹਿਸ਼ਾ ਪੂਰੀਆਂ ਨਾ ਹੋਣ ਕਾਰਨ ਪੈਂਦਾ ਹੋਏ ਕਲੇਸ਼ ਦੀ ਪਈ।

ਇਕ ਸੰਗ੍ਰਹਿ ਦੀਆਂ ਕਹਾਣੀਆਂ ਵਿਚ ਮਨਿੰਦਰ (ਸੂਰਜ), ਸੁਖਪਾਲ (ਗੋਗਲੂ) ਅਤੇ ਬਲਕਾਰ (ਸੁੰਗੜੇ ਚਿਹਰੇ) ਅਜਿਹੇ ਹੀ ਪਾਤਰ ਹਨ ਜਿਹੜੇ ਇਨ੍ਹਾਂ ਸਮੱਸਿਆ ਵਿਚ ਘਿਰੇ ਦੱਬੂ ਮਾਨਸਿਕਤਾ ਦੇ ਸ਼ਿਕਾਰ ਹੁੰਦੇ ਹਨ। ਖੁਦਦਾਰ ਹੋਣ ਕਾਰਨ ਇਹ ਕਿਸੇ ਤਰ੍ਹਾਂ ਦੀ ਰਿਸ਼ਵਤ ਲੈਂਦੇ ਨਹੀਂ ਅਤੇ ਇਨ੍ਹਾਂ ਦੇ ਸਕੇ ਆਪਣੀਆਂ ਪਦਾਰਥਕ ਰੁਚੀਆਂ ਕਾਰਨ ਇਨ੍ਹਾਂ ਨੂੰ ਬਿਲਕੁੱਲ ਨਕਾਰ ਦਿੰਦੇ ਹਨ। ਸ਼ਹਿਰਾਂ ਵਿਚਲਾ ਦਫ਼ਤਰੀ ਭ੍ਰਿਸ਼ਟ ਸਭਿਆਚਾਰ ਇਨ੍ਹਾਂ ਨੂੰ ਪਸੰਦ ਨਹੀਂ। ਇਨ੍ਹਾਂ ਪਾਤਰਾਂ ਦੇ ਪ੍ਰਸਤੁਤ ਸਥਿਤੀਆਂ ਪ੍ਰਤੀ ਪ੍ਰਤੀਕਰਮ ਵਿਚਾਰਗੀ ਦੇ ਭਾਣੇ ਵਾਲੇ ਹਨ। ਸੁਖਪਾਲ (ਗੋਗਲੂ) ਬਲਕਾਰ(ਸੁੰਗੜੇ ਚਿਹਰੇ), ਅਤੇ ਮਨਿੰਦਰ (ਸੂਰਜ) ਇਨ੍ਹਾਂ ਸਥਿਤੀਆਂ ਨੂੰ ਮਾਤਰ ਭੋਗਦੇ ਹੀ ਹਨ, ਇਨ੍ਹਾਂ ਪ੍ਰਤੀ ਕੋਈ ਤਿੱਖਾ ਪ੍ਰਤੀਕਰਮ ਜ਼ਾਹਿਰ ਨਹੀਂ ਕਰਦੇ।

'ਸਿੱਟਿਆਂ ਦੀ ਉਡੀਕ' ਕਹਾਣੀ ਸ਼ਹਿਰੀਕਰਨ ਦੀ ਤੇਜ਼ ਵਿਕਾਸ ਪ੍ਰਕਿਰਿਆ ਅਤੇ ਉਸ ਤੋਂ ਉਪਜੇ ਮਾਨਵੀ ਸੰਕਟ ਦੀ ਕਹਾਣੀ ਹੈ ਜਿਸ ਵਿਚ ਰਵੀ ਪੜ੍ਹ ਲਿਖ ਕੇ ਪ੍ਰੋਫੈਸਰ ਬਣ ਜਾਂਦਾ ਹੈ ਪਰ ਉਸਦਾ ਛੋਟਾ ਭਰਾ ਅਨਪੜ੍ਹ ਹੋਣ ਕਾਰਨ ਮਜ਼ਦੂਰੀ ਕਰਦਾ ਹੈ। ਸਟੇਟਸ ਦੇ ਫ਼ਰਕ ਹੋਣ ਕਾਰਨ ਰਵੀ ਚਾਹੁੰਦਾ ਹੋਇਆ ਵੀ ਆਪਣੇ ਭਰਾ ਦੀ ਮੱਦਦ ਨਹੀਂ ਕਰ ਸਕਦਾ। ਪਰ ਰਵੀ ਨੂੰ ਪੜ੍ਹਾਈ ਦੇ ਬਦਲੇ ਪਿਓ ਦੀ ਬਗਾਵਤ, ਮਾ-ਪਿਓ, ਭਰਾ ਤੇ ਪਿੰਡ ਦੇ ਮੋਹ ਤੋਂ ਬਿਨਾ ਹੋਣਾ ਪੈਂਦਾ ਹੈ।

'ਸਿਰੜ' ਕਹਾਣੀ ਵਿਚ ਕਹਾਣੀਕਾਰ ਕਿਰਸਾਨ ਨੂੰ ਮੁੱਢਲੀਆਂ ਹਾਲਤਾਂ ਵਿਚ ਵੀ ਆਪਣਾ ਸਿਰੜ ਕਾਇਮ ਰੱਖਣ ਲਈ ਪ੍ਰੇਰਨਾ ਦਿੰਦਾ ਹੈ। ਪੁਰਾਣੀ ਪੀੜ੍ਹੀ (ਸੁਰਜਨ ਅਤੇ ਧਨ ਕੁਰ) ਹੱਥੀਂ ਕਾਰ ਕਰਨ ਦੀ ਹਾਮੀ ਹੈ। ਨਵੀਂ ਪੀੜ੍ਹੀ ਦੇ ਨੌਜਵਾਨ ਜਾਂ ਤਾਂ ਬਜ਼ੁਰਗਾਂ ਨੂੰ ਕੰਮ ਅੱਗੇ ਝੋਕੀ ਰੱਖਦੇ ਜਾਂ ਫਿਰ ਭਈਆ ਤੋਂ ਕੰਮ ਲੈਣ ਦੀ ਪ੍ਰਵਿਰਤੀ ਵੱਧਦੀ ਜਾਂਦੀ ਹੈ। ਖੇਤੀ ਬਾੜੀ ਦੇ ਕੰਮਾਂ ਵਿਚ ਭੱਈਆਵਾਦ, ਰੇਹਾ ਲੱਗਾ ਰਿਹਾ ਹੈ। ਕਹਾਣੀਕਾਰ ਪੰਜਾਬੀ ਕਿਰਸਾਨੀ ਸਮਾਜ ਨੂੰ ਪਰਾਏ ਹੱਥਾਂ (ਭਈਆਵਾਦ) ਵਿਚ ਜਾਣ ਤੋਂ ਰੋਕਣ ਦਾ ਸੰਦੇਸ਼ ਦੇ ਰਿਹਾ ਹੈ।

'ਗੋਲੀ', 'ਸੇਕ' ਅਤੇ 'ਜਾਨਵਰਾਂ ਦਾ ਰਾਜ' ਕਹਾਣੀਆਂ ਦੀ ਸੁਰ ਕੁਝ ਵੱਖਰੀ ਹੈ। 'ਗੋਲੀ' ਕਹਾਣੀ ਦੀ ਮੁੱਖ ਸਮੱਸਿਆ ਤਾਂ ਜ਼ਮੀਨ ਦੀ ਮਾਲਕੀ ਨਾਲ ਹੀ ਸੰਬੰਧਿਤ ਹੈ। ਕਹਾਣੀ ਵਿਚਲਾ ਫੌਜੀ ਆਪਣੀ ਭਰਜਾਈ ਦੇ ਲਾਰਿਆਂ ਵਿਚ ਆ ਕੇ ਐਸੀ ਗੋਲੀ ਦਾ ਸ਼ਿਕਾਰ ਹੁੰਦਾ ਹੈ ਜੋ ਉਸਨੂੰ ਬਾਰਡਰ ਦੀ ਗੋਲੀ ਤੋਂ ਵੀ ਭੈੜੀ ਲੱਗਦੀ ਹੈ। ਆਪਣਿਆਂ ਵਲੋਂ ਮਾਰੀ ਗੋਲੀ ਦਾ ਫੌਜੀ ਕੋਲ ਕੋਈ ਤੋੜ ਨਹੀਂ।

'ਸੇਕ' ਕਹਾਣੀ ਵਿਚ ਵੀ ਲੇਖਕ ਨੇ 'ਜਿਊਣੇ' ਦੇ ਕਿਰਦਾਰ ਰਾਹੀਂ ਪੰਜਾਬੀ ਫ਼ਿਤਰਤ ਦਾ ਸੁਹਣਾ ਚਿੱਤਰਣ ਕੀਤਾ ਹੈ। 'ਝੰਡੇ' ਨੂੰ ਹੋਈ ਗਲਤ ਫਹਿਮੀ ਕਾਰਨ ਹੋਈ ਲੜਾਈ ਵਿਚ 'ਜਿਊਣਾ ' ਲੱਤ ਤੋਂ ਆਹਰੀਂ ਹੋ ਕੇ ਵੀ ਆਪਣੀ ਅਤੇ ਝੰਡੇ ਦੀ ਯਾਰੀ ਨੂੰ ਯਾਦ ਕਰਕੇ ਗੰਡਾਸੀ ਦੇਖ ਦੇਖ ਕੇ ਰੋਂਦਾ ਹੈ ਅਤੇ ਸਾਰੀ ਉਮਰ ਇਸੇ ਗ਼ਮ ਵਿਚ ਜਿਊਂਦਾ ਹੈ। ਇਹ ਕਹਾਣੀ ਮਨੁੱਖੀ ਮਾਨਸਿਕਤਾ ਅਤੇ ਪੇਂਡੂ



ਸੰਸਕ੍ਰਿਤੀ ਦੇ ਧਰਾਤਲ 'ਚੋਂ ਨਿਕਲੀ ਖ਼ੂਬਸੂਰਤ ਕਹਾਣੀ ਹੈ।

'ਜਾਨਵਰਾਂ ਦਾ ਰਾਜ' ਕਹਾਣੀ ਲੇਖਕ ਦਾ ਇੱਕ ਵਿਲੱਖਣ ਯਤਨ ਹੈ। ਇਸ ਤਰ੍ਹਾਂ ਜਾਨਵਰਾਂ ਨੂੰ ਪ੍ਰਤੀਕ ਵਜੋਂ ਵਰਤ ਕੇ ਸਮਕਾਲੀ ਸਮਾਜਿਕ ਰਾਜਨੀਤਕ ਪ੍ਰਸਥਿਤੀਆਂ 'ਤੇ ਵਿਅੰਗ ਕਰਦੀਆਂ ਕਹਾਣੀਆਂ ਸਾਨੂੰ ਵਿਦੇਸ਼ੀ ਭਾਸ਼ਾਵਾਂ ਵਿਚ ਤਾਂ ਕਾਫੀ ਮਿਲ ਜਾਂਦੀਆਂ ਹਨ, ਪਰ ਪੰਜਾਬੀ ਸਾਹਿਤ ਵਿਚ ਇਸ ਤਰ੍ਹਾਂ ਦੇ ਪ੍ਰਤੀਕਮਈ ਕਿਰਤਾ ਘੱਟ ਹੀ ਹਨ। ਕਹਾਣੀਕਾਰ ਨੇ 'ਜਾਨਵਰ ਰਾਜ' ਦੇ ਚਿਹਨ ਰਾਹੀਂ ਪਿਛਲੇ ਕੁਝ ਦਹਾਕਿਆਂ ਵਿਚ ਪੰਜਾਬ ਵਿਚ ਹੋਈ ਰਾਜਸੀ ਉੱਥਲ ਪੁੱਥਲ ਦਾ ਚਿੱਤਰਣ ਕੀਤਾ ਹੈ। ਕਹਾਣੀ ਗੰਭੀਰਤਾ ਤੇ ਰੋਮਾਂਚ ਦੀ ਸੁਰ ਨਾਲੋਂ ਨਾਲ ਲੈ ਕੇ ਤੁਰਦੀ ਹੈ।

ਲੇਖਕ ਦਾ ਯਤਨ ਸਾਰਥਕ ਹੈ ਪਰ ਕਿਧਰੇ ਕਿਧਰੇ ਕਹਾਣੀ ਕਲਾ ਦੀਆਂ ਕਮੀਆਂ ਰੜਕਦੀਆਂ ਹਨ। ਬਹੁਤੀਆਂ ਕਹਾਣੀਆਂ ਵਿਚ ਫਲੈਸ਼ ਬੈਕ ਦੀ ਵਿਧੀ ਵਰਤੀ ਗਈ ਹੈ, ਪਰ ਕਿਧਰੇ ਕਿਧਰੇ ਇਹ ਸਹਿਜ ਨਹੀਂ ਲੱਗਦੀ। ਲੇਖਕ ਘਟਨਾ ਦੇ ਸਹਿਜ ਵਾਪਰਨ ਨਾਲੋਂ ਉਸਦੇ ਬਿਆਨ ਤੇ ਜ਼ਿਆਦਾ ਜ਼ੋਰ ਦਿੰਦਾ ਹੈ, ਘਟਨਾ ਕਹਾਣੀ ਵਿਚ ਧੜਕਦੀ ਨਹੀਂ, ਫਿੱਟ ਕੀਤੀ ਜਾਪਦੀ ਹੈ। ਕਹਾਣੀਕਾਰ ਨੇ ਇਕੋ ਅਨੁਭਵ ਵਾਲੇ ਪਾਤਰਾਂ ਨੂੰ ਵਾਰ ਵਾਰ ਕਹਾਣੀਆਂ ਵਿਚ ਲਿਆ ਕੇ ਇਕੋ ਥੀਮ ਵਾਲੀਆਂ ਕਈ ਕਹਾਣੀਆਂ ਲਿਖੀਆਂ ਹਨ। ਮੋਟਿਫ ਇਕ ਹੀ ਹੈ ਨੌਕਰੀ ਪੇਸ਼ਾ ਹੋਣ ਕਾਰਨ ਪਿੰਡ ਦੇ ਘਰ ਤੋਂ ਤ੍ਰਿਸਕਾਰਤ ਤੇ ਜ਼ਮੀਨ ਦੀ ਮਲਕੀਅਕਤ ਤੋਂ ਹੱਥ ਧੋ ਬੈਠਣਾ। ਚੰਗਾ ਹੁੰਦਾ ਜੇਕਰ ਕਹਾਣੀਕਾਰ ਇਸੇ ਸਮਾਜ ਸਭਿਆਚਾਰ ਜੀਵਨ ਦੇ ਕੁਝ ਹੋਰ ਪਾਸਾਰਾਂ ਅਤੇ ਇਨ੍ਹਾਂ ਵਿਚੋਂ ਉਪਜੇ ਦਵੰਦ ਤੇ ਤਨਾਉ ਦੀ ਪੇਸ਼ਕਾਰੀ ਕਰਦਾ। ਫਿਰ ਵੀ 'ਗੰਢ ਪਰਾਏ ਹੱਥ' ਕਹਾਣੀ ਸੰਗ੍ਰਹਿ ਲਈ ਮੁਖਤਿਆਰ ਸਿੰਘ ਵਧਾਈ ਦਾ ਹੱਕਦਾਰ ਹੈ ਕਿਉਂਕਿ ਇਨ੍ਹਾਂ ਸਾਰੀਆਂ ਕਹਾਣੀਆਂ ਦਾ ਵਿਸ਼ਾ ਵਸਤੂ ਅਜੋਕੇ ਪੰਜਾਬ ਵਿਚ ਵਾਪਰ ਰਿਹਾ ਵਰਤਾਰਾ ਹੈ।

– ਪਰਮਜੀਤ ਕੌਰ

ਨਾਵਲਕਾਰ
ਕਰਨੈਲ ਸਿੰਘ ਨਿੱਝਰ
ਦੇ ਚਾਰ ਨਾਵਲਾ ਦਾ
ਪੁਨਰ ਪ੍ਰਕਾਸ਼ਨ

ÃõØÆ çÂ åÂðÂ


ÌçñçÆ ð¹¼â


ç¹Î¶ñ


êéÅÔ

ਚਾਰੇ ਨਾਵਲਾ ਦਾ ਮੁੱਲ
270 ਰੁਪਏ
500 ਪੰਨੇ

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ -141001
ਫੋਨ : 0161-2413613, 2404928
ਮੋਬਾਇਲ : 98152-98459
E-mail chetnaparkashan@sify.com







# ਜਨ ਬੋਧ



## ਦਲਿਤ-ਚਿੰਤਨ (ਸੱਬਾਲਟਰਨ) ਦੇ ਸਰੋਕਾਰ/ ਗਿਆਨ ਸਿੰਘ ਬੱਲ

ਦਲਿਤ ਅੰਦੋਲਨ ਦਾ ਸਰੋਕਾਰ ਸਿਰਫ ਭਾਰਤ ਦੀਆਂ ਹੱਦਾਂ ਤੱਕ ਹੀ ਸੀਮਤ ਨਹੀਂ ਹੈ, ਇਸ ਨੇ ਹੁਣ ਵਿਸ਼ਵ ਅੰਦੋਲਨ ਦਾ ਰੂਪ ਧਾਰਨ ਕਰ ਲਿਆ ਹੈ। ਇਸ ਅੰਦੋਲਨ ਪਿੱਛੇ ਜਿਹੜੀਆਂ ਸ਼ਕਤੀਆਂ ਕਾਰਜਸ਼ੀਲ ਹਨ ਉਹ ਦਲਿਤ ਸਾਹਿਤ ਤੇ ਚਿੰਤਨ ਤੋਂ ਹੀ ਪ੍ਰਭਾਵ ਗ੍ਰਹਿਣ ਕਰਦੀਆਂ ਹਨ ਭਾਵੇਂ ਕਿ ਸ਼ੋਸ਼ਣ ਵਿਰੁੱਧ ਲੜਨ ਦੀ ਪ੍ਰੇਰਨਾ ਹੋਰ ਸਰੋਤਾਂ ਤੋਂ ਵੀ ਪ੍ਰਾਪਤ ਕਰਦੀਆਂ ਹਨ। ਅੰਬੇਡਕਰੀ ਵਿਚਾਰਧਾਰਾ ਹੀ ਦਲਿਤ ਚਿੰਤਨ ਦੀ ਊਰਜਾ ਹੈ-ਡਾ. ਅੰਬੇਡਕਰ ਦੀ ਸੁਚੱਜੀ ਰਹਿਨਮਾਈ ਹੇਠ ਹੀ ਇਸ ਅੰਦੋਲਨ ਨੇ ਏਕੀਕ੍ਰਿਤ ਚਰਿਤਰ ਪ੍ਰਾਪਤ ਕਰਕੇ ਇਕ-ਮਜ਼ਬੂਤ ਸ਼ੋਸ਼ਣ ਰਹਿਣ ਮਾਨਵਤਾਵਾਦੀ ਸਮਾਜ ਦੀ ਸਥਾਪਨਾ ਦਾ ਟੀਚਾ ਮਿਥਿਆ ਹੈ। 'ਬੁੱਧ ਜਾਂ ਕਾਰਲ ਮਾਰਕਸ' ਦੇ ਸਿਰਲੇਖ ਹੇਠ ਲਿਖੇ ਲੇਖ ਵਿਚ ਡਾ. ਅੰਬੇਡਕਰ ਨੇ ਦਰਸ਼ਨ-ਸ਼ਾਸਤਰ ਦਾ ਮਨੋਰਥ ਨਿਸ਼ਚਿਤ ਕੀਤਾ ਹੈ। ਉਹ ਲਿਖਦੇ ਹਨ, "ਦਰਸ਼ਨ ਸ਼ਾਸਤਰ ਦਾ ਕਾਰਜ ਵਿਸ਼ਵ ਦੀ ਮੁੜ-ਉਸਾਰੀ ਕਰਨਾ ਹੈ ਨਾ ਕਿ ਆਪਣਾ ਸਮਾਂ ਇਹ ਦਸਣ 'ਚ ਹੀ ਬਰਬਾਦ ਕਰੀ ਜਾਣਾ ਕਿ ਦੁਨੀਆਂ ਸ਼ੁਰੂ ਕਿਵੇਂ ਹੋਈ। ("The function of philosophy is to reconstruct the world and not to waste its time in explaining the origin of the world)" ਭਾਰਤ ਵਿਚ ਅਛੂਤਾਂ, ਸ਼ੂਦਰਾਂ ਅਤੇ ਔਰਤਾਂ ਦੇ ਸੋਸ਼ਣ ਦੇ ਇਤਿਹਾਸ ਨੇ ਇਹ ਸਾਬ ਕਰ ਦਿੱਤਾ ਹੈ ਕਿ ਸੋਸ਼ਣ ਦੇ ਕਾਰਨ ਸਿਰਫ ਆਰਥਿਕ ਹੀ ਨਹੀਂ ਹੁੰਦੇ-ਇਹ ਸਮਾਜਿਕ-ਧਾਰਮਿਕ ਤੇ ਸਭਿਆਚਾਰਕ ਵੀ ਹੁੰਦੇ ਹਨ। ਭਾਰਤ ਦੇ ਇਤਿਹਾਸ ਤੇ ਸਭਿਆਚਾਰ ਦੀ ਤਿੱਖੀ ਸਮਝ ਨੇ ਹੀ ਅੰਬੇਡਕਰ ਨੂੰ ਭਾਰਤੀ ਸਮਾਜ ਨੂੰ ਜਟਿਲ ਬਣਾਉਣ ਅਤੇ ਭਾਰਤੀ ਲੋਕਾਂ ਦੀਆਂ ਬਹੁਤੀਆਂ ਸਮਸਿਆਵਾਂ ਲਈ "ਬ੍ਰਾਹਮਣਵਾਦੀ ਵਿਵਸਥਾ' ਨੂੰ ਹੀ ਜਿਮੇਵਾਰ ਠਹਿਰਾਉਣ ਲਈ ਪ੍ਰੇਰਿਆ ਹੈ। ਭਾਰਤੀ ਇਤਿਹਾਸ ਬੋਧ ਦੇ ਮੱਦੇਨਜ਼ਰ ਇਸ ਵਿਵਸਥਾ ਨੂੰ ਅੰਬੇਡਕਰ ਨੇ ਬੜੇ ਵਿਸਤ੍ਰਿਤ ਧਾਰਮਿਕ-ਸਮਾਜਿਕ ਅਤੇ ਸਭਿਆਚਾਰਕ ਅਰਥਾਂ ਵਿਚ ਪ੍ਰੀਭਾਸ਼ਤ ਕੀਤਾ ਹੈ। ਪੂੰਜੀਵਾਦ ਅਤੇ ਬ੍ਰਾਹਮਣਵਾਦ ਮਜ਼ਦੂਰਾਂ ਦੇ ਦੋ ਦੁਸ਼ਮਣ ਦਸਦੇ ਹੋਏ ਉਨ੍ਹਾਂ ਦਾ ਮਤ ਸੀ ਕਿ ਸਿਰਫ ਆਰਥਿਕ ਸੋਸ਼ਣ ਖਤਮ ਹੋਣ ਸਕਦਾ ਹੀ ਨਾਨ-ਦਵਿੱਜ ਲੋਕ ਦਵਿੱਜਾਂ ਦੇ ਬਰਾਬਰ ਨਹੀਂ ਸਮਝੇ ਜਾਣਗੇ, ਪੂਰਨ ਮਾਨਵਵਾਦੀ ਸਮਾਜ ਦੀ ਵਿਵਸਥਾ ਲਈ ਬ੍ਰਾਹਮਣਵਾਦ ਨੂੰ ਖਤਮ ਕਰਨ ਵੀ ਜ਼ਰੂਰੀ ਹੈ। ਇਸ ਬਗ਼ੈਰ ਆਰਥਿਕ ਇਨਕਲਾਬ ਸਿਰਫ ਆਰਥਿਕਤਾਵਾਦ ਵਿਚ ਹੀ ਪ੍ਰੀਵਰਤਿਤ ਹੋ ਕੇ ਰਹਿ ਜਾਵੇਗਾ। ਭਾਰਤੀ ਸਮਾਜਿਕ ਪ੍ਰੀਵਰਤਣ ਦੇ ਅਜੰਡੇ ਵਿਚ ਬ੍ਰਾਹਮਣੀ ਵਿਵਸਥਾ ਦਾ ਖਾਤਮਾ ਸ਼ਾਮਲ ਕਰਨਾ ਅੰਬੇਡਕ ਦੀ ਹੀ ਪਹਿਲ ਕਦਮੀ ਸੀ, ਕਿਉਂ ਜੋ 'ਉਹ ਇਤਹਾਸ ਪ੍ਰਤੀ ਵਿਸ਼ੇਸ਼ਗ-ਪਹੁੰਚ ਨੂੰ ਰੱਦ ਕਰ ਰਹੇ ਸਨ ਜਦ ਕਿ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਅਤੇ ਉਨ੍ਹਾਂ ਦੇ ਸਮਕਾਲੀਨ ਰਾਸ਼ਟਰੀ ਨੇਤਾ ਅਤੇ ਬੁੱਧੀਜੀਵੀ ਭਾਰਤੀ ਇਤਿਹਾਸ ਦੀ ਉਚ ਜਾਤੀ-ਜਮਾਤੀ ਚੇਤਨਾ ਦੇ ਆਧਾਰ ਤੇ ਹੀ ਭਾਰਤੀ ਸਮਾਜ ਦਾ ਮੁਕਾਂਕਣ ਕਰਦੇ ਸਨ। ਅੰਬੇਡਕਰ ਦੀ ਪਹੁੰਚ ਜਾਤਾਂ-ਜਮਾਤਾਂ 'ਚ ਵੰਡੇ ਸਮਾਜ ਨੂੰ ਸਮਾਜਿਕ ਪੌੜੀ ਦੇ ਹੇਠਲੇ ਡੰਡੇ ਉਤੇ ਬੈਠੇ ਲੋਕਾਂ ਦੀ ਨਜ਼ਰ ਤੋਂ ਵੇਖਣ ਤੇ ਸਮਝਣ ਦੀ ਪਹੁੰਚ ਸੀ ਕਿਉਂਕਿ ਅੰਬੇਡਕਰ ਬ੍ਰਾਹਮਣਵਾਦ ਨੂੰ ਵੈਦਿਕ ਪਰੰਪਰਾ ਦੇ ਤਰਕਪੂਰਨ ਸਿਟੇ ਵਜੋਂ ਸਮਝਦੇ ਤੇ ਪੇਸ਼ ਕਰਦੇ ਹਨ, ਇਸ ਲਈ ਉਹ ਬ੍ਰਾਹਮਣਵਾਦ ਦੀ ਵਿਆਖਿਆ ਕਰਦੇ ਹੋਏ ਬ੍ਰਾਹਮਣ ਵਰਗ ਅਤੇ ਬ੍ਰਾਹਮਣੀ ਵਿਵਸਥਾ ਨੂੰ ਅਲੱਗ ਕਰਕੇ ਦੇਖਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ , "ਮੈਂ ਬ੍ਰਾਹਮਣਾਂ ਦੇ ਅਧਿਕਾਰਾਂ, ਸਹੂਲਤਾਂ ਤੇ ਹਿੱਤਾਂ ਦੇ ਵਿਰੁੱਧ ਨਹੀਂ ਹਾਂ ਜੋ ਉਨ੍ਹਾਂ ਨੂੰ ਬਤੌਰ ਸਮੁਦਾਇ ਪ੍ਰਾਪਤ ਹਨ, ਮੈਂ ਇਸ ਅਰਥ 'ਚ ਬ੍ਰਾਹਮਣਵਾਦ ਦਾ ਪ੍ਰਯੋਗ ਨਹੀਂ ਕਰ ਰਿਹਾ ਹਾਂ, ਬ੍ਰਾਹਮਣਵਾਦ ਤੋਂ ਮੇਰਾ ਭਾਵ ਸੁਤੰਤਰਤਾ, ਬਰਾਬਰੀ ਤੇ ਭਾਈਚਾਰੇ ਦੀ ਭਾਵਨਾ ਦੀ ਅਣਹੋਂਦ ਤੋਂ ਹੈ, ਬ੍ਰਾਹਮਣ ਭਾਵੇਂ ਇਸ ਦੇ ਸਿਰਜਕ ਹਨ ਪਰ ਹੁਣ ਇਸ ਭਾਵਨਾ ਦੀ ਅਣਹੋਂਦ ਸਾਰੇ ਵਰਗਾਂ ਵਿਚ ਬਰਾਬਰ ਮੌਜੂਦ ਹੈ। ਇਥੋਂ ਤੱਕ ਕਿ ਬ੍ਰਾਹਮਣਵਾਦ ਆਰਥਿਕ ਖੇਤਰ ਨੂੰ ਵੀ ਬਰਾਬਰ ਪ੍ਰਭਾਵਤ ਕਰਦਾ ਹੈ। ਨੀਵੀਆਂ ਜਾਤੀਆਂ ਵਿਚ ਤਾਂ ਹੋਰ ਵੀ ਵੱਧ ਮਜ਼ਬੂਤੀ ਹੈ ਇਸ ਵਰਤਾਰੇ ਦੀ।[2] ਵਰਣ-ਆਸ਼ਰਮ ਧਰਮ ਅਤੇ ਆਤਮਾ ਤੇ



ਪਰਮਾਤਮਾ ਵਿਚ ਵਿਸ਼ਵਾਸ਼ ਇਸ ਬ੍ਰਾਹਮਣਵਾਦੀ ਵਰਤਾਰੇ ਦੀਆਂ ਮੁੱਖ ਵਿਸ਼ੇਸ਼ਤਾਵਾਂ ਹਨ, ਅਤੇ ਇਸ ਵਰਤਾਰੇ ਨੂੰ ਸਦੀਵੀ ਬਣਾਉਣ ਵਿਚ ਪ੍ਰਮੁੱਖ ਭੂਮਿਕਾ ਵੈਦਿਕ ਬ੍ਰਹਿਮੰਡ-ਵਿਗਿਆਨ (Vedic cosmology) ਅਤੇ ਉਪਨਿਸ਼ਦਿਕ-ਰਹੱਸਵਾਦ (Upnishadic Metaphysics) ਦੀ ਰਹੀ ਹੈ। ਇਸ ਨੂੰ ਆਮ ਤੌਰ ਤੇ ਵੇਦਾਂਤ-ਦਰਸ਼ਨ ਕਰਕੇ ਜਾਣਿਆ ਜਾਂਦਾ ਹੈ। ਵੇਦਾਂਤ ਦਾ ਭਾਵ ਕਿ ਵਾਸਤਵਿਕ ਬ੍ਰਹਿਮੰਡ ਅਤੇ ਸ਼ੁੱਧ-ਚੇਤਨਾ ਅਲੱਗ ਅਲੱਗ ਨਹੀਂ ਹਨ, ਕੁਦਰਤੀ ਵਰਤਾਰੇ ਤੇ ਸਮਾਜਿਕ ਵਰਤਾਰੇ ਪਰਮ-ਆਤਮਾ ਦੇ ਹੀ ਪ੍ਰਤੀਬਿੰਬ (ਪਰਛਾਈ) ਹਨ। ਇਸ ਬ੍ਰਹਿਮੰਡ ਵਿਚ ਸਮਾਜ ਦੀ ਸਮੁੱਚੀ ਬਣਤਰ ਇਸ ਕੁਦਰਤੀ ਹੁਕਮ ਅਨੁਸਾਰ ਹੀ ਬਣੀ ਹੋਈ ਵਰਣ ਵਿਵਸਥਾ (ਜਾਤੀ), ਮਰਦ-ਔਰਤ ਨਾਬਰਾਬਰਤਾ, ਛੂਆਛਾਤ, ਨੈਤਿਕਤਾ ਆਦਿ ਸਭ ਇਸ ਬ੍ਰਹਿਮੰਡੀ ਹੁਕਮ ਦੇ ਅਧੀਨ ਹੀ ਹਨ। ਆਤਮਾ, ਬ੍ਰਹਮ, ਚਤੁਰਵਰਣ, ਕਰਮ, ਪੁਨਰ ਜਨਮ ਅਤੇ ਮੁਕਤੀ ਆਦਿ ਆਦਰਸ਼ ਸਭ ਸਦੀਵੀਂ ਹਨ। ਰਮਾਇਣ, ਮਹਾਂਭਾਰਤ, ਗੀਤਾ, ਅਨੇਕ ਧਰਮ-ਸਾਸ਼ਤਰ ਮਨੂੰ-ਸਿਮ੍ਰਤੀ), ਅਰਥ-ਸ਼ਾਸਤਰ ਅਤੇ ਆਦਿ-ਸ਼ੰਕਰ ਇਸ ਪਰੰਪਰਾ ਨੂੰ ਮਜ਼ਬੂਤ ਕਰਕੇ ਅਗੇ ਤੋਂ ਅਗੇ ਤੋਰਦੇ ਰਹੇ ਹਨ। ਡਾ. ਅੰਬੇਡਕਰ ਨੇ ਇਸ ਪਰੰਪਰਾ ਵਲੋਂ ਹੈਗੇਮੋਨਿਕ ਸਭਿਆਚਾਰਕ ਵੰਨਗੀ ਨੂੰ ਪ੍ਰਭਾਵਤ ਕਰਨ ਵਿਚ ਨਿਭਾਈ ਅਹਿਮ ਭੂਮਿਕਾ ਨੂੰ ਉਜਾਗਰ ਕਰਦਿਆਂ ਕਿਹਾ ਕਿ ਇਹ ਭਾਰਤ-ਆਰਥਿਕਤਾ ਨੂੰ ਵੀ ਪੂਰੀ ਤਰ੍ਹਾਂ ਪ੍ਰਭਾਵਤ ਕਰਦੀ ਹੈ। ਪਿਛਲੀ ਇਕ ਸਦੀ ਤੋਂ ਇਸ ਵੇਦਿਕ ਪਰੰਪਰਾ ਨੂੰ ਆਧਾਰ ਬਣਾ ਕੇ ਹੀ ਵਿਸ਼ਵ ਵਿਚ ਭਾਰਤ ਨੂੰ ਹਿੰਦੂ ਪਛਾਣ (Hindu Identity) ਦਿੱਤੀ ਜਾ ਰਹੀ ਹੈ ਅਤੇ ਬ੍ਰਾਹਮਣਵਾਦੀ ਸਮਾਜਿਕ-ਧਾਰਮਿਕ ਵਿਵਸਥਾ ਨੂੰ ਭਾਰਤੀ ਰਾਸਟਰਵਾਦ ਦਾ ਆਧਾਰ ਬਣਾਇਆ ਜਾ ਰਿਹਾ ਹੈ। ਇਸ ਸਥਿਤੀ ਦਾ ਤਰਕਪੂਰਨ ਸਿੱਟਾ ਇਹੀ ਕਢਿਆ ਜਾ ਰਿਹਾ ਹੈ ਕਿ ਇਹ ਵਿਵਸਥਾ ਭਾਰਤ ਦੇ ਸਮੁਚੇ ਵਿਕਾਸ ਵਿਚ ਕੋਈ ਰੁਕਾਵਟ ਨਹੀਂ ਪਾਉਂਦੀ ਅਤੇ ਭਾਰਤੀਆਂ ਵਿਚ ਸ਼ਾਂਤੀ ਪ੍ਰੇਮ-ਭਾਵਨਾ ਅਤੇ ਸਹਿਨਸ਼ੀਲਤਾ ਕਾਇਮ ਰਖਦੀ ਹੈ। ਸਵਾਮੀ ਵਿਵੇਕਾਨੰਦ, ਮਹਾਤਮਾ ਗਾਂਧੀ ਜੀ ਕਿਹਾ ਕਰਦੇ ਸਨ 'ਬ੍ਰਾਹਮਣਾਂ ਦੇ ਵਿਦਿਆ ਪ੍ਰਾਪਤ ਕਰਨ ਤੇ ਵਿਦਿਆ ਦੇਣ ਅਤੇ ਭੰਗੀਆ ਦੇ ਟੱਟੀਆਂ ਸਾਫ ਕਰਨ ਦੇ ਕੰਮਾਂ ਦੀ ਬਰਾਬਰ ਮਹੱਤਤਾ ਹੈ ਕਿਉਂਕਿ ਪਰਮਾਤਮਾ ਦੀ ਨਜ਼ਰ ਵਿਚ ਦੋਵੇਂ ਕੰਮ ਬਰਾਬਰ ਹਨ ਅਤੇ ਦੋਵਾਂ ਦਾ ਫਲ ਵੀ ਬਰਾਬਰ ਪ੍ਰਾਪਤ ਹੁੰਦਾ ਹੈ।'[3] ਜਵਾਹਰ ਲਾਲ ਨਹਿਰੂ ਦੇ ਇਤਿਹਾਸ ਬਾਰੇ ਵਿਚਾਰਾਂ ਬਾਰੇ ਉਪਰ ਇਸ਼ਾਰਾ ਕਰ ਆਏ ਹਾਂ ਪਰ ਬ੍ਰਾਹਮਣਵਾਦ ਨੂੰ ਜਿਸ ਢੰਗ ਰਾਹੀ ਉਸ ਨੇ ਬਿਆਨਿਆ ਤੇ ਇਸ ਦੀਆਂ ਵਿਸ਼ੇਸ਼ਤਾਵਾਂ ਦੀ ਉਪਮਾ ਕੀਤੀ ਹੈ ਉਸ ਅਨੁਸਾਰ ਜਾਤੀ ਵਿਵਸਥਾ ਨੇ ਭਾਰਤੀ ਸਮਾਜ ਵਿਚ ਏਕਤਾ ਬਰਕਰਾਰ ਰੱਖਣ 'ਚ ਅਹਿਮ ਭੂਮਿਕਾ ਨਿਭਾਈ ਹੈ, ਜਾਤਾਂ ਦੀ ਹੋਂਦ ਭਾਰਤੀ ਲੋਕਤੰਤਰ ਨੂੰ ਕੋਈ ਖਤਰਾ ਪੇਸ਼ ਨਹੀਂ ਕਰਦੀ ਅਤੇ ਵੇਦਿਕ-ਵਿਚਾਰਧਾਰਾ ਤੋਂ ਪ੍ਰੇਰਨਾ ਲੈ ਰਿਹਾ ਰਾਸ਼ਟਰਵਾਦ ਉਦਾਰਤਾ ਉਤੇ ਆਧਾਰਤ ਹੈ ਜਿਸ ਵਿਚ ਸਾਰੀਆਂ ਜਾਤੀਆਂ ਦੇ ਲੋਕ ਰੱਲ ਮਿਲ ਕੇ ਦੇਸ਼ ਦੇ ਵਿਕਾਸ ਵਿਚ ਯੋਗਦਾਨ ਪਾ ਸਕਣ ਦੇ ਸਮਰੱਥ ਹਨ। ਨਹਿਰੂ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਬ੍ਰਾਹਮਣਵਾਦੀ ਪਰੰਪਰਾ ਵਿਚ ਸ੍ਰਮਣ ਪਰੰਪਰਾ ਸਮਾ ਚੁੱਕੀ ਹੈ। ਸੋ, ਪੰਡਿਤ ਨਹਿਰੂ ਨੇ ਇਕ ਤਰ੍ਹਾਂ ਭਾਰਤੀ ਦਾਰਸਨਿਕ ਪਰੰਪਰਾ ਵਿਚ ਮੌਜੂਦ ਬਰਾਬਰਤਾ, ਆਜ਼ਾਦੀ ਤੇ ਭਾਈਚਾਰੇ ਦੀ ਭਾਵਨਾ ਨਾਲ ਲੈਸ ਰੈਸ਼ਨਲਿਸਟ ਤੇ ਵਿਗਿਆਨਕ ਦਾਰਸ਼ਨਿਕ ਧਾਰਾ ਨੂੰ ਖਾਰਜ ਹੀ ਕਰ ਦਿੱਤਾ ਹੈ। ਅਸੀਂ ਜਵਾਹਰ ਲਾਲ ਨਹਿਰੂ ਦੇ ਸ਼ਬਦ ਅੰਕਿਤ ਕਰਦੇ ਹਾਂ,

"...in the ages since the Aryans had come down to what they called Aryavarta or Bharat-varsha, the problem that faced India was to produca a synthesis between this new race and culture and the old race and civilization of the land. To that the mind of India devoted itself and it produced an enduring solution built on the strong foundation of a joint Indo-Aryann culture. Other foreign elements came and were absorbed. They made little difference... (after periodic invasion). The reaction was essentially a nationalist one...That mixture of religion and philosophy, history and tradition, custom and social structure, which in its wide fold included almost every asect of the life of india, and which in its wide fold included almost every aspect of the life of India,

and which might be called Brahmanism or (to use a later word Hinduism, became the symbol of nationalism. It was indeed a national religion, with its appeal to all those deep instincts, racial and cultural which form the basis every where of nationalism today."[4]

ਅਰਥਾਤ ਜਦ ਆਰੀਅਨ ਲੋਕਾਂ ਨੇ ਆਰੀਅਵਰੱਤ ਜਾਂ ਭਾਰਤਵਰਸ਼ ਵਿਚ ਪਰਵੇਸ਼ ਕੀਤਾ ਤਾਂ ਸਮੱਸਿਆ ਇਹ ਪੇਸ਼ ਹੋਈ ਕਿ ਨਵੀਂ ਨਸਲ ਦੇ ਲੋਕਾਂ ਤੇ ਉਨ੍ਹਾਂ ਦੇ ਸਭਿਆਚਾਰ ਅਤੇ ਮੂਲ-ਨਿਵਾਸੀ ਨਸਲ ਦੇ ਲੋਕਾਂ ਤੇ ਉਨ੍ਹਾਂ ਦੇ ਸਭਿਆਚਾਰ ਵਿਚਕਾਰ ਸੰਯੋਗ ਕਿਵੇਂ ਪੈਦਾ ਕੀਤਾ ਜਾਵੇ? ਇਸ ਮਸਲੇ ਉਤੇ ਵਿਚਾਰ ਕਰਕੇ ਭਾਰਤ ਨੇ ਬੜੀਆਂ ਹੀ ਮਜ਼ਬੂਤ ਨੀਹਾਂ ਤੇ ਆਧਾਰਤ ਸੰਯੁਕਤ ਇੰਡੋ-ਆਰੀਅਨ ਸਭਿਆਚਾਰ ਦੀ ਸਿਰਜਣਾ ਕੀਤੀ ਜਿਸ ਵਿਚ ਵਿਦੇਸ਼ੀ ਤੱਤ ਵੀ ਸਮੇਂ ਸਮੇਂ ਲਏ ਗਏ ਕਿਉਂਕਿ ਇਨ੍ਹਾਂ ਦੇ ਪਰਵੇਸ਼ ਸਦਕਾ ਭਾਰਤੀ ਸਭਿਆਚਾਰ 'ਤੇ ਕੋਈ ਅਸਰ ਹੀ ਨਹੀਂ ਸੀ ਪੈਂਦਾ। ਸਗੋਂ ਇਸ ਦਾ ਪ੍ਰਤੀਕਰਮ ਬੜਾ ਹੀ ਰਾਸ਼ਟਰਵਾਦੀ ਕਿਸਮ ਦਾ ਸੀ। ਧਰਮ ਅਤੇ ਦਰਸ਼ਨ, ਇਤਿਹਾਸ ਅਤੇ ਪਰੰਪਰਾ, ਰੀਤੀ-ਰਿਵਾਜ਼ ਅਤੇ ਸਮਾਜਿਕ ਢਾਂਚੇ ਦਾ ਇਹ ਮਿਸ਼ਰਣ, ਜਿਸ ਵਿਚ ਤਕਰੀਬਨ ਭਾਰਤੀ ਜੀਵਨ ਦਾ ਹਰ ਖੇਤਰ ਸ਼ਾਮਲ ਸੀ ਅਤੇ ਜਿਸ ਨੂੰ ਬ੍ਰਾਹਮਣਵਾਦ ਜਾਂ (ਪਿਛੋਂ ਜਾ ਕੇ) ਹਿੰਦੂਇਜ਼ਮ ਕਿਹਾ ਜਾਂਦਾ ਹੈ, ਰਾਸ਼ਟਰਵਾਦ ਦਾ ਚਿੰਨ੍ਹ ਹੀ ਬਣ ਗਿਆ ਸੀ। ਦਰਅਸਲ ਇਹ ਰਾਸ਼ਟਰੀ ਧਰਮ ਹੀ ਸੀ ਜਿਸ ਦੀ ਅਪੀਲ ਉਨ੍ਹਾਂ ਨਸਲੀ ਤੇ ਸਭਿਆਚਾਰਕ ਪ੍ਰਵਿਰਤੀਆਂ ਪ੍ਰਤੀ ਸੀ ਜਿਹੜੀਆਂ ਹਰ ਜਗ੍ਹਾਂ ਅੱਜ ਦੇ ਰਾਸ਼ਟਰਵਾਦ ਦਾ ਆਧਾਰ ਹਨ।

ਜਵਾਹਰ ਲਾਲ ਨਹਿਰੂ ਨੇ ਹਿੰਦੂਇਜ਼ਮ ਵਿਚ ਕੇਂਦਰੀ ਪੁਜ਼ੀਸ਼ਨ ਪ੍ਰਾਪਤ ਸੰਕਲਪ 'ਧਰਮ' ਨੂੰ ਵੀ ਬਹੁਤ ਮਹੱਤਤਾ ਦਿੱਤੀ। ਉਨ੍ਹਾਂ ਸਪਸ਼ਟ ਕਿਹਾ ਕਿ ਇਹ ਸਕੰਲਪ ਬ੍ਰਾਹਮਣਾ ਦੀ ਦੇਣ ਹੈ ਅਤੇ ਇਹੀ ਭਾਰਤੀ ਧਰਮ ਤੇ ਸਭਿਆਚਾਰ ਦਾ ਪ੍ਰਤੀਕ ਵੀ ਹੈ। ਨਹਿਰੂ ਜੋ ਪੱਛਮੀ ਸਭਿਅਤਾ ਤੇ ਸਭਿਆਚਾਰ ਵਿਚ ਮੌਜੂਦ ਵਿਅਕਤੀਗਤ ਸੁਤੰਤਰਤਾ ਤੋਂ ਚੰਗੀ ਤਰ੍ਹਾਂ ਵਾਕਫ ਸਨ, ਇਹ ਭੁੱਲ ਹੀ ਗਏ ਕਿ ਹਿੰਦੂ ਸੰਸਕ੍ਰਿਤੀ ਵਿਚ ਮੌਜੂਦ 'ਧਰਮ' ਸ਼ਬਦ ਵਿਚ ਵਿਅਕਤੀਤਵ ਸੁਤੰਤਰਤਾ ਲਈ ਕੋਈ ਗੁੰਜਾਇਸ਼ ਨਹੀਂ ਹੈ, ਇਸ ਵਿਚ ਵਰਣ ਅਨੁਸਾਰ ਹੀ ਵਿਅਕਤੀ ਨੂੰ ਆਪਣੇ ਫਰਜ਼ ਨਿਭਾਉਣ ਦੀ ਵਿਵਸਥਾ ਹੈ। 'ਧਰਮ' ਦੀ ਵਿਆਖਿਆ ਬਹੁਤ ਵਿਦਵਾਨਾ ਨੇ ਕੀਤੀ ਹੈ। 'ਧਰਮ ਮਨੁੱਖ ਦੇ ਚਾਰ ਜੀਵਨ ਉਦੇਸ਼ (ਧਰਮ, ਅਰਥ, ਕਾਮ ਤੇ ਮੋਕਸ਼) ਨਿਰਧਾਰਤ ਕਰਦਾ ਹੈ। ਅੱਜਕੱਲ ਭਾਵੇਂ 'ਧਰਮ' ਸ਼ਬਦ ਨੂੰ ਹਿੰਦੂ ਸ਼ਬਦ (ਹਿੰਦੂ ਧਰਮ) ਨਾਲ ਜੋੜ ਕੇ ਸੈਕੂਲਰ ਅਰਥ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰੰਤੂ ਆਰੰਭ ਵਿਚ ਇਸ ਦਾ ਅਰਥ ਬ੍ਰਾਹਮਣ ਧਰਮ ਹੀ ਹੁੰਦਾ ਸੀ। ਲੇਕਿਨ, 'ਧਰਮ' ਦਾ ਸਬੰਧ ਹਮੇਸ਼ਾ ਹੀ ਕਰਮ ਤੇ ਪੁਨਰਜਨਮ ਨਾਲ ਸੰਬਧਤ ਰਿਹਾ ਹੈ (ਕਰਮ, ਧਰਮ, ਪੁਨਰਜਨਮ)। ਧਰਮ-ਸ਼ਾਸਤਰਾਂ ਨੇ ਇਸ ਨੂੰ ਸਰਬ ਵਿਆਪਕ ਨੈਤਿਕ ਕਾਨੂੰਨ (Universal Morl order) ਵਜੋਂ ਮਾਨਤਾ ਦਿੱਤੀ ਹੈ ਜੋ ਸਾਰੇ ਬ੍ਰਹਿਮੰਡ ਤੇ ਸਮਾਜ ਨੂੰ ਇਕ ਸੂਤਰ 'ਚ ਬੰਨ ਕੇ ਰੱਖਦਾ ਹੈ। ਭਾਰਤੀ ਹੈਗੇਮੋਨਿਕ ਸਭਿਆਚਾਰਕ ਪਰੰਪਰਾ ਵਿਚ 'ਧਰਮ' ਨੂੰ ਹਿੰਦੂ ਧਰਮ ਦੀ ਆਤਮਾ ਦਾ ਦਰਜ਼ਾ ਪ੍ਰਾਪਤ ਹੈ। ਇਹ ਨੈਤਿਕ ਤੇ ਸਮਾਜਿਕ ਅਸੂਲਾਂ ਦਾ ਪੰਘੂੜਾ ਹੈ। ਹਿੰਦੂਇਜ਼ਮ ਦਾ ਇਹ ਕੇਂਦਰੀ ਸਕੰਲਪ ਹੈ, ਗਊ-ਪੂਜਾ, ਵਰਣ-ਆਸ਼ਰਮ-ਧਰਮ ਦੀ ਵਿਵਸਥਾ ਇਸ 'ਚ ਨਿਹਿਤ ਹੈ। ਭਾਰਤੀ ਇਤਿਹਾਸ ਉੱਤੇ ਝਾਤ ਮਾਰਿਆਂ ਜਾਣਕਾਰੀ ਹੁੰਦੀ ਹੈ ਕਿ ਸ੍ਰਮਣਵਾਦੀ ਮੱਤਾਂ ਨੇ ਬ੍ਰਾਹਮਣੀ ਧਰਮ ਦਾ ਬੜੇ ਤਿੱਖੇ ਢੰਗ ਨਾਲ ਵਿਰੋਧ ਕੀਤਾ ਸੀ ਤੇ ਬੋਧੀਆਂ ਨੇ ਤਾਂ ਇਕ ਵਾਰ ਬ੍ਰਾਹਮਣ ਤੇ ਕਸ਼ਤਰੀਆਂ ਨੂੰ ਹਰਾ ਕੇ ਰਾਜ ਭਾਗ ਵੀ ਸਥਾਪਤ ਕਰ ਲਿਆ ਸੀ। ਇਨ੍ਹਾਂ ਸ੍ਰਮਣ ਮੱਤਾਂ ਵਿਚ ਸ਼ਾਮਲ ਸਨ ਜੈਨੀ, ਤੰਤ੍ਰਿਕ, ਚਾਰਵਾਕ, ਕਈ ਵਿਦੇਸ਼ੀ ਤੱਤ (ਜਿਵੇਂ ਸ਼ਾਕਸ, ਯਵਨਜ਼, ਤੁਰਕ, ਤਜੀਕਸ, ਮੰਗੋਲ ਆਦਿ) ਆਜੀਵਕ, ਸਾਂਖਸ ਆਦਿ। "ਸਮਾਜਿਕ ਦਰਜਾਬੰਦੀ ਦੇ ਹੇਠਲੇ ਹਿੱਸੇ ਪਰੰਤੂ ਉਕਤ ਪੰਥਾਂ ਤੋਂ ਦੂਰ ਕਬੀਲੇ ਅਤੇ ਜਾਤੀ ਸਬੰਧਾਂ ਤੋਂ ਬਾਹਰ ਦੇ ਲੋਕਾਂ (ਅਛੂਤ) ਦੀਆਂ ਵਖਰੀਆਂ ਵਿਸ਼ਵਾਸ਼ ਪ੍ਰਣਾਲੀਆਂ, ਕਰਮਕਾਂਢ ਤੇ ਰਵਾਇਤਾਂ ਸਨ। ਇਨ੍ਹਾਂ ਨੂੰ ਅਤਾਵਿਕਸ ਭਾਵ ਵਣ ਵਾਸੀ ਕਿਹਾ ਜਾਂਦਾ ਸੀ। ਇਨ੍ਹਾਂ ਵਿਚ ਸ਼ਾਮਲ ਸਨ ਨਿਸ਼ਾਦ, ਸਾਬਰ, ਭੀਲ, ਪੁਲਿੰਦ ਤੇ ਅਨੇਕ ਹੋਰ ਸੈਕੜੇ ਜਿਹੜੇ ਸਮਜਿਕ ਪੌੜੀ ਦੇ ਦੂਸਰੇ ਸਿਰੇ ਤੇ ਸਨ। ਚੰਡਾਲ, ਡੋਮ ਤੇ ਇਸ ਕਿਸਮ ਦੇ ਹੋਰ ਅਨੇਕਾਂ ਦਾ ਜ਼ਿਕਰ ਤਾਂ ਸਾਹਿਤਕ ਸੂਤਰਾਂ 'ਚ ਆਉਂਦਾ ਹੈ। ਇਨ੍ਹਾਂ ਦੇ ਆਪਣੇ ਜੀਵਵਾਦੀ ਧਰਮ ਸਨ, ਆਪਣੇ ਵੱਖਰੇ ਪੂਜਣਯੋਗ ਦੇਵੀ ਦੇਵਤਿਆਂ ਅਤੇ ਕਰਮਕਾਂਡਾਂ ਸਮੇਤ। ਰੋਮੀਲਾ ਥਾਪਰ ਅਨੁਸਾਰ ਇਨ੍ਹਾਂ ਮਤਭੇਦਾਂ-ਵਖਰੇਵਿਆਂ ਨੂੰ ਬਰਕਰਾਰ ਰੱਖਣ ਲਈ ਹੀ 'ਧਰਮ' ਦੇ



ਸਕੰਲਪ ਨੂੰ ਕੇਂਦਰੀ ਬਿੰਦੂ ਬਣਾਇਆ ਗਿਆ ਸੀ। ਇਸ ਸਕੰਲਪ ਅਨੁਸਾਰ ਹੀ ਕਿਸੇ ਵਿਅਕਤੀ ਦੇ ਸਮਾਜਿਕ ਫਰਜ਼ ਤੇ ਰਹੁਰੀਤਾਂ, ਉਸ ਦੀ ਜਾਤ, ਵਰਣ ਤੇ ਧਾਰਮਿਕ ਅਕੀਦੇ ਤੋਂ ਹੀ ਤਹਿ ਕੀਤਾ ਜਾਂਦਾ ਸੀ। ਇਹ ਫਰਜ਼ ਜਾਤੀ ਰੁਤਬੇ ਅਨੁਸਾਰ ਤਬਦੀਲ ਵੀ ਹੁੰਦੇ ਰਹਿੰਦੇ ਸਨ।[5] ਇਸ 'ਧਰਮ' ਦੇ ਸੰਕਲਪ ਦੀ ਸਮਾਜਿਕ-ਮਾਨਤਾ ਨੇ ਵੀ ਸੂਦਰਾਂ, ਔਰਤਾਂ ਅਤੇ ਅਛੂਤ ਵਰਗ ਨੂੰ ਸਦੀਆਂ ਤੋਂ ਅਹਲਹਿਦਗੀ ਦੀ ਪੁਜ਼ੀਸ਼ਨ 'ਚ ਸੁੱਟੀ ਰੱਖਣ ਲਈ ਅਹਿਮ ਭੂਮਿਕਾ ਨਿਭਾਈ ਹੈ। ਡਾ. ਰਾਧਾ ਕ੍ਰਿਸ਼ਨਨ ਤੇ ਜਵਾਹਰ ਲਾਲ ਨਹਿਰੂ ਯੂਨਾਨੀ ਦਾਰਸ਼ਨਿਕ ਅਰਸਤੂ ਵਾਂਗ, ਆਪਣੇ ਜਮਾਤੀ ਕੁਲੀਨ ਚਰਿਤਰ ਤੋਂ ਛੁਟਕਾਰਾ ਨਾ ਪਾ ਸਕੇ। ਇਸ ਵੈਦਿਕ-ਬ੍ਰਹਿਮੰਡੀ ਵਿਚਾਰਧਾਰਾ ਦੇ ਅਸਰ ਹੇਠ ਹੀ ਜਵਾਹਰ ਲਾਲ ਨਹਿਰੂ ਨੇ ਹਿੰਦੂ ਕੋਡ ਬਿਲ ਦੀ ਐਨ ਮੌਕੇ ਤੇ ਜਾ ਕੇ ਪ੍ਰੋੜਤਾ ਕਰਨ ਤੋਂ ਨਾਂਹ ਕਰ ਦਿੱਤੀ ਸੀ ਹਾਲਾਂਕਿ ਅੰਬੇਡਕਰ ਨੇ ਉਨ੍ਹਾਂ ਦੀ ਵਿਗਿਆਨਕ ਤੇ ਲੋਕਤੰਤਰ ਸੋਚ ਪ੍ਰਤੀ ਵਚਨਵੱਧਤਾ ਤੋਂ ਪ੍ਰਭਾਵਤ ਹੋ ਕੇ ਹੀ ਅਤੇ ਉਨ੍ਹਾਂ ਦੇ ਕਹਿਣ ਤੇ ਹੀ ਭਾਰਤੀ ਔਰਤ ਨੂੰ ਉਸ ਦੇ ਮੁਢਲੇ ਤੇ ਮਾਨ੍ਹਵੀ ਅਧਿਕਾਰ ਸੁਰੱਖਿਅਤ ਕਰਨ ਦੇ ਮੰਤਵ ਨਾਲ ਬਿੱਲ ਤਿਆਰ ਕੀਤਾ ਸੀ। ਕਿਨਾ ਅੰਤਰ ਹੈ ਕਿ ਜੋਤੀਬਾ ਰਾਓ ਫੂਲੇ ਅਤੇ ਡਾ. ਅੰਬੇਡਕਰ ਇਸ ਬ੍ਰਾਹਮਣਵਾਦੀ ਵਿਵਸਥਾ ਨੂੰ ਸ਼ੋਸ਼ਣ ਆਧਾਰਤ ਅਤੇ ਦੇਸ਼ ਤੇ ਵਿਸ਼ਵ ਦੇ ਵਿਕਾਸ ਵਿਚ ਰੁਕਾਵਟ ਸਮਝਦੇ ਹੋਏ ਇਸ ਦੇ ਦਾਰਸ਼ਨਿਕ, ਸਾਹਿਤਕ, ਸਭਿਆਚਾਰਕ ਤੇ ਆਰਥਿਕ ਕਾਰਨਾਂ ਨੂੰ ਖਤਮ ਕਰਨਾ ਜ਼ਰੂਰੀ ਸ਼ਰਤ ਦਸਦੇ ਹਨ। ਇਹ ਦਲਿਤ ਚਿੰਤਨ ਦਾ ਅਹਿਮ ਪਹਿਲੂ ਹੈ।

ਭਾਰਤੀ ਇਤਿਹਾਸ ਵਿਚ ਵਰਣਾਂ ਦੀ ਆਪਸੀ ਘਿਰਣਾ ਸਦਕਾ ਸਮੇਂ ਸਮੇਂ ਹੋਏ ਅੰਦਰੂਨੀ ਸੰਘਰਸ਼ ਦੇ ਹਵਾਲੇ ਬਾਰ ਬਾਰ ਮਿਲਦੇ ਹਨ। ਇਤਿਹਾਸ ਦੌਰਾਨ ਵਰਣਾਂ 'ਚ ਆਪਸੀ ਯੁੱਧ ਹੋਏ ਬਹੁਤ ਸਾਰੇ ਗਰੰਥ ਰਚੇ ਗਏ। 'ਬ੍ਰਾਹਮਣ ਗਰੰਥਾਂ ਦੇ ਮੁਕਾਬਲੇ ਉਪਨਿਸ਼ਦਾਂ ਦੀ ਰਚਨਾ ਹੋਈ ਜਿਹੜੇ ਜਪ-ਤਪ, ਕਰਮਕਾਂਢ, ਯੱਗ ਅਨੁੱਸ਼ਠਾਨ, ਪਸ਼ੂ-ਬਲੀ ਆਦਿ ਦੇ ਵਿਰੋਧ 'ਚ ਸਨ। ਯੁੱਧ ਵੀ ਨਿਰੰਤਰ ਹੁੰਦੇ ਰਹੇ। ਪਹਿਲਾਂ ਬ੍ਰਾਹਮਣਾਂ ਤੇ ਕਸ਼ਤਰੀਆਂ ਵਿਚਕਾਰ ਯੁੱਧ ਚਲਦਾ ਰਿਹਾ ਪਰ ਬੋਧ ਧਰਮ ਦੀ ਚੜਤ ਸਦਕਾ ਇਹ ਯੁੱਧ ਬ੍ਰਾਹਮਣਾਂ ਅਤੇ ਨੀਚ ਵਰਣਾਂ ਨਾਲ ਵੀ ਸ਼ੁਰੂ ਹੋਇਆ। ਇਨ੍ਹਾਂ ਯੁੱਧਾਂ ਦੀ ਇਕ ਮਹੱਤਵਪੂਰਨ ਵਿਸ਼ੇਸ਼ਤਾ ਸੀ। ਇਹ ਸੀ ਕਿ ਜਦੋਂ 'ਹੇਠਲੇ ਕੁਲਾਂ ਤੇ ਵਰਣਾਂ ਦੇ ਸੰਘਰਸ਼ ਦਾ ਰੁਖ ਜਦੋਂ ਜਦੋਂ ਕੁਲੀਨ ਕੁਲੀਆਂ ਵਲ ਮੁੜਦਾ ਸੀ ਤਾਂ ਉਦੋਂ ਉਦੋਂ ਬ੍ਰਾਹਮਣ-ਕਸਤ੍ਰੀਯਾ ਮਿਲਕੇ ਉਸਦਾ ਮੁਕਾਬਲਾ ਵੀ ਕਰਦੇ, ਵਿਚ ਵਿਚ ਬ੍ਰਾਹਮਣ ਉਸਦਾ ਫਾਇਦਾ ਉਠਾ ਕੇ ਆਪਣੇ ਪੁਰਾਣੇ ਮੁਕਾਬਿਲਾਂ ਕਸ਼ਤ੍ਰੀਯਾ ਦੇ ਵਿਰੁੱਧ ਵੀ ਉਸ ਤਾਕਤ ਦਾ ਮੂੰਹ ਕਰ ਦੇਂਦੇ ਸਨ। ਇਸ ਦਾ ਇਕ ਉਦਾਹਰਨ ਨੰਦ ਵੰਸ਼ ਦਾ ਇਤਿਹਾਸ ਹੈ ਅਤੇ ਦੂਸਰਾ ਕੁੱਟਲਿਆ ਦਾ ਅਰਥ-ਸ਼ਾਸ਼ਤਰ।[6] ਆਮ ਲੋਕਾਂ ਦੀ ਬੋਲੀ ਪਾਲੀ ਦੀ ਵਰਤੋਂ ਅਤੇ ਸੰਘ-ਨਿਰਮਾਣ ਵੀ ਅਸਲ ਵਿਚ ਬ੍ਰਾਹਮਣ ਵਰਣਾਸ਼ਰਮ ਵਿਵਸਥਾ ਅਤੇ ਇਕਵਰਗੀ ਸੰਸਕ੍ਰਿਤੀ ਉਪਰ ਸਫ਼ਲ ਚੋਟਾਂ ਸਨ ਜਿਸ ਨਾਲ ਬ੍ਰਾਹਮਣਾਂ ਦੀ ਭਾਸ਼ਾ ਅਤੇ ਵਰਣ-ਵਿਵਸਥਾ ਦੋਵੇਂ ਹੀ ਖੇਰੂੰ-ਖੇਰੂੰ ਹੋ ਗਈਆਂ। ਲੇਕਿਨ ਇਸ ਕਾਰਨ ਸਮਾਜ ਵਿਚ ਇਕ ਨਵਾਂ ਵਿਕਾਸ ਵੀ ਹੋਇਆ ਜਿਸ ਨੇ ਉਸਦਾ ਰੂਪ ਬਹੁਤ ਹੱਦ ਤਕ ਬਦਲ ਦਿੱਤਾ। ਜੇ ਬੁੱਧ ਨੇ ਵੀ ਸੰਸਕ੍ਰਿਤ ਨੂੰ ਆਪਣੀ ਪ੍ਰਚਾਰ ਭਾਸ਼ਾ ਵਜੋਂ ਵਰਤਿਆ ਹੁੰਦਾ ਤਾਂ ਉਸ ਦੇ ਅਨਯਾਈ ਵੀ ਬ੍ਰਾਹਮਣ-ਕਸ਼ਤ੍ਰੀਯ ਹੀ ਹੁੰਦੇ। ਲੇਕਿਨ ਪ੍ਰਚਾਰ ਭਾਸ਼ਾ ਪਾਲੀ ਹੋਣ ਕਾਰਨ ਆਮ ਲੋਕੀ ਅਤੇ ਖਾਸ ਕਰਕੇ ਨੀਚ ਵਰਗ ਦੇ ਲੋਕ ਵੀ ਉਸ ਦੇ ਅਨੁਯਾਈ ਹੋ ਗਏ। ਉਸ ਦੇ ਸੰਘ ਨੇ ਉਚੇ ਨੀਵੇਂ ਦੇ ਫਰਕ ਤੋਂ ਬਿਨਾਂ ਹੀ ਜਦੋਂ ਸਭ ਨੂੰ ਸਮਾਨ ਰੂਪ ਵਿਚ ਆਪਣੀ ਪਨਾਹ ਵਿਚ ਕਬੂਲ ਕੀਤਾ ਤਾਂ ਉਸ ਨਾਲ ਬ੍ਰਾਹਮਣਾਂ ਦੇ ਮੁਕਾਬਲੇ ਵਿਚੋਂ ਕਸ਼ਤ੍ਰੀਆਂ ਤੋਂ ਇਲਾਵਾ ਗ਼ੈਰ-ਕੁਲੀਨ ਵਰਗੀ ਨਿਚਲੇ ਵਰਣ ਵਾਲੀਆਂ ਸੈਨਾਵਾਂ ਵੀ ਉਸ 'ਚ ਜਾ ਰਲੀਆਂ। ਮੁਮਕਿਨ ਹੈ ਬੁੱਧ ਦੇ ਪ੍ਰਚਾਰ ਦਾ ਇਹ ਮਨੋਰਥ ਨਾ ਰਿਹਾ ਹੋਵੇ ਪਰ ਇਸ ਦਾ ਨਤੀਜਾ ਇਹੀ ਹੋਇਆ। ਵਿਰੋਧ ਦੀ ਇਹ ਨਵੀਂ ਲਹਿਰ ਹਾਲਾਂਕਿ ਸਿਰਫ ਬ੍ਰਾਹਮਣਾਂ ਦੀ ਵਿਰੋਧੀ ਸੀ ਪਰ ਉਸਦਾ ਰੁਖ ਕੁਲੀਨਕੁਲੀ ਬ੍ਰਾਹਮਣ ਕਸ਼ਤ੍ਰੀਯ ਦੋਹਾਂ ਦੇ ਵਿਰੋਧ ਵਿਚ ਬਰਾਬਰ ਦਰਜ਼ੇ ਦਾ ਹੋ ਸਕਦਾ ਸੀ। ਸਮਾਜਿਕ ਦਵੰਦਾਤਮਕਤਾ ਵਿਚ ਹੋਰ ਤਿਖੇਰਾਪਣ ਆ ਗਿਆ ਸੀ।[7] ਇਸ ਸਮਾਜਿਕ ਉੱਥਲ ਪੁੱਥਲ ਦੇ ਸਿਟੇ ਵਜੋਂ ਰਾਜ ਪੱਲਟੇ ਵੀ ਹੁੰਦੇ ਰਹੇ। ਸੂਦਰਾਂ ਨੇ ਵੀ ਨੰਦ ਅਤੇ ਪਾਲਾਂ ਦੀ ਅਗਵਾਈ ਵਿਚ ਆਪਣਾ ਰਾਜ ਭਾਗ ਸਥਾਪਤ ਕੀਤਾ। ਦੋਨੋਂ ਵੰਸ਼ ਸੂਦਰ ਵੀ ਸਨ ਅਤੇ ਬੋਧ ਵੀ। ਇਸ ਸਥਿਤੀ ਦਾ ਸਿੱਧਾ ਸਿੱਧਾ ਸਿਟਾ ਬ੍ਰਾਹਮਣ-ਧਰਮ ਦੇ ਕਮਜ਼ੋਰ ਹੋਣ 'ਚ ਨਿਕਲਿਆ ਜਿਸ ਨਾਲ ਵਰਣ-ਵਿਵਸਥਾ ਨੂੰ ਵੀ ਬਹੁਤ ਸੱਟ ਵੱਜੀ। ਪਰੰਤੂ ਬ੍ਰਾਹਮਣਾਂ ਨੇ ਇਸ ਸਥਿਤੀ ਨੂੰ ਸਵੀਕਾਰ ਨਹੀਂ ਕੀਤਾ ਅਤੇ ਆਪਣੇ ਧਰਮ ਦੀ ਸਰਦਾਰੀ ਮੁੜ-ਸਥਾਪਤ ਕਰਨ ਦੀਆਂ

ਕੋਸ਼ਿਸ਼ਾਂ ਜਾਰੀ ਰੱਖੀਆਂ। ਇਸ ਸਥਿਤੀ 'ਚ ਗੀਤਾ ਦੇ ਰਚੈਤਾ ਨੇ ਵੇਖਿਆ ਕਿ ਜੇ ਬ੍ਰਾਹਮਣ ਨਾ ਰਿਹਾ ਤਾਂ ਕਸ਼ਤ੍ਰੀਯਾ ਵੀ ਨਹੀਂ ਰਹਿ ਸਕੇਗਾ ਅਤੇ ਉਸਨੇ ਸਾਂਖਯ ਅਤੇ ਵੈਸ਼ੇਸਕ ਦਾ, ਨਯਾਯ ਅਤੇ ਯੋਗ ਦਾ ਤਾਲਮੇਲ ਕਾਇਮ ਕਰ ਦਿਤਾ ਕਿਉਂਕਿ ਗੀਤਾ ਚੌਕਸ ਭਾਗਵਤ ਧਰਮ ਦੀ ਪੋਥੀ ਸੀ-ਇਸ ਧਰਮ ਦਾ ਕੇਂਦਰ ਕਸ਼ਤ੍ਰੀਯ ਜਾਂ ਗ਼ੈਰ ਬ੍ਰਾਹਮਣ ਦੇਵਤਾ ਕ੍ਰਿਸ਼ਨ ਸੀ। ਇਹ ਧਰਮ ਵੇਦਾਂ ਅਤੇ ਕਰਮ-ਕਾਂਢ ਦਾ ਵਿਰੋਧੀ ਬਣਿਆ ਰਿਹਾ। ਲੇਕਿਨ ਇਹ ਧਰਮ ਕਾਫੀ ਚੌਕਸ ਸੀ ਇਸ ਲਈ ਇਸ ਨੇ ਜਨ-ਸੱਤਾ ਦੇ ਵਾਵਰੋਲੇ ਤੋਂ ਬਚਣ ਲਈ ਜਾਂ ਉਸ ਨੂੰ ਦੂਰ ਹੀ ਰਖਣ ਲਈ ਇਕ ਵਾਰੀ ਗੀਤਾ ਵਿਚ, ਫਿਰ ਉਸ ਦੇ ਅੰਤਯ ਸੰਬੰਧਾਂ ਵਿਚ ਵਰਣ-ਧਰਮ ਦੀ ਮੁੜ-ਵਿਆਖਿਆ ਕਰ ਦਿੱਤੀ। ਇਸ ਵਿਆਖਿਆ ਅਨੁਸਾਰ ਬ੍ਰਾਹਮਣ ਦਾ ਧਰਮ ਪੜਨਾ-ਪੜ੍ਹਾਉਣਾ, ਕਸ਼ਤ੍ਰੀਯਾ ਦਾ ਪ੍ਰਜਾ ਦੀ ਪਾਲਨਾ ਵੈਸ਼ ਦਾ ਖੇਤੀ ਬਾੜੀ ਅਤੇ ਸੂਦਰ ਦਾ ਇਨ੍ਹਾਂ ਤਿੰਨਾਂ ਵਰਗਾਂ ਦੀ ਸੇਵਾ ਕਰਨਾ ਹੈ।[8]

ਭਗਵਤ ਗੀਤਾ ਦੀ ਇਸ ਭੂਮਿਕਾ ਦੇ ਦੋ ਪਹਿਲੂਆਂ ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਨੇ ਉਭਾਰਿਆ ਹੈ। ਪਹਿਲਾ ਹੈ ਗੀਤਾ ਦੇ ਰਚੈਤਾ ਵਲੋਂ ਵਰਣ-ਵਿਵਸਥਾ ਨੂੰ ਦਾਰਸ਼ਨਿਕ ਆਧਾਰ ਪ੍ਰਦਾਨ ਕਰਨਾ ਅਤੇ ਦੂਸਰਾ ਪਹਿਲੂ ਸਾਂਖਯ ਦਰਸ਼ਨ ਦੇ ਤ੍ਰੈ-ਗੁਣ ਸਿਧਾਂਤ Triguna theory) ਦੇ ਮੁੱਢਲੇ ਅਰਥਾਂ ਨੂੰ ਵਿਗਾੜ (ਆਚਾਰ-ਭ੍ਰਿਸ਼ਟਤਾ) ਕੇ ਪੇਸ਼ ਕਰਨਾ ਹੈ। ਉਨ੍ਹਾਂ ਦੇ ਹੀ ਸ਼ਬਦਾਂ ਅਨੁਸਾਰ, "ਮੈਂ ਹਿੰਦੂ ਸਮਾਜ-ਦਰਸ਼ਨ, ਜੋ ਗੀਤਾ ਰਾਹੀਂ ਪਰਗਟ ਹੋਇਆ ਹੈ, ਨੂੰ ਰੱਦ ਕਰਦਾ ਹਾਂ। ਗੀਤਾ ਸਾਂਖਯ ਦਰਸ਼ਨ ਦੇ ਤ੍ਰੈ-ਗੁਣ ਸਿਧਾਂਤ ਉਤੇ ਆਧਾਰਤ ਹੈ ਜੋ ਮੇਰੇ ਵਿਚਾਰ ਅਨੁਸਾਰ ਦਾਰਸ਼ਨਿਕ ਕਪਿਲ ਦੇ ਦਰਸ਼ਨ ਦਾ ਨਿਰਦਈ ਰੂਪ 'ਚ ਵਿਗਾੜ ਹੈ। ਇਸ ਵਿਗਾੜ ਰਾਹੀਂ ਹੀ ਗੀਤਾ ਨੇ ਜਾਤੀ-ਸਿਸਟਮ ਤੇ ਜਮਾਤ-ਅਧਾਰਤ ਅਸਮਾਨਤਾ ਨੂੰ ਹਿੰਦੂ ਸਮਾਜਿਕ ਜੀਵਨ ਦਾ ਕਾਨੂੰਨ ਬਣਾ ਦਿੱਤਾ ਹੈ।[9] ਇਸ ਵਿਗਾੜ ਨੂੰ ਸਹੀ ਅਰਥਾਂ 'ਚ ਸਮਝਣ ਲਈ ਸਾਂਖਯ ਦਰਸ਼ਨ ਦੇ ਤ੍ਰੈ-ਗੁਣ ਸਿਧਾਂਤ ਦੀ ਵਿਆਖਿਆ ਵਿਸਥਾਰ ਦੀ ਮੰਗ ਕਰਦੀ ਹੈ। ਦਾਰਸ਼ਨਿਕ ਕਪਿਲ ਸਾਂਖਯ ਦਰਸ਼ਨ ਦੇ ਮੋਢੀ ਹਨ। ਸਾਂਖਯ ਦਰਸ਼ਨ ਅਨੁਸਾਰ ਪ੍ਰਕਿਰਤੀ (Prakriti) ਦੀ ਕਿਰਿਆ ਸ਼ੀਲਤਾ ਨੇ ਹੀ ਇਸ ਸ੍ਰਿਸ਼ਟੀ ਨੂੰ ਜਨਮ ਦਿੱਤਾ ਹੈ। ਪ੍ਰਕਿਰਤੀ ਵਿਚ ਤਿੰਨ ਗੁਣ ਨਿਹਿਤ ਹਨ, ਸਤੋ ਗੁਣ ਰਜੋ ਗੁਣ ਤੇ ਤਮੋ-ਗੁਣ। ਪ੍ਰਕਿਰਤੀ 'ਚ ਇਨ੍ਹਾਂ ਗੁਣਾਂ ਦਾ ਸੰਤੁਲਨ ਜਿਨੀ ਦੇਰ ਕਾਇਮ ਸੀ ਸਮੁਚੀ ਕਾਇਆਨਾਤ ਸੁੰਨ-ਸਾਨ ਸੀ, ਇਸ ਸੰਤੁਲਨ ਦੇ ਟੁੱਟਦੇ ਸਾਰ ਹੀ ਪ੍ਰਕਿਰਤੀ ਕਾਰਜਸ਼ੀਲ ਅਵਸਥਾ 'ਚ ਬਦਲ ਗਈ ਭਾਵ ਕਿ ਸਮੁਚੀ ਕਾਇਆਨਾਤ ਇਕ ਛਿਣ 'ਚ ਹੀ ਜਾਗ ਪਈ। ਕਪਿਲ ਦਾ ਇਹ ਵੀ ਵਿਚਾਰ ਹੈ ਕਿ ਸ੍ਰਿਸ਼ਟੀ ਦਾ ਹਰ ਜੀਵ ਇਨ੍ਹਾਂ ਗੁਣਾਂ ਨਾਲ ਭਰਪੂਰ ਹੈ ਅਤੇ ਇਹ ਗੁਣ ਹੀ ਹਰ ਵਿਅਕਤੀ ਦੇ ਸੁਭਾਅ ਨੂੰ ਨਿਰਧਾਰਤ ਕਰਦੇ ਹਨ। ਪਰੰਤੂ ਸਮੇਂ ਤੇ ਸਥਿਤੀ ਅਨੁਸਾਰ ਹਰੇਕ ਮਨੁੱਖ ਦੇ ਜੀਵਨ 'ਚ ਹਰ ਗੁਣ ਦਾ ਪ੍ਰਭਾਵ ਘੱਟਦਾ-ਵੱਧਦਾ ਰਹਿੰਦਾ ਹੈ, ਭਾਵ ਕਿ ਕੋਈ ਖਾਸ ਗੁਣ ਕਿਸੇ ਵੀ ਵਿਅਕਤੀ ਵਿਚ ਜਮਾਂਦਰੂ ਨਹੀਂ ਹੁੰਦਾ ਹੈ। ਬੇਸ਼ੱਕ ਪ੍ਰਕਿਰਤੀ 'ਪੁਰਸ਼' ਦੀ ਛੁਹ ਸਦਕਾ ਹੀ ਹਰਕਤ 'ਚ ਆਉਂਦੀ ਹੈ ਪਰ ਸਾਂਖਯ ਦਰਸ਼ਨ ਦੇ ਤ੍ਰੈ-ਗੁਣ ਸਿਧਾਂਤ ਦਾ ਮਨੋਰਥ ਇਹ ਬਿਲਕੁਲ ਨਹੀਂ ਸੀ ਕਿ ਇਸ ਦੇ ਆਧਾਰ ਤੇ ਵਰਣ-ਆਸ਼ਰਮ ਪ੍ਰਣਾਲੀ ਨੂੰ ਉਚਿਤ ਠਹਿਰਾਇਆ ਜਾਵੇ। ਦਾਰਸ਼ਨਿਕ ਕਪਿਲ ਨੇ ਤ੍ਰੈ-ਗੁਣ ਸਿਧਾਂਤ ਨੂੰ ਸਮੁੱਚੀ ਕਾਇਆਨਾਤ ਦੀ ਉਤਪਤੀ ਦੀ ਵਿਆਖਿਆ ਦੇ ਆਧਾਰ ਵਜੋਂ ਵਿਕਸਿਤ ਕੀਤਾ ਸੀ। ਡਾ. ਅੰਬੇਡਕਰ ਅਨੁਸਾਰ ਭਗਵਤ ਗੀਤਾ ਨੇ ਤ੍ਰੈ-ਗੁਣ ਸਿਧਾਂਤ ਨੂੰ ਵਿਗਾੜ ਕੇ ਬ੍ਰਾਹਮਣ ਵਰਣ ਨੂੰ ਸਤੋ-ਗੁਣ ਭਰਪੂਰ, ਕਸ਼ਤ੍ਰੀਯਾ ਵਰਣ ਨੂੰ ਰਜੋ-ਗੁਣ ਭਰਪੂਰ ਅਤੇ ਵੈਸ਼ਾਂ ਨੂੰ ਤਮੋ-ਗੁਣ ਭਰਪੂਰ ਅਤੇ ਸੂਦਰਾਂ ਨੂੰ ਸੇਵਾ-ਭਾਵ ਭਰਪੂਰ ਐਲਾਨ ਕੇ ਇਨ੍ਹਾਂ ਨੂੰ ਜਮਾਂਦਰੂ ਗੁਣਾਂ ਦਾ ਦਰਜਾ ਦਿੱਤਾ ਹੈ। ਇਸ ਨੇ ਹੀ ਵਰਣ-ਆਸ਼ਰਮ-ਧਰਮ ਨੂੰ ਦਾਰਸ਼ਨਿਕ ਮਜ਼ਬੂਤੀ ਦੇ ਕੇ ਸਮਾਜਿਕ ਦਰਜਾਬੰਦੀ ਨੂੰ ਭਾਰਤੀ ਪ੍ਰਧਾਨ ਸਭਿਆਚਾਰ ਦਾ ਮੁੱਖ ਆਧਾਰ ਬਣਾਇਆ ਹੈ। ਇਹ ਨੁਕਤਾ ਵੀ ਮਹੱਤਵਪੂਰਨ ਕਿ ਜੇ ਪ੍ਰਕਿਰਤੀ ਤਿੰਨਾ ਗੁਣਾਂ ਨਾਲ ਹੀ ਨਿਹਿਤ ਹੈ ਤਾਂ ਚੌਂਹ-ਆਸ਼ਰਮੀ ਵਰਣ-ਵਿਵਸਥਾ ਨੂੰ ਇਸ ਦੇ ਆਧਾਰ ਉਤੇ ਕਿਵੇਂ ਉਚਿਤ ਠਹਿਰਾਇਆ ਜਾ ਸਕਦਾ ਹੈ? ਇਹ ਗੁੰਝਲ ਹਿੰਦੂ ਧਰਮ-ਸ਼ਾਸ਼ਤਰਾਂ ਤੇ ਗਰੰਥਾਂ ਦੇ ਟਿਪਣੀ-ਕਾਰਾਂ ਅਤੇ ਵਿਆਖਿਆਕਾਰਾਂ ਨੇ ਹਲ ਕਰਨ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ? ਇਹ ਸਵਾਲ ਆਪਣੇ ਆਪ 'ਚ ਹੀ ਸਦੀਆਂ ਤੋਂ ਜਵਾਬ ਮੰਗਦਾ ਅਤੇ ਚਲਦਾ ਆ ਰਿਹਾ ਹੈ।

ਸਾਂਖਯ ਦਰਸ਼ਨ ਬਹੁਤ ਪੁਰਾਣਾ ਹੈ। ਉਪਨਿਸ਼ਦਿਕ ਵਿਦਿਆ ਦੇ ਵਿਰੋਧ ਅਤੇ ਪ੍ਰਤੀਕ੍ਰਿਆ ਦੇ ਰੂਪ ਵਿਚ ਹੀ ਇਸ ਦਰਸ਼ਨ ਦੀ ਉਤਪਤੀ ਤੇ ਸਥਾਪਨਾ ਹੋਈ। ਕਿਉਂ ਜੋ ਇਸ ਦਾ ਰੂਪ ਪ੍ਰਤੱਖਵਾਦੀ ਸੀ। ਸਾਂਖਯ, ਵੈਸ਼ੇਸ਼ਕ ਅਤੇ ਨਯਾਯ ਨੇ ਸਭ ਤੋਂ ਪਹਿਲਾਂ ਭਾਰਤ ਵਿਚ ਤਰਕ ਤੇ ਭੌਤਿਕਵਾਦ ਦੀ



ਦਾਰਸ਼ਨਿਕ ਨੀਂਹ ਰੱਖੀ ਸੀ। ਇਨ੍ਹਾਂ ਨੇ, ਕਮਜ਼ੋਰੀਆ ਦੇ ਬਾਵਜੂਦ, ਸੰਸਾਰ ਦਾ ਅਸਲੀ ਰੂਪ ਦੇਖਿਆ ਤੇ ਦਿਖਾਇਆ ਵੀ। ਬਾਬਾ ਸਾਹਿਬ ਅੰਬੇਡਕਰ ਅਤੇ ਐਮ. ਐਨ. ਰਾਏ ਨੇ ਕਪਿਲ ਰਿਸ਼ੀ ਨੂੰ ਕਰਮਵਾਰ ਰੈਸ਼ਨਲਿਸਟ ਅਤੇ ਪਦਾਰਥਵਾਦੀ ਦਾਰਸ਼ਨਿਕ ਦੀ ਸੰਘਿਆ ਦਿੱਤੀ ਹੈ। ਅਜਿਹੇ ਦਰਸ਼ਨ ਨੂੰ ਵਿਗਾੜਨ ਦਾ ਮਨੋਰਥ ਸੀ ਕਿ ਸਮੁਚੀ ਭੌਤਿਕਵਾਦੀ ਤੇ ਬੁੱਧੀਵਾਦੀ ਦਾਰਸ਼ਨਿਕ ਪਰੰਪਰਾ ਪ੍ਰਤੀ ਹੀ ਸ਼ੰਕਾਵਾਂ ਪੈਦਾ ਕੀਤੀਆਂ ਜਾਣ ਅਤੇ ਇਸ ਪਰੰਪਰਾ ਦਾ ਰੁਖ ਹੀ ਤਬਦੀਲ ਕਰ ਦਿੱਤਾ ਜਾਵੇ ਅਤੇ ਅਜਿਹਾ ਵਾਪਰਿਆ ਵੀ। ਅੰਬੇਡਕਰ ਦਾ ਦਾਰਸ਼ਨਿਕ ਮਨੋਰਥ ਇਸ ਤ੍ਰੈ-ਗੁਣ ਸਿਧਾਂਤ ਨੂੰ ਇਸ ਦੇ ਮੁਢਲੇ ਅਰਥ ਦੇ ਕੇ ਸਾਂਖਯ ਦਰਸ਼ਨ ਨੂੰ ਇਕ ਬੁੱਧੀਵਾਦੀ ਦਰਸ਼ਨ ਦੇ ਤੌਰ ਤੇ ਪਛਾਣ ਦੀ ਸਥਾਪਨਾ ਕਰਨਾ ਹੈ। ਇਹ ਕਾਰਜ ਔਖਾ ਤਾਂ ਹੀ ਹੈ ਪਰ ਮਹੱਤਵਪੂਰਨ ਵੀ ਬਹੁਤ ਹੈ। ਦਲਿਤ ਚਿੰਤਨ ਤੇ ਸਾਹਿਤ ਦਾ ਇਹ ਵੀ ਬੜਾ ਮਹੱਤਵਪੂਰਨ ਨੁਕਤਾ ਹੈ ਜਿਹੜਾ ਉਨ੍ਹਾਂ ਬੁੱਧੀਜੀਵੀਆਂ ਤੇ ਵਿਦਵਾਨਾਂ ਦੇ ਖਾਸ ਧਿਆਨ ਦੀ ਮੰਗ ਕਰਦਾ ਹੈ ਜਿਹੜੇ ਦੁਨੀਆਂ ਨੂੰ ਪਦਾਰਥਕ ਦ੍ਰਿਸ਼ਟੀਕੋਣ ਤੋਂ ਵਿਆਖਿਆ ਕਰਕੇ ਇਸ ਨੂੰ ਤਬਦੀਲ ਕਰਨ ਦਾ ਦਮ ਭਰਦੇ ਹਨ। ਇਸ ਦੇ ਨਾਲ ਹੀ ਅੰਬੇਡਕਰ ਨੇ ਭਗਵਤ ਗੀਤਾ ਵਲੋਂ ਤ੍ਰੈ-ਗੁਣ ਸਿਧਾਂਤ ਨੂੰ ਵਿਗਾੜਨ ਤੇ ਵਿਚਾਰਵਾਦ ਦਾ ਹਿੱਸਾ ਬਣਾਉਣ ਦੀ ਕੋਸ਼ਿਸ਼ ਦਾ ਵਿਰੋਧ ਕਰਕੇ ਵਰਣ-ਆਸ਼ਰਮ ਨੂੰ ਪ੍ਰਦਾਨ ਕੀਤੇ ਦਾਰਸ਼ਨਿਕ ਆਧਾਰ ਦਾ ਪਾਜ਼ ਖੋਹਲਣ ਦਾ ਸ਼ਲਾਘਾਯੋਗ ਕਾਰਜ ਕੀਤਾ ਹੈ। ਬਾਬਾ ਸਾਹਿਬ ਨੇ ਗੀਤਾ ਦੇ ਆਧਾਰ ਤੇ ਵਰਣ-ਵਿਵਸਥਾ ਦੀ ਉਚਿਤੱਤਾ ਦੇ ਬੋਧ ਨੂੰ ਰੱਦ ਕੀਤਾ ਹੈ।

ਐਮ. ਐਨ. ਰਾਇ ਅਤੇ ਡਾ. ਅੰਬੇਡਕਰ ਨੇ ਵੇਦਾਂਤ ਦਰਸ਼ਨ ਨੂੰ ਭਾਰਤੀ ਦਰਸ਼ਨ ਦੇ ਪਿਛਾਂਹ ਖਿੱਚੂ ਅਧਿਆਤਮਿਕ ਤੇ ਵਿਚਾਰਵਾਦੀ ਵਿਰਸੇ ਦੇ ਤੌਰ 'ਤੇ ਪੇਸ਼ ਕੀਤਾ ਹੈ। ਤਥਾਗਤ ਬੁੱਧ ਦੀ ਦਾਰਸ਼ਨਿਕ ਤੇ ਸਮਾਜਿਕ-ਕਰਾਂਤੀ ਉਪਰੰਤ ਗੀਤਾ ਦੀ ਰਚਨਾ ਦਾ ਮੁਖ ਮੰਤਵ ਵੇਦਾਂਤ ਦਰਸ਼ਨ ਦੀ ਮੁੜ-ਸਥਾਪਤੀ ਕਰਕੇ ਮਜ਼ਬੂਤ ਕਰਨ ਦੀ ਕਾਮਯਾਬ ਕੋਸ਼ਿਸ਼ ਸੀ। ਐਮ. ਐਨ. ਰਾਇ ਨੇ ਤਾਂ ਸਿੱਧਾ ਤੇ ਸਪੱਸ਼ਟ ਕਹਿ ਦਿੱਤਾ ਕਿ ਭਾਰਤੀ ਫਾਸ਼ੀਵਾਦ ਦੀਆਂ ਜੜ੍ਹਾਂ ਗੀਤਾ ਦੇ ਰੱਬੀ-ਦਰਸ਼ਨ (Divine philosophy) ਵਿਚ ਮੌਜ਼ੂਦ ਹਨ। ਉਨ੍ਹਾਂ ਲਿਖਿਆ , "ਇਹ ਅੰਕਿਤ ਕਰਨਾ ਪ੍ਰਸੰਗਕ ਹੋਵੇਗਾ ਕਿ ਫਾਸ਼ੀਵਾਦੀ ਦਰਸ਼ਨ ਦੀਆਂ ਜੜ੍ਹਾ ਗੀਤਾ ਦੇ ਰੱਬੀ ਦੇਵੀ ਦਰਸ਼ਨ ਵਿਚ ਦੇਖੀਆਂ ਜਾ ਸਕਦੀਆਂ ਹਨ। ਇਸ ਦਰਸ਼ਨ ਅਨੁਸਾਰ ਇਸ ਧਰਤੀ ਉਤੇ ਮੌਜ਼ੂਦ ਸਾਰੀਆਂ ਸ਼ਕਤੀਆਂ (Bibutis) ਹੀ ਪਰਮਆਤਮਾ ਦੀਆਂ ਸ਼ਕਤੀਆਂ ਹਨ। ਸੋ, ਦਾਰਸ਼ਨਿਕ ਤੌਰ ਤੇ ਫਾਸ਼ੀਵਾਦ ਕੋਈ ਨਵਾਂ ਵਰਤਾਰਾ ਨਹੀਂ ਹੈ, ਨਾ ਹੀ ਇਹ ਕਹਿਣਾ ਉਚਿਤ ਹੋਵੇਗਾ ਕਿ ਫਾਸ਼ੀਵਾਦ ਦਾ ਆਪਣਾ ਕੋਈ ਦਰਸ਼ਨ ਹੀ ਨਹੀਂ ਹੈ। ਫਾਸ਼ੀਵਾਦੀ ਦਰਸ਼ਨ ਅਧਿਆਤਮਿਕ ਜੀਵਨ-ਪੱਧਤੀ ਦਾ ਤਰਕਪੂਰਣ ਸਿੱਟਾ ਹੈ। ਗੀਤਾ ਰਾਹੀ ਪ੍ਰਸਤੁਤ ਸਿਧਾਂਤ ਅਤੇ ਫਾਸ਼ੀਵਾਦੀ ਨਵ-ਹੀਗੈਲੀਅਨ ਪਰਾ-ਭੌਤਿਕ ਆਧਾਰਤ ਰਾਜ ਦੇ ਸੰਕਲਪ ਦੇ ਤਰਕਪੂਰਨ ਸਿੱਟੇ ਵਿਚਕਾਰ ਲਿੰਕ ਪਰਤੱਖ ਦੇਖਿਆ ਜਾ ਸਕਦਾ ਹੈ ।[10] ਡਾ. ਅੰਬੇਡਕਰ ਨੇ ਵੀ ਇਸ ਦਾਰਸ਼ਨਿਕ ਨੁਕਤੇ ਨੂੰ ਉਭਾਰਿਆ ਹੈ। ਉਨ੍ਹਾਂ ਕਿਹਾ ਆਦਰਸ਼ ਹਿੰਦੂ ਸਮਾਜ ਦੇ ਸਕੰਲਪ ਨੇ, ਜੋ ਹਿੰਦੂ ਧਰਮ ਤੇ ਆਧਾਰਤ ਹੈ, ਸਮਾਜ ਉਤੇ ਸਦਾਚਾਰਕ ਗਿਰਾਵਟ ਅਤੇ ਅਪਮਾਨਤ ਭਰਪੂਰ ਪ੍ਰਭਾਵ ਛਡਿਆ ਹੈ। ਇਸ ਆਦਰਸ਼ ਦਾ ਰੂਪ ਤੇ ਸਾਰ ਨਿਤਸ਼ੀਅਨ ਹੈ। ਜੋ ਸਿਧਾਂਤ ਨਿਤਸ਼ੇ ਨੇ 20 ਵੀਂ ਸਦੀ 'ਚ ਪ੍ਰਚਾਰਿਆ ਉਹੀ ਸਿਧਾਂਤ ਮਨੂੰ ਨੇ ਬਹੁਤ ਅਰਸਾ ਪਹਿਲਾਂ ਪ੍ਰਚਾਰਿਆ ਸੀ। ਹਿੰਦੂ ਧਰਮ ਅਜਿਹਾ ਧਰਮ ਨਹੀਂ ਹੈ ਜਿਹੜਾ ਸੁਤੰਤਰਤਾ, ਬਰਾਬਰੀ ਤੇ ਭਾਈਚਾਰੇ ਦੀ ਭਾਵਨਾ ਦਾ ਮਦੱਈ ਹੋਵੇ। ਇਹ ਮੰਗ ਕਰਦਾ ਹੈ ਕਿ ਸਮੁੱਚਾ ਸਮਾਜ ਸੁਪਰਮੈਨ (ਬ੍ਰਾਹਮਣ) ਦੀ ਪੂਜਾ ਕਰੀ ਜਾਵੇ। ਇਹ ਐਲਾਨ ਕਰਦਾ ਹੈ ਕਿ ਸਿਰਫ ਤੇ ਸਿਰਫ ਬ੍ਰਾਹਮਣ ਤੇ ਉਸ ਦੀ ਜਮਾਤ ਨੂੰ ਹੀ ਰਹਿਣ ਤੇ ਰਾਜ ਕਰਨ ਦਾ ਹੱਕ ਹੈ। ਦੂਸਰੇ ਤਾਂ ਸਿਰਫ ਸੇਵਾ ਲਈ ਹੀ ਪੈਦਾ ਹੋਏ ਹਨ, ਉਹ ਆਪਣੀ ਸਖ਼ਸ਼ੀਅਤ ਨੂੰ ਪ੍ਰਫੁਲੱਤ ਕਰਨ ਦਾ ਹੱਕ ਨਹੀਂ ਰੱਖਦੇ।" ਅੰਬੇਡਕਰ ਅਨੁਸਾਰ ਹਿੰਦੂ ਧਰਮ ਵਾਸਤਵਿਕ ਸਚਾਈ ਦਾ ਆਦਰਸ਼ੀਕਰਨ ਕਰਨ ਅਤੇ ਆਦਰਸ਼ ਨੂੰ ਵਾਸਤਵਿਕ ਯਥਾਰਥ ਸਮਝਦਾ ਹੈ। (It idealizes the real and realizes the ideal) ਇਹ ਹੀਗਲ ਦੇ ਮਸ਼ਹੂਰ ਵਾਕ, "ਆਦਰਸ਼(ਕਲਪਨਿਕ) ਹੀ ਅਸਲੀਅਤ ਹੈ ਅਤੇ ਵਾਸਤਵਿਕ ਅਸਲੀਅਤ ਹੀ ਆਦਰਸ਼ ਹੈ। (the ideal is the real and the real is the ideal) ਭਾਵ ਕਿ ਜੋ ਕੁਝ ਚੰਗਾ-ਮਾੜਾ ਨਜ਼ਰ ਆਉਂਦਾ ਹੈ ਉਸੇ (ਰੱਬ) ਦਾ ਹੀ ਰੂਪ ਹੈ ਅਤੇ ਕਿਉਂ ਜੋ ਵੀ ਉਸ ਰੱਬ ਦਾ ਰੂਪ ਹੈ ਉਹ ਚੰਗਾ ਹੀ ਚੰਗਾ ਹੈ- ਮਾੜਾ ਹੋ ਹੀ ਨਹੀਂ ਸਕਦਾ। ਇਹੀ ਗੀਤਾ ਦਾ ਆਦਰਸ਼ ਹੈ। ਜਿਸ ਨੂੰ ਡੀ. ਡੀ. ਕੁਸੰਬੀ ਨੇ ਅਜਿਹੇ ਦੈਵੀ ਗੀਤ ਦੀ ਸੰਗਿਆ ਦਿੱਤੀ ਹੈ ਜਿਸ ਨੂੰ ਹਮੇਸ਼ਾ ਹੀ ਬ੍ਰਾਹਮਣ ਉਚੀਆਂ ਜਮਾਤਾਂ ਲਈ ਗਾਂਉਦੇ ਰਹੇ ਹਨ, ਅਤੇ ਬ੍ਰਾਹਮਣਾਂ ਦੇ ਮੂੰਹੋਂ ਦੂਸਰੀਆਂ ਜਮਾਤਾਂ ਜਿਵੇਂ

ਔਰਤਾਂ, ਵੈਸ਼ ਤੇ ਸੂਦਰਾਂ, ਤੱਕ ਪਹੁੰਚਾਉਂਦੇ ਰਹੇ ਹਨ, ਜਿਹੜੀਆਂ ਆਪਣੇ ਨੀਚ ਜਨ੍ਹਮ ਸਦਕਾ ਮਲੇਸ਼ ਕਹੀਆਂ ਗਈਆਂ ਹਨ। ਗੀਤਾ ਦਾ ਆਦਰਸ਼ ਜਾਤ-ਆਧਾਰਤ ਸਾਮੰਤਵਾਦ ਦੀ ਵਿਵਸਥਾ ਹੈ, ਅਜਿਹਾ ਆਦਰਸ਼ ਜਿਸਨੂੰ ਭਗਤੀ (Bhakti) ਰਾਹੀ ਖ਼ੂਬ ਪ੍ਰਚਾਰਿਆ ਤੇ ਪ੍ਰਸਾਰਿਆ ਗਿਆ ਹੈ। "ਇਹ ਜਾਣਨਾ ਮਹੱਤਵਪੂਰਨ ਹੈ ਕਿ ਗੀਤਾ ਦੇ ਪ੍ਰਭਾਵ ਦਾ ਉਹੀ ਸਮਾਂ ਸੀ ਜਿਸ ਦੌਰਾਨ ਇਕ ਪਾਸੇ ਲੜਾਕੂ ਬ੍ਰਾਹਮਣਵਾਦ ਦੀ ਪੁਨਰ-ਸਥਾਪਨਾ ਹੁੰਦੀ ਹੈ ਤੇ ਦੂਸਰੇ ਪਾਸੇ ਬੁੱਧਇਜ਼ਮ ਦਾ ਪਤਨ ਹੁੰਦਾ ਹੈ। ਗੀਤਾ ਤੋਂ ਪਹਿਲਾਂ ਜਦ ਬੁੱਧਇਜ਼ਮ ਦਾ ਬੋਲ-ਬਾਲਾ ਸੀ ਜਾਂ ਸਮੁਚੇ ਸਮਾਜ ਵਿਚ ਨਵਾਂ ਜੋਸ਼ ਸੀ ਤੇ ਭਾਰਤੀ ਸਭਿਅਤਾ ਫੁੱਲ ਵਾਂਗ ਖਿੜੀ ਹੋਈ ਦਿਖਾਈ ਦਿੰਦੀ ਸੀ। ਪਰੰਤੂ ਗੀਤਾਂ ਤੋਂ ਬਾਅਦ ਦੇ ਸਮਾਜ ਦੀਆਂ ਵਿਸ਼ੇਸ਼ਤਾਵਾਂ ਵਿਚ ਸ਼ਾਮਲ ਸਨ-ਗੀਤਾ ਦਾ ਕਰਮਯੋਗ ਵਿਅਕਤੀਗਤ ਸੁਤੰਤਰਤਾ ਉਤੇ ਆਧਾਰਤ ਨਹੀਂ ਹੈ ਜਿਹਾ ਕਿ ਰਾਸ਼ਟਰੀ ਅੰਦੋਲਨ ਦੌਰਾਨ ਬਾਲ ਗੰਗਾਧਰ ਤਿਲਕ ਤੋਂ ਸ਼ੁਰੂ ਹੋ ਕੇ ਅਰਬਿੰਦੋ, ਮਹਾਤਮਾ ਗਾਂਧੀ, ਰਾਜਗੋਪਾਲ ਅਚਾਰੀਆ ਅਤੇ ਡਾ. ਰਾਧਾਕ੍ਰਿਸ਼ਨਨ ਵਰਗਿਆਂ ਨੇ ਆਪਣੀ ਆਪਣੀ ਵਿਆਖਿਆ 'ਚ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ। ਅਜਿਹੀ ਕੋਸ਼ਿਸ਼ ਆਦਿ-ਸ਼ੰਕਰ, ਰਾਮਾਨੁਜ, ਗਿਆਨੇਸ਼ਵਰ, ਮਾਧਵ, ਵੱਲਭ ਅਚਾਰਿਆ ਅਤੇ ਨਿੰਬਾਰਕ ਨੇ ਪਹਿਲਾਂ ਵੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਗੀਤਾ ਦਾ ਕਰਮਯੋਗ ਵਿਅਕਤੀ ਦੇ ਜਾਤ-ਆਧਾਰਤ ਫ਼ਰਜ਼ਾਂ ਪ੍ਰਤੀ ਸੁਹਿਰਦਤਾ ਵੱਲ ਹੀ ਸੰਕੇਤਕ ਰਿਹਾ ਹੈ। ਕੌਣ ਇਨਕਾਰ ਕਰ ਸਕਦਾ ਹੈ ਕਿ ਗੀਤਾ ਆਦੇਸ਼ ਦਿੰਦੀ ਹੈ ਕਿ ਜਾਤ-ਆਧਾਰਤ ਕਿੱਤੇ ਨੂੰ ਤਿਲਾਂਜਲੀ ਦੇਣੀ ਅਤੇ ਅੰਤਰਜਾਤੀ ਸ਼ਾਦੀਆਂ ਰਚਾਉਣੀਆਂ ਸਭ ਤੋਂ ਵੱਡਾ ਜ਼ੁਰਮ ਹੈ। There is no greater crime than abdicating one's birth based occupation and marrying outside ones caste because mixture of castes leads to naught but hell and distroys all family and caste values) ਅੱਜ ਵੀ ਗੀਤਾ ਪੰਥੀ ਲੋਕ ਤੇ ਸੰਸਥਾਵਾਂ ਦਾ ਜਾਤੀ-ਵਿਵਸਥਾ ਨੂੰ ਤੋੜਨ ਦਾ ਕੋਈ ਅਜੰਡਾ ਨਹੀਂ ਹੈ, ਅਜਿਹਾ ਹੋਣਾ ਵੀ ਮੁਸ਼ਕਲ ਹੈ, ਕਿਉਂਕਿ ਕ੍ਰਿਸ਼ਨ ਜੀ ਖ਼ੁਦ ਹੀ ਆਦੇਸ਼ ਦਿੰਦੇ ਹਨ ਕਿ ਚਾਰ-ਵਰਣੀ ਵਿਵਸਥਾ ਵੰਡ ਦੀ ਸਿਰਜਣਾ ਉਨ੍ਹਾਂ ਨੇ ਹੀ ਕੀਤੀ ਹੈ ਅਤੇ ਇਸ ਸਿਰਜਣਾਂ ਨੂੰ ਬਹੁਤ ਵੱਡੀ ਪ੍ਰਾਪਤੀ ਕਿਹਾ ਗਿਆ ਹੈ। ਗੀਤਾ ਦੇ ਨਿਸ਼ਕਾਮ-ਕਰਮ ਸਿਧਾਂਤ ਨੇ ਔਰਤਾਂ ਅਤੇ ਹੱਥੀ ਕੰਮ ਕਰਨ ਵਾਲਿਆਂ ਨੂੰ ਸਦੀਆਂ ਤੋਂ ਅਲਹਿਦਗੀ ਦੀ ਅਵਸਥਾ 'ਚ ਸੁੱਟ ਰੱਖਿਆ ਹੈ। ਗੀਤਾ ਦਾ ਅਜਿਹਾ ਹੀ ਜਮਾਤੀ ਚਰਿਤਰ ਚਲਿਆ ਆ ਰਿਹਾ ਹੈ ਸਦੀਆਂ ਤੋਂ।

ਇਸੇ ਦਾਰਸ਼ਨਿਕ ਪਰੰਪਰਾ ਨੂੰ ਹੋਰ ਮਜ਼ਬੂਤ ਕਰਨ ਵਿਚ ਸ਼ੰਕਰਾਅਚਾਰੀਯ ਦਾ ਉਘਾ ਯੋਗਦਾਨ ਹੈ। ਸ਼ੰਕਰ ਆਪਣੇ "ਅਦਵੈਤਵਾਦ" ਅਤੇ "ਮਾਇਆਵਾਦ" ਕਰਕੇ ਵਧੇਰੇ ਜਾਣਿਆ ਜਾਂਦਾ ਹੈ। ਸ਼ੰਕਰ ਦਾ ਵਿਚਾਰਵਾਦ ਉਸ ਵਲੋਂ ਉਪਨਿਸ਼ਦਾਂ, ਭਗਵਦ-ਗੀਤਾ ਅਤੇ ਬਾਦਰੀਆਣ ਸੂਤਰਾਂ ਉਤੇ ਲਿਖੇ ਟੀਕਿਆਂ (ਭਾਸ਼ਯਾ) 'ਚ ਮਿਲਦਾ ਹੈ। ਇਸ ਵਿਚ ਸ਼ੱਕ ਨਹੀਂ ਕਿ ਸ਼ੰਕਰ ਇਕ ਅਦੱਭੁਤ ਪ੍ਰਤਿਭਾ ਦਾ ਮਾਲਕ ਸੀ, ਜਿਸ ਨੇ ਸਿਰਫ 32 ਸਾਲ ਦੀ ਛੋਟੀ ਜਿਹੀ ਉਮਰ ਵਿਚ ਹੀ ਆਪਣੇ ਅਦਵੈਤ-ਵੇਦਾਂਤ ਨੂੰ ਸਾਰੇ ਭਾਰਤ 'ਚ ਫੈਲਾਅ ਦਿੱਤਾ ਸੀ। ਸ਼ੰਕਰ ਨੇ ਵਿਚਾਰਵਾਦੀ ਦਰਸ਼ਨ ਨੂੰ ਜੋ ਵਿਵੇਕਸ਼ੀਲਤਾ ਪ੍ਰਦਾਨ ਕੀਤੀ ਹੈ ਉਹ ਉਸ ਦਾ ਕਮਾਲ ਹੈ ਪਰੰਤੂ ਇਹੀ ਉਸ ਦਾ ਦੁਖਾਂਤ ਵੀ ਹੋ ਨਿਬੜਦਾ ਹੈ। ਸ਼ੰਕਰ ਦਾ ਅਦਵੈਤਵਾਦ ਭਾਰਤੀ ਵਿਚਾਰਵਾਦੀ ਪਰੰਪਰਾ ਦਾ ਸਿਖਰ ਹੈ-ਉਪਨਿਸ਼ਦਾਂ ਦਾ ਆਤਮਵਾਦ ਭਾਂਵੇ ਇਸ ਦਾ ਦਾਰਸ਼ਨਿਕ ਪਿਛੋਕੜ ਹੈ ਪਰ ਸ਼ੰਕਰ ਧਰਮ-ਸ਼ਾਸ਼ਤਰਾਂ ਤੇ ਸਿਮ੍ਰਤੀਆ ਦੁਆਰਾ ਪ੍ਰਚਲਤ ਸਮਾਜਿਕ ਬੰਧਨਾਂ ਦੀ ਵੀ ਪ੍ਰੋੜਤਾ ਬਰਾਬਰ ਕਰੀ ਜਾਂਦਾ ਹੈ। ਸ਼ੰਕਰ ਨੇ ਜਿਥੇ ਵਾਸਤਵਿਕ ਸਚਾਈ (ਗੋਚਰ ਜਗਤ) ਨੂੰ ਭਰਮ-ਭੁਲੇਖਾ ਦਸਿਆ ਹੈ ਉਥੇ 'ਬ੍ਰਹਮਾਂ' ਨੂੰ ਪਰਮਾਰਥ ਸੱਤ ਕਿਹਾ ਹੈ। ਬਾਹਰੀ ਜਗਤ ਦੀ ਤਾਂ ਉਸ ਲਈ ਯਥਾਰਥਕ ਹੋਂਦ ਹੀ ਨਹੀਂ ਹੈ। ਬਾਹਰੀ ਜਗਤ ਦੀ ਤੁੱਲਨਾ ਸ਼ੰਕਰ ਉਸ ਰੱਸੀ ਨਾਲ ਕਰਦਾ ਹੈ ਜਿਹੜੀ ਦੂਰੋਂ ਸੱਪ ਦਾ ਭੁਲੇਖਾ ਪਾਉਂਦੀ ਹੈ। ਜਿਵੇਂ ਮਨੁੱਖ ਰੱਸੀ ਨੂੰ ਹੀ ਸੱਪ ਸਮਝ ਬੈਠਦਾ ਹੈ ਉਸੇ ਤਰ੍ਹਾਂ ਮਨੁੱਖ ਵਾਸਤਵਿਕ ਸਚਾਈ ਨੂੰ ਅਸਲ ਜਗਤ ਸਮਝ ਲੈਂਦਾ ਹੈ ਤੇ ਇਸ ਵਿਚ ਗ੍ਰਸਿਤ ਹੋ ਕੇ ਜੂੰਨੀ ਪੈ ਜਾਂਦਾ ਹੈ। 'ਬ੍ਰਹਮ' ਤੋਂ ਸਿਵਾਏ ਕੁਝ ਵੀ ਸੱਚ ਨਹੀਂ ਹੈ, ਅਤੇ ਮੁਕਤੀ (ਬ੍ਰਹਮ-ਮਿਲਾਪ) ਪ੍ਰਾਪਤੀ ਹੀ ਮਨੁੱਖ ਦਾ ਅਸਲ ਲਖਸ਼ ਹੈ।

ਸ਼ੰਕਰ ਅਚਾਰਯ ਦੇ ਬ੍ਰਹਮਵਾਦ ਦਾ ਅਸਲ ਮਨੋਰਥ ਭਾਰਤੀ ਦਰਸ਼ਨ ਪਰੰਪਰਾ 'ਚ ਮੌਜੂਦ ਵਿਗਿਆਨਕ ਪਰੰਪਰਾਵਾਂ ਨੂੰ ਵਿਕਸਿਤ ਹੋਣ ਤੋਂ ਰੋਕਣਾ ਹੈ- ਇਸ ਵਿਚ ਉਹ ਕਾਮਯਾਬ ਵੀ ਹੋਇਆ। ਇਕ ਪਾਸੇ ਸ਼ੰਕਰ ਬੌਧ-ਦਰਸ਼ਨ ਦੀ ਰੈਸ਼ਨਲਿਸਟ ਪਹੁੰਚ ਨੂੰ ਕਮਜ਼ੋਰ ਕਰਨ 'ਚ ਆਪਣੀ



ਭੂਮਿਕਾ ਨਿਭਾਉਂਦਾ ਹੈ ਦੂਸਰੇ ਪਾਸੇ ਉਹ ਨਿਆਏ-ਵਿਸ਼ੇਸ਼ਕ ਦੇ "ਆਰੰਭਵਾਦ" ਅਤੇ ਸਾਂਖਯ ਦਰਸ਼ਨ ਦੇ ਪ੍ਰੀਣਾਮਵਾਦ ਨੂੰ ਝੁਠਲਾਉਂਦਾ ਚਲਾ ਜਾਂਦਾ ਹੈ। ਸ਼ੰਕਰ ਇਨ੍ਹਾਂ ਸਿਧਾਂਤਾਂ ਦੇ ਬਦਲ 'ਚ ਵਿਵਰਤਵਾਦ Vivarat Vad) ਦਾ ਸਿਧਾਂਤ ਪੇਸ਼ ਕਰਦਾ ਹੈ ਜਿਸ ਅਨੁਸਾਰ ਕਾਰਨ-ਕਾਰਜ ਜਾਂ ਕਾਰਨਤਾ ਰਾਹੀ ਹੋਈ ਤਬਦੀਲੀ ਸਿਰਫ ਭਰਾਮਕ ਤਬਦੀਲੀ ਹੀ ਕਹੀ ਜਾ ਸਕਦੀ ਹੈ। ਜਦ ਕਿ ਆਰੰਭਵਾਦ (ਅ-ਸੱਤ-ਕਿਰਿਆਵਾਦ) ਅਨੁਸਾਰ ਕਾਰਜ ਅਸਲੋਂ ਹੀ ਨਵੀਂ ਚੀਜ਼ ਜਾਂ ਵਸਤੂ ਹੁੰਦੀ ਹੈ, ਨਿਰਾ ਕਾਰਨ ਦਾ ਹੀ ਰੂਪ ਭੇਦ ਨਹੀਂ ਹੁੰਦੀ ਜਿਵੇਂ ਦਹੀਂ, ਦੁੱਧ ਤੋਂ ਬਿਲਕੁਲ ਭਿੰਨ ਹੁੰਦਾ ਹੈ। ਇਸੇ ਤਰ੍ਹਾਂ ਪਨੀਰ ਦੁੱਧ ਤੇ ਦਹੀਂ ਤੋਂ ਵੱਖਰੀ ਚੀਜ਼ ਹੁੰਦੀ ਹੈ। ਜਾਂ ਜਿਵੇਂ ਦਰਖ਼ਤ ਤੋਂ ਲੱਕੜ ਬਣਦੀ ਹੈ ਜੋ ਦਰਖ਼ਤ ਤੋਂ ਅਲੱਗ ਹੁੰਦੀ ਹੈ ਕਿਉਂ ਕਿ ਲੱਕੜ ਬੇਜ਼ਾਨ ਹੁੰਦੀ ਹੈ ਪਰੀਣਾਮਵਾਦ (ਸੱਤ ਕਿਰਿਆ-ਵਾਦ) ਅਨੁਸਾਰ ਕਾਰਜ ਪਹਿਲਾਂ ਹੀ ਕਾਰਨ 'ਚ ਮੌਜੂਦ ਹੁੰਦਾ ਹੈ, ਭਾਵੇਂ ਕਿ ਨਵਾਂ ਰੂਪ ਕਾਰਨ ਦੀ ਅੰਤਰ-ਨਿਹਿਤਤਾ ਦਾ ਹੀ ਪਰਗਟਾਅ ਰੂਪ ਹੁੰਦਾ ਹੈ ਜਿਵੇਂ ਮਿਟੀ ਤੋਂ ਬਣਿਆ ਕਲਾਮਈ ਭਾਂਡਾ ਮਿੱਟੀ 'ਚ ਅੰਤਰ-ਨਿਹਿਤ ਹੈ। ਇਹ ਦੋਨੋ ਸਿਧਾਂਤ ਵਿਆਪਕ ਪਰਿਵਰਤਨ ਦੀ ਪ੍ਰੋੜਤਾ ਕਰਦੇ ਹਨ ਕਿਉਂ ਕਿ ਇਨ੍ਹਾਂ ਦੀ ਧਾਰਨਾ ਹੈ ਕਿ ਅਕਾਰਨ ਕੁਝ ਵੀ ਨਹੀਂ ਵਾਪਰਦਾ, ਇਹੀ ਵਿਗਿਆਨਕ ਪਹੁੰਚ ਹੈ। ਲੇਕਿਨ ਸ਼ੰਕਰ ਦਾ ਵਿਵਰਤਵਾਦ ਇਨ੍ਹਾਂ ਸਿਧਾਂਤਾਂ ਦਾ ਖੰਡਨ ਕਰਕੇ ਭਾਰਤ ਦੀਆਂ ਵਿਗਿਆਨਕ ਪਰੰਪਰਾਵਾਂ ਦੀ ਮਜ਼ਬੂਤੀ ਤੇ ਹੋਰ ਅਗੇਰੇ ਵਿਕਾਸ ਦੀਆਂ ਸੰਭਾਵਨਾਵਾਂ ਹੀ ਖ਼ਤਮ ਕਰਨ ਦੀ ਕੋਸ਼ਿਸ਼ ਕਰਦਾ ਹੈ। ਸ਼ੰਕਰ ਲਈ ਬ੍ਰਹਮ ਕਿਸੇ ਤਬਦੀਲੀ ਦਾ ਕਾਰਨ ਹੋ ਹੀ ਨਹੀਂ ਸਕਦਾ ਕਿਉਂਕਿ ਉਹ ਤਾਂ ਪਰਮ ਸੱਤ ਹੈ ਅਤੇ ਵਾਸਤਵਿਕ ਜਗਤ ਵਿਚ ਜੋ ਕੁਝ ਵਾਪਰਦਾ ਹੈ ਉਹ ਅਸਲ ਸੱਚ ਹੀ ਨਹੀਂ ਹੈ, ਇਹ ਸਭ ਕੁਝ ਭਰਾਮਕ ਹੈ ਜਿਸ ਨੂੰ ਤਬਦੀਲੀ ਕਿਹਾ ਹੀ ਨਹੀਂ ਜਾ ਸਕਦਾ।

ਡੀ. ਪੀ. ਚਟੋਪਾਧਿਆਯ ਅਨੁਸਾਰ ਭਾਰਤੀ ਵਿਚਾਰਵਾਦ ਗਿਆਨ-ਪ੍ਰਾਪਤੀ ਦੀ ਕਿਰਿਆ 'ਚ ਤਰਕਵਿਧੀ (Reasoning) ਨੂੰ ਕੋਈ ਮਹੱਤਤਾ ਨਹੀਂ ਦਿੰਦਾ। ਇੰਝ ਸ਼ੰਕਰ ਵੀ ਤਰਕ ਸ਼ਾਸ਼ਤਰੀਆਂ ਦੀ ਘੋਰ ਨਿੰਦਾ ਕਰਦਾ ਹੈ। ਇਸ ਪਿਛੇ ਕਾਰਨ ਹੈ ਕਿ ਤਰਕਸ਼ਾਸ਼ਤਰੀ ਕਾਨੂੰਨ-ਘਾੜਿਆ ਤੇ ਸਿਮ੍ਰਤੀਕਾਰਾਂ ਦੀਆਂ ਦਲੀਲਾਂ ਦਾ ਵਿਵੇਕਪੂਰਨ ਖੰਡਨ ਕਰਦੇ ਹਨ। ਸ਼ੰਕਰ ਨੂੰ ਇਹ ਮਨਜ਼ੂਰ ਹੀ ਨਹੀਂ ਹੈ ਕਿਉਂਕਿ ਉਹ ਤਾਂ ਸਿਮ੍ਰਤੀਕਾਰਾਂ ਤੇ ਧਰਮ ਸ਼ਾਸ਼ਤਰੀਆਂ ਦੇ ਸਿਰਜੇ ਸਮਾਜਿਕ ਅਤੇ ਕਾਨੂੰਨੀ ਨਿਯਮਾਂ ਨੂੰ ਉਚਿਤ ਠਹਿਰਾਉਂਦਾ ਹੈ। ਸ਼ੰਕਰ ਮਨੂੰ ਸਿਮ੍ਰਤੀ 'ਚ ਅੰਕਿਤ ਸਮਾਜਿਕ ਨਿਯਮਾਂ ਨੂੰ ਵੇਦ-ਆਧਾਰਤ ਮੰਨਦਾ ਹੈ। ਸ਼ੰਕਰ ਅਨੁਸਾਰ ਜੋ ਕੁਝ ਵੀ ਮਨੂੰ ਨੇ ਕਿਹਾ ਹੈ ਉਹ ਆਮ ਲੋਕਾਂ ਲਈ ਦਵਾਈ (What Manu says is medicine) ਹੈ। ਸ਼ੰਕਰ ਦਾ ਦ੍ਰਿੜ-ਮੱਤ ਹੈ ਕਿ ਵੇਦ-ਨਿਹਿਤ ਰਹੱਸ ਅਤੀਅੰਤ ਸੂਝਵਾਨ ਹੈ ਜੋ ਅਨਾਦਿ "ਬ੍ਰਹਮ " ਦਾ ਸਦੀਵੀਂ ਗਿਆਨ ਕਰਾਉਂਦਾ ਹੈ ਜਦ ਕਿ ਤਰਕਵਿਧੀ ਨਾ-ਭਰੋਸੇਯੋਗ ਅਤੇ ਥੋੜ ਚਿਰੇ ਗਿਆਨ ਦਾ ਬੋਧ ਕਰਾਉਂਦੀ ਹੈ। ਸਪਸ਼ੱਟ ਹੈ ਜਿਥੇ ਭਗਵਤ ਗੀਤਾ ਨੇ ਸਾਂਖਯ ਦੇ ਤ੍ਰੈ-ਗੁਣ ਸਿਧਾਂਤ ਨੂੰ ਵਿਗਾੜ ਕੇ ਪੇਸ਼ ਕੀਤਾ ਉਥੇ ਸ਼ੰਕਰ ਨੇ ਬੌਧ, ਨਿਆਏ-ਵਿਸ਼ੇਸ਼ਕ ਅਤੇ ਸਾਂਖਯ ਦਰਸ਼ਨ ਦੀਆਂ ਬੁਧੀਵਾਦੀ ਤੇ ਵਿਗਿਆਨਕ ਪਰੰਪਰਾਵਾਂ ਦੇ ਵੱਧਣ-ਫੁੱਲਣ ਵਿਚ ਖੜੋਤ ਪੈਦਾ ਕੀਤੀ। ਵੇਦਾਂਤ ਅਤੇ ਅਦਵੈਤ-ਵੇਦਾਂਤ ਦੀ ਇਸ ਸਮੁੱਚੀ ਭੂਮਿਕਾ ਨੂੰ ਮੁੱਖ ਰੱਖਕੇ ਹੀ ਡਾ. ਅੰਬੇਡਕਰ ਨੇ ਬ੍ਰਾਹਮਣਵਾਦੀ ਦਾਰਸ਼ਨਿਕ, ਸਾਹਿਤਕ ਅਤੇ ਸਭਿਆਚਾਰਕ ਸਰੋਤਾਂ ਨੂੰ ਰੱਦ ਕਰਨ ਦੀ ਹਿੰਮਤ ਕੀਤੀ ਹੈ। ਦਰਅਸਲ, ਅਜਿਹਾ ਕਰਕੇ ਬਾਬਾ ਸਾਹਿਬ ਨੇ ਭਾਰਤੀ ਲੋਕਤੰਤਰਕ ਅਤੇ ਅਗਾਂਹਵਧੂ, ਪਰੰਪਰਾਵਾਂ ਨੂੰ ਹੋਰ ਅਮੀਰ ਬਣਾਉਣ 'ਚ ਆਪਣੀ ਸ਼ਲਾਘਾਯੋਗ ਭੂਮਿਕਾ ਨਿਭਾਈ ਹੈ।

ਬਾਬਾ ਸਾਹਿਬ ਤੋਂ ਪਹਿਲਾਂ ਵੀ ਜਿਓਤਿਬਾ ਫੂਲੇ, ਸਾਵਿਤਰੀ ਬਾਈ ਫੂਲੇ, ਤਾਰਾ ਬਾਈ ਸ਼ਿੰਦੇ ਅਤੇ ਪੰਡਿਤਾਂ ਰਮਾਬਾਈ ਵਲੋਂ ਬ੍ਰਾਹਮਵਾਦੀ ਵਿਵਸਥਾ ਦਾ ਖੰਡਨ ਕੀਤਾ ਜਾ ਚੁੱਕਾ ਹੈ। ਜਿਓਤਿਬਾ ਫੂਲੇ ਦੀਆਂ ਸਭਿਆਚਾਰਕ ਤੇ ਰਾਜਨੀਤਕ ਧਾਰਨਾਵਾਂ ਬਹੁਤ ਹੀ ਸਪਸ਼ਤ ਸਨ। ਉਨ੍ਹਾਂ ਦਾ ਮੱਤ ਸੀ ਕਿ "ਬ੍ਰਿਟਿਸ-ਸਾਮਰਾਜ" ਵਿਰੁੱਧ (ਰਾਜਨੀਤਕ ਹੱਕਾਂ ਲਈ ਸੰਘਰਸ਼) ਹੀ ਦੇਸ਼ ਨੂੰ ਪੂਰਨ ਆਜ਼ਾਦ ਕਰਾਉਣ ਲਈ ਕਾਫੀ ਨਹੀਂ, ਜ਼ਾਤ-ਪਾਤ ਅਤੇ ਛੂਆ ਛੂਤ ਦੇ ਖਾਤਮੇ ਲਈ ਸੰਘਰਸ਼ ਵੀ ਉਨ੍ਹਾ ਹੀ ਜ਼ਰੂਰੀ ਹੈ। ਫੂਲੇ ਬ੍ਰਾਹਮਣਵਾਦੀ ਵਿਵਸਥਾ ਨੂੰ (ਬ੍ਰਾਹਮਣਵਾਦੀ-ਸਾਮਰਾਜ) ਭਾਰਤ ਦੇ ਉਜਲੇ ਭਵਿੱਖ ਲਈ ਬਹੁਤ ਵੱਡਾ ਖਤਰਾ ਸਮਝਦੇ ਸਨ। ਉਨ੍ਹਾਂ ਅਨੁਸਾਰ ਇਸ ਵਿਵਸਥਾ ਦੀਆਂ ਜੜ੍ਹਾਂ ਹਿੰਦੂ ਧਰਮ-ਸ਼ਾਸ਼ਤਰਾਂ 'ਚ ਹਨ, ਜਿਹੜੇ ਜਾਤੀ ਵਿਵਸਥਾ ਤੇ ਛੂਆ-ਛੂਤ ਨੂੰ ਰੱਬੀ-ਸ਼ਕਤੀ ਪ੍ਰਦਾਨ ਕਰਦੇ ਹਨ, ਜਿਸ ਸਦਕਾ ਇਨ੍ਹਾਂ ਵਿਤਕਰਿਆਂ ਨੂੰ ਵਿਲੱਖਣਤਾ ਪ੍ਰਾਪਤ ਹੋਈ। ਫੂਲੇ ਨੇ

ਭਾਰਤੀ ਇਤਿਹਾਸਕਾਰੀ ਦੀ ਪਰੰਪਰਾ ਸਿਰਜਣ 'ਚ ਸੱਬਆਲਟਰਨ ਨਜ਼ਰੀਏ-ਪੱਖੋਂ ਅਹਿਮ ਯੋਗਦਾਨ ਪਾਇਆ ਹੈ। ਫੂਲੇ ਨੇ ਬ੍ਰਹਮਾਂ, ਵਿਸ਼ਨੂੰ ਅਤੇ ਇਨ੍ਹਾਂ ਦੇ ਅਵਤਾਰਾਂ ਅਤੇ ਰਾਕਸ਼ਾਂ ਦੇ ਆਪਸੀ ਯੁੱਧ ਨੂੰ ਬੁਰਾਈ ਤੇ ਚੰਗਿਆਈ ਦੀ ਪ੍ਰਤੀਨਿੱਧਤਾ ਕਰਦੀਆਂ ਤਾਕਤਾਂ ਦੇ ਦਾਵੰਦਾਤਮਕ ਰੂਪ 'ਚ ਪੇਸ਼ ਕੀਤਾ ਹੈ। ਹਿੰਦੂਇਜ਼ਮ ਦੀ ਕਰਮਕਾਂਡੀ ਜੀਵਨ-ਜਾਂਚ ਤੇ ਇਸ ਨਾਲ ਸਬੰਧਤ ਕਥਨਾਂ ਨੂੰ ਉਹ ਮੂਲੋ ਹੀ ਰੱਦ ਕਰਦਾ ਹੈ। ਫੂਲੇ ਪੈਦਾਵਾਰੀ ਰਿਸ਼ਤਿਆਂ ਨੂੰ ਨਜ਼ਰ ਅੰਦਾਜ਼ ਨਹੀਂ ਕਰਦਾ, ਕੁਨਬੀ ਔਰਤ ਦੀ ਉਤਪਾਦਕ ਕਿਰਤ ਨੂੰ ਉਹ ਆਪਣੀ ਇਕ ਕਵਿਤਾ ਵਿਚ ਸਵੀਕਾਰਦਾ ਤੇ ਕਹਿੰਦਾ ਹੈ ਕਿ ਕੁਨਬੀ ਔਰਤ ਖੇਤਾਂ ਵਿਚ ਮਿਹਨਤ ਕਰਦੀ ਹੈ, ਘਰ ਦੀ ਰਸੋਈ ਤੇ ਬੱਚੇ ਪਾਲਣ ਤੇ ਸਾਂਭ-ਸੰਭਾਲ ਵਿਚ ਵੱਡੀ ਭੂਮਿਕਾ ਨਿਭਾਂਉਂਦੀ ਹੈ, ਅਤੇ ਬੈਗਾਰ ਵੀ ਕਰਦੀ ਹੈ ਭਾਵ ਕਿ ਬ੍ਰਾਹਮਣਾਂ ਤੇ ਉੱਚੀਆਂ ਜਾਤੀਆਂ ਦੇ ਘਰਾਂ ਵਿਚ ਗੋਹਾ-ਕੂੜਾ ਤੇ ਬੱਚਿਆਂ ਦੀ ਨਿਗਰਾਨੀ ਨੂੰ ਪਰੰਪਰਾਗਤ ਆਦੇਸ਼ ਵਜੋਂ ਵੀ ਨਿਭਾਉਂਦੀ ਹੈ। ਦੂਸਰੇ ਪਾਸੇ ਭਾਤਿਨ (ਬ੍ਰਾਹਮਣ-ਔਰਤ) ਨੂੰ ਇਕ ਸਮਾਜਿਕ-ਪਰਜੀਵੀ ਦੇ ਤੌਰ ਤੇ ਪੇਸ਼ ਕਰਦਾ ਹੈ। ਭਾਤਿਨ ਘਰ 'ਚ ਵਿਹਲੀ ਰਹਿੰਦੀ ਹੈ ਜਿਸ ਦੇ ਫਲਸਰੂਪ ਉਤਪਾਦਨ 'ਚ ਉਸ ਦਾ ਕੋਈ ਯੋਗਦਾਨ ਨਹੀਂ ਹੈ। ਭਾਤਿਨ ਕਦੇ ਵੀ ਸ਼ੂਦਰ ਬਚਿਆ ਦਾ ਖਿਆਲ ਨਹੀਂ ਰੱਖਦੀ, ਨਾਂ ਹੀ ਉਨ੍ਹਾਂ ਪ੍ਰਤੀ ਉਸ ਦੇ ਦਿਲ 'ਚ ਪਿਆਰ ਉਮੰਡਦਾ ਹੈ ਜਿਵੇਂ ਕੁਨਬੀ ਔਰਤ ਆਪਣੀ ਭੂਮਿਕਾ ਨਿਭਾਉਂਦੀ ਹੈ। ਫੂਲੇ ਨੇ ਹਿੰਦੂ ਕਦਰਾਂ-ਕੀਮਤਾਂ ਨੂੰ ਰੱਦ ਕਰਕੇ ਇਕ "ਸਰਬਜਨਕ ਸੱਤਯ-ਧਰਮ" ਦੇ ਨਾਲ ਹੇਠ ਨਵੀਂ ਜੀਵਨ-ਜਾਂਚ ਦੀ ਸਿਰਜਣਾ ਕੀਤੀ-ਇਹ ਇਕ ਅਜਿਹਾ ਕਲਪਨਿਕ ਸੰਯੁਕਤ ਸਮਾਜ ਹੈ, ਜਿਸ ਵਿਚ ਪਰਿਵਾਰ ਇਕ ਖੁੱਲੀ (ਉਦਾਰ) ਇਕਾਈ ਹੈ ਅਤੇ ਅਜਿਹੇ ਸਮਾਜ ਵਿਚ ਇਕ ਮੁਸਲਮਾਨ, ਇਕ ਇਸਾਈ, ਇਕ ਬੋਧ ਅਤੇ ਇਕ ਸਰਬ-ਜਨਕ ਧਰਮੀ ਮਿਲਜੁਲ ਕੇ ਬਰਾਬਰ ਤੇ ਸੁੰਤਤਰਤਾ-ਭਰਪੂਰ ਮਹੌਲ 'ਚ ਰਹਿ ਸਕਦੇ ਹਨ। ਫੂਲੇ ਦਾ ਇਹ ਲੋਕਤੰਤਰਕ ਤੇ ਸੈਕੂਲਰ ਸਮਾਜ ਦਾ ਸੰਕਲਪ ਹੈ।

ਪੰਡਿਤਾਂ ਰਮਾਂਬਾਈ ਨੇ ਆਪਣੀ ਮਹੱਤਵਪੂਰਨ ਪੁਸਤਕ "ਇਸਤਰੀ-ਪੁਰਸ਼ ਤੁਲਨਾ" ਰਾਹੀ ਹਿੰਦੂ ਮਰਦ-ਪ੍ਰਧਾਨ ਸਮਾਜ ਦੀਆਂ ਕਦਰਾਂ-ਕੀਮਤਾਂ ਉਤੇ ਤਕੜੇ ਹਮਲੇ ਕੀਤੇ, ਜਿਸ ਸਕਦਾ ਉਸ ਉਤੇ ਵੀ ਹਿੰਦੂ ਸਮਾਜ ਵਲੋਂ ਮੋੜਵੇ ਹਮਲੇ ਹੋਏ। ਰਮਾਂਬਾਈ ਨੇ ਹਿੰਦੂ ਪਛਾਣ ਨੂੰ ਤਿਲਾਂਜਲੀ ਦਿੰਦੇ ਹੋਏ ਅਤੇ ਜ਼ੋਰਦਾਰ ਢੰਗ ਨਾਲ ਭਾਰਤੀ ਔਰਤ ਦੇ ਗੌਰਵ ਨੂੰ ਕਾਇਮ ਰਖਦੇ ਹੋਏ ਕਿਹਾ ਕਿ "ਜੋ ਵੀ ਨਿਰਪੱਖਤਾ ਨਾਲ ਹਿੰਦੂ ਸੰਸਕ੍ਰਿਤ ਸਾਹਿਤ ਦਾ ਅਧਿਐਨ ਤੇ ਸਮੀਖਿਆ ਕਰਦੇ ਹਨ, ਉਹ ਮਨੂੰ ਵਰਗੇ ਕਾਨੂੰਨਦਾਨ ਨੂੰ ਕਦੇ ਨਹੀਂ ਭੁਲ ਸਕਦੇ, ਜਿਸ ਨੇ ਆਪਣੀ ਸਮੁੱਚੀ ਸਮਰੱਥਾ ਔਰਤਾਂ ਨੂੰ ਵਿਸ਼ਵ ਦੀਆਂ ਨਜ਼ਰਾਂ ਵਿਚ ਘ੍ਰਿਣਾਮਈ ਪ੍ਰਾਣੀ ਦੇ ਤੌਰ ਤੇ ਪੇਸ਼ ਕਰਨ ਲਈ ਹੀ ਲਾ ਦਿੱਤੀ...। ਮੈਂ ਪੂਰੀ ਸਚਾਈ ਤੇ ਇਮਾਨਦਾਰੀ ਨਾਲ ਕਹਿ ਸਕਦੀ ਹਾਂ ਕਿ ਸੰਸਕ੍ਰਿਤ ਸਾਹਿਤ ਵਿਚ ਕੋਈ ਐਸੀ ਪੁਸਤਕ ਨਹੀਂ ਪੜੀ ਜਿਹੜੀ ਔਰਤਾਂ ਦੀਆਂ ਸੰਵੇਦਨਾਵਾਂ ਪ੍ਰਤੀ ਇਸ ਕਿਸਮ ਦੀ ਘਿਰਣਾ ਭਰਪੂਰ ਭਾਵਨਾ ਨਾ ਫੈਲਾਉਂਦੀ ਹੋਵੇ।" ਰਮਾਂਬਾਈ ਅਗੇ ਕਹਿੰਦੀ ਹੈ, "ਕਿਨੀ ਹੈਰਾਨੀ ਦੀ ਗੱਲ ਹੈ ਕਿ ਪੰਜ ਪਤੀਆਂ ਦੇ ਹੁੰਦਿਆਂ ਵੀ ਦਰੋਪਤੀ ਨੂੰ ਕਰਨ ਮਹਾਂਰਾਜ ਦੀ ਨੀਅੱਤ ਤੋਂ ਘਬਰਾਹਟ ਹੁੰਦੀ ਹੈ? ਇਨ੍ਹਾਂ ਹਾਲਾਤਾਂ ਤਹਿਤ ਸਤਿਆਵਤੀ ਤੇ ਕੁੰਤੀ ਦੀ ਕੀ ਮਾਨਸਿਕ ਦਸ਼ਾ ਹੋਈ ਹੋਊ? ਇਕ ਨੂੰ ਆਪਣੇ ਸਰੀਰ ਦੀ ਦੁਰਗੰਧ ਦੂਰ ਕਰਨ ਲਈ ਰਿਸ਼ੀ ਦੇ ਹੁਕਮ ਦੀ ਪਾਲਣਾ ਕਰਨੀ ਪਈ ਅਤੇ ਦੂਸਰੀ ਨੂੰ ਧਾਰਮਿਕ ਮੰਤਰ ਦੀ ਪਾਲਣਾ ਕਰਨੀ ਪਈ। ਅਜ਼ੀਬ ਕਿਸਮ ਦੇ ਹਿੰਦੂ ਧਾਰਮਿਕ ਦੇਵੀ-ਦੇਵਤੇ ਤੇ ਰਿਸ਼ੀ ਹਨ? " ਪ੍ਰਚਲਤ ਇਸਤਰੀ-ਧਰਮ ਬਾਰੇ ਅਤੇ ਇਸ ਨੂੰ ਤਿਲਾਂਜਲੀ ਦੇਣ ਲਈ ਉਤਸ਼ਾਹਤ ਕਰਦੀ ਤਾਰਾਬਾਈ ਸ਼ਿੰਦੇ ਕਹਿੰਦੀ ਹੈ- "ਇਸਤਰੀ-ਧਰਮ ਕੀ ਹੈ? ਇਕ ਹੀ ਪਤੀ ਪ੍ਰਤੀ ਅੰਨੀ ਤੇ ਅਨੰਤ ਵਫਾਦਾਰੀ, ਉਸ ਦੀ ਮਨ-ਮਰਜ਼ੀ ਅਨੁਸਾਰ ਹੀ ਹਮੇਸ਼ਾ ਵਿਵਹਾਰ ਲਈ ਤਤਪਰ ਰਹਿਣਾ... ਉਹ (ਪਤੀ) ਭਾਵੇਂ ਉਸ ਨੂੰ (ਪਤਨੀ) ਕੁਟੇ-ਮਾਰੇ, ਗਾਲੀਆਂ ਦੇਵੇ, ਵੇਸਵਾ ਨਾਲ ਭੋਗ ਵਿਲਾਸ ਕਰੇ, ਸ਼ਰਾਬ ਪੀਵੇ, ਘਰ-ਬਾਰ ਲੁਟਾ ਦੇਵੇ, ਰਿਸ਼ਵਤ ਲਵੇ, ਜਦ ਘਰ ਪਹੁੰਚੇ ਤਾਂ ਉਸ ਦੀ ਦੇਵਤੇ ਵਾਂਗ ਪੂਜਾ ਕਰੇ, ਜਿਵੇਂ ਕ੍ਰਿਸ਼ਨ ਮਹਾਂਰਾਜ ਗਵਾਲਿਆਂ ਕੋਲੋਂ ਮੱਖਣ ਚੁਰਾ ਕੇ ਪਰਤਿਆ ਹੋਵੇ। ਇਹੋ ਜਿਹੇ ਪਤੀਵਰਤਾ ਧਰਮ ਨੂੰ ਤਿਲਾਂਜਲੀ ਦੇਣ ਦੇ ਹੱਕ 'ਚ ਹੋਰ ਵੀ ਅਨੇਕਾਂ ਤਰਕ ਅੰਕਿਤ ਕੀਤੇ ਜਾ ਸਕਦੇ ਹਨ।" ਪਿਤਰੀ-ਵੰਸ਼ ਪ੍ਰਣਾਲੀ ਦੇ ਇਸ ਸਤੰਭ (ਪਤੀ-ਵਰਤਾ) ਦੇ ਦੋਹਰੇ ਮਿਆਰ ਉਤੇ ਚੋਟ ਕਰਦੀ ਉਹ ਹੌਸਲੇ ਨਾਲ ਲਿਖਦੀ ਹੈ,"ਉਹ

* ਇਹ ਦੋਨੋਂ ਸਾਹਿਤਕਾਰ ਔਰਤਾਂ ਅਖੌਤੀ ਬ੍ਰਾਹਮਣ ਜਾਤ ਵਿਚ ਹੀ ਜਨਮੀਆਂ ਸਨ। ਲੇਕਿਨ ਉਹ ਸਮਾਜਿਕ ਕਰਾਂਤੀ ਦੀ ਲਹਿਰ 'ਚ ਜਿਓਤਿਬਾ ਫੂਲੇ ਦੀਆਂ ਸਾਥਣਾਂ ਬਣੀਆਂ ਰਹੀਆਂ। ਸਵਿਤਰੀ ਬਾਈ ਫੂਲੇ ਸਮੇਤ ਇਨ੍ਹਾਂ ਨੂੰ ਆਧੁਨਿਕ ਕਾਲ ਵਿਚ ਵਿਮਿਨ ਲਿਬਰੇਸ਼ਨ ਦੀਆਂ ਮੋਢੀ ਕਹਿਣਾ ਉਚਿਤ ਹੈ।



ਔਰਤ ਹੀ ਸੀ, ਸਵਿਤਰੀ, ਜਿਹੜੀ ਯੰਮ ਦੇਵਤੇ ਦੀ ਅਦਾਲਤ 'ਚ ਆਪਣੇ ਪਤੀ ਦਾ ਜੀਵਨ ਬਚਾਉਣ ਲਈ ਗਈ ਸੀ। ਚਲੋ ਇਹ ਤਾਂ ਛੱਡੋ, ਕੀ ਤੁਸੀਂ ਕਿਸੇ ਮਰਦ ਦਾ ਨਾਮ ਲੈ ਸਕਦੇ ਹੋ ਜਿਹੜਾ ਕਦੇ ਇਸ ਰਸਤੇ ਤੇ ਕਦੇ ਵੀ ਚਲਿਆ ਹੋਵੇ ? ਜੇ ਪਤੀ ਦੀ ਮੌਤ ਉਪਰੰਤ ਔਰਤ ਆਪਣੀ ਪਵਿਤਰਤਾ ਤੇ ਅਸਤਿਤਵ ਗੁਆ ਬੈਠਦੀ ਹੈ ਅਤੇ ਉਸ ਨੂੰ ਇਕ ਮੁਜ਼ਰਮ ਵਾਂਗ ਹਨੇਰੇ 'ਚ ਹੀ ਆਪਣਾ ਸਾਰਾ ਜੀਵਨ ਗੁਜਾਰਨਾ ਪੈਂਦਾ ਹੈ, ਕੀ ਤੁਸੀਂ ਵੀ ਆਪਣੀ ਦਾੜੀ ਮੁਨਾਉਂਦੇ ਹੋ ਤੇ ਇਕ ਸਨਿਆਸੀ ਵਾਂਗ ਬਾਕੀ ਜੀਵਨ ਗੁਜਾਰਦੇ ਹੋ? ਜੇ ਕਿਸੇ ਸਮਾਰਟ ਦੇਵਤੇ ਨੇ ਮਰਦਾਂ ਨੂੰ ਪਤਨੀ ਦੀ ਮੌਤ ਤੋ ਦਸ ਦਿਨ ਬਾਅਦ ਦੂਸਰੀ ਔਰਤ ਘਰ ਲੈ ਆਉਣ ਦਾ ਸਰਟੀਫੀਕੇਟ ਜਾਰੀ ਕੀਤਾ ਹੋਇਐ, ਤਾਂ ਮੈਨੂੰ ਦਿਖਾਇਆ ਜਾਵੇ।" ਇਹ ਦੋਨੋਂ ਸਾਹਿਤਕਾਰ ਔਰਤਾਂ* ਇਸ ਸਾਹਿਤਕ ਸੱਚ ਉਤੇ ਅੜੀਆਂ ਵੀ ਰਹੀਆਂ ਅਤੇ ਖੜੀਆਂ ਵੀ ਰਹੀਆਂ ਕਿ (ਹਿੰਦੂ) ਪੁਰ੍ਹਾਣਾ ਧਾਰਮਿਕ ਮਾਨਤਾ ਪ੍ਰਾਪਤ ਗਰੰਥ ਨਹੀਂ ਹਨ, ਬਲਕਿ ਕਹਾਣੀਆਂ ਭਰਪੂਰ ਪੁਸਤਕਾਂ ਹਨ ਜਿਨਾਂ ਦਾ ਮੂਲ ਮੁੱਦਾ ਮਰਦਾਂ ਦੀ ਔਰਤਾਂ ਉਤੇ ਧੌਂਸ ਕਾਇਮ ਰੱਖਦੇ ਹੋਏ ਮਰਦ-ਔਰਤ ਤੇ ਉਚੇ ਨੀਵੇਂ ਰਿਸ਼ਤੇ ਨੂੰ ਰੱਬੀ-ਮਾਨਤਾ ਦੁਆਉਣਾ ਹੈ। ਉਨ੍ਹਾਂ ਦਾ ਦ੍ਰਿੜ ਵਿਸ਼ਵਾਸ਼ ਸੀ ਕਿ ਉਹ ਸਾਰੀਆਂ ਹੀ ਪੁਸਤਕਾਂ ਜਿਨ੍ਹਾਂ ਵਿਚ ਧਰਮ-ਸ਼ਾਸ਼ਤਰ, ਮਹਾਂ-ਕਾਵਿ, ਪੁਰਾਣ (ਅਤੇ ਇਸ ਤਰਜ਼ ਦੇ ਆਧੁਨਿਕ ਕਵੀ ਵੀ ਸ਼ਾਮਲ ਹਨ), ਔਰਤਾਂ ਦੇ ਚਰਿਤਰ ਬਾਰੇ ਸਿਰਫ ਦੋ ਕਿਸਮ ਦੇ ਨਾਕਾਰਾਤਮ ਨਜ਼ਰੀਏ ਪੇਸ਼ ਕਰਦੀਆਂ ਹਨ, ਕਿ "ਔਰਤਾਂ ਭਾਵੇਂ ਉਚੀ ਜਾਤੀ ਦੀਆਂ ਹੋਣ ਜਾਂ ਨੀਵੀਂ ਜਾਤੀ ਦੀਆਂ, ਬਹੁਤ ਬੁਰੀਆਂ ਹਨ, ਰਾਖਸ਼ਾਂ ਤੋਂ ਵੀ ਵੱਧ ਬੁਰੀਆਂ, ਬਦਚਲਨ ਹਨ, ਝੂਠ (ਅ-ਸੱਤ) ਤੋਂ ਵੀ ਵੱਧ ਅਪਵਿੱਤਰ ਹਨ ਅਤੇ ਇਸ ਲਈ ਉਹ ਮਰਦਾਂ ਵਾਂਗ ਕਦੇ ਵੀ ਮੁਕਤੀ (ਮੋਕਸ਼) ਨਹੀਂ ਪ੍ਰਾਪਤ ਕਰ ਸਕਦੀਆਂ।[13] ਇਸ ਖੰਡਨ ਪਰੰਪਰਾ ਦੇ ਮੂਲ ਸਰੋਤ ਬੁੱਧ ਦਰਸ਼ਨ 'ਚ ਮੌਜੂਦ ਹਨ। ਤਥਾਗਤ ਬੁੱਧ ਖੁਦ ਸਾਂਖਯ ਦਰਸ਼ਨ ਅਤੇ ਦੂਸਰੀਆਂ ਸਮਾਨਤਾ ਮੂਲਕ ਪਰ ਗ਼ੈਰ-ਵੇਦਾਂਤਿਕ, ਦਰਸ਼ਨ-ਪ੍ਰਣਾਲੀਆਂ ਤੋਂ ਪ੍ਰਭਾਵਤ ਸੀ। ਇਸ ਪਰੰਪਰਾ ਨੂੰ ਹੋਰ ਅਮੀਰ ਬਣਾਉਂਦਿਆਂ ਬਾਬਾ ਸਾਹਿਬ ਨੇ ਸਪੱਸ਼ਟ ਕੀਤਾ ਕਿ ਮੇਰਾ ਸਮਾਜਿਕ-ਦਰਸ਼ਨ ਤਿੰਨ ਸ਼ਬਦਾਂ ਉਤੇ ਆਧਾਰਤ ਹੈ, ਇਹ ਹਨ-ਸੁਤੰਤਰਤਾ, ਆਜ਼ਾਦੀ ਅਤੇ ਭਾਈਚਾਰਾ। ਜਿਥੇ ਦਲਿਤ ਚਿੰਤਨ ਨੇ ਸਮਾਜ ਦਾ ਨਵ-ਨਿਰਮਾਣ ਇਨ੍ਹਾਂ ਤਿੰਨਾ ਸਿਧਾਤਾਂ ਅਨੁਸਾਰ ਕਰਨਾ ਹੈ ਉਥੇ ਭਗਵਤ ਗੀਤਾ ਵਲੋਂ ਸਾਂਖਯ ਦਰਸ਼ਨ ਦੇ ਤ੍ਰੈ-ਗੁਣ ਸਿਧਾਂਤ ਦੇ ਵਿਗਾੜ ਨੂੰ ਦਰੁਸਤ ਕਰਕੇ ਸਾਂਖਯ ਦਰਸ਼ਨ ਦੇ ਮੂਲ ਸਿਧਾਂਤਾਂ ਦੀ ਸਿਰਦਾਰੀ ਸਥਾਪਤ ਕਰਨਾ ਵੀ ਹੈ।

## 2

ਭਾਰਤੀ ਦਰਸ਼ਨ ਅਤੇ ਸਭਿਆਚਾਰਕ ਪਰੰਪਰਾ ਵਿਚ ਹਮੇਸ਼ਾ ਹੀ ਮੁੱਖ ਤੌਰ ਤੇ ਦੋ ਧਾਰਾਵਾਂ ਕਾਇਮ ਰਹੀਆਂ ਹਨ। ਦਰਅਸਲ, ਇਸ ਨੂੰ ਦੋ ਪਰੰਪਰਾ ਦੀ ਵੰਡ ਕਹਿਣਾ ਚਾਹੀਦਾ ਹੈ। ਇਹ ਵੰਡ ਵੈਦਿਕ ਸਮੇਂ ਦੌਰਾਨ ਵੀ ਮੌਜੂਦ ਸੀ ਅਤੇ ਪੂਰਵ-ਵੈਦਿਕ ਸਮੇਂ ਵਿਚ ਵੀ ਇਸ ਦੀ ਹੋਂਦ ਦੇ ਸਰੋਤਾਂ ਦੀ ਸੰਭਾਵਨਾ ਦੀ ਭਿਣਕ ਕੰਨੀ ਪੈਂਦੀ ਹੈ। ਇਹ ਵਿਚਾਰ-ਪ੍ਰਣਾਲੀਆਂ ਜਾਂ ਪਰੰਪਰਾਵਾਂ ਹਨ- ਬ੍ਰਾਹਮਣਿਕ ਅਤੇ ਸ੍ਰਮਣਿਕ। ਅਸੀਂ ਬ੍ਰਾਹਮਣਿਕ ਪਰੰਪਰਾ ਦੇ ਦਰਸ਼ਨ ਤੇ ਸਾਹਿਤ ਬਾਰੇ ਉਪਰ ਵਰਨਣ ਕਰ ਆਏ ਹਾਂ। ਸ੍ਰਮਣ (Shraman) ਸ਼ਬਦ ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਸ੍ਰਮ' ਤੋਂ ਬਣਿਆ ਹੈ ਜਿਸ ਤੋਂ ਭਾਵ ਮਿਹਨਤ ਜਾਂ ਹੱਥੀਂ ਕੰਮ ਕਰਨਾ ਹੈ। ਸ਼ੁਰੂ ਸ਼ੁਰੂ ਵਿਚ ਧਾਰਮਿਕ ਬਿਰਤੀ ਦੇ ਮਾਲਕ ਘੁੰਮਣ ਫਿਰਨ ਵਾਲੇ ਵਿਅਕਤੀ ਜਾਂ ਫ਼ਕੀਰ ਨੂੰ ਸ੍ਰਮਣ ਕਿਹਾ ਜਾਂਦਾ ਸੀ। ਪਾਲੀ ਭਾਸ਼ਾ ਵਿਚ ਸ਼ਬਦ 'ਸਮਨ' (Saman) ਦੀ ਵਰਤੋਂ ਕਿਸੇ ਐਸੇ 'ਤਿਆਗੀ' , 'ਇਕਾਂਤਵਾਸੀ', 'ਤੱਪਸਵੀ' ਵਿਅਕਤੀ ਲਈ ਕੀਤੀ ਗਈ ਹੈ ਜੋ "ਜੀਵਨ' ਦੀ ਪਰਿਭਾਸ਼ਾ ਦੀ ਤਲਾਸ਼ 'ਚ ਮਗਨ ਰਹਿੰਦੇ ਸਨ। ਅਜਿਹੇ ਵਿਅਕਤੀ ਬੇਘਰਿਆਂ ਦਾ ਜੀਵਨ ਗੁਜ਼ਾਰਦੇ ਸਨ-ਜੰਗਲਾਂ 'ਚ ਰਹਿੰਦੇ ਸਨ ਤੇ ਉਥੇ ਜੋ ਕੁਝ ਵੀ ਜੀਵਨ ਨਿਰਬਾਹ ਲਈ ਮਿਲਦਾ ਸੀ ਉਸ ਨਾਲ ਹੀ ਗੁਜਾਰਾ ਕਰਦੇ ਸਨ ਜਾਂ ਫਿਰ ਜੋ ਕੁਝ ਵੀ ਲੋਕਾਂ ਤੋਂ ਖਾਣ ਨੂੰ ਮਿਲਦਾ ਉਸ ਤੇ ਹੀ ਨਿਰਭਰ ਰਹਿੰਦੇ ਸਨ। ਦੂਸਰੇ ਪਾਸੇ ਬ੍ਰਾਹਮਣਿਕ ਵਿਚਾਰਾਂ ਦੇ ਵਾਹਕ ਗ੍ਰਹਿਸਥੀ ਸਨ ਤੇ ਆਪਣਾ ਗਿਆਨ ਗੁਪਤ ਰਖਦੇ ਸਨ-ਆਮ ਵਿਅਕਤੀ ਨੂੰ ਉਹ ਖੁਲ੍ਹੇਆਮ ਵਿਦਿਆ (ਵੈਦਿਕ-ਗਿਆਨ) ਦਾ ਦਾਨ ਨਹੀਂ ਸੀ ਦਿੰਦੇ।

ਜੀਵਨ, ਕਰਮ, ਪੁਨਰ ਜਨਮ, ਪਾਪ, ਪੁੰਨ ਆਦਿ ਵਿਸ਼ੇ ਇਨ੍ਹਾਂ ਪਰੰਪਰਾਵਾਂ ਦੇ ਕੇਂਦਰਤ ਵਿਸ਼ੇ ਸਨ। ਬ੍ਰਾਹਮਣਿਕ ਪਰੰਪਰਾ ਅਨੁਸਾਰ ਪਾਪ-ਪੁੰਨ ਦੀ ਵਿਆਖਿਆ ਵਿਅਕਤੀ ਦੇ ਵਰਣ ਆਧਾਰਤ ਕਿੱਤੇ ਦੀ ਪਾਲਣਾ ਜਾਂ ਨਾ-ਪਾਲਣਾ ਕਰਨ ਤੋਂ ਕੀਤੀ ਜਾਂਦੀ ਸੀ, ਵਰਣ-ਆਸ਼ਰਮ-ਧਰਮ ਦੀ ਪਾਲਣਾ ਪੁੰਨ ਸੀ ਅਤੇ ਨਾਂ ਪਾਲਣਾ ਪਾਪ। ਪਾਲਣਾ ਕਰਨ ਵਾਲਿਆਂ ਨੂੰ ਸਵਰਗ ਦੀ ਪ੍ਰਾਪਤੀ ਅਵੱਸ਼

ਸੀ-ਛੋਟੀਆਂ ਜਾਤੀਆਂ ਨੂੰ ਅਜਿਹਾ ਕਰਨ ਲਈ ਅਗਲੇਰੇ ਜੀਵਨ 'ਚ ਉਚੀ ਕੁਲ ਦੀ ਜੂਨ ਦੀ ਪ੍ਰਾਪਤੀ ਨਿਰਧਾਰਤ ਸੀ। ਪੁਨ ਕਰਨ ਵਾਲੇ ਨੂੰ ਸਮਾਜ ਵਿਚ ਮਾਣ-ਇਜ਼ਤ ਦੀ ਪ੍ਰਾਪਤੀ ਹੁੰਦੀ ਸੀ, ਪਾਪੀ ਸਮਾਜ ਦੀਆਂ ਨਜ਼ਰਾਂ 'ਚ ਗਿਰੇ ਹੋਏ ਅਸਮਾਜਿਕ ਤੱਤ ਸਮਝੇ ਜਾਂਦੇ ਅਤੇ ਉਨ੍ਹਾਂ ਨੂੰ ਭਾਈਚਾਰੇ ਤੋਂ ਅਲੱਗ ਕਰ ਦਿੱਤਾ ਜਾਂਦਾ ਸੀ। ਮੁੱਖ ਤੌਰ ਤੇ ਬ੍ਰਾਹਮਣਿਕ ਪਰੰਪਰਾ ਵਰਣ-ਆਸ਼ਰਮ -ਧਰਮ ਤੇ ਵੇਦਿਕ ਵਿਚਾਰਧਾਰਾ ਦੀ ਪਾਲਕ ਅਤੇ ਸ੍ਰਮਣਿਕ ਪਰੰਪਰਾ ਵੇਦਿਕ ਵਿਚਾਰਧਾਰਾ ਤੇ ਵਰਣ-ਆਸ਼ਰਮ-ਧਰਮ ਦੀ ਵਿਰੋਧੀ ਸੀ। ਇਕ ਸਮੇਂ ਇਹ ਵੰਡ ਸਪਸ਼ਟ ਰੂਪ 'ਚ ਸਾਹਮਣੇ ਆਈ ਜਦ ਵੇਦਿਕ ਬ੍ਰਹਿਮੰਡੀ ਰਹੱਸਵਾਦ ਦਾ ਵਿਰੋਧ ਤੇ ਇਸ ਦਾ ਬਦਲ ਪੇਸ਼ ਕਰਨ ਵਾਲੇ ਛੋਟੇ ਮੋਟੇ ਮੱਤ ਸ੍ਰਮਣ ਪਰੰਪਰਾ 'ਚ ਆ ਸ਼ਾਮਲ ਹੁੰਦੇ ਹਨ। ਇਸ ਪਿਛੋਕੜ 'ਚ ਗੌਤਮ ਬੁੱਧ 'ਸ੍ਰਮਣ ਗੌਤਮ' ਬਣ ਜਾਂਦੇ ਹਨ। ਜੈਨੀ ਸਾਹਿਤ ਵਿਚ ਮਹਾਂਵੀਰ ਨੂੰ ਵੀ 'ਸ੍ਰਮਣ ' ਵਿਸ਼ੇਸ਼ਣ ਲਾ ਕੇ ਸੰਬੋਧਨ ਕੀਤਾ ਗਿਆ ਹੈ। ਬੋਧੀਆਂ ਜੈਨੀਆਂ ਤੋਂ ਇਲਾਵਾ ਆਜੀਵਕ. ਲੋਕਾਇਤ, ਤੰਤਰ ਮੱਤ ਆਦਿ ਵੀ ਸ੍ਰਮਣ ਪਰੰਪਰਾ ਪਾਲਕ ਸਨ। ਅਜੀਤ ਕੇਸ ਕਾਂਬਲੀ ਪਾਕੁਧ ਕਾਕਯਾਨ ਅਤੇ ਸੰਖਯ ਦਰਸ਼ਨ ਦੇ ਮੋਢੀ ਦਾਰਸ਼ਨਿਕ ਕਪਿਲ ਵੀ ਸ੍ਰਮਣ ਪਰੰਪਰਾ ਪੱਖੀ ਕਹੇ ਗਏ ਹਨ। ਸ੍ਰਮਣ ਪਰੰਪਰਾ ਦੀ ਦਾਰਸ਼ਨਿਕ ਤੇ ਸਭਿਆਚਾਰਕ ਸਮਰਥਾ ਨੂੰ ਸਹੀ ਸੰਦਰਭ ਵਿਚ ਸਮਝਣ ਲਈ ਇਸ ਦੀਆਂ ਕੁਝ ਮੁੱਖ ਵਿਸ਼ੇਸ਼ਤਾਵਾਂ ਦੀ ਸਮਝ ਜ਼ਰੂਰੀ ਹੈ। ਇਹ ਵਿਸ਼ੇਸ਼ਤਾਵਾਂ ਹਨ-

1. ਸ੍ਰਮਣਇਜ਼ਮ ਪੱਖੀ ਸਾਰੇ ਹੀ ਮੱਤਾਂ ਅਨੁਸਾਰ ਵੇਦਿਕ ਸ਼ਰੂਤੀ ਅਤੇ ਸਿਮਰਤੀ (Smuti and Smriti) ਦੀ ਮਾਨ੍ਹਤਾ ਦੀ ਮਨ੍ਹਾਹੀ ਹੈ।

2. ਪਸ਼ੂ ਬਲੀ ਦੀ ਮਨ੍ਹਾਹੀ।

3. ਸ੍ਰਮਣ ਮੱਤਾਂ ਦੀਆਂ ਸਿਖਿਆਵਾਂ ਅਨੁਸਾਰ ਦਵਿੱਜ ਅਤੇ ਨਾਨ-ਦਵਿੱਜ ਜਾਤੀਆਂ ਦੀ ਕੋਈ ਵੰਡ ਨਹੀਂ ਹੈ। ਇਨ੍ਹਾਂ ਮੱਤਾਂ ਵਿਚ ਕੋਈ ਵੀ ਛੋਟਾ-ਵੱਡਾ, ਊਚ-ਨੀਚ ਸ਼ਾਮਲ ਹੋ ਸਕਦਾ ਹੈ।

4. ਇਨ੍ਹਾਂ ਮੱਤਾਂ ਦੇ ਮੋਢੀ ਪੂਜਣਯੋਗ ਸਖਸ਼ੀਅਤਾਂ ਨਹੀਂ ਸਨ ਭਾਵ ਕਿ ਉਹ ਆਪਣੇ ਆਪ ਨੂੰ ਅਵਤਾਰ ਨਹੀਂ ਮੰਨਦੇ ਜਾਂ ਕਹਾਂਉਂਦੇ ਸਨ।

5. ਆਹਿੰਸਾ ਅਤੇ ਆਪਸੀ ਮਿਲਵਰਤਨ ਜ਼ਰੂਰੀ ਗੁਣ ਸਨ।

6. ਇਨ੍ਹਾਂ ਮੱਤਾਂ ਦੇ ਮੋਢੀਆਂ ਨੇ ਸੰਸਕ੍ਰਿਤ ਵਰਗੀ ਵਿਸ਼ੇਸ਼ੱਗ ਭਾਸ਼ਾ ਨੂੰ ਆਪਣੀਆਂ ਸਿਖਿਆਵਾਂ ਦਾ ਮਾਧਿਆਮ ਨਹੀਂ ਬਣਾਇਆ ਬਲ ਕਿ ਆਮ ਲੋਕਾਂ ਦੀ ਜੋ ਬੋਲੀ ਸੀ ਉਸ ਰਾਹੀ ਆਪਣੀ ਆਪਣੀ ਗੱਲ ਕਹਿਣ ਦਾ ਯਤਨ ਕੀਤਾ, ਜਿਵੇਂ ਬੋਧੀਆਂ ਨੇ ਪਾਲੀ ਭਾਸ਼ਾ ਦੀ ਵਰਤੋਂ ਕੀਤੀ, ਬਾਕੀ ਮੱਤਾਂ ਨੇ ਆਪਣੇ ਏਰੀਏ ਦੀਆਂ ਲੋਕਲ ਉਪ-ਭਾਸ਼ਾਵਾਂ ਦੀ ਵਰਤੋਂ ਕੀਤੀ। ਇਸ ਕਾਰਨ ਹੀ ਸਧਾਰਨ ਲੋਕ ਇਨ੍ਹਾਂ ਮੱਤਾਂ ਵਿਚ ਸ਼ਾਮਲ ਹੋ ਸਕੇ।

7. ਇਨ੍ਹਾਂ ਮੱਤਾਂ ਨੇ ਆਪਣੇ ਵਿਰੋਧੀਆਂ ਉਤੇ ਕਿਸੇ ਕਿਸਮ ਦਾ ਅਤਿਆਚਾਰ ਜਾਂ ਉਨ੍ਹਾਂ ਨੂੰ ਤਸੀਹੇ ਨਹੀਂ ਦਿੱਤੇ ਜਿਵੇਂ ਬ੍ਰਾਹਮਣ ਮੱਤ ਨੇ ਸ੍ਰਮਣ ਮੱਤਾਂ ਦਾ ਪ੍ਰਭਾਵ ਖਤਮ ਕਰਨ ਲਈ ਇਨ੍ਹਾਂ ਦੇ ਪੈਰੋਕਾਰਾਂ ਬਾਰੇ ਦੁਸ਼ਮਣੀ ਭਰਪੂਰ ਨੀਤੀ ਅਪਣਾਈ ਹੈ ਅਤੇ ਉਨ੍ਹਾਂ ਦੇ ਸਾਹਿਤ ਨੂੰ ਮਿਥ ਕੇ ਸਾੜਿਆ ਹੈ।

8. ਸ੍ਰਮਣ ਮੱਤ ਧਰਮਾਂਤਰ ਨੂੰ ਉਤਸ਼ਾਹਤ ਕਰਦੇ ਹਨ। ਸਗੋਂ ਅਜਿਹਾ ਵਿਚਾਰ ਇਨ੍ਹਾਂ ਮੱਤਾਂ ਦੇ ਅਨੁਯਾਈਆਂ ਵਿਚ ਪਰਬਲ ਸੀ ਕਿਉਂਕਿ ਬ੍ਰਾਹਮਣਿਜ਼ਮ ਦੇ ਅੰਦਰ ਰਹਿ ਕੇ ਉਨ੍ਹਾਂ ਲਈ ਕੋਈ ਸੁਤੰਤਰ ਪਛਾਣ ਜਾ ਸੁਤੰਤਰ ਹੋਂਦ ਉਸਾਰਨੀ ਅਸੰਭਵ ਸੀ। ਇਹੀ ਕਾਰਨ ਸੀ ਕਿ ਨੀਵੀਆਂ ਜਾਤੀਆਂ ਦੇ ਲੋਕ ਹੀ ਸ੍ਰਮਣ ਮੱਤਾਂ 'ਚ ਵਧੇਰੇ ਸ਼ਾਮਲ ਹੁੰਦੇ ਸਨ।

9. ਸ੍ਰਮਣ ਮੱਤਾਂ ਨੇ ਬ੍ਰਾਹਮਣਿਜ਼ਮ 'ਚ ਨਿਹਿਤ 'ਧਰਮ' ਸੰਕਲਪ ਦੀ ਵਿਆਖਿਆ ਨੂੰ ਸਵੀਕਾਰ ਨਹੀਂ ਕੀਤਾ ਕਿਉਂਕਿ ਇਸ ਅਨੁਸਾਰ ਵਿਅਕਤੀ ਦਾ ਕਾਰਜ-ਖੇਤਰ ਉਸ ਦੇ ਵਰਣ (ਜਾਤ) ਦੇ ਆਧਾਰ ਤੇ ਹੀ ਨਿਰਧਾਰਤ ਹੁੰਦਾ ਹੈ। ਸ੍ਰਮਣਿਜ਼ਮ ਮੂਲ ਰੂਪ 'ਚ ਇਸ ਧਾਰਨਾ ਦੇ ਖਿਲਾਫ ਸੀ।

10. ਸ੍ਰਮਣਿਜ਼ਮ ਦੀ ਬਹੁਤ ਹੀ ਮਹੱਤਵਪੂਰਨ ਵਿਸ਼ੇਸ਼ਤਾ ਇਹ ਵਿਸ਼ਵਾਸ਼ ਦੀ ਕਿ ਦੁਨਿਆਵੀ ਸਚਾਈ ਤੋਂ ਬਾਹਰ ਅਜਿਹੀ ਕੋਈ ਸਵੈ-ਚਾਲਕ ਪਰਮ-ਸ਼ਕਤੀ ਨਹੀਂ ਹੈ ਜਿਸਨੂੰ ਬ੍ਰਾਹਮਣਿਜ਼ਮ ਵਿਚ 'ਬ੍ਰਹਮ' (BRAHAMA ਜਾਂ 'ਸਵੈ' (Self) ਕਿਹਾ ਜਾਂਦਾ ਹੈ ਅਤੇ ਬ੍ਰਾਹਮਣੀ ਮੱਤਾਂ ਵਿਚ ਜਿਸ ਨੂੰ



ਕੇਂਦਰੀ ਸਥਾਨ ਪ੍ਰਾਪਤ ਹੈ। ਬ੍ਰਾਹਮਣੀ ਸਾਹਿਤ (ਮਨੂੰ ਸਿਮਰਤੀ , ਅਰਥ-ਸ਼ਾਸ਼ਤਰ, ਰਮਾਇਣ, ਮਹਾਂਭਾਰਤ, ਗੀਤਾ ਆਦਿ) ਅਤੇ ਉਪਨਿਸ਼ਦਾਂ ਦਾ ਤਾਂ ਦਾਰਸ਼ਨਿਕ ਨਿਚੋੜ ਹੀ ਆਤਮਵਾਦੀ ਦਰਸ਼ਨ ਹੈ। ਸ੍ਰਮਣ ਮੱਤਾਂ ਦਾ ਕਿਸੇ ਅਜਿਹੇ ਨਾਨ-ਪਦਾਰਥਿਕ ਸਵੈ (Non-material-self) ਅਤੇ ਦੂਸਰੀ ਦੁਨੀਆਂ (Afterlife) ਵਿਚ ਕੋਈ ਸਥਿਰ ਵਿਸ਼ਵਾਸ਼ ਨਹੀਂ ਹੈ।

ਬੁੱਧ ਤੋਂ ਪਹਿਲਾਂ ਲੋਕਾਇਤ, ਸਾਂਖਯ, ਜੈਨ-ਮੱਤ, ਆਜੀਵਕ ਆਦਿ ਵਿਚਾਰ-ਪ੍ਰਣਾਲੀਆਂ ਵੈਦਿਕ ਵਿਚਾਰਧਾਰਾ ਤੋਂ ਅਲੱਗ ਮਨੁੱਖ ਤੇ ਸ੍ਰਿਸ਼ਟੀ ਦੀ ਉਤਪਤੀ ਅਤੇ ਸਮਾਜਿਕ ਦਰਸ਼ਨ ਤੇ ਨੈਤਿਕਤਾ ਬਾਰੇ ਆਪਣਾ ਆਪਣਾ ਪੱਖ ਰੱਖ ਚੁੱਕੀਆਂ ਸਨ। ਜੈਨੀਆਂ ਦਾ ਤਾਂ ਕਾਫੀ ਬੋਲ-ਬਾਲਾ ਵੀ ਸੀ ਸਮਾਜ ਵਿਚ। ਇਸੇ ਤਰ੍ਹਾਂ ਲੋਕਾਇਤ ਵੀ ਜਿਥੇ ਜਿਥੇ ਸਨ ਆਪਣੀ ਆਪਣੀ ਦ੍ਰਿਸ਼ਟੀ ਤੋਂ ਬ੍ਰਾਹਮਣੀ ਵਿਚਾਰਧਾਰਾ ਦਾ ਵਿਰੋਧ ਕਰਦੇ ਅਤੇ ਵਿਅਕਤੀਤੱਵ ਸੁੰਤਤਰਤਾ ਦੇ ਪ੍ਰਸ਼ਨਾਂ ਨੂੰ ਉਭਾਰਦੇ ਸਨ। ਦੂਸਰੀਆਂ ਵਿਚਾਰ-ਪ੍ਰਣਾਲੀਆਂ ਵੀ ਸਹਿਜ ਰੂਪ 'ਚ ਸਮਾਨਤਾ ਤੇ ਸੁੰਤਤਰਤਾ ਭਰਪੂਰ ਸਮਾਜਿਕ ਮਹੌਲ ਸਿਰਜਣ 'ਚ ਆਪਣੀ ਭੂਮਿਕਾ ਨਿਭਾਅ ਰਹੀਆਂ ਸਨ। ਲੇਕਿਨ ਇਨਾਂ ਵਿਚ ਇਕ ਕਮਜ਼ੋਰੀ ਵੀ ਸੀ। ਸਾਂਝੇ ਤੌਰ ਤੇ ਸੰਗਠਤ ਰੂਪ ਵਿਚ ਵਿਰੋਧ ਪ੍ਰਗਟਾਉਣ ਦੀ ਅਸਮਰਥਾ ਇਨ੍ਹਾਂ ਮੱਤਾਂ ਦੀ ਵਿਸ਼ੇਸ਼ਤਾ ਸੀ। ਸ਼ਾਇਦ ਇਨਾਂ ਵਿਚ ਆਪਸੀ ਤਾਲ-ਮੇਲ ਨਾ ਹੋ ਸਕਿਆ ਹੋਵੇ। ਪਰੰਤੂ ਇਤਿਹਾਸ ਵਿਚ ਇਹ ਕਾਰਜ ਬੁੱਧਇਜ਼ਮ ਨੇ ਬਾਖੂਬੀ ਨਿਭਾਇਆ ਹੈ। ਤਥਾਗਤ ਬੁੱਧ ਦੀ ਰਹਿਨੁਮਾਈ ਹੇਠ ਬੋਧ ਲਹਿਰ ਦੇਸ਼ ਤੇ ਪਰਦੇਸ਼ਾਂ ਵਿਚ ਬੜੀ ਸਫ਼ਲਤਾ ਨਾਲ ਫੈਲੀ। ਬੁੱਧ ਨੇ ਆਪਣੇ ਮੁਖ ਤਿੰਨ ਦਾਰਸ਼ਨਿਕ ਸਿਧਾਤਾਂ ਦੇ ਸਹਾਰੇ ਵੈਦਿਕ ਵਿਚਾਰਧਾਰਾ ਦੀ ਪੋਲ ਖੋਲ ਦਿੱਤੀ। ਇਹ ਸਿਧਾਂਤ ਹਨ-ਅਨਿੱਤਯਵਾਦ (ਹਰ ਤਰ੍ਹਾਂ ਦੇ ਹਾਲਾਤ ਤੇ ਹਰ ਪਦਾਰਥ ਪ੍ਰੀਵਰਤਨਸ਼ੀਲ ਹੈ) ਪ੍ਰਤੀਤਯਸਮੁਤਪਾਦ (ਅ-ਕਾਰਨ ਕੁਝ ਵੀ ਨਹੀਂ ਵਾਪਰਦਾ ਅਤੇ ਹਰ ਘਟਨਾ ਦਾ ਕੋਈ ਨਾ ਕੋਈ ਕਾਰਨ ਜ਼ਰੂਰ ਹੁੰਦਾ ਹੈ) ਅਤੇ ਅਨੀਸ਼ਵਰਵਾਦ (ਕੋਈ ਆਤਮਾ ਨਹੀਂ ਹੁੰਦੀ, ਨਾਂ ਹੀ ਕੋਈ ਈਸ਼ਵਰ ਹੈ ਜਿਸ ਨੂੰ ਸਰਬ-ਗਿਆਤਾ, ਸਰਬ-ਸਕਤੀਮਾਨ ਅਤੇ ਕਣ-ਕਣ ਵਿਚ ਵਿਦਮਾਨ ਕਿਹਾ ਗਿਆ ਹੈ), ਇਸੇ ਲੜੀ ਵਿੱਚ ਬੁੱਧ ਵਰਣ-ਆਸ਼ਰਮ ਆਧਾਰਤ ਨੈਤਿਕਤਾ ਦੀ ਥਾਂ ਸਮਾਜਿਕ-ਨੈਤਿਕਤਾ ਜਾਂ ਅੱਜ ਦੇ ਸੰਦਰਭ ਵਿਚ ਸੈਕੂਲਰ ਨੈਤਿਕਤਾ ਨੂੰ ਇਕ ਸਭਿਆਚਾਰਕ ਬਦਲ ਵਜੋਂ ਪੇਸ਼ ਕਰਦੇ ਹਨ। ਇਹ ਚਾਰੇ ਪੱਖ ਮੁੱਢਲੇ ਬੁਧਿਜ਼ਮ (Original/ Early Buddhism) ਦੇ ਮੂਲ ਅਸੂਲ ਸਨ। ਬੁੱਧ ਦੇ ਪ੍ਰੀਨਿਰਵਾਣ ਤੋਂ ਬਾਅਦ ਬੋਧੀਆਂ ਦੇ ਦੋ ਸਮੂਹ ਬਣੇ ਸਨ-ਹੀਆਂਯਾਨ ਅਤੇ ਮਹਾਂਯਾਨ। ਹੀਆਂਯਾਨ ਮੁੱਢਲੇ ਬੁਧਿਜ਼ਮ ਦੇ ਅਸੂਲਾਂ ਵਿਚ ਕਿਸੇ ਕਿਸਮ ਦੀ ਢਿਲ ਦੇਣ ਲਈ ਤਿਆਰ ਨਹੀਂ ਸੀ ਜਦ ਕਿ ਮਹਾਂਯਾਨ ਬੁਧਿਜ਼ਮ ਦੇ ਫੈਲਾਅ ਲਈ ਤਬਦੀਲੀਆਂ ਕਰਨ ਲਈ ਤਤਪੱਰ ਸਨ, ਅਤੇ ਉਨ੍ਹਾਂ ਨੇ ਕੀਤੀਆਂ ਵੀ। ਇਨ੍ਹਾਂ ਤਬਦੀਲੀਆਂ ਸਦਕਾ ਹੀ ਮਹਾਂਯਾਨ ਦੀ ਵਿਆਖਿਆ ਕਰਦੇ ਨਾਗੁਰਜਨ ਨੇ 'ਸੁੰਨਯਵਾਦ' ਦੇ ਦਾਰਸ਼ਨਿਕ ਸੰਕਲਪ ਦੀ ਸਿਰਜਣਾ ਕੀਤੀ ਜੋ ਪਿਛੋਂ ਜਾ ਕੇ ਸ਼ੰਕਰ ਦੇ 'ਬ੍ਰਹਮਵਾਦ' ਦੇ ਹੀ ਸਮਾਨਅੰਤਰ ਜਾਣਿਆ ਜਾਣ ਲਗਾ। ਇਸ ਤੋਂ ਬਾਅਦ ਗੁਹ-ਤੰਤਰ-ਯਾਨ, ਸਹਿਜ਼ਯਾਨ, ਅਤੇ ਕਾਲ ਚੱਕਰਯਾਨ ਮੱਤ ਹੋਂਦ 'ਚ ਆਏ ਜਿਨ੍ਹਾਂ ਨੇ ਮੁੱਢਲੇ ਬੁੱਧਿਜ਼ਮ ਦਾ ਸਾਰ ਹੀ ਤਬਦੀਲ ਕਰਕੇ ਰੱਖ ਦਿੱਤਾ। ਭਾਵੇਂ ਕਿ ਇਨ੍ਹਾਂ ਦੇ ਅਨੁਯਾਈ ਵੇਦਿਕ ਸ਼ਰੂਤੀ ਤੇ ਸਿਮਰਤੀ ਦਾ ਵਿਰੋਧ ਵੀ ਬਰਾਬਰ ਕਰਦੇ ਰਹੇ ਸਨ। ਪਰੰਤੂ ਜਿਨ੍ਹਾਂ ਅਕੱਥ ਪ੍ਰਸ਼ਨਾ ਦੀ ਬੁੱਧ ਨੇ ਮਨ੍ਹਾਹੀ ਕੀਤੀ ਸੀ ਉਨ੍ਹਾਂ ਬਾਰੇ ਇਨਾਂ ਮੱਤਾਂ ਵਿਚ ਸਰਗਰਮ ਵਿਚਾਰਾਂ ਹੋਣ ਲੱਗੀਆਂ, ਮੁੱਢਲੇ ਬੁਧਿਜ਼ਮ ਵਿਚ 'ਆਪਣਾ ਦੀਪਕ ਆਪ ਬਣੋ' ਦਾ ਵਿਧਾਨ ਸੀ ਪਰੰਤੂ ਹੁਣ ਇਨ੍ਹਾਂ ਮੱਤਾਂ ਵਿਚ ਗੁਰੂ ਦੀ ਸੰਸਥਾਂ (ਪਦਵੀ) ਪੈਦਾ ਹੋ ਚੁੱਕੀ ਸੀ, ਮੁੱਢਲਾ ਬੁਧਿਜ਼ਮ ਰੈਸ਼ਨਲਿਜ਼ਮ ਦੇ ਸਿਧਾਂਤ ਉਤੇ ਆਧਾਰਤ ਸੀ ਪਰੰਤੂ ਇਨਾਂ ਮੱਤਾਂ ਅਨੁਸਾਰ ਤੰਤਰ-ਮੰਤਰਾਂ ਰਾਹੀ ਇਕ ਖਾਸ ਕਿਸਮ ਦਾ ਰਹੱਸਵਾਦ ਸਿਰਜਿਆ ਗਿਆ ਜਿਸ ਵਿਚ ਰਿਧੀਆਂ-ਸਿਧੀਆਂ ਰਾਹੀ ਜੀਵਨ 'ਚ ਖਾਸ ਪ੍ਰਾਪਤੀਆਂ ਦਾ ਦਾਅਵਾ ਕੀਤਾ ਜਾਂਦਾ ਸੀ। ਇਸ ਤੋਂ ਪਿਛੋਂ ਭਾਰਤੀ ਇਤਿਹਾਸ ਵਿਚ ਜੋ ਕੁਝ ਵੀ ਵਾਪਰਿਆਂ ਹੈ ਉਸ ਸਾਡੇ ਸਾਹਮਣੇ ਹੈ।

ਇਸ ਪਿਛੋਕੜ 'ਚ ਦਲਿਤ ਚਿੰਤਨ ਲਈ ਆਪਣੀਆਂ ਜੜ੍ਹਾਂ ਤਲਾਸ਼ ਕਰਨਾ ਬੜਾ ਹੀ ਜ਼ਰੂਰੀ ਤੇ ਮੁਸ਼ਕਲਾ ਭਰਪੂਰ ਕਾਰਜ ਸੀ। ਇਹ ਕਾਰਜ ਬਾਬਾ ਸਾਹਿਬ ਨੇ ਬਾਖੂਬੀ ਨਿਭਾਇਆ ਹੈ। ਇਸੇ ਕਰਕੇ ਅੰਬੇਡਕਰ ਦਰਸ਼ਨ ਨੂੰ ਦਲਿਤ ਦਰਸ਼ਨ ਦੀ ਊਰਜਾ ਮੰਨਿਆ ਜਾਂਦਾ ਹੈ। ਇਸ ਪਿਛੋਕੜ 'ਚ ਹੀ ਅਸੀਂ ਦਲਿਤ ਚਿੰਤਨ ਦੇ ਖੇਤਰ 'ਚ ਬੁਧਿਜ਼ਮ ਦੀ ਮਹੱਤਤਾ ਨੂੰ ਸਮਝਣਾ ਹੈ। ਅੰਬੇਡਕਰ ਨੇ ਭਾਰਤੀ ਸਮਾਜ ਦੀ ਮੁੜ-ਉਸਾਰੀ ਲਈ ਉਸ ਦਾਰਸ਼ਨਿਕ ਧਾਰਾ ਨੂੰ ਚੁਣਿਆ ਜਿਸ ਦਾ ਆਧਾਰ ਬੁਧੀਵਾਦੀ ਵੀ ਤੇ ਵਧੇਰੇ ਲੋਕਰਾਜੀ ਵੀ ਸੀ। ਅੰਬੇਡਕਰ ਦੇ ਧਰਮਾਂਤਰ ਦੀ ਬਹੁਤ ਵਿਰੋਧਤਾ ਕਰਨ ਵਾਲੇ ਵਧੇਰੇ

ਮਾਰਕਸਵਾਦੀ ਵਿਚਾਰ ਰੱਖਣ ਵਾਲੇ ਬੁੱਧੀਜੀਵੀ ਤੇ ਰਾਜਸੀ ਕਾਰਜ-ਕਰਤਾ ਹੀ ਨਹੀਂ ਹਨ, ਬਲਕਿ ਕਈ ਦਲਿਤ ਬੁੱਧੀਜੀਵੀ, ਸਾਹਿਤਕਾਰ ਤੇ ਰਾਜਸੀ ਨੇਤਾ ਵੀ ਹਨ। ਹਿੰਦੂਵਾਦੀ ਵਿਚਾਰਧਾਰਾ ਦੇ ਸਮਰੱਥਕ ਤਾਂ ਪੱਕੇ ਵਿਰੋਧੀ ਹਨ ਹੀ। ਮਾਰਕਸਵਾਦੀ ਕਹਿੰਦੇ ਹਨ ਕਿ ਮਨੁੱਖਤਾ ਨਾਲ ਸਬੰਧਤ ਆਰਥਿਕ ਮਸਲਿਆਂ ਦਾ ਹੱਲ ਧਾਰਮਿਕ ਉਪਾਵਾਂ ਨਾਲ ਨਹੀਂ ਹੋ ਸਕਦਾ-ਆਰਥਿਕ ਲੋੜਾਂ ਦੀ ਪੂਰਤੀ ਆਰਥਿਕ ਸਾਧਨਾਂ ਦੀ ਬਰਾਬਰ ਵੰਡ ਰਾਹੀ ਹੀ ਹੋ ਸਕਦੀ ਹੈ। ਉਹ ਕਹਿੰਦੇ ਹਨ ਕਿ ਅੰਬੇਡਕਰ ਨੇ ਬੁੱਧਮੱਤ ਅਪਨਾ ਕੇ ਪਲਾਇਨਵਾਦੀ ਰੁੱਚੀਆਂ ਨੂੰ ਉਤਸਾਹਤ ਕੀਤਾ ਹੈ। ਦੂਸਰਾ ਮਾਰਕਸਵਾਦੀਆਂ ਦਾ ਮੱਤ ਹੈ ਕਿ ਆਧਾਰ-ਢਾਂਚਾ ਢਾਉਣ ਤੋਂ ਬਗੈਰ ਉਸਾਰ-ਢਾਂਚਾ ਉਖਾੜਿਆ ਨਹੀਂ ਜਾ ਸਕਦਾ। ਨਵਾਂ ਆਧਾਰ-ਢਾਂਚਾ ਲੋਕ-ਪੱਖੀ ਉਸਾਰ-ਢਾਂਚੇ ਦੀ ਸਿਰਜਣਾ ਆਪਣੇ ਆਪ ਕਰੇਗਾ-ਦਰਅਸਲ ਉਨ੍ਹਾਂ ਲਈ ਅਜਿਹਾ ਹੋਣਾ ਨਿਰਧਾਰਤ ਹੈ। ਕਿਉਂਕਿ ਇਤਿਹਾਸ ਵਿਚ ਦਵੰਦਵਾਦ ਰਾਹੀ ਅਜਿਹਾ ਵਾਪਰਦਾ ਰਿਹਾ ਹੈ। ਕਹਿਣ ਦਾ ਭਾਵ ਕਿ ਮਾਰਕਸਵਾਦੀਆਂ ਲਈ ਲੋਕ-ਪੱਖੀ ਨਵਾਂ ਸਭਿਆਚਾਰਕ ਪੈਟਰਨ ਉਸਾਰਨ ਲਈ ਵਿਸ਼ੇਸ਼ ਕੋਸ਼ਿਸ਼ਾਂ ਦੀ ਲੋੜ ਨਹੀਂ ਹੈ। ਇਸ ਦੇ ਜਵਾਬ ਵਿਚ ਅੰਬੇਡਕਰ ਦਾ ਕਥਨ ਹੈ ਕਿ ਉਸਾਰਢਾਂਚਾ ਉਖਾੜੇ ਬਗ਼ੈਰ ਆਧਾਰ-ਢਾਂਚਾ ਤਬਦੀਲ ਹੀ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ 27 ਸਤੰਬਰ 1929 ਦੇ 'ਬ੍ਰਹਿਸ਼ਕ੍ਰਿਤ-ਭਾਰਤ' ਵਿਚ 'ਪਹਿਲਾਂ ਚੋਟੀ (ਸਿਖਰ) ਫਿਰ ਆਧਾਰ" (First the Pinncle, then the base), ਸਿਰਲੇਖ ਹੇਠ ਲਿਖੇ ਸੰਪਾਦਕੀ ਰਾਹੀ ਕਿਹਾ ਸੀ, "ਜੇ ਲੈਨਿਨ ਭਾਰਤ ਵਿਚ ਪੈਦਾ ਹੋਇਆ ਹੁੰਦਾ ਤਾਂ ਪਹਿਲਾਂ ਜਾਤੀਵਾਦ ਤੇ ਛੂਆ-ਛੂਤ ਨੂੰ ਖਤਮ ਕਰਦਾ, ਅਤੇ ਅਜਿਹਾ ਕੀਤੇ ਬਗ਼ੈਰ ਉਹ ਆਪਣਾ ਇਨਕਲਾਬ ਦਾ ਵਿਚਾਰ ਕਦੇ ਵੀ ਨਾ ਲੈ ਕੇ ਆਉਂਦਾ ਜਾਂ ਪੇਸ਼ ਕਰਦਾ।" ਆਧਾਰ ਢਾਂਚੇ ਉਸਾਰ ਢਾਂਚੇ ਦੇ ਬਿੰਬ-ਵਿਧਾਨ ਨੂੰ ਹੇਠਾਂ-ਉਤੇ ਕਰਦਿਆਂ 25 ਜੂਨ 1938 ਨੂੰ ਜੰਤਾਂ ਅਖ਼ਬਾਰ ਵਿਚ ਲਿਖੇ ਸੰਪਾਦਕੀ ਰਾਹੀ ਅੰਬੇਡਕਰ ਨੇ ਲਿਖਿਆ, "ਆਧਾਰ ਢਾਂਚਾ ਕੋਈ ਇੱਟਾਂ ਸੀਮੈਂਟ ਦੀ ਬਿਲਡਿੰਗ ਨਹੀਂ ਹੈ। ਆਰਥਿਕ ਸੰਬੰਧਾਂ ਦੇ ਆਧਾਰ ਤੇ ਧਾਰਮਿਕ, ਸਮਾਜਿਕ ਅਤੇ ਰਾਜਸੀ ਸੰਸਥਾਵਾਂ ਦੀ ਜਿਹੜੀ ਉਸਾਰੀ ਕੀਤੀ ਜਾਂਦੀ ਹੈ ਇਹ ਵੀ ਉਨ੍ਹਾਂ ਹੀ ਸੱਚ ਹੁੰਦੀ ਹੈ ਜਿੰਨ੍ਹਾਂ ਆਧਾਰ-ਢਾਂਚਾ। ਜੇ ਅਸੀਂ ਆਧਾਰ ਢਾਂਚਾ ਤਬਦੀਲ ਕਰਨਾ ਚਾਹੁੰਦੇ ਹਾਂ ਤਾਂ ਜਿਹੜੀ ਬਿਲਡਿੰਗ ਇਸ ਉਤੇ ਉਸਾਰੀ ਗਈ ਹੈ ਉਸਨੂੰ ਡੇਗਣਾ ਜ਼ਰੂਰੀ ਹੈ... ਜੇ ਅਸੀਂ ਸਮਾਜ ਦੇ ਆਰਥਿਕ ਸੰਬੰਧਾਂ ਵਿਚ ਤਬਦੀਲੀ ਚਾਹੁੰਦੇ ਹਾਂ ਤਾਂ ਪਹਿਲਾਂ ਮੌਜੂਦਾ ਸਮਾਜਿਕ, ਰਾਜਨੀਤਿਕ ਅਤੇ ਉਸਾਰ ਢਾਂਚੇ ਦੀਆਂ ਦੂਸਰੀਆਂ ਸੰਸਥਾਵਾਂ ਨੂੰ ਤਬਾਹ ਕਰਨਾ ਹੀ ਪਏਗਾ।[14] ਭਾਰਤੀ ਇਤਿਹਾਸ ਦਾ ਮੁਲਾਂਕਣ ਕਰਦਿਆਂ ਅੰਬੇਡਕਰ ਨੇ ਨੋਟ ਕੀਤਾ ਸੀ ਕਿ ਬ੍ਰਾਹਮਣਵਾਦੀ ਵਿਚਾਰਧਾਰਾ ਨੇ ਹਮੇਸ਼ਾ ਹੀ ਰਾਜ ਕਰ ਰਹੀਆਂ ਸ਼ਕਤੀਆਂ ਨਾਲ ਸਾਂਝ ਭਿਆਲੀ ਪਾ ਕੇ ਆਪਣੇ ਹੈਗੇਮੋਨਿਕ ਚਰਿਤਰ ਨੂੰ ਕਾਇਮ ਰੱਖਿਆ ਹੈ। ਬਰਬਰ ਅਵੱਸਥਾ ਦੌਰਾਨ ਵਿਦੇਸ਼ੀਆਂ ਦਾ ਰਾਜ ਰਿਹਾ, ਫਿਰ ਮੁਸਲਮਾਨ ਹਾਕਮਾਂ ਅਤੇ ਬਾਅਦ ਵਿਚ ਬਰਤਾਨਵੀ ਸਾਮਰਾਜ ਰਿਹਾ ਪਰ ਬ੍ਰਾਹਮਣਿਜ਼ਮ ਦਾ ਬੋਲ-ਬਾਲਾ ਹਮੇਸ਼ਾ ਹੀ ਕਾਇਮ ਰਿਹਾ ਹੈ। ਭਾਰਤ ਦੇ ਵਿਸ਼ੇਸ਼ੱਗ ਵਰਗ ਨੇ ਹਾਕਮਾਂ ਦਾ ਸਾਥ ਦੇ ਕੇ ਆਪਣੀ ਸਰਬ ਉੱਤਮ ਪੁਜ਼ੀਸ਼ਨ ਕਾਇਮ ਵੀ ਰੱਖੀ ਤੇ ਹੇਠਲੀਆਂ ਜਮਾਤਾਂ ਤੇ ਜਾਤੀਆਂ ਉਤੇ ਸਮਾਜਿਕ ਦੱਬ-ਦੱਬਾ ਬਕਾਇਦਾ ਬਰਕਰਾਰ ਰੱਖਣ 'ਚ ਕਾਮਯਾਬੀ ਹਾਸਲ ਵੀ ਕੀਤੀ ਹੈ। ਬ੍ਰਿਟਿਸ਼ ਸਾਮਰਾਜ ਦੌਰਾਨ ਤਾਂ ਜਿਸ ਕਿਸਮ ਦੀ ਹਿੰਦੂਇਜ਼ਮ ਦੀ ਉਸਾਰੀ (Construction) ਯੋਰਪੀਅਨ ਇਤਿਹਾਸਕਾਰਾਂ ਤੇ ਬੁੱਧੀਜੀਵੀਆਂ ਨੇ ਕਰਨ ਵਿਚ ਆਪਣੀ ਸਰਗਰਮ ਭੂਮਿਕਾ ਨਿਭਾਈ ਹੈ ਉਹੀ ਅੱਜ "ਸਭਿਆਚਾਰਕ ਰਾਸ਼ਟਰਵਾਦ" ਦੇ ਰੂਪ 'ਚ ਸਾਡੇ ਸਾਹਮਣੇ ਹੈ। ਨਹਿਰੂ ਤੇ ਗਾਂਧੀ ਸਮੇਤ ਅਰਬਿੰਦੋ, ਸਵਾਮੀ ਵਿਵੇਕਾਨੰਦ, ਡਾ. ਰਾਧਾ ਕ੍ਰਿਸ਼ਨਨ ਕਿਸੇ ਨਾ ਕਿਸੇ ਰੂਪ 'ਚ ਇਸੇ ਰਾਸ਼ਟਰਵਾਦੀ ਸੋਚ ਨੂੰ ਉਤਸ਼ਾਹਤ ਕਰਦੇ ਰਹੇ ਸਨ। ਮਾਰਕਸਵਾਦੀ ਤੇ ਸਮਾਜਵਾਦੀ ਸਿਰਫ ਬਰਤਾਨਵੀ ਰਾਜ ਤੇ ਸਾਮਰਾਜ ਵਿਰੁੱਧ ਸੰਘਰਸ਼ ਅਤੇ ਜਮਾਤੀ ਸੰਘਰਸ਼ ਨੂੰ ਪਹਿਲ ਦੇ ਰਹੇ ਸਨ, ਉਨ੍ਹਾਂ ਲਈ ਬ੍ਰਾਹਮਣਵਾਦ ਦੇਸ਼ ਤੇ ਸਮਾਜ ਦੀ ਨਵ-ਉਸਾਰੀ ਵਿਚ ਕੋਈ ਖਤਰਾ ਨਹੀਂ ਸੀ।

ਬਾਬਾ ਸਾਹਿਬ ਅੰਬੇਡਕਰ, ਉਨ੍ਹਾਂ ਤੋਂ ਪਹਿਲਾਂ ਫੂਲੇ, ਦਲਿਤਾਂ ਪਛੜਿਆਂ, ਆਦੀਵਾਦੀਆਂ ਅਤੇ ਔਰਤਾਂ ਦੇ ਭਵਿੱਖ ਬਾਰੇ ਚਿੰਤਾਜਨਕ ਸਨ। ਉਹ ਬ੍ਰਾਹਮਣਵਾਦੀ ਪਰੰਪਰਾ ਨੂੰ ਤਬਦੀਲ ਕਰਨਾ ਚਾਹੁੰਦੇ ਸਨ। ਭਾਰਤੀ ਇਤਿਹਾਸ ਬੋਧ ਦੇ ਸਨਮੁਖ ਅੰਬੇਡਕਰ ਬ੍ਰਹਮਣਵਾਦੀ ਪਰੰਪਰਾ ਦੇ ਬਦਲ ਵਜੋਂ ਸ੍ਰਮਣ-ਪਰੰਪਰਾ ਦੀ ਮੁੜ ਵਿਆਖਿਆ ਕਰਕੇ ਨਵੇਂ ਰੂਪ 'ਚ ਪੇਸ਼ ਕਰਨ ਵੱਲ ਰੁਚਿਤ ਸਨ। ਕਾਫੀ ਗੰਭੀਰ ਅਧਿਐਨ ਅਤੇ ਆਪਣੇ ਜੀਵਨ ਦੇ ਤਕਰੀਬਨ 40-50 ਸਾਲਾਂ ਦੇ ਅਨੁਭਵ ਨੂੰ ਮੁੱਖ ਰਖ ਕੇ



ਉਨ੍ਹਾਂ ਬੁਧਿਜ਼ਮ ਨੂੰ ਚੁਣਿਆਂ, ਅਤੇ ਨਾਲ ਹੀ ਦਾਰਸ਼ਨਿਕ ਕਪਿਲ ਦੇ ਵਿਚਾਰਾਂ ਨੂੰ ਵੀ ਨਵੇਂ ਅਰਥ ਦਿੱਤੇ ਤਾਂ ਕਿ ਗੀਤਾ ਦੇ ਰਚਣ ਹਾਰਿਆਂ ਵਲੋਂ ਸਾਂਖਯ ਫਿਲਾਸਫੀ ਦੇ ਤ੍ਰੈ-ਗੁਣ ਸਿਧਾਂਤ ਨੂੰ ਜੋ ਵਿਗਾੜ ਰੂਪ ਦੇ ਕੇ ਪੇਸ਼ ਕੀਤਾ ਗਿਆ ਹੈ, ਦੀ ਸਹੀ ਵਿਆਖਿਆ ਕਰਕੇ ਲੋਕਾਂ ਨੂੰ ਦਸੀ ਜਾਵੇ। ਜਿਵੇਂ ਦਸ ਆਏ ਹਾਂ ਅੰਬੇਡਕਰ ਦਾ ਨਵ-ਬੁਧਿਜ਼ਮ, ਬੁਧਿਜ਼ਮ ਵਿਚ ਪ੍ਰਚਲਤ ਤਿੰਨਾ ਹੀ ਪਰੰਪਰਾਵਾਂ ਤੋਂ ਵੱਖਰਾ ਹੈ। ਇਹ ਪਰੰਪਰਾਵਾਂ ਹਨ- ਹੀਆਂਯਾਨ, ਮਹਾਂਯਾਨ ਅਤੇ ਵਜਰਯਾਨ। ਅੰਬੇਡਕਰ ਨੇ ਬੁਧਿਜ਼ਮ ਦੀ ਸਿਰਫ ਪੁਨਰ-ਸੁਰਜੀਤੀ ਨਹੀਂ ਕੀਤੀ-ਉਨ੍ਹਾਂ ਨੇ ਇਸ ਦੀ ਮੁੜ-ਵਿਆਖਿਆ ਵੀ ਕੀਤੀ ਹੈ ਅਤੇ ਅਜਿਹਾ ਕਰਦੇ ਸਮੇਂ ਧੰਮ ਦੇ ਸਿਧਾਂਤਾਂ ਨੂੰ ਹੋਰ ਅਮੀਰ ਤੇ ਮਜ਼ਬੂਤ ਬਣਾ ਕੇ ਸਮਕਾਲੀਨ ਦੁਨੀਆਂ ਲਈ ਨਵਾਂ ਮਾਰਗ ਦਰਸਾਇਆ ਹੈ। ਇਸੇ ਲਈ ਅੰਬੇਡਕਰ ਦੇ ਬੁਧਿਜ਼ਮ ਨੂੰ "ਨਵਯਾਨ-ਬੁਧਿਜ਼ਮ" ਕਿਹਾ ਗਿਆ ਹੈ। ਕਰਿਸਟੋਫਰ ਕੁਈਨ ਨੇ 'ਵਿਅੱਸਤ ਬੁਧਿਜ਼ਮ' (ENGAGED BUDDHISM) ਦਾ ਵਿਸ਼ਲੇਸ਼ਣ ਲਾ ਕੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਅੰਬੇਡਕਰ ਦਾ ਬੁੱਧਿਜ਼ਮ ਪਲਾਇਨਵਾਦੀ ਨਹੀਂ ਹੈ-ਇਹ ਦੁਨੀਆਂ ਦੀ ਮੁੜ-ਉਸਾਰੀ ਲਈ ਜ਼ਰੂਰੀ ਨੈਤਿਕ ਅਸੂਲਾਂ ਦਾ ਸੰਗ੍ਰਹਿ ਹੈ ਜਿਸ ਆਧਾਰ ਉਤੇ ਮਨੁੱਖਾਂ ਨੇ ਨਵੇਂ ਸਮਾਜਿਕ ਰਿਸ਼ਤੇ ਆਪਸ ਵਿਚ ਕਾਇਮ ਕਰਨੇ ਹਨ। ਮਾਨ੍ਹਵੀ ਸਭਿਅਤਾ ਜਿਸ ਪੜਾਅ ਉਤੇ ਪਹੁੰਚ ਚੁੱਕੀ ਹੈ ਮਨੁੱਖ ਇਸ ਤੋਂ ਪਿਛੇ ਜਾਂਗਲੀਪੁਣੇ ਵਲ ਨਹੀਂ ਜਾ ਸਕਦਾ ਜਿਥੇ ਸਭ ਲਈ ਸਭ ਕੁਝ ਫਰੀ ਸੀ। ਨਵੇਂ ਮਨੁੱਖ ਦੀ ਉਸਾਰੀ ਮਾਨਵਵਾਦੀ ਸਭਿਆਚਾਰਕ ਪੈਟਰਨ ਵਿਕਸਿਤ ਕੀਤੇ ਬਗ਼ੈਰ ਅਸੰਭਵ ਹੈ। ਅਜਿਹਾ ਮਨੁੱਖ ਰੂਸ ਵਿਚ ਨਹੀਂ ਬਣ ਸਕਿਆ। ਅੰਬੇਡਕਰ ਲਈ ਇਹ ਨੈਤਿਕ ਸੰਗ੍ਰਹਿ ਜ਼ਰੂਰੀ ਹੀ ਨਹੀਂ, ਇਹ ਪਾਕ-ਪਵਿੱਤਰ ਵੀ ਹੈ। ਇਸ ਸੰਗ੍ਰਹਿ ਦੀ ਪਾਰਗਾਮੀ ਮਹੱਤਤਾ (Transcendental value) ਹੈ। ਇਹ ਨੈਤਿਕ ਸੰਗ੍ਰਹਿ 'ਧੰਮ' ਦਾ ਕੇਂਦਰੀ ਬਿੰਦੂ ਹੈ। "ਬੁੱਧਾ ਅਤੇ ਉਸਦਾ ਧੰਮ" ਗਰੰਥ ਵਿਚ ਅੰਬੇਡਕਰ ਨੇ ਧਰਮ ਤੇ ਧੰਮ ਦੀ ਵਿਆਖਿਆ ਕੀਤੀ ਹੈ, ਧਰਮ ਵਿਅਕਤੀਗਤ ਹੁੰਦਾ ਹੈ ਜਦ ਕਿ ਧੰਮ ਸਮਾਜਿਕ ਮਹੱਤਤਾ ਗ੍ਰਹਿਣ ਕਰਦਾ ਹੈ, ਧਰਮ ਦਾ ਮੂਲ ਦੁਨੀਆਂ ਦੇ ਆਰੰਭ ਦੀ ਵਿਆਖਿਆ ਕਰਨਾ ਹੁੰਦਾ ਹੈ ਜਦ ਕਿ ਧੰਮ ਦੁਨੀਆਂ ਦੀ ਨਵ-ਉਸਾਰੀ ਕਰਦਾ ਹੈ ਅਤੇ ਧਰਮ ਰੱਬ, ਆਤਮਾ ਅਤੇ ਹੋਰ ਅਨੇਕ ਹੀ ਅ-ਵਿਗਿਆਨਕ ਵਿਸ਼ਵਾਸ਼ਾਂ ਵਿਚ ਯਕੀਨ ਉਤਪੰਨ ਕਰਦਾ ਹੈ ਜਦ ਕਿ ਧੰਮ ਵਿਚ ਪਰਮਾਤਮਾ-ਆਤਮਾ ਵਰਗੀ ਸ਼ੈਅ ਦੀ ਕੋਈ ਹੋਂਦ ਨਹੀਂ ਹੈ। ਅੰਬੇਡਕਰ ਨੇ ਬੁੱਧ ਦੇ ਧੰਮ ਬਾਰੇ ਲਿਖਿਆ, "ਧੰਮ ਦਾ ਰੱਬ ਤੇ ਆਤਮਾ ਨਾਲ ਕੋਈ ਸੰਬੰਧ ਨਹੀਂ, ਬੁੱਧ ਦੇ ਧੰਮ ਦਾ ਅਗਲੇਰੇ ਜਨਮਾਂ ਵਿਚ ਵਿਸ਼ਵਾਸ਼ ਆਦਿ ਨਾਲ ਕੋਈ ਸੰਬੰਧ ਨਹੀਂ, ਨਾ ਹੀ ਧੰਮ ਵਿਚ ਕਿਸੇ ਕਿਸਮ ਦੇ ਕਰਮ-ਕਾਂਡ ਤੇ ਰੀਤਾਂ ਰਸਮਾਂ ਲਈ ਕੋਈ ਸਥਾਨ ਹੈ।[15]

ਬਾਬਾ ਸਾਹਿਬ ਸਪੱਸ਼ਟ ਕਰਦੇ ਹਨ ਕਿ ਧੰਮ ਵਿਚ ਮਨੁੱਖ ਹੀ ਕੇਂਦਰ ਬਿੰਦੂ ਹੈ ਭਾਵ ਕਿ ਇਸ ਮਨੁੱਖ ਦਾ ਮਨੁੱਖ ਨਾਲ ਇਸ ਜੀਵਨ ਅਤੇ ਇਸ ਧਰਤੀ ਉਤੇ ਗਹਿਰਾ ਆਪਸੀ ਸੰਬੰਧ ਹੈ। (The centre ofDhamma is man and the relation of man to man in this life on earth)[16] ਇਸ ਧਰਤੀ ਉਤੇ ਮਨੁੱਖ ਦੁੱਖਾਂ 'ਚ ਘਿਰਿਆ ਹੋਇਆ ਹੈ, ਇਨਾਂ ਦੁੱਖਾਂ ਤੋਂ ਛੁਟਕਾਰਾ ਪਾਉਣ 'ਚ ਮਨੁੱਖ ਦੀ ਮਦਦ ਕਰਨਾ ਧੰਮ ਦਾ ਮਨੋਰਥ ਹੈ। ਇਸ ਸੰਦਰਭ 'ਚ ਹੀ ਬਾਬਾ ਸਾਹਿਬ ਕਹਿੰਦੇ ਹਨ ਕਿ ਬੁਧਿਜ਼ਮ ਬੁੱਧੀਵਾਦ ਹੀ ਹੈ, ਜੇ ਇਹ ਬੁੱਧੀਵਾਦ ਨਹੀਂ ਹੈ ਤਾਂ ਇਹ ਕੁਝ ਵੀ ਨਹੀਂ ਹੈ (It preaches Rationalism and Buddhism is nothing if not Rationalism)[17] ਤਥਾਗਤ ਬੁੱਧ ਨੂੰ ਪਰਖਣ ਦਾ ਸਾਡੇ ਪਾਸ ਸਿਰਫ ਇਹ ਹੀ ਇਕ ਮਾਪਦੰਡ ਹੈ। ਭਰੋਸੇ ਨਾਲ ਜੇ ਕੋਈ ਗੱਲ ਕਹੀ ਜਾ ਸਕਦੀ ਹੈ, ਉਹ ਹੈ ਕਿ ਜੇ ਬੁੱਧ ਰੈਸ਼ਨਲ ਜਾਂ ਤਰਕਪੂਰਨ ਨਹੀਂ ਸੀ ਤਾਂ ਉਹ ਕੁਝ ਵੀ ਨਹੀਂ ਸੀ। ਇਸ ਲਈ ਜੋ ਵੀ ਰੈਸ਼ਨਲ ਤੇ ਤਰਕਪੂਰਨ ਹੈ, ਬਾਕੀ ਜੇ ਸਭ ਕੁਝ ਠੀਕ ਠਾਕ ਹੈ, ਉਹੀ ਹੀ ਬੁੱਧ ਦੇ ਸ਼ਬਦ ਸਮਝੇ ਜਾਣੇ ਚਾਹੀਦੇ ਹਨ। (There is, however, one test which is available. If there is anything which could beside with confidence it is He was nothing if not rational, if not logical. Anything therefore which is rational and logical, other things beinge qual, may be taken to be the word of buddha).[18] 'ਧੰਮ' ਦੇ ਇਕ ਸਕੰਲਪ 'ਸਮਾ-ਦਿਤੀ' ਦੀ ਵਿਆਖਿਆ ਨੇਕ ਜਾ ਸਮ-ਵਿਚਾਰ (Right views) ਵਲੋਂ ਕੀਤੀ ਗਈ ਹੈ। ਸਹੀ ਜਾਂ ਸਮ-ਵਿਚਾਰ ਗ੍ਰਹਿਣ ਕਰਨ ਲਈ ਤਿੰਨ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ। ਇਹ ਹਨ- (1) ਸ਼ਾਸ਼ਤਰਾਂ ਵਿਚ ਵਿਸ਼ਵਾਸ਼ ਨਹੀਂ 2. ਉਨ੍ਹਾਂ ਸਾਰੇ ਹੀ ਸਿਧਾਂਤਾ ਨੂੰ ਰੱਦ ਕਰਨਾ ਜਿਹੜੇ ਵਹਿਮਾਂ ਭਰਮਾਂ ਤੇ ਪ੍ਰਾਭੌਤਿਕਵਾਦ ਨੂੰ ਉਤਸ਼ਾਹਤ

ਕਰਦੇ ਹਨ ਅਤੇ 3. ਵਿਆਕਤੀ ਸੁਤੰਤਰ ਵਿਚਾਰ ਤੇ ਸੁੰਤਤਰ ਮਨ ਦਾ ਮਾਲਕ ਹੋਵੇ। ਅੰਬੇਡਕਰ ਨੇ ਸਾਂਖਯ ਦਰਸ਼ਨ ਦੇ ਮੁਢਲੇ ਅਸੂਲਾਂ ਦੀ ਵੀ ਵਿਆਖਿਆ ਕੀਤੀ ਹੈ। ਸਾਂਖਯ ਦਰਸ਼ਨ ਦੇ ਤ੍ਰੈ-ਗੁਣ ਸਿਧਾਂਤ ਦੀ ਗੱਲ ਉਪਰ ਵਿਸਥਾਰ 'ਚ ਕਰ ਆਏ ਹਾਂ। ਸਾਂਖਯ ਦਰਸ਼ਨ ਦੇ ਦੂਸਰੇ ਮੁਖ ਵਿਚਾਰ ਹਨ- ਸਚਾਈ ਦਾ ਆਧਾਰ ਪਰਤੱਖ-ਪ੍ਰਮਾਣ ਅਤੇ ਅਨੁਮਾਨ ਹੀ ਹੋ ਸਕਦੇ ਹਨ। 2. ਮਨੁੱਖ ਦੀ ਸੋਚ ਦਾ ਆਧਾਰ ਬੁੱਧੀਵਾਦ ਹੋਣਾ ਲਾਜ਼ਮੀ ਹੈ, 3. ਐਸਾ ਕੋਈ ਸਬੂਤ ਨਹੀਂ ਹੈ ਜਿਸ ਦੇ ਅਧਾਰ ਤੇ ਕਿਹਾ ਜਾ ਸਕਦਾ ਹੋਵੇ ਕਿ ਪਰਮਾਤਮਾ ਹੈ ਤੇ ਇਹ ਬ੍ਰਹਿਮੰਡ ਉਸ ਦਾ ਸਿਰਜਿਆ ਹੋਇਆ ਹੈ। 4. ਵਿਕਸਿਤ ਅਤੇ ਅਵਿਕਸਿਤ ਚੀਜ਼ਾਂ ਦਾ ਅਧਾਰ ਕਾਰਨ-ਕਾਰਜ ਦਾ ਸਿਧਾਂਤ ਹੀ ਹੋ ਸਕਦਾ ਹੈ ਅਤੇ 5. ਜਿਸ ਦਾ ਅਸਤਿਤਵ ਹੀ ਨਹੀਂ ਹੈ ਉਹ ਕਾਰਜ਼ਸ਼ੀਲਤਾ ਦਾ ਵਿਸ਼ਾ ਹੀ ਨਹੀਂ ਹੋ ਸਕਦਾ। ਇਸ ਸੰਖੇਪ ਜਿਹੇ ਪਿਛੋਕੜ 'ਚ ਰੱਖਕੇ ਹੀ ਅੰਬੇਡਕਰ ਦੇ ਬੁਧਿਜ਼ਮ ਨੂੰ ਬ੍ਰਾਹਮਣਵਾਦ ਦੇ ਦਾਰਸ਼ਨਿਕ ਤੇ ਸਭਿਆਚਾਰਕ ਬਦਲ ਵਜੋਂ ਸਮਝਿਆ ਜਾ ਸਕਦਾ ਹੈ। ਦਲਿਤ-ਦਰਸ਼ਨ ਵਿਚ ਇਸ ਦਾ ਵੀ ਕੇਂਦਰੀ ਸਥਾਨ ਹੈ।

ਦਲਿਤ-ਦਰਸ਼ਨ ਧਾਰਾ ਵਿਚ ਮੱਧਕਾਲੀਨ ਨਿਰਗੁਣ ਸੰਤਾਂ ਦੀ ਵੀ ਸਰਗਰਮ ਭੂਮਿਕਾ ਰਹੀ ਹੈ। ਉਨ੍ਹਾਂ ਨੇ 'ਕਿਰਤ' ਅਤੇ 'ਕਿਰਤੀ' ਦੋਨਾਂ ਨੂੰ ਮਾਣ-ਸਨਮਾਨ ਦੇ ਕੇ ਸਮਾਜਕ ਮਾਨ੍ਹਤਾ ਦਿੱਤੀ ਹੈ। ਉਨ੍ਹਾਂ ਦੀ ਭਗਤੀ ਕਿਰਤ ਅਤੇ ਸਾਧਨਾ ਦਾ ਸੁਮੇਲ ਸੀ। ਉਨ੍ਹਾਂ ਨੇ ਉਸ 'ਬ੍ਰਹਮ' ਦੀ ਪ੍ਰਾਪਤੀ ਕਰਕੇ ਦਵਿਜ-ਜਾਤੀਆਂ ਦੀ ਗਿਆਨ-ਪ੍ਰਾਪਤੀ ਤੇ ਪਰਮਾਤਮਾ ਦੀ ਭਗਤੀ ਦੀ ਇਜ਼ਾਰੇਦਾਰੀ ਖਤਮ ਕੀਤੀ ਜਿਸ ਦੀ ਨੀਵੀਆਂ ਲਈ ਬਿਲਕੁਲ ਮਨਾਹੀ ਸੀ। ਰਵਿਦਾਸ ਨੇ ਬੇਗ਼ਮਪੁਰੇ ਦਾ ਕਲਿਆਣਕਾਰੀ ਰਾਜ ਦੇ ਸਕੰਲਪ ਦੀ ਸਿਰਜਣਾ ਕੀਤੀ ਹੈ। ਕਬੀਰ ਨੇ ਬ੍ਰਾਹਮਣੀ ਵਿਚਾਰਧਾਰਾ ਉਤੇ ਬਹੁਤ ਤਿਖੀਆਂ ਚੋਟਾਂ ਕੀਤੀਆਂ ਹਨ। ਪਰੰਤੂ ਇਸ ਬਾਰੇ ਵੀ ਦੋ ਰਾਵਾਂ ਨਹੀਂ ਹਨ ਕਿ ਉਨ੍ਹਾਂ ਨੇ ਜਾਤ-ਪਾਤ ਤੇ ਆਪਣੀ ਸਮਾਜਿਕ ਅਲਹਿਦਗੀ ਦਾ ਹੱਲ ਪ੍ਰਭੀ-ਭਗਤੀ ਜਾਂ ਪ੍ਰੇਮ-ਭਗਤੀ ਨੂੰ ਹੀ ਦਸਿਆ ਹੈ। ਸਿਰਫ ਭਗਤੀ ਰਾਹੀ ਸਮਾਜਿਕ-ਆਰਥਿਕ ਸਥਿਤੀਆਂ ਨੂੰ ਆਮ ਲੋਕਾਂ ਦੇ ਹੱਕ 'ਚ ਤਬਦੀਲ ਨਹੀਂ ਕੀਤਾ ਜਾ ਸਕਦਾ ਕਿਉਂਕਿ ਭਗਤੀ ਵਿਵੇਕਸ਼ੀਲਤਾ ਨੂੰ ਕਮਜ਼ੋਰ ਕਰਨ 'ਚ ਅਹਿਮ ਭੂਮਿਕਾ ਨਿਭਾਂਉਂਦੀ ਰਹੀ ਹੈ। ਦੂਸਰੇ ਪਾਸੇ ਬਾਬਾ ਸਾਹਿਬ ਦਾ ਇਹ ਮੱਤ ਵੀ ਸਹੀ ਹੈ ਕਿ ਨਿਰਗੁਣ ਸੰਤਾਂ ਨੇ ਜਾਤ-ਪਾਤ ਸਿਸਟਮ ਵਿਰੁੱਧ ਕੋਈ ਸੰਗਠਤ ਮੁਹਿੰਮ ਨਹੀਂ ਸ਼ੁਰੂ ਕੀਤੀ। ਉਨ੍ਹਾਂ ਅਨੁਸਾਰ ਸੰਤਾਂ ਦਾ ਕਹਿਣਾ ਇਹੀ ਸੀ ਕਿ ਪ੍ਰਮਾਤਮਾ ਦੀਆਂ ਨਜ਼ਰਾਂ ਵਿਚ ਸਾਰੇ ਮਨੁੱਖ ਬਰਾਬਰ ਹਨ। ਸੰਤ ਇਹ ਵੀ ਮੰਨਦੇ ਹਨ ਕਿ ਪ੍ਰਮਾਤਮਾ ਦੇ ਘਰ ਜਾ ਕੇ ਸਾਰੇ ਹੀ ਬਰਾਬਰ ਹੋ ਜਾਂਦੇ ਸਨ। ਉਨ੍ਹਾਂ ਨੇ ਇਸ ਦੁਨੀਆਂ ਉਤੇ ਮਨੁੱਖਾਂ ਵਿਚ ਬਰਾਬਰੀ ਕਾਇਮ ਕਰਨ ਲਈ ਕੋਈ ਸੰਘਰਸ਼ ਨਹੀਂ ਕੀਤਾ, ਨਾ ਹੀ ਅਜਿਹੀ ਕੋਈ ਰੂਪ-ਰੇਖਾ ਦੀ ਸਿਰਜਣਾ ਦੇ ਸੰਕੇਤ ਦਿਤੇ ਹਨ। ਦਲਿਤ-ਦਰਸ਼ਨ ਵਿਚ ਇਨਾਂ ਸੰਤਾਂ ਦੀ ਪ੍ਰਾਪਤੀ ਨੂੰ ਇਸੇ ਨਜ਼ਰੀਏ ਨਾਲ ਸਮਝਣਾ ਉਚਿਤ ਹੋਵੇਗਾ। ਫਿਰ ਵੀ ਸੰਤਾਂ ਦੇ ਏਕਈਸ਼ਵਰਵਾਦ ਦੀ ਸਾਰਥਿਕਤਾ ਅਜੇ ਆਮ ਵਿਅਕਤੀ ਲਈ ਲੰਬੇ ਅਰਸੇ ਲਈ ਕਾਇਮ ਰਹਿਣ ਦੀ ਸੰਭਾਵਨਾ ਕਾਫੀ ਨਜ਼ਰ ਆ ਰਹੀ ਹੈ।

## 3.

ਆਮ ਹੀ ਇਹ ਕਹਿ ਦਿੱਤਾ ਜਾਂਦਾ ਹੈ ਕਿ ਦਲਿਤ ਲਹਿਰ ਆਰਥਿਕ ਮਸਲਿਆਂ ਨੂੰ ਨਜ਼ਰ ਅੰਦਾਜ਼ ਕਰਕੇ ਸਭਿਆਚਾਰਕ ਖੇਤਰ 'ਚ ਤਬਦੀਲੀ ਤਕ ਹੀ ਸੀਮਤ ਹੈ। ਅਸਲ 'ਚ ਅਜਿਹਾ ਨਹੀਂ ਹੈ। ਇਹ ਵੀ ਸਹੀ ਨਹੀਂ ਕਿ ਅੰਬੇਡਕਰ ਨੇ (ਜਾਂ ਦਲਿਤ ਲਹਿਰ ਨੇ) ਮਾਰਕਸਵਾਦ ਨੂੰ ਰੱਦ ਕੀਤਾ ਹੈ। ਸੱਚ ਇਹ ਹੈ ਕਿ ਮਾਰਕਸਵਾਦੀਆਂ ਨੇ ਦਲਿਤ ਲਹਿਰ ਨੂੰ ਨਾਂ ਹੀ ਸਹੀ ਰੂਪ 'ਚ ਸਮਝਣ ਦੀ ਕੋਸ਼ਿਸ਼ ਕੀਤੀ ਹੈ ਅਤੇ ਨਾਂ ਹੀ ਦਲਿਤਾਂ, ਔਰਤਾਂ, ਆਦੀਵਾਦੀਆਂ ਦੇ ਭਖਦੇ ਮਸਲਿਆਂ ਬਾਰੇ ਕੋਈ ਠੋਸ ਨੀਤੀ ਅਪਣਾਈ ਹੈ। ਅੰਬੇਡਕਰ ਨੇ ਮਾਰਕਸਵਾਦ ਦਾ ਪ੍ਰਭਾਵ ਕਬੂਲਿਆ ਹੈ, ਬੇਸ਼ੱਕ ਉਨ੍ਹਾਂ ਦੇ ਭਾਰਤੀ ਕਮਿਊਨਿਸਟਾਂ ਨਾਲ ਮੱਤ-ਭੇਦ ਰਹੇ ਹਨ। ਉਨ੍ਹਾਂ ਨੇ ਕਮਿਊਨਿਸਟਾਂ ਦੇ ਨੇੜੇ ਆਉਣ ਦੀਆਂ ਵੀ ਕੋਸ਼ਿਸ਼ਾਂ ਕੀਤੀਆਂ ਲੇਕਿਨ ਕਮਿਊਨਿਸਟਾਂ ਦੀ ਬ੍ਰਾਹਮਣੀ ਤੇ ਜਗੀਰੂ ਲੀਡਰਸ਼ਿਪ ਨੂੰ ਅਜਿਹਾ ਲਾਹੇਵੰਦ ਨਹੀਂ ਸੀ ਜਾਪਦਾ, ਇਸ ਲਈ ਇਹ ਦੂਰੀ ਕਾਇਮ ਰਹੀ। ਫਿਰ ਵੀ ਕਮਿਊਨਿਸਟਾਂ ਦੀ ਹਰ ਲਹਿਰ 'ਚ ਦਲਿਤਾਂ ਦਾ ਵਿਅਕਤੀਤੱਵ ਤੌਰ ਤੇ ਯੋਗਦਾਨ ਰਿਹਾ ਹੈ। ਭਾਰਤ ਦੀ ਦਲਿਤ-ਪੈਂਥਰ ਲਹਿਰ ਅੰਬੇਡਕਰੀਆਂ ਤੇ ਕਮਿਊਨਿਸਟਾਂ ਦੇ ਆਪਸੀ ਸਹਿਯੋਗ ਦਾ ਹੀ ਸਿੱਟਾ ਸੀ, ਲੇਕਿਨ ਇਹ ਸਹਿਯੋਗ ਵੀ ਬੌਧਿਕ ਪੱਧਰ ਤੇ ਬਹੁਤੀ ਦੇਰ ਕਾਇਮ ਨਹੀਂ ਰਹਿ ਸਕਿਆ। ਕਮਿਊਨਿਸਟਾਂ ਦੀ ਆਰਥਿਕਤਾਵਾਦ ਪ੍ਰਤੀ ਬੇਲੋੜੀ ਪਹੁੰਚ ਹੀ ਕਿਸੇ ਨਾ ਕਿਸੇ ਰੂਪ 'ਚ ਇਹ ਦੂਰੀ ਪੈਦਾ ਕਰਨ ਲਈ



ਜ਼ੁਮੇਵਾਰ ਕਹੀ ਜਾ ਸਕਦੀ ਹੈ। ਫਿਰ ਵੀ ਇਹ ਤਾਂ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਅੰਬੇਡਕਰ ਸਮਾਜਿਕ ਪਰੀਵਿਰਤਨ ਦੇ ਹੱਕ ਵਿਚ ਸਨ ਅਤੇ ਦਲਿਤ ਅੱਜ ਵੀ ਤਬਦੀਲੀ ਚਾਹੁੰਦਾ ਹੈ ਅਤੇ ਉਹ ਆਸ਼ਾਵਾਦੀ ਵੀ ਹੈ, ਲੇਕਿਨ ਦਲਿਤ ਅਤੇ ਲੋਕ-ਪੱਖੀ ਰਾਜਸੀ ਤਾਕਤਾਂ ਦਾ ਹੀ ਆਪਸੀ ਤੇ ਆਪਣਾ ਵੀ ਏਕਾ ਨਹੀਂ ਹੋ ਰਿਹਾ। ਅੰਬੇਡਕਰ ਭਾਰਤ ਦੀਆਂ ਸਮਾਜਿਕ ਹਾਲਤਾਂ ਦਾ ਅਧਿਐਨ ਕਰਦੇ ਹੋਏ ਅਤੇ ਦਵਿਜ-ਜਾਤੀਆਂ ਦੀ ਮਾਨਸਿਕਤਾ ਨੂੰ ਸਮਝਦੇ ਹੋਏ ਬੜੇ ਸਪੱਸ਼ਟ ਸ਼ਬਦਾਂ ਵਿਚ ਮਾਰਕਸ ਦੇ ਆਰਥਿਕ ਨਿਸ਼ਚੇਵਾਦ ਅਤੇ ਪਰਾਲੋਤਾਰੀ ਜਮਾਤ ਦੀ ਤਾਨਾਸ਼ਾਹੀ ਅਤੇ ਨਿਰੋਲ ਜਮਾਤੀ ਯੁੱਧ ਬਾਰੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਸਨ। ਅੱਜ ਅਸੀਂ ਇਕੀਵੀਂ ਸਦੀ ਵਿਚ ਸੋਚਦੇ ਹਾਂ ਤੇ ਦੇਖਦੇ ਹਾਂ ਕਿ ਉਨ੍ਹਾਂ ਦੀਆਂ ਭਵਿੱਖ ਬਾਣੀਆਂ ਸਹੀ ਸਾਬਤ ਹੋਈਆਂ ਹਨ। ਆਰਥਿਕ ਖੁਸ਼ਹਾਲੀ ਨੇ ਨਾਂ ਹੀ ਜਾਤੀ-ਸਿਸਟਮ ਨੂੰ ਕਮਜ਼ੋਰ ਕੀਤਾ, ਨਾ ਹੀ ਫਿਰਕਾਪ੍ਰਸਤੀ ਸੋਚ ਵਿਚ ਹਾਂ ਪੱਖੀ ਤਬਦੀਲੀ ਹੋਈ ਹੈ। ਰੂਸ ਤੇ ਦੂਸਰੇ ਸਮਾਜਵਾਦੀ ਦੇਸ਼ਾਂ ਵਿਚ ਪਰਾਲੋਤਾਰੀ ਜਮਾਤ ਦੀ ਤਾਨਾਸ਼ਾਹੀ ਕਾਇਮ ਰਹੀ (ਭਾਵੇਂ ਹੁਣ ਇਹ ਸਿਸਟਮ ਹੀ ਨਹੀਂ ਰਿਹਾ) ਅਤੇ ਚੀਨ ਵਿਚ ਮਾਓ ਨੂੰ ਇਹ ਤਾਨਾਸ਼ਾਹੀ ਕਾਇਮ ਰੱਖਣ ਲਈ 'ਸਭਿਆਚਾਰਕ ਇਨਕਲਾਬ' ਲਿਆਉਣ ਲਈ ਤਾਕਤ ਦੀ ਵਰਤੋਂ ਕਰਨੀ ਪਈ ਕਿਉਂਕਿ ਚੀਨ ਵਿਚ ਪ੍ਰਤਿਕਰਾਂਤੀ ਤਾਕਤਾਂ ਜ਼ੋਰ ਪਕੜ ਰਹੀਆਂ ਸਨ, ਹਾਲਾਂ ਕਿ ਚੀਨ ਵਿਚ ਮੁਢਲੇ ਬੁੱਧਿਜ਼ਮ ਦੀਆਂ ਜੜ੍ਹਾਂ ਹਰੀਆਂ ਸਨ, ਇਨ੍ਹਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਸਕਦਾ ਸੀ। ਭਾਰਤ ਵਿਚ ਤਾਂ ਹਰ ਪਾਸੇ ਬ੍ਰਾਹਮਣੀ ਸੋਚ ਦਾ ਹੀ ਬੋਲ-ਬਾਲਾ ਹੈ। ਬ੍ਰਾਹਮਣਿਜ਼ਮ ਵਿਚ ਤਾਂ ਪ੍ਰਤਿਕਰਾਂਤੀ ਨਿਹਿਤ ਹੈ।

ਅੰਬੇਡਕਰ ਨੇ ਆਰਥਿਕ ਮੁਹਾਜ ਉਤੇ ਵੀ ਲੜਾਈ ਦਿੱਤੀ ਹੈ। ਮਹਾਂਰਾਸ਼ਟਰ ਵਿਚ 'ਖੋਟੀ ਸਿਸਟਮ' ਵਿਰੁੱਧ ਸੰਘਰਸ਼ ਵਿਚ ਉਨ੍ਹਾਂ ਸਰਗਰਮ ਹਿੱਸਾ ਲਿਆ। ਮਾਰਕਸਵਾਦ ਦੇ ਪ੍ਰਭਾਵ ਹੇਠ ਹੀ ਉਨ੍ਹਾਂ ਨੇ 'ਸੰਵਿਧਾਨ ਰਾਜ-ਸਮਾਜਵਾਦ' ਦੀ ਵਿਵਸਥਾ ਦੀ ਪ੍ਰੋੜਤਾ ਕਰਦਿਆਂ ਕਿਹਾ ਕਿ ਰਾਜ-ਸਮਾਜਵਾਦ ਬਗ਼ੈਰ ਖੇਤੀ ਸੁਧਾਰ ਨਹੀਂ ਹੋ ਸਕਦੇ, ਨਾ ਹੀ ਪੂੰਜੀਵਾਦੀ ਲੁੱਟ ਖਤਮ ਹੋ ਸਕਦੀ ਹੈ। ਇਸ ਸਕੀਮ ਰਾਹੀ ਖਾਸ-ਮੁੱਖ ਉਦਯੋਗ ਅਤੇ ਸਾਰੀ ਵਾਹੀਯੋਗ ਜ਼ਮੀਨ ਰਾਜ ਦੀ ਮਾਲਕੀ ਹੋਵੇ। ਪਿੰਡ ਦੀ ਸਾਰੀ ਵਾਹੀਯੋਗ ਜ਼ਮੀਨ ਦੀ ਖੇਤੀ ਰਾਜ ਦੀ ਪਾਲਿਸੀ ਅਨੁਸਾਰ ਹੋਵੇ ਪਰ ਸਾਰੇ ਪਿੰਡ ਵਾਸੀ ਇਸ ਜ਼ਮੀਨ ਉਤੇ ਕਾਮਿਆਂ ਦੇ ਤੌਰ ਤੇ ਕੰਮ ਕਰਨ ਜਿਸ ਦੇ ਫਲਸਰੂਪ ਕੋਈ ਲੈਂਡਲਾਰਡ, ਮਾਲਕ ਤੇ ਮੁਜ਼ਾਰਾ ਨਾ ਹੋਵੇ। ਰਾਜ-ਸਮਾਜਵਾਦ ਦੀ ਸਕੀਮ ਸੰਵਿਧਾਨ ਵਿਚ ਅੰਕਿਤ ਹੋਵੇ ਤੇ ਹਰ ਰਾਜਸੀ ਪਾਰਟੀ ਇਸ ਨੂੰ ਪੂਰਨ ਰੂਪ 'ਚ ਲਾਗੂ ਕਰਨ ਲਈ ਵਚਨਵੱਧ ਹੋਵੇ। ਪਾਰਲੀਮੈਂਟਰੀ ਸਰਕਾਰ ਦੇ ਰੂਪ 'ਚ ਰਾਜਨੀਤਕ ਲੋਕਤੰਤਰ ਦੀ ਵਿਵਸਥਾ ਹੋਣੀ ਚਾਹੀਦੀ ਹੈ। ਰਾਜਨੀਤਕ ਲੋਕਤੰਤਰ ਦੇ ਸਾਥ ਸਮਾਜੀ ਢਾਂਚਾ ਵੀ ਲੋਕਰਾਜੀ ਅਸੂਲਾਂ ਉਤੇ ਆਧਾਰਤ ਹੋਣਾ ਜ਼ਰੂਰੀ ਹੈ। ਹਰ ਨਾਗਰਿਕ ਨੂੰ ਕੰਮ ਦਾ ਅਧਿਕਾਰ ਹੋਵੇ ਪਰ ਸਮਾਜਿਕ ਲੋਕਤੰਤਰ "ਇਕ ਮਨੁੱਖ ਇਕ ਵੋਟ" (One man one vote) ( ਅਤੇ "ਇਕ ਵੋਟ ਬਰਾਬਰ ਕੀਮਤ" (One vote one value) ਦੇ ਅਸੂਲ ਨੂੰ ਮਾਨ੍ਹਤਾ ਦਿੰਦਾ ਹੋਵੇ। ਜਸਟਿਸ ਕ੍ਰਿਸ਼ਨਾ ਆਈਅਰ ਅੰਬੇਡਕਰ ਦੇ ਮਿਸ਼ਨ ਬਾਰੇ ਕਹਿੰਦੇ ਹਨ, "ਉਹ ਅਜਿਹਾ ਇਨਸਾਨ ਸੀ ਜਿਸਦਾ ਮਿਸ਼ਨ ਮਨੁੱਖ ਦੀ ਲਿਬਰੇਸ਼ਨ ਸੀ, ਜਿਸਨੇ ਗੁਲਾਮੀ ਤੇ ਬੰਧੂਆਂ ਮਜ਼ਦੂਰੀ ਦੀਆਂ ਜੜ੍ਹਾਂ ਅਸਮਾਨੀ ਬਿਜਲੀ ਵਾਂਗ ਹਿਲਾਈਆ ਹਨ। ਉਹ ਅਜਿਹਾ ਸਮਾਜਿਕ-ਜੁਝਾਰੂ ਸੀ ਜਿਸ ਦਾ ਸਪਨਾ ਸਮਾਨਤਾਪੂਰਨ ਦਇਆ ਦੀ ਭਾਵਨਾ ਨਾਲ ਭਰਪੂਰ ਸਮਾਜ ਦੀ ਉਸਾਰੀ ਸੀ, ਇਹ ਇਕ ਅਜਿਹੀ ਨਵੀਂ ਦਿਸ਼ਾ ਸੀ ਜੋ ਮਾਰਕਸ ਦੀ ਆਰਥਿਕਤਾ ਅਤੇ ਜੇ. ਐਸ. ਮਿਲ ਦੀ ਰਾਜਨੀਤਕ ਆਜ਼ਾਦੀ ਤੋਂ ਵੀ ਪਾਰ ਜਾ ਕੇ ਸੁਤੰਤਰ ਸਮਾਜ ਦੀ ਉਸਾਰੀ ਪ੍ਰਤੀ ਵਚਨਵੱਧ ਸੀ। ( He was a man with a mission of Liberation of man, a singe soul thunderbot which struck at the roots of human bondage, a social- miitant with a vision of a society of egalitarian compassion with new dimensions beyond the economic diagnosis if marxism and political liberty of MILL) [19] ਅੰਬੇਡਕਰ ਨੇ ਜ਼ਾਤ-ਪਾਤ ਅਤੇ ਆਰਥਿਕਤਾ ਦੇ ਆਪਸੀ ਅਤੁਟ ਸੰਬੰਧਾਂ ਦਾ ਅਧਿਐਨ ਕਰਦੇ ਹੀ ਕਿਹਾ ਸੀ ਕਿ ਜਾਤ-ਪ੍ਰਣਾਲੀ ਇਕ ਅਸਹਿ ਆਰਥਿਕ ਲੁੱਟ-ਖਸੁੱਟ ਹੀ ਨਹੀਂ ਪਰੰਤੂ ਇਹ ਆਰਥਿਕ ਸੋਸ਼ਣ ਦੀ ਅਜਿਹੀ ਪ੍ਰਣਾਲੀ ਹੈ ਜਿਹੜੀ ਸਦੀਆਂ ਤੋਂ ਬੇਲਗਾਮ ਚਲੀ ਆ ਰਹੀ ਹੈ। (Unmitigated economic exploitation but aso a system of uncontroled economic exploitatoion) ਅੰਬੇਡਕਰ ਦ੍ਰਿੱੜਤਾ

ਸਹਿਤ ਕਹਿੰਦੇ ਸਨ ਕਿ ਲੋਕਾਂ ਦੀ ਗਰੀਬੀ ਦੂਰ ਕਰਨ ਦਾ ਢੰਗ ਭਾਰਤੀ ਆਰਥਿਕਤਾ 'ਚ ਮੌਜੂਦ ਬੇਤਰਤੀਬੀਆਂ ਦੂਰ ਕਰਕੇ ਸਮਾਜਿਕ-ਆਰਥਿਕਤਾ ਦਾ ਇਲਾਜ ਕਰਨ 'ਚ ਛੁਪਿਆ ਹੋਇਐ। ਉਨਾਂ ਦਾ ਇਹ ਵੀ ਵਿਚਾਰ ਸੀ ਕਿ ਭਾਰਤੀ ਖੇਤੀਬਾੜੀ ਦੀਆਂ ਸਮਸਿਆਵਾਂ ਦਾ ਹਲ ਉਗਯੋਗੀਕਰਨ 'ਚ ਹੀ ਹੈ, ਉਦਯੋਗੀਕਰਨ ਹੀ ਇਕ ਮਜ਼ਬੂਤ ਹਲ ਹੈ, ਤੇ ਇਸ ਨੂੰ ਪਹਿਲ ਦੇਣੀ ਚਾਹੀਦੀ ਹੈ, ਉਦਯੋਗੀਕਰਨ ਸਦਕਾ ਹੀ ਛੋਟੀ-ਖੇਤੀ ਦੀ ਜਗ੍ਹਾਂ ਵੱਡੀ ਖੇਤੀ ਲੈ ਸਕੇਗੀ ਜਿਸ ਦਾ ਭਾਰਤ ਨੂੰ ਲੰਬੇ ਅਰਸੇ ਲਈ ਫਾਇਦਾ ਹੋਵੇਗਾ। ਜ਼ਮੀਨੀ ਸੁਧਾਰਾਂ ਉਤੇ ਐਨਾ ਜ਼ੋਰ ਕਿਸੇ ਹੋਰ ਭਾਰਤੀ ਰਾਸ਼ਟਰੀ ਨੇਤਾ ਨੇ ਨਹੀਂ ਦਿੱਤਾ ਜਿਨਾਂ ਅੰਬੇਡਕਰ ਨੇ ਦਿਤਾ, ਭਾਵੇਂ ਉਹ ਨਹਿਰੂ, ਸ੍ਰੀ ਰਾਮ ਮਨੋਹਰ ਲੋਹੀਆ ਜਾਂ ਮਹਾਤਮਾ ਗਾਂਧੀ ਸਨ। ਅੰਬੇਡਕਰ ਪਿੰਡ ਦੀ ਆਰਥਿਕਤਾ 'ਚ ਪੂਰਨ ਤਬਦੀਲੀ ਚਾਹੁੰਦੇ ਸਨ। ਬਾਬਾ ਸਾਹਿਬ ਨੇ ਬੁਧਿਜ਼ਮ ਦੀ ਸ਼ਰਨ ਵਿਚ ਜਾਣ ਉਪਰੰਤ ਵੀ ਆਪਣੇ ਵਿਚਾਰ "ਸੰਵਿਧਾਨਕ ਰਾਜ ਸਮਾਜਵਾਦ" ਪ੍ਰਤੀ ਤਬਦੀਲ ਨਹੀਂ ਕੀਤੇ ਸਨ। ਇਹ ਠੀਕ ਹੈ ਕਿ "ਬੁੱਧ ਅਤੇ ਉਸਦਾ ਧੰਮ" ਅਤੇ 'ਬੁੱਧਾ ਜਾਂ ਕਾਰਲ ਮਾਰਕਸ' ਤੋਂ ਬਾਅਦ ਅੰਬੇਡਕਰ ਸ਼ੋਸ਼ਲ ਡੈਮੋਕਰੇਸੀ ਵਲ ਪਰਤਦੇ ਹਨ, ਪਰੰਤੂ ਇਹ ਸ਼ੋਸ਼ਲ ਡੈਮੋਕਰੇਸੀ ਉਹ ਨਹੀਂ ਜਿਸ ਦਾ ਵਾਸਤਾ ਮਾਰਕਸ ਨਾਲ ਪਿਆ ਸੀ। ਅੰਬੇਡਕਰ ਦੀ ਸ਼ੋਸ਼ਲ ਡੈਮੋਕਰੇਸੀ ਦਾਰਸ਼ਨਿਕ ਪੈਰਾਡਾਈਮ ਤਬਦੀਲੀ (Philosophical Paradigm) ਹੈ, ਇਹ ਬ੍ਰਾਹਮਣਿਕ ਸਭਿਆਚਾਰਕ ਪੈਰਾਡਾਈਮ ਤੋਂ ਸ੍ਰਮਣਿਕ ਸਭਿਆਚਾਰਕ ਪੈਰਾਡਾਈਮ ਪ੍ਰਤੀ ਤਬਦੀਲੀ ਹੈ ਜਿਹੀ ਕਿ ਯੋਰਪ ਦੇ ਸ਼ੋਸ਼ਲ ਡੈਮੋਕਰੈਟ ਪੇਸ਼ ਨਹੀਂ ਕਰ ਰਹੇ ਸਨ। ਉਥੇ ਇਹ ਕਾਰਜ ਮਾਰਕਸ ਅਤੇ ਲੈਨਿਨ ਨੇ ਕੀਤਾ ਹੈ। ਉਦਾਹਰਣ ਵਜੋਂ ਮਾਰਕਸ ਨੇ ਯੂਨਾਨੀ ਪਦਾਰਥਵਾਦੀ ਦਾਰਸ਼ਨਿਕ ਐਪੀਕਿਊਰਸ ਦੀ ਵਿਆਖਿਆ ਕੀਤੀ ਅਤੇ ਲੈਨਿਨ ਨੇ ਹੀਰਾਕਲਾਈਟੂ (ਜਾਂ ਹੀਰਾਕਲੀਈਟਸ) ਨੂੰ ਉਭਾਰਿਆ। ਭਾਰਤ ਵਿਚ ਬੁੱਧੀਵਾਦੀ ਪਰੰਪਰਾ ਨੂੰ ਅੰਬੇਡਕਰ ਨੇ ਅੱਗੇ ਲਿਆਂਦਾ , ਬੁੱਧਿਜ਼ਮ ਤੇ ਸਾਂਖਯ ਦਰਸ਼ਨਾਂ ਦੀ ਮੁੜ ਵਿਆਖਿਆ ਕਰਕੇ। ਯੋਰਪ ਦੇ ਸ਼ੋਸ਼ਲ ਡੈਮੋਕਰੇਟਸ ਉਤਪਾਦਨ ਉਤੇ ਜ਼ੋਰ ਨਹੀਂ ਸੀ ਦਿੰਦੇ ਪਰੰਤੂ ਅੰਬੇਡਕਰ ਤਾਂ ਬਾਰ ਬਾਰ ਕਹਿੰਦੇ ਹਨ ਕਿ ਉਤਪਾਦਨ ਵੱਧ ਤੋਂ ਵੱਧ ਹੋਣਾ ਚਾਹੀਦਾ ਹੈ ਅਤੇ ਇਸ ਦੀ ਵੰਡ ਵੀ ਬਰਾਬਰ ਹੋਣੀ ਚਾਹੀਦੀ ਹੈ। ਯੋਰਪ ਦੇ ਸ਼ੋਸ਼ਲ ਡੈਮੋਕਰੈਟਸ ਨੇ ਆਪਣੀ ਰਾਜਨੀਤਕ ਆਜ਼ਾਦੀ ਨੂੰ ਆਰਥਿਕ ਆਜ਼ਾਦੀ ਤੇ ਬਰਾਬਰਤਾ ਦਾ ਆਧਾਰ ਪ੍ਰਦਾਨ ਕਰਨ ਦੀ ਕੋਸ਼ਿਸ਼ ਨਹੀਂ ਕੀਤੀ, ਲੇਕਿਨ ਬਾਬਾ ਸਾਹਿਬ ਨੇ ਇਸ ਕਮਜ਼ੋਰੀ ਨੂੰ ਉਭਾਰ ਕੇ ਵਾਰ ਵਾਰ ਜ਼ੋਰ ਦਿੱਤਾ ਹੈ ਕਿ ਆਰਥਿਕ ਤੇ ਸਮਾਜਿਕ ਲੋਕਤੰਤਰ ਬਗ਼ੈਰ ਰਾਜਨੀਤਕ ਲੋਕਤੰਤਰ ਬੇਅਰਥ ਹੋ ਕੇ ਰਹਿ ਜਾਵੇਗਾ। ਅੱਜ ਜੋ ਦੇਸ਼ ਦੇ ਹਾਲਾਤ ਹਨ ਉਹ ਇਸ ਅਸਲੀਅਤ ਵੱਲ ਸੰਕੇਤ ਕਰ ਹੀ ਰਹੇ ਹਨ। ਸੋ, ਅੰਬੇਡਕਰ ਦੀ ਸ਼ੋਸ਼ਲ ਡੈਮੋਕਰੇਸੀ ਭਾਰਤੀ ਸਮਾਜਿਕ ਪਰੀਵਰਤਨ ਦਾ ਆਪਣਾ ਵੱਖਰਾ ਮਾਡਲ ਸਿਰਜਦੀ ਹੈ। ਦਲਿਤ-ਚਿੰਤਨ ਜਿਸ ਸਮਾਜ ਦੀ ਕਲਪਨਾ ਕਰਦਾ ਹੈ ਉਹ ਸੁਤੰਤਰਤਾ, ਬਰਾਬਰਤਾ ਤੇ ਭਾਈਚਾਰੇ ਉਤੇ ਤਾਂ ਆਧਾਰਤ ਹੋਵੇਗਾ ਹੀ, ਇਸ ਤੋਂ ਵੀ ਮਹੱਤਵਪੂਰਨ ਪਹਿਲੂ ਹੋਵੇਗਾ ਕਿ ਇਸ ਵਿਚ ਪਦਾਰਥਵਾਦੀ (ਬੁੱਧੀਵਾਦੀ ) ਅਤੇ ਆਦਰਸ਼ਵਾਦੀ ਸੋਚ ਅਰਥਾਤ ਧੰਮਾ ਦੀ ਵਿਚਾਰਧਾਰਾ ਦੇ ਬੋਲ-ਬਾਲੇ ਦਾ ਹੋਣਾ ਹੈ। ਮਾਰਕਸ ਨੇ ਬਾਹਰਮੁਖੀ ਤੱਤਾਂ ਨੂੰ ਅਤੇ ਅੰਬੇਡਕਰ ਨੇ ਅੰਤਰਮੁਖੀ ਤੱਤਾਂ ਨੂੰ ਵਧੇਰੇ ਮਹੱਤਤਾ ਦਿੱਤੀ ਹੈ। ਸਾਮਵਾਦ ਸਮੁਦਾਇ ਦੀ ਤਰੱਕੀ ਤੇ ਪ੍ਰਫੁਲਤਾ ਲਈ ਦੋਨਾਂ ਦੀ ਬਰਾਬਰ ਜ਼ਰੂਰਤ ਹੈ। ਸਾਮਵਾਦੀ ਸਮਾਜ ਰੈਸ਼ਨਲ ਕਲਚਰ ਦੀ ਅਣਹੋਂਦ 'ਚ ਚਿਰ-ਸਥਾਈ ਨਹੀਂ ਰਹਿ ਸਕਦਾ। ਅੰਬੇਡਕਰ ਦਾ "ਨਵਯਾਨ-ਬੁਧਿਜ਼ਮ" ਅਜਿਹੇ ਨੈਤਿਕ ਅਸੂਲਾਂ ਦਾ ਸੰਗ੍ਰਹਿ ਪੇਸ਼ ਕਰਦਾ ਹੈ। ਅੰਬੇਡਕਰ ਅਨੁਸਾਰ ਮਨੁੱਖੀ ਮਨ ਜਿਨੀ ਦੇਰ ਨਵੇਂ ਢਾਂਚੇ ਤੇ ਨਵੀਆਂ ਕਦਰਾਂ-ਕੀਮਤਾਂ ਨੂੰ ਸਵੀਕਾਰ ਨਾ ਕਰੇ ਉਨੀ ਦੇਰ ਸਮਾਜ ਦੀ ਨਵ-ਉਸਾਰੀ ਮੁਸ਼ਕਲ ਹੁੰਦੀ ਹੈ, ਉਨ੍ਹਾਂ ਅਨੁਸਾਰ ਕਰਾਂਤੀਕਾਰੀਆਂ ਦਾ ਪਹਿਲਾ ਕਦਮ "ਮਨ ਦੇ ਸਭਿਆਚਾਰ " ਵੱਲ ਧਿਆਨ ਦੇਣਾ ਹੋਣਾ ਜ਼ਰੂਰੀ ਹੈ। (The first thing to attend to is the culture of Mind- Ambedkar) ਅੰਬੇਡਕਰ ਨੇ ਵੀ ਸਾਮਵਾਦੀ ਸਮਾਜ ਦੀ ਸਥਾਪਨਾ ਨੂੰ ਆਪਣਾ ਆਦਰਸ਼ ਮੰਨਿਆ ਹੈ ਲੇਕਿਨ ਇਸ ਸਾਮਵਾਦ ਵਿਚ ਜਿਥੇ ਜਮਾਤੀ ਲੁੱਟ ਦਾ ਖਾਤਮਾ ਹੋਏਗਾ ਉਥੇ ਜਾਤੀ ਸਿਸਟਮ ਦਾ ਵੀ ਖਾਤਮਾ ਹੋਵੇਗਾ। ਅਜਿਹਾ ਸਮਾਜ ਹੀ ਮਨੁੱਖੀ ਵਿਕਾਸ ਦੀਆਂ ਸਿਖ਼ਰਾਂ ਛੂਹ ਸਕਣ ਦੀਆਂ ਸੰਭਾਵਨਾਵਾਂ ਰਖਦਾ ਹੈ।

ਹਵਾਲੇ-


1. ਰੁਡੋਲਫ ਸੀ. ਹਿਰਦਿਆ, ਮੇਨਸਟਰੀਮ (ਅੰਗਰੇਜ਼ੀ), ਜੁਲਾਈ1, 2000 ਅੰਕ





2. ਦੀ ਟਾਈਮਜ਼ ਆਫ ਇੰਡੀਆ, 14 ਫਰਵਰੀ, 1938

3. "The calling of Brahmans-Spiritual Teacher anda scavenger are equal, and their due performance carries equal merit before God and at one time seems to have carried identicalreward before man. " See, Gail Omvedt "Buddhism in India" page 252

4. ਦੇਖੋ, BRAJ RANJAN MANI'S- Debrahmanising HistoryManoharPage 35

5. ਦੇਖੋ, ਗਿਆਨ ਸਿੰਘ ਬੱਲ, ਭਾਰਤੀ ਸਮਾਜ ਦਾ ਧਰਮ-ਨਿਰਪੇਖੀਕਰਨ, ਡਾ. ਦਿਲਜੀਤ ਸਿੰਘ ਯਾਦਗਾਰੀ ਪ੍ਰਕਾਸ਼ਨ1 ਪੰਨਾ16-17

6. ਵਿਸਥਾਰ ਲਈ ਦੇਖੋ ਭਗਵਤ ਸ਼ਰਣ ਉਪਾਧਿਆਇ ਦੀ ਪੁਸਤਕ 'ਭਾਰਤੀ ਸਮਾਜ ਦਾ ਇਤਿਹਾਸਿਕ ਤੱਤ-ਨਿਖੇੜ' ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, ਪੰਨਾ 29 ਤੋਂ 37

7. ਉਹੀ ਪੰਨਾ 28

8. ਉਹੀ, ਪੰਨਾ 33034

9. 3 ਅਕਤੂਬਰ 1954 ਨੂੰ ਆਲ ਇੰਡੀਓ ਤੇ ਦਿੱਤਾ ਭਾਸ਼ਣ (I rejectthe Hindu Social philosophypropoundedin the Bhagwat GeetaBasedasit ison the TRIGUNA of the Sankhya philosophywhichis in myjudgement a cruel perversion of the philosophy of Kapil, and which had made thecaste-system and the system of graded inequality the law of Hindu social life)

10. M. N. Roy, philosophy of fascism P. 12 (Incidently, it may be mentioned that the roots of philosophy of Fascism can be traced in the Divine philosophy of Gita, accordingto which all powers (Bibhutis) on earth are the powers of God. Thus, philosophy. Fascist Philosophy is the logical out come of spiritual way of life. The Logical connection between the doctrine preached in the Gita and Fascist Neo-Hegilian metaphysical conception of state, is easilypercieved.)

11. B.R. Ambedkar, Writings and Speeches,218 ( The Hindu Ideal of society as prescribed by Hindu Religion has acted as amost demoralizing and degrading influence on Hindu society. It is Nietzschean in form and essence. Long before Nietzsche was born Manu had proclaimed the gospel which Nietzsche sought to preach, it is a religion which is not intended to preach liberty, equality and fraternity. It is a gospel which proclaims the workship of superman- The brahmins by the rest of the society. Itpropounds that the superman and his class alone are born to live and. others are born to serve thm, and nothing more. They have no Life of their own to liveand no right todevelop their own personality).

12. BRAJ RANJAN MANI- Debrahmanising History, Page 63.

13. "that women of high and low caste as a class were bad, very bad, worse than demons as unholy as untruth, and that they would not get MOKSHA as man could."

14. ਦੇਖੋ Gail, Ombedt, Buddhism in India, Sage Publication Pages 256-257

15. ਬੀ. ਆਰ. ਅੰਬੇਡਕਰ, ਬੁੱਧ ਅਤੇ ਉਸ ਦਾ ਧੰਮ ਪੰਨਾ 82

16. ਉਹੀ


17. ਉਹੀ. ਪੰਨਾ 175

18. Writings and speeches, Govt. of Maharashtra, page 350-351

19. Iyer Justice V. R. Krishna, Dr. Ambedkar and Dalit Future page 20

## ਖਿਆਲ ਖੁਸ਼ਬੋ ਜਿਹਾ

ਬੂਟਾ ਸਿੰਘ ਚੌਹਾਨ




ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ ਮੁੱਲ 100 ਰੁਪਏ

"ਸਿਰ ਜੋਗੀ ਛਾਂ " ਦੀਆਂ ਪਿਆਰੀਆਂ ਗ਼ਜ਼ਲਾਂ ਪੜ੍ਹੀਆਂ ਆਨੰਦ ਮਾਣਿਆ।
ਤੂੰ ਰੋਹੀਆਂ ਵਿੱਚ ਖਲੋਤਾ ਕੁਆਰਾ ਸਰੂ, ਜਿਹੜਾ ਤਪਦੀ ਰੂਹ ਜੋਗੀ ਹੀ ਛਾਂ ਦੇ ਰਿਹਾ ਹਾ। ਕਈਆਂ ਸ਼ੇਅਰਾਂ ਦਾ ਨਿੱਘ ਮਹਿਬੂਬ ਦਾ ਉਣਿਆ ਸਵੈਟਰ ਅਤੇ ਅਹਿਸਾਸ ਦੀ ਘੁੱਟ ਸ਼ਹਿਦ ਹੋ ਨਿੱਬੜੀ।
ਬੀਤੇ ਦੇ ਰੁੱਖ ਹੇਠਾਂ ਬਹਿਣਾ ਠੀਕ ਨਹੀਂ।
ਛਾਵਾਂ ਵਿੱਚੋਂ ਵੀ ਆਉਂਦਾ ਹੈ ਸੇਕ ਜਿਹਾ।
ਸ਼ਾਇਰੀ ਕੁਦਰਤ ਦੀ ਦਾਤ ਹੈ, ਪਰ ਨਵੇਕਲਾਪਣ ਤੇਰਾ ਆਪਣਾ ਸਰਮਾਇਆ ਹੈ। ਸ਼ਾਲਾ, ਇਹ ਸਦੀਵ ਕਾਇਮ ਰਹੇ. ਬਾਹਰਲਾ ਦਰਦ ਰੂਹ ਦੇ ਅਹਿਸਾਸ ਵਿੱਚ ਡੁੱਬ ਕੇ ਮਹਿਕ ਬਣਦਾ ਹੈ ਤੇ ਓਹੀ ਖੁਸ਼ਬੂ ਸਮਾਜ ਦੀ ਦੁਰਗੰਧ ਸਾਫ ਕਰਨ ਵਿਚ ਜੁਟ ਜਾਂਦੀ ਹੈ।
ਮਹਿਕ ਤਾਂ ਦੂਰ ਵੀ ਜਾ ਸਕਦੀ ਸੀ।
ਪੌਣ ਦਾ ਰੁਖ਼ ਹੀ ਕੁਝ ਸਹੀ ਨਾ ਸੀ।
ਬਈ ਵਾਹ ! ਇਸ ਸੁਗੰਧ ਵਿੱਚ ਰੋਸ਼ਨੀ ਵੀ ਹੈ, ਜਿਸ ਨੂੰ ਹਵਾ ਦਾ ਰੁਖ਼ ਵੀ ਰੋਕ ਨਾ ਸਕੇਗਾ। ਤੂੰ ਸਧਾਰਨ ਬੂਟਾ ਨਹੀ, ਪੰਜਾਬ ਦਾ ਚੰਨਣ ਏਂ। ਤੇ ਤੇਰੀ ਮਹਿਕ ਮਾਨਸਕ ਰੋਗੀਆਂ ਲਈ ਸੰਜੀਵਨੀ ! ਉਦਾਸ ਚਿਹਰਿਆਂ ਲਈ ਖੇੜੇਹਾਰ।

-ਜਸਵੰਤ ਸਿੰਘ ਕੰਵਲ

---

ਕਹਾਣੀਕਾਰ ਪਵਨ ਪਰਿੰਦਾ ਦੀਆਂ ਕਹਾਣੀਆਂ ਦੀਆਂ ਦੋ ਅਹਿਮ ਪੁਸਤਕਾਂ

î¼ÇÃÁÅ çÆ ðÅå


ਮੁੱਲ- 50 ਰੁਪਏ

ਤੇ

ñÂÔ¶ Ô´Â¶

(ਮੁੱਲ- 40 ਰੁਪਏ)

ਕੁਕਨੁਸ ਪ੍ਰਕਾਸ਼ਨ , ਜਲੰਧਰ








ਪਵਨ ਪਰਿੰਦਾ ਨਵੀਂ ਪੀੜ੍ਹੀ ਦਾ ਕਥਾਕਾਰ ਹੈ। ਇਹ ਕਹਾਣੀਆਂ ਉਸ ਦੇ ਕਲਾਤਮਕ ਵਿਕਾਸ ਅਤੇ ਵਸਤੂ-ਸਥਿਤੀ ਤੇ ਪੀਡੀ ਪਕੜ ਦੀਆਂ ਸੂਚਕ ਹਨ। ਇਨ੍ਹਾਂ ਕਹਾਣੀਆਂ ਨਾਲ ਉਹ ਵਸਤੂ-ਸਥਿਤੀ ਦੀ ਓਪਰੀ ਪਰਤ ਨੂੰ ਕਥਾ ਸੰਸਾਰ ਦਾ ਅਧਾਰ ਬਣਾਉਂਦਾ ਹੈ। ਇਨ੍ਹਾਂ ਕਹਾਣੀਆਂ ਦੇ ਪਾਤਰ ਵਿਪਰੀਤ ਸਥਿਤੀਆਂ ਵਿਚ ਡਟਣ ਦੇ ਨਾਲ ਅਮਾਨਵੀ ਮਰਿਆਦਾ ਨੂੰ ਚੁਣੌਤੀ ਦੇਣ ਦੀ ਸਮਰੱਥਾ ਵੀ ਰੱਖਦੇ ਹਨ। ਔਰਤ-ਮਰਦ ਸੰਬੰਧਾਂ ਤੋਂ ਲੈ ਭਾਰਤੀ ਸਮਾਜ ਵਿਚ ਆਈ ਗਿਰਾਵਟ ਦੇ ਵਿਭਿੰਨ ਪਹਿਲੂਆਂ ਨੂੰ ਉਹ ਆਪਣੇ ਕਲੇਵਰ ਵਿਚ ਸਮੇਟਦਾ ਹੈ, ਕਹਾਣੀ ਸੁਣਾਉਣ ਦੀ ਪਰੰਪਰਾਗਤ ਜੁਗਤ ਦੇ ਨਾਲ ਨਾਲ ਸਥਿਤੀ ਨੂੰ ਉਘਾੜਨ ਦੀ ਸਮਰੱਥਾ ਵੀ ਰੱਖਦਾ ਹੈ। -ਡਾ. ਰਜਨੀਸ਼ ਬਹਾਦਰ ਸਿੰਘ



## ਮੈਂ ਭੰਗੀ ਹਾਂ

(ਅਛੂਤਾਂ ਦੀ ਜ਼ਿੰਦਗੀ ਦੇ ਕਈ ਪਸਾਰ ਖੋਲਣ ਵਾਲੀ ਚਰਚਿਤ ਪੁਸਤਕ)




## ਮੈਂ ਭੰਗੀ ਹਾਂ

ਲੇਖਕ

ਭਗਵਾਨ ਦਾਸ

ਅਨੁਵਾਦ

ਭਗਵੰਤ ਰਸੂਲਪੁਰੀ

ਪ੍ਰਕਾਸ਼ਕ

ਬਹੁਜਨ ਹਿੱਤ ਪ੍ਰਕਾਸ਼ਨ, ਨਕੋਦਰ

ਮੁੱਲ 35 ਰੁਪਏ (ਡਾਕ ਖਰਚ ਵੱਖਰਾ)

êÏÅêåÆ ÃæÅé

ਦਫਤਰ ਕਹਾਣੀ ਧਾਰਾ

ਪਿੰਡ ਧਰਮ ਪੁਰਾ, ਡਾਕ. ਖਾਂਬਰਾ

ਜਲੰਧਰ-144026

---

## ਭਗਵੰਤ ਰਸੂਲਪੁਰੀ ਦਾ ਨਵਾਂ ਕਹਾਣੀ ਸੰਗ੍ਰਹਿ




ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ -141001

ਫੋਨ : 0161-2413613, 2404928

ਮੋਬਾਇਲ : 98152-98459

E-mail chetnaparkashan@sify.com

ਮੁੱਲ 75 ਰੁਪਏ

ਭਗਵੰਤ ਕਹਾਣੀ-ਕਲਾ ਵਿੱਚ ਪੁਰਾਤਨ ਮਿੱਥਾਂ, ਇਤਿਹਾਸਕ/ ਮਿਥਿਹਾਸਕ ਪਾਤਰਾਂ ਨੂੰ ਅੱਜ ਦੇ ਕੰਪਿਊਟਰ ਦੇ ਸਕੈਚਾਂ, ਡਿਜ਼ਾਇਨਾ ਤੇ ਰੀਮੋਟ ਦੱਬਦੇ ਹੱਥਾਂ ਦੀ ਛੂਹਣ, ਮੋਬਾਇਲ ਦੇ ਚਿਹਨ, ਆਦਿ ਭਾਵਾਂ ਦੀ ਤਰਜ਼ਮਾਨੀ ਕਰਦੇ ਪ੍ਰਤੀਕਾਂ ਨੂੰ ਨਵੀਨ ਅਰਥ ਦੇ ਕੇ ਅਜਿਹੀਆਂ ਕਹਾਣੀਆਂ ਦੀ ਰਚਨਾ ਕਰਦਾ ਹੈ, ਜਿਨ੍ਹਾਂ ਵਿੱਚ ਮਰਦ ਤੇ ਔਰਤ ਦੇ ਅੰਤਰਮਨ ਦੀ ਪੀੜਾ ਤੇ ਉਸ ਦੇ ਪ੍ਰਗਟਾਵੇ ਵਿੱਚ ਕੋਈ ਅੰਤਰ ਨਹੀਂ। ਦੋਵੇਂ ਹੀ ਹੱਡ-ਮਾਸ ਦੇ ਪੁਤਲੇ, ਬੇਬਸ, ਦੱਬੇ-ਘੁੱਟੇ , ਆਪਣੀ ਮਾੜੀ ਹਾਲਤ ਲਈ ਜ਼ਿੰਮੇਵਾਰ ਨੂੰ ਕ੍ਰੋਧ ਦੀ ਅਗਨੀ ਵਿੱਚ ਭਸਮ ਕਰਨ ਲਈ ਤਤਪਰ ਕਿਤੇ ਖੂੰਖਾਰ, ਕਿਤੇ ਵਿਚਾਰੇ ਤੇ ਕਦੇ ਤਰਸਯੋਗ ਨਜ਼ਰ ਆਉਂਦੇ ਪਾਤਰ, ਬਿਨਾਂ ਕਿਸੇ ਦਾ ਪੱਖ ਪੂਰੇ ਸਿਰਫ ਹਾਲਾਤਾਂ ਤੇ ਦੁੱਖਾਂ-ਪੀੜਾਂ ਦਾ ਬਿਆਨ ਕਰ ਕਦੇ ਪਾਠਕ ਨੂੰ ਝੰਜੋੜ ਜਾਂਦੇ ਹਨ ਤੇ ਕਦੇ ਉਦਾਸ ਕਰ ਜਾਂਦੇ ਹਨ।

- ਡਾ. ਜਸਵਿੰਦਰ ਕੌਰ ਬਿੰਦਰਾ